# ਸਿੱਖ ਧਰਮ ਵਿਚ ਸੂਰਬੀਰਤਾ ਦਾ ਸਿਧਾਂਤ ਤੇ ਵਿਹਾਰ: ਇਕ ਅਧਿਐਨ

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸਮਾਜਕ ਵਿਗਿਆਨਾਂ ਦੀ ਫੈਕਲਟੀ

ਅਧੀਨ ਪੀਐਚ.ਡੀ. ਦੀ ਡਿਗਰੀ ਲਈ

ਧਰਮ ਅਧਿਐਨ ਵਿਸ਼ੇ ਵਿਚ

ਪੇਸ਼ ਕੀਤਾ

**ਖੋਜ-ਪ੍ਰਬੰਧ**

**(2017)**


**ਨਿਗਰਾਨ :**

**ਡਾ. ਗੁਰਮੀਤ ਸਿੰਘ ਸਿੱਧੂ**

**ਪ੍ਰੋਫੈਸਰ**

**ਖੋਜਾਰਥੀ :**

ਸੁਭਕਰਨ ਸਿੰਘ

**ਸੁਭਕਰਨ ਸਿੰਘ**

**ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ**

**ਪੰਜਾਬੀ ਯੂਨੀਵਰਸਿਟੀ, ਪਟਿਆਲਾ**

# ਪ੍ਰਮਾਣ-ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥੀ ਸ਼ੁਭਕਰਨ ਸਿੰਘ ਨੇ "ਸਿੱਖ ਧਰਮ ਵਿਚ ਸੂਰਬੀਰਤਾ ਦਾ ਸਿਧਾਂਤ ਤੇ ਵਿਹਾਰ: ਇਕ ਅਧਿਐਨ" ਦੇ ਵਿਸ਼ੇ 'ਤੇ ਪੀਐਚ.ਡੀ. ਦਾ ਖੋਜ ਪ੍ਰਬੰਧ ਮੇਰੀ ਨਿਗਰਾਨੀ ਹੇਠ ਪੂਰਾ ਕੀਤਾ ਹੈ। ਇਹ ਖੋਜਾਰਥੀ ਦੀ ਮੌਲਿਕ ਰਚਨਾ ਤੇ ਉਸਦੀ ਮਿਹਨਤ ਦਾ ਫਲ ਹੈ। ਮੈਂ ਇਸ ਕਾਰਜ ਨੂੰ ਪੀਐਚ.ਡੀ. ਦੀ ਉਪਾਧੀ ਲਈ ਪੂਰੀ ਤਰ੍ਹਾਂ ਯੋਗ ਸਮਝਦਾ ਹੋਇਆ ਮੁਲਾਂਕਣ ਲਈ ਪੇਸ਼ ਕਰਨ ਦੀ ਸਿਫ਼ਾਰਸ਼ ਕਰਦਾ ਹਾਂ ।

ਮਿਤੀ: 05-09-2017

**ਨਿਗਰਾਨ**

**ਡਾ. ਗੁਰਮੀਤ ਸਿੰਘ ਸਿੱਧੂ**
ਪ੍ਰੋਫੈਸਰ,
ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

# ਘੋਸ਼ਣਾ ਪੱਤਰ

ਮੈਂ ਬਿਆਨ ਕਰਦਾ ਹਾਂ ਕਿ ਮੈਂ "ਸਿੱਖ ਧਰਮ ਵਿਚ ਸੂਰਬੀਰਤਾ ਦਾ ਸਿਧਾਂਤ ਤੇ ਵਿਹਾਰ: ਇਕ ਅਧਿਐਨ" ਇਸ ਵਿਸ਼ੇ ਉੱਤੇ ਪਹਿਲਾਂ ਕਿਸੇ ਵੀ ਹੋਰ ਯੂਨੀਵਰਸਿਟੀ ਜਾਂ ਅਦਾਰੇ ਵਲੋਂ ਕੋਈ ਡਿਗਰੀ ਜਾਂ ਡਿਪਲੋਮਾ ਨਹੀਂ ਦਿੱਤਾ ਗਿਆ। ਇਸ ਖੋਜ-ਪ੍ਰਬੰਧ ਵਿਚਲਾ ਖੋਜ-ਕਾਰਜ ਨਿਰੋਲ ਰੂਪ ਵਿਚ ਮੇਰਾ ਆਪਣਾ ਹੈ। ਇਸ ਵਿਚ ਕੋਈ ਵੀ ਅਜਿਹਾ ਖੋਜ-ਕਾਰਜ ਸ਼ਾਮਿਲ ਨਹੀਂ, ਜਿਸ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵੱਲੋਂ ਕੋਈ ਡਿਗਰੀ ਜਾਂ ਡਿਪਲੋਮਾ ਦਿੱਤਾ ਗਿਆ ਹੋਵੇ।

**ਨਿਗਰਾਨ**

**ਡਾ. ਗੁਰਮੀਤ ਸਿੰਘ ਸਿੱਧੂ**
ਪ੍ਰੋਫੈਸਰ,
ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

**ਖੋਜਾਰਥੀ**

ਸੁਭਕਰਨ ਸਿੰਘ

**ਸੁਭਕਰਨ ਸਿੰਘ**

**ਮਿਤੀ :** 05-09-2017

# ਧੰਨਵਾਦ

ਸਭ ਤੋਂ ਪਹਿਲਾਂ ਮੈਂ ਅਕਾਲ ਪੁਰਖ ਵਾਹਿਗੁਰੂ ਜੀ ਦਾ ਧੰਨਵਾਦ ਕਰਦਾ ਹਾਂ ਜਿਸਦੀ ਮਿਹਰ ਸਦਕਾ ਮੈਂ ਇਸ ਖੋਜ ਕਾਰਜ ਨੂੰ ਪੂਰਾ ਕਰ ਸਕਿਆ ਹਾਂ।

ਹਥਲੇ ਖੋਜ-ਪ੍ਰਬੰਧ ਨੂੰ ਪੂਰਾ ਕਰਨ ਲਈ ਮੈਨੂੰ ਆਪਣੇ ਨਿਗਰਾਨ ਡਾ. ਗੁਰਮੀਤ ਸਿੰਘ ਸਿੱਧੂ ਜੀ ਦੇ ਸਹਿਯੋਗ ਅਤੇ ਵਿਸ਼ੇ ਸਬੰਧੀ ਉਤਸ਼ਾਹ ਮਿਲਿਆ ਉਨ੍ਹਾਂ ਦੀ ਵਿਦਵਤਾ, ਗਿਆਨ ਅਤੇ ਪਿਆਰ ਸਦਕਾ ਮੇਰਾ ਇਹ ਖੋਜ ਕਾਰਜ ਪੂਰਾ ਹੋਇਆ ਹੈ। ਮੈਂ ਇਸ ਸਹਿਯੋਗ ਲਈ ਵਿਸ਼ੇਸ਼ ਧੰਨਵਾਦ ਕਰਦਾ ਹਾਂ। ਵਿਭਾਗ ਦੇ ਸਮੂਹ ਸਟਾਫ ਦਾ ਵੀ ਧੰਨਵਾਦੀ ਹਾਂ ਜਿਨਾਂ ਦੇ ਸਮੇਂ-ਸਮੇਂ ਤੇ ਮੇਰੇ ਖੋਜ ਕਾਰਜ ਲਈ ਮੇਰੀ ਮਦਦ ਕੀਤੀ ਹੈ। ਯੂਨੀਵਰਸਿਟੀ ਲਾਇਬ੍ਰੇਰੀ ਸਟਾਫ ਦਾ ਵੀ ਤਹਿ ਦਿਲੋਂ ਧੰਨਵਾਦੀ ਹਾਂ।

ਮੈਂ ਆਪਣੀ ਮਾਤਾ ਸ੍ਰੀਮਤੀ ਪ੍ਰੀਤਮ ਕੌਰ ਅਤੇ ਪਿਤਾ ਸ. ਨਛੱਤਰ ਸਿੰਘ ਅਤੇ ਭੈਣ ਭਰਾਵਾਂ ਦਾ ਅਤਿ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਇਸ ਖੋਜ ਕਾਰਜ ਲਈ ਘਰੇਲੂ ਜਿੰਮੇਵਾਰੀਆਂ ਤੋਂ ਪਰੇ ਰੱਖਿਆ ਤੇ ਵੱਧ ਤੋਂ ਵੱਧ ਸਮਾਂ ਦਿੱਤਾ। ਇਹਨਾਂ ਤੋਂ ਇਲਾਵਾ ਮੈਂ ਆਪਣੇ ਸਹੁਰਾ ਪਰਿਵਾਰ 'ਚ ਪਿਤਾ ਸ. ਜਰਨੈਲ ਸਿੰਘ ਅਤੇ ਮਾਤਾ ਸ੍ਰੀਮਤੀ ਕਮਲਜੀਤ ਕੌਰ ਜੀ ਦਾ ਵੀ ਬਹੁਤ ਸ਼ੁਕਰ ਗੁਜ਼ਾਰ ਹਾਂ।

ਮੈਂ ਧੰਨਵਾਦੀ ਹਾਂ ਗੁਰਮਤਿ ਕਾਲਜ ਪਟਿਆਲਾ ਦੇ ਸਟਾਫ ਦਾ ਸਾਹਿਬਜ਼ਾਦਾ ਜੁਝਾਰ ਸਿੰਘ ਗੁਰਮਤਿ ਮਿਸ਼ਨਰੀ ਕਾਲਜ ਚੌਤਾਂ ਕਲਾਂ ਦੇ ਸਿੱਖਿਆ ਡਾਇਰੈਕਟਰ ਗਿ. ਬਲਜੀਤ ਸਿੰਘ, ਵੀਰ ਜੀ ਹਰਭਜਨ ਸਿੰਘ ਅਤੇ ਵੀਰ ਜੀ ਮਨਿੰਦਰ ਪਾਲ ਸਿੰਘ ਜੀ ਦਾ ਜਿਨ੍ਹਾਂ ਨੇ ਮੈਨੂੰ ਗੁਰਮਤਿ ਸਿੱਖਣ ਲਈ ਪ੍ਰੇਰਿਆ। ਮੈਂ ਆਪਣੇ ਦੋਸਤ ਤੇਜਿੰਦਰਪਾਲ ਸਿੰਘ, ਗੁਰਵੀਰ ਸਿੰਘ, ਭੁਪਿੰਦਰ ਸਿੰਘ, ਅਮਨਪ੍ਰੀਤ ਸਿੰਘ, ਗੁਰਕ੍ਰਿਪਾਲ ਸਿੰਘ, ਰਾਜਵਿੰਦਰਪਾਲ ਸਿੰਘ, ਅਮਨਪ੍ਰੀਤ ਸਿੰਘ, ਅਤੇ ਸਚਿਨ ਕੁਮਾਰ ਜੀ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ ਮੇਰੇ ਖੋਜ ਨਿਬੰਧ ਲਈ ਮਦਦ ਕੀਤੀ।

ਮੈ ਧੰਨਵਾਦ ਕਰਦਾ ਹਾਂ ਆਪਣੀ ਸੁਪਤਨੀ ਪ੍ਰਭਦੀਪ ਕੌਰ, ਬੇਟੀ ਆਦਿ ਰੂਪ ਕੌਰ, ਬੇਟੇ ਮਹਿਤਾਬ ਸਿੰਘ ਦਾ ਜਿਨ੍ਹਾਂ ਦੇ ਖਿੜੇ ਚਿਹਰਿਆਂ ਨੇ ਕਦੇ ਵੀ ਮਾਨਸਿਕ ਪਰੇਸ਼ਾਨੀ ਨਾ ਆਉਣ ਦਿੱਤੀ।

**(ਸ਼ੁਭਕਰਨ ਸਿੰਘ)**

# ਤਤਕਰਾ


ਜਾਣ ਪਛਾਣ i-xv

ਅਧਿਆਇ ਪਹਿਲਾ :

ਸਿੱਖ ਸੂਰਬੀਰਤਾ ਦਾ ਸੰਕਲਪ ਅਤੇ ਵਿਕਾਸ 1-55

1. ਅਰਥ, ਪਰਿਭਾਸ਼ਾ ਅਤੇ ਪ੍ਰਕਿਰਤੀ
2. ਸਿੱਖ ਸੂਰਬੀਰਤਾ: ਪ੍ਰੇਰਕ
3. ਸਿੱਖ ਸੂਰਬੀਰਤਾ ਦੇ ਗੁਣ
4. ਸਿੱਖ ਸੂਰਬੀਰਤਾ ਦਾ ਵਿਕਾਸ

ਅਧਿਆਇ ਦੂਜਾ :

ਸਿੱਖ ਧਰਮ ਵਿਚ ਸੂਰਬੀਰਤਾ ਦਾ ਸਿਧਾਂਤਕ ਪੱਖ 56-118

1. ਸਿੱਖ ਧਰਮ ਵਿਚ ਅਧਿਆਤਮਕ ਸੂਰਬੀਰਤਾ ਦਾ ਸਿਧਾਂਤਕ ਪੱਖ
2. ਸਿੱਖ ਧਰਮ ਵਿਚ ਸਮਾਜਕ ਸੂਰਬੀਰਤਾ ਦਾ ਸਿਧਾਂਤਕ ਪੱਖ
3. ਸਿੱਖ ਧਰਮ ਵਿਚ ਸੂਰਬੀਰਤਾ ਅਤੇ ਗੁਰਮਤਿ ਦਾ ਸਿਧਾਂਤਕ ਪੱਖ

ਅਧਿਆਇ ਤੀਜਾ:

ਸਿੱਖ ਧਰਮ ਵਿਚ ਸੂਰਬੀਰਤਾ ਦਾ ਵਿਹਾਰਕ ਪੱਖ 119-190

1. ਸਿੱਖ ਧਰਮ ਵਿਚ ਅਧਿਆਤਮਕ ਸੂਰਬੀਰਤਾ ਦਾ ਵਿਹਾਰਕ ਪੱਖ
2. ਸਿੱਖ ਧਰਮ ਵਿਚ ਸਮਾਜਕ ਸੂਰਬੀਰਤਾ ਦਾ ਵਿਹਾਰਕ ਪੱਖ
3. ਅਧਿਆਤਮਕ ਅਤੇ ਸਮਾਜਕ ਸੂਰਬੀਰਤਾ ਦੇ ਅੰਤਰ-ਸੰਬੰਧ

ਸਾਰ 191-200

ਪੁਸਤਕ ਸੂਚੀ 201-207

# ਜਾਣ ਪਛਾਣ

ਸਿੱਖ ਧਰਮ ਵਿਚ ਸੂਰਬੀਰਤਾ ਦਾ ਸੰਕਲਪ ਵਿਸ਼ਵ ਪੱਧਰ ਉਪਰ ਜਾਣਿਆ ਜਾਣ ਵਾਲਾ ਹੈ ਪਰ ਇਸ ਸੰਕਲਪ ਦੀ ਅਕਾਦਮਕ ਪੱਧਰ ਉਪਰ ਬਹੁਤ ਘੱਟ ਸਮੱਗਰੀ ਹਾਸਲ ਹੁੰਦੀ ਹੈ। ਇਸ ਸੰਕਲਪ ਬਾਰੇ ਜ਼ਿਆਦਾਤਰ ਸਰੀਰਕ ਸੂਰਬੀਰਤਾ ਦਾ ਹੀ ਜ਼ਿਕਰ ਮਿਲਦਾ ਹੈ ਜੋ ਕਿ ਸੂਰਮੇ ਦੇ ਵਿਹਾਰ ਨਾਲ ਹੀ ਸੰਬੰਧਤ ਹੈ। ਸਿੱਖ ਧਰਮ ਵਿਚ ਸਰੀਰਕ ਸੂਰਬੀਰਤਾ ਤੋਂ ਪਹਿਲਾਂ ਅਧਿਆਤਮਕ ਸੂਰਬੀਰਤਾ ਦੀ ਭੂਮਿਕਾ ਅਹਿਮ ਰਹੀ ਹੈ। ਇਸ ਲਈ ਸਿੱਖ ਸੂਰਬੀਰਤਾ ਦੇ ਸਰੂਪ ਨੂੰ ਸਮਝਣ ਲਈ ਸੂਰਬੀਰਤਾ ਦਾ ਸਿਧਾਂਤ ਅਤੇ ਵਿਹਾਰ  ਦਾ ਅਧਿਐਨ ਕਰਨਾ ਜ਼ਰੂਰੀ ਹੈ।

ਮਨੁੱਖ ਆਦਿ ਕਾਲ ਤੋਂ ਆਪਣਾ ਜੀਵਨ ਜਿਉਣ ਦੇ ਨਾਲ ਨਾਲ ਇਸਦੀ ਪ੍ਰਫੁੱਲਤਾ ਅਤੇ ਉਤਮਤਾ ਲਈ ਯਤਨ ਕਰਦਾ ਆ ਰਿਹਾ ਹੈ। ਮਨੁੱਖੀ ਜੀਵਨ ਸਹਿਜ ਜਾਂ ਸਰਲ ਨਹੀਂ ਬਲਕਿ ਇਸ ਨੂੰ ਸਮਾਜਕ ਅਤੇ ਕੁਦਰਤੀ ਪਰਸਥਿਤੀਆਂ ਦਾ ਟਾਕਰਾ ਕਰਨਾ ਪੈਂਦਾ ਹੈ। ਆਦਿ ਕਾਲ ਤੋਂ ਮਨੁੱਖੀ ਜੀਵਨ ਨੂੰ ਬੇਹੱਦ ਕਠਿਨ ਸਥਿਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸ਼ੁਰੂ ਵਿਚ ਮਨੁੱਖ ਦਾ ਜੀਵਨ ਕੁਦਰਤ ਦੇ ਅਧੀਨ ਸੀ ਜਦੋਂ ਉਹ ਪ੍ਰਕ੍ਰਿਤੀ ਵਿਚ ਆਪਣਾ ਜੀਵਨ ਬਤੀਤ ਕਰਦਾ ਸੀ ਅਤੇ ਕੁਦਰਤ ਦੇ ਵਿਸ਼ਾਲ ਵਿਕਰਾਲ ਰੂਪ ਤੋਂ ਭੈ ਖਾਂਦਾ ਸੀ। ਸਭ ਤੋਂ ਪਹਿਲਾਂ ਆਦਿ ਮਨੁੱਖ ਨੇ ਕੁਦਰਤੀ ਭੈ ਤੋਂ ਮੁਕਤ ਹੋਣ ਦਾ ਉਪਰਾਲਾ ਕੀਤਾ ਅਤੇ ਕੁਦਰਤੀ ਆਫਤਾਂ ਨਾਲ ਟੱਕਰ ਲੈਣ ਲੱਗਾ।

ਜੀਵਨ ਉਦੇਸ਼ ਲਈ ਡਟੇ ਰਹਿਣਾ ਪੈਂਦਾ ਹੈ। ਅਡੋਲ ਡਟੇ ਰਹਿਣ ਲਈ ਸੂਰਬੀਰਤਾ ਦਾ ਜਜ਼ਬਾ ਜ਼ਰੂਰੀ ਹੁੰਦਾ ਹੈ। ਮਨੁੱਖੀ ਜੀਵਨ ਵਿਚ ਅਨੇਕਾਂ ਤਰ੍ਹਾਂ ਦੇ ਡਰ ਹਮੇਸ਼ਾਂ ਤੋਂ ਰਹੇ ਹਨ। ਡਰ ’ਤੇ ਕਾਬੂ ਕਰਕੇ ਨਿਡਰ ਜੀਵਨ ਜਿਉਣ ਲਈ ਧਰਮ ਮਨੁੱਖ ਲਈ ਮੁੱਖ ਆਸਰਾ ਰਿਹਾ ਹੈ। ਇਸ ਆਸਰੇ ਨੇ ਸੂਰਬੀਰਤਾ ਦਾ ਜਜ਼ਬਾ ਪੈਦਾ ਕੀਤਾ ਹੈ। ਇਸ ਜਜ਼ਬੇ ਤੋਂ ਬਗੈਰ ਮਨੁੱਖ ਡਰ ਮੁਕਤ ਨਹੀਂ ਹੋ ਸਕਦਾ।

ਆਦਿ ਮਨੁੱਖ ਦੇ ਇਸ ਉੱਦਮ ਨੇ ਸੂਰਮਗਤੀ ਦਾ ਬੀਜ ਪੈਦਾ ਕੀਤਾ। ਇਹ ਉਦਮ ਇਕੱਲਾ ਮਨੁੱਖ ਨਹੀਂ ਕਰ ਸਕਦਾ ਸੀ। ਇਕੱਠੇ ਰਹਿਣ ਦੀ ਲੋੜ ਵਿਚੋਂ ਮਨੁੱਖ ਨੇ ਆਪਣਾ ਕਬੀਲਾ ਬਣਾਇਆ ਅਤੇ ਉਹ ਇਨ੍ਹਾਂ ਆਫਤਾਂ ਨਾਲ ਸਮੂਹਿਕ ਰੂਪ ਵਿਚ ਟੱਕਰ ਲੈਣ ਲੱਗਾ। ਸ਼ੁਰੂਆਤੀ ਦੌਰ ਵਿਚ

ਮਨੁੱਖ ਦੀ ਬਹਾਦਰੀ ਨਿਰੋਲ ਸਰੀਰਕ ਸੀ। ਜਦੋਂ ਕਬੀਲੇ ਵਿਚੋਂ ਕੋਈ ਵਿਅਕਤੀ ਸਰੀਰਕ ਬਲ ਸਦਕਾ ਆਪਣੇ ਕਬੀਲੇ ਲਈ ਪੂਰੀ ਤਾਕਤ ਨਾਲ ਲੜਦਾ ਸੀ ਤਾਂ ਕਬੀਲੇ ਦੇ ਬਾਕੀ ਵਿਅਕਤੀ ਉਸ ਨੂੰ ਆਪਣੇ ਅੰਦਾਜ਼ ਵਿਚ ਉਤਸ਼ਾਹਿਤ ਕਰਦੇ ਸਨ। ਯੋਧਿਆਂ ਲਈ ਹੱਲਾਸ਼ੇਰੀ ਅਤੇ ਵਿਸ਼ੇਸ਼ ਕਿਸਮ ਦਾ ਸਤਿਕਾਰ ਉਹਨਾਂ ਨੂੰ ਹੋਰ ਬਲਵਾਨ ਬਣਨ ਲਈ ਪ੍ਰੇਰਕ ਸ਼ਕਤੀ ਸੀ।

ਕਬੀਲੇ ਦੇ ਵਿਸ਼ਾਲ ਹੋਣ ਨਾਲ ਇਸ ਦੇ ਮੈਂਬਰਾਂ ਅਤੇ ਉਸਦੀਆਂ ਲੋੜਾਂ ਵਿਚ ਵਾਧਾ ਹੋਇਆ। ਅਬਾਦੀ ਦੇ ਵਾਧੇ ਨੇ ਮਨੁੱਖ ਨੂੰ ਆਪਣੇ ਵਸੀਲੇ ਜਟਾਉਣ ਲਈ ਮਜਬੂਰ ਕੀਤਾ। ਵਿਕਾਸ ਕਾਰਨ ਆਜੀਵਕਾ ਦੀ ਘਾਟ ਹੋਣ ਲੱਗੀ ਅਤੇ ਕਬੀਲਾ ਇਕ ਤੋਂ ਦੂਸਰੇ ਸਥਾਨਾਂ ਵੱਲ ਵਿਚਰਨ ਲੱਗਾ। ਲੋਕ ਆਪਣੇ-ਆਪਣੇ ਪਰਿਵਾਰਾਂ ਨਾਲ ਵੱਖ-ਵੱਖ ਰਹਿਣ ਲੱਗੇ। ਸਭ ਤੋਂ ਪਹਿਲਾਂ ਨਿੱਖੜਿਆ ਵਿਅਕਤੀ ਪਰਿਵਾਰ ਦਾ ਮੁਖੀ ਹੁੰਦਾ ਸੀ। ਇਹੀ ਪਰਿਵਾਰ ਅੱਗੇ ਜਾ ਕੇ ਕਬੀਲੇ ਬਣੇ ਗਏ। ਹੁਣ ਮਨੁੱਖ ਕੁਦਰਤ ਨਾਲ ਜਦੋ-ਜਹਿਦ ਤੋਂ ਇਲਾਵਾ ਮਨੁੱਖੀ ਕਬੀਲਿਆਂ ਦੀ ਆਪਸੀ ਲੜਾਈ ਵੀ ਸ਼ੁਰੂ ਹੋ ਗਈ। ਇਕ ਥਾਂ ਤੋਂ ਦੂਸਰੀ ਥਾਂ ’ਤੇ ਜਾਣ ਕਾਰਣ ਵਿਰੋਧੀ ਕਬੀਲਾ ਦੂਸਰੀ ਆਫਤ ਸੀ ਜੋ ਕਿਸੇ ਦੂਸਰੇ ਕਬੀਲੇ ਨੂੰ ਆਪਣੀ ਸੀਮਾ ਵਿਚ ਆਉਣ ਤੋਂ ਰੋਕਦਾ ਸੀ। ਉਹ ਸਿਰਫ ਪਦਾਰਥਾਂ ਦੀ ਪੂਰਤੀ ਖਾਤਰ ਇਕ ਦੂਜੇ ਉਪਰ ਸਰੀਰਕ ਬਲ ਅਜ਼ਮਾਉਂਦੇ ਅਤੇ ਦੂਜੇ ਕਬੀਲੇ ਨੂੰ ਹਰਾ ਕੇ ਆਪਣੇ ਅਧੀਨ ਕਰਦੇ। ਦੋ ਜਾਂ ਦੋ ਤੋਂ ਵਧੇਰੇ ਮਨੁੱਖਾਂ ਦੀ ਆਪਸੀ ਟੱਕਰ ਵਿਚੋਂ ਸਰੀਰਕ ਬਹਾਦਰੀ ਪ੍ਰਗਟ ਹੋਈ । ਮਨੁੱਖ ਇਸ ਭਾਵਨਾ ਦੇ ਕਾਰਨ ਆਪਣੀ ਤਾਕਤ ਅਤੇ ਵਿਕਾਸ ਖਾਤਰ ਅਜੀਵਕਾ ਪੈਦਾ ਕਰਨ ਲਈ ਯਤਨਸ਼ੀਲ ਹੋਇਆ। ਉਸ ਸਮੇਂ ਸਰੀਰਕ ਬਹਾਦਰੀ ਦੀ ਮਦਦ ਸਦਕਾ ਮਨੁੱਖ ਸਮੂਹਿਕ ਰੂਪ ਵਿਚ ਕੁਦਰਤ ਨਾਲ ਜਾਂ ਕਿਸੇ ਹੋਰ ਕਬੀਲੇ ਨਾਲ ਸੰਘਰਸ਼ ਕਰਦਾ ਸੀ। ਹੌਲੀ-ਹੌਲੀ ਮਨੁੱਖ ਦੀ ਸੋਚਣ ਸਮਝਣ ਦੀ ਸ਼ਕਤੀ ਵੀ ਵਿਕਸਤ ਹੋਣ ਲੱਗੀ। ਇਸ ਸ਼ਕਤੀ ਨਾਲ ਮਨੁੱਖ ਵਿਚ ਉਪਰੋਕਤ ਪਰਸਥਿਤੀਆਂ ਨਾਲ ਨਜਿੱਠਣ ਲਈ ਸੰਘਰਸ਼ ਵਰਗੀ ਭਾਵਨਾ ਸਥਿਰ ਰੂਪ ਪ੍ਰਚੱਲਿਤ ਹੋਈ ਜੋ ਕਿ ਅੱਜ ਤੱਕ ਕਾਇਮ ਹੈ।

ਮਨੁੱਖ ਅਤੇ ਜਗਤ ਦੇ ਕੁਲ ਜੀਵ ਆਪਣੀ ਉਪਜੀਵਕਾ ਲਈ ਸੰਘਰਸ਼ ਕਰਦੇ ਹਨ ਇਸ ਕਰਕੇ ਸਮਾਜ ਵਿਗਿਆਨੀ ਸੰਘਰਸ਼ ਦਾ ਵਿਸ਼ੇਸ ਅਧਿਐਨ ਕਰਨ ’ਤੇ ਜ਼ੋਰ ਦਿੰਦੇ ਹਨ। ਇਸ ਸੰਬੰਧ

ਵਿਚ ਸਮਾਜ ਵਿਗਿਆਨੀ ਕਿੰਗਸਲੇ ਡੇਵਿਸ (Kingsley Davis) ਲਿਖਦਾ ਹੈ, "ਸੰਘਰਸ਼ ਦਾ ਉਦੇਸ਼ ਵਿਰੋਧੀ ਨੂੰ ਨਸ਼ਟ ਕਰਨਾ ਜਾਂ ਉਸਨੂੰ ਲੁਪਤ ਕਰਨਾ ਹੈ।"[1] ਇਸੇ ਤਰ੍ਹਾਂ ਇਕ ਹੋਰ ਵਿਦਵਾਨ ਗਿਲਿਨ ਅਤੇ ਗਿਲਿਨ (Gillin and Gillin) ਸੰਘਰਸ਼ ਬਾਰੇ ਲਿਖਦਾ ਹੈ, "ਸੰਘਰਸ਼ ਉਹ ਸਮਾਜਕ ਪ੍ਰਕ੍ਰਿਆ ਹੈ ਜਿਸ ਵਿਚ ਵਿਅਕਤੀ ਜਾਂ ਸਮੂਹ ਆਪਣੇ ਵਿਰੋਧੀ ਦੇ ਪ੍ਰਤੀ ਪ੍ਰਤੱਖ ਹਿੰਸਾਤਮਕ ਤਰੀਕੇ ਅਪਣਾਉਣ ਦੀ ਧਮਕੀ ਦੇ ਕੇ ਆਪਣੇ ਉਦੇਸ਼ਾਂ ਦੀ ਪੂਰਤੀ ਕਰਨਾ ਚਾਹੁੰਦੇ ਹਨ।"[2] ਮਨੁੱਖ ਦੇ ਸੁਭਾਅ ਦੇ ਲੜਾਕੇਪਨ ਬਾਰੇ ਸਿਰਦਾਰ ਕਪੂਰ ਸਿੰਘ ਕੋਨਾਰਡ ਲੌਰੰਜ ਦੇ ਹਵਾਲੇ ਨਾਲ ਲਿਖਦੇ ਹਨ, "ਮਨੁੱਖ ਨਾ ਕੇਵਲ ਕੁਦਰਤੀ ਲੜਾਕਾ ਜੀਵ ਹੈ ਸਗੋਂ ਇਹ ਲੜਨ-ਭਿੜਨ ਦਾ ਸਿਧਾਂਤ ਇਸਨੂੰ ਹਮੇਸ਼ਾ ਸੰਘਰਸ਼ਸ਼ੀਲ ਰੱਖਦਾ ਹੈ।"[3] ਮਨੁੱਖ ਦੀ ਸੰਘਰਸ਼ਸ਼ੀਲ ਪਰਵਿਰਤੀ ਨੇ ਸੂਰਬੀਰਤਾ ਅਤੇ ਧਰਮ ਦੀ ਦਿਸ਼ਾ 'ਚ ਪਰਿਵਰਤਨ ਲਿਆਂਦਾ ਜਿਸ ਵਿਚ ਸੰਘਰਸ਼ ਦੀ ਹੋਂਦ ਕਾਇਮ ਰਹਿੰਦੀ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਸੂਰਬੀਰਤਾ ਨੂੰ ਵਿਹਾਰਕ ਰੂਪ ਦੇਣ ਲਈ ਸੰਘਰਸ਼ ਨੇ ਅਹਿਮ ਰੋਲ ਅਦਾ ਕੀਤਾ ਹੈ। ਇਸ ਪ੍ਰਕਾਰ ਜਿੱਥੇ ਆਪਸੀ ਅਤੇ ਕੁਦਰਤੀ ਸਥਿਤੀਆਂ ਨਾਲ ਸੰਘਰਸ਼ ਵਿੱਚੋਂ ਮਨੁੱਖ ਵਿਚ ਸੂਰਬੀਰਤਾ ਦੀ ਪ੍ਰਾਚੀਨ ਭਾਵਨਾ ਪੈਦਾ ਹੋਈ ਉਥੇ ਹੀ ਅਜਿੱਤ ਕੁਦਰਤੀ ਸ਼ਕਤੀਆਂ ਦੇ ਡਰ ਵਿਚੋਂ ਇਹਨਾਂ ਸ਼ਕਤੀਆਂ ਦੀ ਪੂਜਾ ਅਤੇ ਪੂਜਾ ਵਿਚੋਂ ਪ੍ਰਾਚੀਨ ਧਰਮ ਵਿਕਸਿਤ ਹੋਇਆ। ਇਸ ਪ੍ਰਕਾਰ ਸੂਰਬੀਰਤਾ ਅਤੇ ਧਰਮ ਆਪਣੇ ਸ਼ੁਰੂਆਤੀ ਸਮੇਂ ਤੋਂ ਹੀ ਬੱਝੇ ਹੋਏ ਹਨ ਅਤੇ ਪੂਰਕ ਵੀ ਰਹੇ ਹਨ।

ਸੂਰਬੀਰਤਾ ਅਤੇ ਧਰਮ ਦੇ ਵਿਸਥਾਰ ਹੋ ਜਾਣ ਕਾਰਨ ਸੂਰਮਗਤੀ ਦੇ ਖੇਤਰ ਦਾ ਪਾਸਾਰ ਵੀ ਵੱਧ ਗਿਆ ਜਿਸ ਕਰਕੇ ਬਹਾਦਰੀ ਕੇਵਲ ਕੁਦਰਤੀ ਆਫਤਾਂ ਅਤੇ ਯੁੱਧ ਖੇਤਰ ਤੱਕ ਹੀ ਸੀਮਤ ਨਹੀਂ ਰਹੀ ਸਗੋਂ ਇਹ ਧਾਰਮਿਕ ਅਤੇ ਮਾਨਸਿਕ ਜੀਵਨ ਵਿਚ ਵੀ ਪ੍ਰਦਰਸ਼ਿਤ ਹੋਣ ਲੱਗੀ। ਨਿੱਜੀ ਸੰਪਤੀ ਦੀ ਹੋਂਦ ਕਾਰਨ ਸੂਰਬੀਰਤਾ ਦੇ ਸੁਭਾਅ ਵਿਚ ਬਦਲਾਅ ਆ ਗਿਆ। ਆਦਿ ਕਾਲੀਨ

---

1 ਉਦਰਿਤ, ਸਵਿੰਦਰਜੀਤ ਕੌਰ (2000) *ਸਮਾਜ ਵਿਗਿਆਨ ਦੇ ਮੂਲ ਸੰਕਲਪ,* ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰ.੯੪.

2 ਉਹੀ, ਪੰ., ੯੪.

3 ਸਿਰਦਾਰ ਕਪੂਰ ਸਿੰਘ (2006) *ਰਾਜ ਕਰੇਗਾ ਖਾਲਸਾ,* ਧਰਮ ਪ੍ਰਚਾਰ ਕਮੇਟੀ, ਦਿੱਲੀ, ਪੰ., 11.

ਸਮਾਜਾਂ 'ਚ ਯੁੱਧ ਇੱਕੋ ਕਬੀਲੇ ਦੇ ਮਨੁੱਖਾਂ ਵਿਚਕਾਰ ਨਹੀਂ ਹੁੰਦਾ ਸੀ ਪਰ ਬਾਅਦ ਵਿਚ ਇਹ ਯੁੱਧ ਆਪਸੀ ਭਾਈਚਾਰੇ/ਕੁਲ ਜਾਂ ਕੋੜਮਿਆਂ ਵਿਚਕਾਰ ਵੀ ਹੋਣ ਲੱਗ ਪਿਆ ਸੀ। ਮਹਾਂਭਾਰਤ ਵਿਚੋਂ ਵੀ ਇਸ ਪ੍ਰਸੰਗ ਵਿਚ ਹਵਾਲੇ ਮਿਲਦੇ ਹਨ ਜਿਵੇਂ ਕਿ ਅਰਜਨ ਜਦੋਂ ਪਰਿਵਾਰਕ ਮੋਹ ਕਾਰਨ ਯੁੱਧ ਕਰਨ ਲਈ ਦੁਚਿੱਤੀ ਵਿਚ ਫਸ ਜਾਂਦਾ ਹੈ ਤਾਂ ਸ੍ਰੀ ਕ੍ਰਿਸ਼ਨ ਉਸਨੂੰ ਦੁਚਿੱਤੀ 'ਚੋ ਕੱਢਣ ਦਾ ਯਤਨ ਕਰਨ ਲਈ ਉਪਦੇਸ਼ ਦਿੰਦੇ ਹਨ;

"ਭਯਾਤ੍ ਰਣਾਤ੍ ਅਪਰਤਮ੍, ਮੰਸੁਯੰਤੇ ਭੁਵਾਮ੍ ਮਹਾਰਥਾਹ।

ਯੇਸ਼ਾਮ ਚ ਤੁਵਮੁ ਬਹਮਤਹ, ਭੂਤ੍ਵ ਯਾਸਜਸਿ ਲਾਘਵਮ੍।"[4]

ਭਾਵ "ਜੇ ਤੂੰ ਹੁਣ ਯੁੱਧ ਖੇਤਰ ਵਿਚੋਂ ਚਲਾ ਜਾਵੇਗਾ ਤਾਂ ਲੋਕ ਤੈਨੂੰ ਬੁਜ਼ਦਿਲ ਕਹਿਣਗੇ, ਇਸ ਤੋਂ ਪਹਿਲਾਂ ਕਿ ਤੂੰ ਪਿੱਛੇ ਹਟੇ। ਹਾਰ ਨਾਲੋਂ ਤਾਂ ਤੈਨੂੰ ਲੜਦਿਆਂ ਰਣ ਖੇਤਰ ਵਿਚ ਮਰ ਜਾਣਾ ਚਾਹੀਦਾ ਹੈ, ਤੇਰੇ ਵਰਗੇ ਯੋਧੇ ਲਈ ਬਦਨਾਮੀ ਖੱਟਣ ਨਾਲੋਂ ਪਹਿਲਾਂ ਮੌਤ ਬਿਹਤਰ ਹੈ। ਏਸੇ ਲਈ ਤੈਨੂੰ ਡਰ ਭੈਅ ਮੋਹ ਕਾਰਨ ਜ਼ਿੰਦਗੀ ਤੋਂ ਪਿੱਠ ਨਹੀਂ ਵਿਖਾਉਣੀ ਚਾਹੀਦੀ।"[5]

ਧਰਮ ਅਤੇ ਸੂਰਬੀਰਤਾ ਇਕ ਦੂਜੇ ਨਾਲ ਅੰਤਰ-ਸੰਬੰਧਤ ਹਨ, ਇਹਨਾਂ ਸੰਬੰਧਾਂ ਦਾ ਅਧਾਰ ਮਨੁੱਖ ਦੀ ਉੱਤਮਤਾ ਦਾ ਉਦੇਸ਼ ਹੈ। ਧਰਮ ਵਿਚ ਇਸ ਉਦੇਸ਼ ਲਈ ਸ਼ਰਧਾ ਦੀ ਪ੍ਰਮੁੱਖਤਾ ਹੈ ਜਦ ਕਿ ਸੂਰਬੀਰਤਾ ਮਨੁੱਖ ਦੀ ਸਮਝ ਨੂੰ ਸੰਬੋਧਨ ਕਰਕੇ ਉਸ ਦੀ ਜੀਵਨ-ਜਾਚ ਨੂੰ ਸੇਧ ਦਿੰਦੀ ਹੈ। ਧਰਮ ਦੀ ਈਸ਼ਵਰਵਾਦੀ ਭਾਵਨਾ ਦਾ ਅੰਤਿਮ ਮਨੋਰਥ ਮਨੁੱਖ ਵਿਚ ਦੈਵੀ ਭਾਵ ਪੈਦਾ ਕਰਨਾ ਹੈ ਜਿਸ ਲਈ ਧਰਮ ਨੂੰ ਸੂਰਬੀਰਤਾ ਦੀ ਲੋੜ ਪੈਂਦੀ ਹੈ। ਧਰਮ ਮਨੁੱਖ ਨੂੰ ਵਿਅਕਤੀਗਤ ਤੰਗਦਿਲੀ ਤੋਂ ਪਾਰ ਲੋਕਾਈ ਅਤੇ ਦੈਵੀ ਹਸਤੀ ਨਾਲ ਸਾਂਝ ਪਾਉਣ ਦੀ ਸਿੱਖਿਆ ਦਿੰਦਾ ਹੈ ਅਤੇ ਸੂਰਬੀਰਤਾ ਇਹਨਾਂ ਗੁਣਾਂ ਨੂੰ ਵਿਹਾਰ ਵਿਚ ਲਿਆਉਂਦੀ ਹੈ। ਇਸ ਪ੍ਰਕਾਰ ਸੂਰਬੀਰਤਾ ਮਨੁੱਖ ਨੂੰ ਆਪਣਾ ਅਧਿਆਤਮਕ ਕਰਤੱਵ ਪਾਲਣ ਦੇ ਯੋਗ ਬਣਾਉਂਦੀ ਹੈ। ਸੂਰਬੀਰਤਾ ਤੋਂ ਬਗੈਰ ਧਰਮ ਅਰਥਹੀਣ ਹੈ, ਦੂਜੇ ਪਾਸੇ ਧਰਮ ਵਿਹੂਣੀ ਸੂਰਬੀਰਤਾ ਵਿਨਾਸ਼ਕਾਰੀ ਰੂਪ ਧਾਰ ਸਕਦੀ ਹੈ। ਸੋ ਦੋਨਾਂ ਦਾ

4 ਅਮਰ ਸਿੰਘ, ਅਨੁ. ਸੰਪਾ. (2009) *ਸ੍ਰੀਮਦ ਭਗਵਦੁ-ਗੀਤਾ,* ਸੰਗਮ ਪਬਲੀਕੇਸ਼ਨ, ਪਟਿਆਲਾ, ਪੰਨੇ, 96-97.

5 ਉਹੀ, ਪੰ., 97.

ਆਪਸ ਵਿਚ ਗਹਿਰਾ ਰਿਸ਼ਤਾ ਹੈ ਜਾਂ ਕਹਿ ਲਈਏ ਇਕ ਦੂਜੇ ਦੇ ਪੂਰਕ ਹਨ ਅਤੇ ਇਕ ਦੂਸਰੇ ’ਤੇ ਨਿਰਭਰ ਹਨ। ਧਰਮ ਮਨੁੱਖ ਨੂੰ ਚੰਗੀ ਜੀਵਨ-ਜਾਚ ਸਿਖਾਉਂਦਾ ਹੈ ਤੇ ਇਸ ਉਦੇਸ਼ ਦੀ ਪੂਰਤੀ-ਹਿੱਤ ਇਹ ਸ਼ਰਧਾ ਦਾ ਰਾਹ ਦਰਸਾਉਂਦਾ ਹੈ ਜਦਕਿ ਸੂਰਬੀਰਤਾ ਮਨੁੱਖ ਦੇ ਜੀਵਨ ਨੂੰ ਸੇਧ ਦੇ ਕੇ ਵਿਹਾਰਕ ਰੂਪ ਪ੍ਰਦਾਨ ਕਰਦੀ ਹੈ।

**ਪੂਰਵਲੇ ਖੋਜ ਕਾਰਜਾਂ ਦਾ ਸਰਵੇਖਣ**

ਸਿੱਖ ਧਰਮ ਵਿਚ ਸੂਰਬੀਰਤਾ ਦੇ ਸਿਧਾਂਤ ਅਤੇ ਵਿਹਾਰ ਦੇ ਵਿਸ਼ੇ ਉਪਰ ਅਕਾਦਮਿਕ ਪੱਧਰ ਤੇ ਕਾਰਜ ਘੱਟ ਹੋਏ ਹਨ। ਇਸ ਵਿਸ਼ੇ ’ਤੇ ਅਧਿਐਨ ਵੱਖ-ਵੱਖ ਲੇਖਾਂ ਦੇ ਰੂਪ ਵਿਚ ਉਪਲਬਧ ਹੈ ਤੇ ਕੁਝ ਪੁਸਤਕਾਂ ਵਿਚ ਵੀ ਇਹ ਵਿਸ਼ਾ ਛੋਹਿਆ ਜ਼ਰੂਰ ਗਿਆ ਹੈ। ਸੂਰਬੀਰਤਾ ’ਤੇ ਹੋਏ ਅਧਿਐਨ ਨੂੰ ਅਸੀਂ ਦੋ ਹਿੱਸਿਆਂ ਵਿਚ ਵੰਡਿਆ ਹੈ। ਪਹਿਲੇ ਭਾਗ ਵਿਚ ਅੰਤਰ-ਰਾਸ਼ਟਰੀ ਪੱਧਰ ’ਤੇ ਪ੍ਰਕਾਸ਼ਿਤ ਪੁਸਤਕਾਂ ਵਿਚੋਂ ਸੂਰਬੀਰਤਾ ਦੀ ਫਿਲਾਸਫੀ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਇਸ ਵਿਸ਼ੇ ’ਤੇ ਪੌਲ ਟਿਲਿਚ (Paul Tillich), ਰਸ਼ਵੋਰਥ ਐਮ. ਕਿੱਡਰ (Rushworth M. Kidder), ਵਿਲੀਅਮ ਲਾਂ ਮਿੱਲਰ (William Lan Miller), ਜਿਓਫਰੀ ਸਕੈਰ (Geofery Scarre) ਅਦਿ ਵਿਦਵਾਨਾਂ ਦੀਆਂ ਪੁਸਤਕਾਂ ਵਿਚੋਂ ਸੂਰਬੀਰਤਾ ਦੇ ਵਿਭਿੰਨ ਪੱਖ ਦ੍ਰਿਸ਼ਟੀਗੋਚਰ ਹੁੰਦੇ ਹਨ।

ਦੂਜੇ ਭਾਗ ਵਿਚ ਸਿੱਖ ਸੂਰਬੀਰਤਾ ’ਤੇ ਹੋਏ ਅਧਿਐਨ ਨੂੰ ਪੇਸ਼ ਕਰਦੀਆਂ ਪੁਸਤਕਾਂ ਦੇ ਹਵਾਲੇ ਨਾਲ ਸਿੱਖ ਸੂਰਬੀਰਤਾ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਵਿਸ਼ੇ ’ਤੇ ਹੋਈ ਖੋਜ ਭਾਵੇਂ ਸਿਲਸਲੇਵਾਰ ਨਹੀਂ ਪਰ ਫਿਰ ਵੀ ਪ੍ਰੋ. ਪੂਰਨ ਸਿੰਘ, ਭਾਈ ਵੀਰ ਸਿੰਘ, ਮੋਹਨ ਸਿੰਘ ਵੈਦ, ਲਾਲ ਸਿੰਘ, ਫੌਜਾ ਸਿੰਘ, ਸਮਸ਼ੇਰ ਸਿੰਘ ਅਸੋਕ, ਜਗਜੀਤ ਸਿੰਘ, ਬੁੱਧ ਪ੍ਰਕਾਸ਼ ਸਿੰਘ ਆਦਿ ਹੋਰ ਵਿਦਵਾਨ ਦੀਆਂ ਪੁਸਤਕਾਂ ਵਿਚ ਸੂਰਬੀਰਤਾ ਅਤੇ ਖਾਸ ਕਰ ਸਿੱਖ ਸੂਰਬੀਰਤਾ ਸੰਬੰਧੀ ਕਾਫੀ ਵੇਰਵੇ ਮਿਲ ਜਾਂਦੇ ਹਨ।

**ਅੰਤਰ-ਰਾਸ਼ਟਰੀ ਅਧਿਐਨ**

ਰਸ਼ਵੋਰਥ ਐਮ. ਕਿੱਡਰ (Rushworth M. kidder) ਨੇ ਆਪਣੀ ਪੁਸਤਕ *ਮੌਰਲ ਕਰੇਜਿ* ਵਿਚ

ਸੂਰਬੀਰਤਾ ਦੇ ਨੈਤਿਕ ਪੱਖ ਨੂੰ ਉਜਾਗਰ ਕੀਤਾ ਹੈ। ਲੇਖਕ ਨੇ ਨੈਤਿਕਤਾ ਨੂੰ ਜੀਵਨ ਦੇ ਵੱਖ-ਵੱਖ ਪੱਖਾਂ ਵਿਚ ਲਾਗੂ ਕਰਨ ਉੱਤੇ ਜ਼ੋਰ ਦਿੱਤਾ ਹੈ। ਪੁਸਤਕ ਦੇ ਵਿਭਿੰਨ ਅਧਿਆਇਆਂ ਨੂੰ ਵਿਚਾਰਨ ਤੋਂ ਬਾਅਦ ਇਹ ਕਿਹਾ ਜਾ ਸਕਦਾ ਹੈ ਕਿ ਸੂਰਬੀਰਤਾ ਦੇ ਨੈਤਿਕ ਪੱਖ ਦੇ ਅਧਿਐਨ ਲਈ ਇਹ ਪੁਸਤਕ ਮਹੱਤਵਪੂਰਨ ਹੈ।

ਵਿਲੀਅਮ ਲਾਂ ਮਿੱਲਰ (Willam Lan Miller ) ਦੀ ਪੁਸਤਕ *ਦ ਮਿਸਟਰੀ ਆਫ ਕਰੇਜਿ* ਸੂਰਬੀਰਤਾ ਦੇ ਦਾਰਸ਼ਨਿਕ ਪੱਖਾਂ 'ਤੇ ਚਾਨਣਾ ਪਾਉਂਦੀ ਹੈ। ਲੇਖਕ ਨੇ ਇਸ ਵਿਚ ਜੰਗਾਂ-ਯੁੱਧਾਂ ਵਿਚ ਦਿਖਾਈ ਜਾਣ ਵਾਲੀ ਸਰੀਰਕ ਬਹਾਦਰੀ ਨੂੰ ਸੂਰਬੀਰਤਾ ਦਾ ਇਕ ਪੱਖ ਦੱਸਿਆ ਹੈ। ਆਮ ਵਿਅਕਤੀ ਜੋ ਜੀਵਨ ਦੇ ਹਰ ਖੇਤਰ ਵਿਚ ਕਿਸੇ ਨਾ ਕਿਸੇ ਔਕੜ ਨਾਲ ਜੂਝਦਾ ਹੈ ਉਹ ਵੀ ਅਸਲ ਸੂਰਬੀਰ ਹੈ। ਇਸਦੇ ਨਾਲ ਹੀ ਇਸ ਪੁਸਤਕ ਵਿਚ ਡਰ ਦੀ ਭਾਵਨਾ, ਉਚ ਵਿਚਾਰ, ਨੈਤਿਕ ਬਹਾਦਰੀ ਆਦਿ ਪੱਖਾਂ ਨੂੰ ਵੀ ਵਿਚਾਰਿਆ ਗਿਆ ਹੈ। ਸੂਰਬੀਰਤਾ ਦੇ ਦਾਰਸ਼ਨਿਕ ਪੱਖਾਂ ਨੂੰ ਵਿਚਾਰਨ ਵਜੋਂ ਇਹ ਪੁਸਤਕ ਲਾਹੇਵੰਦ ਹੈ।

ਜਿਓਫਰੀ ਸਕੈਰ (Geofery Scarre) ਦੀ ਪੁਸਤਕ *ਆਨ ਕਰੇਜਿ: ਥਿੰਕਿੰਗ ਇਨ ਐਕਸ਼ਨ* ਸੂਰਬੀਰਤਾ ਨੂੰ ਇਕ ਮਨੁੱਖੀ ਗੁਣ ਵਜੋਂ ਪੇਸ਼ ਕਰਦੀ ਹੈ। ਸੂਰਬੀਰਤਾ ਦੇ ਵਿਭਿੰਨ ਪਹਿਲੂਆਂ ਨੂੰ ਸਮਝਣ ਲਈ ਲੇਖਕ ਨੇ ਫਿਲਾਸਫਰ ਅਰਸਤੂ ਦੇ ਵਿਚਾਰਾਂ ਨੂੰ ਆਧਾਰ ਬਣਾਇਆ ਹੈ। ਇਸ ਵਿਚ ਵਿਦਵਾਨ ਨੇ ਕਲਾਸਿਕ ਅਤੇ ਆਧੁਨਿਕ ਕਾਲ ਦੀਆਂ ਰਾਜਨੀਤਿਕ ਦ੍ਰਿਸ਼ਟੀਆਂ ਰਾਹੀਂ ਸੂਰਬੀਰਤਾ ਦਾ ਅਧਿਐਨ ਕੀਤਾ।

**ਰਾਸ਼ਟਰੀ ਅਧਿਐਨ**

ਪੂਰਨ ਸਿੰਘ *ਸਿੱਖੀ ਦੀ ਆਤਮਾ* (Spirit of The Sikhs) ਪੁਸਤਕ ਵਿਚ ਲਿਖਦੇ ਹਨ ਕਿ ਸੁਰਤਿ ਨਾਲ ਜੁੜੇ ਹੋਏ ਲੋਕ ਸੂਰਬੀਰ ਹੁੰਦੇ ਹਨ। ਗੁਰੂ ਸੁਰਤਿ ਗੁਰਸਿੱਖਾਂ ਨੂੰ ਬਲ ਬਖ਼ਸ਼ਦੀ ਹੈ ਜਿਸ ਕਰਕੇ ਇਕੱਲਾ ਸਿੱਖ ਸਵਾ ਲੱਖ ਦੀ ਫੌਜ ਬਣ ਜਾਂਦਾ ਹੈ। "ਕੇਵਲ ਇਕ ਨਾਮ ਹੀ ਹੈ ਜੋ ਸਾਡੇ ਅੰਦਰ ਬੀਰਤਾ ਦੀ ਉਚ-ਭਾਵਨਾ ਨੂੰ ਜੀਵਨ ਭਰ ਧੜਕਾਉਣ ਲਈ ਕਾਫੀ ਹੈ।"[6] ਇਹ ਪੁਸਤਕ

---

6 ਪੂਰਨ ਸਿੰਘ (*2007*) *ਸਿੱਖੀ ਦੀ ਆਤਮਾ*, ਕਿਰਪਾਲ ਸਿੰਘ ਕਸੇਲ (ਅਨੁ.) *ਲਾਹੌਰ ਬੁੱਕ ਸ਼ਾਪ, ਲੁਧਿਆਣਾ*, ਪੰ., 37.

ਸਿੱਖ ਸੂਰਬੀਰਤਾ ਦੀ ਮੂਲ ਤਾਕਤ ਦੇ ਅਨੁਭਵ ਨੂੰ ਕਲਾਵੇ ਵਿਚ ਲੈਂਦੀ ਹੈ।

ਪੂਰਨ ਸਿੰਘ ਦੀ ਪੁਸਤਕ *ਜਿਨ ਕੇ ਚੋਲੇ ਰਤੜੇ* ਨੈਤਿਕ ਕਦਰਾਂ ਕੀਮਤਾਂ ਉਪਰ ਚਾਨਣਾ ਪਾਉਂਦੀ ਹੈ। ਇਸ ਵਿਚ ਸਿੱਖ ਮਤ ਤੇ ਸਭਿਆਚਾਰ ਦੇ ਪ੍ਰਮੁੱਖ ਸੰਕਲਪਾਂ ਦਾ ਵਿਵਰਣ ਹੈ। ਇਸ ਤੋਂ ਇਲਾਵਾ ਸਿੱਖ ਯੋਧਿਆਂ ਦੀ ਸ਼ਖ਼ਸੀਅਤ ਨੂੰ ਪ੍ਰਗਟ ਕੀਤਾ ਗਿਆ ਹੈ। ਉਹਨਾਂ ਅਨੁਸਾਰ ਸਿੱਖ ਦੀ ਅਸਲ ਤਾਕਤ ਨਾਮ ਹੈ। ਨਾਮ ਤੋਂ ਬਿਨਾਂ ਨਾ ਤਾਂ ਕੋਈ ਭਗਤ ਬਣ ਸਕਦਾ ਹੈ ਤੇ ਨਾ ਹੀ ਕੋਈ ਸੂਰਬੀਰ ਯੋਧਾ। ਇਸ ਤਰ੍ਹਾਂ ਸਿੱਖ ਸੂਰਬੀਰਤਾ ਦਾ ਮੁੱਖ ਸੋਮਾ ਅਕਾਲ ਪੁਰਖ ਦਾ ਨਾਮ ਹੀ ਹੈ। ਇਸ ਨਾਮ ਸਦਕਾ ਹੀ ਵਿਅਕਤੀ ਅੰਦਰ ਸਦਾਚਾਰਕ ਗੁਣ ਪੈਦਾ ਹੁੰਦੇ ਅਤੇ ਇਨ੍ਹਾਂ ਗੁਣਾਂ ਸਦਕਾ ਹੀ ਉਸ ਦੀ ਸ਼ਖ਼ਸੀਅਤ ਪ੍ਰਭਾਵਸ਼ਾਲੀ ਬਣਦੀ ਹੈ। ਸਰੀਰ 'ਤੇ ਧਾਰਮਿਕ ਚਿੰਨ੍ਹ ਤਾਂ ਹੀ ਅਰਥ ਭਰਪੂਰ ਹਨ ਜੇਕਰ ਵਿਅਕਤੀ ਅੰਦਰ ਨਾਮ ਦਾ ਵਾਸਾ ਹੋਵੇ। ਨਾਮ ਹੀ ਸਿੱਖ ਸਪਿਰਟ ਦਾ ਧੁਰਾ ਹੈ ।

ਭਾਈ ਵੀਰ ਸਿੰਘ ਦੀਆਂ ਅਠਾਰਵੀਂ ਸਦੀ ਦੇ ਸੰਘਰਸ਼ਮਈ ਤੇ ਰਾਜਸੀ ਉਥਲ-ਪੁਥਲ ਵਾਲੇ ਕਾਲ ਨਾਲ ਸੰਬੰਧਿਤ ਹੈ। ਰਚਨਾਵਾਂ ਵਿਚ ਸਿੱਖ ਸੂਰਬੀਰਤਾ ਦੇ ਵਿਹਾਰਕ ਪੱਖ ਵਾਲੇ ਪਹਿਲੂ ਵਿਦਮਾਨ ਹਨ। ਇਸ ਸਮੇਂ ਦੌਰਾਨ ਬਹਾਦਰ ਸਿੰਘ, ਸਿੰਘਣੀਆਂ ਵਿਚ ਮਨੁੱਖਾਂ ਉਪਰ ਹੋ ਰਹੇ ਕਠੋਰ ਜ਼ੁਲਮ ਦੇ ਵਿਰੁੱਧ ਸੂਰਬੀਰਤਾ ਦਾ ਉਭਾਰ ਹੁੰਦਾ ਹੈ। ਸਿੱਖਾਂ ਅੰਦਰ ਅਧਿਆਤਮਕ ਅਤੇ ਸਮਾਜਕ ਨਵਚੇਤਨਾਂ ਨੇ ਮੁਖ ਤਾਕਤ ਵਜੋਂ ਭੂਮਿਕਾ ਨਿਭਾਈ। ਭਾਈ ਵੀਰ ਸਿੰਘ ਦੀਆਂ ਲਿਖਤਾਂ ਜਿਵੇਂ ਕਿ ਸੁੰਦਰੀ, ਬਿਜੈ ਸਿੰਘ, ਸਤਵੰਤ ਕੌਰ ਆਦਿ ਨੇ ਸੂਰਬੀਰਤਾ ਦੇ ਵਿਹਾਰਕ ਪਰਿਪੇਖ 'ਤੇ ਵਧੇਰੇ ਚਾਨਣਾ ਪਾਇਆ ਹੈ। ਭਾਈ ਸਾਹਿਬ ਸਿੱਖਾਂ ਦੀ ਸਰਬੱਤ ਦੇ ਭਲੇ ਵਾਲੀ ਸੂਰਬੀਰਤਾ ਵਾਲੇ ਕਿਰਦਾਰ ਨੂੰ ਪ੍ਰਸਤੁੱਤ ਕਰਦੇ ਹਨ ਜਿਨ੍ਹਾਂ ਤੋਂ ਸੂਰਬੀਰਤਾ ਦੀ ਪ੍ਰਕ੍ਰਿਤੀ ਦ੍ਰਿਸ਼ਟੀਗੋਚਰ ਹੁੰਦੀ ਹੈ।

ਸ਼ਮਸ਼ੇਰ ਸਿੰਘ ਅਸ਼ੋਕ ਨੇ ਆਪਣੀ ਪੁਸਤਕ *ਪੰਜਾਬੀ ਬੀਰ ਪਰੰਪਰਾ ਦਾ ਵਿਕਾਸ* ਵਿਚ ਸਤਾਰਵੀਂ ਸਦੀ ਦੀ ਕਾਲ-ਵੰਡ ਨੂੰ ਆਪਣੇ ਅਧਿਐਨ ਦਾ ਵਿਸ਼ਾ ਬਣਾਇਆ ਹੈ। ਇਸ ਵਿਚ ਲੇਖਕ ਨੇ ਪੰਜਵੇਂ ਗੁਰੂ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਵਲੋਂ ਜ਼ੁਲਮ ਖਿਲਾਫ ਲੜੀਆ ਜੰਗਾਂ ਦਾ ਇਤਿਹਾਸਕ ਵਿਵਰਣ ਪੇਸ਼ ਕੀਤਾ ਹੈ। ਇਸ ਪੁਸਤਕ ਵਿਚ ਸੂਰਬੀਰਤਾ ਦੇ ਵਿਹਾਰਕ ਪਹਿਲੂ ਜਿਆਦਾ ਉਭਰਦੇ ਹਨ। ਅਸੀਂ ਇਸਨੂੰ ਸਿੱਖ ਸੂਰਬੀਰਤਾ ਦੇ ਵਿਹਾਰਕ ਪਰਿਪੇਖ ਨੂੰ ਵਿਚਾਰਨ ਲਈ

ਵਰਤਾਂਗੇ। ਕਿਉਂਕਿ ਯੁੱਧ ਵਾਲੀ ਭੂਮਕਾ ਸਿੱਖਾਂ ਦੇ ਵਿਹਾਰ ਵਿਚ ਬੇਮਿਸਾਲ ਸਰੀਰਕ ਸੂਰਬੀਰਤਾ ਦਾ ਹਿੱਸਾ ਹੈ।

ਤਾਰਨ ਸਿੰਘ ਨੇ *ਭਗਤੀ ਤੇ ਸ਼ਕਤੀ* ਨਾਮਕ ਆਪਣੀ ਪੁਸਤਕ ਵਿਚ ਭਗਤੀ ਅਤੇ ਸ਼ਕਤੀ ਦੇ ਸਰੂਪ ਨੂੰ ਸਮਝਣ ਦਾ ਯਤਨ ਕੀਤਾ ਹੈ। ਇਹ ਦੋਨੋਂ ਸਰੂਪ ਸਿੱਖ ਸੂਰਬੀਰਤਾ ਦਾ ਅਧਾਰ ਹਨ, ਇਨ੍ਹਾਂ 'ਚੋਂ ਇੱਕ ਦੀ ਅਣਹੋਂਦ ਹੋਣ ਕਾਰਨ ਸਿੱਖ ਸੂਰਬੀਰਤਾ ਦਾ ਅਸਲ ਸਰੂਪ ਨਹੀਂ ਸਮਝਿਆ ਜਾ ਸਕਦਾ। ਦੱਸਿਆ ਗਿਆ ਹੈ ਕਿ ਭਗਤੀ ਅਤੇ ਸ਼ਕਤੀ ਦੋਨੋਂ ਇੱਕ ਦੂਸਰੇ 'ਤੇ ਨਿਰਭਰ ਅਤੇ ਪੂਰਕ ਹਨ। ਭਗਤੀ ਅਤੇ ਸ਼ਕਤੀ ਦੇ ਸੁਮੇਲ ਤੋਂ ਬਗੈਰ ਸਿੱਖ ਸੂਰਬੀਰਤਾ ਦੀ ਪ੍ਰਕਿਰਤੀ ਨੂੰ ਸਾਹਮਣੇ ਲਿਆਉਣ ਲਈ ਇਹਨਾਂ ਦੋਹਾਂ ਦਾ ਸੁਮੇਲ ਹੋਣਾ ਲਾਜ਼ਮੀ ਅਤੇ ਗੁਰਮਤਿ ਅਨੁਸਾਰ ਜ਼ਰੂਰੀ ਹੈ।

ਜਗਜੀਤ ਸਿੰਘ ਦੀ ਪੁਸਤਕ *ਸਿੱਖ ਇਨਕਲਾਬ* ਵਿਚ ਗੁਰਮਤਿ ਵਿਚਾਰਧਾਰਾ ਅਤੇ ਸਿੱਖ ਧਰਮ ਦੇ ਇਨਕਲਾਬੀ ਪੱਖਾਂ ਨੂੰ ਉਘਾੜਨ ਦਾ ਯਤਨ ਕੀਤਾ ਹੈ। ਉਹ ਸੰਸਾਰ ਭਰ ਵਿਚ ਆਏ ਇਨਕਲਾਬਾਂ ਦਾ ਤੁਲਨਾਤਮਕ ਅਧਿਐਨ ਕਰਕੇ ਸਿੱਖ ਇਨਕਲਾਬ ਦੀ ਵਿਲੱਖਣਤਾ ਨੂੰ ਸਮਝਦੇ ਹੋਏ ਇਸ ਦੀ ਇਨਕਲਾਬੀ ਸਪਰਿਟ ਨੂੰ ਸਮਝਦੇ ਹਨ। ਉਹ ਲਿਖਦੇ ਹਨ "ਸਿੱਖ ਇਨਕਲਾਬ ਦੀ ਰੂਪ ਰੇਖਾ, ਸਿੱਖੀ ਆਦਰਸ਼, ਵਿਸ਼ਵਾਸ, ਭਾਵਨਾ ਤੇ ਸਪਿਰਟ ਜੋ ਇਸ ਇਨਕਲਾਬ ਦੀ ਜਾਨ ਸੀ।"[7] ਇਨਕਲਾਬੀ ਸਿੱਖ ਲਹਿਰ ਨੇ ਸਮੇਂ ਦੇ ਬ੍ਰਾਹਮਣਵਾਦੀ, ਜਾਤ-ਪਾਤੀ, ਕਰਮ ਕਾਂਡੀ ਢਾਂਚੇ ਨੂੰ ਉਲਟਾ ਕੇ ਸਰਬ ਸਾਂਝੀਵਾਲਤਾ ਵਾਲੇ ਸਮਾਜ ਦੀ ਨੀਂਹ ਰੱਖੀ। ਸਦੀਆਂ ਤੋਂ ਦੱਬੇ ਕੁਚਲੇ ਲੋਕਾਂ ਵਿਚ ਇੱਜ਼ਤ ਸਵੈਮਾਣ ਨਾਲ ਜੀਵਨ ਜੀਊਣ ਦੀ ਇੱਛਾ ਜਗਾਈ।

ਪ੍ਰੋ. ਦੀਵਾਨ ਸਿੰਘ ਨੇ *ਸਿੱਖ ਧਰਮ ਵਿਚ ਭਗਤੀ ਤੇ ਸ਼ਕਤੀ* ਪੁਸਤਕ ਵਿਚ ਸਿੱਖ ਧਰਮ ਪ੍ਰਚਾਰ, ਸਿੱਖ ਜੀਵਨ ਜਾਚ, ਰਹੱਸਵਾਦ, ਗੁਰਮਤਿ ਸਿਧਾਂਤ, ਅਨੁਭਵ ਆਦਿ ਸੰਕਲਪਾਂ ਤੋਂ ਇਲਾਵਾ ਭਗਤੀ ਅਤੇ ਸ਼ਕਤੀ ਬਾਰੇ ਲੇਖ ਲਿਖੇ, ਉਨ੍ਹਾਂ ਦੀ ਧਾਰਨਾ ਹੈ ਸਿੱਖ ਧਰਮ ਵਿਚ ਚੜ੍ਹਦੀ ਕਲਾ ਸੂਰਬੀਰਤਾ ਦਾ ਹੀ ਰੂਪ ਹੈ। ਭਗਤੀ ਅਤੇ ਸ਼ਕਤੀ ਦੋ ਵੱਖਰੇ ਤੱਤਾਂ ਨੂੰ ਇੱਕਠਾ ਕਰਕੇ ਜੀਵਨ ਦੇ ਕਰਤੱਵਾਂ ਦੀ ਪੂਰਤੀ ਹਿੱਤ ਗੁਰੂ ਸਾਹਿਬਾਨ ਅਤੇ ਸਿੱਖ ਯੋਧਿਆਂ ਨੇ ਅਹਿਮ ਯੋਗਦਾਨ ਪਾਇਆ ਅਤੇ

---

7 ਜਗਜੀਤ ਸਿੰਘ (2002) *ਸਿੱਖ ਇਨਕਲਾਬ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਪੰ., 289.

ਭਗਤੀ ਵਿਚੋਂ ਹੀ ਸ਼ਕਤੀ ਦੇ ਵਿਕਾਸ ਤੇ ਨਿਰਮਾਣ ਦੀ ਪ੍ਰੇਰਨਾ ਮਿਲਦੀ ਹੈ।

ਹਿੰਮਤ ਸਿੰਘ ਸੋਢੀ *ਗੁਰੂ ਪੰਥ ਤੇ ਭਾਰਤੀ ਪ੍ਰਸੰਗ* ਵਿਚ ਇਹ ਚਾਨਣਾ ਪਾਉਂਦੇ ਹਨ ਕਿ ਸਿੱਖ ਵਿਚ ਗੁਰੂ ਪ੍ਰੇਰਨਾ ਸਦਕਾ ਆਤਮਕ ਬਲ ਪੈਦਾ ਹੁੰਦਾ ਹੈ। ਉਹ ਨਿਰਵੈਰ ਤੇ ਨਿਰਭਓ ਹੋ ਜਾਂਦਾ ਹੈ। ਆਪਣੇ ਧਰਮ ਮੋਰਚੇ ਲਈ ਹਿੱਕ ਵਿਚ ਤੀਰ ਖਾਣ ਲਈ ਤਿਆਰ ਹੋ ਜਾਂਦਾ ਹੈ, ਪਹਿਲਾਂ ਤਾਂ ਸਿੱਖ ਜੀਵਨ ਦੀ ਆਸ ਛੱਡ ਕੇ ਮਰਨ ਕਬੂਲ ਕਰਦਾ ਹੋਇਆ ਆਪਣੇ ਇਸ਼ਟ ਦੀ ਖਾਤਰ ਸ਼ਹਾਦਤ ਦੇਣ ਨੂੰ ਜੀਵਨ ਦਾ ਮਨੋਰਥ ਮੰਨਦਾ ਹੈ। ਇੱਕ ਸੱਚਾ ਸੂਰਮਾ ਹੀ ਸੱਚਾ ਸੰਤ/ਭਗਤ ਇੱਕ ਸੱਚਾ ਸੂਰਮਾ ਹੁੰਦਾ ਹੈ।

ਸਤਬੀਰ ਸਿੰਘ ਦੀ ਪੁਸਤਕ *ਅਠਾਰਵੀਂ ਸਦੀ ਦੀ ਬੀਰ ਪਰੰਪਰਾ ਦਾ ਵਿਕਾਸ* ਵਿਚ ਸਿੱਖ ਯੋਧਿਆਂ ਦੀ ਸੂਰਬੀਰਤਾ ਦਾ ਵਰਨਣ ਮਿਲਦਾ ਹੈ। ਇਸ ਦੇ ਨਾਲ ਹੀ ਜ਼ੁਲਮੀ ਸ਼ਾਸਕਾਂ ਵਲੋਂ ਸਿੱਖਾਂ ’ਤੇ ਕੀਤੇ ਗਏ ਅੱਤਿਆਚਾਰਾਂ ਦਾ ਸਿੱਖਾਂ ਨੇ ਸੂਰਬੀਰਤਾ ਨਾਲ ਕਿਵੇਂ ਟਾਕਰਾ ਕੀਤਾ, ਦਾ ਵਰਨਣ ਵੀ ਇਸ ਪੁਸਤਕ ਵਿਚ ਮਿਲਦਾ ਹੈ। ਲੇਖਕ ਦੀ ਧਾਰਨਾ ਹੈ ਕਿ ਸਿੱਖਾਂ ਦੁਆਰਾ ਕੀਤੇ ਗਏ ਮੁਕਾਬਲਿਆਂ ਤੋਂ ਇਲਾਵਾ 18ਵੀਂ ਸਦੀ ਦੀਆਂ ਪ੍ਰਮੁੱਖ ਘਟਨਾਵਾਂ ਵਿਚ ਸਿੱਖਾਂ ਨੇ ਸੂਰਬੀਰਤਾ ਨੂੰ ਬਾਖ਼ੂਬੀ ਢੰਗ ਨਾਲ ਪ੍ਰਗਟਾਇਆ ਹੈ।

ਅਜਾਇਬ ਸਿੰਘ ਢਿੱਲੋਂ ਨੇ ਆਪਣੀ ਪੁਸਤਕ *ਹਰ ਨਵੇਂ ਸੂਰਜ ਨਵੀਂ ਸਿੱਖ ਸੂਰਬੀਰਤਾ* ਵਿਚ ਸੂਰਬੀਰਤਾ ਦੀਆਂ ਦੋ ਕਿਸਮਾਂ 1) ਸਰੀਰਕ ਸੂਰਬੀਰਤਾ 2) ਨੈਤਿਕ ਸੂਰਬੀਰਤਾ ਬਾਰੇ ਚਾਨਣਾ ਪਾਉਂਦਿਆਂ ਸੂਰਬੀਰਤਾ ਦੇ ਵੱਖ-ਵੱਖ ਰੂਪ ਸਮਝਾਏ ਹਨ। ਇਹ ਪੁਸਤਕ ਸੂਰਬੀਰਤਾ ਦੇ ਸਿੱਖ ਸੰਕਲਪ ਨੂੰ ਸਮਝਣ ਲਈ ਕਾਫ਼ੀ ਸਹਾਇਕ ਹੈ।

ਜੋਗਿੰਦਰ ਸਿੰਘ ਆਪਣੀ ਪੁਸਤਕ, *ਖਾਲਸੇ ਦੀ ਜੋਤਿ ਤੇ ਜੁਗਤਿ* ਵਿਚ ਸਿੱਖ ਕੌਮ ਦੀ ਵਿਲੱਖਣਤਾ ਬਾਰੇ ਦੱਸਦੇ ਹਨ ਕਿ ਇਹ ਪਛਾਣ ਸ਼ਹੀਦਾਂ ਦੀ ਬੇਮਿਸਾਲ ਬੀਰਤਾ ਕਰਕੇ ਹੈ। ਸਿੱਖਾਂ ਅੰਦਰ ਧਰਮ-ਯੁੱਧ ਦੇ ਚਾਅ ਦੀ ਭਾਵਨਾ ਹੋਣ ਕਰਕੇ ਉਹ ਧਰਮ ਦੀ ਘਾਲ ਕਮਾਈ ਕਰਨ ਨੂੰ ਪਹਿਲ ਦਿੰਦੇ ਹਨ ਅਤੇ ਲੋੜ ਪੈਣ ’ਤੇ ਯੁੱਧ ਦੇ ਕਰਤੱਵ ਨੂੰ ਵੀ ਪੂਰੇ ਚਾਅ ਨਾਲ ਨਿਭਾਉਂਦੇ ਹੋਏ ਗੁਰੂ ਬਖਸ਼ਿਸ਼ਾਂ ਦੇ ਪਾਤਰ ਬਣ ਜਾਂਦੇ ਹਨ।

ਮੇਜਰ ਐਲਫਰੇਡ ਡੇਵਿਡ ਦੁਆਰਾ ਰਚਿਤ ਤੇ ਲੈਫਟੀਨੈਂਟ ਕਰਨਲ ਜਗਜੀਤ ਸਿੰਘ ਗੁਲੇਰੀਆ ਦੁਆਰਾ ਅਨੁਵਾਦਿਤ ਪੁਸਤਕ *ਭਾਰਤੀ ਯੁੱਧ ਕਲਾ (Indian Art of War)* ਵਿਚ ਲੇਖਕ ਨੇ ਭਾਰਤੀ ਯੁੱਧ ਕਲਾ ਨੂੰ ਮੁੱਖ ਰੂਪ ਵਿਚ ਚਾਰ ਭਾਗਾਂ ਵਿਚ ਵੰਡ ਕੇ ਵਰਣਿਤ ਕੀਤਾ ਹੈ, ਜਿਸ ਵਿਚ ਮੁਗਲ, ਮਰਹੱਟੇ, ਰਾਜਪੂਤ ਤੇ ਸਿੱਖਾਂ ਦੇ ਫੌਜੀ ਪ੍ਰਬੰਧ ਸ਼ਾਮਿਲ ਹਨ। ਲੇਖਕ ਨੇ ਮੱਧਕਾਲ ਵਿਚ ਲੜੀਆਂ ਗਈਆਂ ਮਹੱਤਵਪੂਰਨ ਲੜਾਈਆਂ ਦੇ ਵਿਵਹਾਰਕ ਰੂਪ ਨੂੰ ਸਮਝਣ ਦਾ ਯਤਨ ਕੀਤਾ ਹੈ। ਫੌਜ ਦੇ ਸਾਜ਼ੋ-ਸਮਾਨ, ਦਾਅ-ਪੇਚ, ਜਿੱਤ-ਹਾਰ, ਸਜ਼ਾ, ਇਨਾਮ, ਕਿਲ੍ਹੇਬੰਦੀ, ਫੌਜ ਦੀ ਸਿਖਲਾਈ ਆਦਿ ਹਰ ਤਰ੍ਹਾਂ ਦੀ ਯੁੱਧ-ਨੀਤੀ ਦਾ ਵਰਣਨ ਕੁੱਝ ਖਾਸ ਮੱਧਕਾਲੀ ਯੁੱਧਾਂ ਦੇ ਨਕਸ਼ਿਆਂ ਸਮੇਤ ਕੀਤਾ ਹੈ। ਸੋ ਇਹ ਪੁਸਤਕ ਸੂਰਬੀਰਤਾ ਦੇ ਵਿਹਾਰਕ ਰੂਪ ਬਾਰੇ ਜਾਣਕਾਰੀ ਹਾਸਲ ਕਰਨ ਲਈ ਲਾਹੇਵੰਦ ਹੈ।

ਕੁਲਦੀਪ ਸਿੰਘ ਨੇ ਪੁਸਤਕ *ਮੌਲਿਕ ਸਿੱਖ ਇਤਿਹਾਸ (ਇਕ ਵਿਗਿਆਨਕ ਦ੍ਰਿਸ਼ਟੀਕੋਣ)* ਵਿਚ ਸਿੱਖ ਗੁਰੂਆਂ ਵੱਲੋਂ ਸਥਾਪਿਤ ਕੀਤੇ ਗਏ ਦ੍ਰਿਸ਼ਟੀਕੋਣ ਨੂੰ ਅਧਾਰ ਬਣਾ ਕੇ ਸਿੱਖਾਂ ਦੇ ਸਿਧਾਂਤਕ ਤੇ ਵਿਵਹਾਰਕ ਜੀਵਨ-ਘੋਲ ਨੂੰ ਪੇਸ਼ ਕਰਨ ਦਾ ਉਪਰਾਲਾ ਕੀਤਾ ਹੈ। ਇਸ ਦੇ ਨਾਲ ਹੀ ਸਿੱਖ ਜਗਤ ਦੇ ਕਈ ਭਰਮ-ਭੁਲੇਖਿਆਂ ਨੂੰ ਵੀ ਚਰਚਾ ਦਾ ਵਿਸ਼ਾ ਬਣਾਇਆ ਹੈ। ਲੇਖਕ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਹੀ ਖ਼ਾਲਸਾ ਅਕਾਲ ਪੁਰਖ ਦੀ ਫੌਜ ਦੀ ਸਾਜਨਾ ਕਰ ਦਿੱਤੀ ਸੀ, ਜਿਸ ਨੂੰ ਅਗਲੇ ਨੌਂ ਗੁਰੂ ਸਾਹਿਬਾਨ ਨੇ ਸਿਧਾਂਤਕ ਤੇ ਵਿਹਾਰਕ ਰੂਪ ਦਿੱਤਾ। ਲੇਖਕ ਨੇ ਗੁਰੂ ਸਾਹਿਬਾਨ ਦੇ ਸਮੇਂ ਤੋਂ ਲੈ ਕੇ ਅਜੋਕੇ ਭਾਰਤ ਦੀ ਵੰਡ ਸਮੇਂ ਤੱਕ ਹੋਏ ਛੋਟੇ-ਵੱਡੇ ਘੱਲੂਘਾਰਿਆਂ ਵਿਚ ਸਿੱਖਾਂ ਦੀ ਸ਼ਮੂਲੀਅਤ ਨੂੰ ਵੀ ਦਰਸਾਇਆ ਹੈ।

ਬੁੱਧ ਪ੍ਰਕਾਸ਼ ਵਲੋਂ ਲਿਖੀ ਪੁਸਤਕ '*ਪ੍ਰਾਚੀਨ ਪੰਜਾਬ ਵਿਚ ਵੀਰ ਪਰੰਪਰਾ ਦਾ ਵਿਕਾਸ*' ਵਿਚ ਵੀਰ ਤੇ ਵੀਰਤਾ ਬਾਰੇ ਵਿਚਾਰ ਮਿਲਦੇ ਹਨ ਪਰ ਇਹ ਵਿਚਾਰ ਜਿਆਦਾ ਇਤਿਹਾਸਕ ਪਰਿਪੇਖ ਵਿਚ ਹਨ ਅਤੇ ਇਸ ਪੁਸਤਕ ਵਿਚ ਸਰੀਰਕ ਸੂਰਬੀਰਤਾ ਬਾਰੇ ਚਰਚਾ ਕੀਤੀ ਗਈ ਹੈ। ਅਧਿਆਤਮਕ ਅਤੇ ਨੈਤਿਕ ਸੂਰਬੀਰਤਾ ਬਾਰੇ ਬੁੱਧ ਪ੍ਰਕਾਸ਼ ਕੋਈ ਵਿਚਾਰ ਨਹੀਂ ਦਿੰਦਾ। ਖੋਜ ਕਾਰਜ ਵਿਚ ਆ ਰਹੇ ਇਕ ਪੱਖ 'ਸਰੀਰਕ ਸੂਰਬੀਰਤਾ' ਲਈ ਇਹ ਪੁਸਤਕ ਲੋੜੀਂਦੀ ਹੈ ਜਿਸ

ਵਿਚ ਯੁੱਧ ਭੂਮੀ ਦੇ ਸੂਰਮੇ ਦੇ ਸਿਰਜਕ ਤੱਤਾਂ ਦੀ ਜਾਣਕਾਰੀ ਮਿਲਦੀ ਹੈ।

ਉਪਰੋਕਤ ਪੁਸਤਕਾਂ ਦੇ ਸਰਵੇਖਣ ਰਾਹੀਂ ਸਿੱਖ ਸੂਰਬੀਰਤਾ ਦੇ ਅਰਥ, ਪਰਿਭਾਸ਼ਾਵਾਂ ਬਾਰੇ ਜਾਣਕਾਰੀ ਮਿਲਦੀ ਹੈ, ਜਿਸ ਤੋਂ ਇਸ ਦੇ ਸਰੂਪ ਬਾਰੇ ਇਹ ਸਪੱਸ਼ਟ ਹੁੰਦਾ ਹੈ ਕਿ ਕੇਵਲ ਜੰਗ ਦੇ ਮੈਦਾਨ ਵਿਚ ਲੜਨਾ ਹੀ ਸੂਰਬੀਰਤਾ ਨਹੀਂ, ਸਗੋਂ ਮਨੁੱਖੀ ਜੀਵਨ ਦੇ ਅਸਲ ਵੈਰੀਆਂ ਭਾਵ ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ’ਤੇ ਜਿੱਤ ਪ੍ਰਾਪਤ ਕਰਨਾ ਵੀ ਸੂਰਬੀਰਤਾ ਹੈ। ਸਿੱਖ ਸੂਰਬੀਰਤਾ ਦਾ ਮੁੱਖ ਸੋਮਾ ੧ਓ ਹੈ ਜਿਸ ਤੋਂ ਸਿੱਖ ਨਿਤਾਪ੍ਰਤੀ ਅਰਦਾਸ ਵਿਚ ਪ੍ਰੇਮ, ਨਾਮ, ਵਿਸਾਹ, ਭਰੋਸਾ, ਰਹਿਤ, ਵਿਵੇਕ ਦਾ ਦਾਨ ਮੰਗਦੇ ਹਨ, ਤਾਂ ਜੋ ਉਹ ਸਰਬੱਤ ਦੇ ਭਲੇ ਲਈ ਕਾਰਜ ਕਰਨ ਦੇ ਸਮੱਰਥ ਹੋਣ।

ਪੁਸਤਕਾਂ ਤੋਂ ਇਲਾਵਾ ਸੂਰਬੀਰਤਾ ਦੇ ਵਿਸ਼ੇ ਉਪਰ ਹੇਠ ਲਿਖੇ ਵਿਦਵਾਨਾਂ ਦੇ ਲੇਖ ਵੀ ਮਿਲਦੇ ਹਨ;

1. ਮੋਹਨ ਸਿੰਘ ਵੈਦ (1920) ਧੀਰਜ ਅਤੇ ਸੱਚੀ ਸੂਰਬੀਰਤਾ, ਵਜ਼ੀਰ ਹਿੰਦ ਪ੍ਰੈਸ।
2. ਤਾਰਨ ਸਿੰਘ (ਅਪ੍ਰੈਲ-ਮਈ 1963) “ਗੁਰਮਤਿ ਸਾਹਿਤ ਤੇ ਬੀਰਤਾ” *ਪੰਜਾਬੀ ਦੁਨੀਆਂ,* ਪੰਜਾਬੀ ਵਿਭਾਗ, ਪਟਿਆਲਾ।
3. ਜੋਗਿੰਦਰ ਸਿੰਘ (ਅਪ੍ਰੈਲ-ਮਈ 1963) “ਬੀਰਤਾ ਦਾ ਨੈਤਿਕ ਅਧਿਐਨ*”, ਪੰਜਾਬੀ ਦੁਨੀਆਂ,* ਪੰਜਾਬੀ ਵਿਭਾਗ ਪੰਜਾਬ ਪਟਿਆਲਾ।
4. ਗਿਆਨੀ ਗੁਰਦਿੱਤ ਸਿੰਘ (ਦਸੰਬਰ 1976) “ਬੀਰਤਾ ਦੇ ਪੁੰਜ ਗੁਰੂ ਗੋਬਿੰਦ ਸਿੰਘ” *ਸਿੰਘ ਸਭਾ ਪੱਤ੍ਰਿਕਾ,* ਅੰਮ੍ਰਿਤਸਰ।
5. ਭਾਈ ਸਾਹਿਬ ਰਣਧੀਰ ਸਿੰਘ (1994) “ਸੱਚੀ ਸੂਰਮਤਾਈ” *ਗੁਰਮਤਿ ਵਿਚਾਰ,* ਰਣਧੀਰ ਸਿੰਘ ਟ੍ਰੱਸਟ, ਲੁਧਿਆਣਾ।
6. ਸਾਬਰ ਜਸਬੀਰ ਸਿੰਘ (ਫਰਵਰੀ 2003) “ਸੂਰਬੀਰ ਸ੍ਰੀ ਗੁਰੂ ਨਾਨਕ ਦੇਵ ਜੀ”, *ਗੁਰਮਤਿ ਪ੍ਰਕਾਸ਼,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,ਅੰਮ੍ਰਿਤਸਰ।
7. ਨਰਿੰਦਰ ਸਿੰਘ ਨਿਰਛਲ (2006) “ਗੁਰੂ ਨਾਨਕ ਦੇਵ ਜੀ ਦੀਆਂ ਵਾਰਾਂ ਵਿਚ ਵੀਰਤਾ ਦਾ ਸਰੂਪ” *ਗੁਰੂ ਨਾਨਕ ਦੇਵ ਜੀ ਦੀਆਂ ਵਾਰਾਂ ਸਰੂਪ ਅਤੇ ਵਿਸ਼ਲੇਸ਼ਣ,* ਗੁਰਮਤਿ ਪ੍ਰਕਾਸ਼ਨ

ਪਟਿਆਲਾ।

ਨਿਰਸੰਦੇਹ ਸਿੱਖਾਂ ਦੀ ਸੂਰਬੀਰਤਾ ਪੂਰੇ ਸੰਸਾਰ ਵਿਚ ਪ੍ਰਸਿੱਧ ਹੈ। ਇਹ ਸੂਰਬੀਰਤਾ ਸਿੱਖਾਂ ਦੇ ਵਿਹਾਰ ਰਾਹੀਂ ਦੇਸ਼ ਵਿਦੇਸ਼ ਤੱਕ ਪਹੁੰਚ ਚੁੱਕੀ ਹੈ। ਸਿੱਖਾਂ ਦੀਆਂ ਗਲੋਬਲੀ ਕਦਰਾਂ-ਕੀਮਤਾਂ ਨੂੰ ਅਤੇ ਸਿੱਖ ਵਿਹਾਰ ਨੂੰ ਮਾਨਤਾ ਵੀ ਮਿਲਦੀ ਹੈ ਪ੍ਰੰਤੂ ਇਸ ਵਿਹਾਰ ਪਿੱਛੇ ਜੋ ਸਿਧਾਂਤ ਹਨ ਉਹ ਲਿਖਤ ਰੂਪ 'ਚ ਬਹੁਤ ਘੱਟ ਹਨ। ਸਿੱਖ ਧਰਮ ਵਿਚ ਸੂਰਬੀਰਤਾ ਦੀ ਸਪਰਿਟ ਨੂੰ ਜਾਨਣ ਲਈ ਫਿਲਮਾਂ, ਨਾਟਕ, ਸੋਸ਼ਲ ਮੀਡੀਆ, ਚਿਤਰ-ਕਾਰੀ ਵਰਗੇ ਮਾਧਿਅਮ ਤਾਂ ਹਨ ਪਰ ਇਸ ਦਾ ਗਿਆਨ ਦੇਣ ਵਾਲੀ ਅਕਾਦਮਿਕ ਸਮੱਗਰੀ ਦੀ ਘਾਟ ਹੈ। ਸਾਡੇ ਕੋਲ ਪ੍ਰਾਪਤ ਸਮੱਗਰੀ ਸਿੱਖ ਸੂਰਬੀਰਤਾ ਦੀ ਪ੍ਰਕਿਰਤੀ ਨੂੰ ਪੇਸ਼ ਕਰਨ ਲਈ ਕੇਵਲ ਨਿਸ਼ਾਨਦੇਹੀ ਹੀ ਕਰਦੀ ਜੋ ਆਮ ਵਿਅਕਤੀ ਦੀ ਦ੍ਰਿਸ਼ਟੀ ਤੋਂ ਪਰ੍ਹੇ ਜਾਪਦੀ ਹੈ। ਇਸ ਤੋਂ ਇਲਾਵਾ ਜੋ ਪੁਸਤਕਾਂ ਜਾਂ ਲੇਖ ਸਾਡੇ ਦ੍ਰਿਸ਼ਟੀਗੋਚਰ ਹੁੰਦੇ ਹਨ ਉਨ੍ਹਾਂ ਵਿਚ ਇਹ ਵਿਸ਼ਾ ਅਣਛੂਹਿਆ ਜਾਪਦਾ ਹੈ। ਸਿੱਖ ਸੂਰਬੀਰਤਾ ਦੀਆਂ ਵਿਭਿੰਨ ਕਿਸਮਾਂ, ਪ੍ਰਕਿਰਤੀ, ਮੂਲ ਸਰੋਤ, ਸਿਰਜਕ ਗੁਣ,ਅੰਤਰ-ਸੰਬੰਧ, ਵਿਲੱਖਣਤਾ ਅਤੇ ਹੋਰ ਵਿਭਿੰਨ ਪੱਖਾਂ ਨੂੰ ਅਕਾਦਮਿਕ ਜਗਤ ਵਿਚ ਲਿਆਉਣਾ ਹਥਲੇ ਅਧਿਐਨ ਦਾ ਮੁੱਖ ਉਦੇਸ਼ ਹੈ।

ਸੂਰਬੀਰਤਾ ਸਿੱਖ ਧਰਮ ਦੀ ਵਿਲੱਖਣਤਾ ਹੈ। ਸੂਰਬੀਰਤਾ ਸਿੱਖ ਸੂਰਮਿਆਂ ਦੀ ਪਵਿੱਤਰ ਭਾਵਨਾ ਦਾ ਨਾਂ ਹੈ ਜਿਹੜੀ ਬਾਹਰੀ ਅਤੇ ਅੰਦਰੂਨੀ ਪਰਸਥਿਤੀਆਂ ਨਾਲ ਟੱਕਰ ਲੈਣ ਲਈ ਸਾਰਥਕ ਭੂਮਿਕਾ ਨਿਭਾਉਂਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਧਿਆਤਮਕ, ਨੈਤਿਕ, ਮਾਨਸਕ, ਸਰੀਰਕ ਬਲ ਨਾਲ ਸੂਰਬੀਰਤਾ ਦੇ ਜਜ਼ਬੇ ਨੂੰ ਪਵਿੱਤਰਤਾ ਬਖ਼ਸ਼ੀ। ਵਿਅਕਤੀ ਅੰਦਰ ਸੂਰਬੀਰਤਾ ਪੈਦਾ ਕਰਨ ਲਈ *ਪਹਿਲਾ ਮਰਣਿ ਕਬੂਲਿ ਜੀਵਣ ਕੀ ਛਡਿ ਆਸ॥* ਪਹਿਲੀ ਸ਼ਰਤ ਰੱਖੀ। ਇਸ ਸ਼ਰਤ ਉਪਰ ਚੱਲਣ ਲਈ ਬਾਕੀ ਗੁਰੂ ਸਾਹਿਬਾਨ ਨੇ ਸਮੇਂ ਸਮੇਂ ਉੱਪਰ ਆਪਣਾ ਯੋਗਦਾਨ ਸਿਧਾਂਤਕ (ਗੁਰਬਾਣੀ) ਅਤੇ ਵਿਹਾਰ ਰਾਹੀਂ ਪਾਇਆ ਅਤੇ ਸੂਰਬੀਰਤਾ ਦਾ ਲੋੜੀਂਦਾ ਵਿਕਾਸ ਕੀਤਾ। ਸੂਰਬੀਰਤਾ ਸਾਰੇ ਸਿੱਖ ਸਦਗੁਣਾਂ ਦਾ ਕੇਂਦਰੀ ਧੁਰਾ ਹੈ ਜਿਸਦੀ ਜੜ੍ਹ ਗੁਰੂ ਸਾਹਿਬ ਨੇ ਅਧਿਆਤਮਕਤਾ ਵਿਚ ਲਾਈ ਹੈ ਅਤੇ ਜਿਸਦਾ ਸਰੋਕਾਰ ਮਾਨਿਸਕ, ਨੈਤਿਕ, ਸਮਾਜਕ, ਸਰੀਰਕ ਬਲ ਨਾਲ ਜੁੜਿਆ ਹੋਇਆ ਹੈ। ਸੂਰਬੀਰਤਾ ਉਹ ਜਜ਼ਬਾ ਹੈ ਜਿਸ ਅਨੁਸਾਰ ਮਨੁੱਖ ਆਪਣੇ ਜੀਵਨ ਦੇ ਹਰ ਖੇਤਰ ਵਿਚ ਹੱਕ ਸੱਚ 'ਤੇ ਦ੍ਰਿੜ ਰਹਿ ਕੇ ਆਪਣੇ ਜੀਵਨ ਦੇ ਕਰਤੱਵ ਨਿਭਾਉਂਦਾ ਹੈ

ਇਸੇ ਅਧਾਰ 'ਤੇ ਅਸੀਂ ਸਿੱਖ ਸੂਰਬੀਰਤਾ ਦਾ ਅਧਿਐਨ ਕੀਤਾ ਹੈ।

**ਉਦੇਸ਼ :**

ਇਸ ਖੋਜ ਕਾਰਜ ਦੇ ਨਿਮਨ ਲਿਖਤ ਖੋਜ ਉਦੇਸ਼ ਰੱਖੇ ਗਏ ਹਨ;

1. ਸੂਰਬੀਰਤਾ ਦੀ ਪ੍ਰਕਿਰਤੀ ਦਾ ਅਧਿਐਨ ਕਰਨਾ
2. ਸਿੱਖ ਸੂਰਬੀਰਤਾ ਦੇ ਸਿਧਾਂਤ ਅਤੇ ਵਿਹਾਰ ਦਾ ਅਧਿਐਨ ਕਰਨਾ
3. ਸਿੱਖ ਸੂਰਬੀਰਤਾ ਦੇ ਮੂਲ ਸਰੋਤਾਂ ਦੀ ਖੋਜ ਕਰਨਾ
4. ਸਿੱਖ ਸੂਰਬੀਰਤਾ ਦੀ ਵਿਲੱਖਣਤਾ ਨੂੰ ਜਾਣਨਾ

**ਖੋਜ ਵਿਧੀ ਵਿਗਿਆਨ**

ਇਸ ਖੋਜ-ਕਾਰਜ ਵਿਚ ਲਈ ਸਿੱਖ-ਸਾਹਿਤ ਨੂੰ ਆਧਾਰ ਬਣਾਇਆ ਗਿਆ ਹੈ, ਇਤਿਹਾਸਕ ਸਰੋਤਾਂ ਜਿਵੇਂ ਜਨਮਸਾਖੀਆਂ, ਗੁਰਬਿਲਾਸਾਂ, ਪੰਥ ਪ੍ਰਕਾਸ਼ਾਂ, ਮਹਿਮਾ ਪ੍ਰਕਾਸ਼, ਬੰਸਾਵਲੀਨਾਮਾ ਆਦਿ ਦਾ ਗਹਿਨ ਅਧਿਐਨ ਕੀਤਾ ਗਿਆ ਹੈ। ਇਸ ਖੋਜ ਦੇ ਪ੍ਰਮੁੱਖ ਦੋ ਉਦੇਸ਼ ਹਨ ਪਹਿਲਾ ਸਿੱਖ ਸੂਰਬੀਰਤਾ ਦੇ ਸਿਧਾਂਤ ਨੂੰ ਸਮਝਣਾ, ਦੂਸਰਾ ਸਿੱਖ ਸੂਰਬੀਰਤਾ ਦੇ ਵਿਹਾਰ ਦਾ ਅਧਿਐਨ ਕਰਨਾ। ਪਹਿਲੇ ਉਦੇਸ਼ ਲਈ ਗੁਰਬਾਣੀ (ਸ੍ਰੀ ਗੁਰੂ ਗ੍ਰੰਥ ਸਾਹਿਬ) ਪਾਸੋਂ ਸੇਧ ਲਈ ਹੈ। ਸਿੱਖ ਸੂਰਬੀਰਤਾ ਦੇ ਸਿਧਾਂਤਾਂ ਦੀ ਮੂਲ ਅਧਾਰ ਤਾਂ ਗੁਰਬਾਣੀ ਹੀ ਹੈ ਅਤੇ ਇਹੀ ਸਾਰੀ ਸਿੱਖ ਸੂਰਬੀਰਤਾ ਦੀ ਪਰਖ ਤੇ ਪਹਿਚਾਣ ਦੀ ਮੁੱਢਲੀ ਕਸਵੱਟੀ ਹੈ। ਸੂਰਬੀਰਤਾ ਦੇ ਵਿਹਾਰਕ ਪਰਿਪੇਖ ਨੂੰ ਸਮਝਣ ਲਈ ਉਪਰੋਕਤ ਸਾਹਿਤ ਨੂੰ ਅਧਾਰ ਬਣਾਇਆ ਗਿਆ ਹੈ। ਇਸ ਖੋਜ-ਪ੍ਰਬੰਧ ਦਾ ਘੇਰਾ ਸਿੱਖ ਸੂਰਬੀਰਤਾ ਦੇ ਸਿਧਾਂਤਕ ਤੇ ਵਿਹਾਰਕ ਅਧਿਐਨ ਤੱਕ ਸੀਮਿਤ ਕੀਤਾ ਗਿਆ ਹੈ। ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ ਕਿ ਵਿਸ਼ੇ ਦੀ ਸਪੱਸ਼ਟਤਾ ਤੇ ਪੁਸ਼ਟੀ ਲਈ ਤਾਂ ਗੁਰਬਾਣੀ ਨੂੰ ਅਧਾਰ-ਸ੍ਰੋਤ ਬਣਾਇਆ ਗਿਆ ਹੈ ਅਤੇ ਨਾਲ ਹੀ ਇਸ ਵਿਸ਼ੇ ਦੇ ਵਿਸ਼ੇਸ਼ਗਾਂ ਦੀਆਂ ਲਿਖਤਾਂ ਨੂੰ ਪੁਸ਼ਟੀ ਅਤੇ ਵਿਆਖਿਆ ਦੇਣ ਹਿਤ ਵਰਤਿਆ ਗਿਆ ਹੈ।

ਖੋਜ-ਕਾਰਜ ਨੂੰ ਸੂਰਬੀਰਤਾ ਦੇ ਸਿਧਾਂਤਕ ਅਤੇ ਵਿਹਾਰਕ ਪਰਿਪੇਖ ਵਿਚ ਪੇਸ਼ ਕੀਤਾ ਗਿਆ ਹੈ। ਇਸਦੇ ਸਿਧਾਂਤਕ ਅਧਿਐਨ ਲਈ ਮੁਖ ਰੂਪ ਵਿਚ ਧਰਮ ਸ਼ਾਸਤਰੀ ਪਹੁੰਚ-ਵਿਧੀ ਅਪਣਾਈ ਗਈ ਹੈ। ਇਹ ਵਿਧੀ ਧਰਮ-ਵਿਸ਼ਵਾਸ਼ਾਂ ਜਾਂ ਅਨੁਭਵਾਂ ਦੀ ਤਾਰਕਿਕ ਵਿਆਖਿਆ ਨਾਲ

ਸੰਬੰਧਿਤ ਹੈ ਅਤੇ ਇਹ ਧਾਰਮਿਕ ਵਰਤਾਰਿਆਂ ਜਾਂ ਵਿਹਾਰਾਂ ਨੂੰ ਪ੍ਰਾਭੌਤਿਕ ਜਾਂ ਪ੍ਰਾਲੌਕਿਕ ਪ੍ਰਸੰਗਾਂ ਵਿਚ ਵਿਚਾਰਨ ਵੱਲ ਰੁਚਿਤ ਹੈ। ਸਿੱਖ ਸੂਰਬੀਰਤਾ ਦੀ ਸਿਧਾਂਤਕ ਪੇਸ਼ਕਾਰੀ ਵੀ ਕਿਸੇ ਇਤਿਹਾਸਕ ਘਟਨਾ ਦੇ ਪ੍ਰਸੰਗ ਵਿਚ ਹੀ ਹੋਈ ਮਿਲਦੀ ਹੈ, ਇਸ ਲਈ ਇਤਿਹਾਸਕ ਵਿਧੀ ਦਾ ਵੀ ਸਹਾਰਾ ਲਿਆ ਗਿਆ ਹੈ। ਇਨ੍ਹਾਂ ਵਿਧੀਆਂ ਤੋਂ ਇਲਾਵਾ ਵਿਸ਼ਲੇਸ਼ਣਾਤਮਕ ਪਹੁੰਚ-ਵਿਧੀ ਨੂੰ ਵੀ ਵਰਤਿਆ ਗਿਆ ਹੈ। ਵਿਸ਼ੇ ਦੀ ਸੁਚਾਰੂ ਵਿਉਂਤਬੰਦੀ ਲਈ ਖੋਜ-ਪ੍ਰਬੰਧ ਨੂੰ ਮੁਖ ਰੂਪ ਵਿਚ ਤਿੰਨ ਅਧਿਆਇਆਂ ਵਿਚ ਵੰਡਿਆ ਗਿਆ ਹੈ:

ਪਹਿਲੇ ਅਧਿਆਇ ਵਿਚ ਸੂਰਬੀਰਤਾ ਦੇ ਸੰਕਲਪ ਬਾਰੇ ਚਰਚਾ ਕੀਤੀ ਹੈ। ਇਸ ਅਧਿਆਇ ਵਿਚ ਚਾਰ ਭਾਗ ਬਣਾਏ ਗਏ ਹਨ। ਪਹਿਲੇ ਭਾਗ ਵਿਚ ਸੂਰਬੀਰਤਾ ਦੇ ਸ਼ਾਬਦਿਕ ਅਰਥ, ਪਰਿਭਾਸ਼ਾ ਅਤੇ ਪ੍ਰਕਿਰਤੀ ਬਾਰੇ ਸਮਝਣ ਦਾ ਯਤਨ ਕੀਤਾ ਗਿਆ ਹੈ। ਦੂਜੇ ਭਾਗ ਵਿਚ ਸਿੱਖ ਸੂਰਬੀਰਤਾ ਦੇ ਪ੍ਰੇਰਕ ਅਕਾਲ ਪੁਰਖ, ਗੁਰੂ, ਅਤੇ ਸਤਸੰਗਤਿ ਬਾਰੇ ਚਰਚਾ ਕੀਤੀ ਗਈ ਹੈ ਕਿਉਕਿ ਇਹਨਾਂ ਤਿੰਨਾਂ ਵਿਚੋਂ ਸਿੱਖ ਸੂਰਬੀਰਤਾ ਦੀ ਉਤਪਤੀ ਹੁੰਦੀ ਹੈ। ਤੀਜੇ ਭਾਗ ਵਿਚ ਸਿੱਖ ਸੂਰਬੀਰਤਾ ਦੇ ਗੁਣਾਂ (ਨਿਡਰਤਾ, ਖਿਮਾ, ਸਹਿਜ ਅਵਸਥਾ, ਆਦਰਸ਼, ਸੁੱਚਾ ਆਚਰਣ, ਗੁਰ-ਗਿਆਨ) ਨੂੰ ਸਮਝਿਆ ਗਿਆ ਹੈ। ਇਹਨਾਂ ਗੁਣਾਂ ਦੀ ਸਿੱਖ ਯੋਧਿਆਂ ਦੇ ਜੀਵਨ ਵਿਚ ਪ੍ਰਧਾਨਤਾ ਹਰ ਪਲ ਰਹਿੰਦੀ ਹੈ। ਚੌਥੇ ਭਾਗ ਵਿਚ ਸਿੱਖ ਧਰਮ ਵਿਚ ਸੂਰਬੀਰਤਾ ਦੇ ਹੋਏ ਵਿਕਾਸ ਦੀ ਵਿਚਾਰ ਕੀਤੀ ਗਈ ਹੈ। ਇਸ ਪੜਾਅ ਵਿਚ ਦੱਸਿਆ ਗਿਆ ਹੈ ਕਿ ਸਿੱਖ ਸੂਰਬੀਰਤਾ ਦੀ ਸ਼ੁਰੂਆਤ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੀਤੀ ਅਤੇ ਉਹਨਾਂ ਬਾਅਦ ਨੌਂ ਗੁਰੂ ਸਾਹਿਬਾਨ ਨੇ ਸਮੇਂ ਸਮੇਂ ਸਿਰ ਸਿੱਖ ਸੂਰਬੀਰਤਾ ਦੇ ਸਰੂਪ ਨੂੰ ਸਵਾਰਿਆ ਅਤੇ ਲੋੜ ਪੈਣ ’ਤੇ ਠੋਸ ਪਰਿਵਰਤਨ ਵੀ ਕੀਤੇ। ਇਸ ਤੋਂ ਬਾਅਦ ਉਤਰ ਗੁਰੂ ਕਾਲ ਦੇ ਦੌਰ ਵਿਚੋਂ ਕੁਝ ਅਹਿਮ ਸ਼ਹਾਦਤਾਂ ਦਾ ਜਿਕਰ ਕਰਦੇ ਹੋਏ ਸਿੱਖ ਸੂਰਬੀਰਤਾ ਦੀ ਨਿਰੰਤਰਤਾ ਨੂੰ ਸਮਝਿਆ ਗਿਆ ਹੈ। ਉਤਰ ਗੁਰੂ ਕਾਲ ਵਿਚ ਬਾਬਾ ਬੰਦਾ ਸਿੰਘ ਬਹਾਦਰ ਜੀ ਤੋਂ ਲੈ ਕੇ ਸਿੱਖ ਮਿਸਲਾਂ ਦੇ ਅਰਸੇ ਦੌਰਾਨ ਕੁਝ ਇਤਿਹਾਸਕ ਘਟਨਾਵਾਂ ਨੂੰ ਸੰਖੇਪ ਵਿਚ ਵਿਚਾਰ ਕੇ ਸਿੱਖ ਸੂਰਬੀਰਤਾ ਦੇ ਵਿਹਾਰਕ ਪਹਿਲੂ ਦੀ ਨਿਰਮਾਣਕਾਰੀ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਅਧਿਆਇ ਵਿਚ ਸੂਰਬੀਰਤਾ ਦੇ ਵਿਭਿੰਨ ਪਹਿਲੂਆਂ ਤੱਕ ਪਹੁੰਚ ਕਰਨ ਦਾ ਯਤਨ ਕੀਤਾ ਗਿਆ ਹੈ।

ਦੂਜੇ ਅਧਿਆਇ ਵਿਚ ਸਿੱਖ ਧਰਮ ਵਿਚਲੀ ਸੂਰਬੀਰਤਾ ਦੇ ਸਿਧਾਂਤਕ ਪੱਖ ਨੂੰ ਵਿਚਾਰਨ

ਦਾ ਯਤਨ ਕੀਤਾ ਗਿਆ ਹੈ। ਇਸ ਵਿਚ ਸੂਰਬੀਰਤਾ ਦੀਆਂ ਦੋ ਕਿਸਮਾਂ (ਅਧਿਆਤਮਕ ਅਤੇ ਸਮਾਜਕ ਸੂਰਬੀਰਤਾ) ਦੀ ਵਿਚਾਰ ਕੀਤੀ ਗਈ ਹੈ। ਗੁਰਮਤਿ ਵਿਚ ਸਭ ਤੋਂ ਪਹਿਲਾਂ ਅਧਿਆਤਮਕ ਸੂਰਬੀਰਤਾ ਦੀ ਪ੍ਰਧਾਨਤਾ ਹੈ। ਇਸ ਰਾਹੀਂ ਪੰਜ ਵਿਕਾਰਾਂ ਨੂੰ ਕਾਬੂ ਕਰਨ ਦੀ ਜੁਗਤ ਦਾ ਪਤਾ ਚਲਦਾ ਹੈ। ਸਿੱਖ ਧਰਮ ਵਿਚ ਸੂਰਬੀਰਤਾ ਦੇ ਸਿਧਾਂਤਕ ਪਰਿਪੇਖ ਨੂੰ ਪੇਸ਼ ਕਰਨ ਲਈ ਅਸੀਂ ਤਿੰਨ ਭਾਗ ਬਣਾਏ ਹਨ। ਪਹਿਲੇ ਭਾਗ ਵਿਚ ਸੂਰਬੀਰਤਾ ਦਾ ਸਿੱਖ ਮਾਡਲ ਪੇਸ਼ ਕੀਤਾ ਗਿਆ ਹੈ। ਜਿਸ ਵਿਚ ਮਨੁੱਖੀ ਜੀਵਨ ਵਿਚਲੀਆਂ ਰੁਕਾਵਟਾਂ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਦਾ ਸਿਲਸਲੇਵਾਰ ਅਧਿਐਨ ਕਰਕੇ ਅਧਿਆਤਮਕ ਸੂਰਬੀਰਤਾ ਨੂੰ ਸਮਝਿਆ ਗਿਆ ਹੈ। ਇਸਦੇ ਦੂਜੇ ਭਾਗ ਵਿਚ ਸਿੱਖ ਸੂਰਬੀਰਤਾ ਦੀ ਦੂਜੀ ਕਿਸਮ ਸਮਾਜਕ ਸੂਰਬੀਰਤਾ ਬਾਰੇ ਚਰਚਾ ਕੀਤੀ ਗਈ ਹੈ। ਸਮਾਜਕ ਸੂਰਬੀਰਤਾ ਦੇ ਪ੍ਰਮੁੱਖ ਲੱਛਣਾਂ ਨੂੰ ਵੀ ਸਾਹਮਣੇ ਲਿਆਉਣ ਦਾ ਯਤਨ ਕੀਤਾ ਗਿਆ ਹੈ ਜਿਹਨਾਂ ਵਿਚ ਨੈਤਿਕਤਾ, ਸਰੀਰਕ ਬਲ ਤੋਂ ਇਲਾਵਾ ਯੁੱਧ ਭੂਮੀ ਵਾਲੀ ਸੂਰਬੀਰਤਾ ਤੱਕ ਪਹੁੰਚਣ ਦਾ ਯਤਨ ਕੀਤਾ ਗਿਆ ਹੈ। ਤੀਜੇ ਭਾਗ ਵਿਚ ਸੂਰਬੀਰਤਾ ਅਤੇ ਗੁਰਮਤਿ ਦੀ ਗੱਲ ਕੀਤੀ ਗਈ ਹੈ। ਇਸੇ ਭਾਗ ਵਿਚ ਗੁਰਮਤਿ ਦੇ ਤਿੰਨ ਪ੍ਰਮੁੱਖ ਸਿਧਾਂਤ ਕਿਰਤ ਕਰੋ, ਵੰਡ ਛਕੋ, ਅਤੇ ਨਾਮ ਜਪੋ ਨੂੰ ਸੂਰਬੀਰਤਾ ਦੇ ਪਰਿਪੇਖ ਵਿਚ ਸਮਝਿਆ ਗਿਆ ਹੈ। ਜਿਸ ਦੀ ਪੁਸ਼ਟੀ ਲਈ ਗੁਰਬਾਣੀ ਸਿਧਾਂਤਾਂ ਨੂੰ ਅਧਾਰ ਬਣਾ ਕੇ ਅਧਿਆਤਮਕ ਅਤੇ ਸਮਾਜਕ ਸੂਰਬੀਰਤਾ ਨੂੰ ਸਿਧਾਂਤਕ ਪਰਿਪੇਖ ਵਿਚ ਸਮਝਿਆ ਗਿਆ ਹੈ ਅਤੇ ਇਸਦੇ ਨੈਤਿਕ ਪੱਖਾਂ ਦਾ ਅਧਿਐਨ ਕੀਤਾ ਗਿਆ ਹੈ। ਇਸ ਪੜਾਅ ਵਿਚ ਸੂਰਬੀਰਤਾ ਦੀ ਵਿਲੱਖਣਤਾ ਨੂੰ ਉਜਾਗਰ ਕੀਤਾ ਗਿਆ ਹੈ ।

ਤੀਜੇ ਅਧਿਆਇ ਵਿਚ ਸਿੱਖ ਸੂਰਬੀਰਤਾ ਦੀਆਂ ਕਿਸਮਾਂ (ਅਧਿਆਤਮਕ ਅਤੇ ਸਮਾਜਕ) ਦਾ ਵਿਹਾਰਕ ਪੱਖ ਤੋਂ ਅਧਿਐਨ ਕਰਨ ਦਾ ਯਤਨ ਕੀਤਾ ਗਿਆ ਹੈ। ਇਸ ਅਧਿਆਇ ਦੇ ਪਹਿਲੇ ਭਾਗ ਵਿਚ ਅਧਿਆਤਮਕ ਸੂਰਬੀਰਤਾ ਦੇ ਵਿਹਾਰਕ ਪੱਖ ਨੂੰ ਗੁਰੂ ਕਾਲ ਤੱਕ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਵਿਚੋਂ ਮਿਲਦੀਆਂ ਸਾਖੀਆ ਨੂੰ ਦਰਸਾਇਆ ਗਿਆ ਹੈ ਜਿਹਨਾਂ ਤੋਂ ਮਨੁੱਖ ਨੂੰ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਨੂੰ ਕਾਬੂ ਕਰਨ ਦੀ ਸੇਧ ਮਿਲਦੀ ਹੈ। ਇਸ ਪੜਾਅ ਦੇ ਦੂਜੇ ਭਾਗ ਵਿਚ ਅਸੀਂ ਸਮਾਜਕ ਸੂਰਬੀਰਤਾ ਦੇ ਵਿਹਾਰ ਦੇ ਸਰੂਪ ਨੂੰ ਸਮਝਣ ਦਾ ਯਤਨ ਕੀਤਾ ਕੀਤਾ। ਸਮਾਜਕ ਸੂਰਬੀਰਤਾ ਦੇ ਵਿਹਾਰ ਵਿਚ ਊਚ-ਨੀਚ, ਜਾਤ-ਪਾਤ, ਦੇ ਵਿਤਕਰੇ ਤੋਂ ਇਲਾਵਾ ਸਮਾਜਕ ਬੁਰਾਈਆਂ ਨੂੰ ਮਿਟਾ ਕੇ ਸਮਾਜ ਵਿਚ ਇਕਸਾਰਤਾ

ਲਿਆਉਣ ਲਈ ਹਰ ਉਪਰਾਲਾ ਕੀਤਾ ਜਾਂਦਾ ਹੈ। ਇਸਦੀ ਪੁਸ਼ਟੀ ਲਈ ਸਿੱਖ ਇਤਿਹਾਸ ਵਿਚੋਂ ਹਵਾਲਿਆਂ ਦਾ ਸਹਾਰਾ ਲੈ ਕੇ ਸਮਾਜਕ ਸੂਰਬੀਰਤਾ ਦੇ ਵਿਭਿੰਨ ਪਹਿਲੂਆਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ।

# ਅਧਿਆਇ - ਪਹਿਲਾ
# ਸਿੱਖ ਸੂਰਬੀਰਤਾ ਦਾ ਸੰਕਲਪ ਅਤੇ ਵਿਕਾਸ

ਇਸ ਅਧਿਆਇ ਵਿਚ ਸੂਰਬੀਰਤਾ ਦੇ ਸੰਕਲਪ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ। ਸੂਰਬੀਰਤਾ ਦੇ ਵਿਭਿੰਨ ਪਹਿਲੂਆਂ ਤੱਕ ਪਹੁੰਚ ਕਰਨ ਲਈ ਇਸ ਅਧਿਆਇ ਵਿਚ ਮੁੱਖ ਚਾਰ ਭਾਗ ਬਣਾਏ ਗਏ ਹਨ। ਪਹਿਲੇ ਭਾਗ ਵਿਚ ਸੂਰਬੀਰਤਾ ਦੇ ਅਰਥ, ਪਰਿਭਾਸ਼ਾ ਅਤੇ ਪਰਕਿਰਤੀ ਨੂੰ ਸਮਝਿਆ ਗਿਆ ਹੈ। ਦੂਜੇ ਭਾਗ ਵਿਚ ਸਿੱਖ ਸੂਰਬੀਰਤਾ ਦੀ ਵਿਚਾਰ ਕੀਤੀ ਗਈ ਹੈ। ਇਸ ਵਿਚਾਰ ਵਿਚ ਸਭ ਤੋਂ ਪਹਿਲਾਂ ਸਿੱਖ ਸੂਰਬੀਰਤਾ ਦੇ ਪ੍ਰੇਰਕਾਂ (ਅਕਾਲ ਪੁਰਖ, ਗੁਰੂ, ਸਤਸੰਗਤਿ) ਨੂੰ ਸਿੱਖ ਸੂਰਬੀਰਤਾ ਦੀ ਉਤਪਤੀ ਦੇ ਮੂਲ ਆਧਾਰ ਮੰਨਿਆ ਗਿਆ ਹੈ। ਤੀਜੇ ਭਾਗ ਵਿਚ ਸਿੱਖ ਸੂਰਬੀਰਤਾ ਮੁੱਖ ਗੁਣਾਂ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ। ਚੌਥੇ ਭਾਗ ਵਿਚ ਸਿੱਖ ਸੂਰਬੀਰਤਾ ਦੇ ਵਿਕਾਸ ਦਾ ਅਧਿਐਨ ਕੀਤਾ ਗਿਆ ਹੈ ਜਿਸ ਵਿਚ ਗੁਰੂ ਕਾਲ ਅਤੇ ਉੱਤਰ ਗੁਰੂ ਕਾਲ ਦੀਆਂ ਚੋਣਵੀਆਂ ਘਟਨਾਵਾਂ ਅਤੇ ਸ਼ਹਾਦਤਾਂ ਦੀ ਸੰਖੇਪ ਚਰਚਾ ਕੀਤੀ ਗਈ ਹੈ। ਉਪਰੋਕਤ ਚਾਰੇ ਅਧਿਆਇ ਹੇਠ ਲਿਖੇ ਅਨੁਸਾਰ ਹਨ:

## 1 ਅਰਥ, ਪਰਿਭਾਸ਼ਾ ਅਤੇ ਪਰਕਿਰਤੀ

ਸੂਰਬੀਰਤਾ, ਭਾਵੇਂ ਸਾਡੀ ਰੋਜਾਨਾ ਜ਼ਿੰਦਗੀ ਦੀ ਆਮ ਬੋਲਚਾਲ ਦਾ ਸ਼ਬਦ ਹੈ ਪ੍ਰਤੂੰ ਇਸਨੂੰ ਪਰਿਭਾਸ਼ਿਤ ਕਰਨਾ ਕਾਫ਼ੀ ਕਠਿਨ ਹੈ। ਸੂਰਬੀਰਤਾ ਦੇ ਸਿਧਾਂਤ ਅਤੇ ਵਿਹਾਰ ਨੂੰ ਸਮਝਣ ਤੋਂ ਪਹਿਲਾਂ ਸੂਰਬੀਰਤਾ ਸ਼ਬਦ ਦੇ ਅਰਥ, ਪਰਿਭਾਸ਼ਾਵਾਂ ਬਾਰੇ ਜਾਣਨਾ ਅਤਿ ਜ਼ਰੂਰੀ ਹੈ। ਪੰਜਾਬੀ ਦਾ ਸੂਰਬੀਰਤਾ ਸ਼ਬਦ ਹਿੰਦੀ ਦੇ 'ਸ਼ੌਰਯ' ਸ਼ਬਦ ਦਾ ਸਮਾਨ ਅਰਥਕ ਸ਼ਬਦ ਹੈ। ਇਹ ਸੰਸਕ੍ਰਿਤ ਭਾਸ਼ਾ ਦੇ ਸ਼ਬਦ 'ਸ਼ੌਰਯਮ' ਤੋਂ ਬਣਿਆ ਹੈ ਜਿਸਦੇ ਅਰਥ "ਬਹਾਦਰੀ, ਦਲੇਰੀ, ਤਾਕਤ, ਬਲ, ਸ਼ਕਤੀ ਆਦਿ ਤੋਂ ਹਨ।"[1] "ਸੂਰਬੀਰਤਾ ਦੋ ਸ਼ਬਦਾਂ ਸੂਰ ਅਤੇ ਬੀਰਤਾ ਦੇ ਸੁਮੇਲ ਤੋਂ ਬਣਿਆ ਹੈ ਜਿਸ ਵਿਚ *ਸੂਰ* ਪੁਲਿੰਗ ਨਾਂਵ ਹੈ ਅਤੇ *ਬੀਰਤਾ* ਇਸਤਰੀ ਲਿੰਗ ਹੈ।"[2] ਸੂਰ ਦਾ ਅਰਥ ਸੂਰਮਾ ਹੈ ਅਤੇ

---

1 ਪ੍ਰੇਮ ਪ੍ਰਕਾਸ਼ ਸਿੰਘ, ਸੰਪਾ. (2002) *ਸੰਸਕ੍ਰਿਤ ਪੰਜਾਬੀ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 949.

2 ਹਰਕੀਰਤ ਸਿੰਘ, ਸੰਪਾ.(1988) *ਪੰਜਾਬੀ ਸ਼ਬਦ-ਰੂਪ ਤੇ ਸ਼ਬਦ-ਜੋੜ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 154.

ਬੀਰਤਾ ਦਾ ਅਰਥ ਬਹਾਦਰੀ ਹੈ। ਫਾਰਸੀ ਵਿਚ ਬਹਾਦਰੀ ਲਈ "ਸ਼ੁਜਾਅਤ"[3] ਸ਼ਬਦ ਪ੍ਰਚੱਲਿਤ ਹੈ ਜਿਸਨੂੰ ਇਕਬਾਲ ਨੇ ਹੇਠ ਲਿਖੀਆਂ ਕਾਵਿ ਸਤਰਾਂ ਵਿਚ ਵਰਤਿਆ;

"ਸਬਕ ਪੜ੍ਹ ਫਿਰ ਸਦਾਕਤ ਕਾ ਅਦਾਲਤ ਕਾ ਸ਼ੁਜਾਅਤ ਕਾ

ਲੀਆ ਜਾਏਗਾ ਤੁਝ ਸੇ ਕਾਮ ਦੁਨੀਆਂ ਕੀ ਇਮਾਮਤ ਕਾ।"[4]

ਭਾਵ ਦੁਨੀਆਂ ਦੀ ਭਲਾਈ ਕਰਨ ਦੀ ਇੱਛਾ ਰੱਖਣ ਵਾਲੇ ਨੂੰ ਪਹਿਲਾਂ ਸਦਾਕਤ (ਸੱਚਾਈ), ਇਨਸਾਫ (ਅਦਾਲਤ) ਅਤੇ ਫਿਰ ਸ਼ੁਜਾਅਤ (ਬਹਾਦਰੀ) ਦੇ ਸਬਕ ਪੜ੍ਹਨੇ ਚਾਹੀਦੇ ਹਨ।

ਗੁਰਬਾਣੀ ਵਿਚ ਸੂਰਤਣ ਸ਼ਬਦ ਨੇ ਸੂਰਬੀਰਤਾ ਦੇ ਭਾਵ ਨੂੰ ਸਮੇਟਿਆ ਹੋਇਆ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ *ਮਹਾਨ ਕੋਸ਼* ਵਿਚ 'ਸੂਰਤਣ'[5] ਸ਼ਬਦ ਨੂੰ ਸੂਰਬੀਰਤਾ ਜਾਂ ਬਹਾਦਰੀ ਲਈ ਵਰਤਿਆ ਹੈ ਅਤੇ ਭਾਈ ਵੀਰ ਸਿੰਘ ਸੂਰਤਣ ਸ਼ਬਦ ਦਾ ਭਾਵ "ਸੂਰਬੀਰਤਾ"[6] ਕਰਦੇ ਹਨ ਜੋ ਕਿ "ਦੋ ਸ਼ਬਦਾਂ 'ਸੂਰ' ਅਤੇ 'ਤਣਯ' ਹੈ ਜਿਸਦੇ ਜੋੜ ਤੋਂ ਸੂਰਤਣਯ ਬਣਾਉਣ ਦਾ ਤਜਰਬਾ ਕੀਤਾ ਹੈ ਅਤੇ ਉਸ ਤੋਂ ਵਿਗੜ ਕੇ ਸੂਰਤਣ ਸ਼ਬਦ ਬਣਿਆ ਹੈ।"[7] ਸੂਰਬੀਰਤਾ ਦਾ ਸਮਾਨਅਰਥੀ ਸ਼ਬਦ ਬਹਾਦਰੀ ਹੈ ਜਿਸਨੂੰ ਅੰਗਰੇਜ਼ੀ ਭਾਸ਼ਾ ਵਿਚ "courage ਆਖਿਆ ਜਾਂਦਾ ਹੈ ਜੋ ਕਿ ਲਾਤੀਨੀ ਭਾਸ਼ਾ ਦੇ ਸ਼ਬਦ cor ਤੋਂ ਬਣਿਆ ਹੈ ਜਿਸਦਾ ਅਰਥ heart ਹੈ, ਕਿਉਂਕਿ ਪੁਰਾਤਨ ਸਮੇਂ ਵਿਚ ਲੋਕ heart ਨੂੰ ਹੀ ਦ੍ਰਿੜ੍ਹਤਾ ਅਤੇ ਸਿਆਣਪ ਵਜੋਂ ਵੇਖਦੇ ਸਨ। ਆਧੁਨਿਕ ਅੰਗਰੇਜ਼ੀ ਵਿਚ courage ਦੇ ਸਮਾਨਅਰਥੀ ਵਜੋਂ bravery ਸ਼ਬਦ ਵੀ ਵਰਤਿਆ ਜਾਂਦਾ ਹੈ।"[8] ਜਿਸਦੇ ਕੋਸ਼ਗਤ ਅਰਥ ਹਨ; dauntlessness, Interpidity, daring, boldness, fearlessness, pluck, gumption, guts, spunk."[9]

---

3 ਰਜਿੰਦਰ ਸਿੰਘ ਲਾਂਬਾ ਸੰਪਾ. (1996) ਜੀਤ ਸਿੰਘ ਸੀਤਲ (ਸੰਕਲਨਕਰਤਾ) ਪ੍ਰੋ. ਗੁਲਵੰਤ ਸਿੰਘ-ਸੰਸੋਧਕ, *ਫਾਰਸੀ-ਪੰਜਾਬੀ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 444.

4 ਮੁਹੰਮਦ ਇਕਬਾਲ (2008) *ਕੁਲਯਾਤ ਏ ਇਕਬਾਲ,* ਫ਼ਰੀਦ ਬੁੱਕ ਡਿਪੂ, ਦਿੱਲੀ, ਪੰ. 220.

5 ਭਾਈ ਕਾਨ੍ਹ ਸਿੰਘ ਨਾਭਾ (1970) *ਮਹਾਨ ਕੋਸ਼,* ਭਾਸ਼ਾ ਵਿਭਾਗ ਪੰਜਾਬ, ਪੰ. 225.

6 ਭਾਈ ਵੀਰ ਸਿੰਘ (1890) *ਸ੍ਰੀ ਗੁਰੂ ਗ੍ਰੰਥ ਕੋਸ਼,* ਖਾਲਸਾ ਟ੍ਰੈਕਟ ਸੁਸਾਇਟੀ, ਅੰਮ੍ਰਿਤਸਰ, ਪੰ. 155.

7 ਉਹੀ,ਪੰ., 155.

8 Geoffery Scarre (2010) *On Courage-Thinking in Action,* Roultedge London and New York, p.24.

9 Bhai Maya Singh (1991) *The Punjabi Dictionary,* Language Department, Punjab, p.70.

ਇਸੇ ਤਰਾਂ ਬਹਾਦਰੀ ਬਾਰੇ ਲਿਖਿਆ ਗਿਆ ਹੈ;

*ਰੈਨਡਮ ਡਿਕਸ਼ਨਰੀ* ਅਨੁਸਾਰ, "ਬਹਾਦਰੀ ਤੋਂ ਭਾਵ ਮਨ ਅਤੇ ਆਤਮਾ ਦੇ ਉਸ ਗੁਣ ਤੋਂ ਹੈ ਜੋ ਵਿਅਕਤੀ ਨੂੰ ਕਠਿਨ ਹਾਲਾਤਾਂ ਵਿਚ, ਦੁੱਖ ਅਤੇ ਖਤਰੇ ਦਾ ਸਾਹਮਣਾ ਕਰਨ ਦੇ ਯੋਗ ਬਣਾਉਂਦੀ ਹੈ ਇਸ ਦੇ ਹੁੰਦਿਆਂ ਵਿਅਕਤੀ ਆਪਣੇ ਸਿਧਾਂਤਾਂ 'ਤੇ ਦ੍ਰਿੜ੍ਹ ਰਹਿੰਦਾ ਹੋਇਆ ਕਾਰਜ ਕਰਦਾ ਹੈ।"[10] ਇਸੇ ਤਰ੍ਹਾਂ ਸੂਰਬੀਰ ਸ਼ਬਦ ਅੰਗਰੇਜ਼ੀ ਸ਼ਬਦ brave ਦਾ ਪੰਜਾਬੀ ਰੂਪਾਂਤਰਣ ਹੈ, ਜੋ ਕਿ ਪਰਸ਼ੀਅਨ ਸ਼ਬਦ braver word[11] ਤੋਂ ਬਣਿਆ ਹੈ। ਸੂਰਬੀਰਤਾ ਸ਼ਬਦ ਦੇ ਅਰਥਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਸੂਰਬੀਰਤਾ ਮਨੁੱਖ ਦੇ ਜੀਵਨ ਦੀ ਮੁੱਖ ਲੋੜ ਵਜੋਂ ਕਾਰਜ ਕਰਨ ਵਾਲੀ ਭਾਵਨਾ ਹੈ। ਸੂਰਬੀਰਤਾ ਦਾ ਸਥਾਈ ਭਾਵ ਉਤਸ਼ਾਹ ਹੈ ਜੋ ਮਨੁਖੀ ਮਨ ਵਿਚੋਂ ਉਤਪੰਨ ਹੁੰਦਾ ਹੈ ਅਤੇ ਜਿਸਦਾ ਸਮਾਜ ਵਿਚ ਸਰੀਰਕ ਤਾਕਤ ਰਾਹੀਂ ਪ੍ਰਗਟਾਵਾ ਹੁੰਦਾ ਹੈ।

### 1.1. ਪਰਿਭਾਸ਼ਾ

ਸੂਰਬੀਰਤਾ ਦਾ ਸੰਕਲਪ ਬਹੁ-ਪੱਖੀ ਹੈ। ਵੱਖ-ਵੱਖ ਵਿਦਵਾਨਾਂ ਨੇ ਆਪਣੀਆਂ ਲਿਖਤਾਂ ਰਾਹੀਂ ਵਿਭਿੰਨ ਅਰਥਾਂ ਬਾਰੇ ਜਾਣਕਾਰੀ ਦਿੰਦੇ ਹੋਏ ਇਸ ਦੀਆਂ ਪਰਿਭਾਸ਼ਾਵਾਂ, ਕਿਸਮਾਂ ਅਤੇ ਮੂਲ ਤੱਤਾਂ ਬਾਰੇ ਵਿਚਾਰ ਪੇਸ਼ ਕੀਤੇ ਹਨ। ਇਨ੍ਹਾਂ ਪਰਿਭਾਸ਼ਾਵਾਂ ਨੂੰ ਅਸੀਂ ਹੇਠ ਲਿਖੇ ਵਰਗਾ ਵਿਚ ਵੰਡਿਆ ਹੈ :

ਭਾਰਤੀ ਚਿੰਤਨ ਵਿਚ ਸੂਰਬੀਰਤਾ ਮੁੱਖ ਰੂਪ ਵਿਚ ਧਰਮ ਨਾਲ ਜੁੜੀ ਰਹੀ ਹੈ। ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ; "ਜੋ ਪੁਰਸ਼ ਕਾਯਰਤਾ ਨੂੰ ਮਨ ਵਿਚ ਕਦੇ ਨਹੀਂ ਆਉਣ ਦਿੰਦੇ ਅਤੇ ਜੰਗ ਵਿਚ ਸ਼ਤ੍ਰੂ ਨੂੰ ਪਿੱਠ ਨਹੀਂ ਦਿਖਾਉਂਦੇ ਔਰ ਵਿਸ਼ਯ ਵਿਕਾਰਾਂ ਉੱਤੇ ਫਤਿਹ ਪਾਉਂਦੇ ਹਨ ਉਹ ਸਭ ਤੋਂ ਸਨਮਾਨਯੋਗ ਸੂਰਬੀਰ ਹਨ।"[12] ਇਸ ਪਰਿਭਾਸ਼ਾ ਤੋਂ ਸੂਰਬੀਰ ਦੇ ਅਧਿਆਤਮਕ ਅਤੇ ਵਿਹਾਰਿਕ ਪੱਖਾਂ ਬਾਰੇ ਜਾਣਕਾਰੀ ਮਿਲਦੀ ਹੈ।

---

10 According to the Random dictionary "Courage means, The quality of mind and spirit that enables one to face difficulty, danger, pain etc with firmness fear, bravery, obs. that heart as the source of emotion Have the courage of one's convictions to act in accordance with one's beliefs especially in spite of courage." Jess Stein ed. (1981) *The Random House Dictionary of the English Language*, Random House, New York, p.334.

11 ਸ.ਸ. ਜੋਸ਼ੀ, ਮੁਖਤਿਆਰ ਸਿੰਘ ਗਿੱਲ (2002) "corrupted from the persian word bahadura- bravery, courage, volar, heroism." *ਪੰਜਾਬੀ ਅੰਗਰੇਜ਼ੀ ਕੋਸ਼*, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ.590.

12 ਨਾਭਾ ਭਾਈ ਕਾਨ੍ਹ ਸਿੰਘ (1970) *ਗੁਰਮਤਿ ਪ੍ਰਭਾਕਰ* , ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰ.108.

ਅਵਤਾਰ ਸਿੰਘ ਅਨੁਸਾਰ "ਸਿੱਖਾਂ ਦੀਆਂ ਕਦਰਾਂ ਕੀਮਤਾਂ ਵਿਚ ਬਹਾਦਰੀ ਕੇਂਦਰੀ ਗੁਣ ਹੈ ਇਹ ਇਸ ਤਰ੍ਹਾਂ ਜਾਇਆ ਜਾ ਸਕਦਾ ਹੈ ਕਿ ਇਸ ਤੋਂ ਬਿਨ੍ਹਾਂ ਬਾਕੀ ਦੇ ਸਾਰੇ ਗੁਣਾਂ ਦੀ ਸਾਰਥਕਤਾ ਨਹੀਂ ਹੁੰਦੀ।"[13]

ਜੋਗਿੰਦਰ ਸਿੰਘ ਅਨੁਸਾਰ "ਕ੍ਰੋਧ ਦੀ ਸੰਤੁਲਨ ਅਵਸਥਾ ਵਿਚ ਬੁੱਧੀ ਅਧੀਨ ਰਹਿ ਕੇ ਚਲਨ ਤੋਂ ਬੀਰਤਾ ਅਰਥਾਤ ਸ਼ੁਜਾਅਤ (courage) ਪੈਦਾ ਹੁੰਦੀ ਹੈ।"[14]

**ਵਜ਼ੀਰ ਸਿੰਘ** ਪਲੈਟੋ ਦੇ ਹਵਾਲੇ ਨਾਲ ਲਿਖਦੇ ਹਨ,

> "ਦਲੇਰੀ ਇਕ ਸਦਗੁਣ ਹੈ। ਇਸ ਤੋਂ ਉਸਦਾ ਭਾਵ ਜੰਗ ਦੇ ਮੈਦਾਨ ਵਿਚ ਮਰਦਾਨਗੀ ਅਤੇ ਬਹਾਦਰੀ ਸੀ ਜਿਸ ਨੇ ਮਗਰੋਂ ਵਿਅਕਤੀ ਦੇ ਸਾਹਸ ਦਾ ਅਰਥ ਧਾਰਨ ਕੀਤਾ। ਬਹਾਦਰ ਸੂਰਮਾ ਜੋ ਜਾਨ ਨੂੰ ਤਲੀ ਉੱਤੇ ਰੱਖ ਕੇ ਲੜਦਾ ਹੈ ਰਣ-ਭੂਮੀ ਦਾ ਨਾਇਕ ਹੈ। ਪਰ ਸਦਾਚਾਰਕ ਯੋਧਾ ਨਿੱਜੀ ਅਤੇ ਸਮਾਜਕ ਕੁਰੀਤੀਆਂ ਦੇ ਵਿਰੁੱਧ ਸੰਗਰਾਮ ਦਾ ਨਾਇਕ ਹੈ। ਮਨਚਿੰਦੀਆਂ ਕਦਰਾਂ-ਕੀਮਤਾਂ ਖਾਤਿਰ ਕੁਰਬਾਨੀ ਦੇਣ ਅਤੇ ਕਸ਼ਟ ਸਹਿਣ ਲਈ ਤੱਤਪਰ ਰਹਿੰਦਾ ਹੈ। ਦਲੇਰੀ ਦਾ ਇਕ ਹੋਰ ਅਰਥ ਡਰ ਅਤੇ ਸਹਿਮ ਤੋਂ ਮੁਕਤੀ ਹੈ। ਡਰ ਨੂੰ ਜੇਕਰ ਵਸ ਵਿਚ ਨਾ ਕੀਤਾ ਜਾਏ ਤਾਂ ਇਹ ਇਕ ਬੁਰਾਈ ਹੈ ਜੋ ਵਿਅਕਤੀ ਦੇ ਮਨੋਭਾਵਾਂ, ਸੂਝ ਅਤੇ ਨਿਰਣਿਆਂ ਨੂੰ ਖੁੰਡਾ ਕਰਦੀ ਰਹਿੰਦੀ ਹੈ। ਜੀਵਨ ਨੂੰ ਨਿਡਰਤਾ ਅਤੇ ਦਲੇਰੀ ਨਾਲ ਜਿਉਂ ਕੇ ਕਦਰਾਂ-ਕੀਮਤਾਂ ਦੀ ਕਮਾਈ ਹਿੱਤ ਆਪਣਾ ਕਰਤੱਵ ਨਿਭਾਉਂਦੇ ਜਾਣਾ ਸਦਾਚਾਰਕ ਦ੍ਰਿਸ਼ਟੀਕੋਣ ਤੋਂ ਵਧੇਰੇ ਸਾਰਥਿਕ ਜਾਪਦਾ ਹੈ। ਦਾਨਾਈ ਅਤੇ ਦਲੇਰੀ ਦੇ ਸਦਗੁਣਾਂ ਨਾਲ ਨੈਤਿਕ ਉੱਤਮਤਾ ਉਸ ਪੱਧਰ ਨੂੰ ਛੂੰਹਦੀ ਹੈ ਜਿਥੇ ਗਿਆਨਵਾਨ ਦਾ ਨਿਸ਼ਾਨਾ ਨਾ ਕਿਸੇ ਨੂੰ ਭੈ ਦੇਣਾ ਹੈ ਅਤੇ ਨਾ ਹੀ ਕਿਸੇ ਦਾ ਭੈ ਮੰਨਣਾ ਹੈ।"[15]

ਤੇਜਾ ਸਿੰਘ ਕੋਹਲੀ "ਜਿਹੜੇ ਸਭਯ ਸਿਆਣੇ ਸੱਚੇ ਸੁਖਨ ਦੇ ਪੂਰੇ ਧੀਰਜਵਾਨ ਇਨਸਾਫ ਪਸੰਦ,

---

13 Avtar Singh (1991) "*Ethics of The Sikhs*", Punjabi University, Patiala, p.109.

14 ਜੋਗਿੰਦਰ ਸਿੰਘ (1963) "ਬੀਰਤਾ ਦਾ ਨੈਤਿਕ ਅਧਿਐਨ" *ਪੰਜਾਬੀ ਦੁਨੀਆਂ-ਬੀਰ ਅੰਕ,* ਪੰਜਾਬੀ ਵਿਭਾਗ ਪੰਜਾਬ, ਪਟਿਆਲਾ, ਅਪ੍ਰੈਲ ਮਈ, ਪੰ.1.

15 ਵਜ਼ੀਰ ਸਿੰਘ (1995) *ਨੈਤਿਕ ਨਿਯਮ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨੇ, 84-85.

ਫਰਜ਼, ਨਿਰਛਲ, ਮੁਕਾਮ ਅਤੇ ਆਪਣੀ ਡਿਊਟੀ ਤੇ ਦੇਸ਼ ਦੇ ਵਫਾਦਾਰ ਰਹਿ ਸਕਦੇ ਹੋਣ। ਇਨ੍ਹਾਂ ਗੁਣਾਂ, ਸਿਫ਼ਤਾਂ (ਸ਼੍ਰੈਸਟਾਚਾਰ) ਵਿਚੋਂ ਹੀ ਸੱਚੀ ਸੂਰਬੀਰਤਾ ਜਨਮ ਲੈਂਦੀ ਹੈ। ਭਾਵ ਬੀਰਤਾ ਉਨ੍ਹਾਂ ਮਨੁੱਖੀ ਗੁਣਾਂ ਦਾ ਸੰਗ੍ਰਹਿ ਹੈ ਜੋ ਮਾਨਵ ਕਲਿਆਣ ਦੀ ਹਮਦਰਦੀ, ਪ੍ਰੇਮ ਪਿਆਰ, ਸੰਜਮ, ਦਇਆ, ਧਰਮ, ਧੀਰਜ ਆਦਿ ਨੂੰ ਕਾਇਮ ਰੱਖਣ।" [16]

ਪ੍ਰੋ. ਸ਼ੇਰ ਸਿੰਘ "ਸਿਪਾਹੀ ਮੁੱਢਲੇ ਤੌਰ 'ਤੇ ਹੀ ਸੂਰਮਗਤੀ ਦਾ ਸੂਚਕ ਹੈ ਸਿਪਾਹੀ ਦਾ ਬੁਨਿਆਦੀ ਫਰਜ਼ ਹੈ ਕਿ ਉਹ ਜਿਥੇ ਅਤੇ ਜਿਸ ਅਸੂਲ ਦੀ ਪਾਲਣਾ ਲਈ ਡਟ ਕੇ ਖਲੋ ਜਾਵੇ ਉਥੋਂ ਜਿਉਂਦੇ ਜੀ ਪੈਰ ਪਿਛੇ ਨਾ ਹਟਾਏ।"[17]

ਜਸਬੀਰ ਸਿੰਘ ਸਾਬਰ "ਸੂਰਬੀਰਤਾ ਤਾਂ ਇਕ ਦੈਵੀ ਗੁਣ ਹੁੰਦਾ ਹੈ ਜਿਹੜਾ ਦੀਨ ਹੀਨ ਦੀ ਰੱਖਿਆ ਲਈ ਆਪਾ ਵਾਰਨ ਅਤੇ ਪਰਉਪਕਾਰੀ ਭਾਵਨਾ ਦੇ ਚਾਉ ਨਾਲ ਜੁੜਿਆ ਹੁੰਦਾ ਹੈ। ਧੀਰਜ, ਧਰਮ, ਉਪਕਾਰ, ਨਿਰਭਉ, ਨਿਰਵੈਰ, ਉਦਾਰਤਾ ਆਦਿ ਰੁਚੀ ਦੀ ਧਾਰਨਾ ਸੂਰਬੀਰਤਾ ਵਿਚ ਸਮਾਏ ਰਹਿੰਦੇ ਹਨ।"[18]

ਭਾਰਤੀ ਦ੍ਰਿਸ਼ਟੀਆਂ ਅਨੁਸਾਰ ਸੂਰਬੀਰਤਾ ਅੰਦਰੂਨੀ ਅਤੇ ਬਾਹਰੀ ਬੁਰਾਈਆਂ ਨਾਲ ਟੱਕਰ ਲੈਣ ਵਾਲੀ ਮੁੱਖ ਤਾਕਤ ਵਜੋਂ ਉੱਭਰ ਕੇ ਸਾਹਮਣੇ ਆਉਂਦੀ ਹੈ ਜਿਸ ਵਿਚ ਮਨੁੱਖ ਦੀਆਂ ਕਦਰਾਂ-ਕੀਮਤਾਂ, ਅਧਿਆਤਮਕ ਕੀਮਤਾਂ ਦੀ ਹੋਂਦ ਬਰਕਰਾਰ ਰਹਿੰਦੀ ਹੈ ਅਤੇ ਸੂਰਬੀਰਤਾ ਮਾਨਵ ਕਲਿਆਣ ਲਈ ਸਾਰਥਕ ਭੂਮਿਕਾ ਅਦਾ ਕਰਦੀ ਹੈ।

ਪੱਛਮੀ ਚਿੰਤਨ ਵਿਚ ਸੂਰਬੀਰਤਾ ਨੂੰ ਡਰ ਦੇ ਉਲਟ ਵਜੋਂ ਮੰਨਿਆ ਗਿਆ ਹੈ। ਅਰਸਤੂ ਅਨੁਸਾਰ "ਬਹਾਦਰੀ ਨੂੰ ਦੋ ਭਾਵਨਾਵਾਂ ਵਜੋਂ ਵੇਖਿਆ ਜਾ ਸਕਦਾ ਹੈ ਇਕ ਡਰ ਦੀ ਭਾਵਨਾ ਤੇ ਦੂਜੀ ਭਰੋਸੇ ਦੀ ਭਾਵਨਾ। ਇਸਦੀ ਵਿਆਖਿਆ ਕਰਦਾ ਹੋਇਆ ਉਹ ਕਹਿੰਦਾ ਹੈ ਕਿ ਜੋ ਇਨਸਾਨ ਭਰੋਸੇ ਦੀ ਭਾਵਨਾ ਅਨੁਸਾਰ ਕਾਰਜ ਕਰਦਾ ਹੈ ਉਸਨੂੰ ਬਹਾਦਰ ਆਖਿਆ ਜਾਂਦਾ ਹੈ। ਪਰ ਦੂਜੇ ਪਾਸੇ ਜੋ

---

16 ਕੋਹਲੀ ਤੇਜਾ ਸਿੰਘ (1956) *ਸੂਰਬੀਰਤਾ ਤੇ ਸ਼੍ਰੈਸਟਾਚਾਰ*, ਕੋਹਲੀ ਪਬਲਿਸ਼ਰਜ਼, ਅੰਮ੍ਰਿਤਸਰ, ਪੰਨੇ, ਅ-ੲ.

17 ਸ਼ੇਰ ਸਿੰਘ, ਰੂਪ ਸਿੰਘ, ਸੰਪਾ. (1996) "ਸੰਤ ਸਿਪਾਹੀ ਗੁਰੂ ਨਾਨਕ" *ਗੁਰਮਤਿ ਪ੍ਰਕਾਸ਼,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਨਵੰਬਰ, ਪੰਨੇ, 35-36.

18 ਸਾਬਰ ਜਸਬੀਰ ਸਿੰਘ (2003) "ਸੂਰਬੀਰ ਗੁਰੂ ਨਾਨਕ", *ਗੁਰਮਤਿ ਪ੍ਰਕਾਸ਼,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਫਰਵਰੀ, ਪੰ.54.

ਇਨਸਾਨ ਡਰ ਦੀ ਭਾਵਨਾ ਨੂੰ ਵਧਾ ਲੈਂਦਾ ਹੈ ਅਤੇ ਭਰੋਸੇ ਨੂੰ ਮਨਫੀ ਕਰ ਲੈਂਦਾ ਹੈ ਉਸ ਨੂੰ ਡਰਪੋਕ ਇਨਸਾਨ ਵਜੋਂ ਜਾਣਿਆ ਜਾਂਦਾ ਹੈ।"[19]

ਜੌਹਨ ਓ' ਬਰਾਇਨ ਅਨੁਸਾਰ "ਸੂਰਬੀਰਤਾ ਮਨ ਦੀ ਇਕ ਅਜਿਹੀ ਯੋਗਤਾ ਹੈ ਜੋ ਇਨਸਾਨ ਨੂੰ ਖਤਰਿਆਂ ਅਤੇ ਮੁਸੀਬਤਾਂ ਨੂੰ ਦ੍ਰਿੜ੍ਹਤਾ ਅਤੇ ਨਿਰਭੈਤਾ ਨਾਲ ਨਜਿੱਠਣ ਦੇ ਯੋਗ ਬਣਾਉਂਦੀ ਹੈ।"[20]

ਏਲਿਚ ਹਾਡਨਰ ਅਨੁਸਾਰ "ਬਹਾਦਰੀ ਮੁੱਖ ਰੂਪ ਨਾਲ ਬਹੁਤ ਉੱਚੇ ਸਭਿਆ ਸਮਾਜ ਨਾਲ ਸੰਬੰਧ ਰੱਖਦੀ ਹੈ ਜਿਸਨੂੰ ਬੌਧਿਕ ਬਹਾਦਰੀ ਕਹਿੰਦੇ ਹਨ। ਜਿਸ ਸਦਕਾ ਇਕ ਇਨਸਾਨ ਆਪਣੀ ਸ਼ਕਤੀ ਅਤੇ ਦ੍ਰਿੜਤਾ ਦਾ ਨਿਆਂਪੂਰਨ ਅਤੇ ਸਹੀ ਤਰ੍ਹਾਂ ਨਾਲ ਪ੍ਰਯੋਗ ਕਰਦਾ ਹੋਇਆ ਆਪਣੇ ਵਿਸ਼ਵਾਸਾਂ ਅਤੇ ਸਿਧਾਤਾਂ 'ਤੇ ਕਾਇਮ ਰਹਿੰਦਾ ਹੈ ਅਤੇ ਸਮਾਜਕ ਅਸਹਿਮਤੀ ਤੇ ਮਾਨਸਿਕ ਪ੍ਰੇਸ਼ਾਨੀ ਦੀ ਪ੍ਰਵਾਹ ਨਹੀਂ ਕਰਦਾ।"[21]

ਧਰਮ ਸ਼ਾਸਤਰੀ ਪੋਲ ਟਿਲਿਚ ਥਾਮਸ ਦੇ ਹਵਾਲੇ ਨਾਲ ਲਿਖਦਾ ਹੈ, "ਬਹਾਦਰੀ ਮਨ ਦੀ ਸ਼ਕਤੀ ਹੈ ਜੋ ਇਨਸਾਨ ਨੂੰ ਉਚ ਆਦਰਸ਼ਾਂ ਦੀ ਪ੍ਰਾਪਤੀ ਦੇ ਰਾਹ ਵਿਚ ਆਉਂਦੀ ਹਰ ਰੁਕਾਵਟ ਉੱਤੇ ਜਿੱਤ ਪ੍ਰਾਪਤ ਕਰਨ ਦੇ ਸਮਰੱਥ ਬਣਾਉਂਦੀ ਹੈ।"[22] ਇਸ ਤਰ੍ਹਾਂ ਪੱਛਮੀ ਦ੍ਰਿਸ਼ਟੀਆਂ ਵਿਚ ਸੂਰਬੀਰਤਾ ਦਾ ਨੇੜਲਾ ਸੰਬੰਧ ਮਨੁੱਖੀ ਨਾਲ ਮਨ ਹੈ। ਮਨ ਤੋਂ ਡਰ ਦੀ ਭਾਵਨਾ ਨੂੰ ਖਤਮ ਕਰਨਾ ਅਤੇ ਮਨ ਨੂੰ ਬਾਹਰੀ ਭਿਆਨਕ ਪਰਸਥਿਤੀਆਂ ਦਾ ਟਾਕਰਾ ਕਰਨ ਦੇ ਸਮਰੱਥ ਵਾਲੀ ਭਾਵਨਾ ਹੀ ਸੂਰਬੀਰਤਾ ਹੈ।

---

19 Geoffery Scarre (2010) "courage is the mean (meson) with regard to feelings of the fear and confidence, describe as "rash" the person "who exceeds in confidence" and as "cowardly" he " who exceeds in fear and falls short in confidence" *On Courage-Thinking in Action,* Roultedge London and New York, p.6.

20 John O' Brien (1971) "Courage is a quality of the mind which enables one to meet danger and difficulties with firmness and valour " "*The Art of Courageous living*" Published St. Paul, p.12.

21 Alich Hardener (1964) "*Courage*" in *Encyclopedia of Religion and Ethics*, James Hastings (ed.) Charles Scribner's Son's, New York, p.206.

22 Paul Tillich (1980) "Courage is strength of mind, capable of conquering whatever threatens the attainment of highest good." *The Courage To Be*, Yale U niversity, london p.7.

ਵੱਖ-ਵੱਖ ਵਿਦਵਾਨਾਂ ਵਲੋਂ ਪੇਸ਼ ਕੀਤੀਆਂ ਪਰਿਭਾਸ਼ਾਵਾਂ ਦੇ ਅਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਸੂਰਬੀਰਤਾ ਮਨੁੱਖੀ ਗੁਣਾਂ ਦਾ ਕੇਂਦਰੀ ਤੱਤ ਹੈ ਜਿਸਦੀ ਹੋਂਦ ਵਿਅਕਤੀ ਦੇ ਵਿਹਾਰ ਵਿਚ ਪਈ ਹੁੰਦੀ ਹੈ ਤੇ ਜਿਸ ਦਾ ਮੰਤਵ ਡਰ ਦੇ ਪ੍ਰਭਾਵ ਤੋਂ ਮੁਕਤ ਹੋਣਾ ਹੈ। ਦੂਜੇ ਸ਼ਬਦਾਂ ਵਿਚ ਡਰ ਦੇ ਹਰੇਕ ਪੱਖ ਤੋਂ ਜਾਣੂੰ ਕਰਵਾਉਣਾ ਅਤੇ ਪੂਰਨ ਭਰੋਸੇ ਨੂੰ ਕਾਇਮ ਰੱਖਣ ਵਾਲੀ ਭਾਵਨਾ ਦਾ ਨਾਂ ਸੂਰਬੀਰਤਾ ਹੈ। ਇਹ ਦੱਸਣਾ ਵੀ ਲਾਜ਼ਮੀ ਹੈ ਕਿ ਸੂਰਬੀਰਤਾ ਨਿਜੀ ਨਹੀਂ ਬਲਕਿ ਸਮੂਹਿਕ ਹੁੰਦੀ ਹੈ।

ਸਿੱਖ ਪਰਿਪੇਖ ਵਿਚ ਸੂਰਬੀਰਤਾ ਸਰਬੱਤ ਦੇ ਭਲੇ ਲਈ ਪਵਿੱਤਰ ਭਾਵਨਾ ਵਜੋਂ ਪ੍ਰਗਟ ਹੁੰਦੀ ਹੈ। ਮੁੱਖ ਰੂਪ ਵਿਚ ਸੂਰਬੀਰਤਾ ਦੋ ਪ੍ਰਕਾਰ ਦੀ ਹੁੰਦੀ ਹੈ ਅੰਦਰੂਨੀ ਅਤੇ ਬਾਹਰੀ। ਅੰਦਰੂਨੀ ਸੂਰਬੀਰਤਾ ਵਿਅਕਤੀ ਦੇ ਅਧਿਆਤਮਕ ਜੀਵਨ ਦੀ ਪਵਿੱਤਰਤਾ ਲਈ ਕਾਰਜ ਕਰਦੀ ਹੈ ਅਤੇ ਬਾਹਰੀ ਸੂਰਬੀਰਤਾ ਸਰਬੱਤ ਦੇ ਭਲੇ ਲਈ ਪ੍ਰੇਰਕ ਹੁੰਦੀ ਹੈ। ਸਿੱਖ ਜੀਵਨ ਵਿਚ ਅਧਿਆਤਮਕ ਵਿਕਾਸ ਲਈ ਰੁਕਾਵਟ ਬਣਦੇ ਕਾਮ, ਕ੍ਰੋਧ, ਲੋਭ, ਮੋਹ, ਅਤੇ ਅਹੰਕਾਰ ਨਾਲ ਯੁੱਧ ਕਰਦਾ ਹੈ।

### 1.2. ਸੂਰਬੀਰਤਾ ਦੀ ਪਰਕਿਰਤੀ

ਸੂਰਬੀਰਤਾ ਆਮ ਜੀਵਨ ਵਿਚ ਵਿਚਰਨ ਵਾਲੇ ਹਰ ਇਨਸਾਨ ਦੀ ਜ਼ਰੂਰਤ ਹੈ ਜੋ ਆਪਣੀ ਜ਼ਿੰਦਗੀ ਦੀਆਂ ਜ਼ਿੰਮੇਵਾਰੀਆਂ ਨਿਭਾਉਣਾ ਚਾਹੁੰਦਾ ਹਨ। ਵਿਅਕਤੀ ਨੂੰ ਆਪਣੀ ਜ਼ਿੰਦਗੀ ਦੇ ਕਾਰਜ ਨਿਭਾਉਂਦੇ ਹੋਏ ਕਈ ਔਕੜਾਂ 'ਚੋਂ ਗੁਜ਼ਰਨਾ ਪੈਂਦਾ ਹੈ ਜਿਨ੍ਹਾਂ ਨਾਲ ਨੈਤਿਕ ਅਤੇ ਸਰੀਰਕ ਬਹਾਦਰੀ ਨਾਲ ਹੀ ਨਜਿੱਠਿਆ ਜਾ ਸਕਦਾ ਹੈ। ਬਹਾਦਰੀ ਇਕ ਅਜਿਹਾ ਗੁਣ ਹੈ ਜੋ ਇਨਸਾਨ ਨੂੰ ਨੈਤਿਕ ਪੱਖੋਂ ਮਜ਼ਬੂਤ ਬਣਾ ਕੇ ਉਸਦੇ ਜੀਵਨ ਨੂੰ ਦ੍ਰਿੜ੍ਹਤਾ ਅਤੇ ਪਵਿੱਤਰਤਾ ਨਾਲ ਭਰਪੂਰ ਕਰ ਦਿੰਦਾ ਹੈ। ਜਿਸ ਦੇ ਅਧਾਰ 'ਤੇ ਵਿਅਕਤੀ ਦੁਆਰਾ ਕੀਤਾ ਹੋਇਆ ਹਰ ਕਾਰਜ ਉਸਦੀ ਸਮਾਜਕ ਅਤੇ ਨੈਤਿਕ ਉਨਤੀ ਵੱਲ ਵਧਦਾ ਹੈ। ਇਥੇ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਉਹ ਕਿਹੜੀ ਵਿਸ਼ੇਸ਼ਤਾ ਹੈ ਜੋ ਵਿਅਕਤੀ ਨੂੰ ਬਹਾਦਰ ਬਣਾਉਂਦੀ ਹੈ? ਇਸ ਦੇ ਉੱਤਰ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਬਹਾਦਰ ਪੁਰਸ਼ ਉਹ ਹੈ, ਜੋ ਖਤਰੇ ਦੇ ਸਮੇਂ ਵਿਚ ਵੀ ਆਪਣੇ ਉਦੇਸ਼ 'ਤੇ ਕਾਇਮ ਰਹਿੰਦਾ ਹੈ। ਜਿਸਨੂੰ ਬਹਾਦਰ ਹਰੇਕ ਖੇਤਰ ਵਿਚ ਅਪਣਾਉਂਦਾ ਹੈ ਕਿਉਂਕਿ ਸੂਰਬੀਰਤਾ ਯੁੱਧ ਦੇ ਮੈਦਾਨ ਵਿਚ ਕੇਵਲ ਤਾਕਤ ਦਾ ਪ੍ਰਗਟਾਅ ਹੀ ਨਹੀਂ ਹੈ। ਜਦੋਂ ਸੁਕਰਾਤ ਦਾ ਇਕ ਚੇਲਾ ਤਾਕਵਰ ਹੋਣ ਨੂੰ ਹੀ ਬਹਾਦਰੀ ਮੰਨਦਾ ਸੀ ਤਾਂ ਸੁਕਰਾਤ ਉਸਦੇ ਜਵਾਬ ਵਿਚ ਆਖਦਾ ਹੈ, "ਤਾਕਤ ਨੁਕਸਾਨਦਾਇਕ ਵੀ ਹੋ ਸਕਦੀ ਹੈ ਜਦ

ਕਿ ਬਹਾਦਰੀ ਚੰਗੇ ਲਈ ਹੀ ਹੁੰਦੀ ਹੈ, ਫਿਰ ਉਹ ਚੇਲਾ ਆਪਣੀ ਪਰਿਭਾਸ਼ਾ ਨੂੰ ਸੁਧਾਰਦਾ ਹੋਇਆ ਕਹਿੰਦਾ ਹੈ ਕਿ ਸਿਆਣਪ ਵਾਲੀ ਤਾਕਤ ਨੂੰ ਹੀ ਬਹਾਦਰੀ ਕਹਿਣਾ ਚਾਹੀਦਾ ਹੈ।"[23] ਸੁਕਰਾਤ ਦੇ ਇਸ ਬਿਰਤਾਂਤ ਤੋਂ ਪਤਾ ਚਲਦਾ ਹੈ ਕਿ ਜਿਸ ਵਿਅਕਤੀ ਵਿਚ ਚੰਗੇ ਅਤੇ ਬੁਰੇ ਦਾ ਗਿਆਨ ਹੈ ਉਹ ਵਿਅਕਤੀ ਸੂਰਬੀਰਤਾ ਨੂੰ ਆਪਣੀ ਤਾਕਤ ਨਾਲ ਅਮਲੀ ਰੂਪ ਦੇ ਸਕਦਾ ਹੈ। ਬਹਾਦਰੀ ਦੇ ਵਿਸ਼ਾਲ ਘੇਰੇ ਵਿਚ ਉਹ ਇਨਸਾਨ ਜੋ ਜੰਗ ਮੈਦਾਨ ਵਿਚ ਦੁਸਮਣ ਸਾਹਮਣੇ ਅੰਤ ਤੱਕ ਲੜਦੇ ਹੋਏ ਪ੍ਰਾਣ ਤਿਆਗਦੇ ਹਨ ਤੋਂ ਇਲਾਵਾ ਉਹ ਲੋਕ ਵੀ ਸ਼ਾਮਲ ਹਨ ਜੋ ਜ਼ਿੰਦਗੀ ਦੀਆਂ ਹੋਰਨਾਂ ਕਠਿਨ ਹਾਲਾਤਾਂ ਵਿਚ ਵੀ ਆਪਣੀ ਜ਼ਿੰਦਗੀ ਜਿਉਂਦੇ ਹਨ। ਜਿਵੇਂ ਕਿ ਸੁਕਰਾਤ ਦੇ ਜ਼ਿਕਰ ਨਾਲ ਬਹਾਦਰੀ ਅਤੇ ਤਾਕਤ ਨੂੰ ਵਖਰਿਆਇਆ ਗਿਆ ਹੈ ਉਸਦੇ ਆਧਾਰ ’ਤੇ ਕਿਹਾ ਜਾ ਸਕਦਾ ਹੈ ਕਿ ਸਿਰਫ ਦੁਖ ਅਤੇ ਡਰ ਨਾਲ ਲੜਨਾ ਹੀ ਬਹਾਦਰੀ ਨਹੀਂ ਸਗੋਂ ਆਪਣੀਆਂ ਇਛਾਵਾਂ ਅਤੇ ਖੁਸ਼ੀਆਂ ਉਤੇ ਕਾਬੂ ਕਰਨਾ ਵੀ ਸੂਰਬੀਰਤਾ ਹੈ;

ਜੋ ਜਨ ਲੂਝਹਿ ਮਨੈ ਸਿਉ ਸੇ ਸੂਰੇ ਪਰਧਾਨਾ॥[24]

ਅਜਿਹੇ ਬਹਾਦਰਾਂ ਨੂੰ ਗੁਰਬਾਣੀ ਪ੍ਰੇਰਨਾ ਦਿੰਦੀ ਹੈ;

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥

ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥[25]

ਭਾਵ ਸੁਖ ਅਤੇ ਦੁਖ ਵਿਚ ਇੱਕ ਰਸ ਅਡੋਲ ਰਹਿਣਾ ਸੂਰਬੀਰਤਾ ਹੈ ਕਿਉਂਕਿ ਸੁਖ ਅਤੇ ਦੁਖ ਮਨੁੱਖੀ ਮਨ ਉੱਤੇ ਆਪਣਾ ਪ੍ਰਭਾਵ ਪਾਉਦੇ ਹਨ ਜਿਸ ਪ੍ਰਭਾਵ ਅਧੀਨ ਆਮ ਮਨੁੱਖ ਆਪਣੇ ਅਸਲ ਉਦੇਸ਼ ਤੋਂ ਭਟਕ ਜਾਂਦਾ ਹੈ।

ਸੂਰਬੀਰਤਾ ਦੀ ਪਰਕਿਰਤੀ ਦਾ ਅਧਿਐਨ ਵਿਦਵਾਨਾਂ ਨੇ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਕੀਤਾ ਹੈ ਪ੍ਰਤੂੰ ਚਿੰਤਕਾਂ ਦੇ ਵਿਚਾਰਾਂ ਵਿਚ ਇਸ ਸੰਕਲਪ ਸੰਬੰਧੀ ਕੁਝ ਸਾਂਝਾਂ ਮਿਲਦੀਆਂ ਹਨ। ਇਹਨਾਂ ਵਿਚ ਪਰਾਭੌਤਿਕ ਸ਼ਕਤੀ, ਧਰਮ, ਮਨੁੱਖ ਅਤੇ ਮਨ ਨੂੰ ਸ਼ਾਮਲ ਕੀਤਾ ਗਿਆ ਹੈ। ਵਿਦਵਾਨਾਂ ਨੇ ਸੂਰਬੀਰਤਾ

---

23 Henry L. Dark, ed. (1959) *Plato's Complete Works*, Littefield Adams and Co. Paterson, New Jersey, p.139.

24 ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੮੯.

25 ਉਹੀ, ੬੩੩.

ਦੀਆਂ ਵੱਖ-ਵੱਖ ਕਿਸਮਾਂ (ਸਰੀਰਕ, ਅਧਿਆਤਮਕ, ਸਮਾਜਕ, ਨੈਤਿਕ, ਮਾਨਸਿਕ ਸੂਰਬੀਰਤਾ) ਦੱਸੀਆਂ ਹਨ। ਇਸ ਖੋਜ ਕਾਰਜ ਵਿਚ ਅਸੀਂ ਸੂਰਬੀਰਤਾ ਦੀਆਂ ਪ੍ਰਮੁੱਖ ਦੋ ਕਿਸਮਾਂ ਅਧਿਆਤਮਕ ਅਤੇ ਸਮਾਜਕ ਸੂਰਬੀਰਤਾ ਉਪਰ ਹੀ ਕੇਂਦਰਿਤ ਰਹਾਂਗੇ ਜਿਹਨਾਂ ਵਿਚ ਬਾਕੀ ਕਿਸਮਾਂ ਦੀ ਹੋਂਦ ਵਿਦਮਾਨ ਰਹਿੰਦੀ ਹੈ।

### 2. ਸਿੱਖ ਸੂਰਬੀਰਤਾ: ਪ੍ਰੇਰਕ

ਸਿੱਖ ਧਰਮ ਵਿਚ ਸੂਰਬੀਰਤਾ ਲਈ ਪ੍ਰੇਰਨਾ ਸਰੋਤ ਅਕਾਲ ਪੁਰਖ, ਗੁਰੂ ਅਤੇ ਸਤਸੰਗਤਿ ਹਨ। ਸਿੱਖ ਸੂਰਬੀਰਤਾ ਦੀ ਵਿਲੱਖਣ ਘਾੜਤ ਵਿਚ ਇਸ ਤਿਕੜੀ ਦੀ ਅਹਿਮ ਭੂਮਿਕਾ ਹੈ। ਸਿੱਖ ਧਰਮ ਵਿਚ ਇਕ ਅਕਾਲ ਪੁਰਖ ਦੀ ਜੋਤ ਸੂਰਬੀਰਤਾ ਦਾ ਸੋਮਾ ਹੈ ਜੋ ਗੁਰੂ ਵਿਚ ਵਿਅਕਤੀਗਤ ਰੂਪ ਲੈਂਦੀ ਹੈ ਅਤੇ ਸੰਗਤ ਵਿਚ ਰਹਿੰਦਿਆਂ ਹੀ ਸਿੱਖ ਨੂੰ ਇਸਦੇ ਅਭਿਆਸ ਦੇ ਮੌਕੇ ਮਿਲਦੇ ਹਨ। ਇਹਨਾਂ ਦੀ ਤਰਤੀਬਵਾਰ ਵਿਚਾਰ ਹੇਠ ਲਿਖੇ ਅਨੁਸਾਰ ਕੀਤੀ  ਗਈ ਹੈ ;

### 2.1 ਅਕਾਲ ਪੁਰਖ

ਸਿੱਖਾਂ ਵਿਚ ਸੂਰਬੀਰਤਾ ਅਕਾਲ ਪੁਰਖ ਦੇ ਵਿਸ਼ਵਾਸ ਵਿਚੋਂ ਫੁੱਟਦੀ ਹੈ। ਸਿੱਖ ਧਰਮ ਦੇ ਮੋਢੀ ਗੁਰੂ ਨਾਨਕ ਸਾਹਿਬ ਨੇ ੧ੴ ਵਿਚ ਵਿਸ਼ਵਾਸ ਨਾਲ ਸਿੱਖੀ ਦੀ ਬੁਨਿਆਦ ਰੱਖੀ ਹੈ। ਸਿੱਖ ਧਰਮ ਨੇ ਜਿਸ ਅਕਾਲ ਪੁਰਖ ਦੀ ਗੱਲ ਕੀਤੀ ਉਸਦੇ ਮੁੱਖ ਗੁਣ *ਨਿਰਭਉ ਤੇ ਨਿਰਵੈਰ* ਹੋਣਾ ਹਨ। ਇਹ ਦੋਵੇਂ ਗੁਣ ਸਿੱਖ ਸੂਰਬੀਰਤਾ ਦੀ ਪਰਕ੍ਰਿਤੀ ਦੇ ਸਿਰਜਕ ਹਨ। ਨਿਰਭਉ ਅਤੇ ਨਿਰਵੈਰ ਗੁਣਾਂ ਨਾਲ ਓਤਪੋਤ ਸਿੱਖ ਸੂਰਬੀਰਤਾ ਸਰਬੱਤ ਦੇ ਭਲੇ ਦੀ ਭਾਵਨਾ ਨਾਲ ਓਤਪੋਤ ਹੈ ਅਤੇ ਸਿੱਖ ਨੂੰ ਆਪਣਾ ਨਿਜੀ ਜੀਵਨ ਸੇਵਾ ਵਿਚ ਸਮਰਪਿਤ ਕਰਨ ਦੀ ਅਧਿਆਤਮਕ ਊਰਜਾ ਦਿੰਦੀ ਹੈ। ਅਕਾਲ ਪੁਰਖ ਅਤੇ ਮਨੁੱਖ ਅਧਿਆਤਮਕਤਾ ਦੀ ਕੜੀ ਨਾਲ ਜੁੜੇ ਹੋਏ ਹਨ ਅਤੇ ਇਸ ਕੜੀ ਨੂੰ ਜੋੜਨ ਵਾਲਾ ਗੁਰੂ ਹੈ। ਗੁਰਬਾਣੀ ਵਿਚ ਅਧਿਆਤਮਕਤਾ ਦੇ ਧਾਰਨੀ ਨੂੰ ਸੂਰਬੀਰ ਮੰਨਿਆ ਹੈ। ਸਿੱਖੀ ਵਿਚ ਸੂਰਬੀਰਾਂ ਦੀ ਅਗਵਾਈ ਸਮਰੱਥ ਗੁਰੂ ਕਰਦਾ ਹੈ ;

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥
ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ॥[26]

---

26 ਸ੍ਰੀ ਗੁਰੂ ਗ੍ਰੰਥ ਸਾਹਿਬ, ੬੭੯.

ਅਜਿਹੇ ਬੀਰ ਪੁਰਖ ਸਰਬੱਤ ਦੇ ਭਲੇ ਲਈ ਆਪਣਾ ਸਭ ਕੁਝ ਨਿਛਾਵਰ ਕਰਦੇ ਹਨ। ਮੋਹਨ ਸਿੰਘ ਵੈਦ ਸੂਰਬੀਰ ਦੇ ਸੁਭਾਅ ਬਾਰੇ ਲਿਖਦੇ ਹਨ, "ਬੀਰ ਪੁਰਖ ਦਾ ਦਿਲ ਸਭਨਾਂ ਦਾ ਦਿਲ ਹੋ ਜਾਂਦਾ ਹੈ। ਉਸਦਾ ਮਨ ਸਭਨਾਂ ਦਾ ਮਨ ਹੋ ਜਾਂਦਾ ਹੈ। ਉਸਦੇ ਖਿਆਲ ਸਭਨਾਂ ਦੇ ਖਿਆਲ ਹੋ ਜਾਂਦੇ ਹਨ। ਸਭਨਾਂ ਦੇ ਸੰਕਲਪ ਉਸਦੇ ਸੰਕਲਪ ਹੋ ਜਾਂਦੇ ਹਨ। ਉਸਦਾ ਬਲ ਸਭਨਾਂ ਦਾ ਬਲ ਹੋ ਜਾਂਦਾ ਹੈ। ਉਹ ਸਭ ਦਾ ਤੇ ਸਭ ਉਸਦੇ ਹੋ ਜਾਂਦੇ ਹਨ।"[27] ਅਧਿਆਤਮਿਕ ਸੂਰਬੀਰ ਕੇਵਲ ਆਪਣੇ ਨਾਮ ਜਾਂ ਨਿਜੀ ਹਿੱਤਾਂ ਨੂੰ ਹੀ ਪਰਮੁੱਖ ਨਹੀਂ ਰੱਖਦਾ ਬਲਕਿ ਉਹ ਜੀਵਨ ਦੇ ਮੂਲ ਪਰਮਾਤਮਾ ਨਾਲ ਜੁੜ ਕੇ ਜੀਵਨ ਦੇ ਸੱਚ ਨੂੰ ਪਾਉਣ ਲਈ ਤਰਜੀਹ ਦਿੰਦਾ ਹੈ। ਉਸ ਸੱਚ ਲਈ ਕੁਰਬਾਨ ਹੋਣ ਲਈ ਤੱਤਪਰ ਰਹਿੰਦਾ ਹੈ। ਜਦੋਂ ਸਮਾਜ ਵਿਚ ਜ਼ੁਲਮ ਵਰਤ ਰਿਹਾ ਹੋਵੇ ਤਾਂ ਸੂਰਬੀਰ ਉਸ ਖਿਲਾਫ ਆਵਾਜ਼ ਬੁਲੰਦ ਕਰਦੇ ਹਨ।

ਸਿੱਖ ਇਸ ਕਰਕੇ ਅਧਿਆਤਮਕ ਤਾਕਤ ਦਾ ਮਾਲਕ ਬਣਦਾ ਹੈ ਕਿਉਂਕਿ ਉਹ ਸਰਵ-ਸ਼ਕਤੀਮਾਨ ਇਕ ਅਕਾਲ ਪੁਰਖ ਨੂੰ ਆਪਣਾ ਇਸ਼ਟ ਸਮਝਦਾ ਹੋਇਆ ਉਸਦੀ ਦੀ ਤਾਕਤ ਨੂੰ ਆਪਣੇ ਸੱਚੇ ਗੁਰੂ ਰਾਹੀਂ ਸਤਸੰਗਤਿ ਵਿੱਚੋਂ ਨਾਮ ਸਿਮਰਨ ਅਤੇ ਸੇਵਾ ਰਾਹੀਂ ਪ੍ਰਾਪਤ ਕਰਦਾ ਹੈ। ਗੁਰੂ ਵਿਸ਼ਵਾਸ ਸਦਕਾ ਉਹ ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿੰਦਾ ਹੈ। ਗੁਰਮਤਿ ਵਿਚ ਅਕਾਲ ਪੁਰਖ, ਗੁਰੂ ਅਤੇ ਸਤਿਸੰਗਤਿ ਦੀ ਪ੍ਰਮੁੱਖਤਾ ਹੈ। ਇਹ ਤਿੰਨੋਂ ਸਿਧਾਂਤ ਅੰਤਰ ਸੰਬੰਧਿਤ ਅਤੇ ਇਕਮਿਕ ਹਨ ਜਿਸ ਕਰਕੇ ਇਹਨਾਂ ਤਿੰਨਾਂ ਵਿਚੋਂ ਕਿਸੇ ਇਕ ਨੂੰ ਵੱਖ ਕਰ ਦਈਏ ਤਾਂ ਬਾਕੀ ਦੋ ਨੂੰ ਵਿਹਾਰਕ ਰੂਪ ਵਿਚ ਨਹੀਂ ਲਿਆਂਦਾ ਜਾ ਸਕਦਾ। ਗੁਰਬਾਣੀ ਵਿਚ ਅਕਾਲ ਪੁਰਖ ਵਾਸਤੇ ਪਰਮਾਤਮਾ, ਗੋਪਾਲ, ਮੁਰਾਰਿ, ਬੀਠੁਲ, ਕਰਤਾਰ, ਅਕਾਲ-ਪੁਰਖ ਅਦਿ ਹੋਰ ਨਾਵਾਂ ਤੋਂ ਇਲਾਵਾ ਓਅੰਕਾਰ ਸ਼ਬਦ ਵੀ ਇਕ ਅਕਾਲ ਪੁਰਖ ਦਾ ਲਖਾਇਕ ਹੈ। ਜਿਸ ਬਾਬਤ ਰਤਨ ਸਿੰਘ ਜੱਗੀ ਲਿਖਦੇ ਹਨ, "ਇਹ ਬ੍ਰਹਮ ਦਾ ਵਾਚਕ ਸ਼ਬਦ ਹੈ। ਭਾਰਤੀ ਅਧਿਆਤਮਕ ਪਰੰਪਰਾ ਵਿਚ ਵੀ ਓਅੰਕਾਰ ਬ੍ਰਹਮ-ਵਾਚਕ ਸ਼ਬਦ ਹੈ।"[28] ਅਕਾਲ ਪੁਰਖ ਸਭ ਦੀ ਹੋਂਦ ਪੈਦਾ ਕਰਨ ਵਾਲਾ ਹੈ। ਸਾਰਾ ਵਰਤਾਰਾ ਉਸ ਦੀ ਦੇਣ ਹੈ;

---

27 ਮੋਹਨ ਸਿੰਘ ਵੈਦ (1920) *ਧੀਰਜ ਅਤੇ ਸੱਚੀ ਬੀਰਤਾ,* ਵਜ਼ੀਰ ਹਿੰਦ ਪ੍ਰੈਸ, ਪੰ. 8.

28 ਰਤਨ ਸਿੰਘ ਜੱਗੀ ( 2002) *ਸਿੱਖ ਪੰਥ ਵਿਸ਼ਵ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 10.

ਓਅੰਕਾਰਿ ਸਭ ਸ੍ਰਿਸਟਿ ਉਪਾਈ॥

ਸਭੁ ਖੇਲੁ ਤਮਾਸਾ ਤੇਰੀ ਵਡਿਆਈ॥

ਆਪੇ ਵੇਕ ਕਰੇ ਸਭਿ ਸਾਚਾ ਆਪੇ ਭੰਨਿ ਘੜਾਇਦਾ॥[29]

ਸਿੱਖ ਸੂਰਬੀਰਤਾ ਦਾ ਮੁੱਖ ਸ੍ਰੋਤ ਅਕਾਲ ਪੁਰਖ ਹੈ। ਮੂਲ ਸਿਧਾਂਤ ਅਕਾਲ ਪੁਰਖ ਵਿਚ ਵਿਸ਼ਵਾਸ ਹੈ ਜਿਸਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੁਰੂ ਵਿਚ ਦ੍ਰਿੜ੍ਹ ਕਰਵਾਇਆ ਹੈ;

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ

ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥[30]

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦੇ ਹਰ ਸਿਧਾਂਤ ਦਾ ਮੂਲ ਧੁਰਾ ਇੱਕ ਅਕਾਲ ਪੁਰਖ ਨੂੰ ਦੱਸਿਆ ਹੈ। ਇੱਕ ਅਕਾਲ-ਪੁਰਖ ਅਸੰਭਵ ਨੂੰ ਸੰਭਵ ਕਰ ਸਕਦਾ ਹੈ ਜਿਸ ਬਾਰੇ ਗੁਰਬਾਣੀ ਨੇ ਚੰਗੀ ਤਰ੍ਹਾਂ ਵਿਆਖਿਆ ਕੀਤੀ ਹੈ;

ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ॥

ਘਾਹੁ ਖਾਨਿ ਤਿਨਾ ਮਾਸੁ ਖਵਾਲੇ ਏਹਿ ਚਲਾਏ ਰਾਹ॥

ਨਦੀਆ ਵਿਚਿ ਟਿਬੇ ਦੇਖਾਲੇ ਥਲੀ ਕਰੇ ਅਸਗਾਹ॥

ਕੀੜਾ ਥਾਪਿ ਦੇਇ ਪਾਤਸ਼ਾਹੀ ਲਸਕਰ ਕਰੇ ਸੁਆਹ॥

ਜੇਤੇ ਜੀਅ ਜੀਵਹਿ ਲੈ ਸਾਹਾ ਜੀਵਾਲੇ ਤਾ ਕਿ ਅਸਾਹ॥

ਨਾਨਕ ਜਿਉ ਜਿਉ ਸਚੇ ਭਾਵੈ ਤਿਉ ਤਿਉ ਦੇਇ ਗਿਰਾਹ॥[31]

ਭਾਵ ਅਕਾਲ ਪੁਰਖ ਮਾਸ ਖਾਣ ਵਾਲੇ ਜਾਨਵਰਾਂ ਨੂੰ ਘਾਹ ਖਾਣ ਅਤੇ ਘਾਹ ਖਾਣ ਵਾਲਿਆਂ ਨੂੰ ਮਾਸ ਖਾਣ ਵਲ ਤੋਰ ਸਕਦਾ ਹੈ। ਨਦੀਆਂ ਨੂੰ ਰੇਤ ਦੇ  ਟਿੱਬੇ ਕਰ ਸਕਦਾ ਹੈ ਅਤੇ ਟਿੱਬਿਆਂ ਨੂੰ ਨਦੀਆਂ ਵਾਂਗ ਤੈਰਾਅ ਸਕਦਾ ਹੈ। ਸਮਾਜ ਵਿਚ ਨੀਵੇਂ ਮਨੁਖ ਨੂੰ ਰਾਜਾ ਬਣਾ ਸਕਦਾ ਹੈ ਅਤੇ ਰਾਜਿਆਂ ਨੂੰ ਫੌਜਾਂ ਸਮੇਤ ਹੇਠਾਂ ਲਾਹ ਸਕਦਾ ਹੈ। ਜਿੰਨੇ ਵੀ ਧਰਤੀ 'ਤੇ ਜੀਵ ਵਸਦੇ ਹਨ ਉਨ੍ਹਾਂ ਦੇ ਜੀਵਨ ਦੀ

---

29 ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੬੧.

30 ਉਹੀ, ੧.

31 ਉਹੀ, ੧੪੪.

ਡੋਰ ਅਕਾਲ ਪੁਰਖ ਕੋਲ ਰਹਿੰਦੀ ਹੈ। ਅਜਿਹੀਆਂ ਤਾਕਤਾਂ ਦਾ ਮਾਲਕ ਹੀ ਸੂਰਮਿਆਂ ਦਾ ਸਿਰਜਕ ਹੈ।

ਡਾ. ਸ਼ੇਰ ਸਿੰਘ ਅਨੁਸਾਰ ਸੂਰੀਬਰਤਾ ਦਾ ਧੁਰਾ ਅਕਾਲ ਪੁਰਖ ਹੈ, "ਸਭ ਯੋਧੇ, ਬਲੀ ਸੂਰਮੇ ਉਸੇ ਤੋਂ ਹੀ ਦਾਨ ਮੰਗਦੇ ਹਨ, ਦੇਵਾਂ ਅਤੇ ਦੈਤਾਂ ਨੂੰ ਕਾਬੂ ਕਰਨ ਵਾਲਾ ਹੈ।"[32] ਇਸੇ ਤਰ੍ਹਾਂ ਡਾ. ਗੁਰਮੀਤ ਸਿੰਘ ਸਿੱਧੂ ਅਨੁਸਾਰ ਇਕ ਅਕਾਲ ਪੁਰਖ ਸਿੱਖ ਨੂੰ ਨਿਰਭਉ ਅਤੇ ਨਿਰਵੈਰ ਬਣਾਉਂਦਾ ਹੈ, "ਸਿੱਖ ਮਤ ਦਾ ਰੱਬ ਸੱਚ ਹੋਣ ਕਰਕੇ ਨਿਰਭਉ ਹੈ। ਜਿਹੜਾ ਮਨੁੱਖ ਉਸ ਨਿਰਭਉ ਸੱਚ ਨਾਲ ਜੁੜ ਜਾਂਦਾ ਹੈ। ਉਹ ਖੁਦ ਵੀ ਨਿਰਭਉ ਹੋ ਜਾਂਦਾ ਹੈ ਅਜਿਹਾ ਵਿਅਕਤੀ ਹੀ ਅਜ਼ਾਦ ਹੁੰਦਾ ਹੈ ਜਦੋਂ ਕਿ ਡਰ ਵਿਚ ਰਹਿਣ ਵਾਲਾ ਮਨੁੱਖ ਆਪਣੀ ਸੁਰੱਖਿਆ ਵਿੱਚੋਂ ਦੂਸਰਿਆਂ ਨਾਲ ਵੈਰ ਪਾ ਕੇ ਹੋਰ ਦੁਖੀ ਹੁੰਦਾ ਹੈ।"[33] ਸਿੱਖ ਨੂੰ ਅਕਾਲ ਪੁਰਖ ਦੁਆਰਾ ਹਰ ਤਾਕਤ ਪ੍ਰਾਪਤ ਹੁੰਦੀ ਹੈ। ਇਸਦੀ ਵਿਆਖਿਆ ਲਈ ਤੇਗ ਦਾ ਸੰਕਲਪ ਅਹਿਮ ਭੂਮਿਕਾ ਅਦਾ ਕਰਦਾ ਹੈ ਤੇਗ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲ ਪੁਰਖ ਦੀ ਲਖਾਇਕ ਮੰਨਿਆ ਹੈ। ਤਲਵਾਰ ਸਿਰਫ ਯੋਧੇ ਦਾ ਹਥਿਆਰ ਮਾਤਰ ਨਾ ਰਹਿਣ ਦਿੱਤਾ ਬਲਕਿ ਅਕਾਲ ਪੁਰਖ ਦੀ ਕਾਰਜ ਸਾਧਨ ਸ਼ਕਤੀ ਵਜੋਂ ਸਥਾਪਿਤ ਕੀਤਾ ਗਿਆ ਹੈ। ਜੋ ਪਾਲਣ ਅਤੇ ਸੰਘਾਰਨ ਦੋਵੇਂ ਕਾਰਜ ਕਰਨ ਦੇ ਸਮਰੱਥ ਹੈ। "ਤਲਵਾਰ ਇਕ ਤਾਕਤ, ਸ਼ਕਤੀ, ਦਾ ਵਧੀਆ ਚਿੰਨ੍ਹ ਸੀ। ਤਲਵਾਰ ਸ੍ਰੀ ਗੁਰੂ ਜੀ ਦਾ ਪਿਆਰ ਤੇ ਸਤਿਕਾਰ ਵੱਡੇ ਅੰਤਮ ਸਤਯਵਾਦਿਕ ਖਿਆਲ ਤੇ ਡੂੰਘੇ ਫਲਸਫੇ ਉੱਤੇ ਨਿਰਭਰ ਸੀ ਕਿਉਂ ਜੋ ਦੀਖਤ ਸੰਸਾਰ ਤੇ ਇਸਦੀ ਹੋਂਦ ਦਾ ਮੂਲ ਕਾਰਨ ਹਰ ਇੱਕ ਵਸਤੂ ਵਿਚ ਲੁਕੀ ਵਸਤੂ ਹੈ। ਇਸ ਸ਼ਕਤੀ ਦਾ ਅਸਲੀ ਸੋਮਾ ਸਰਬ-ਸ਼ਕਤੀਮਾਨ ਅਕਾਲ ਪੁਰਖ ਹੈ ਤੇ ਸ਼ਕਤੀ ਲਈ ਜੁਗਾਂ-ਜੁਗਾਤਰਾਂ ਤੋਂ ਚਲਿਆ ਆ ਰਿਹਾ ਚਿੰਨ੍ਹ ਸ੍ਰੀ ਸਾਹਿਬ ਹੈ।"[34] ਸਿੱਖ ਚਿੰਤਨ ਵਿਚ ਇਸ ਵਿਚਾਰ ਨਾਲ ਇਕਸੁਰਤਾ ਹੈ ਅਕਾਲ ਪੁਰਖ ਜੀਵਨ ਦਾ ਮੁੱਖ ਅਧਾਰ ਹੈ ਅਤੇ ਇਸ ਤੋਂ ਬਗੈਰ ਜੀਵਨ ਦੀ ਹੋਂਦ ਸੰਭਵ ਨਹੀਂ ਹੈ। ਅਕਾਲ ਪੁਰਖ ਦਾ ਸਰੂਪ, ਕਾਰਜ ਅਤੇ ਉਸ ਦੀਆਂ ਤਾਕਤਾਂ ਦਾ ਵਰਣਨ ਸ੍ਰੀ ਗੁਰੂ ਗ੍ਰੰਥ ਵਿਚ ਦਰਜ ਹੈ।

---

32 ਸ਼ੇਰ ਸਿੰਘ, ਉਪਰੋਕਤ, *ਗੁਰਮਤਿ ਦਰਸ਼ਨ*, ਪੰ. 295.

33 ਗੁਰਮੀਤ ਸਿੰਘ ਸਿੱਧੂ, (2016) *ਸਿੱਖੀ ਅਤੇ ਸਿੱਖਾਂ ਦਾ ਭਵਿੱਖ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ਪੰ.39.

34 ਉਹੀ, ਪੰ.62

ਗੁਰਬਾਣੀ ਵਿਚ ਅਕਾਲ ਪੁਰਖ ਭਗਤਾਂ ਦੀ ਹਰ ਮੁਸ਼ਕਲ ਨੂੰ ਹੱਲ ਕਰਦਾ ਹੈ ਤੇ ਆਪਣੇ ਭਗਤ ਨੂੰ ਹਰ ਸੰਕਟ ਵਿੱਚੋਂ ਆਪ ਬਾਹਰ ਕੱਢਦਾ ਹੈ। ਜਿਵੇਂ ਕਿ ਧਰੂ ਅਤੇ ਪ੍ਰਹਿਲਾਦ ਨਾਲ ਉਸ ਨੇ ਕੀਤਾ। ਇਸ ਤੋਂ ਇਲਾਵਾ ਦ੍ਰੋਪਦੀ ਦੀ ਪੱਤ ਦੀ ਰਾਖੀ ਵੀ ਉਹ ਕਰ ਰਿਹਾ ਸੀ ਅਤੇ ਆਪਣੇ ਪਿਆਰੇ ਭਗਤਾਂ ਦੀ ਭੀੜ ਵਿਚੋਂ ਕੱਢ ਲੈਂਦਾ ਹੈ। ਜਿਵੇਂ ਕਿ ਹਮਲੇ ਦਾ ਜਿਕਰ ਕਰਦਿਆਂ ਲਿਖਿਆ ਹੈ;

ਸਰਣਾਗਤੀ ਪ੍ਰਭ ਪਾਲਤੇ ਹਰਿ ਭਗਤਿ ਵਛਲੁ ਨਾਇਆ॥

ਪ੍ਰਹਿਲਾਦੁ ਜਨੁ ਹਰਨਾਖਿ ਪਕਰਿਆ ਹਰਿ ਰਾਖਿ ਲੀਓ ਤਰਾਇਆ॥[35]

ਦਾਰਸ਼ਨਿਕ ਅਰਸਤੂ ਦੇ ਵਿਚਾਰ ਅਨੁਸਾਰ ਬਹਾਦਰੀ ਨੂੰ ਦੋ ਪੱਖਾਂ ਵਜੋਂ ਵੇਖਿਆ ਜਾ ਸਕਦਾ ਹੈ। ਇਕ ਡਰ ਦੀ ਭਾਵਨਾ ਅਤੇ ਦੂਜੀ ਭਰੋਸੇ ਦੀ ਭਾਵਨਾ। ਉਹ ਇਸਦੀ ਵਿਆਖਿਆ 'ਚ ਕਹਿੰਦਾ ਹੈ ਕਿ ਜੋ ਇਨਸਾਨ ਭਰੋਸੇ ਦੀ ਭਾਵਨਾ ਵਧਾ ਲੈਂਦਾ ਹੈ ਉਹ ਕੱਟੜਤਾ ਧਾਰਨ ਕਰੇਗਾ ਜਦਕਿ ਜੋ ਇਨਸਾਨ ਡਰ ਦੀ ਭਾਵਨਾ ਨੂੰ ਵਧਾ ਲੈਦਾ ਹੈ ਤਾਂ ਉਹ ਡਰਪੋਕ ਹੋਵੇਗਾ।[36] ਭਾਵ ਭਰੋਸੇ ਦੀ ਭਾਵਨਾ ਅਤੇ ਡਰ ਦੀ ਭਾਵਨਾ ਨੂੰ ਨਿਰੰਤਰ ਸੀਮਾ ਵਿਚ ਰੱਖਣਾ ਸੂਰਮਤਾਈ ਹੈ। ਬੀਰਤਾ ਅਤੇ ਸਭ ਸੂਰਮਿਆਂ ਦੀ ਉਤਪਤੀ ਅਕਾਲ ਪੁਰਖ ਦੁਆਰਾ ਹੁੰਦੀ ਹੈ। ਸਿੱਖਾਂ ਅੰਦਰ ਅਡੋਲਤਾ ਦਾ ਗੁਣ ਇਸ ਕਰਕੇ ਕਾਇਮ ਰਹਿੰਦਾ ਹੈ ਕਿ ਅਕਾਲ ਪੁਰਖ ਉਸ ਨੂੰ ਬਚਾਉਣ ਵਾਲਾ ਹੈ। ਅਕਾਲ ਪੁਰਖ ਵਿਚ ਭਰੋਸਾ ਸਿੱਖਾਂ ਨੂੰ ਅਡੋਲ ਕਰ ਦਿੰਦਾ ਹੈ "ਰੱਖਿਆ ਕਰਨ ਦੇ ਸਮਰੱਥ ਉਹੀ ਹੋ ਸਕਦਾ ਹੈ ਜੋ ਦੂਜਿਆਂ ਤੋਂ ਵੱਧ ਸ਼ਕਤੀਮਾਨ ਹੋਵੇ।"[37] ਜਿਸ ਲਈ ਗੁਰਬਾਣੀ ਅਨੇਕਾਂ ਵਾਰ ਅਤੇ ਉਸ ਦੀ ਸਰਬ-ਉੱਚਤਾ ਬਾਰੇ ਪਤਾ ਦਿੰਦੀ ਹੈ। ਅਕਾਲ ਪੁਰਖ ਆਪਣੇ ਸੇਵਕ ਨੂੰ ਮਾਨਸਿਕ ਪੱਖੋਂ ਮਜ਼ਬੂਤੀ ਪ੍ਰਦਾਨ ਕਰਦਾ ਹੈ;

ਪਰਮੇਸਰੁ ਆਪਿ ਹੋਆ ਰਖਵਾਲਾ॥

ਸਾਂਤਿ ਸਹਜ ਸੁਖ ਖਿਨ ਮਹਿ ਉਪਜੇ

---

35 ਸ੍ਰੀ ਗੁਰੂ ਗ੍ਰੰਥ ਸਾਹਿਬ, 984.

36 Geoffrey Scarre (2010) "Courage as the mean (meson) with regard to feeling of fear and confidence describing as 'Rash' the person who exceeds in Confidence and as 'Cowardly' he who exceeds in fear and falls short in confidence." *On Courage-Thinking in action* Roultledge London and New York, p.6.

37 ਮੋਹਨ ਸਿੰਘ (1994) *ਧਰਮ ਦਾ ਵਿਕਾਸ ਅਤੇ ਗੁਰਮਤਿ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 302.

ਮਨ ਹੋਆ ਸਦਾ ਸੁਖਾਲਾ॥[38]

ਜਿਸੁ ਤੂ ਰਾਖਹਿ ਤਿਸੁ ਕਉਨ ਮਾਰੈ॥

ਸਭ ਤੁਝ ਹੀ ਅੰਤਰਿ ਸਗਲ ਸੰਸਾਰੈ॥[39]

ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ॥

ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ॥[40]

ਸਿੱਖ ਸੂਰਬੀਰਤਾ ਅਕਾਲ ਪੁਰਖ ਦੇ ਸਰਬ-ਸ਼ਕਤੀਮਾਨ ਹੋਣ ਦਾ ਅਹਿਸਾਸ ਸਿੱਖ ਨੂੰ ਉਸ ਦੇ ਵਿਹਾਰ ਵਿੱਚੋਂ ਕਰਵਾਉਂਦੀ। ਸਿੱਖਾਂ ਦੇ ਜੀਵਨ ਵਿਹਾਰ ਵਿਚ ਅਨੇਕਾਂ ਪ੍ਰਮਾਣ ਮਿਲਦੇ ਹਨ ਜਿਹਨਾਂ ਵਿਚ ਅਕਾਲ ਪੁਰਖ ਹਰ ਥਾਂ ਰਖਿਅਕ ਹੈ ਜਿਨ੍ਹਾਂ ਵਿਚੋਂ ਇਕ ਉਦਾਹਰਣ ਦੇ ਤੌਰ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਵਿੱਚੋਂ ਇੱਕ ਘਟਨਾ ਦਾ ਜ਼ਿਕਰ ਕਰਦੇ ਹਾਂ ਕਿ ਜਦੋਂ ਸ੍ਰੀ ਗੁਰੂ ਗੋਬਿੰਦ ਸਾਹਿਬ ਯੁੱਧ ਭੂਮੀ ਵਿਚ ਵੀ ਅਕਾਲ ਪੁਰਖ ਨਾਲ ਸੰਬੰਧ ਬਣਾਈ ਰੱਖਦੇ ਹਨ ਅਤੇ ਉਹਨਾਂ ਦੁਆਰਾ ਸਰਸਾ ਦੇ ਕੰਢੇ ਉਪਰ ਅੰਮ੍ਰਿਤ ਵੇਲੇ ਅਕਾਲ ਪੁਰਖ ਦਾ ਕੀਰਤਨ ਕਰਨਾ ਇਹ ਸਾਬਤ ਕਰਦਾ ਹੈ ਕਿ ਉਸ ਅਕਾਲ ਪੁਰਖ ਦੇ ਨਾਲ ਜੁੜਿਆਂ ਹੀ ਜ਼ੁਲਮ ਅਤੇ ਜ਼ਾਲਮ ਨੂੰ ਖ਼ਤਮ ਕੀਤਾ ਜਾ ਸਕਦਾ ਹੈ।

ਧਰਮ ਅਤੇ ਸੂਰਬੀਰਤਾ ਵਿਚ ਅਕਾਲ ਪੁਰਖ ਨੇ ਸੂਰਬੀਰਤਾ ਨੂੰ ਸਰਵ-ਉੱਚਤਾ ਪ੍ਰਦਾਨ ਕੀਤੀ ਹੈ। ਡਾ. ਤਾਰਨ ਸਿੰਘ ਲਿਖਦੇ ਹਨ, "ਗੁਰਮਤਿ ਸਾਹਿਤ ਵਿਚ ਪਹਿਲਾਂ ਅੰਦਰਲੀ ਸੂਰਬੀਰਤਾ ਦਾ ਧੁਰਾ ਕਾਇਮ ਕੀਤਾ ਹੈ। ਇਹ ਭਗਤੀ ਹੈ, ਫਿਰ ਸ਼ੁਭ ਕਰਮਨ ਲਈ ਬਾਹਰਲੀ ਜੁੱਧਾਂ ਦੀ ਸੂਰਬੀਰਤਾ ਦਰਸਾਈ ਹੈ ਇਹ ਸ਼ਕਤੀ ਹੈ। ਅੰਦਰਲੀ ਅਤੇ ਬਾਹਰਲੀ ਸੂਰਬੀਰਤਾ ਇਕਸੁਰ ਹੋ ਜਾਂਦੀਆਂ ਹਨ ਤਾਂ ਧਰਮੀ ਪੁਰਖ, ਪੂਰਨ ਮਨੁੱਖ ਜਾਂ ਸੰਤ ਸਿਪਾਹੀ ਦੇ ਦਰਸ਼ਨ ਹੁੰਦੇ ਹਨ।"[41] ਇਹ ਵਿਚਾਰ ਸੂਰਮੇ ਦੇ ਜ਼ਰੂਰੀ ਲੱਛਣਾਂ ਵੱਲ ਇਸ਼ਾਰਾ ਹਨ ਕਿ ਅਸਲ ਸੂਰਮਾ ਪਹਿਲਾਂ ਮਨ 'ਤੇ ਹਮਲਾ ਕਰਨ ਵਾਲੇ ਪੰਜ ਵਿਕਾਰਾਂ ਨੂੰ ਵਸ ਵਿਚ ਕਰਦਾ ਹੈ ਅਤੇ ਫਿਰ ਸਰਬੱਤ ਦੇ ਭਲੇ

---

38 ਸ੍ਰੀ ਗੁਰੂ ਗ੍ਰੰਥ ਸਾਹਿਬ, ੬੨੨.

39 ਉਹੀ, ੧੧੩੯.

40 ਉਹੀ, ੮੧੯.

41 ਤਾਰਨ ਸਿੰਘ (1963) "ਗੁਰਮਤਿ ਸਾਹਿਤ ਤੇ ਬੀਰਤਾ" *ਪੰਜਾਬੀ ਦੁਨੀਆਂ,* ਪੰਜਾਬੀ ਵਿਭਾਗ, ਪਟਿਆਲਾ, ਅਪ੍ਰੈਲ-ਮਈ, ਪੰ. 106.

ਲਈ ਹਰ ਮੁਸੀਬਤ ਦਾ ਸਾਹਮਣਾ ਕਰਦਾ ਹੈ ਇਸ ਲਈ ਭਾਵੇਂ ਉਸ ਨੂੰ ਆਪਣੀ ਜਾਨ ਵੀ ਦੇਣੀ ਪੈ ਸਕਦੀ ਹੈ।

### 2.2 ਗੁਰੂ

ਅਧਿਆਤਮਕ ਗਿਆਨ ਦੀ ਪ੍ਰਾਪਤੀ ਲਈ ਮਾਰਗ ਪ੍ਰਦਰਸ਼ਕ ਦੀ ਅਵੱਸ਼ਕਤਾ ਹੁੰਦੀ ਹੈ ਤੇ ਗੁਰਬਾਣੀ ਅਨੁਸਾਰ ਗੁਰੂ ਹੀ ਇਹ ਮਾਰਗ ਪ੍ਰਦਰਸ਼ਕ ਹੈ। ਗੁਰੂ ਪਦ ਦੇ ਸ਼ਾਬਦਿਕ ਅਰਥ ਹਨ, ਹਨੇਰਾ ਦੂਰ ਕਰਕੇ ਰੌਸ਼ਨੀ (ਪ੍ਰਕਾਸ਼) ਕਰਨ ਵਾਲਾ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਧਰਮ ਉਪਦੇਸ਼ਾਂ ਧਾਰਮਿਕ ਸਿਖਯਾ ਦੇਣ ਵਾਲਾ ਆਚਾਰਯ, ਮਤ ਦਾ ਆਚਾਰਯਾ, ਕਿਸੇ ਮਤ ਦਾ ਚਲਾਉਣ ਵਾਲਾ, ਪਤਿ (ਭਰਤਾ) ਅੰਤਹਕਰਣ (ਮਨ) ਪੂਜਯ ਤੇ ਵੱਡਾ (ਪ੍ਰਧਾਨ) ਗੁਰੂ ਹੈ।"[42] ਗੁਰੂ ਜੀਵਨ ਦੇ ਅਗਿਆਨ ਨੂੰ ਦੂਰ ਅਤੇ ਗਿਆਨ ਦਾ ਪ੍ਰਕਾਸ਼ ਕਰਦਾ ਹੈ;

ੳ) ਗੁਰੁ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ॥[43]

ਅ) ਗਿਆਨ ਅੰਜਨੁ ਗੁਰਿ ਦੀਆ ਅਗਿਆਨੁ ਅੰਧੇਰ ਬਿਨਾਸੁ॥
ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥ [44]

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਕਾਲ ਪੁਰਖ ਦਾ ਸਰੂਪ ਬਿਆਨ ਕੇ ਉਸ ਦੀ ਪ੍ਰਾਪਤੀ ਦਾ ਸਾਧਨ ਮੁੱਖ ਰੂਪ ਵਿਚ ਸਤਿਗੁਰੂ ਨੂੰ ਕਿਹਾ ਹੈ ਅਤੇ ਸਰਬੋਤਮ ਦਰਜਾ ਦਿੱਤਾ ਹੈ। ਗੁਰਬਾਣੀ ਦੀ ਸ਼ੁਰੂਆਤ ਵਿਚ ਮੂਲਮੰਤਰ ਦੇ ਅਖੀਰ ਵਿਚ *ਗੁਰਪ੍ਰਸਾਦਿ* ਲਿਖਿਆ ਹੈ ਕਿ ਗੁਰੂ ਦੀ ਕਿਰਪਾ ਹੈ ਉਸ ਦੁਆਰਾ ਸੰਭਵ ਹੈ। ਗੁਰੂ ਉਹ ਦਰ ਹੈ ਜਿਸ ਦੁਆਰਾ ਅਕਾਲ ਪੁਰਖ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਸਾਹਿਬ ਨੇ ਅਕਾਲ ਪੁਰਖ ਦੇ ਗੁਣਾਂ ਦਾ ਬਿਆਨ ਕਰਨ ਤੋਂ ਮਗਰੋਂ ਗੁਰਪ੍ਰਸਾਦਿ ਲਿਖਿਆ ਤੇ ਫਿਰ ਪੂਰਨ ਵਿਸ਼ਰਾਮ ਦੀਆਂ ਚਿੰਨ ਦੋ ਡੰਡੀਆਂ ਲਾ ਦਿੱਤੀਆਂ ਕਿ ਗੁਰੂ ਤੋਂ ਪਹਿਲਾਂ ਤਾਂ ਅਕਾਲ ਪੁਰਖ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ 'ਚ ਗੁਰੂ ਦੀ ਪ੍ਰਮੁੱਖਤਾ ਹੈ। ਗੁਰੂ ਤੋਂ ਬਿਨਾਂ ਸ੍ਰੇਸ਼ਟ ਬੁੱਧੀ ਨਹੀਂ ਮਿਲ ਸਕਦੀ। ਸੱਚਾ ਗੁਰੂ ਆਪਣੇ ਸਿੱਖ ਨੂੰ ਅਕਾਲ ਪੁਰਖ 'ਚ ਵਿਸ਼ਵਾਸ ਦੀ ਐਸੀ ਜੁਗਤਿ ਸਮਝਾਉਂਦਾ ਹੈ ਕਿ ਜਿਸ ਸਦਕਾ ਉਹ ਬਹਾਦਰੀ ਦੀ ਅਜਿਹੀ ਮਿਸਾਲ ਪੈਦਾ ਕਰਦਾ ਜੋ ਪਹਿਲਾ ਕਦੇ ਨਾ

---

42 ਭਾਈ ਕਾਨ੍ਹ ਸਿੰਘ ਨਾਭਾ, ਉਪਰੋਕਤ, ਮਹਾਨ ਕੋਸ਼, ਪੰ. 415.

43 ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੯੯.

44 ਉਹੀ, ੨੯੩.

ਵਾਪਰੀ ਹੋਵੇ ਕਿਉਕਿ ਇਹੀ ਵਿਸ਼ਵਾਸ ਬਹਾਦਰੀ ਨੂੰ ਜਨਮ ਦਿੰਦਾ ਹੈ ਜਿਸ ਬਾਰੇ ਨਿਰਮਲ ਕੁਮਾਰ ਜੈਨ ਲਿਖਦੇ ਹਨ, "ਅਕਾਲ ਪੁਰਖ ਵਿਚ ਡੂੰਘਾ ਵਿਸ਼ਵਾਸ਼ ਉਸਨੂੰ ਕਠਿਨ ਪਰਸਥਿਤੀਆਂ ਵਿਚੋਂ ਬਚਾ ਸਕਦਾ ਹੈ। ਸੱਚੇ ਵਿਸ਼ਵਾਸ਼ ਵਿਚੋਂ ਬਹਾਦਰੀ ਅਤੇ ਨਿਡਰਤਾ ਉਤਪੰਨ ਹੁੰਦੀ ਹੈ।"[45] ਸਿੱਖ ਸੂਰਮਿਆਂ ਦੀ ਗਾਥਾ ਤੋਂ ਪਤਾ ਚਲਦਾ ਹੈ ਕਿ ਸਿੱਖ ਕਦੇ ਵੀ ੴ ਤੋਂ ਵੱਖ ਨਹੀਂ ਹੁੰਦੇ ਭਾਵ ਉਹ ਸਰਵਸ਼ਕਤੀਮਾਨ ਅਕਾਲਪੁਰਖ ਨਾਲ ਨਿਰੰਤਰ ਸੰਵਾਦ ਵਿਚ ਰਹਿੰਦੇ ਹਨ। ਇਸੇ ਸੰਵਾਦ ਵਿਚੋਂ ਸਿੱਖ ਸੂਰਬੀਰਤਾ ਦਾ ਬੀਜ ਫੁਟਦਾ ਅਤੇ ਵਿਗਸਦਾ ਹੈ। ਗੁਰੂ ਦਾ ਰੁਤਬਾ ਸਿਰਮੌਰ ਹੈ। ੴ ਅਤੇ ਸਿੱਖ ਦੀ ਆਪਸੀ ਸਾਂਝ ਦੀ ਮੁਖ ਕੜੀ ਗੁਰੂ ਹੈ। ਇਸ ਲਈ ਸਿੱਖ ਸੂਰਮਗਤੀ ਦੇ ਮੁੱਖ ਸ੍ਰੋਤ ਵਜੋਂ ਗੁਰੂ ਹੀ ਸਾਰਥਕ ਹੁੰਦਾ ਹੈ। ਸੂਰਬੀਰਤਾ ਦਾ ਜਜ਼ਬਾ ਉਸ ਵਿਚੋਂ ਹੀ ਪੈਦਾ ਹੋਵੇਗਾ ਜੋ ਖੁਦ ਸੂਰਮਾ ਹੋਵੇ। ਗੁਰਬਾਣੀ ਇਹ ਗੱਲ ਸਿੱਧ ਕਰਦੀ ਹੈ ਕਿ ਗੁਰੂ ਅਕਾਲ ਪੁਰਖ ਦੀ ਤਰ੍ਹਾਂ ਹੀ ਸੂਰਬੀਰ ਹੈ;

ਹਰਿ ਹਰਿ ਨਾਮੁ ਧਿਆਇਆ ਭੇਟਿਆ ਗੁਰੁ ਸੂਰਾ॥[46]

ਗੁਰੂ ਸੂਰਮਾ ਇਸ ਕਰਕੇ ਹੈ ਕਿਉਂਕਿ ਗੁਰੂ ਨੇ ਵਿਕਾਰ ਰੂਪੀ ਵਿਰੋਧੀਆਂ ਉਪਰ ਚਿਰੰਕਾਲ ਲਈ ਜਿੱਤ ਪ੍ਰਾਪਤ ਕੀਤੀ ਹੈ ਇਸੇ ਕਰਕੇ ਉਹ ਸ਼ਰਨ ਦੇਣ ਵਾਲਾ ਅਤੇ ਕਰਨੀ ਅਤੇ ਕਥਨੀ ਵਿਚ ਪੱਕਾ ਰਹਿੰਦਾ ਹੈ ਜਿਸ ਤੋਂ ਸਿੱਖ ਹਮੇਸ਼ਾ ਬਲਿਹਾਰ ਜਾਂਦਾ ਹੈ;

ਹਉ ਬਲਿਹਾਰੀ ਸਤਿਗੁਰ ਪੂਰੇ॥ ਸਰਣਿ ਕੇ ਦਾਤੇ ਬਚਨ ਕੇ ਸੂਰੇ॥[47]

ਗੁਰੂ ਸੂਰਬੀਰਤਾ ਲਈ ਪ੍ਰੇਰਕ ਹੈ। ਗੁਰੂ ਦੇ ਨਾਮ ਮਾਤਰ ਸੁਣਨ ਨਾਲ ਸਿੱਖ ਬਲ ਨਾਲ ਭਰਪੂਰ ਹੁੰਦਾ ਹੈ। ਸਿੱਖਾਂ ਦੀ ਬੇਮਿਸਾਲ ਤਾਕਤ ਨੂੰ ਘਟਾਉਣ ਲਈ ਗੁਰੂ ਸ਼ਬਦ 'ਤੇ ਪਾਬੰਦੀ ਲਗਾਈ ਗਈ। ਸਿੱਖ ਪਰੰਪਰਾ ਅਨੁਸਾਰ ਅਠਾਰਵੀਂ ਸਦੀ ਵਿਚ ਹੀ ਗੁੜ ਲਈ ਰੋੜੀ ਸ਼ਬਦ ਦੀ ਵਰਤੋਂ ਆਰੰਭ ਹੋਈ। ਕਿਉਂਕਿ ਸਿੱਖਾਂ ਦਾ ਸ਼ਿਕਾਰ ਖੇਡਣ ਵਾਲੀ ਸਰਕਾਰ ਇਸ ਗੱਲ ਤੋਂ ਸੁਚੇਤ ਸੀ ਕਿ ਸਿੱਖ ਗੁਰੂ ਨਾਲ ਕਿਸ ਹੱਦ ਤੱਕ ਜੁੜੇ ਹੋਏ ਹਨ ਸੋ ਗੁੜ ਅਤੇ ਗੁਰ ਸ਼ਬਦ ਦੀ ਧੁਨੀਆਤਮਿਕ ਸਾਂਝ ਕਰਕੇ

45 Nirmal Kumar Jain (1979) Only a deeper faith in God can save us from Peril. True faith is born of courage and fearlessness." *Sikh Religion and Pholosophy,* Sterling, New Delhi, p.17

46 ਸ੍ਰੀ ਗੁਰੂ ਗ੍ਰੰਥ ਸਾਹਿਬ,੧੯੩.

47 ਉਹੀ, ੧੦੭੩.

ਸਰਕਾਰ ਨੇ ਗੁੜ ਦੀ ਥਾਂ ਰੋੜੀ ਸ਼ਬਦ ਪ੍ਰਚਲਨ ਵਿਚ ਲਿਆਂਦਾ ਤਾਂ ਕਿ ਕਿਸੇ ਸਿੱਖ ਦੇ ਕੰਨੀ ਭੁਲੇਖੇ ਨਾਲ ਵੀ ਗੁੜ ਦੀ ਥਾਂ ਗੁਰ ਨਾ ਪੈ ਜਾਵੇ। ਪਰ ਸਿੱਖ ਸੂਰਮਿਆਂ ਨੇ ਚੰਗੀ ਤਰ੍ਹਾਂ ਇਹ ਨਿਹਚਾ ਦ੍ਰਿੜ ਕੀਤਾ ਹੋਇਆ ਸੀ ਕਿ ਗੁਰੂ ਤੋਂ ਬਿਨਾਂ ਨਾ ਤਾਂ ਭਗਤੀ ਦੀ ਜਾਚ ਅਉਂਦੀ ਹੈ ਅਤੇ ਨਾ ਸ਼ਕਤੀ ਨੂੰ ਵਿਹਾਰਕ ਰੂਪ ਵਿਚ ਲਿਆਂਦਾ ਜਾ ਸਕਦਾ ਹੈ।

ਸਿੱਖ ਚਿੰਤਨ ਵਿਚ ਗੁਰੂ, ਅਕਾਲ ਪੁਰਖ ਅਤੇ ਸਿੱਖ ਇਕਮਿਕ ਹੋ ਜਾਂਦੇ ਹਨ। ਅੱਗੇ 1699 ਦੀ ਵਿਸਾਖੀ ਅਤੇ ਗੁਰੂ ਸਾਹਿਬ ਨੇ ਖਾਲਸਾ ਤੋਂ ਖੁਦ ਅੰਮ੍ਰਿਤਪਾਨ ਕਰਕੇ ਅਕਾਲ ਪੁਰਖ, ਗੁਰੂ, ਸਿੱਖ ਵਿਚਲੇ ਫਰਕ ਨੂੰ ਵਿਵਹਾਰਕ ਰੂਪ ਵਿਚ ਖਤਮ ਕਰ ਦਿੱਤਾ। ਇਸ ਲਈ ਗੁਰੂ ਅਤੇ ਸਿੱਖ ਦਾ ਦੁਵੱਲਾ ਪ੍ਰੇਮ ਆਪਸ ਵਿਚ ਬੱਝਿਆ ਰਹਿੰਦਾ ਹੈ। ਜਦੋਂ ਗੁਰੂ ਆਪਣੇ ਸਿੱਖ ਨੂੰ ਅਵਾਜ਼ ਮਾਰਦਾ ਹੈ ਤਾਂ ਸਿੱਖ ਪੂਰੇ ਉਤਸ਼ਾਹ ਨਾਲ ਗੁਰੂ ਵੱਲ ਦੌੜਦਾ ਹੈ। ਗੁਰੂ ਦੇ ਹੁਕਮ ਨੂੰ ਮੰਨ ਲੈਣ ਵਿਚ ਸਿੱਖ ਦੀ ਬਹਾਦਰੀ ਪ੍ਰਗਟ ਹੁੰਦੀ ਰਹੀ ਹੈ। ਉਦਾਹਰਣ ਵਜੋਂ ਜਦੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਸਮੇਂ ਮਤੀ ਦਾਸ ਜੀ ਤੋਂ ਅੰਤਿਮ ਇੱਛਾ ਪੁੱਛੀ ਤਾਂ ਭਾਈ ਸਾਹਿਬ ਜੀ ਨੇ ਕਿਹਾ ਕਿ ਮੇਰਾ ਮੁਖ ਮੇਰੇ ਗੁਰੂ ਵਲ ਹੋਣਾ ਚਾਹੀਦਾ ਹੈ। ਇਸੇ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਾਹਿਬ ਜੀ ਦੇ ਸਮੇਂ ਭਾਈ ਜੋਗਾ ਸਿੰਘ ਗੁਰੂ ਦੇ ਲਾਡਲੇ ਸਿੱਖ ਨੇ ਬੜੀ ਦਲੇਰੀ ਨਾਲ ਗੁਰੂ ਦਾ ਹੁਕਮ ਪੂਰਾ ਕੀਤਾ। "ਭਾਈ ਜੋਗੇ ਨੂੰ ਗੁਰੂ ਨੇ ਵਾਪਸ ਬੁਲਾਇਆ ਹੈ ਇਹ ਹੁਕਮ ਉਦੋਂ ਮਿਲਿਆ ਜਦੋਂ ਜੋਗਾ ਸਿੰਘ ਆਪਣੀਆਂ ਆਨੰਦ ਕਾਰਜ ਦੀਆਂ ਰਸਮਾਂ ਨਿਭਾ ਰਿਹਾ ਸੀ "ਪਰ ਤੀਸਰੀ ਲਾਂਵ ਲੈਂਦੇ ਸਮੇਂ ਇੱਕ ਸਿੰਘ ਹਲਕਾਰੇ ਰਾਂਹੀਂ ਅਨੰਦਪੁਰ ਵਾਪਸ ਮੁੜਨ ਦਾ ਹੁਕਮ ਪਹੁੰਚ ਗਿਆ ਕਲਗੀਧਰ ਦੇ ਅਖਰ ਵੇਖ ਕੇ ਜੋਗਾ ਸਿੰਘ ਵਿਆਹ ਨੂੰ ਅੱਧ-ਵਿਚਕਾਰੇ ਛੱਡ ਕੇ ਅਨੰਦਪੁਰ ਵੱਲ ਚੱਲ ਪਿਆ।"[48] ਸਿੱਖੀ ਪ੍ਰੇਮ ਦਾ ਮਾਰਗ ਹੈ ਪ੍ਰੰਤੂ ਇਸ ਮਾਰਗ 'ਤੇ ਚਲਣ ਦੇ ਚਾਹਵਾਨ ਨੂੰ ਸਿਰ ਤਲੀ 'ਤੇ ਧਰ ਕੇ ਆਉਣਾ ਪੈਂਦਾ ਹੈ;

ਜਉ ਤਉ ਪ੍ਰੇਮ ਖੇਲਣ ਕਾ ਚਾਉ ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥[49]

---

48 ਹਰਿੰਦਰ ਸਿੰਘ ਮਹਿਬੂਬ (2015) *ਸਹਿਜੇ ਰਚਿਓ ਖ਼ਾਲਸਾ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ਪੰ.383.

49 ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੧੨.

ਭਾਵ ਉਹਨਾਂ ਨੂੰ ਆਪਣੇ ਆਕੀਦੇ ਲਈ ਜਾਨ ਕੁਰਬਾਨ ਕਰਨੀ ਪਵੇਗੀ। ਇਹ ਪ੍ਰੇਮ ਸਿੱਖ ਨੂੰ ਆਪਣੇ ਗੁਰੂ ਤੋਂ ਅਤੇ ਧਰਮ ਤੋਂ ਆਪਣਾ ਆਪ ਵਾਰਨ ਲਈ ਪ੍ਰੇਰਿਤ ਕਰਦਾ ਹੈ ਅਤੇ ਗੁਰੂ ਵੀ ਆਪਣਾ ਆਪ ਨਿਛਾਵਰ ਕਰਨ ਲਈ ਤਿਆਰ-ਬਰ-ਤਿਆਰ ਰਹਿੰਦਾ ਹੈ। ਸਤਿਗੁਰੂ ਅਤੇ ਸਿੱਖ ਵਿਚਕਾਰ ਦੁਵੱਲਾ ਪ੍ਰੇਮ-ਪਿਆਰ ਜਿਵੇਂ ਧੁਰੋਂ ਹੀ ਬਣਿਆ ਹੋਇਆ ਹੁੰਦਾ ਹੈ। ਸੁਖਮਨੀ ਸਾਹਿਬ ਬਾਣੀ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਤਿਗੁਰੂ ਦਾ ਪੱਖ ਪੇਸ਼ ਕੀਤਾ ਹੈ ਕਿ ਗੁਰੂ ਸਿੱਖ ਨੂੰ ਕਿਵੇਂ ਪਿਆਰ ਕਰਦਾ ਹੈ;

ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ॥

ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ॥50

ਸਿੱਖ ਸੂਰਬੀਰਤਾ ਦਾ ਮੁਖ ਅਧਾਰ ਗੁਰੂ ਅਤੇ ਸਿੱਖ ਦਾ ਆਪਸੀ ਦੁਵੱਲਾ ਪ੍ਰੇਮ ਹੈ। ਗੁਰੂ ਸਿੱਖ ਨੂੰ ਦਿਲੋਂ ਪਿਆਰ ਕਰਦਾ ਹੈ ਅਤੇ ਸਿੱਖ ਪੂਰਨ ਵਿਸ਼ਵਾਸ ਨਾਲ ਗੁਰੂ ਨੂੰ ਸਮਰਪਿਤ ਹੁੰਦਾ ਹੈ ਤਾਂ ਸਿੱਖ ਆਪਣਾ ਤਨ, ਮਨ ਅਤੇ ਧਨ ਗੁਰੂ ਨੂੰ ਸੌਂਪ ਦਿੰਦਾ ਹੈ। ਇਉਂ ਉਹ ਸੂਰਬੀਰਤਾ ਦੇ ਮੁੱਖ ਤੱਤ ਆਤਮਕ-ਅਡੋਲਤਾ ਨੂੰ ਸਹਿਜੇ ਹੀ ਪ੍ਰਾਪਤ ਕਰ ਲੈਂਦਾ ਹੈ;

ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ॥[51]

ਭਾਵ ਸਿੱਖ ਆਪਣੇ ਸੱਚੇ ਗੁਰੂ ਲਈ ਇਸ ਤਰ੍ਹਾਂ ਸਮਰਪਨ ਹੁੰਦਾ ਹੈ ਕਿ ਲੋੜ ਪੈਣ ’ਤੇ ਜੇ ਆਪਣਾ ਆਪਾ ਵੀ ਵਾਰਨਾ ਪਵੇ ਤਾਂ ਰੱਤੀ ਭਰ ਵੀ ਡੋਲਦਾ ਨਹੀਂ। ਜਦੋਂ ਸਿੱਖ ਦੇ ਅੰਦਰ ਅਜਿਹੀ ਦ੍ਰਿੜ੍ਹਤਾ ਵਾਲੀ ਭਾਵਨਾ ਘਰ ਕਰ ਜਾਵੇ ਤਾਂ ਉਹ ਸਿੱਖ ਕਿਸੇ ਵੀ ਹਾਲਤ ਵਿਚ ਹੋਵੇ ਹਮੇਸ਼ਾ ਹੀ ਚੜ੍ਹਦੀ ਕਲਾ ’ਚ ਅਤੇ ਵਿਗਾਸ ਵਿਚ ਰਹਿੰਦਾ ਹੈ ਅਤੇ ਅੱਤਿਆਚਾਰ ਵਿਰੁੱਧ, ਗਰੀਬ ਦੀ ਰੱਖਿਆ ਦੇ ਲਈ, ਸੱਚ ਲਈ ਆਪਣਾ ਆਪ ਵਾਰਨ ਨੂੰ ਪਹਿਲ ਦਿੰਦਾ ਹੈ ਅਤੇ ਆਪਣੇ ਗੁਰੂ ਨੂੰ ਅੰਗ-ਸੰਗ ਮਹਿਸੂਸ ਕਰਦਾ ਹੈ;

ਸੋ ਸਤਿਗੁਰੁ ਪਿਆਰਾ ਮੇਰੈ ਨਾਲਿ ਹੈ ਜਿਥੈ ਕਿਥੈ ਮੈਨੋ ਲਏ ਛਡਾਈ॥

ਤਿਸੁ ਗੁਰ ਕਉ ਸਾਬਾਸਿ ਹੈ ਜਿਨਿ ਹਰਿ ਸੋਝੀ ਪਾਈ॥[52]

---

50 ਉਹੀ, ੨੮੬.

51 ਉਹੀ, ੭੫੭.

52 ਉਹੀ, ੫੮੮.

ਸਿੱਖ ਸੂਰਬੀਰਤਾ ਦੀ ਅਸਚਰਜਤਾ ਉਦੋਂ ਪ੍ਰਗਟ ਹੋਈ ਜਦੋਂ ਗੁਰੂ ਨੇ ਆਪਣੀ ਬੰਦੂਕ ਦੀ ਗੋਲ਼ੀ ਦਾ ਨਿਸ਼ਾਨਾ ਪਰਖਣ ਲਈ ਵੀ ਜੇ ਆਪਣੇ ਸਿੱਖ ਨੂੰ ਬੰਦੂਕ ਅੱਗੇ ਹੋਣ ਲਈ ਆਖਿਆ ਤਾਂ ਸਿੱਖ ਮੌਤ ਤੋਂ ਬੇਪਰਵਾਹ ਹੋ ਕੇ ਇੱਕ ਦੂਸਰੇ ਤੋਂ ਪਹਿਲਾਂ ਗੋਲ਼ੀ ਅੱਗੇ ਖੜ੍ਹਨ ਲਈ ਉਹ ਆਪੇ ਵਿਚ ਹੀ ਲੜ ਪੈਂਦੇ ਹਨ। ਇਸ ਸੂਰਬੀਰਤਾ ਦੀ ਪਰਖ ਉਦੋਂ ਹੁੰਦੀ ਹੈ ਜਦੋਂ ਡੱਲੇ ਨੂੰ ਆਵਾਜ਼ ਮਾਰ ਕੇ ਗੁਰੂ ਗੋਬਿੰਦ ਸਿੰਘ ਜੀ ਬੋਲੇ "ਡੱਲਿਆ ਤੂੰ ਆਪਣੇ ਸੂਰਬੀਰਾਂ ਵਿੱਚੋਂ ਚੁਣੇ ਹੋਏ ਯੋਧੇ ਮੇਰੇ ਸਾਹਮਣੇ ਖੜੇ ਕਰ, ਉਨ੍ਹਾਂ ਪਰ ਇਹ ਬੰਦੂਕ ਚਲਾ ਕੇ ਪਰਖੀ ਜਾਵੇ ਦੇਖੀਏ ਗੋਲ਼ੀ ਦੋਹਾਂ ਵਿੱਚੋਂ ਨਿਕਲਦੀ ਹੈ ਕਿ ਨਹੀਂ। ਇਹ ਸੁਣ ਕੇ ਡੱਲੇ ਦੇ ਸਭ ਸੂਰਮੇ ਭੱਜ ਨਿਕਲੇ। ਦੂਜੇ ਪਾਸੇ ਜਦੋਂ ਗੁਰੂ ਨੇ ਮੇਵੜੇ ਨੂੰ ਹੁਕਮ ਦਿੱਤਾ ਜਾਂ ਬਾਹਰੋਂ ਸਿੱਖਾਂ ਨੂੰ ਇਸ ਪਰਖ ਲਈ ਬੁਲਾਵੇ ਉਦੋਂ ਇਹ ਹੁਕਮ ਸੁਣਦੇ ਸਾਰ ਦੋ ਮਜ਼ਬੀ ਸਿੱਖ ਦਸਤਾਰ ਸਜਾਉਂਦੇ ਅੱਧ ਵਿੱਚੋਂ ਹੀ ਦੌੜ ਆਏ ਗੁਰੂ ਕੇ ਸਨਮੁੱਖ ਆ ਖੜੇ ਹੋਏ ਇੱਕ ਦੂਜੇ ਨੂੰ ਧੱਕਾ ਮਾਰ ਕੇ ਪਿੱਛਾ ਹਾਂ ਕਹੇ ਤੇ ਆਪ ਅੱਗੇ ਹੋ ਕੇ ਆਖੇ ਕਿ ਗੁਰੂ ਜੀ ਮੈਂ ਪਹਿਲਾਂ ਆਇਆ ਮੈਨੂੰ ਪਹਿਲੇ ਆਪਣੀ ਬੰਦੂਕ ਦਾ ਨਿਸ਼ਾਨਾ ਕਰੋ।"[53] ਸੋ ਗੁਰੂ ਅਤੇ ਸਿੱਖਾਂ ਦਾ ਆਪਸੀ ਪ੍ਰੇਮ ਸਿੱਖ ਸੂਰਬੀਰਤਾ ਦੇ ਰੂਪ ਵਿਚ ਬੇਮਿਸਾਲ ਨਿਧੜਕ ਮਰਜੀਵੜਿਆਂ ਦੀ ਉਤਪਤੀ ਦਾ ਰਹੱਸ ਹੈ। ਅਜਿਹੇ ਵਿਸ਼ਵਾਸ ਧਾਰਨੀ ਸਿੱਖ ਇਤਿਹਾਸ ਵਿਚ ਬੇਅੰਤ ਹਨ। ਸਮਰੱਥ ਗੁਰੂ ਅਤੇ ਸੂਰਬੀਰਤਾ ਦੀਆਂ ਵਿਲੱਖਣ ਮਿਸਾਲਾਂ ਵਿਚੋਂ ਇਕ ਉਦਾਹਰਨ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਕਾਫੀ ਹੈ। ਭਾਈ ਬਚਿੱਤਰ ਸਿੰਘ ਜੀ ਗੁਰੂ ਦੇ ਥਾਪੜੇ ਸਦਕਾ ਮਸਤ ਹਾਥੀ ਨਾਲ ਟੱਕਰ ਲੈਂਦਾ ਹੋਇਆ ਸਿੰਘ ਮਸਤ ਹਾਥੀ 'ਤੇ ਭਾਰੂ ਪੈਂਦਾ ਹੈ ਜੋ ਸ਼ਰਾਬ ਦੇ ਨਸ਼ੇ ਵਿਚ ਸਿਪਾਹੀਆਂ ਨੂੰ ਲਿਤਾੜਨ ਅਤੇ ਕਿਲ੍ਹੇ ਦਾ ਦਰਵਾਜਾ ਤੋੜਨ ਲਈ ਅੱਗੇ ਵਧ ਰਿਹਾ ਸੀ। ਪੂਰਨ ਵਿਸ਼ਵਾਸ ਅੰਤਮ ਸੱਚਾਈ ਨਾਲ ਇਕਮਿਕ ਹੋਣ ਦਾ ਸਰਵਉਚ ਮਾਧਿਅਮ ਹੈ ਅਤੇ ਗੁਰੂ ਅਤੇ ਸਿੱਖ 'ਚ ਦੁਵੱਲਾ ਵਿਸ਼ਵਾਸ ਹੁੰਦਾ ਹੈ ਕਿ ਗੁਰੂ ਹਰ ਮੁਸੀਬਤ 'ਚ ਉਸ ਦੇ ਅੰਗ-ਸੰਗ ਹੋ ਕੇ ਰੱਖਿਆ ਕਰਦਾ ਹੈ। ਸਿੱਖ ਦੋਵੇਂ ਵਖਤ ਅਰਦਾਸ ਕਰਦਾ ਹੈ ਕਿ ਸਿੱਖ ਖਾਲਸਾ ਜਿੱਥੇ ਵੀ ਹੋਵੇ ਗੁਰੂ ਉਥੇ ਹੀ ਉਸਦੀ ਰੱਖਿਆ ਅਤੇ ਰਿਆਇਤ ਕਰੇ ਪਰ ਸਿੱਖ ਉਪਰ ਵੀ ਬਿਕਾਰ ਸੇ ਹਾਟੇ ਦੀ ਅਤੇ 'ਰਹਿਤ ਪਿਆਰੀ ਮੁਝ ਕੋ ਸਿਖ ਪਿਆਰਾ ਨਾਹੀ' ਦੀ ਚੇਤਾਵਨੀ ਵੀ ਲੱਗੀ ਹੋਈ ਹੈ। ਗੁਰੂ ਦੀ ਕਾਰ ਵਿਚ ਰਹਿੰਦਾ ਸਿੱਖ ਕਿਤੇ ਵੀ ਵਿਚਰੇ ਗੁਰੂ ਉਸ ਦੀ

---

53 ਗਿਆਨੀ ਗਿਆਨ ਸਿੰਘ (2011) ਉਪਰੋਕਤ, *ਤਵਾਰੀਖ ਗੁਰੂ ਖਾਲਸਾ- ਭਾਗ-1,* ਭਾਸ਼ਾ ਵਿਭਾਗ ਪੰਜਾਬ, ਪੰ. 1064.

ਸਾਰ ਹਮੇਸ਼ਾਂ ਲੈਂਦਾ ਹੈ। ਉਸ ਨੂੰ ਪ੍ਰਤੱਖ ਆਸਰਾ ਦਿੰਦਾ ਹੈ। ਗੁਰੂ ਦੀ ਟੇਕ ਵਿਚ ਸਿੱਖ ਜ਼ੁਲਮ ਨੂੰ ਖਤਮ ਕਰਨ ਲਈ ਲੱਖਾਂ ਵੈਰੀਆਂ ਸਾਹਮਣੇ ਚਾਉ ਨਾਲ ਉਠ ਖੜੋਂਦਾ ਹੈ। ਉਸਦਾ ਇਹ ਨਿਹਚਾ ਹੁੰਦਾ ਹੈ ਕਿ ਜੇ ਗੁਰੂ ਉਸ ਦੇ ਵੱਲ ਹੈ ਤਾਂ ਲੱਖਾਂ ਬਾਹਾਂ ਹਥਿਆਰ ਫੜ ਕੇ ਮੇਰਾ ਮੁਕਾਬਲਾ ਕਰਨ ਤਾਂ ਵੀ ਉਸ ਦਾ ਵਾਲ ਵਿੰਗਾ ਨਹੀਂ ਹੋ ਸਕਦਾ;

ਜਾਮਿ ਗੁਰੂ ਹੋਇ ਵਲਿ ਲਖ ਬਾਹੇ ਕਿਆ ਕਿਜਇ॥[54]

ਭਾਵ ਗੁਰੂ ਆਪਣੇ ਸਿੱਖ ਨੂੰ ਆਤਮਿਕ ਬਲ ਬਖਸ਼ ਕੇ ਸਰੀਰਕ ਬਣਤਰ 'ਚ ਉੱਚਾ ਚੁੱਕਦਾ ਹੈ। ਗੁਰੂ ਪ੍ਰਤੀ ਸ਼ਰਧਾ ਸਰੀਰ ਦੇ ਰਸਾਇਣ ਬਦਲ ਦਿੰਦਾ ਹੈ। ਚਿੜੀਆਂ ਬਾਜ ਨਾਲ ਟੱਕਰ ਲੈਣ ਦੇ ਸਮਰੱਥ ਹੋ ਜਾਂਦੀਆਂ ਹਨ। ਚਮਕੌਰ ਦੀ ਗੜ੍ਹੀ 'ਚ ਅਜਿਹਾ ਹੀ ਵਾਪਰਿਆ ਅਕਾਲ ਪੁਰਖ ਅਤੇ ਸਿੱਖ ਦੇ ਤਿੰਨ ਤਰਫਾ ਰਿਸ਼ਤੇ ਦੀ ਵਿਚਾਰ ਤੋਂ ਉਜਾਗਰ ਹੁੰਦਾ ਹੈ ਕਿ, ਪਹਿਲਾ ਸਰਬ ਸ਼ਕਤੀ ਦਾ ਸੋਮਾ ਹੈ ਦੂਸਰਾ ਉਸ ਨਾਲ ਇਕ-ਮਿਕ ਹੈ ਅਤੇ ਤੀਸਰਾ ਦੂਸਰੇ ਦੇ ਲੜ ਲਗ ਕੇ ਦੋਹਾਂ ਵਿਚ ਅਭੇਦ ਹੋ ਸਕਦਾ ਹੈ। ਗੁਰੂ ਅਕਾਲ ਪੁਰਖ ਦੇ ਗੁਣਾਂ ਨੂੰ ਲਿਖਤ ਅਤੇ ਵਿਹਾਰ ਵਿਚ ਉਦਾਹਰਣੀ ਰੂਪ ਵਿਚ ਸੰਸਾਰ ਸਨਮੁੱਖ ਰੱਖਦਾ ਹੈ। ਸਿਰ ਤਲੀ ’ਤੇ ਧਰ ਕੇ ਆਉਣ ਵਾਲਿਆ ਨੂੰ ਗੁਰੂ ਪ੍ਰੇਮ ਦੀ ਖੇਲ ਖੇਲਣੀ ਸਿਖਾਉਂਦਾ ਹੈ ਅਤੇ ਜਿਹੜੇ ਸਿੱਖ ਲੈਂਦੇ ਹਨ ਉਹ ਪ੍ਰਭ ਪਾ ਲੈਂਦੇ ਹਨ। ਉਹ ਖਾਲਸੇ, ਅਕਾਲ ਪੁਰਖ ਅਤੇ ਅਕਾਲ ਪੁਰਖ ਉਹਨਾਂ ਦਾ ਹੋ ਜਾਂਦਾ ਹੈ ਉਹ ਜਿੱਥੇ ਜਾਂਦੇ ਹਨ ਸੁਹੇਲੇ ਰਹਿੰਦੇ ਹਨ ਫਤਹਿ ਪ੍ਰਾਪਤ ਕਰਦੇ ਹਨ ਅਤੇ ਇਹ ਫਤਹਿ ਅਕਾਲ ਪੁਰਖ ਦੀ ਹੀ ਹੁੰਦੀ ਹੈ ਅਤੇ ਕਰੋੜਾਂ ਵਿਚੋਂ ਕੋਈ ਇਕ ਨਾਰਾਇਣ ਵਰਗਾ ਹਿਰਦਾ ਰੱਖਦਾ ਹੈ ਜੋ ਨਾ ਤਾਂ ਡਰਦਾ ਹੈ ਕਿਉਂਕਿ ਉਸ ਨੂੰ ਅਕਾਲ ਪੁਰਖ ਦੀ ਸ਼ਰਨ ਹੈ ਅਤੇ ਨਾ ਹੀ ਭੈ ਦਿੰਦਾ ਹੈ ਕਿਉਂਕਿ ਭੈ ਦੇਣਾ ਜਾਂ ਕੌੜਾ ਬੋਲਣਾ ਅਕਾਲ ਪੁਰਖ ਦੇ ਸੁਭਾਅ ਵਿਚ ਹੀ ਨਹੀਂ ਹੈ ਇਸ ਪ੍ਰਕਾਰ ਯੋਧਾ ਸਿਰਫ ਇੱਕ ਹੀ ਬਰ ਮੰਗਦਾ ਹੈ ਕਿ ਉਹ ਰਣ ਵਿਚ ਜੂਝਦਾ ਮਰੇ ਅਤੇ ਸ਼ੁਭ ਕਰਮ ਕਰਨ ਤੋਂ ਟਲੇ ਨਾ। ਇਹੀ ਸੂਰਬੀਰਤਾ ਹੈ, ਸੂਰਬੀਰ ਹੈ। ਗੁਰੂ ਨੂੰ ਜੇ ਘੁਮਿਆਰ/ਲੋਹਾਰ/ਸੁਨਿਆਰ ਮੰਨਿਆ ਜਾਵੇ ਤਾਂ ਸਤਸੰਗਤਿ ਨਿਸ਼ਚਿਤ ਹੀ ਉਸਦੀ ਕਾਰਜਸ਼ਾਲਾ ਹੈ। ਜਿਸ ਕਾਰਜਸ਼ਾਲਾ ਵਿਚ ਸਿੱਖ ਦੀ ਸ਼ਖਸੀਅਤ ਹੋਰ ਨਿਖਰਦੀ ਹੈ। ਅਗਲੇ ਪੈਰਿਆਂ ਵਿਚ ਸਿੱਖ

54 ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੯੯.

ਸੂਰਬੀਰਤਾ ਦੀ ਟਕਸਾਲ ਸਤਸੰਗਤਿ ਦੀ ਸੂਰਬੀਰਤਾ ਨੂੰ ਉਘਾੜਨ ਵਿਚਲੀ ਭੂਮਿਕਾ ਦੀ ਸੰਖੇਪ ਵਿਚਾਰ ਕੀਤੀ ਗਈ ਹੈ :

## 2.3 ਸਤਸੰਗਤਿ

ਸੰਗਤ ਮਨੁੱਖ ਨੂੰ ਉਸਦੇ ਸਮਾਜਕ ਸਰੋਕਾਰ ਨਾਲ ਜੋੜਦੀ ਹੈ ਅਤੇ ਅਧਿਆਤਮਕ ਤਾਕਤ ਬਖਸ਼ਦੀ ਹੈ। ਇਹ ਸੂਰਬੀਰਤਾ ਦੇ ਵਿਕਾਸ ਦਾ ਮੁੱਖ ਸਾਧਨ ਹੈ। "ਜਿਸ ਤਰ੍ਹਾਂ ਅਕਾਲ ਪੁਰਖ ਵਲੋਂ ਸਥਾਪਤ ਹਸਤੀ, ਗੁਰੂ ਮਨੁੱਖੀ ਸ਼ਖ਼ਸੀਅਤ ਨੂੰ ਸਵਾਰਨ ਵਾਸਤੇ ਮੁੱਖ ਸ੍ਰੋਤ ਹੈ। ਇਸੇ ਤਰ੍ਹਾਂ ਗੁਰੂ ਦੁਆਰਾ ਸਥਾਪਤ ਕੀਤਾ ਹੋਇਆ ਸਾਧਨ ਸੰਗਤਿ ਵੀ ਇੱਕ ਮਹੱਤਵਪੂਰਨ ਸਾਧਨ ਹੈ।"[55] ਰਤਨ ਸਿੰਘ ਜੱਗੀ ਅਨੁਸਾਰ, "ਸਤਿ-ਸੰਗਤਿ ਤੋਂ ਭਾਵ ਹੈ ਭਗਤੀ ਦੇ ਸਾਧਨਾ-ਮਾਰਗ ਉੱਤੇ ਸ੍ਰੇਸ਼ਠ ਜਾਂ ਆਦਰਸ਼ ਵਿਅਕਤੀਆਂ ਦਾ ਸਾਥ ਅਤੇ ਸੋਧ ਹੈ।"[56] ਸਤਸੰਗਤਿ "ਉਹ ਅਸਥਾਨ ਜਿਥੇ ਸਤਯਵਾਦੀ ਪੁਰਸ਼ ਇੱਕਤਰ ਹੋ ਕੇ ਹਰੀ ਪ੍ਰਭੂ ਦੀ ਕਥਾ ਵਾਰਤਾ ਕਰਦੇ ਅਤੇ ਕਰਵਾਉਂਦੇ ਹਨ ਜਿੱਥੇ ਬੈਠ ਕੇ ਵਹਿਗੁਰੂ ਦੀ ਸਿਫਤਿ ਸਾਲਾਹ ਕੀਤੀ ਜਾਵੇ ਜਿਸ ਇਕੱਤਰਤਾ ਵਿਚ ਕੇਵਲ ਵਾਹਿਗੁਰੂ ਕੀ ਕੀਰਤੀ ਕੀਤੀ ਜਾਵੇ।"[57] ਇਸੇ ਤਰ੍ਹਾਂ ਦੀਵਾਨ ਸਿੰਘ ਲਿਖਦੇ ਹਨ, "ਗੁਰ ਸੰਗਤਿ ਜਾਂ ਸਾਧ ਸੰਗਤ ਗੁਰੂ ਦੀ ਜ਼ਾਹਰੀ ਸ਼ਕਤੀ ਹੈ।"[58] ਸਿੱਖਾਂ ਦੇ ਮਨ ਦੀ ਪਵਿੱਤਰਤਾ ਦੇ ਲਈ ਸਤਸੰਗਤਿ ਕਰਨੀ ਪ੍ਰਮੁੱਖ ਪ੍ਰਕ੍ਰਿਆ ਹੈ। ਸਤਸੰਗਤਿ ਦੇ ਸਦਕਾ ਸਿੱਖ ਅੰਦਰੋਂ ਅਤੇ ਬਾਹਰੋਂ ਬਲਵਾਨ ਬਣਦਾ ਹੈ। ਗੁਰਬਾਣੀ ਵਿਚਲਾ ਸਤਸੰਗਤਿ ਦਾ ਫਲਸਫਾ ਸਿੱਖ ਦੀ ਜੀਵਨ-ਸ਼ੈਲੀ ਨੂੰ ਪਵਿੱਤਰ ਬਣਾਈ ਰੱਖਦਾ ਹੈ। ਗੁਰਮਤਿ ਅਨੁਸਾਰ ਸਤਿਸੰਗਤਿ ਦੀ ਪਰਿਭਾਸ਼ਾ ਇਸ ਤਰ੍ਹਾਂ ਹੈ;

ਸਤਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥
ਏਕੋ ਨਾਮੁ ਹੁਕਮੁ ਹੈ ਸਤਿਗੁਰਿ ਦੀਆ ਬੁਝਾਇ ਜੀਉ॥[59]

---

55 ਸਮਸ਼ੇਰ ਸਿੰਘ (1995) *ਸਿੱਖ ਧਰਮ ਵਿੱਚ ਆਦਰਸ਼ ਮਨੁੱਖ ਦਾ ਸੰਕਲਪ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ.113.

56 ਰਤਨ ਸਿੰਘ ਜੱਗੀ, ਉਪਰੋਕਤ, *ਗੁਰੂ ਗ੍ਰੰਥ ਵਿਸ਼ਵ ਕੋਸ਼,* ਪੰ. 406.

57 ਸੰਤਾ ਸਿੰਘ ਤਾਤਲੇ (1998), *ਗੁਰਬਾਣੀ ਤੱਤ-ਸਾਗਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ,ਅੰਮ੍ਰਿਤਸਰ ਪੰ.* 445.

58 ਦੀਵਾਨ ਸਿੰਘ (1988) *ਸਿੱਖ ਧਰਮ ਬਾਰੇ,* ਪੰਜਾਬੀ ਰਾਈਟਰਜ਼, ਲੁਧਿਆਣਾ ਪੰ. 25.

59 ਸ੍ਰੀ ਗੁਰੂ ਗ੍ਰੰਥ ਸਾਹਿਬ, ੭੨.

ਸਤਿਸੰਗਤ ਵਿਚੋਂ ਜਿੱਥੇ ਸਿੱਖ ਸੂਰਮੇ ਨੈਤਿਕ ਤੇ ਅਧਿਆਤਮਕ ਬਲ ਹਾਸਲ ਕਰਦੇ ਹਨ ਉਥੇ ਹੀ ਇਹ ਸੂਰਮਿਆਂ ਦੀ ਸਰੀਰਕ ਤਾਕਤ ਨੂੰ ਧਰਮ ਦੇ ਆਸ਼ੇ ਅਧੀਨ ਰੱਖ ਕੇ ਸਰਬੱਤ ਦੇ ਭਲੇ ਲਈ ਪ੍ਰੇਰਿਤ ਕਰਦੀ ਹੈ। ਸਤਿਸੰਗਤ ਅਕਾਲ ਪੁਰਖ ਦੇ ਗੁਣਾਂ ਨੂੰ ਧਾਰਨ ਕਰਨ ਲਈ ਸੱਚੇ ਗੁਰੂ ਦੀ ਸ਼ਰਣ ਵਿਚ ਰਹਿਣ ਦੀ ਪ੍ਰੇਰਨਾ ਦਿੰਦੀ ਹੈ। ਸਤਿਸੰਗਤ ਸੂਰਮੇ ਦੇ ਮਨ ਵਿੱਚੋਂ ਡਰ ਦੀ ਭਾਵਨਾ ਨੂੰ ਖਤਮ ਕਰਨ ਵਿਚ ਸਹਾਈ ਹੁੰਦੀ ਹੈ। ਇਸ ਲਈ ਸੰਗਤ ਸੂਰਮੇ ਦੇ ਗੁਣਾ ਨੂੰ ਆਤਮਗਤ ਕਰਨ ਲਈ ਇਕ ਪ੍ਰਭਾਵਸ਼ਾਲੀ ਸਿਖਲਾਈ ਕੇਂਦਰ ਅਤੇ ਪ੍ਰਕਿਰਿਆ ਹੈ। ਸਤਿਸੰਗਤ ਸੂਰਬੀਰਤਾ ਦੇ ਗੁਣਾਂ ਦੇ ਰੁਖ ਨੂੰ ਵਿਉਂਤਦੀ ਹੈ ਭਾਵ ਸਤਿਸੰਗਤ ਯੋਧਿਆਂ ਨੂੰ ਨਿਜ ਤੋਂ ਸਮਾਜ ਨਾਲ ਜੁੜਨ ਵਿਚ ਸਾਰਥਕ ਭੂਮਿਕਾ ਨਿਭਾਉਂਦੀ ਹੈ। ਸਤਿਸੰਗਤ ਵਿਚ ਸਭ ਔਗੁਣ ਨਾਸ਼ ਹੁੰਦੇ ਹਨ ਅਤੇ ਮਨ ਪਵਿੱਤਰ ਹੁੰਦਾ ਹੈ ਇਥੋਂ ਤੱਕ ਕਿ ਸਤਸੰਗਤ ਡਰਪੋਕ ਵਿਅਕਤੀ ਅੰਦਰ ਅਜਿਹੀ ਤਾਕਤ ਪੈਦਾ ਕਰਦੀ ਹੈ ਕਿ ਉਹ ਬਹਾਦਰੀ ਦੇ ਬੇਮਿਸਾਲ ਪੂਰਨੇ ਪਾਉਣ ਲਈ ਹਰ ਸਮੇਂ ਤਿਆਰ-ਬਰ ਤਿਆਰ ਰਹਿੰਦਾ ਹੈ। ਗੁਰਬਾਣੀ ਸਤਸੰਗਤ ਦੇ ਪ੍ਰਭਾਵ ਬਾਰੇ ਚਾਨਣਾ ਪਾਉਂਦੀ ਹੈ;

ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ॥

ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ॥

ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ॥

ਮੈਲ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ॥[60]

ਸਿੱਖ ਇਸ ਪ੍ਰਭਾਵ ਪ੍ਰਤੀ ਆਪਣਾ ਦ੍ਰਿੜ ਨਿਸ਼ਚਾ ਕਾਇਮ ਰੱਖਦਾ ਹੈ। ਇਸ ਲਈ ਅਕਾਲ ਪੁਰਖ ਅਤੇ ਗੁਰੂ ਦੇ ਅਹਿਸਾਸ ਨੂੰ ਰੋਜ਼ਾਨਾ ਸਤਿਸੰਗਤ ਰਾਹੀਂ ਮਾਣਿਆ ਜਾ ਸਕਦਾ ਹੈ;

ਸਤਸੰਗਤਿ ਮਹਿ ਹਰਿ ਹਰਿ ਵਸਿਆ

ਮਿਲਿ ਸੰਗਤਿ ਹਰਿ ਗੁਨ ਜਾਨ॥

ਵਡੈ ਭਾਗਿ ਸਤਸੰਗਤਿ ਪਾਈ

ਗੁਰੁ ਸਤਿਗੁਰੁ ਪਰਸਿ ਭਗਵਾਨ॥[61]

---

60 ਉਹੀ, ੮੦੯.

61 ਉਹੀ, ੧੩੩੫.

ਸਤਿਸੰਗਤ ਵਿਚ ਉਸੇ ਤਰ੍ਹਾਂ ਦੀ ਸਮਰੱਥਾ ਰਹਿੰਦੀ ਹੈ ਜਿਸ ਤਰ੍ਹਾਂ ਸਰਵਸ਼ਕਤੀਮਾਨ ਅਕਾਲ ਪੁਰਖ ਦੀ ਹਸਤੀ ਹੈ। ਗੁਰੂ ਆਪਣੀ ਬਾਣੀ ਨਾਲ ਵਿਅਕਤੀ ਅੰਦਰ ਨਿਰਭਉ ਅਤੇ ਨਿਰਵੈਰ ਦੀ ਭਾਵਨਾ ਦਾ ਸਿਧਾਂਤ ਦ੍ਰਿੜ ਕਰਵਾਉਂਦਾ ਹੈ ਉਸੇ ਤਰ੍ਹਾਂ ਦੀ ਭਾਵਨਾ ਦੀ ਭੂਮਿਕਾ ਸਤਿਸੰਗਤ ਨਿਭਾਉਂਦੀ ਹੈ। ਕਿਉਂਕਿ ਸਤਸੰਗਤਿ ਸਤਗੁਰੂ ਦੀ ਹਾਜ਼ਰੀ ਨਾਲ ਬਣਦੀ ਹੈ। ਗੁਰੂ ਸੰਗਤ ਵਿਚ ਹਾਜ਼ਰ ਹੁੰਦਾ ਹੈ ਇਸ ਕਰਕੇ ਇਸ ਵਿਚ ਰੂਹਾਨੀ ਤਾਕਤ ਹੁੰਦੀ ਹੈ। ਸਤਸੰਗਤਿ ਕੇਵਲ ਭਗਤੀ ਕਰਨ ਵਾਲਿਆਂ ਦਾ ਇਕੱਠ ਹੀ ਨਹੀਂ ਹੁੰਦਾ ਸਗੋਂ ਲੋੜ ਪੈਣ ਉੱਤੇ ਗੁਰੂ ਤੋਂ ਬਾਅਦ ਸਤਸੰਗਤਿ ਕੌਮ ਦੀ ਯੋਗ ਅਗਵਾਈ ਵੀ ਕਰਦੀ ਹੈ।

ਸਿੱਖ ਇਤਿਹਾਸ ਵਿਚ ਸਤਸੰਗਤਿ ਨੇ ਸਰਬੱਤ ਖਾਲਸਾ ਦਾ ਰੂਪ ਧਾਰ ਕੇ ਸਿੱਖ ਸੂਰਬੀਰਤਾ ਦੇ ਪ੍ਰਵਾਹ ਨੂੰ ਚਲਾਏਮਾਨ ਰੱਖਿਆ ਹੈ। ਭਗਤੀ ਅਤੇ ਸ਼ਕਤੀ ਆਪਸ ਵਿਚ ਇਕਮਿਕ ਰਹਿੰਦੇ ਹਨ। ਜਿਸ ਤਰ੍ਹਾਂ ਮੀਰੀ-ਪੀਰੀ ਦਾ ਸੰਕਲਪ ਭਗਤੀ ਅਤੇ ਸ਼ਕਤੀ ਦੋਨਾਂ ਦੀ ਆਪਸੀ ਸੁਮੇਲਤਾ ਨੂੰ ਦਰਸਾਉਂਦਾ ਹੈ ਇਸੇ ਤਰ੍ਹਾਂ ਸਤਸੰਗਤਿ ਅਤੇ ਸਰਬੱਤ ਖਾਲਸਾ ਇਕੋ ਸਿੱਕੇ ਦੇ ਦੋ ਪਹਿਲੂ ਹਨ। ਜਿਸ ਵਿਚ ਸਤਸੰਗਤਿ ਭਗਤੀ ਭਾਵ ਅਧਿਆਤਮ ਉਨਤੀ ਦਾ ਮਾਧਿਅਮ ਅਤੇ ਸਰਬੱਤ ਖਾਲਸਾ ਸ਼ਕਤੀ ਦਾ ਪ੍ਰਤੀਕ ਹੈ। ਇਸ ਲਈ ਸਰਬੱਤ ਖਾਲਸਾ ਬਾਰੇ ਵੀ ਜਾਣਨਾ ਲੋੜੀਦਾ ਕਾਰਜ ਹੈ। ਸਤਸੰਗਤਿ ਦੇ ਬਹਾਦਰੀ ਵਾਲੇ ਪੱਖ 'ਸਰਬੱਤ-ਖਾਲਸਾ' ਦੇ ਪਿਛੋਕੜ ਬਾਰੇ ਰਤਨ ਸਿੱਘ ਜੱਗੀ ਲਿਖਦੇ ਹਨ;

> "ਇਹ ਸ਼ਬਦ ਸਮੁੱਚੀ ਸਿੱਖ ਕੌਮ ਜਾਂ ਪੰਥ ਦੇ ਵਾਚਕ ਵਜੋਂ 19ਵੀਂ ਸਦੀ ਵਿਚ ਵਰਤਿਆ ਜਾਣ ਲੱਗਾ। ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਸਿੱਖਾਂ ਉਪਰ ਮੁਗਲ ਹਕੂਮਤ ਵਲੋਂ ਜ਼ੁਲਮ ਦੇ ਦੁਆਰ ਖੋਲ ਦਿੱਤੇ ਗਏ ਸਨ। ਆਪਣੇ ਆਪ ਨੂੰ ਬਚਾਉਣ ਲਈ ਸਿੰਘ ਵੱਡੇ-ਨਿੱਕੇ ਜੱਥਿਆਂ ਦੇ ਰੂਪ ਵਿਚ ਜੰਗਲਾਂ, ਛੰਭਾਂ, ਮਾਰੂਥਲਾਂ ਅਤੇ ਪਰਬਤਾਂ ਵਿਚ ਲੁਕ-ਛਿਪ ਕੇ ਸਮਾਂ ਬਤੀਤ ਕਰਨ ਲੱਗੇ। ਪਰ ਇਨ੍ਹਾਂ ਲਈ ਵਿਸਾਖੀ ਅਤੇ ਦੀਵਾਲੀ ਦੇ ਮੌਕਿਆਂ ਉੱਤੇ ਅੰਮ੍ਰਿਤਸਰ ਵਿਚ ਇਕੱਠੇ

ਹੋਣਾ ਇਕ ਦਸਤੂਰ ਬਣ ਗਿਆ ਸੀ ਅਜਿਹੇ ਇੱਕਠ ਨੂੰ ਸਮੁੱਚੇ ਪੰਥ ਦਾ ਪ੍ਰਤੀਨਿਧ ਸਮਝੇ ਜਾਣ ਕਾਰਣ ਸਰਬੱਤ ਖਾਲਸਾ ਕਿਹਾ ਜਾਣ ਲੱਗਾ।"[62]

ਸਿੱਖ ਸਰੋਕਾਰਾਂ ਵਿੱਚੋਂ ਸਰਬੱਤ ਖਾਲਸਾ ਦੀ ਅਹਿਮੀਅਤ ਬਾਰੇ ਪਤਾ ਚਲਦਾ ਹੈ ਕਿ ਜਦੋਂ ਕੌਮ ਯੋਗ ਆਗੂ ਤੋਂ ਬਗੈਰ ਹੋ ਜਾਵੇ ਤਾਂ ਕੌਮ ਦੀ ਪਵਿੱਤਰਤਾ ਸੰਕਟ ਵਿਚ ਪੈ ਜਾਂਦੀ ਹੈ ਅਤੇ ਸਰਬੱਤ ਖਾਲਸਾ ਦੀ ਪ੍ਰਥਾ ਨੇ ਇਸ ਸੰਕਟ ਤੋਂ ਬਚਾ ਕੇ ਕੌਮ ਅੰਦਰ ਇੱਕ ਜੁੱਟਤਾ ਨੂੰ ਬਣਾਈ ਰੱਖਿਆ। ਸਰਬੱਤ ਖਾਲਸਾ ਬਾਰੇ ਡਾ. ਗੁਰਮੀਤ ਸਿੰਘ ਸਿੱਧੂ ਦਾ ਵਿਚਾਰ ਹੈ, "ਗੁਰੂ ਦੇ ਹੁਕਮ ਨੂੰ ਮੰਨਦਿਆਂ ਸਿੱਖਾਂ ਨੇ ਜਦੋਂ ਰਾਜਨੀਤਿਕ ਫੈਸਲੇ ਲੈਣ ਦੀ ਲੋੜ ਮਹਿਸੂਸ ਕੀਤੀ ਤਾਂ ਸਰਬੱਤ ਖਾਲਸਾ ਹੋਂਦ ਵਿਚ ਆਇਆ।"[63] ਸਰਬੱਤ ਖਾਲਸਾ ਨੇ ਸੰਕਟ ਦੀ ਸਥਿਤੀ ਵਿਚ ਸੂਰਬੀਰਤਾ ਨੂੰ ਨਿਰੰਤਰਤਾ ਪ੍ਰਦਾਨ ਕੀਤੀ। ਸੋ ਸਤਸੰਗਤਿ ਉਸੇ ਤਰ੍ਹਾਂ ਮਹਾਨ ਹੈ ਜਿਸ ਤਰ੍ਹਾਂ ਸਮਰੱਥ ਗੁਰੂ ਦੀ ਹਸਤੀ। ਇਸ ਲਈ ਸਤਸੰਗਤਿ ਵੀ ਸਿੱਖ ਸੂਰਬੀਰਤਾ ਦਾ ਮੁੱਖ ਸੋਮਾ ਹੈ।

ਉਪਰੋਕਤ ਚਰਚਾ ਤੋਂ ਸਪੱਸ਼ਟ ਹੈ ਕਿ ਅਕਾਲ ਪੁਰਖ, ਗੁਰੂ, ਅਤੇ ਸਤਸੰਗਤਿ ਆਪਸ ਜੁੜੇ ਹੋਣ ਕਰਕੇ ਕਿਸੇ ਨੂੰ ਵੀ ਅਲੱਗ ਕਰਕੇ ਨਹੀਂ ਵੇਖਿਆ ਜਾ ਸਕਦਾ। ਅਕਾਲ ਪੁਰਖ ਦੀ ਤਾਕਤ ਨੂੰ ਗੁਰੂ ਰਾਹੀਂ ਪ੍ਰਸਾਦਿ ਰੂਪ ਵਿਚ ਹਾਸਲ ਕੀਤਾ ਸਕਦਾ ਹੈ। ਕਿਉਂਕਿ ਗੁਰੂ ਉਸ ਤਾਕਤ ਨੂੰ ਸਤਸੰਗਤਿ ਰਾਹੀਂ ਆਪਣੇ ਸਿੱਖ ਅੰਦਰ ਵਿਕਸਿਤ ਕਰਦਾ ਹੈ ਅਤੇ ਇਸ ਤਰ੍ਹਾਂ ਸਿੱਖ ਧਰਮ ਵਿਚ ਸੂਰਬੀਰਤਾ ਦੇ ਸਿਧਾਂਤ ਅਤੇ ਵਿਹਾਰ ਨਿਰੰਤਰ ਵਿਕਾਸ ਕਰਦੇ ਹਨ।

### 3. ਸਿੱਖ ਸੂਰਬੀਰਤਾ ਦੇ ਗੁਣ

ਸਿੱਖ ਸੂਰਬੀਰਤਾ ਦੇ ਸਿਰਜਕ ਗੁਣ ਇਸਦੇ ਸਰੂਪ ਨੂੰ ਪ੍ਰਗਟ ਕਰਨ ਵਿਚ ਅਹਿਮ ਭੂਮਿਕਾ ਅਦਾ ਕਰਦੇ ਹਨ। ਉਥੇ ਹੀ ਇਹ ਸਿੱਖ ਸੂਰਬੀਰਤਾ ਦੀਆਂ ਵਿਸ਼ੇਸ਼ਤਾਈਆਂ ਨੂੰ ਵੀ ਵਿਸ਼ੇਸ਼ ਰੂਪ ਵਿਚ ਉਘਾੜਦੇ ਹਨ। ਸੂਰਬੀਰਤਾ ਦੇ ਸੰਕਲਪ ਨੂੰ ਸਮਝਣ ਲਈ ਇਸਦੇ ਨਿਮਨ ਲਿਖਤ ਵਿਸ਼ੇਸ਼ਤਾਵਾਂ ਮਹੱਤਵਪੂਰਨ ਹਨ :

---

62 ਰਤਨ ਸਿੰਘ ਜੱਗੀ, ਉਪਰੋਕਤ, *ਸਿੱਖ ਪੰਥ ਵਿਸ਼ਵ ਕੋਸ਼,* ਪੰ. 206.

63 ਗੁਰਮੀਤ ਸਿੰਘ ਸਿੱਧੂ, ਉਪਰੋਕਤ, *ਸਿੱਖੀ ਅਤੇ ਸਿੱਖਾਂ ਦਾ ਭਵਿੱਖ,* ਪੰ.146.

### 3.1 ਨਿਡਰਤਾ

ਸਿੱਖ ਦਾ ਦ੍ਰਿੜ੍ਹ ਨਿਸ਼ਚਾ ਇਸ ਵਿਚ ਹੁੰਦਾ ਹੈ ਕਿ ਅਕਾਲ ਪੁਰਖ ਸਰਵਸ਼ਕਤੀਮਾਨ ਹੈ। ਇੱਕ ਅਕਾਲ ਪੁਰਖ ਨਿਰਭਉ ਅਤੇ ਨਿਰਵੈਰ ਹੈ ਉਸਦੀ ਹੋਂਦ ਸਭ ਪਸਾਰੇ ਵਿਚ ਵਿਦਮਾਨ ਹੈ। ੧ਓ ਅਕਾਲ ਪੁਰਖ ਦਾ ਪ੍ਰਤੀਕ ਹੈ ਜਿਸਦਾ ਸਰੂਪ ਮੂਲਮੰਤਰ ਵਿਚ ਬਿਆਨਿਆ ਗਿਆ ਹੈ;

ਗੁਰੂ ਦੀ ਸ਼ਰਨ ਅਤੇ ਓਟ ਨੇ ਸਿੱਖ ਅੰਦਰ ਨਿਰਭਉ ਅਤੇ ਨਿਰਵੈਰਤਾ ਦੇ ਗੁਣਾਂ ਨੇ ਨਿਰਭੈਤਾ ਨਿਡਰਤਾ ਨੂੰ ਕਾਇਮ ਕੀਤਾ ਹੈ। ਇਹ ਨਿਰਭੈਤਾ ਸਿੱਖ ਦੇ ਬਾਹੂਬਲ ਕਰਕੇ ਨਹੀਂ ਬਲਕਿ ਇਸੇ ਕਰਕੇ ਸਿੱਖ ਸੂਰਬੀਰਤਾ ਵਿਚ ਨਿਡਰਤਾ ਰੂਹਾਨੀਅਤ ਨਾਲ ਭਰੀ ਹੁੰਦੀ ਹੈ। ਸਿੱਖ ਧਰਮ ਵਿਚ ਮਨੁੱਖ ਨੂੰ ਨਿਰਭੈ ਅਤੇ ਨਿਡਰ ਰਹਿਣ ਦੀ ਗੁੜ੍ਹਤੀ ਦਿੱਤੀ ਗਈ ਹੈ। ਗੁਰਬਾਣੀ ਅਨੁਸਾਰ ਨਿਰਭੈ ਵਿਅਕਤੀ ਉਸ ਨੂੰ ਹੀ ਮੰਨਿਆ ਗਿਆ ਹੈ ਜੋ ਨਾ ਕਮਜ਼ੋਰ ਨੂੰ ਡਰਾਉਂਦਾ ਹੈ ਤੇ ਨਾ ਕਿਸੇ ਤਾਕਤਵਰ ਤੋਂ ਡਰਦਾ ਹੈ।

> ਭੈ ਕਾਹੂ ਕੋ ਦੇਤ ਨਹਿ ਨਹਿ ਭੈ ਮਾਨਤ ਆਨ॥[64]

ਮੋਹਨ ਸਿੰਘ ਵੈਦ ਉਪਰੋਕਤ ਗੁਣ ਪ੍ਰਥਾਇ ਕਵੀ ਵਰਡਵਰਥ ਦੇ ਹਵਾਲੇ ਨਾਲ ਲਿਖਦੇ ਹਨ;

> "ਬੁੱਧੀਮਾਨ ਅਤੇ ਭਲੇ ਮਾਨਸ ਪੁਰਖਾਂ ਵਿਚ ਇਹੋ ਗੁਣ ਹੁੰਦਾ ਹੈ ਕਿ ਕਾਇਰਾਂ ਵਾਲੇ ਡਰਾਂ ਨੂੰ ਉਹ ਹਿਰਦੇ ਵਿਚ ਜਗ੍ਹਾ ਨਹੀਂ ਦੇਂਦੇ, ਆਪਣੇ ਕਰਤੱਵਯ ਦੇ ਪਾਲਣ ਵਿਚ ਉਹ ਵੱਡੇ ਪੱਕੇ ਰਹਿੰਦੇ ਹਨ। ਉਹ ਆਪਣੇ ਕਰਤੱਵਯ ਦੇ ਪਿੱਛੇ ਹਜ਼ਾਰਾਂ ਕਸ਼ਟਾਂ ਦਾ ਸਾਹਮਣਾ ਕਰਦੇ ਹਨ ਈਸ਼੍ਵਰ ਉੱਤੇ ਭਰੋਸਾ ਰੱਖਕੇ ਉਹ ਸਾਰੇ ਕੰਮਾਂ ਵਿਚ ਸਫਲ ਹੋ ਜਾਂਦੇ ਹਨ।"[65]

ਸੱਚ ਦੀ ਪ੍ਰਾਪਤੀ ਲਈ ਹਰ ਪ੍ਰਕਾਰ ਦੇ ਭੈਅ ਤੇ ਡਰ ਦਾ ਨਾਮ ਦੂਰ ਕਰਕੇ ਮਨੁੱਖ ਨਿਡਰਤਾ ਦਾ ਗੁਣ ਧਾਰਨ ਕਰਦਾ ਹੈ ਅਤੇ ਨਾਲ ਹੀ ਗੁਰੂ ਦੇ ਸ਼ਬਦ/ਪ੍ਰਮਾਤਮਾ ਦੇ ਹੁਕਮ ਵਿਚ ਜੁੜਿਆ ਰਹਿੰਦਾ ਹੈ :

> ਮਨ ਰੇ ਸਚੁ ਮਿਲੈ ਭਉ ਜਾਇ॥
> ਭੈ ਬਿਨੁ ਨਿਰਭਉ ਕਿਉ ਥੀਐ ਗੁਰਮੁਖਿ ਸਬਦਿ ਸਮਾਇ॥[66]

---

64 ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੭.

65 ਮੋਹਨ ਸਿੰਘ ਵੈਦ (1920) *ਸਦਾਚਾਰ,* ਵਜ਼ੀਰ ਹਿੰਦ ਪ੍ਰੈਸ, ਤਰਨ ਤਾਰਨ ਪੰ. 3.

66 ਸ੍ਰੀ ਗੁਰੂ ਗ੍ਰੰਥ ਸਾਹਿਬ ੧੮.

"ਜੀਵਨ ਨਿਡਰਤਾ ਅਤੇ ਦਲੇਰੀ ਨਾਲ ਜਿਉ ਕੇ ਕਦਰਾਂ ਕੀਮਤਾਂ ਦੀ ਕਮਾਈ ਹਿੱਤ ਆਪਣਾ ਕਰਤੱਵ ਨਿਭਾਉਂਦੇ ਜਾਣਾ ਸਦਾਚਾਰਕ ਦ੍ਰਿਸ਼ਟੀਕੋਣ ਤੋਂ ਵਧੇਰੇ ਸਾਰਥਕ ਜਾਪਦਾ।"[67] ਜਿਸਦਾ ਧਾਰਨੀ ਨਿੱਜੀ ਅਤੇ ਸਮਾਜਿਕ ਕੁਰੀਤੀਆਂ ਦੇ ਵਿਰੁੱਧ ਸੰਗਰਾਮ ਦਾ ਨਾਇਕ ਬਣਕੇ ਉਹ ਸਰਬੱਤ ਦੇ ਭਲੇ ਵਾਲੀਆਂ ਕਦਰਾਂ ਕੀਮਤਾਂ ਦੀ ਖਾਤਿਰ ਹਰ ਕੁਰਬਾਨੀ ਦੇਣ ਅਤੇ ਕਸ਼ਟ ਸਹਿਣ ਲਈ ਤੱਤਪਰ ਰਹਿੰਦਾ ਹੈ।

### 3.2 ਖਿਮਾ

ਸੂਰਬੀਰਤਾ ਨਾਲ ਖਿਮਾ ਖੁਦ ਆ ਜਾਂਦੀ ਹੈ। ਇਹੀ ਗੁਣ ਉਸਨੂੰ ਮਹਾਨ ਬਣਾਉਂਦਾ ਹੈ। ਮਹਾਨ ਕੋਸ਼ ਅਨੁਸਾਰ "ਦੁਖ ਸੁਖ ਸਹਾਰਨ ਵਾਲੀ ਚਿੱਤ ਦੀ ਵ੍ਰਿੱਤਿ"[68] ਨੂੰ ਖਿਮਾ ਆਖਿਆ ਹੈ। ਭਾਵ ਜਦੋਂ ਕੋਈ ਬਚਾਅ ਪੱਖ ਨਾ ਰਵ੍ਹੇ ਤਾਂ ਵਿਰੋਧੀ ਦੇ ਸਾਹਮਣੇ ਖਿਮਾ ਹੀ ਪੀੜਤ ਵਿਅਕਤੀ ਦੇ ਬਚਾਅ ਲਈ ਸਾਰਥਕ ਸਿੱਧ ਹੁੰਦੀ ਹੈ। ਖਿਮਾ ਇਕ ਪ੍ਰਕਾਰ ਦਾ ਜੀਵਨ ਦਾਨ ਹੈ। ਸੰਘਰਸ਼/ਯੁੱਧ ਦੀ ਸਮਾਪਤੀ ਉਪਰੰਤ ਦੋਹਾਂ ਪੱਖਾਂ ਵਿਚ ਦੋ ਵਿਰੋਧੀ ਭਾਵਨਾਵਾਂ ਪੈਦਾ ਹੁੰਦੀਆਂ ਹਨ :

ਹਾਰਿਆ ਪੱਖ ਡਰ ਦੇ ਭਾਵ ਹੇਠ ਤ੍ਰਸ਼ਿਆ ਜਾਂਦਾ ਹੈ ਅਤੇ ਆਪਣੀ ਹੋਣੀ ਨੂੰ ਲੈ ਕੇ ਵਿਆਕੁਲ ਹੋ ਜਾਂਦਾ ਹੈ। ਜਾਨ ਬਖਸ਼ੀ ਲਈ ਮਾਫੀਆਂ ਮੰਗਦਾ ਹੈ। ਜੇ ਹਾਰਨ ਵਾਲਾ ਵੀ ਸੂਰਮਾ ਹੀ ਹੋਵੇ ਤਾਂ ਉਹ ਮਾਫੀ ਨਹੀਂ ਮੰਗਦਾ ਗਿੜਗਿੜਾਉਂਦਾ ਨਹੀਂ।

ਸਾਧਾਰਣ ਸੂਰਮਾ ਆਤਮ ਬਲ ਵਿਚ ਭਰੋਸਾ ਰਖਦਾ ਹੈ। ਸਿੱਖ ਸੂਰਬੀਰ ਅੰਦਰ ਗੁਰੂ ਦੀ ਓਟ ਅਤੇ ਅਕਾਲ ਪੁਰਖ ਦੀ ਸ਼ਕਤੀ ਵਿਚ ਯਕੀਨ ਬਲਵਾਨ ਹੁੰਦਾ ਹੈ।

ਖਿਮਾ ਦੀ ਇਸ ਸਥਿਤੀ ਵਿਚ ਜੇਤੂ ਸੂਰਮਾ ਹਾਰਨ ਵਾਲੇ ਨੂੰ ਮਾਫੀ ਪ੍ਰਦਾਨ ਕਰਦਾ ਹੈ ਜਿਸ ਪ੍ਰਕਾਰ ਕਿਸੇ ਵੀ ਜੰਗ ਵਿਚ ਸਿੱਖਾਂ ਨੇ ਭੱਜਣ ਵਾਲਿਆਂ ਦਾ ਪਿੱਛਾ ਕਰਕੇ ਉਹਨਾਂ ਦਾ ਸ਼ਿਕਾਰ ਨਹੀਂ ਕੀਤਾ ਸਗੋਂ ਜੇ ਹਾਰਨ ਵਾਲਾ ਵੀ ਜਾਨ ਤਲੀ ਤੇ ਧਰ ਕੇ ਲੜਿਆ ਹੋਵੇ ਤਾਂ ਉਸਦੀ ਬਹਾਦਰੀ ਦੀ ਪ੍ਰਸ਼ੰਸ਼ਾਂ ਕਰਦਿਆਂ ਜਾਨ ਬਖਸ਼ੀ ਹੈ ਅਤੇ ਕਈ ਵਾਰ ਮਿੱਤਰਤਾ ਦਾ ਹੱਥ ਵਧਾ ਕੇ ਸੂਰਮਾ ਹਾਰੇ ਹੋਏ ਦੀ ਸੰਪਤੀ ਹੀ ਨਹੀਂ ਬਲਕਿ ਦਿਲ ਵੀ ਜਿੱਤ ਲੈਂਦਾ ਹੈ।

---

67 ਵਜੀਰ ਸਿੰਘ, *ਨੈਤਿਕ ਨਿਯਮ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990, ਪੰ. 85.

68 ਕਾਨ੍ਹ ਸਿੰਘ ਨਾਭਾ, ਉਪਰੋਕਤ, *ਮਹਾਨ ਕੋਸ਼*, ਪੰ. 284.

ਜਦੋਂ ਵਿਅਕਤੀ ਦੀ ਬਿਰਤੀ ਉੱਤੇ ਡਰ ਦੀ ਭਿਆਨਕਤਾ ਪ੍ਰਭਾਵ ਪਾਉਂਦੀ ਹੈ ਤਾਂ ਖਿਮਾ ਮੰਗ ਕੇ ਵਿਅਕਤੀ ਆਪਣੀ ਜਾਨ ਬਚਾਉਂਦਾ ਹੈ ਪਰ ਇਹ ਕਾਇਰਾਂ ਦੀ ਬਿਰਤੀ ਹੈ। ਪਰ ਖਿਮਾ ਦਾ ਦੂਜਾ ਰੂਪ ਖਿਮਾ ਕਰਨਾ, ਸੂਰਮੇ ਦੇ ਚਿਤ ਦੀ ਉਦਾਰਤਾ ਦਾ ਹਿੱਸਾ ਹੈ ਗੁਰੂ ਸਹਿਬਾਨ ਨੇ ਦੋਖੀਆਂ ਨੂੰ ਵੀ ਖਿਮਾ ਦੇ ਕੇ ਸੁਚੱਜਾ ਜੀਵਨ ਪ੍ਰਦਾਨ ਕੀਤਾ ਜਿਵੇਂ ਕਿ ਸੱਜਣ ਠੱਗ, ਕੌਡਾ ਰਾਖਸ਼ ਆਦਿ ਨੂੰ ਮੁਆਫ ਕਰਨਾ। ਅੱਤ ਦੇ ਘਮਸਾਣ ਯੁੱਧਾਂ ਵਿਚ ਪੈਂਦੇ ਖਾਂ ਵਰਗੇ ਅਨੇਕਾਂ ਦੁਸ਼ਮਣਾਂ ਨੂੰ ਖਿਮਾ ਦੇ ਕੇ ਉਪਕਾਰ ਕੀਤਾ।

ਗੁਰਬਾਣੀ ਦੇ ਸਿਧਾਂਤ "ਨਾ ਕੋ ਬੈਰੀ ਨਹੀ ਬਿਗਾਨਾ"[69] ਨੂੰ ਸਿੱਖਾਂ ਨੇ ਹਮੇਸ਼ਾ ਆਪਣੇ ਜੀਵਨ ਵਿਚ ਅਪਣਾਇਆ ਹੈ ਜਿਸ ਦੀ ਜਾਚ ਗੁਰੂ ਸਹਿਬਾਨ ਨੇ ਆਪ ਸਿਖਾਈ, ਮੁਆਫ ਕਰ ਦੇਣ ਦਾ ਗੁਣ ਸੂਰਮੇ ਵਿਚ ਹੀ ਹੋ ਸਕਦਾ ਹੈ। ਭਾਵੇਂ ਮੁਆਫੀ ਮੰਗਣ ਵਾਲਾ ਦੁਸ਼ਮਣ ਹੀ ਕਿਉਂ ਨਾ ਹੋਵੇ, ਇਹ ਸਿੱਖ ਧਰਮ ਦੀ ਵਿਲੱਖਣਤਾ ਹੈ। "ਬਦਲੇ ਦੀ ਭਾਵਨਾ ਤੋਂ ਮੁਕਤ ਹੋ ਕੇ ਜੀਵਨ ਵਿਚ ਵਿਚਰਨਾ ਖਿਮਾ ਹੈ ਇਹ ਭਾਵਨਾ ਉਚ-ਪੱਧਰੀ ਨੈਤਿਕ-ਪ੍ਰੋੜਤਾ ਦੀ ਲਖਾਇਕ ਹੈ। ਸਮਰੱਥ ਅਤੇ ਵੀਰ ਪੁਰਸ਼ ਵਿਚ ਖਿਮਾ ਦਾ ਹੋਣਾ ਅਤਿ ਜ਼ਰੂਰੀ ਹੈ।"[70] ਨਿਮਰਤਾ ਤੇ ਖਿਮਾ ਦਾ ਆਪਸ ਵਿਚ ਗੂੜ੍ਹਾ ਸੰਬੰਧ ਹੈ ਕਈ ਵਾਰ ਸੂਰਮਾ ਨਿਮਰਤਾ ਵਿਚ ਆ ਕੇ ਵਿਰੋਧੀ ਨੂੰ ਸ਼ਾਂਤ ਕਰਦਾ ਰਿਹਾ ਹੈ। ਇਹ ਪ੍ਰਕ੍ਰਿਆ ਸਿੱਖ ਇਤਿਹਾਸ ਵਿਚ ਨਿਰੰਤਰ ਚਲਦੀ ਰਹੀ ਹੈ।

ਭਾਈ ਘਨੱਈਆ ਜੀ ਦਾ ਯੁੱਧ ਦੇ ਮੈਦਾਨ ਵਿਚ ਵੀ ਦੁਸ਼ਮਣ ਨੂੰ ਖਿਮਾ ਕਰਨਾ ਸਿੱਖ ਸੂਰਬੀਰਤਾ ਦੀ ਵਿਲੱਖਣਤਾ ਹੈ। ਬਹਾਦਰੀ ਸੂਰਮੇ ਦੇ ਡੌਲੇ ਫਰਕਾਂਦੀ ਹੈ ਅਤੇ ਉਸ ਦੀਆਂ ਅੱਖਾਂ ਵਿਚ ਗਰਮਜੋਸ਼ੀ ਭਰਦੀ ਹੈ ਪਰ ਖਿਮਾ ਉਸੇ ਬਹਾਦਰ ਦੇ ਜੋਸ਼ ਦਾ ਰੁਖ ਬਦਲ ਦਿੰਦੀ ਹੈ ਅਤੇ ਸੂਰਮਾ ਜ਼ਾਲਮ ਦੇ ਸਭ ਗੁਨਾਹ ਬਖਸ਼ ਦਿੰਦਾ ਹੈ। ਅਸਲ ਵਿਚ ਸਿੱਖ ਵਿਚਲੀ ਖਿਮਾ ਉਸਦੀ ਹਉਮੈਂ ਦਾ ਨਹੀਂ ਗੁਰੂ ਪ੍ਰਤੀ ਉਸਦੇ ਸਮਰਪਣ ਦਾ ਪ੍ਰਗਟਾਵਾ ਹੈ। ਇਹ ਸ਼ਰਨ ਆਏ ਦੀ ਪਾਲਣਾ ਕਰਨ ਵਾਲਾ ਗੁਰੂ ਦਾ ਸੁਭਾਅ ਜੋ ਸਿੱਖ ਵਿੱਚੋਂ ਰੂਪਮਾਨ ਹੁੰਦਾ ਹੈ।

---

69 ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੯੯.

70 ਮਨਮੋਹਨ ਸਿੰਘ (1987) *ਮਾਨਵੀ ਕਦਰਾਂ ਕੀਮਤਾਂ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 8.

### 3.3 ਸਹਿਜ ਅਵਸਥਾ

ਸਿੱਖ ਸੂਰਮਿਆਂ ਦਾ ਜੀਵਨ ਸਹਿਜ ਭਰਿਆ ਰਹਿੰਦਾ ਹੈ ਸਿੱਖ ਕਦੇ ਵੀ ਭਿਆਨਕ ਹਾਲਾਤਾਂ ਵਿਚ ਛੇਤੀ ਸਹਿਜ ਅਵਸਥਾ ਵਿਚੋਂ ਬਾਹਰ ਨਹੀਂ ਆਉਂਦਾ। ਉਸਦੀ ਇਹ ਅਵਸਥਾ ਜੰਗ ਦੇ ਮੈਦਾਨ ਅਤੇ ਜੀਵਨ ਸੰਕਟਾਂ ਤੋਂ ਇਲਾਵਾ ਤਸੀਹੇ ਭਰੀਆਂ ਸ਼ਹਾਦਤਾਂ ਸਮੇਂ ਵੀ ਬਰਕਰਾਰ ਰਹਿੰਦੀ ਹੈ। ਸਿੱਖਾਂ ਵਿਚ ਇਹ ਪ੍ਰੇਰਨਾ ਸਿੱਖ ਗੁਰੂਆਂ ਦੀ ਬਾਣੀ ਅਤੇ ਉਹਨਾਂ ਦੇ ਜੀਵਨ ਵਿਚੋ ਪਰਾਪਤ ਹੁੰਦੀ ਹੈ।

ਇਹ ਅਵਸਥਾ ਸਿੱਖ ਸੂਰਬੀਰ ਦੀ ਵਿਸ਼ੇਸ਼ਤਾ ਹੈ। "ਸਹਿਜ ਇਕ ਮਾਰਗ ਦਾ ਨਾਮ ਹੈ ਜਿਸ ਉਪਰ ਚਲ ਕੇ ਜਗਿਆਸੂ ਸੱਚਾ ਸੁੱਚਾ ਗਿਆਨ ਅਤੇ ਮਨ ਦੀ ਸ਼ੁਧੀ ਪ੍ਰਾਪਤ ਕਰ ਸਕਦਾ ਹੈ। ਗੁਰਮਤਿ ਵਿਚ ਇਸਨੂੰ ਸਹਿਜ ਮਾਰਗ ਅਤੇ ਬੁਧਮੱਤਿ ਵਿਚ ਇਸਨੂੰ ਮੱਧ ਮਾਰਗ ਕਿਹਾ ਹੈ। ਦੂਜਾ ਸਹਿਜ ਉਸ ਆਤਮਕ ਅਵਸਥਾ ਦਾ ਨਾਮ ਹੈ ਜਿਸ ਉਪਰ ਸੱਚਾ ਜਗਿਆਸੂ ਆਪਣੀ ਸਾਧਨਾ ਨਾਲ ਪੁਜਦਾ ਹੈ।"[71] ਸਿੱਖੀ ਦਾ ਮਾਰਗ ਕਠਿਨ ਮਾਰਗ ਹੈ ਜਿਸ ਮਾਰਗ 'ਚ ਬਾਹਰੀ ਤੌਰ 'ਤੇ ਤਾਕਤਵਰ ਹੋਣ ਤੋਂ ਪਹਿਲਾਂ ਆਪਣੇ ਅੰਦਰੋਂ ਬਲਵਾਨ ਬਣਨਾ ਪੈਂਦਾ ਹੈ :

ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ॥[72]

ਸਹਿਜ ਤੱਤ ਇਸ ਪੈਂਡੇ ਨੂੰ ਤਹਿ ਕਰਨ ਲਈ ਸਹਾਈ ਹੁੰਦਾ ਹੈ। ਇਸ ਨੂੰ ਜੀਵਨ ਵਿਚ ਧਾਰਨ ਕਰਕੇ ਮਨ ਦੀ ਸ਼ਾਂਤੀ, ਅਡੋਲਤਾ, ਤ੍ਰਿਪਤੀ ਪ੍ਰਾਪਤ ਕੀਤੀ ਜਾਂਦੀ ਹੈ। ਸਹਿਜ ਬਹਾਦਰੀ ਦਾ ਅਜਿਹਾ ਤੱਤ ਹੈ ਜਿਸਦਾ ਧਾਰਨੀ ਹਲੀਮ ਸੁਭਾਅ ਵਾਲਾ ਵਿਅਕਤੀ ਹੁੰਦਾ ਹੈ ਜੋ ਛੇਤੀ ਗੁੱਸੇ ਵਿਚ ਨਹੀਂ ਆਉਂਦਾ। ਆਪਣੇ ਮਕਸਦ ਨੂੰ ਪੂਰਾ ਕਰਨ ਲਈ ਸਾਹਮਣੇ ਤੋਂ ਹੋਣ ਵਾਲੇ ਅੱਤਿਆਚਾਰ ਨੂੰ ਸਹਿਣ ਕਰਕੇ ਅਤਿਆਚਾਰੀ ਨੂੰ ਸਬਕ ਸਿਖਾ ਜਾਂਦਾ ਹੈ। "ਸਿਖ ਭਾਸ਼ਾਲੀ ਵਿਚ ਸਹਜ ਉਸ ਮਾਨਸਿਕ ਅਵਸਥਾ ਦਾ ਨਾਮ ਹੈ ਜਿਸ ਵਿਚ ਹਉਮੈਂ ਦੀ ਸੁਰਤਿ ਸਮਾਪਤ ਹੋ ਜਾਂਦੀ ਹੈ ਤੇ ਨਿਰ ਯਤਨ ਟਿਕਓ ਵਰਤ ਜਾਂਦਾ ਹੈ ਜੋ ਅਧਿਆਤਮਕ ਸਾਧਨਾ ਰਾਹੀਂ ਪ੍ਰਾਪਤ ਹੁੰਦਾ ਹੈ।"[73] ਜਿਸਦੀ ਸਮਝ ਸਹਿਜਤਾ ਦੇ ਮੁਜੱਸਮੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਜੀਵਨ ਵਿਚੋਂ ਪੈਂਦੀ ਹੈ;

---

71 ਗੁਰਬਚਨ ਸਿੰਘ ਤਾਲਿਬ (ਮਿਤੀਹੀਨ) *ਧਾਰਮਿਕ ਖੋਜ ਨਿਬੰਧ,* ਪੰਜਾਬੀ ਸਾਹਿਤ ਅਕਾਦਮੀ, ਪੰਜਾਬੀ ਭਵਨ, ਲੁਧਿਆਣਾ, ਪੰ. 30.

72 ਸ੍ਰੀ ਗੁਰੂ ਗ੍ਰੰਥ ਸਾਹਿਬ, ੯੧੮.

73 ਜਸਵੰਤ ਸਿੰਘ ਨੇਕੀ (2007) *ਸਦਾ ਵਿਗਾਸ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ਪੰ. 92.

"ਜਦੋਂ ਹਮਾਯੂੰ ਬਾਦਸ਼ਾਹ ਸ਼ੇਰ ਸ਼ਾਹ ਸੂਰੀ ਕੋਲੋਂ ਹਾਰ ਖਾ ਕੇ ਖੰਡੂਰ ਸਾਹਿਬ ਗੁਰੂ ਅੰਗਦ ਦੇਵ ਜੀ ਪਾਸ ਆਇਆ ਤਾਂ ਗੁਰੂ ਜੀ ਉਸਦਾ ਕੋਈ ਸਨਮਾਨ ਨਾ ਕੀਤਾ। ਜਿਸ ਤੋਂ ਕ੍ਰੋਧ 'ਚ ਆ ਕੇ ਉਸ ਨੇ ਗੁਰੂ ਅੰਗਦ ਦੇਵ ਜੀ 'ਤੇ ਤਲਵਾਰ ਕੱਢ ਲਈ ਤਾਂ ਗੁਰੂ ਅੰਗਦ ਦੇਵ ਨੇ ਹਮਾਯੂੰ ਨੂੰ ਬਹਾਦਰੀ ਦੇ ਕਰਤੱਵ ਤੋਂ ਜਾਣੂੰ ਕਰਵਾਇਆ ਤੇ ਆਖਿਆ ਕਿ ਜਿਥੇ ਇਸ ਤਲਵਾਰ ਦੀ ਵਰਤੋਂ ਹੋਣੀ ਸੀ ਤੂੰ ਉਥੇ ਇਸਦੀ ਵਰਤੋਂ ਨਹੀਂ ਕੀਤੀ ਬਲਕਿ ਕਾਇਰ ਦੀ ਤਰ੍ਹਾਂ ਜਾਨ ਬਚਾ ਕੇ ਨਿਕਲ ਆਇਆ ਅਤੇ ਹੁਣ ਸਾਡੇ ਫਕੀਰਾਂ ਉਤੇ ਕਿਰਪਾਨ ਤਾਣ ਕੇ ਤੂੰ ਕਿਹੜੀ ਬਹਾਦਰੀ ਵਿਖਾਉਣਾ ਚਾਹੁੰਦਾ ਹੈਂ? ਇਸ ਸਬਕ ਨੇ ਹਮਾਯੂੰ ਨੂੰ ਸ਼ਰਮਿੰਦਾ ਕੀਤਾ ਤੇ ਉਸ ਨੇ ਗੁਰੂ ਜੀ ਤੋਂ ਮੁਆਫੀ ਮੰਗੀ।"[74]

**3.4 ਆਦਰਸ਼**

ਗੁਰਬਾਣੀ ਸੂਰਮੇ ਨੂੰ ਇਸੇ ਜਨਮ ਵਿਚ ਆਪਣੇ ਉਚ-ਅਦਰਸ਼ ਦੀ ਪਰਾਪਤੀ ਲਈ ਪ੍ਰੇਰਦੀ ਹੈ;

ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ॥
ਨਾਨਕ ਸਿਝਿ ਇਵੇਹਾ ਵਾਰ ਬਹੁੜਿ ਨ ਹੋਵੀ ਜਨਮੜਾ॥[75]

ਗੁਰਬਾਣੀ ਮਨੁੱਖ ਨੂੰ ਉਸਦੇ ਪਰਮ ਆਦਰਸ਼ ਅਕਾਲ ਪੁਰਖ ਨਾਲ ਮਿਲਾਪ ਦੀ ਸੋਝੀ ਦਿੰਦੀ ਹੈ ;

ਭਈ ਪਰਾਪਤਿ ਮਾਨੁਖ ਦੇਹੁਰੀਆ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥[76]

ਜਿਸਦੀ ਪੂਰਤੀ ਖਾਤਰ ਸਿੱਖ ਭਗਤੀ ਦੇ ਮਾਰਗ ਉੱਤੇ ਨਿਰੰਤਰ ਚਲਦਾ ਹੈ ਤੇ ਲੋੜ ਪੈਣ (ਯੁੱਧ) ਕਰਦਾ ਹੈ, ਜਿਸ ਬਾਬਤ ਪ੍ਰੋ. ਪੂਰਨ ਲਿਖਦੇ ਹਨ;

"ਸਿੱਖ ਤਾਂ ਗੁਰੂ ਅਤੇ ਵਾਹਿਗੁਰੂ ਦੀ ਖਾਤਰ ਲੜਨ ਲਈ ਬਣਿਆ ਹੈ ਉਹ ਇਸ ਪਾਵਨ ਆਦਰਸ਼ ਦੀ ਪੂਰਤੀ ਲਈ ਸਦਾ ਤੱਤਪਰ ਰਹਿੰਦਾ ਹੈ। ਭਾਵੇਂ ਆਪਣੇ ਨਿੱਤ ਦੇ ਸਧਾਰਨ ਜੀਵਨ ਵਿਚ ਉਹ ਉਪਰੋਕਤ ਉਦੇਸ਼ ਲਈ ਪ੍ਰਗਤੀਤਕ ਰੂਪ ਵਿਚ

---

74 ਮੈਕਾਲਿਫ, ਉਪਰੋਕਤ, *ਸਿੱਖ ਇਤਿਹਾਸ*, ਪੰਨੇ 197,198.

75 ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੯੬

76 ਉਹੀ ੧੨ .

ਸਵੈ-ਤਿਆਗ ਕਰੇ ਜਾਂ ਬੀਰ ਭਾਵੀ ਚੜ੍ਹਦੀ ਕਲਾ ਵਿਚ ਗੁਰੂ ਲਈ ਯੁੱਧ ਕਰਦਾ ਹੋਇਆ ਆਤਮ ਬਲੀਦਾਨ ਕਰ ਦੇਵੇ।"[77]

ਪਰ ਇਸ ਆਦਰਸ਼ ਦੇ ਨਾਲ-ਨਾਲ ਵਿਅਕਤੀ ਦੇ ਹੋਰ ਵੀ ਉੱਚ ਅਦਰਸ਼ ਹਨ, ਜਿਵੇਂ ਗਰੀਬ ਦੀ ਰੱਖਿਆ, ਜ਼ੁਲਮ ਅਤੇ ਅੱਤਿਆਚਾਰ ਨੂੰ ਰੋਕਣਾ, ਸਰਬੱਤ ਦੇ ਭਲੇ ਲਈ ਹਰ ਵਸੀਲਾ ਕਰਨਾ ਹੈ। ਸਿੱਖ ਆਪਣੇ ਇਨ੍ਹਾਂ ਆਦਰਸ਼ਾਂ ਨੂੰ ਪੂਰਾ ਕਰਨ ਲਈ ਆਪਣੇ ਗੁਰੂ ਨੂੰ ਸਮਰਪਿਤ ਹੋ ਕੇ ਸਿਧਾਂਤਾਂ ਨੂੰ ਅਮਲੀ-ਜਾਮਾ ਪਹਿਨਾਉਂਦਾ ਹੈ। "ਕਿਸੇ ਕੰਮ ਨੂੰ ਪੂਰਾ ਕਰਨ ਦਾ ਸੰਕਲਪ ਕਰਨਾ ਅਤੇ ਫੇਰ ਸੌ ਔਕੜਾਂ ਹੁੰਦਿਆਂ ਸੁੰਦਿਆਂ ਵੀ ਉਸਨੂੰ ਪੂਰਾ ਕਰਕੇ ਛੱਡਣਾ ਹੀ ਦ੍ਰਿੜਤਾ ਹੈ। ਇਹ ਐਸਾ ਗੁਣ ਹੈ ਜਿਸ ਤੋਂ ਬਗੈਰ ਕੋਈ ਕੌਮ ਜਿਊਂਦੀ ਨਹੀਂ ਰਹਿ ਸਕਦੀ।"[78]

ਕੋਈ ਵਿਰਲਾ ਮਨੁੱਖ ਐਸਾ ਬਲਵਾਨ ਹੁੰਦਾ ਹੈ ਜਿਸਨੇ ਗੁਰੂ ਨਾਲ ਮਿਲ ਕੇ ਕਾਮਾਦਿਕ ਪੰਜਾਂ ਸੂਰਮਿਆਂ ਨੂੰ ਮਾਰ ਲਿਆ ਹੈ। ਜਗਤ ਵਿਚ ਉਹੀ ਪੂਰਨ ਮਨੁੱਖ ਹੈ ਜਿਸਨੇ ਪੰਜਾਂ ਨੂੰ ਕਾਬੂ ਕਰਕੇ ਜਿੱਤ ਪ੍ਰਾਪਤ ਕੀਤੀ ਹੋਵੇ। ਇਨ੍ਹਾਂ ਦੇ ਅੰਦਰੂਨੀ ਹਮਲਿਆਂ ਦਾ ਟਾਕਰਾ ਸੂਰਮਾ ਹੀ ਕਰਦਾ ਹੈ;

ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨ ਬਲੀ ਰੇ॥
ਜਿਨਿ ਪੰਚ ਮਾਰਿ ਬਿਦਾਰ ਗੁਦਾਰੇ ਸੋ ਪੂਰਾ ਇਹ ਕਲੀ ਰੇ॥[79]

ਇਹ ਸੂਰਮਾ ਯੁੱਧ ਦੇ ਮੈਦਾਨ ਵਿਚ ਵੀ ਜ਼ਾਲਮ ਨੂੰ ਉਦੋਂ ਤੱਕ ਮਾਰਦਾ ਹੈ ਜਦੋਂ ਤੱਕ ਉਸ ਅੰਦਰੋਂ ਜ਼ਾਲਮਤਾਈ ਖਤਮ ਨਹੀਂ ਹੁੰਦੀ। ਆਪਣੇ ਆਦਰਸ਼ ਦੀ ਪੂਰਤੀ ਲਈ ਸਿੱਖ ਨੇ ਆਪਣਾ ਆਪ ਵਾਰਨ ਤੋਂ ਝਿਜਕਣਾ ਨਹੀਂ। ਕੇਵਲ ਚੰਗੇ ਗੁਣਾਂ ਨੂੰ ਗ੍ਰਹਿਣ ਕਰਨ ਲਈ ਲਾਭ ਹਾਨੀ ਦੀ ਪ੍ਰਵਾਹ ਨਾ ਕਰੇ, ਇਥੋਂ ਤੱਕ ਕਿ ਆਪਣੀ ਮੌਤ ਤੋਂ ਵੀ ਨਾ ਡਰੇ। ਮਾਨਵ ਕਲਿਆਣ ਲਈ ਅਤੇ ਅੱਤਿਆਚਾਰ ਵਿਰੁੱਧ, ਸ਼ੁਭ ਕਰਮਾਂ ਨੂੰ ਅਮਲ ਵਿਚ ਲਿਆਉਣਾ ਉੱਚ ਆਦਰਸ਼ ਦੀ ਪੂਰਤੀ ਹਿੱਤ ਯੋਗ ਹੈ;

ਦੇਹ ਸਿਵਾ ਬਰੁ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋ॥
ਨ ਡਰੋ ਅਰਿ ਸੋ ਜਬ ਜਾਇ ਲਰੋ ਨਿਸਚੈ ਕਰ ਅਪੁਨੀ ਜੀਤ ਕਰੋ॥[80]

---

77 ਪ੍ਰੋ. ਪੂਰਨ ਸਿੰਘ, ਉਪਰੋਕਤ, *ਸਿੱਖੀ ਦੀ ਆਤਮਾ, ਪੰ.* 276.

78 ਕਰਮ ਸਿੰਘ ਹਿਸਟੋਰੀਨ (ਮਿਤੀਹੀਨ) *ਅਮਰ ਖਾਲਸਾ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਪੰ.45.

79 ਸ੍ਰੀ ਗੁਰੂ ਗ੍ਰੰਥ ਸਾਹਿਬ, ੪੦੪.

80 ਰਤਨ ਸਿੰਘ ਜੱਗੀ, ਸੰਪਾ. (1999) *ਸ੍ਰੀ ਦਸਮ ਗ੍ਰੰਥ ਸਾਹਿਬ ਪਾਠ ਸੰਪਾਦਨ ਅਤੇ ਵਿਖਿਆਨ ਭਾਗ- ਪਹਿਲਾ,* ਚੰਡੀ ਚਰਿਤ੍ਰ ਸਾਹਿਤ ਸਦਨ, ਦਿੱਲੀ, ਪੰ. 85.

ਇਹ ਸਿੱਖ ਧਰਮ ਦੇ ਉਚ ਆਦਰਸ਼ ਦਾ ਦ੍ਰਿਸ਼ਟਾਂਤ ਹੈ ਜਿਸਨੂੰ ਅਮਲ ਵਿਚ ਲਿਆ ਕੇ ਸਿੱਖ ਸੂਰਬੀਰਤਾ ਦੇ ਮਾਰਗ ਵਿਚ ਕਇਮ ਰਹਿਣਾ ਹੈ।

### 3.5 ਸੁੱਚਾ ਆਚਰਣ

ਮਨੁੱਖ ਦੇ ਸਮਾਜਿਕ ਸੰਬੰਧਾਂ ਦੇ ਵਰਤਾਰੇ ਦਾ ਮੁੱਖ ਵਿਸ਼ਾ ਵਿਅਕਤੀ ਦਾ ਆਚਰਣ ਹੈ ਜਿਸ ਦੀ ਪਰਿਭਾਸ਼ਾ ਨੂੰ ਸਮਝਣਾ ਲੋੜੀਂਦਾ ਹੈ। "ਸਧਾਰਨ ਰੂਪ ਵਿਚ ਚਾਲ-ਚਲਣ ਜਾਂ ਕਰੈਕਟਰ ਦਾ ਸੰਬੰਧ ਮਨੁੱਖ ਦੇ ਜਿਨਸੀ ਵਿਹਾਰ ਹੈ। ਜਿਸਦਾ ਇਹ ਵਿਹਾਰ ਸੁੱਚਾ ਹੈ ਉਹ ਚੰਗੇ ਚਾਲ-ਚਲਣ ਜਾਂ ਚਰਿੱਤਰ ਵਾਲਾ ਹੈ ਜਿਸਦਾ ਵਿਹਾਰ ਸੁੱਚਾ ਨਹੀਂ ਉਹ ਮੰਦ ਚਲਣ। ਆਚਰਨ ਮਨੁੱਖ ਦੇ ਇੱਛਤ ਕਰਮਾਂ ਦਾ ਸਮੂਹ ਹੈ।"[81] ਇਨ੍ਹਾਂ ਕਰਮਾਂ ਦੀ ਪੇਸ਼ਕਾਰੀ ਲਈ ਮਨੁੱਖੀ ਦੀਆਂ ਆਦਤਾਂ ਅਹਿਮ ਰੋਲ ਅਦਾ ਕਰਦੀਆਂ ਹਨ। ਜਿਸ ਬਾਰੇ ਅਰਸਤੂ ਲਿਖਦਾ ਹੈ ਕਿ ਚੰਗੀਆਂ ਆਦਤਾਂ ਮਨੁੱਖੀ ਕਿਰਦਾਰ ਦਾ ਰਹੱਸ ਹੁੰਦੀਆਂ ਹਨ ਜੋ ਬਹਾਦਰੀ ਲਈ ਲੋੜੀਦੀਆਂ ਹਨ।[82] ਗੁਰੂ ਨਾਨਕ ਨੇ ਆਚਰਨ ਨੂੰ ਸੂਰਮੇ ਦੀ ਮੁਖ ਤਾਕਤ ਮੰਨਦੇ ਹੋਏ ਇਸ ਨੂੰ ਸੱਚਾਈ ਸੱਚ ਤੋਂ ਵੀ ਉਪਰ ਦੱਸਿਆ ਹੈ;

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥[83]

ਸਿੱਖ ਗੁਰੂ ਸਹਿਬਾਨ ਨੇ ਜਗਿਆਸੂ ਨੂੰ ਆਚਰਣ ਦਾ ਸੱਚਾ-ਸੁੱਚਾ ਹੋਣ ਦਾ ਉਪਦੇਸ਼ ਦਿੱਤਾ ਹੈ ਅਤੇ ਸਿੱਖਾਂ ਨੇ ਆਪਣੇ ਆਚਰਣ ਨੂੰ ਕਿਸੇ ਵੀ ਕੀਮਤ ’ਤੇ ਆਪਣੇ ਆਦਰਸ਼ ਤੋਂ ਨੀਵਾਂ ਨਹੀਂ ਹੋਣ ਦਿੱਤਾ। ਸਿੱਖ ਦੇ ਜੀਵਨ ਵਿਚ ਸੁੱਚਾ ਆਚਰਣ ਤੇ ਬਹਾਦਰੀ ਪ੍ਰਮੁੱਖ ਹਨ। ਬਲੋਚ ਲਿਖਾਰੀ ਕਾਜ਼ੀ ਨੂਰ ਮੁਹੰਮਦ ਸਿੱਖਾਂ ਵਿਰੁੱਧ ਬੜੀ ਘ੍ਰਿਣਾ ਰੱਖਦਾ ਸੀ ਜਿਸ ਕਾਰਨ ਇਹ ਸਿੱਖਾਂ ਨੂੰ ਨਰਕ ਦੇ ਕੁੱਤੇ ਘਿਰਣਾ ਯੋਗ, ਕਾਫਰ ਦੱਸਦੇ ਹੋਏ ਵੀ ਉਨ੍ਹਾਂ ਦੇ ਉੱਚੇ ਆਚਰਣ ਅਤੇ ਬਹਾਦਰੀ ਬਾਰੇ ਲਿਖਣੋ ਰਹਿ ਨਾ ਸਕਿਆ। ਆਪਣੇ ਜੰਗਨਾਮੇ ਵਿਚ ਉਹ ਲਿਖਦਾ ਹੈ ਕਿ;

---

81 ਵਜੀਰ ਸਿੰਘ, ) *ਨੈਤਿਕ ਨਿਯਮ,* ਉਪਰੋਕਤ, ਪੰਨੇ 34,35.

82 Robert C. Bartlett and susan D Collin tr. (2011) op.cit."That habit is crucial in the formation of character- for it is by repeatedly doing courageous things or just things that we become courageous or just- and even suggests that the two are etymologically linked."
*Aristotle's Nicomachean Ethics,* The University of Chicago, p.309.

83 ਸ੍ਰੀ ਗੁਰੂ ਗ੍ਰੰਥ ਸਾਹਿਬ, ੬੨.

"ਇਨ੍ਹਾਂ ਨੂੰ ਕੁੱਤੇ ਨ ਕਹੋ ਕਿਉਂਕਿ ਇਹ ਅਸਲ ਵਿਚ ਸ਼ੇਰ ਹਨ ਅਤੇ ਜੰਗ ਦੇ ਮੈਦਾਨ ਵਿਚ ਸ਼ੇਰਾਂ ਜਿੰਨਾ ਹੌਸਲਾ ਰੱਖਦੇ ਹਨ। ਜੇ ਤੁਸੀਂ ਲੜਾਈ ਦੇ ਤੌਰ ਤਰੀਕੇ ਸਿਖਣੇ ਹੋਣ ਤਾਂ ਇਨ੍ਹਾਂ ਦੇ ਕਰਤੱਵ ਦੇਖੋ। ਤੁਸੀਂ ਤਲਵਾਰ ਚਲਾਣੀ ਇਨ੍ਹਾਂ ਤੋਂ ਸਿੱਖੋ। ਜਿਥੇ ਲੜਾਈ ਦੇ ਮੈਦਾਨ ਵਿਚ ਇਹ ਸ਼ੇਰ ਹਨ ਉਥੇ ਹਾਕਮ ਤੋਂ ਵਧ ਉਦਾਰਤਾ ਅਤੇ ਖੁਲ ਦਿਲੀ ਅਮਨ ਦੇ ਮਾਹੌਲ ਵਿਚ ਦਰਸਾਏ ਹਨ। ਇਨ੍ਹਾਂ ਦੇ ਜਿਸਮ ਦੀ ਡੀਲ ਡੌਲ ਦੇਖ ਕੇ ਬੰਦਾ ਦੰਗ ਰਹਿ ਜਾਂਦਾ ਹੈ। ਇਕ ਇਕ 50 ਬੰਦਿਆਂ ਦਾ ਮੁਕਾਬਲਾ ਕਰ ਸਕਦਾ ਹੈ। ਇਹ ਕਮਾਲ ਦੇ ਬੰਦੂਕਚੀ ਹਨ ਇਹ ਨੱਸੇ ਜਾਂਦੇ ਦੁਸ਼ਮਣ 'ਤੇ ਵਾਰ ਨਹੀਂ ਕਰਦੇ ਅਤੇ ਔਰਤਾਂ ਦੇ ਗਹਿਣੇ ਨਹੀਂ ਲੁਟਦੇ ਅਤੇ ਉਨ੍ਹਾਂ ਨਾਲ ਬੜੀ ਇੱਜ਼ਤ ਨਾਲ ਵਰਤਾਵਾ ਕਰਦੇ ਹਨ। ਭਾਵੇਂ ਉਹ ਔਰਤ ਉੱਚੇ ਘਰਾਣੇ ਦੀ ਹੋਵੇ ਜਾਂ ਨੌਕਰਾਣੀ ਹਰ ਉਮਰ ਦੀ ਔਰਤ ਨੂੰ ਬੁੱਢੀ ਕਹਿ ਕੇ ਪੁਕਾਰਦੇ ਤੇ ਉਨ੍ਹਾਂ ਦੇ ਹੱਥ ਆਣ 'ਤੇ ਉਸ ਔਰਤ ਨੂੰ ਉਸਦੇ ਘਰ ਸਹੀ ਸਲਾਮਤ ਪਹੁੰਚਾਂਦੇ। ਇਹ ਨਾ ਚੋਰੀ ਕਰਦੇ ਹਨ ਤੇ ਨਾ ਹੀ ਵਿਭਚਾਰ।"[84]

ਇਹ ਉਚ ਆਚਰਣ ਸਿੱਖ ਸੂਰਬੀਰਤਾ ਵਿਚ ਹਰ ਸਮੇਂ ਪ੍ਰਮੁੱਖ ਰਿਹਾ ਹੈ, ਇਸ ਦਾ ਸਿਧਾਂਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਹੈ। ਉਚ ਆਚਰਣ ਸੂਰਬੀਰਤਾ ਦਾ ਅਤਿ ਲੋੜੀਂਦਾ ਤੱਤ ਹੈ। ਵਿਅਕਤੀ ਕਾਮ, ਕ੍ਰੋਧ, ਲੋਭ, ਅਹੰਕਾਰ ਵਿਚ ਆ ਕੇ ਦੁਸ਼-ਕਰਮ ਨ ਕਰੇ ਸਗੋਂ ਇਨ੍ਹਾਂ ਅੰਦਰਲੇ ਵੈਰੀਆਂ ਉਤੇ ਜਿੱਤ ਪ੍ਰਾਪਤ ਕਰਕੇ ਉਚੇ ਮਕਸਦ ਨੂੰ ਪ੍ਰਾਪਤ ਕਰ ਲੈਣ ਨੂੰ ਹੀ ਗੁਰਬਾਣੀ ਵਿਚ ਸੂਰਬੀਰਤਾ ਦਾ ਪਾਤਰ ਮੰਨਿਆ ਹੈ;

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥
ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰ ਪੂਰਾ॥[85]

---

84 ਕੁਲਦੀਪ ਸਿੰਘ (2010) *ਮੌਲਿਕ ਸਿੱਖ ਇਤਿਹਾਸ ਇਕ ਵਿਗਿਆਨਕ ਦ੍ਰਿਸ਼ਟੀਕੋਣ,* ਸੰਤ ਈਸ਼ਰ ਸਿੰਘ ਰਾੜੇਵਾਲਾ ਐਜੂਕੇਸ਼ਨ ਟਰੱਸਟ, ਲੁਧਿਆਣਾ, ਪੰਨੇ 172,173.

85 ਸ੍ਰੀ ਗੁਰੂ ਗ੍ਰੰਥ ਸਾਹਿਬ, ੬੭੯ .

### 3.6 ਗੁਰ ਗਿਆਨ

ਗਿਆਨ ਇਕ ਅਜਿਹਾ ਸ਼ਬਦ ਹੈ ਜਿਸਦਾ ਪ੍ਰਗਟਾਅ ਗੁਰੂ ਗ੍ਰੰਥ ਸਾਹਿਬ ਵਿਚ ਬਿਬੇਕ, ਬੁਧਿ, ਮਤਿ, ਗੁਰਮਤਿ ਆਦਿ ਸ਼ਬਦਾਂ ਵਿਚ ਬਿਆਨ ਕੀਤਾ ਗਿਆ ਹੈ। ਆਮ ਤੌਰ 'ਤੇ ਗਿਆਨ ਨੂੰ ਦੋ ਪ੍ਰਕਾਰ ਦਾ ਮੰਨਿਆ ਜਾਂਦਾ ਹੈ। ਸਧਾਰਣ ਗਿਆਨ ਅਤੇ ਬ੍ਰਹਮ ਗਿਆਨ ਜਾਂ ਆਤਮ ਗਿਆਨ। ਸਧਾਰਣ ਗਿਆਨ ਤੋਂ ਭਾਵ ਕਿਸੇ ਮਾਨਸਿਕ ਅਵਸਥਾ ਤੋਂ ਨਹੀਂ ਸਗੋਂ ਕਿਸੇ ਚੀਜ਼ ਨੂੰ ਜਾਣਨ ਤੋਂ ਲਿਆ ਗਿਆ ਹੈ। ਭਾਈ ਕਾਨ੍ਹ ਸਿੰਘ ਨਾਭਾ ਗਿਆਨ ਦੇ ਸਾਧਾਰਣ ਅਰਥ-"ਜਾਣਨਾ, ਬੋਧ, ਸਮਝ, ਇਲਮ"[86] ਦੱਸਦਾ ਹੈ। ਗਿਆਨ ਇਕ ਮਾਧਿਅਮ ਹੈ ਜਿਸ ਦੁਆਰਾ ਹੋਰ ਵਸਤੂਆਂ ਪ੍ਰਕਾਸ਼ਿਤ ਹੁੰਦੀਆਂ ਹਨ। ਗਿਆਨ ਇਕ ਅਜਿਹਾ ਵਿਆਪਕ ਵਿਸ਼ਾ ਹੈ ਜਿਹੜਾ ਸਥੂਲ ਭੌਤਿਕ ਜੀਵਨ-ਪੱਧਤੀ ਤੋਂ ਲੈ ਕੇ ਸੂਖਮ ਅਧਿਆਤਮਕ ਸਾਧਨਾ ਤੱਕ ਪਸਰਿਆ ਹੋਇਆ ਹੈ। ਗਿਆਨ ਦੇ ਸਰੂਪ ਅਤੇ ਪਰਿਭਾਸ਼ਾ ਨੂੰ ਸ਼ਬਦ-ਬੱਧ ਕਰਨਾ ਕਠਿਨ ਹੈ।

> "ਪ੍ਰਾਚੀਨ-ਭਾਰਤੀ ਚਿੰਤਨ ਵਿਚ 'ਉਪਨਿਸ਼ਦ' ਅਤੇ 'ਵੇਦਾਂਤ' ਅਤੇ 'ਭਗਵਤ' ਗੀਤਾ ਸ਼ਾਮਲ ਹਨ। ਜਿਨ੍ਹਾਂ 'ਚ ਗਿਆਨ ਦੀ ਹੋਂਦ ਬਾਰੇ ਵਿਚਾਰ ਚਲਦੀ ਆ ਰਹੀ ਹੈ। ਵੇਦ ਸ਼ਬਦ ਸੰਸਕ੍ਰਿਤ ਭਾਸ਼ਾ ਦੀ ਧਾਤੂ 'ਵਿਦ ਤੋਂ ਵਿਉਂਤਪਨ' ਹੈ ਜਿਸਦਾ ਅਰਥ ਹੀ ਗਿਆਨ ਹੈ। ਉਪਨਿਸ਼ਦਾਂ ਵਿਚ ਗਿਆਨ ਦਾ ਅਰਥ ਅਨੁਭਵੀ ਗਿਆਨ ਨਹੀਂ ਅਤੇ ਨਾ ਹੀ ਇਹ ਗਿਆਨ ਕਿਸੇ ਕਿਸਮ ਦੇ ਵਿਗਿਆਨ ਜਾਂ ਤਰਕ ਨਾਲ ਸੰਬੰਧਿਤ ਹੈ ਸਗੋਂ ਉਪਨਿਸ਼ਦਾਂ ਦਾ ਗਿਆਨ ਸਤਿ ਗਿਆਨ ਹੈ।"[87]

ਭਗਵਤ ਗੀਤਾ ਵਿਚ ਭਗਤੀ ਮਾਰਗ ਲਈ ਵੱਖੋਂ-ਵੱਖਰੇ ਮਾਰਗ ਪ੍ਰਚੱਲਤ ਸਨ। ਇਨ੍ਹਾਂ ਵਿੱਚੋਂ ਸਾਧਨ-ਕਰਮ, ਗਿਆਨ, ਯੋਗ ਅਤੇ ਭਗਤੀ ਵਰਨਣਯੋਗ ਹਨ। ਜੈਨੀਆਂ ਅਨੁਸਾਰ ਗਿਆਨ ਪੰਜ ਪ੍ਰਕਾਰ ਦਾ ਹੈ। ਪ੍ਰਤੱਖ ਗਿਆਨ, ਵਰਣਨ, ਯਤੀਆਂ ਦੇ ਭੂਤਕਾਲ ਦਾ ਗਿਆਨ, ਦੂਜੇ ਮਨੁੱਖਾਂ ਦੇ ਮਨ, ਭਾਵ ਅਤੇ ਵਿਚਾਰਾਂ ਦਾ ਅਗੰਮ ਬੋਧ ਅਤੇ ਪੂਰਵ ਗਿਆਨ ਜਿਹੜਾ ਮੁਕਤੀ ਦੀ ਅਵਸਥਾ

---

86 ਉਪਰੋਕਤ, ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼, ਪੰ.* 305.

87 ਤਰਲੋਚਨ ਕੌਰ (ਜੂਨ 1986) "ਗਿਆਨ: ਪਰਿਭਾਸ਼ਾ ਅਤੇ ਪਰੰਪਰਾ" *ਨਾਨਕ ਪ੍ਰਕਾਸ਼ ਪੱਤ੍ਰਿਕਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ.148.

ਵਿਚ ਪ੍ਰਾਪਤ ਹੁੰਦਾ ਹੈ। ਗੁਰਬਾਣੀ ਅਧਿਆਤਮਕ ਗਿਆਨ ਹੈ। ਗੁਰਬਾਣੀ ਵਿਚਲੇ ਉਪਦੇਸ਼ਾ ਨੇ ਜਗਿਆਸੂ ਨੂੰ ਜਿਥੇ ਸੰਸਾਰਿਕ ਗਿਆਨ ਦੀਆਂ ਜੁਗਤੀਆਂ ਦੱਸੀਆਂ ਹਨ ਉੱਥੇ ਅਧਿਆਤਮਕ ਜੀਵਨ ਦੀ ਸਫਲਤਾ ਲਈ ਬ੍ਰਹਮ ਗਿਆਨ ਨੂੰ ਸਮੇਟਿਆ ਹੋਇਆ ਹੈ। ਇਹ ਗਿਆਨ ਸੂਰਮਗਤੀ ਦਾ ਤਾਕਤਵਾਰ ਹਥਿਆਰ ਹੈ ਜਿਸ ਦੇ ਸਾਹਮਣੇ ਅਨਿਆਂ ਟਿਕ ਨਹੀਂ ਸਕਦਾ। ਗਿਆਨ ਗੁਰੂ ਦੁਆਰਾ ਪ੍ਰਾਪਤ ਹੁੰਦਾ ਹੈ;

ਕੁੰਭੇ ਬਧਾ ਜਲੁ ਰਹੈ॥ ਜਲੁ ਬਿਨੁ ਕੁੰਭੁ ਨ ਹੋਇ॥

ਗਿਆਨ ਕਾ ਬਧਾ ਮਨੁ ਰਹੈ॥ ਗੁਰ ਬਿਨੁ ਗਿਆਨੁ ਨ ਹੋਇ॥[88]

ਬਹਾਦਰੀ ਦੇ ਤੱਤਾਂ ਦੀ ਲੜੀ ਦਾ ਇਕ ਤੱਤ ਗਿਆਨ ਹੈ ਜੋ ਵਿਅਕਤੀ ਨੂੰ ਬਾਹਰੀ ਪਰਪੰਚ ਦੀ ਜਾਣਕਾਰੀ ਦਿੰਦਾ ਹੈ। ਗਿਆਨ ਤੋਂ ਬਗੈਰ ਮਨੁੱਖੀ ਬਿਰਤੀ ਦਾ ਵਿਕਾਸ ਨਹੀਂ ਹੋ ਸਕਦਾ। ਗਿਆਨ ਦਾ ਤੇਜ ਅਸਰ ਜੀਵਨ ਦੇ ਹਰ ਖੇਤਰ ਵਿਚ ਹੈ ਉਸੇ ਤਰ੍ਹਾਂ ਬਹਾਦਰੀ ਲਈ ਵੀ ਗਿਆਨ ਜ਼ਰੂਰੀ ਹੈ। ਭਾਵੇਂ ਵਿਅਕਤੀ ਸਰੀਰ ਕਰਕੇ ਜਿੰਨਾ ਮਰਜੀ ਤਾਕਤ ਵਾਲਾ, ਉੱਚਾ ਲੰਬਾ ਹੋਵੇ ਪਰ ਜੇਕਰ ਉਸ ਕੋਲ ਸਾਹਮਣੀ ਮੁਸੀਬਤ ਦੇ ਹਲ ਕਰਨ ਲਈ ਅਤੇ ਗਲਤ ਨਤੀਜੇ ਦਾ ਨਿਰਨਾ ਕਰਨ ਲਈ ਵਿਵੇਕ ਜਾਂ ਢੁੱਕਵਾਂ ਗਿਆਨ ਨਹੀਂ ਹੈ ਅਤੇ ਉਹ ਕੇਵਲ ਸਰੀਰ ਦੀ ਤਾਕਤ ਸਦਕਾ ਹੀ ਮੁਸੀਬਤ ਦਾ ਹੱਲ ਕਰੇ ਤਾਂ ਇਹ ਮੂਰਖਤਾ ਭਰੀ ਬਹਾਦਰੀ ਹੋਵੇਗੀ। ਗਿਆਨਹੀਨ ਵਿਅਕਤੀ ਬਹਾਦਰ ਨਹੀਂ ਹੋ ਸਕਦਾ।

ਗੁਰਬਾਣੀ ਅਨੁਸਾਰ ਸੂਰਮੇ ਦੇ ਮੁੱਖ ਹਥਿਆਰਾਂ ਵਿਚੋਂ ਇਕ ਗਿਆਨ ਹੈ। ਗੁਰੂ ਦੁਆਰਾ ਮਿਲੇ ਗਿਆਨ ਸਦਕਾ ਸੂਰਮਾ ਆਪਣੇ ਅੰਦਰਲੇ ਵੈਰੀਆਂ ਨੂੰ ਮਾਰਦਾ ਹੈ ਜੋ ਕਿ ਮਨੁੱਖ ਨੂੰ ਕਮਜ਼ੋਰ ਬਣਾਉਂਦੇ ਹਨ;

ਕਾਮੁ ਕ੍ਰੋਧੁ ਅਹੰਕਾਰੁ ਨਿਵਾਰੇ ॥ ਤਸਕਰ ਪੰਚ ਸਬਦਿ ਸੰਘਾਰੇ॥

ਗਿਆਨ ਖੜਗੁ ਲੈ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੇ॥[89]

---

88 ਸ੍ਰੀ ਗੁਰੂ ਗ੍ਰੰਥ ਸਾਹਿਬ, ੪੬੯.

89 ਉਹੀ, ੧੦੨੨.

ਸੋ "ਬੀਰਤਾ ਮਨ ਦੀ ਉਸ ਅਵਸਥਾ ਦਾ ਨਾਂ ਹੈ ਜੋ ਅਕਲ ਅਧੀਨ ਰਹਿ ਕੇ ਹੋਂਦ ਵਿਚ ਆਉਂਦੀ ਹੈ। ਅਕਲ ਅਧੀਨ ਰਹਿ ਕੇ ਜੋ ਵਿਅਕਤੀ ਬਹਾਦਰੀ ਦਾ ਕੰਮ ਕਰਦਾ ਹੈ ਸਹੀ ਅਰਥਾਂ ਵਿਚ ਉਹ ਹੀ ਸੂਰਬੀਰ ਹੈ।"[90]

ਉਪਰੋਕਤ ਗੁਣ ਸੂਰਬੀਰਤਾ ਦੇ ਅਸਲ ਸਰੂਪ ਤੇ ਪ੍ਰਕ੍ਰਿਤੀ ਲਈ ਮੂਲ ਹਨ। ਇਕ ਅਕਾਲ ਪੁਰਖ ਨੂੰ ਮਿਲਣ ਦਾ ਮਾਰਗ ਸੱਚੀ ਸੂਰਬੀਰਤਾ ਹੈ। ਸਿੱਖ ਧਰਮ ਦੀ ਸੂਰਬੀਰਤਾ ਉਕਤ ਸਾਰੇ ਤੱਤਾਂ ਨਾਲ ਓਤ-ਪੋਤ ਹੈ। ਸੂਰਬੀਰਤਾ ਨਾਲ ਸਿੱਖਾਂ ਵਿਚ ਜੁਝਾਰੂ ਪ੍ਰਵਿਰਤੀ ਪਰਿਪੱਕ ਹੋਈ ਰਹਿੰਦੀ ਹੈ ਜਿਸ ਸਦਕਾ ਰਣ ਭੂਮੀ ਵਿਚ ਬਹਾਦਰੀ ਨਾਲ ਲੜਕੇ ਜਿੱਤ ਪ੍ਰਾਪਤ ਕਰਨੀ ਜਾਂ ਵੈਰੀ ਨਾਲ ਲੜਦੇ ਹੋਏ ਸ਼ਹਾਦਤ ਦਾ ਜਾਮ ਪੀ ਜਾਣਾ ਸਰਬੋਤਮ ਵਿਹਾਰ ਹੈ। ਗੁਰਮਤਿ ਵਿਚ ਜਿੱਥੇ ਸੂਰਬੀਰਤਾ ਦੇ ਸਿਧਾਂਤ ਮਿਲਦੇ ਹਨ, ਉਥੇ ਇਨ੍ਹਾਂ ਸਿਧਾਂਤਾ ਦਾ ਵਿਹਾਰਕ ਰੂਪ ਸਿੱਖ ਇਤਿਹਾਸ ਵਿਚ ਦਰਜ ਹੈ ਜਿਸ ਨੂੰ ਪੜ੍ਹਨ ਵਾਲਾ ਬਹਾਦਰੀ ਦੇ ਅਸਲ ਅਰਥਾਂ ਨੂੰ ਸਮਝਦਾ ਹੈ।

ਬੀਰਤਾ ਦੀ ਪਰਕਿਰਤੀ ਅਤੇ ਸਦਾਚਾਰਕ ਗੁਣਾ ਦੇ ਅੰਤਰ-ਸੰਬੰਧਾਂ ਨੂੰ ਚੰਗੀ ਤਰ੍ਹਾਂ ਸਮਝਣ ਲਈ ਇਕ ਲੋਕ ਕਥਾ ਦਾ ਵਿਸ਼ੇਸਲਣ ਕਰਨਾ ਜ਼ਰੂਰੀ ਹੈ ਜੋ ਸੂਰਬੀਰਤਾ ਦੇ ਮੁੱਖ ਗੁਣਾਂ ਦੇ ਆਪਸੀ ਸੰਬੰਧਾਂ ਨੂੰ ਪ੍ਰਗਟ ਕਰਦੀ ਹੈ;

> "ਇਕ ਸੇਵਕ ਨੇ ਇਕ ਮਹਾਂ ਮੁਨੀ ਦੀ ਅਨਿੰਨ ਸੇਵਾ ਕੀਤੀ। ਮਹਾਂ, ਮੁਨੀ ਪ੍ਰਸੰਨ ਹੋ ਕੇ ਵਰ ਵਰੂਹ ਹੋਏ ਤਾਂ ਸੇਵਕ ਨੇ ਮੰਗ ਕੀਤੀ ਕਿ ਹੇ ਜੇ ਤਰੁੱਠੇ ਹੋ ਗੁਰਦੇਵ, ਤਾਂ ਮੈਨੂੰ ਸ਼ੀਲ ਦੇ ਦੇਵੋ ਜੋ ਤੁਹਾਡੇ ਹਿਰਦੇ ਵਿਚ ਨਿਵਾਸ ਕਰਦੀ ਹੈ। ਮਹਾਂ ਮੁਨੀ ਜੀ ਵਚਨ-ਬੱਧ ਸਨ ਉਨ੍ਹਾਂ ਉਸ ਨੂੰ ਤਥਾ-ਅਸਤ ਕਹਿਣਾ ਹੀ ਬਣਦਾ ਸੀ। ਮੁਨੀ ਦਾ ਸੇਵਕ ਜਦੋਂ ਆਪਣੇ ਹਿਰਦੇ ਵਿਚ ਸੀਲ ਧਾਰਨ ਕਰਕੇ ਚਲਿਆ ਤਾਂ ਮੁਨੀ ਅੱਗੇ ਇਕ ਕੋਈ ਦੈਵੀ ਸ਼ਕਤੀ ਪ੍ਰਾਰਥਨਾ ਰੂਪ ਹੋ ਖੜੀ ਹੋ ਗਈ ਇਹ ਸ਼ਕਤੀ ਦਇਆ ਸੀ। ਦਯਾ ਨੇ ਮੁਨੀ ਜੀ ਨੂੰ ਕਿਹਾ ਕਿ ਹੇ ਮੁਨੀ ਜੀ ਮੈਂ ਵੀ ਆਪ ਜੀ ਦੇ ਹਿਰਦੇ ਵਿਚੋਂ ਜਾ ਰਹੀ ਹਾਂ ਕਿਉਂਕਿ ਮੇਰਾ ਨਿਵਾਸ ਉਥੇ ਹੁੰਦਾ ਹੈ ਜਿਥੇ ਸ਼ੀਲ ਹੋਵੇ। ਇਤਨੇ ਨੂੰ ਧਰਮ ਮੁਨੀ ਅੱਗੇ ਖੜਾ ਹੋ ਗਿਆ ਉਸਨੇ ਕਿਹਾ ਹੈ ਪੂਜਯ ਮੁਨੀ ਜੀ ਮੈ ਉਥੇ

---

90 ਜੋਗਿੰਦਰ ਸਿੰਘ (1963) "ਬੀਰਤਾ ਦਾ ਨੈਤਿਕ ਅਧਿਐਨ", *ਪੰਜਾਬੀ ਦੁਨੀਆਂ,* ਪੰਜਾਬੀ ਵਿਭਾਗ ਪੰਜਾਬ, ਪਟਿਆਲਾ, ਅਪ੍ਰੈਲ-ਮਈ, ਪੰ.5.

> ਛਿਨ ਭਰ ਵੀ ਨਹੀਂ ਠਹਿਰ ਸਕਦਾ ਜਿਥੇ ਸ਼ੀਲ ਅਤੇ ਦਯਾ ਨ ਹੋਣ ਇਸ ਲਈ ਅਸੀਂ ਵੀ ਚੱਲੇ ਹਾਂ। ਧਰਮ ਤੋਂ ਬਾਅਦ ਧੀਰਜ ਨੇ ਕਿਹਾ ਕਿ ਜਿਥੇ ਉਹ ਤਿੰਨੇ ਨਾ ਹੋਣ ਤਾਂ ਮੈਂ ਉਥੇ ਕਿਵੇਂ ਰਹਾਂ? ਇਸ ਤਰ੍ਹਾਂ ਧੀਰਜ ਉਠ ਕੇ ਉਸੇ ਰਾਹ ਪਿਆ ਜਿਥੇ ਜਿਥੇ ਸ਼ੀਲ ਦਯਾ, ਧਰਮ ਸਨ। ਇਨ੍ਹਾਂ ਤੋਂ ਬਗੈਰ ਗਿਆਨ ਵੀ ਨਹੀਂ ਟਿਕ ਸਕਦਾ ਸੀ। ਸਭ ਦੇ ਛੱਡ ਜਾਣ ਉਤੇ ਵੀ ਮਹਾਂ ਮੁਨੀ ਜਿਸ ਚੀਜ਼ ਦਾ ਸਹਾਰਾ ਬਣਾਈ ਬੈਠਾ ਸੀ ਉਹ ਬੀਰਤਾ ਸੀ ਜਿਸ ਨਾਲ ਉਸਦਾ ਵਿਚਾਰ ਹੋਵੇਗਾ ਕਿ ਜ਼ਿੰਦਗੀ ਦੇ ਰਣ-ਖੇਤਰ ਵਿਚ ਖੜਨ ਦੀ ਸ਼ਕਤੀ ਬੀਰਤਾ ਉਸ ਪਾਸ ਹੈ ਤਾਂ ਉਸਨੂੰ ਅਸਚਰਯ ਹੋਇਆ ਕਿ ਜਦੋਂ ਸਭ ਸ਼ਸਤ੍ਰਾਂ ਅਸਤ੍ਰਾਂ ਨਾਲ ਸਨਦ-ਬੱਧ ਬੀਰਤਾ ਵੀ ਉਨ੍ਹਾਂ ਨੂੰ ਪ੍ਰਣਾਮ ਕਰ ਟੁਰੀ! ਤਾਂ ਮੁਨੀ ਜੀ ਨੇ ਕਿਹਾ ਹੇ! ਬੀਰਤਾ ਮੈਂ ਤਾਂ ਸੇਵਕ ਨੂੰ ਕੇਵਲ ਸ਼ੀਲ ਹੀ ਦਿੱਤਾ ਸੀ ਤਾਂ ਫਿਰ ਇਹ ਗੱਲ ਜਚਦੀ ਨਹੀਂ ਬਾਕੀ ਦੇ ਸਦਗੁਣ ਉਸਦੇ ਸੰਗੀ ਹੋਣ ਕਰਕੇ ਮੈਨੂੰ ਛੱਡ ਜਾਣ ਪਰ ਤੇਰਾ ਉਨ੍ਹਾਂ ਨਾਲ ਕੀ ਮੇਲ ? ਇਹ ਗੱਲ ਸੁਣ ਕੇ ਬੀਰਤਾ ਨੇ ਕਿਹਾ ਕਿ ਹੇ ਮੁਨੀ ਜੀ ਹੁਣ ਤੁਹਾਡੇ ਪਾਸੋਂ ਗਿਆਨ ਹੀ ਨਹੀਂ ਰਿਹਾ ਤਾਂ ਤੁਹਾਡੇ ਲਈ ਇਹ ਗੱਲ ਸੱਚ ਮੁੱਚ ਹੀ ਸਮਝ ਵਿਚ ਆਉਣ ਵਾਲੀ ਨਹੀਂ ਇਸ ਲਈ ਬਿਨਾਂ ਕਿਸੇ ਬਰੀਕੀ ਵਿਚ ਪਾਇਆਂ ਇੰਨਾਂ ਹੀ ਦਸਦੀ ਹਾਂ ਕਿ ਮੈ ਤਦ ਹੀ ਕਾਰਜਸ਼ੀਲ ਹਾਂ ਜੇ ਸੀਲ, ਦਯਾ, ਧਰਮ, ਧੀਰਜ ਅਤੇ ਗਿਆਨ ਦੇ ਸਹਾਰੇ ਮੇਰੇ ਨਾਲ ਹੋਣ। ਜਿਥੇ ਇਹ ਸਦਗੁਣ ਨਾ ਹੋਣ ਤਾਂ ਉਥੇ 'ਕਇਰਤਾ' ਹੀ ਵਸਦੀ ਹੈ, ਮੈਂ ਬੀਰਤਾ ਨਹੀਂ।"[91]

ਇਸ ਕਥਾ ਤੋਂ ਪਤਾ ਚਲਦਾ ਹੈ ਕਿ ਬੀਰਤਾ ਦਾ ਗੁਣ ਇਕ ਇਕਾਈ ਨਹੀਂ ਬਲਕਿ ਦੂਜਿਆਂ ਦੇ ਗੁਣਾਂ ਪਰਸਪਰ ਸੰਪਰਕ 'ਤੇ ਨਿਰਭਰ ਹੈ। ਜਿਸ ਪੁਰਸ ਵਿਚ ਨੇਕੀ ਦੇ ਬਾਕੀ ਗੁਣ ਨਾ ਹੋਣ ਉਹ ਬੀਰਤਾ ਦਾ ਧਾਰਨੀ ਨਹੀਂ ਹੋ ਸਕਦਾ। ਕਿਸੇ ਛਿਨ ਭੰਗਰੀ ਖਿਝਾਹਟ ਕਾਰਨ ਵਿਅਕਤੀ ਭਾਵੇਂ ਕਿੰਨ੍ਹਾਂ ਵੀ ਖ਼ੂਨ ਖਰਾਬਾ ਕਰਦਾ ਰਹੇ ਉਹ ਸੂਰਬੀਰਤਾ ਦਾ ਧਾਰਨੀ ਨਹੀਂ ਹੋ ਸਕਦਾ ਇਸਦੇ ਉਲਟ ਸੂਰਮਾ ਨਿਹੱਥਾ ਹੀ ਸੂਰਬੀਰਤਾ ਨੂੰ ਵਿਹਾਰਕ ਰੂਪ ਦੇ ਜਾਂਦਾ ਹੈ।

---

91 ਗਿਆਨੀ ਗੁਰਦਿੱਤ ਸਿੰਘ (1976) "ਬੀਰਤਾ ਦੇ ਪੁੰਜ ਗੁਰੂ ਗੋਬਿੰਦ ਸਿੰਘ," *ਸਿੰਘ ਸਭਾ ਪੱਤ੍ਰਿਕਾ,* ਅੰਮ੍ਰਿਤਸਰ, ਦਸੰਬਰ, ਪੰ. 29.

### 4. ਸਿੱਖ ਧਰਮ ਵਿਚ ਸੂਰਬੀਰਤਾ ਦਾ ਵਿਕਾਸ

ਸਿੱਖ ਧਰਮ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਦੁਨੀਆਂ ਦੇ ਵੱਡੇ ਧਰਮ ਪੂਰੀ ਤਰ੍ਹਾਂ ਸਥਾਪਤ ਹੋ ਚੁੱਕੇ ਸਨ। ਸ੍ਰੀ ਗੁਰੂ ਨਾਨਕ ਸਾਹਿਬ ਨੇ ਨਵੇਂ ਧਰਮ ਦੀ ਨੀਂਹ ਮਜ਼ਬੂਤ ਰੂਹਾਨੀ ਅਧਾਰ ’ਤੇ ਰੱਖੀ ਹੈ। ਸੂਰਬੀਰਤਾ ਸਿੱਖ ਧਰਮ ਦੀ ਵਿੱਲਖਣਤਾ ਹੈ। ਪਵਿੱਤਰ ਭਾਵਨਾ ਨਾਲ ਭਰਪੂਰ ਜ਼ਜਬਾ ਹੈ। ਸੂਰਬੀਰਤਾ ਦਾ ਵਿਰਸਾ ਗੁਰੂ ਨਾਨਕ ਦੇਵ ਜੀ ਦੀ ਬਖਸ਼ਿਸ਼ ਹੈ ਉਨ੍ਹਾਂ ਨੇ ਸਾਰੀ ਖਲਕਤ ਨੂੰ ਇਕ ਪ੍ਰਭੂ ਨਾਲ ਜੋੜ ਕੇ ਨਿਰਭਉ ਤੇ ਨਿਰਵੈਰ ਹੋ ਕੇ ਆਪਣਾ ਜੀਵਨ ਬਤੀਤ ਕਰਨ ਦੀ ਸਿੱਖਿਆ ਦਿੱਤੀ। ਉਨ੍ਹਾਂ ਨੇ ਆਪਣੀ ਬਾਣੀ ਰਾਹੀਂ ਕਿਹਾ ਹੈ ਕਿ ਸਿੱਖੀ ਪ੍ਰੇਮ ਦਾ ਮਾਰਗ ਹੈ ਅਤੇ ਇਸ ਮਾਰਗ ਦੇ ਪਾਂਧੀ ਬਣਨ ਵਾਲਿਆਂ ਨੂੰ ਸਿਰ ਤਲੀ 'ਤੇ ਧਰ ਕੇ ਆਉਣਾ ਚਾਹੀਦਾ ਹੈ। ਉਨ੍ਹਾਂ ਨੇ ਹਰ ਪ੍ਰਕਾਰ ਦੀ ਸਮਾਜਿਕ, ਰਾਜਨੀਤਕ ਗੁਲਾਮੀ ਵਿਰੁੱਧ ਆਵਾਜ਼ ਉਠਾਈ ਅਤੇ ਨਿਰਭੈਤਾ ਦਾ ਉਪਦੇਸ਼ ਦਿੱਤਾ। ਇਸ ਧਰਮ ਦੇ ਮੁਢਲੇ ਦਿਨਾਂ ਵਿਚ ਹੀ ਇਸ ਦਾ ਵਾਹ ਸੰਸਾਰ ਦੀਆਂ ਵੱਡੀਆਂ ਅਤੇ ਸ਼ਕਤੀਸ਼ਾਲੀ ਹਕੂਮਤਾਂ ਨਾਲ ਪੈ ਗਿਆ ਸੀ। ਹਿੰਦੋਸਤਾਨ ਦੀ ਧਰਤੀ ’ਤੇ ਜਦੋਂ ਬਾਬਰ ਨੇ ਹਮਲਾ ਕੀਤਾ ਸੀ ਤਾਂ ਉਸਦੇ ਖਿਲਾਫ ਕੋਈ ਬੋਲਣ ਦੀ ਹਿੰਮਤ ਨਹੀਂ ਰਖਦਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਬਰ ਦੇ ਜ਼ੁਲਮਾਂ ਦੀ ਮਾਰ ਸਹਿ ਰਹੀ ਲੁਕਾਈ ਦੇ ਪੱਖ ਵਿਚ ਆਵਾਜ਼ ਉਠਾਈ ਅਤੇ ਬਾਬਰ ਦੇ ਹਮਲੇ ਦਾ ਵਿਰੋਧ ਕਰਕੇ ਇਹ ਸੰਦੇਸ਼ ਦਿੱਤਾ ਕਿ ਉਹ ਜ਼ੁਲਮ ਅਤੇ ਤਸ਼ੱਦਦ ਦੇ ਖਿਲਾਫ ਉਠ ਕੇ ਉਹ ਕਾਰਜ ਕਰਨ ਜੋ ਸੂਰਮੇ ਹੀ ਕਰ ਸਕਦੇ ਹਨ।

ਇਸ ਬੀਰ ਪਰੰਪਰਾ ਨੂੰ ਅੱਗੇ ਤੋਰਦਿਆਂ ਖਡੂਰ ਸਾਹਿਬ ਵਿਚ ਗੁਰੂ ਅੰਗਦ ਦੇਵ ਜੀ ਨੇ ਬੀਰਤਾ ਦੇ ਸਿਧਾਂਤ ਨੂੰ ਦ੍ਰਿੜ੍ਹ ਕਰਵਾਇਆ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਤੱਕ ਸਿੱਖ ਸੂਰਬੀਰਤਾ ਦਾ ਰੁਖ ਅਧਿਆਤਮਕ, ਸਮਾਜਕ ਅਤੇ ਨੈਤਿਕ ਰਿਹਾ ਹੈ। ਸ੍ਰੀ ਗੁਰੂ ਰਾਮਦਾਸ ਜੀ ਤੋਂ ਬਾਅਦ ਸ਼ਹਾਦਤ ਦੀ ਰੀਤ ਨੇ ਸੂਰਬੀਰਤਾ ਵਿਚ ਵਾਧਾ ਕੀਤਾ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਿੱਖੀ ਨੂੰ ਸਾਂਤੀ ਅਤੇ ਬੀਰਤਾ ਨਾਲ ਸੰਪੂਰਨ ਕੀਤਾ ਸੱਚੇ ਮਾਰਗ ਉਪਰ ਚਲਣ ਵਾਲਿਆਂ ਨੂੰ ਪਹਿਲਾਂ ਆਪਣੀ ਮੌਤ ਕਬੂਲ ਕਰਨ ਦਾ ਉਪਦੇਸ਼ ਵੀ ਦਿੱਤਾ ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਮੌਤ ਦੇ ਭੈ ਤੋਂ ਮੁਕਤ ਵਿਅਕਤੀ ਹੀ ਸੂਰਮਾ ਹੋ ਸਕਦਾ ਹੈ ਜਿਸਨੇ ਸੂਰਮਗਤੀ ਦੇ ਸਿਧਾਂਤਕ ਪੱਖ ਨੂੰ ਵਿਹਾਰ ਵਿਚ ਲਿਆਂਦਾ। ਮੈਕਾਲਿਫ ਸਿੱਖ ਇਤਿਹਾਸ ਵਿਚ ਲਿਖਦੇ ਹਨ, ਇਕ

ਸੂਰਮਾ ਸ੍ਰੀ ਗੁਰੂ ਅਰਜਨ ਦੇਵ ਜੀ ਕੋਲ ਆਤਮਕ ਸਿੱਖਿਆ ਲੈਣ ਲਈ ਆਇਆ ਤਾਂ ਗੁਰੂ ਜੀ ਨੇ ਉਸ ਸਿਪਾਹੀ ਨੂੰ ਆਖਿਆ;

> "ਜਿਸਨੇ ਬੀਰਤਾ ਦਾ ਧਰਮ ਧਾਰਨ ਕੀਤਾ ਹੈ ਉਸਨੂੰ ਸੰਗ੍ਰਾਮ ਵਿਚ ਨਿਰਭੈ ਹੋਣਾ ਚਾਹੀਦਾ ਹੈ। ਜਿਸਨੇ ਇਹ ਸੰਕਲਪ ਕੀਤਾ ਹੋਇਆ ਹੈ ਕਿ ਮੈਂ ਜਿੱਤਾਂਗਾ ਜਾਂ ਲੜਦਾ ਲੜਦਾ ਮਰ ਜਾਵਾਂਗਾ ਅਤੇ ਜਿਹੜਾ ਮਰਨ ਸਮੇਂ ਸਤਿਨਾਮ ਨੂੰ ਹਿਰਦੇ ਵਿਚ ਧਾਰਨ ਕਰਦਾ ਹੈ ਉਹ ਕਈ ਜਨਮਾਂ ਦੇ ਪਾਪ ਧੋ ਦੇਂਦਾ ਹੈ। ਸਿਮਰਨ ਤੋਂ ਬਿਨਾਂ ਸੂਰਮਿਆਂ ਦੀ ਪੁਰੀ ਵਿਚ ਜਗ੍ਹਾ ਨਹੀਂ ਮਿਲਦੀ ਜਿਹੜਾ ਨਿਰਭੈਤਾ ਨਾਲ ਦੁਸ਼ਮਨ ਨੂੰ ਲੜਾਈ ਲਈ ਵੰਗਾਰਦਾ ਹੈ ਅਤੇ ਸ਼ਸਤਰਾਂ ਦੇ ਘਮਸਾਨ ਵਿਚ ਪ੍ਰਾਣ ਤਿਆਗ ਦਿੰਦਾ ਹੈ ਉਹ ਉਸ ਅਨੰਦ ਨੂੰ ਮਾਣਦਾ ਹੈ ਜਿਸ ਲਈ ਜੋਗੀ ਤਰਸਦੇ ਹਨ। ਸ਼ਸਤ੍ਰਧਾਰੀ ਦਾ ਸਭ ਤੋਂ ਵੱਡਾ ਧਰਮ ਇਹ ਹੈ ਕਿ ਉਹ ਦੁਸ਼ਮਨ ਨੂੰ ਪਿੱਠ ਨਾ ਦਿਖਾਏ। ਬਹਾਦਰ ਆਦਮੀ ਆਪਣੀਆਂ ਬਾਹਾਂ ਦੇ ਜ਼ੋਰ ਨਾਲ ਇਥੇ ਅਤੇ ਅਗਾਂਹ ਲਈ ਸੁਖ ਪ੍ਰਾਪਤ ਕਰਦਾ ਹੈ। ਜਿਸਦਾ ਤੂੰ ਲੂਣ ਖਾਂਦਾ ਹੈ ਉਸ ਲਈ ਲੜ ਆਪਣੇ ਸ਼ਹਿਨਸ਼ਾਹ ਲਈ ਆਪਣੀ ਜਾਨ ਕੁਰਬਾਨ ਕਰ ਅਤੇ ਦੋਹਾਂ ਜਹਾਨਾਂ ਵਿਚ ਤੇਰਾ ਬੜਾ ਜਸ ਹੋਵੇਗਾ।"[92]

ਮੈਕਾਲਿਫ ਵਲੋਂ ਸੂਰਬੀਰਤਾ ਲਈ ਮੁੱਖ ਗੁਣ ਯੁੱਧ ਦੇ ਮੈਦਾਨ ਵਿਚ ਡਟ ਕੇ ਲੜਨਾ, ਸੂਰਮਾ ਨਾਮ ਸਿਮਰਨ ਦੇ ਸਹਾਰੇ ਆਪਣੀ ਤਾਕਤ ਨੂੰ ਵਧਾਉਂਦਾ ਅਤੇ ਉਸਦੀ ਯੋਗ ਵਰਤੋਂ ਕਰਦਾ ਹੈ, ਉਹ ਦੁਸ਼ਮਨ ਨੂੰ ਕਦੇ ਪਿੱਠ ਨਹੀਂ ਦਿਖਾਉਂਦਾ ਅਤੇ ਵਫਾਦਾਰੀ ਦੀ ਸਰਬੋਤਮ ਮਿਸਾਲ ਕਾਇਮ ਕਰਦਾ ਹੈ।

ਸਿੱਖ ਸਰੋਕਾਰਾਂ ਵਿਚ ਗੁਰਮਤਿ ਸਿਧਾਂਤਾਂ ਨੂੰ ਵਿਹਾਰ ਵਿਚ ਲਿਆਉਣ ਦੀ ਤਰਜੀਹ ਦਿੱਤੀ ਗਈ ਹੈ। ਜਿਸ ਦੀ ਪ੍ਰੇਰਨਾ ਗੁਰੂ ਸਾਹਿਬਾਨ ਜੀ ਦੇ ਜੀਵਨ ਵਿਚੋਂ ਪਰਾਪਤ ਹੁੰਦੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤੱਤੀ ਤਵੀ 'ਤੇ ਬੈਠ ਕੇ ਸੂਰਬੀਰਤਾ ਨੂੰ ਕਾਇਮ ਰੱਖਿਆ। ਗੁਰੂ ਸਾਹਿਬ ਜੀ

---

92 ਮੈਕਾਲਿਫ (2010) *ਸਿੱਖ ਇਤਿਹਾਸ-ਭਾਗ 1,2* , ਅਜਾਇਬ ਸਿੰਘ ਅਤੇ ਜੀ .ਐਸ. ਔਲਖ (ਅਨੁ.) ਲਾਹੌਰ ਬੁੱਕ ਸ਼ਾਪ, ਲੁਧਿਆਣਾ, ਪੰ. 395.

ਨੇ ਕਦੇ ਵੀ ਵਿਰੋਧੀ ਪ੍ਰਤੀ ਉਲ੍ਹਾਮਾ ਨਹੀਂ ਰੱਖਿਆ ਅਤੇ ਹਮੇਸ਼ਾ ਹੀ ਅਕਾਲ ਪੁਰਖ ਦੇ ਨਾਮ ਨੂੰ ਹਿਰਦੇ ਵਿਚ ਵਸਾਈ ਰੱਖਿਆ, ਜਿਸ ਦਾ ਦ੍ਰਿਸ਼ਟਾਂਤ ਉਹਨਾਂ ਦੀ ਗੁਰਬਾਣੀ ਦਿੰਦੀ ਹੈ;

ਉਲਹਾਨੋ ਮੈ ਕਾਹੂ ਨ ਦੀਓ॥ ਮਨ ਮੀਠ ਤੁਹਾਰੋ ਕੀਓ॥[93]

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅਕਾਲ ਪੁਰਖ ਦੇ ਭਾਣੇ ਲਈ ਅਤੇ ਧਰਮ ਦੀ ਖਾਤਰ ਤੱਤੀ ਤਵੀ 'ਤੇ ਬੈਠ ਕੇ ਸ਼ਹਾਦਤ ਦਾ ਜਾਮ ਪੀ ਕੇ ਸੂਰਬੀਰਤਾ ਦੀ ਵਿਲੱਖਣ ਮਿਸਾਲ ਕਾਇਮ ਕਰਦਿਆਂ ਸ਼ਾਂਤੀ ਅਤੇ ਬੀਰਤਾ ਦੋਹਾਂ ਨੂੰ ਸੰਪੂਰਨ ਕੀਤਾ। ਪੰਚਮ ਪਾਤਸ਼ਾਹ ਦੀ ਸ਼ਹਾਦਤ ਸਾਂਤਮਈ ਕੁਰਬਾਨੀ ਦੀ ਹੱਦ ਸੀ। ਇਸ ਤੋਂ ਪਿਛੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਜ਼ੁਲਮ ਖਿਲਾਫ ਮੀਰੀ ਅਤੇ ਪੀਰੀ ਦੀਆਂ ਦੋ ਕਿਰਪਾਨਾਂ ਧਾਰਨ ਕਰਕੇ ਸੂਰਬੀਰਤਾ ਦੇ ਵਿਹਾਰਕ ਪੱਖ ਨੂੰ ਮਜ਼ਬੂਤ ਕੀਤਾ ਅਤੇ ਸਿੱਖਾਂ ਨੂੰ ਸੰਤ ਦੇ ਨਾਲ-ਨਾਲ ਸਿਪਾਹੀ ਬਣਨ ਲਈ ਸਿਖਲਾਈ ਦਿੱਤੀ ਗਈ। ਇਸਦੇ ਨਾਲ ਹੀ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਜੁਲਮ ਖਿਲਾਫ ਆਪ ਚਾਰ ਜੰਗਾਂ ਲੜਕੇ ਯੁੱਧ ਭੂਮੀ ਲਈ ਪੂਰਨੇ ਪਾਏ। ਗੁਰੂ ਸਹਿਬਾਨ ਦੇ ਜੀਵਨ ਵਿਚੋਂ ਸਪੱਸ਼ਟ ਹੁੰਦਾ ਹੈ ਕਿ ਸ਼ਾਂਤੀ ਨੂੰ ਕਾਇਮ ਕਰਨ ਅਤੇ ਹੋ ਰਹੇ ਜੁਲਮ ਨੂੰ ਰੋਕਣ ਲਈ ਯੁੱਧ ਨੂੰ ਅਖੀਰਲਾ ਵਸੀਲਾ ਮੰਨਦੇ ਹੋਏ ਵਿਹਾਰ ਵਿਚ ਲਿਆਉਣਾ ਹੈ। ਇਸ ਗੱਲ ਉਪਰ ਪਹਿਰਾ ਦਿੰਦੇ ਹੋਏ ਭਾਵੇਂ ਸ੍ਰੀ ਗੁਰੂ ਹਰਰਾਇ ਸਾਹਿਬ ਜੀ ਅਤੇ ਸ੍ਰੀ ਗੁਰੂ ਹਰਕ੍ਰਿਸ਼ਨ ਜੀ ਕੋਈ ਵੀ ਜੰਗ ਨਹੀਂ ਕੀਤੀ ਪਰ ਉਹਨਾਂ ਨੇ ਜੁਝਾਰੂ ਸਿਪਾਹੀਆਂ ਦੇ ਬਲ ਅਤੇ ਹਥਿਆਰਾਂ ਦੀਆਂ ਧਾਰਾਂ ਨੂੰ ਕਮਜ਼ੋਰ ਨਹੀਂ ਹੋਣ ਦਿੱਤਾ। ਇਹ ਵਿਹਾਰ ਉਹਨਾਂ ਸੂਰਮਿਆਂ ਦਾ ਹੀ ਹੋ ਸਕਦਾ ਹੈ ਜੋ ਖੁਦ ਜੰਗ ਕਰਨ ਅਤੇ ਹਥਿਆਰਾਂ ਦੀ ਵਰਤੋਂ ਕਰਨ ਵਿਚ ਮਾਹਰ ਹੋਣ। ਗੁਰੂ ਸਹਿਬਾਨ ਜੀ ਦੇ ਸਿਧਾਂਤ ਅਤੇ ਵਿਹਾਰ ਵਿਚੋਂ ਸਪੱਸ਼ਟ ਹੁੰਦਾ ਹੈ ਕਿ ਜੁਲਮ ਅੱਗੇ ਸਿਰ ਸੁੱਟ ਦੇਣਾ ਕਾਇਰਤਾ ਦੀ ਨਿਸ਼ਾਨੀ ਹੈ। ਸਿੱਖ ਪਰੰਪਰਾ ਵਿਚ ਇਕ ਤਰੀਕਾ ਇਹ ਵੀ ਵਰਤਿਆ ਜਾਂਦਾ ਹੈ ਕਿ ਜਦੋਂ ਸੂਰਮਾ ਆਪ ਹਥਿਆਰ ਤਾਂ ਨਾ ਵਰਤੇ ਪਰ ਅਗਲੀ ਪੀੜ੍ਹੀ ਨੂੰ ਬਲਕਾਰੀ ਬਣਾਉਣ ਲਈ ਸਮਾਜ ਵਿਚੋਂ ਜ਼ੁਲਮ ਵਿਰੁੱਧ ਹਾਹਾਕਾਰ ਪੈਦਾ ਕਰਨ ਲਈ ਅਤੇ ਸ਼ਹਾਦਤ ਦਾ ਚਾਅ ਭਰਨ ਲਈ ਤਸੀਹਿਆਂ ਤੋਂ ਬੇ-ਪਰਵਾਹ ਹੋ ਕੇ ਆਪਾ ਵਾਰਨਾ ਪੈਂਦਾ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਦੂਸਰੇ ਧਰਮ ਦੀ ਖਾਤਰ ਆਪਣਾ ਆਪ ਵਾਰ ਕੇ ਪੂਰੇ

93 ਸ੍ਰੀ ਗੁਰੂ ਗ੍ਰੰਥ ਸਾਹਿਬ, ੯੭੮.

ਹਿੰਦੋਸਤਾਨ ਦੇ ਲੋਕਾਂ ਦਾ ਧਰਮ ਬਚਾਉਣ ਵਾਲੀ ਨਿਵੇਕਲੀ ਪਹਿਲ ਕੀਤੀ ਅਤੇ ਹਿੰਦ ਦੀ ਚਾਦਰ ਹੋਣ ਦਾ ਰੁਤਬਾ ਹਾਸਲ ਕੀਤਾ। ਦੁਨੀਆਂ 'ਤੇ ਕੋਈ ਅਜਿਹਾ ਰਹਿਬਰ ਨਹੀਂ ਹੋਇਆ ਜਿਸਨੇ ਕਿਸੇ ਹੋਰ ਧਰਮ ਦੀ ਅਜ਼ਾਦੀ ਲਈ ਆਪਣੀ ਜਾਨ ਕੁਰਬਾਨ ਕੀਤੀ ਹੋਵੇ। ਅਜਿਹੀ ਮਿਸਾਲ ਸਿੱਖ ਧਰਮ ਦੇ ਨੌਵੇਂ ਪਾਤਸ਼ਾਹ ਜੀ ਦੇ ਜੀਵਨ ਵਿਚੋਂ ਹੀ ਮਿਲ ਸਕਦੀ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੱਚ ਅਤੇ ਧਰਮ ਚਲਾਵਨ ਖਾਤਰ ਆਪਣਾ ਸਾਰਾ ਪਰਿਵਾਰ ਮਨੁੱਖਤਾ ਤੋਂ ਵਾਰ ਕੇ ਸੂਰਬੀਰਤਾ ਦਾ ਸਿਖਰ ਵਿਖਾਇਆ ਅਜਿਹੀ ਮਿਸਾਲ ਹੋਰ ਧਰਮਾਂ ਨਾਲੋਂ ਵਿਲੱਖਣ ਹੈ, ਕਿਉਂਕਿ;

> "ਜੀਵਨ ਦੀਆਂ ਸੀਮਾਵਾਂ ਨੂੰ ਲੰਘਣਾ, ਰਾਜਨੀਤੀ, ਅਰਥਚਾਰੇ ਅਤੇ ਸਮਾਜਿਕ ਰੀਤੀ-ਰਿਵਾਜਾਂ ਨੇ ਜੋ ਭਸਮ ਕਰਨ ਵਾਲੀਆਂ ਤਾਰਾਂ ਲਾਈਆਂ ਹੋਈਆਂ ਹਨ ਉਨ੍ਹਾਂ ਨੂੰ ਛੂਹ ਕੇ ਪਾਰ ਲੰਘਣਾ ਹੈ ਇਸ ਘਾਤਕ ਪ੍ਰਕ੍ਰਿਆ ਵਿਚੋਂ ਲੰਘ ਕੇ ਸੁਰਜੀਤ ਹੋਣਾ ਹੈ। ਇਹ ਇਕ ਪ੍ਰਕਾਰ ਦੀ ਸ਼ਹਾਦਤ ਹੈ। ਮਰ-ਜੀਵੜੇ ਬਣਨਾ ਹੈ।"[94]

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਧਰਮ ਵਿਚ ਸੂਰਬੀਰਤਾ ਦੇ ਸਰੂਪ ਨੂੰ ਪੂਰਾ ਕੀਤਾ। ਗੁਰੂ ਜੀ ਨੇ ਖੰਡੇ ਬਾਟੇ ਦੀ ਪਹੁਲ ਛਕਾ ਕੇ ਸਦੀਵ ਕਾਇਮ ਰਹਿਣ ਵਾਲੇ ਸੂਰਮਿਆਂ ਦੀ ਸਿਰਜਣਾ ਕੀਤੀ। ਅਤੇ ਆਪਣਾ ਸਾਰਾ ਪਰਿਵਾਰ ਸਿੱਖ ਪੰਥ ਅਤੇ ਮਨੁੱਖਤਾ ਲਈ ਵਾਰ ਕੇ ਇਕ ਅਦੁੱਤੀ ਮਿਸਾਲ ਪੇਸ਼ ਕੀਤੀ ਜਿਸ ਸਦਕਾ ਸਿੱਖਾਂ ਵਿਚ ਰੂਹਾਨੀਅਤ ਅਤੇ ਸੂਰਬੀਰਤਾ ਦਾ ਵਿਸ਼ਾਲ ਵਿਕਾਸ ਹੋਇਆ।

ਗੁਰੂ ਸਹਿਬਾਨ ਤੋਂ ਬਾਅਦ ਸਿੱਖਾਂ ਨੇ ਆਪਣੀ ਤਾਕਤ ਜਬਰ ਜ਼ੁਲਮ ਖਿਲਾਫ ਪਰਗਟ ਕੀਤੀ ਹੈ। ਸਿੱਖਾਂ ਨੇ ਸੂਰਬੀਰਤਾ ਦੇ ਜੋ ਜ਼ੌਹਰ ਦਿਖਾਏ ਉਹ ਬੇਮਿਸਾਲ ਹਨ। ਅਸੀਂ ਇਹ ਵੀ ਕਹਿ ਸਕਦੇ ਹਾਂ ਕਿ ਸੂਰਬੀਰਤਾ ਸਦਕਾ ਹੀ ਆਪਣੀ ਪਛਾਣ ਨੂੰ ਸਿੱਖਾਂ ਨੇ ਹਰ ਸਮੇਂ ਕਾਇਮ ਰੱਖਿਆ ਹੈ ਗੁਰੂ ਸਹਿਬਾਨ ਦੇ ਜੀਵਨ ਅਤੇ ਉਨ੍ਹਾਂ ਦੀ ਸਿੱਖਿਆ ਨੇ ਸਿੰਘਾ ਵਿਚ ਅਤੇ ਹਰ ਸੱਚੇ ਇਨਸਾਨ ਨੂੰ ਸੂਰਬੀਰਤਾ ਭਰੀ ਜ਼ਿੰਦਗੀ ਬਖਸ਼ੀ। ਜਿਸ ਸਦਕਾ ਸਿੱਖ ਇਤਿਹਾਸ ਮਰਜੀਵੜਿਆਂ ਦੀ ਕੁਰਬਾਨੀ ਨਾਲ ਭਰਿਆ ਪਿਆ ਹੈ।

ਉਤਰ ਗੁਰੂ ਕਾਲ ਸਮੇਂ ਸੂਰਬੀਰਤਾ ਦਾ ਦੌਰ ਬਹੁਤ ਲੰਮਾ ਹੋਣ ਕਰਕੇ ਵਿਚਾਰਨਾ ਕਠਿਨ

---

94 ਗੁਰਭਗਤ ਸਿੰਘ (2010) *ਵਿਸਮਾਦੀ ਪੂੰਜੀ-ਪੰਜਾਬ ਅਤੇ ਪੰਜਾਬੀ ਮੌਲਿਕਤਾ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ਪੰ.22.

ਹੈ ਪਰ ਇਸ ਪੜਾਅ ਅਧੀਨ ਬਾਬਾ ਬੰਦਾ ਸਿੰਘ ਜੀ ਬਹਾਦਰ ਜੀ ਦੀ ਸੂਰਬੀਰਤਾ ਅਤੇ ਕੁਝ ਚੋਣਵੀਆਂ ਸ਼ਹਾਦਤਾਂ ਨੂੰ ਵਿਚਾਰਿਆ ਜਾਵੇਗਾ। ਬਾਬਾ ਬੰਦਾ ਸਿੰਘ ਬਹਾਦਰ ਜੀ ਦਾ ਜੀਵਨ, ਉਦੇਸ਼, ਅਤੇ ਯੁੱਧ, ਸੂਰਬੀਰਤਾ ਨੂੰ ਧਾਰਨ ਕਰਨ ਲਈ ਪ੍ਰੇਰਨਾ ਸਰੋਤ ਹਨ।

ਬਾਬਾ ਬੰਦਾ ਸਿੰਘ ਬਹਾਦਰ ਨੇ ਸਿੱਖ ਸਿਧਾਂਤਾਂ ਨੂੰ ਆਪਣੇ ਵਿਹਾਰਕ ਜੀਵਨ ਵਿਚੋਂ ਰੱਤੀ ਭਰ ਵੀ ਪਾਸੇ ਨਹੀਂ ਹੋਣ ਦਿੱਤਾ। ਬੰਦਾ ਸਿੰਘ ਬਹਾਦਰ ਜੀ ਨੇ ਜੁਝਾਰੂ ਬਿਰਤੀ ਵਿਚ ਜਬਰ-ਜ਼ੁਲਮ ਲਈ ਆਵਾਜ਼ ਬੁਲੰਦ ਕਰਨ ਦੇ ਨਾਲ ਨਾਲ ਹਥਿਆਰ ਦੀ ਵਰਤੋਂ ਨੂੰ ਵੱਧ ਚੜ ਕੇ ਵਰਤਿਆ ਗਿਆ। ਬਾਬਾ ਬੰਦਾ ਸਿੰਘ ਬਹਾਦਰ ਦੀ ਸੂਰਮਗਤੀ ਉੱਚੇ ਮਨੋਰਥਾਂ ਕਾਰਨ ਸਿੱਖ ਪੰਥ ਵਿਚ ਜੋਸ਼ੀਲੇ ਗਭਰੂਆਂ ਅਤੇ ਤੇਜ਼ਧਾਰ ਹਥਿਆਰ ਦਾ ਰੁਝਾਨ ਵੱਧਣ ਲੱਗਾ। ਬਾਬਾ ਬੰਦਾ ਸਿੰਘ ਬਹਾਦਰ ਨੇ ਜੂਝਾਰੂ ਫੌਜ 'ਚ ਭਰਤੀ ਹੋਣ ਅਤੇ ਹਥਿਆਰਾਂ ਲਈ ਆਵਾਜ਼ ਮਾਰੀ ਤਾਂ ਕੋਈ ਵੀ ਅਜਿਹਾ ਸਿੱਖ ਨੌਜਵਾਨ ਨਹੀਂ ਸੀ ਜੋ ਆਪਣੇ ਘਰ ਰਿਹਾ ਹੋਵੇ ਸਗੋਂ ਗਰੀਬ ਦੀ ਰੱਖਿਆ ਅਤੇ ਜਬਰ ਜ਼ੁਲਮ ਦੇ ਖਾਤਮੇ ਲਈ ਗੰਡਾਸੇ, ਟਕੂਏ, ਤਲਵਾਰਾਂ ਆਦਿ ਨਾਲ ਲੈ ਕੇ ਉਹ ਸਿੱਖ ਬਹਾਦਰਾਂ ਨਾਲ ਹੋ ਟੁਰੇ। ਜਿਸ ਬਾਰੇ ਕੇਸਰ ਸਿੰਘ ਛਿੱਬਰ ਲਿਖਦੇ ਹਨ;

> "ਸਿੰਘਾਂ ਨੂ ਬੰਦਾ ਇਹ ਕਹੇ। ਗਰੀਬ ਦੀ ਰੱਖਿਆ ਕਰੋ ਗਭਰੂ ਨਾ ਕੋਈ ਰਹੇ।
> ਪਾਪ ਤਜੋ ਧਰਮ ਚਾਲ ਰਾਜੁ ਕਰੋ। ਵੈਰ ਗੁਰੂ ਦਾ ਲੀਜੋ ਮਲੇਛ ਕੋ ਮਾਰੁ
> ਮਕਬਰੇ ਢਾਹਿ ਧਰੋ।"[95]

ਬੰਦਾ ਸਿੰਘ ਬਹਾਦਰ ਨੇ ਸਿੱਖਾਂ ਨੂੰ ਹੁਕਮ ਨਾਮੇ ਵੀ ਭੇਜਦੇ ਰਹੇ ਕਿ ਫੌਜ ਵਿਚ ਭਰਤੀ ਹੋਣ ਅਤੇ ਹਥਿਆਰ ਲੈ ਕੇ ਆਉਣਾ ਬੰਦਾ ਸਿੰਘ ਬਹਾਦਰ ਦੀ ਸਰੀਰਕ ਸੂਰਬੀਰਤ ਅੱਗੇ ਕੋਈ ਨਹੀਂ ਟਿੱਕਦਾ ਸੀ ਜੋ ਵੀ ਨਿਧੱੜਕ ਯੋਧੇ ਦੇ ਰਾਹ ਵਿਚ ਜਬਰ ਜ਼ੁਲਮ ਕਰਦਾ ਤਾਂ ਬੰਦਾ ਸਿੰਘ ਜੀ ਉਸਨੂੰ ਸ਼ੇਰ ਦੀ ਲਲਕਾਰਦੇ ਹੋਏ ਜਾਲਮ ਦੇ ਸਰੀਰ ਅੰਦਰੋਂ ਜ਼ੁਲਮ ਕਰਨ ਦੀ ਭਾਵਨਾ ਨੂੰ ਜੜ੍ਹੋਂ ਖਤਮ ਕਰ ਦਿੰਦਾ। ਬੰਦਾ ਸਿੰਘ ਬਹਾਦਰ ਦੀ ਸੂਰਮਗਤੀ ਕਈ ਇਲਾਕਿਆਂ 'ਚ ਛਾਈ ਹੋਈ ਸੀ। ਉਸਦੇ ਬੁਲੰਦ ਹੌਂਸਲੇ ਅੱਗੇ ਬਾਦਸ਼ਾਹ ਵਰਗੇ ਵੀ ਹਾਰ ਮੰਨ ਜਾਂਦੇ। "ਸਮਾਣਾ ਬੰਦਾ ਸਿੰਘ ਬਹਾਦਰ ਦੀ ਪਹਿਲੀ ਵੱਡੀ ਲੜਾਈ ਸੀ ਜਿਸ ਰਾਹੀਂ ਉਸਨੇ ਇਕ ਬਕਾਇਦਾ ਪ੍ਰਗਟ ਰੂਪ ਵਿਚ ਮੁਗਲ ਰਾਜ ਦੇ ਇਕ ਤਕੜੇ

---

95 ਕੇਸਰ ਸਿੰਘ ਛਿੱਬਰ, *ਬੰਸਾਵਲੀਨਾਮਾ*, ਸੰਪਾ. ਪਿਆਰਾ ਸਿੰਘ ਪਦਮ (2005) ਸਿੰਘ ਬ੍ਰਦਰਜ਼, ਅੰਮ੍ਰਿਤਸਰ, ਪੰ., 199.

ਰਾਜਨੀਤਿਕ ਕੇਂਦਰ ਨੂੰ ਜਿੱਤਿਆ ਸੀ।"[96] ਜ਼ੁਲਮ ਵਿਰੁੱਧ ਵੰਗਾਰ ਨੂੰ ਜਵਾਬ ਦੇਣਾ ਉੱਤਮ ਹੈ। ਹਰਬੰਸ ਸਿੰਘ ਸਿਰਦਾਰ ਕਪੂਰ ਸਿੰਘ ਦੇ ਹਵਾਲੇ ਨਾਲ ਲਿਖਦੇ ਹਨ, "ਕਿਸੇ ਵੀ ਸਭਿਅਤਾ ਜਾਂ ਸਭਿਆਚਾਰ ਦੀ ਉਮਰ ਅਤੇ ਪਾਏਦਾਰੀ ਉਨ੍ਹਾਂ 'ਵੰਗਾਰਾਂ' ਦੀਆਂ ਕਿਸਮਾਂ ਉੱਤੇ ਮੁਨੱਸਰ ਕਰਦੀ ਹੈ ਜਿਨ੍ਹਾਂ ਨਾਲ ਇਸ ਦਾ ਆਪਣੇ ਜੀਵਨ ਕਾਲ ਵਿਚ ਮੁਕਾਬਲਾ ਹੁੰਦਾ ਹੈ ਅਤੇ ਇਸ ਤੇ ਵੀ ਮੁਕਰਰ ਕਰਦੀ ਹੈ ਕਿ ਕੀ ਵੰਗਾਰ ਨੂੰ ਉਚਿਤ ਜਵਾਬ ਵੀ ਦੇ ਸਕਦੀ ਹੈ ਜੇ ਇਹ ਜਵਾਬ ਦੇ ਸਕਦੀ ਹੈ ਤਾਂ ਜਿਉਂਦੀ ਰਹਿੰਦੀ ਹੈ ਅਤੇ ਵਧਦੀ ਫ਼ਲਦੀ ਹੈ ਜੇ ਨਹੀਂ ਦੇ ਸਕਦੀ ਤਾਂ ਹਾਰ ਜਾਂਦੀ ਹੈ ਅਤੇ ਮਰ ਜਾਂਦੀ ਹੈ।"[97] ਸਿੱਖ ਸੂਰਬੀਰਤਾ ਦਾ ਮਨੋਰਥ ਜਬਰ ਜ਼ੁਲਮ ਨੂੰ ਰੋਕਣਾ ਹੈ ਜੋ ਧਾਰਮਿਕ ਸੰਕੀਰਨਤਾ ਤੋਂ ਉਪਰ ਉੱਠ ਕੇ ਸੂਰਮੇ ਦੇ ਵਿਹਾਰ ਨੂੰ ਘੜ੍ਹਦੀ ਹੈ। ਦੂਸਰੇ ਧਰਮਾਂ ਪ੍ਰਤੀ ਨਜ਼ਰੀਆ ਇਕਹਿਰਾ ਨਾ ਹੋਣ ਦਾ ਰੁਤਬਾ ਪ੍ਰਾਪਤ ਹੈ। ਗੁਰੂ ਸਾਹਿਬਾਨ ਦੇ ਜੀਵਨ ਵਿਹਾਰ ਨੇ ਜੋ ਪੂਰਨੇ ਪਾਏ ਸਿੱਖ ਉਸੇ ਰੋਸ਼ਨੀ ਵਿਚ ਸੂਰਬੀਰਤਾ ਦੇ ਮਾਰਗ ਨੂੰ ਸਰ ਕਰਦੇ ਰਹੇ।

ਬਾਬਾ ਬੰਦਾ ਸਿੰਘ ਬਹਾਦਰ ਕੋਮਲ ਦਿਲ ਦਾ ਮਾਲਕ ਸੀ। ਸ਼ੁਰੂਆਤ ਵਿਚ ਸ਼ਿਕਾਰ ਖੇਡਣ ਗਏ ਕੋਲੋ "ਇਕ ਗਰਭਵਤੀ ਹਿਰਨੀ ਮਰ ਗਈ ਤਾਂ ਪੇਟ ਚੀਰਨ ਤੇ ਉਸਦੇ ਬੱਚੇ ਤੜਫਦੇ ਹੋਏ ਮਰ ਗਏ। ਇਸ ਗੱਲ ਤੋਂ ਉਸਦਾ ਮਨ ਬੜਾ ਉਚਾਹਟ ਹੋਇਆ ਸਾਧ ਬਣ ਗਿਆ।"[98] ਅਜਿਹੇ ਮਨ ਅੰਦਰ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਸੂਰਬੀਰਤਾ ਭਰੀ ਤਾਂ ਉਹ ਸੂਰਮਾਂ, ਸੱਚ-ਸੁੱਚਾ, ਨਿਧੜਕ ਤੇ ਬੇਮਿਸਾਲ ਹੋ ਨਿਬੜਿਆ। ਬੰਦਾ ਸਿੰਘ ਬਹਾਦਰ ਗੁਰੂ ਵਲੋਂ ਤਿਆਰ ਕੀਤਾ ਹੋਇਆ ਸੱਚਾ ਸੂਰਮਾ ਸੀ ਜਿਸ ਤੋਂ ਪਾਪ ਹੋਣ ਤੇ ਬੈਰਾਗ ਅਤੇ ਕੋਮਲ ਹਿਰਦਾ ਅਤੇ ਮਜਲੂਮਾਂ ਤੇ ਜ਼ੁਲਮ ਹੋਣ ਤੇ ਅੱਖਾਂ ਵਿਚ ਰੋਹ ਅਤੇ ਸਰੀਰ ਵਿਚ ਬਲ ਜਵਾਲਾਮੁਖੀ ਦੀ ਤਰ੍ਹਾਂ ਸੁਲਘਦਾ ਹੈ ਜੋ ਫਟਣ ਉਪਰੰਤ ਜ਼ੁਲਮ ਜੜੋਂ ਹੀ ਉਖਾੜ ਦਿੰਦਾ ਹੈ ਜੋ ਜਾਲਮ ਅਤੇ ਜਾਲਮਾਂ ਦੇ ਗੜ੍ਹਾਂ ਨੂੰ ਤਬਾਹ ਕਰਦਾ ਹੈ ਅਜਿਹਾ ਗੜ੍ਹ ਸਮਾਣਾ ਸ਼ਹਿਰ ਸੀ "ਜਿਸ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੀਸ ਕੱਟਣ ਵਾਲਾ ਜਲਾਦ ਸਮਾਣੇ ਵਿਚ ਰਹਿੰਦਾ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ

---

96 ਸੁਖਦਿਆਲ ਸਿੰਘ (2003) *ਖਾਲਸਾ ਰਾਜ ਦਾ ਬਾਨੀ ਬੰਦਾ ਸਿੰਘ ਬਹਾਦਰ-1708-1716,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 3.

97 ਹਰਬੰਸ ਸਿੰਘ (1987) *ਦੇਗ ਤੇਗ ਫਤਹ,* ਆਲਮ ਹਾਊਸ, ਚੰਡੀਗੜ੍ਹ ਪੰ. 126.

98 ਉਹੀ, ਪੰ.23.

ਕੰਧਾਂ 'ਚ ਚਿਣ ਕੇ ਸ਼ਹੀਦ ਕਰਨ ਵਾਲੇ ਜਲਾਦ (ਸ਼ਾਮਲ ਬੇਗ ਅਤੇ ਬਾਸ਼ਲ ਬੇਗ) ਸਮਾਣੇ ਵਿਚ ਰਹਿੰਦੇ ਸਨ। ਸੈਕੜੇ ਸਿੰਘਾਂ ਨੂੰ ਫੜ ਕੇ ਸ਼ਹੀਦ ਕਰਨ ਵਾਲੇ ਜਲਾਦ ਸਮਾਣੇ ਦੇ ਹੀ ਸਨ।"[99] ਲੜਾਈਆਂ 'ਚ ਦੂਜੇ ਧਰਮਾਂ ਪ੍ਰਤੀ ਨਜ਼ਰੀਆ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਬੰਦਾ ਸਿੰਘ ਬਹਾਦਰ ਦਾ ਜੋਸ਼ ਇਸ ਤਰ੍ਹਾਂ ਸੀ ਕਿ ਉਹ ਜਾਲਮ ਅਤੇ ਜਾਲਮ ਦੇ ਐਸ ਪ੍ਰਸਤੀ ਦੇ ਸਾਧਨਾਂ ਦਾ ਖੁਰਾ ਖੋਜ ਮਿਟਾ ਕੇ ਹੀ ਸਾਹ ਲੈਂਦਾ ਸੀ ਇਸੇ ਜੋਸ਼ ਦੇ ਨਾਲ ਹੋਸ਼ ਵੀ ਇਹਨਾਂ ਜਿਆਦਾ ਸੀ ਜੇ ਕਿਤੇ ਧਰਮ ਅਸਥਾਨ ਉਸਦੇ ਰਾਹ 'ਚ ਆ ਜਾਂਦੇ ਤਾਂ ਉਹ ਉਨ੍ਹਾਂ ਨੂੰ ਤਬਾਹ ਨਹੀਂ ਕਰਦਾ ਸੀ। ਜਦੋਂ ਸਮੇਂ ਦੇ ਸਾਸ਼ਕ ਨੇ ਸਿੱਖਾਂ ਦੇ ਕਤਲ ਕਰਨ ਦੀ ਖੁਲ੍ਹ ਦਿੱਤੀ ਸੀ ਤਾਂ ਬੰਦਾ ਸਿੰਘ ਬਹਾਦਰ ਨੇ ਵੈਰ ਵਿਰੋਧ ਤੋਂ ਨਿਰਲੇਪ ਹੋ ਕੇ ਜਬਰ ਜ਼ੁਲਮ ਦਾ ਟਾਕਰਾ ਕੀਤਾ। ਇਸ ਨਜ਼ਰੀਏ ਕਾਰਨ ਉਸਦੀ ਫੌਜ ਵਿਚ ਪੰਜ ਹਜ਼ਾਰ ਮੁਸਲਮਾਨ ਸਿਪਾਹੀ ਸਨ। ਇਸ ਸੰਬੰਧੀ ਬਾਦਸ਼ਾਹ ਨੂੰ ਜੋ ਖਬਰ ਪਹੁੰਚੀ ਉਸ ਬਾਰੇ ਗੰਡਾ ਸਿੰਘ ਲਿਖਦੇ ਹਨ "ਉਸ (ਬੰਦਾ ਸਿੰਘ) ਨੇ ਬਚਨ ਦਿੱਤਾ ਅਤੇ ਇਕਰਾਰ ਕੀਤਾ ਹੈ ਕਿ ਮੈਂ ਮੁਸਲਮਾਨਾਂ ਨੂੰ ਕੋਈ ਦੁੱਖ ਨਹੀਂ ਦਿੰਦਾ। ਜੋ ਭੀ ਮੁਸਲਮਾਨ ਉਸ ਵੱਲ ਰੁਜੂ ਹੁੰਦਾ ਹੈ ਉਹ ਉਸ ਦੀ ਦਿਹਾੜੀ ਅਤੇ ਤਨਖਾਹ ਨਿਯਤ ਕਰਕੇ ਉਸ ਦਾ ਧਿਆਨ ਰੱਖਦਾ ਹੈ ਅਤੇ ਉਸ ਨੇ ਆਗਿਆ ਦੇ ਦਿੱਤੀ ਹੋਈ ਹੈ ਕਿ ਨਮਾਜ਼ ਅਤੇ ਖੁਤਬਾ ਜਿਵੇਂ (ਮੁਸਲਮਾਨ) ਚਾਹੁਣ ਪੜ੍ਹਨ । ਚੁਨਾਚਿ ਪੰਜ ਹਜਾਰ ਮੁਸਲਮਾਨ ਉਸਦੇ ਸਾਥੀ ਬਣ ਗਏ ਹਨ ਅਤੇ ਸਿੰਘਾਂ ਦੀ ਫੌਜ ਵਿਚ ਬਾਂਗ ਅਤੇ ਨਮਾਜ਼ ਵਲੋਂ ਸੁਖ ਪਾ ਰਹੇ ਹਨ।"[100] ਜਿਸ ਬਾਰੇ ਡਾ. ਸੁਖਦਿਆਲ ਸਿੰਘ ਦੀ ਖੋਜ ਦਸਦੀ ਹੈ ਕਿ "ਜੇ ਕੋਈ ਪੁਰਾਣੀ ਯਾਦਗਾਰ ਅੱਜ ਸਮਾਣੇ ਵਿਚ ਕਾਇਮ ਹੈ ਅਤੇ ਦੇਖੀ ਜਾ ਸਕਦੀ ਹੈ ਉਹ ਹੈ ਇਥੋਂ ਦੀਆਂ ਮਸਜਿਦਾਂ ਅਤੇ ਈਦਗਾਹਾਂ। ਬੰਦਾ ਸਿੰਘ ਬਹਾਦਰ ਨੇ ਮੁਸਲਮਾਨਾਂ ਦੇ ਧਾਰਮਿਕ ਅਸਥਾਨਾਂ ਨੂੰ ਨਹੀਂ ਢਾਹਿਆ ਸੀ। ਅੱਜ ਇਮਾਮਗੜ੍ਹ ਦੀਆਂ ਸਾਰੀਆਂ ਮਸਜਿਦਾਂ ਕਾਇਮ ਹਨ। ਵੜੈਚ ਪਿੰਡ ਨੂੰ ਜਾਂਦਿਆਂ ਸੜਕ ਦੇ ਉਪਰ ਹੀ ਈਦਗਾਹ ਪੂਰੀ ਤਰ੍ਹਾ ਕਾਇਮ ਖੜ੍ਹੀ ਹੈ। ਪੁਰਾਣੀਆਂ ਕਬਰਾਂ ਉਸੇ ਤਰ੍ਹਾਂ ਕਾਇਮ ਹਨ। ਸਮਾਣੇ ਦੇ ਬਾਹਰਵਾਰ ਆਲੇ ਦੁਆਲੇ ਵਸੇ ਹੋਏ ਮੁਸਲਿਮ ਡੇਰੇ ਉਸੇ ਤਰ੍ਹਾਂ ਕਾਇਮ ਹਨ।"[101] ਇਹ ਵਿਹਾਰ ਬੰਦਾ ਸਿੰਘ ਬਹਾਦਰ ਅਤੇ ਉਸਦੀ ਜੁਝਾਰੂ ਫੌਜਾਂ ਦੇ ਵਿਹਾਰ ਵਿਚ ਭਗਤੀ ਅਤੇ ਸ਼ਕਤੀ ਦੀ

---

99 ਸੁਖਦਿਆਲ ਸਿੰਘ (2003) ਉਪਰੋਕਤ, *ਖਾਲਸਾ ਰਾਜ ਦਾ ਬਾਨੀ ਬੰਦਾ ਸਿੰਘ ਬਹਾਦਰ-1708-1716, ਪੰ.*24.

100 ਗੰਡਾ ਸਿੰਘ (2016) *ਬੰਦਾ ਸਿੰਘ ਬਹਾਦਰ,* ਪੰਜਾਬੀ ਯੂਨੀਵਰਸਿਟੀ, ਪਟਿਆਲਾ ਪੰਨੇ 148,149.

101 ਉਹੀ, ਪੰ.23.

ਸੁਮੇਲਤਾ ਦਾ ਦ੍ਰਿਸ਼ਟਾਂਤ ਹੈ ਜੋ ਸਿੱਖ ਸੂਰਬੀਰਤਾ ਦੇ ਪ੍ਰਮਾਣ ਵਜੋਂ ਹੈ। ਬੰਦਾ ਸਿੰਘ ਬਹਾਦਰ ਨੇ ਜਲਾਦਾਂ ਦੇ ਗੜ੍ਹ ਸਮਾਣੇ ਨੂੰ ਤਹਿਸ ਨਹਿਸ ਕਰ ਦਿੱਤਾ। ਬੰਦਾ ਸਿੰਘ ਦੀ ਇਸ ਬਹਾਦਰੀ ਦੀ ਵਿਸ਼ਾਲਤਾ ਇਸ ਗੱਲ ਵਿਚ ਹੈ ਕਿ ਜਿਹੜੇ ਲੋਕ ਆਪਣੀ ਜ਼ਮੀਰ ਮਾਰ ਲੈਣ ਅਤੇ ਸਰਕਾਰੀ ਇਨਾਮਾਂ ਕਾਰਨ ਅੱਤ ਦਾ ਜ਼ੁਲਮ ਕਰਨ ਲਈ ਅੱਗੇ ਆਉਣ ਅਤੇ ਨਿੱਜੀ ਸੁਆਰਥੀ ਹਿੱਤਾ ਦੀ ਪੂਰਤੀ ਕਰਨ ਲਈ ਧਰਮੀ ਅਤੇ ਮਜ਼ਲੂਮਾਂ ਦਾ ਕਤਲ ਕਰਨ ਤਾਂ ਉਨ੍ਹਾਂ ਜ਼ੁਲਮੀਆਂ ਅਤੇ ਉਨ੍ਹਾਂ ਤੇ ਡੇਰਿਆਂ ਨੂੰ ਜੜੋਂ ਪੁੱਟਣਾਂ ਹੀ ਅਸਲ ਸੂਰਮਤਾਈ ਦਾ ਪ੍ਰਮਾਣ ਹੈ। ਇਸੇ ਮਨੋਰਥ ਨਾਲ ਬੰਦਾ ਸਿੰਘ ਬਹਾਦਰ ਅਤੇ ਸਿੰਘਾਂ ਨੇ ਸੰਢੋਰਾ ਅਤੇ ਛੱਤਬੀੜ ਤੋਂ ਇਲਾਵਾ ਸਰਹੰਦ ਦੇ ਅਮੀਰ ਵਜੀਰ ਅਤੇ ਸਰਕਾਰੀ ਇਮਾਰਤਾਂ ਨੂੰ ਤਬਾਹ ਕੀਤਾ। ਬੰਦਾ ਸਿੰਘ ਬਹਾਦਰ ਨੇ ਗੁਰੂ ਸਹਿਬਾਨ ਅਤੇ ਸਿੰਘ ਉਪਰ ਜ਼ੁਲਮ ਕਰਨ ਵਾਲੇ ਹਰੇਕ ਜਾਬਰ ਨੂੰ ਲੱਭ ਲੱਭ ਕੇ ਮਾਰਿਆ ਚੱਪੜ-ਚਿੜੀ ਦੀ ਲੜਾਈ ਦੱਸਦੀ ਹੈ ਕਿ "ਸਰਹੰਦ ਦਾ ਸੂਬੇਦਾਰ ਵਜ਼ੀਰ ਖਾਨ, ਸਿੰਘਾਂ ਦਾ ਕੱਟੜ ਦੁਸ਼ਮਣ ਸੀ। ਉਹ ਗੁਰੂ ਗੋਬਿੰਦ ਸਿੰਘ ਜੀ ਨਾਲ ਅਨੇਕਾਂ ਜ਼ਿਆਦਤੀਆਂ ਕਰਨ ਦੇ ਨਾਲ ਨਾਲ ਗੁਰੂ ਸਾਹਿਬ ਦੇ ਛੋਟੇ ਸ਼ਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਦਾ ਜਿੰਮੇਵਾਰ ਸੀ।"[102] ਇਸੇ ਤਰ੍ਹਾਂ ਛੋਟੇ ਸ਼ਾਹਿਬਜ਼ਾਦਿਆਂ ਦੀ ਸ਼ਹਾਦਤ ਹਮੇਸ਼ਾਂ ਸਿੱਖ ਸੂਰਬੀਰਤਾ ਦੇ ਮਾਰਗ ਲਈ ਪ੍ਰੇਰਕ ਸਾਬਤ ਹੋਈ।

ਡਾ. ਕੁਲਦੀਪ ਸਿੰਘ ਬਾਬਾ ਬੰਦਾ ਸਿੰਘ ਬਹਾਦਰ ਦੀ ਸੂਰਬੀਰਤਾ ਬਾਰੇ ਲਿਖਦੇ ਹਨ ਕਿ "ਜਾਲਮ ਹਾਕਮਾਂ ਅਤੇ ਸਰਕਾਰੀ ਅਫਸਰਾਂ ਨੂੰ ਤਾਂ ਬੰਦੇ ਨੇ ਸੋਧਿਆ ਪਰ ਕਿਸੇ ਨੂੰ ਇਸ ਕਰਕੇ ਨਹੀਂ ਮਾਰਿਆ ਕਿ ਉਹ ਮੁਸਲਮਾਨ ਹੈ ਕਿਸੇ ਇਕ ਵੀ ਮਸੀਤ ਨੂੰ ਕੋਈ ਨੁਕਸਾਨ ਨਹੀਂ ਪੁਚਾਇਆ। ਸਾਰਾ ਸਰਹੰਦ ਤਬਾਹ ਕੀਤਾ ਪਰ ਮੁਸਲਮਾਨਾਂ ਵਲੋ ਸਤਿਕਾਰੇ ਜਾਂਦੇ ਰੋਜ਼ਾ ਸਰੀਫ ਤੇ ਕੋਈ ਝਰੀਟ ਨਹੀਂ ਆਈ।"[103]

ਬਾਬਾ ਬੰਦਾ ਸਿੰਘ ਬਹਾਦਰ ਦੇ ਇਸ ਵਿਹਾਰ ਤੋਂ ਉਸਦੀ ਬਹਾਦਰੀ ਦੀ ਪਰਕਿਰਤੀ ਸਾਹਮਣੇ ਆਉਂਦੀ ਹੈ ਜਿਸਦੀ ਅਧਾਰ-ਸ਼ਿਲਾ ਗੁਰੂ ਸਹਿਬਾਨ ਤੋਂ ਮਿਲੀ ਅਧਿਆਤਮਕ ਰੌਸ਼ਨੀ ਹੈ। ਇਸ ਦੇ ਸਹਾਰੇ ਬਾਬਾ ਬੰਦਾ ਸਿੰਘ ਬਹਾਦਰ ਅੱਤ ਦੇ ਤਸੀਹਿਆਂ ਨੂੰ ਸਹਿੰਦਾ ਹੋਇਆ ਸਿੱਖ

---

102 ਸੁਖਦਿਆਲ ਸਿੰਘ, ਉਪਰੋਕਤ, *ਖਾਲਸਾ ਰਾਜ ਦਾ ਬਾਨੀ ਬੰਦਾ ਸਿੰਘ ਬਹਾਦਰ-1708-1716, ਪੰ.* 42.

103 ਕੁਲਦੀਪ ਸਿੰਘ (2003) *ਮੌਲਿਕ ਸਿੱਖ ਇਤਿਹਾਸ ਇਕ ਵਿਗਿਆਨਕ ਦਰਿਸ਼ਟੀਕੋਣ,* ਸੰਤ ਈਸ਼ਰ ਸਿੰਘ ਰਾੜੇਵਾਲਾ ਐਜੂਕੇਸ਼ਨ ਟਰੱਸਟ, ਪੰ.139.

ਸੂਰਬੀਰਤਾ ਲਈ ਬੇਅੰਤ ਅਤੇ ਬੇ-ਮਿਸ਼ਾਲ ਸ਼ਹਾਦਤਾਂ ਦੇ ਮਾਰਗ ਉਪਰ ਦ੍ਰਿੜਤਾ ਨਾਲ ਧਰਮ ਉੱਤੇ ਪੱਕੇ ਰਹਿਣ ਲਈ ਪ੍ਰੇਰਨਾ ਸ੍ਰੋਤ ਹੋ ਨਿਬੜਿਆ।

**ਸ਼ਹਾਦਤਾਂ ਦੇ ਹੋਰ ਪ੍ਰਮੁੱਖ ਹਵਾਲੇ ਵਿਚ ਸੂਰਬੀਰਤਾ**

**ਸਿੱਖ ਸੂਰਬੀਰਤਾ ਦੇ ਸੰਕਲਪ ਨੂੰ ਸਮਝਣ ਲਈ ਸਿੱਖ ਸ਼ਹਾਦਤਾਂ ਦੇ ਹਵਾਲੇ ਵਿਚ ਗੱਲ ਕਰਨੀ ਜ਼ਰੂਰੀ ਹੈ। ਇਥੇ ਅਸੀਂ ਕੁਝ ਚੋਣਵੀਆਂ ਸ਼ਹਾਦਤਾਂ ਦੇ ਹਵਾਲੇ ਨਾਲ ਸਿੱਖ ਸੂਰਬੀਰਤਾ ਨੂੰ ਸਮਝਣ ਦੀ ਕੋਸ਼ਿਸ ਕਰਾਂਗੇ।**

**ਬਾਬਾ ਦੀਪ ਸਿੰਘ**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਮੁਗਲ ਹਕੂਮਤ ਨੇ ਜਬਰ ਜ਼ੁਲਮ ਨਾਲ ਧਰਮ ਪਰਿਵਰਤਨ ਲਈ ਹਰ ਅਤਿਆਚਾਰ ਨੂੰ ਅਪਣਾ ਕੇ ਮਨੁੱਖੀ ਅਧਿਕਾਰਾਂ ਦੇ ਘਾਣ ਦੀ ਮਿਸਾਲ ਕਾਇਮ ਕੀਤੀ ਪਰ ਦੂਜੇ ਪਾਸੇ ਸਿਦਕ ਨਾਲ ਭਰੇ ਇੱਕ ਵੀ ਸਿੱਖ ਨੇ ਧਰਮ ਛੱਡਣ ਦੀ ਹਾਮੀ ਨਾ ਭਰੀ। ਮੁਗਲ ਹਕੂਮਤ ਸਿੱਖ ਧਰਮ ਦੀ ਸੂਰਬੀਰਤਾ ਤੋਂ ਹੈਰਾਨ ਹੋ ਰਹੀ ਸੀ ਅਤੇ ਸਿੱਖ ਪੰਥ ਉਪਰ ਨਿੱਤ ਨਵੇਂ ਅਤਿਆਚਾਰ ਅਜ਼ਮਾ ਰਹੀ ਸੀ। ਮੁਗਲ ਸਾਸ਼ਕ ਇਸ ਗੱਲ ਵੱਲ ਸੋਚਣ ਲੱਗੇ ਕਿ ਆਖਰ ਸਿੱਖਾਂ ਦੀ ਸੂਰਬੀਰਤਾ ਦਾ ਧੁਰਾ ਕੀ ਹੈ? ਕਿਥੋਂ ਇਹ ਆਪਣੇ ਧਰਮ ਵਿਚ ਇਤਨੀ ਪਕਿਆਈ ਧਾਰਨ ਕਰਦੇ ਅਤੇ ਹਰ ਭਿਆਨਕ ਤੋਂ ਭਿਆਨਕ ਅਤਿਆਚਾਰ ਵੀ ਬੜੇ ਚਾਅ ਨਾਲ ਸਹਿ ਜਾਂਦੇ ਹਨ। ਸਿੱਖਾਂ ਦੀ ਬਹਾਦਰੀ ਉਨ੍ਹਾਂ ਦੇ ਧਾਰਮਿਕ ਸਥਾਨਾਂ ਵਿਚੋਂ ਪੈਦਾ ਹੋ ਕੇ ਸਿੱਖ ਦੀ ਸੰਪੂਰਨ ਸਖ਼ਸ਼ੀਅਤ ਵਿਚ ਨਿਰੰਤਰ ਵਿਗਸਦੀ ਰਹਿੰਦੀ ਹੈ। ਜਦੋਂ ਅਧਰਮੀ ਅਤੇ ਜ਼ੁਲਮ ਕਰਨ ਵਾਲਿਆਂ ਨੂੰ ਇਸ ਰਹੱਸ ਦਾ ਪਤਾ ਲੱਗਾ ਤਾਂ ਉਨ੍ਹਾ ਨੇ ਸਿੱਖਾਂ ਦੇ ਧਾਰਮਿਕ ਸਥਾਨਾਂ ਨੂੰ ਨਸ਼ਟ ਕਰਨ ਵਲ ਆਪਣਾ ਧਿਆਨ ਟਿਕਾਇਆ। ਕਰਮ ਸਿੰਘ ਹਿਸਟੋਰੀਅਨ ਅਨੁਸਾਰ "ਸਿੱਖ ਦਾ ਜੀਵਨ ਸਭ ਤੋਂ ਪਹਿਲਾਂ ਧਾਰਮਿਕ ਜੀਵਨ ਹੈ। ਧਰਮ ਖਾਤਰ ਸਿੱਖ ਸਭ ਕੁਝ ਵਾਰ ਸਕਦਾ ਹੈ। ਜਾਨ, ਮਾਲ, ਇੱਜ਼ਤ-ਆਬਰੋ ਅਤੇ ਆਪਣਾ ਸਭ ਕੁਝ ਧਰਮ ਖਾਤਰ ਵਾਰਨ ਨੂੰ ਸਿੱਖ ਆਪਣੇ ਧੰਨਭਾਗ ਸਮਝਦਾ ਹੈ।"[104] ਸਿੱਖ ਧਾਰਮਿਕ ਸਥਾਨਾਂ ਨੂੰ ਪਵਿੱਤਰ ਮੰਨਦੇ ਹਨ ਅਤੇ ਗੁਰੂ ਘਰਾਂ ਤੋਂ ਜੀਵਨ ਸੇਧਾਂ ਲੈਂਦੇ ਹਨ ਪਰ ਜਦੋਂ ਇਨ੍ਹਾਂ ਅਸਥਾਨਾਂ ਦੀ ਪਵਿੱਤਰਤਾ ਨੂੰ ਕੋਈ ਭੰਗ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਲੰਮੇਰੀ ਉਮਰ

---

104 ਕਰਮ ਸਿੰਘ ਹਿਸਟੋਰੀਅਨ (ਮਿਤੀਹੀਨ) *ਅਮਰ ਖ਼ਾਲਸਾ*, ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਪੰ. 28.

ਵਾਲਾ ਸਰੀਰ ਵੀ ਬੇਮਿਸਾਲ ਬਲ ਨਾਲ ਉੱਠ ਖੜ੍ਹੋਂਦਾ ਹੈ ਜਿਸਦੀ ਉਦਾਹਰਨ ਬਾਬਾ ਦੀਪ ਸਿੰਘ ਜੀ ਹਨ। ਬਾਬਾ ਦੀਪ ਸਿੰਘ ਜੀ ਨੂੰ "ਜਦ ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਬਾਰੇ ਪਤਾ ਲੱਗਿਆ ਤਾਂ ਆਪ ਇੱਕਲੇ ਹੀ ਤੁਰ ਪਏ ਅਤੇ ਹਰਿਮੰਦਰ ਸਾਹਿਬ ਦੀ ਜੂਹ ਵਿਚ ਜਾ ਕੇ ਸ਼ਹੀਦ ਹੋ ਗਏ।"[105] ਇਸ ਬਹਾਦਰੀ ਬਾਰੇ ਲਾਲ ਸਿੰਘ ਲਿਖਦੇ ਹਨ, "ਬਾਬਾ ਦੀਪ ਸਿੰਘ ਇਹ ਅਰਦਾਸਾ ਸੋਧ ਕੇ ਤੁਰਿਆ ਹੈ ਕਿ ਮੈਂ ਮੁਗਲ ਫੌਜ ਨਾਲ ਲੜਦਾ ਹੋਇਆ ਹਰਿਮੰਦਰ ਸਾਹਿਬ ਦੀ ਹੱਦ ਵਿਚ ਜਾ ਕੇ ਸ਼ਹੀਦ ਹੋਵਾਂਗਾ। ਪਰ ਬਾਬਾ ਜੀ ਨੂੰ ਇਸ ਲੜਾਈ ਵਿਚ ਇੱਡਾ ਮਾਰੂ ਘਾਓ ਲੱਗਾ ਕਿ ਉਨ੍ਹਾਂ ਦਾ ਸਿਰ ਇਕ ਪਾਸੇ ਨੂੰ ਲੁਟਕ ਗਿਆ। ਪਰ ਉਸ ਅਦੁੱਤੀ ਯੋਧੇ ਨੇ ਆਪਦੇ ਸਿਰ ਨੂੰ ਖੱਬੇ ਹੱਥ ਨਾਲ ਸਹਾਰਾ ਦੇ ਕੇ ਖੰਡਾ ਵਾਹੁਣਾ ਜਾਰੀ ਰੱਖਿਆ ਤੇ ਆਪਣੇ ਪ੍ਰਣ ਅਨੁਸਾਰ ਦਰਬਾਰ ਸਾਹਿਬ ਦੀ ਪਰਕਰਮਾਂ ਵਿਚ ਪਹੁੰਚ ਕੇ ਜਾਨ ਦਿੱਤੀ।"[106] ਬਾਬਾ ਦੀਪ ਸਿੰਘ ਜੀ ਦਾ ਇਹ ਵਿਹਾਰ ਸਿੱਧ ਕਰਦਾ ਹੈ ਕਿ ਸਿੱਖਾਂ ਦੀ ਸੂਰਬੀਰਤਾ ਦਾ ਕੇਂਦਰੀ ਧੁਰਾ ਸ੍ਰੀ ਹਰਿਮੰਦਰ ਸਾਹਿਬ ਅਤੇ ਇਸ ਤੋਂ ਇਲਾਵਾ ਹੋਰ ਧਾਰਮਿਕ ਅਸਥਾਨ ਵੀ ਹਨ ਜਿਥੋਂ ਉਹਨਾਂ ਨੂੰ ਰੂਹਾਨੀਅਤ ਦਾ ਪੋਸ਼ਣ ਮਿਲਦਾ ਹੈ।

ਸਿੱਖ ਇਤਿਹਾਸ ਵਿਚ ਸਹੀਦਾਂ ਦੀ ਸੂਰਬੀਰਤਾ ਦੀਆਂ ਬੇਅੰਤ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ ਪਰ ਸੂਰਬੀਰਤਾ ਦੇ ਵਿਹਾਰਕ ਪੱਖ ਲਈ ਕੁਝ ਸ਼ਹਾਦਤਾਂ ਦਾ ਜ਼ਿਕਰ ਕਰਨਾ ਅਤਿ ਜ਼ਰੂਰੀ ਹੈ ਜੋ ਸਿੱਖ ਸੂਰਬੀਰਤਾ ਦੀਆਂ ਪ੍ਰਮੁੱਖ ਮਿਸਾਲਾਂ ਹਨ;

**ਭਾਈ ਤਾਰਾ ਸਿੰਘ ' ਵਾਂ ' ਦੀ ਸ਼ਹੀਦੀ**

ਜ਼ਕਰੀਆਂ ਖਾਨ ਨੇ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਲਈ ਹਰ ਖਤਰਨਾਕ ਅਤਿਆਚਾਰ ਅਪਣਾਇਆ। ਸਿੱਖਾਂ ਦਾ ਸ਼ਿਕਾਰ ਕਰਨ ਦੀ ਖੁਲ ਦੇ ਕੇ ਸਿੱਖਾਂ ਦੀ ਪਛਾਣ ਉੱਤੇ ਵਾਰ ਹੋਣ ਲਗੇ ਅਤੇ ਗਿਣਤੀ ਵਿਚ ਘੱਟ ਹੋਣ ਕਾਰਨ ਸਿੱਖ ਆਪਣੀ ਜਾਨ ਬਚਾਉਣ ਲਈ ਜੰਗਲਾਂ ਵੱਲ ਜਾਣ ਲੱਗੇ। 'ਵਾਂ' ਪਿੰਡ ਜ਼ਿਲ੍ਹਾ ਲਾਹੌਰ ਦਾ ਇੱਕ ਸਿੱਖ ਭਾਈ ਤਾਰਾ ਸਿੰਘ ਰਸਦ-ਪਾਣੀ ਨਾਲ ਪਹਾੜਾਂ ਵਿਚ ਲੁਕੇ ਹੋਏ ਸਿੱਖਾਂ ਦੀ ਮਦਦ ਕਰਦਾ ਰਹਿੰਦਾ ਸੀ ਤੇ ਉਸ ਦਾ ਵਾੜਾ ਸਿੱਖਾਂ ਲਈ ਪਨਾਹਗਾਹ ਬਣਿਆ ਹੋਇਆ ਸੀ। ਫ਼ੌਜਦਾਰ ਨੇ ਇਸ ਘਟਨਾ ਦੀ ਰਿਪੋਰਟ ਜ਼ਕਰੀਆ ਖਾਂ ਪਾਸ ਭੇਜੀ। "ਉਸ ਨੇ 2200

---

105 ਉਹੀ, ਪੰ. 27.

106 ਲਾਲ ਸਿੰਘ (1971) *ਪੰਜਾਬ ਦੀ ਬੀਰ ਪਰੰਪਰਾ ਆਦਿ ਕਾਲ ਤੋਂ ਅਧੁਨਿਕ ਕਾਲ ਤੱਕ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 122.

ਸਵਾਰ, 40 ਜੰਬੂਰੇ, 4 ਰਹਿਕਲੇ ਤੇ 5 ਹਾਥੀ ਆਪਣੇ ਨਵਾਬ ਮੋਮਨ ਖਾਂ ਦੀ ਕਮਾਨ ਥੱਲੇ ਭੇਜੇ। ਇਤਨਾ ਭਾਰੀ ਅਮਲਾ ਤਾਰਾ ਸਿੰਘ ਤੇ ਉਸ 22 ਆਦਮੀਆਂ ਵਿਰੁੱਧ ਭੇਜਿਆ।"[107] ਤਾਰਾ ਸਿੰਘ ਨੂੰ ਇਸ ਚੜ੍ਹਾਈ ਦੀ ਅਗਾਊਂ ਖ਼ਬਰ ਪਹੁੰਚ ਗਈ ਤੇ ਉਸ ਨੂੰ ਕਈ ਹਮਦਰਦਾਂ ਨੇ ਸਲਾਹ ਦਿੱਤੀ ਕਿ ਉਹ ਛਟ-ਪਲ ਲਈ ਅੱਗੇ-ਪਿੱਛੇ ਹੋ ਜਾਏ। ਪਰ ਸੂਰਬੀਰ ਤਾਂ ਆਪਣੀ ਸੂਰਬੀਰਤਾ ਦੇ ਜੌਹਰ ਵਿਖਾਣ ਤੇ ਸ਼ਹੀਦੀਆਂ ਪਾਣ ਲਈ ਉਤਾਵਲਾ ਹੋਇਆ ਬੈਠਾ ਸੀ। ਜਦ ਫੌਜ ਵਾੜੇ ਦੀ ਐਨ ਮਾਰ ਹੇਠਾਂ ਆ ਗਈ, ਤਾਂ ਬੁਲਾਕਾ ਸਿੰਘ ਨਾਂ ਦੇ ਇੱਕ ਸੂਰਬੀਰ ਨੇ ਤੀਰਾਂ ਦੀ ਵਰਖਾ ਸ਼ੁਰੂ ਕਰ ਦਿੱਤੀ। ਜਦ ਭੱਥਾ ਖ਼ਾਲੀ ਹੋ ਗਿਆ, ਤਾਂ ਉਹ ਤਲਵਾਰ ਧੂਹ ਕੇ ਫ਼ੌਜਾਂ ਦੇ ਵਿਚਕਾਰ ਧਸ ਗਿਆ ਤੇ ਕਈਆਂ ਨੂੰ ਮਾਰ ਕੇ ਸ਼ਹੀਦ ਹੋ ਗਿਆ। ਹੁਣ ਤਾਰਾ ਸਿੰਘ ਅੱਗੇ ਵਧਿਆ। ਮੁਗ਼ਲ ਫ਼ੌਜ ਦਾ ਇੱਕ ਸਰਦਾਰ ਤੱਕੀ ਖਾਂ, ਜਿਸ ਦਾ ਸਾਰਾ ਸਰੀਰ ਸੰਜੋਆਂ ਨਾਲ ਢਕਿਆ ਹੋਇਆ ਸੀ, ਸਾਹਮਣੇ ਆਇਆ। ਤਾਰਾ ਸਿੰਘ ਨੇ ਉਸ ਦੇ ਖੁਲ੍ਹੇ ਮੂੰਹ ਦਾ ਨਿਸ਼ਾਨਾ ਬੰਨ੍ਹ ਕੇ ਅਜਿਹਾ ਨੇਜਾ ਮਾਰਿਆ ਕਿ ਲਹੂ ਦਾ ਫੁਹਾਰਾ ਛੁਟ ਪਿਆ। ਤੱਕੀ ਖਾਂ ਨੂੰ ਪਿੱਛੇ ਹਟਦਾ ਵੇਖ ਮੋਮਨ ਖਾਂ ਨੇ ਪੁੱਛਿਆ, ਕਿਉਂ ਤੱਕੀ ਖਾਂ ਜੀ! ਪਾਨ ਖਾਂਦੇ ਹੋ?" ਤੱਕੀ ਖਾਂ ਬੋਲਿਆ, "ਹਾਂ, ਪਾਨ ਜੀ! ਤਾਰਾ ਸਿੰਘ ਵੰਡਦਾ ਪਿਆ ਜੇ; ਤੁਸੀਂ ਵੀ ਲੈ ਲਓ। ਤਾਰਾ ਸਿੰਘ ਬਾਰੇ ਹੋ ਰਹੀ ਇਸ ਵਾਰਤਾਲਾਪ ਨੂੰ ਰਤਨ ਸਿੰਘ ਭੰਗੂ ਲਿਖਦੇ ਹਨ, ;

> "ਮੁੜਯੋ ਤਕੀ ਮੁਖ ਜ਼ਖਮ, ਖਾ ਮੋਮਨ ਲਯੋ ਪਛਾਨ॥
> ਪੂਛੀ ਖਬਰ ਬੁਲਾਇ ਉਸ ਕਹਾ, ਖਾਏ ਮੁਖ ਪਾਨ॥
> ਤੌਂ ਤਕੀ ਨੈ ਮੋਮਨ ਸੁਨਾਈ ॥ ਅਗੈ ਤਾਰਾ ਸਿੰਘ ਬੈਠਾ ਬੀੜੇ ਲਾਈ॥
> ਹੁਇ ਹਿੰਮਤ ਤੌਂ ਅਗੈ ਹੁਇ ਖਾਵੇ॥ ਦੂਰ ਖੜੇ ਕਯਾ ਬਾਤ ਬਨਾਵੋ॥"[108]

ਮੋਮਨ ਖਾਂ ਸਮਝ ਗਿਆ ਕਿ ਇੱਥੇ ਘੋੜਿਆਂ ਨਾਲ ਕੰਮ ਨਹੀਂ ਚਲਣਾ। ਸੋ ਉਸ ਨੇ ਇਕ ਹਾਥੀ ਅੱਗੇ ਵਧਾਇਆ। ਅੰਦਰੋਂ ਭਾਈ ਭੀਮ ਸਿੰਘ ਛਾਲਾਂ ਮਾਰਦਾ ਬਾਹਰ ਨਿਕਲਿਆ ਤੇ ਹਾਥੀ ਦੀ ਗਰਦਨ ਉੱਤੇ ਚੜ੍ਹ ਗਿਆ। ਉਸ ਨੇ ਤਲਵਾਰ ਮਾਰ ਕੇ ਮਹਾਵਤ ਤੇ ਉਸ ਦੇ ਸਾਥੀ ਨੂੰ ਪਾਰ ਬੁਲਾਇਆ ਤੇ

---

107 ਤੇਜਾ ਸਿੰਘ, ਗੰਡਾ ਸਿੰਘ (1985) ਉਪਰੋਕਤ, *ਸਿੱਖ ਇਤਿਹਾਸ, ਪੰ.*117.

108 ਰਤਨ ਸਿੰਘ ਭੰਗੂ, *ਪ੍ਰਾਚੀਨ ਪੰਥ ਪ੍ਰਕਾਸ਼ ਸਟੀਕ,* ਬਾਬਾ ਸੰਤਾ ਸਿੰਘ ਟੀਕਾਕਾਰ (2000) ਸ਼੍ਰੋਮਣੀ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਪੰਜਾਬ, ਪੰ. 482.

ਹੇਠਾਂ ਛਾਲ ਮਾਰ ਕੇ ਹਾਥੀ ਨੂੰ ਸ਼ਾਹੀ ਫ਼ੌਜ ਵੱਲ ਧਕ ਦਿੱਤਾ। ਇਉਂ ਇਸ ਵਾੜੇ ਵਿਚ ਗਿਣਤੀ ਦੇ 22 ਸਿੰਘਾਂ ਨੇ ਸ਼ਾਮ ਤੱਕ ਚਾਰ ਹਜ਼ਾਰ ਦੇ ਲਸ਼ਕਰ ਦਾ ਟਾਕਰਾ ਕੀਤਾ ਅਤੇ ਤਦ ਤੱਕ ਕਰਦੇ ਰਹੇ, ਜਦ ਤਕ ਸਾਰੇ ਸ਼ਹੀਦ ਨਾ ਹੋ ਗਏ। ਜੁੱਧ ਦੇ ਮੈਦਾਨ ਵਿਚ ਗਿਣਤੀਆਂ-ਮਿਣਤੀਆਂ ਵਿਚ ਨਾ ਪੈਣਾ ਸਿੱਖ ਸੂਰਬੀਰਤਾ ਦੀ ਖਾਸੀਅਤ ਹੈ।

**ਭਾਈ ਮਨੀ ਸਿੰਘ ਦੀ ਸ਼ਹੀਦੀ**

ਜਦ ਨਵਾਬੀ ਲੈਣ ਦੇ ਬਾਵਜੂਦ 'ਦਲ ਖ਼ਾਲਸਾ' ਛਾਪੇ ਮਾਰਨ ਤੋਂ ਬਾਜ਼ ਨਾ ਆਇਆ, ਤਾਂ ਜ਼ਕਰੀਆ ਖਾਂ ਨੇ ਜਾਗੀਰ ਵਾਪਸ ਲੈ ਲਈ ਤੇ ਮੁੜ ਕੇ ਸਿੱਖਾਂ ਉੱਤੇ ਸਖ਼ਤੀ ਸ਼ੁਰੂ ਕਰ ਦਿੱਤੀ। ਉਸ ਨੇ ਦਰਬਾਰ ਸਾਹਿਬ ਵਿਚ ਮੇਲਾ ਲਗਣ ਤੇ ਵੀ ਪਾਬੰਦੀ ਲਾ ਦਿੱਤੀ। ਦਰਬਾਰ ਸਾਹਿਬ ਦੇ ਮੁੱਖ ਗਰੰਥੀ ਭਾਈ ਮਨੀ ਸਿੰਘ ਪਰਤੀਤ ਕਰਦੇ ਸਨ ਕਿ ਜੱਥੇਬੰਦੀ ਦੀ ਮਜ਼ਬੂਤੀ ਲਈ ਸਾਲ ਵਿਚ ਇੱਕ ਅੱਧ ਵਾਰੀ ਇਕੱਠੇ ਹੋ ਕੇ ਵਿਚਾਰਾਂ ਕਰਨੀਆਂ ਜ਼ਰੂਰੀ ਹਨ। ਇਸ ਲਈ ਉਹਨਾਂ ਨੇ ਜ਼ਕਰੀਆਂ ਖਾਂ ਨੂੰ ਆਖਿਆ ਕਿ 'ਜੇ ਤੁਸੀਂ ਬਿਨਾਂ ਛੇੜਛਾੜ ਦੇ ਸਾਨੂੰ ਦੀਵਾਲੀ ਦਾ ਮੇਲਾ ਲਾਣ ਦੀ ਆਗਿਆ ਦੇ ਦਿਓ, ਤਾਂ ਅਸੀਂ ਸਰਕਾਰੀ ਖ਼ਜ਼ਾਨੇ ਵਿਚ 10,000 ਰੁਪਿਆ ਦੇ ਦਿਆਂਗੇ।' ਜ਼ਕਰੀਆਂ ਖਾਂ ਨੇ ਆਗਿਆ ਤਾਂ ਦੇ ਦਿੱਤੀ, ਪਰੰਤੂ ਅੰਦਰਖਾਨੇ ਇਹ ਮਨਸੂਬਾ ਬਣਾਇਆ ਕਿ ਦੀਵਾਲੀ ਵਾਲੀ ਰਾਤ ਸਿੰਘਾਂ ਨੂੰ ਘੇਰ ਕੇ ਤੋਪਾਂ ਨਾਲ ਉਡਾ ਦਿੱਤਾ ਜਾਏ। ਭਾਈ ਮਨੀ ਸਿੰਘ ਨੂੰ ਵੀ ਇਸ ਸਾਜ਼ਸ ਦਾ ਪਤਾ ਚਲ ਗਿਆ ਤੇ ਉਨ੍ਹਾਂ ਨੇ ਥਾਉਂ ਥਾਈਂ ਬੰਦੇ ਭੇਜ ਕੇ ਸਿੰਘਾਂ ਦਾ ਆਉਣਾ ਰੋਕ ਦਿੱਤਾ। ਜਿਹੜੇ ਸਿੰਘ ਖ਼ਬਰ ਨਾ ਮਿਲਣ ਦੇ ਕਾਰਨ ਦਰਬਾਰ ਸਾਹਿਬ ਆਏ, ਉਨ੍ਹਾਂ ਵਿੱਚੋਂ ਬਹੁਤੇ ਇਸ਼ਨਾਨ ਕਰਦੇ ਹੋਏ ਜਾਂ ਕਰ ਕੇ ਬਾਹਰ ਨਿਕਲਦੇ ਹੋਏ ਮੁਗਲਾਂ ਦੇ ਅਚਾਨਕ ਹਮਲੇ ਦਾ ਸ਼ਿਕਾਰ ਹੋ ਗਏ। ਭਾਈ ਮਨੀ ਸਿੰਘ ਨੇ ਹਕੂਮਤ ਤੇ ਇਸ ਵਿਸ਼ਵਾਸ਼ਘਾਤ ਦੇ ਵਿਰੁੱਧ ਸਖ਼ਤ ਰੋਸ ਪਰਗਟ ਕੀਤਾ, ਪਰ ਜ਼ਕਰੀਆਂ ਖਾਂ ਨੇ ਇਸ ਦੀ ਪਰਵਾਹ ਨਾ ਕਰਦੇ ਹੋਇਆ ਉਲਟਾ ਉਨ੍ਹਾਂ ਤੋਂ ਦਸ ਹਜ਼ਾਰ ਰੁਪਏ ਦੀ ਮੰਗ ਕੀਤੀ। ਭਾਈ ਮਨੀ ਸਿੰਘ ਨੇ ਉੱਤਰ ਦਿੱਤਾ ਕਿ 'ਜਦ ਤੁਸਾਂ ਮੇਲਾ ਲੱਗਣ ਹੀ ਨਹੀਂ ਦਿੱਤਾ। ਸਗੋਂ ਉਲਟਾ ਬੇਦੋਸ਼ੇ ਸਿੰਘਾਂ ਦਾ ਖ਼ੂਨ ਬਹਾਇਆ ਹੈ, ਤਾਂ ਅਸੀਂ ਰੁਪਿਆ ਕਿਸ ਗੱਲ ਦਾ ਦੇਈਏ।' ਇਸ ਉੱਤੇ ਜ਼ਕਰੀਆਂ ਖਾਂ ਨੇ ਭਾਈ ਸਾਹਿਬ ਨੂੰ ਗਿਰਫ਼ਤਾਰ ਕਰ ਕੇ ਲਾਹੌਰ ਮੰਗਾ ਲਿਆ। ਉੱਥੇ ਉਨ੍ਹਾਂ ਦੇ ਸਾਹਮਣੇ 'ਇਸਲਾਮ ਜਾਂ ਮੌਤ' ਦੀ ਚੋਣ ਰੱਖੀ ਗਈ। ਜਦ ਭਾਈ ਸਾਹਿਬ ਨੇ ਆਪਣਾ ਧਰਮ ਛੱਡਣ ਤੋਂ ਇਨਕਾਰ ਕੀਤਾ, ਤਾਂ

ਉਨ੍ਹਾਂ ਉਤੇ ਬੰਦ ਬੰਦ ਕਟ ਕੇ ਸ਼ਹੀਦ ਕਰਨ ਦਾ ਫ਼ਤਵਾ ਲਾਇਆ ਗਿਆ। ਸੋ ਪਹਿਲਾ ਉਨ੍ਹਾਂ ਦੀਆਂ ਉਂਗਲਾਂ ਦੋ ਪੋਟੇ, ਫਿਰ ਵਾਰੀ ਵਾਰੀ ਹਥੇਲੀ, ਗੁਟ, ਕੂਹਣੀ, ਬਾਹਵਾਂ ਤੇ ਮੋਢੇ ਆਦਿ ਕਟ ਕੇ ਉਨ੍ਹਾਂ ਨੂੰ ਸ਼ਹੀਦ ਕੀਤਾ ਗਿਆ। ਭਾਈ ਮਨੀ ਸਿੰਘ ਨੇ ਪੂਰੇ ਸਿਦਕ ਤੇ ਅਡੋਲਤਾ ਨਾਲ ਇਹ ਤਸੀਹੇ ਬਰਦਾਸ਼ਤ ਕੀਤੇ।

1739 ਵਿਚ ਨਾਦਰ ਸ਼ਾਹ ਦੁਰਾਨੀ ਨੇ ਪੰਜਾਬ ਤੇ ਦਿੱਲੀ ਉੱਤੇ ਹਮਲਾ ਕੀਤਾ। ਜਦ ਉਹ ਬਹੁਤ ਸਾਰਾ ਧਨ ਲੁਟ ਕੇ ਵਾਪਸ ਜਾ ਰਿਹਾ ਸੀ, ਤਾਂ ਸਿੱਖਾਂ ਨੇ ਉਸ ਕਾਫ਼ਲੇ ਦੇ ਪਿਛਵਾੜੇ ਵਾਲੇ ਪਾਸਿਓ ਛਾਪਾ ਮਾਰ ਕੇ ਬਹੁਤ ਸਾਰਾ ਮਾਲ-ਅਸਬਾਬ ਲੁੱਟ ਲਿਆ। ਨਾਦਰ ਸ਼ਾਹ ਸਿੱਖਾਂ ਦੀ ਇਸ ਦਲੇਰੀ ਤੋਂ ਬਹੁਤ ਪ੍ਰਭਾਵਤ ਹੋਇਆ ਤੇ ਉਸ ਨੇ ਜ਼ਕਰੀਆਂ ਖਾਂ ਨੂੰ ਪੁਛਿਆ, "ਇਹ ਕੌਨ ਹਨ ਤੇ ਇਨ੍ਹਾਂ ਦਾ ਦੇਸ਼ ਕਿਹੜਾ ਹੈ?" ਜ਼ਕਰੀਆਂ ਖਾਂ ਨੇ ਉੱਤਰ ਦਿੱਤਾ, "ਇਨ੍ਹਾਂ ਦਾ ਦੇਸ਼ ਕੋਈ ਨਹੀਂ ਤੇ ਇਨ੍ਹਾਂ ਦਾ ਘਰ ਘੋੜਿਆਂ ਦੀਆਂ ਪਿੱਠਾਂ ਹਨ। ਇਹ ਸੁਣ ਕੇ ਨਾਦਰ ਸ਼ਾਹ ਕਹਿਣ ਲੱਗਾ। ਇਸ ਕੌਮ ਕੋਲੋਂ ਰਾਜ ਦੀ ਬੂ ਆਉਂਦੀ ਹੈ। ਯਾਦ ਰੱਖ, ਉਹ ਦਿਨ ਦੂਰ ਨਹੀਂ, ਜਦ ਇਹ ਬਾਗ਼ੀ ਰਾਜ ਦੇ ਮਾਲਕ ਬਣ ਜਾਣਗੇ।"[109]

ਇਸ ਉੱਤੇ ਜ਼ਕਰੀਆਂ ਖ਼ਾਂ ਨੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਲਈ ਫਿਰ ਗਸ਼ਤੀ ਦਸਤੇ ਭੇਜੇ। ਨਾਲ ਹੀ ਉਸ ਨੇ ਇਸ ਕੰਮ ਵਿਚ ਸਹਾਇਤਾ ਕਰਨ ਵਾਲਿਆਂ ਨੂੰ ਭਾਰੀ ਇਨਾਮ ਦੇਣ ਦਾ ਫ਼ੈਸਲਾ ਕੀਤਾ। ਹਰੀ ਰਾਮ ਗੁਪਤਾ ਲਿਖਦੇ ਹਨ, "ਜਿਹੜਾ ਆਦਮੀ ਕਿਸੇ ਸਿੱਖ ਦੀ ਦੱਸ ਪਾਉਣ ਵਾਲੇ ਨੂੰ ਦਸ ਰੁਪਏ ਮਿਲਦੇ ਸਨ ਤੇ ਸਿੱਖ ਨੂੰ ਜੀਉਂਦਾ ਫੜ ਕੇ ਜਾਂ ਸਿੱਖ ਦਾ ਸਿਰ ਲਿਆਉਣ ਵਾਲੇ ਲਈ ਪੰਜਾਹ ਰੁਪਏ ਇਨਾਮ ਨੀਅਤ ਸੀ।"[110] ਸੋ ਇਸ ਸਮੇਂ ਸਿੱਖਾਂ ਦਾ ਜੰਗਲੀ ਜਾਨਵਰਾਂ ਵਾਂਗ ਸ਼ਿਕਾਰ ਕੀਤਾ ਗਿਆ, ਪਰ ਸੂਰਬੀਰ ਸਿੱਖ ਨਾ ਕੇਵਲ ਖਿੜੇ ਮੱਥੇ ਸਭ ਤਸੀਹੇ ਬਰਦਾਸ਼ਤ ਕਰਦੇ ਤੇ ਜਾਨਾਂ ਵਾਰਦੇ ਰਹੇ, ਸਗੋਂ ਮੁਗਲਾਂ ਉੱਤੇ ਜਵਾਬੀ ਹਮਲੇ ਕਰਨ ਤੋਂ ਵੀ ਨਾ ਰੁਕੇ।

**ਸ਼ਹੀਦੀ ਭਾਈ ਸੁੱਖਾ ਸਿੰਘ ਅਤੇ ਭਾਈ ਮਹਿਤਾਬ ਸਿੰਘ ਜੀ ਦੀ**

---

109 ਲਾਲ ਸਿੰਘ (1971) *ਪੰਜਾਬ ਦੀ ਬੀਰ ਪਰੰਪਰਾ ਆਦਿ ਕਾਲ ਤੋਂ ਅਧੁਨਿਕ ਕਾਲ ਤੱਕ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 115.

110 ਉਹੀ ਪੰ. 115.

ਜਦੋਂ ਮੁਗਲਾਂ ਨੇ ਦਰਬਾਰ ਸਾਹਿਬ ਉੱਤੇ ਕਬਜਾ ਕਰ ਲਿਆ, ਪਵਿੱਤਰ ਸਰੋਵਰ ਨੂੰ ਮਿੱਟੀ ਨਾਲ ਭਰਾ ਦਿੱਤਾ ਤੇ ਚੌਧਰੀ ਮੱਸੇ ਰੰਘੜ ਨੇ ਦਰਬਾਰ ਸਾਹਿਬ ਨੂੰ ਨਾਚ-ਘਰ ਬਣਾ ਲਿਆ। ਜਦ ਇਹ ਖ਼ਬਰ ਬੀਕਾਨੇਰ ਦੇ ਮਾਰੂ ਥਲ ਵਿਚ ਲੁਕੇ ਸਿੰਘਾਂ ਨੂੰ ਪਹੁੰਚੀ ਤਾਂ ਉਨ੍ਹਾਂ ਦਾ ਖ਼ੂਨ ਖੌਲਣ ਲਗ ਪਿਆ। ਭਾਈ ਮਹਿਤਾਬ ਸਿੰਘ ਮੀਰਾਂ ਕੋਟੀਏ ਤੇ ਭਾਈ ਸੁੱਖਾ ਸਿੰਘ ਮਾੜੀ ਕੰਬੋ ਕੀ ਵਾਲੇ ਨੇ ਇਸ ਬੇ-ਅਦਬੀ ਦਾ ਬਦਲਾ ਲੈਣ ਦਾ ਫ਼ੈਸਲਾ ਕਰ ਕੇ ਘੋੜਿਆਂ ਉੱਤੇ ਚਾਲੇ ਪਾ ਦਿੱਤੇ। ਅੰਮ੍ਰਿਤਸਰ ਦੇ ਨੇੜੇ ਪਹੁੰਚ ਕੇ ਉਨ੍ਹਾਂ ਨੇ ਠੀਕਰੀਆਂ ਦੇ ਦੋ ਥੈਲੇ ਭਰੇ ਤੇ ਰਵਾਂ ਰਵੀਂ ਦਰਬਾਰ ਸਾਹਿਬ ਵਿਚ ਵਿਚ ਆਣ ਵੜੇ। ਪਹਿਰੇਦਾਰਾਂ ਨੂੰ ਕਿਹਾ ਕਿ ਉਹ ਸਰਕਾਰੀ ਮਾਮਲਾ ਤਾਰਨ ਆਏ ਹਨ। ਦੁਪਹਿਰ ਹੋਣ ਕਰਕੇ ਬਹੁਤੇ ਕਰਮਚਾਰੀ ਤੇ ਸਿਪਾਹੀ ਸੁੱਤੇ ਪਏ ਸਨ ਜਾਂ ਅਵੇਸਲੇ ਗੱਪਾਂ ਮਾਰ ਰਹੇ ਹਨ। ਘੋੜਿਆਂ ਨੂੰ ਇੱਕ ਬੇਰੀ ਨਾਲ ਬੰਨ੍ਹ ਕੇ ਤੇ ਨੇਜ਼ੇ ਵੀ ਉੱਥੇ ਲਟਕਾ ਕੇ ਉਹ ਥੈਲੀਆਂ ਚੁਕ ਕੇ ਅੰਦਰ ਜਾ ਵੜੇ। ਮੱਸਾ ਪਲੰਘ 'ਤੇ ਬੈਠਾ ਹੁੱਕਾ ਪੀ ਰਿਹਾ ਸੀ। ਸਿੰਘਾਂ ਨੇ ਥੈਲੀਆਂ ਪਲੰਘ ਦੇ ਕੋਲ ਜਾ ਰੱਖੀਆਂ। ਜਦ ਮੱਸਾ ਝੁਕ ਕੇ ਵੇਖਣ ਲੱਗਾ, ਤਾਂ ਮਹਿਤਾਬ ਸਿੰਘ ਨੇ ਤਲਵਾਰ ਦੇ ਇੱਕੋ ਵਾਰ ਨਾਲ ਉਹਦਾ ਸਿਰ ਉਤਾਰ ਲਿਆ। ਸਿਰ ਚੁਕ ਕੇ ਉਹ ਬਾਹਰ ਆਏ, ਉਹਨੂੰ ਨੇਜ਼ੇ ਉਤੇ ਟੰਗਿਆ ਤੇ ਘੋੜਿਆਂ ਉੱਤੇ ਪਲਾਕੀ ਮਾਰ ਕੇ ਹਵਾ ਹੋ ਗਏ।

ਮੱਸੇ ਰੰਘੜ ਦੇ ਕਤਲ ਦੇ ਦਲੇਰਾਨਾਂ ਕਾਰਨਾਮੇ ਨੇ ਜਿੱਥੇ ਸਿੰਘਾਂ ਵਿਚ ਉਤਸ਼ਾਹ ਦੀ ਲਹਿਰ ਦੁੜਾ ਦਿੱਤੀ, ਉੱਥੇ ਮੁਗਲ ਹਾਕਮਾਂ ਵਿਚ ਸਹਿਮ ਤੇ ਭੈ ਪੈਦਾ ਕਰ ਦਿੱਤਾ। ਉਨ੍ਹਾਂ ਨੂੰ ਖ਼ਤਮ ਕਰਨ ਲਈ ਜ਼ਕਰੀਆਂ ਖਾਂ ਹੋਰ ਵਧੇਰੇ ਸਖ਼ਤੀ ਕਰਨ ਲੱਗ ਪਿਆ। ਹੁਣ ਪਿੰਡਾਂ ਤੇ ਸ਼ਹਿਰਾਂ ਵਿਚ ਕਿਤੇ ਕੋਈ ਸਿੱਖ ਨਹੀਂ ਦਿਸਦਾ ਸੀ। ਆਮ ਲੋਕ ਇਹ ਸਮਝਣ ਲਗ ਪਏ ਕਿ ਸਿੱਖ ਹੁਣ ਮੂਲੋਂ ਹੀ ਖ਼ਤਮ ਹੋ ਗਏ ਹਨ।

**ਭਾਈ ਬੋਤਾ ਸਿੰਘ ਸੂਰਬੀਰਤਾ ਤੇ ਸ਼ਹੀਦੀ**

ਜਦੋਂ ਸਿੱਖ ਪਛਾਣ ਉੱਪਰ ਹਮਲੇ ਹੋ ਰਹੇ ਸਨ ਅਤੇ ਜਾਲਮ ਹੁਕਮਰਾਨਾਂ ਨੇ ਸਮਾਜ ਵਿਚ ਇਹ ਫੁਰਮਾਨ ਜਾਰੀ ਕੀਤਾ ਹੋਇਆ ਸੀ ਕਿ ਸਿੱਖ ਜਿੱਥੇ ਵੀ ਹੋਵੇ ਉਸਨੂੰ ਮਾਰ ਦਿਓ। ਅਜਿਹੇ ਖਤਰਨਾਕ ਸਮੇਂ ਵਿਚ ਦੋ ਸਿੰਘ ਭਾਈ ਬੋਤਾ ਸਿੰਘ ਤੋਂ ਗਰਜਾ ਸਿੰਘ ਪਿੰਡਾਂ ਵਿਚ ਪਰਚਾਰ ਕਰਦੇ ਫਿਰਦੇ ਸਨ। ਕਿਸੇ ਪਿੰਡ ਵਿਚ ਇੱਕ ਮੁਸਲਮਾਨ ਨੇ ਜਦੋਂ ਇਨ੍ਹਾਂ ਨੂੰ ਵੇਖ ਕੇ ਆਖਿਆ ਸੀ ਕਿ ਸਿੱਖਾਂ ਦਾ ਜੰਗੀ

ਪੱਧਰ 'ਤੇ ਸ਼ਿਕਾਰ ਹੋ ਰਿਹਾ ਸੀ ਅਤੇ ਜਾਲਮ ਐਲਾਨ ਕਰ ਰਿਹਾ ਸੀ ਕਿ ਸਿੱਖਾਂ ਦਾ ਖੁਰਾ ਖੋਜ ਮਿਟਾ ਦਿੱਤਾ ਗਿਆ ਹੈ ਤਾਂ ਅਜਿਹੇ ਸਮੇਂ ਆਪਣੀ ਹੋਂਦ ਨੂੰ ਪ੍ਰਗਟ ਕਰਨਾ ਬੋਤਾ ਸਿੰਘ ਤੇ ਗਰਜਾ ਸਿੰਘ ਦੀ ਸੂਰਬੀਰਤਾ ਸੀ। ਉਹਨਾਂ ਨੇ ਤਰਨਤਾਰਨ ਦੇ ਨੇੜੇ ਜਰਨੈਲੀ ਸੜਕ ਉੱਤੇ ਸਰਾਏ ਨੂਰ ਦੀਨ ਕੋਲ ਇੱਕ ਚੌਕੀ ਕਾਇਮ ਕਰ ਲਈ ਤੇ ਪ੍ਰਤੀ ਗੱਡਾ ਇੱਕ ਆਨਾ ਤੇ ਪ੍ਰਤੀ ਖੋਤਾ ਇੱਕ ਪੈਸਾ ਮਸੂਲ ਉਗਰਾਹੁਣਾ ਸ਼ੁਰੂ ਕਰ ਦਿੱਤਾ। ਭਾਈ ਰਤਨ ਸਿੰਘ ਭੰਗੂ ਆਪਣੀ ਪੁਸਤਕ ਪੰਥ ਪ੍ਰਕਾਸ਼ ਵਿਚ ਲਿਖਦੇ ਹਨ ਕਿ ਉਸ ਨੇ ਖ਼ਾਨ ਬਹਾਦਰ ਜ਼ਕਰੀਆਂ ਖਾਂ ਨੂੰ ਭਾਬੀ ਖਾਨੋ ਦੇ ਨਾਂ ਨਾਲ ਸੰਬੋਧਨ ਕਰ ਕੇ ਇਹੋ ਜਿਹੀ ਚਿੱਠੀ ਲਿਖੀ;

"ਚਿੱਠੀ ਲਿਖੇ ਯੌਂ ਸਿੰਘ ਬੋਤਾ, ਹੱਥ ਹੈ ਸੋਟਾ, ਵਿਚ ਰਾਹੇ ਖਲੋਤਾ।
ਆਨਾ ਲਾਯਾ ਗੱਡੇ ਨੂੰ ਤੇ ਪੈਸਾ ਲਾਯਾ ਖੋਤਾ।
ਆਖੋ ਭਾਬੀ ਖਾਨੋ ਨੂੰ, ਇਉਂ ਆਖੇ ਸਿੰਘ ਬੋਤਾ।"[111]

ਕਈ ਦਿਨ ਇਹ ਕਾਰਵਾਈ ਚਲਦੀ ਰਹੀ। ਅਖ਼ੀਰ ਤਰਨਤਾਰਨ ਦਾ ਫੌਜਦਾਰ ਫੌਜ ਲੈ ਕੇ ਸਿੰਘਾਂ ਨੂੰ ਗਰਿਫ਼ਤਾਰ ਕਰਨ ਲਈ ਆਇਆ। ਦੋਹਾਂ ਸਿੰਘਾਂ ਨੇ ਪਿੱਠ ਜੋੜ ਲਈਆਂ ਤੇ ਡਾਗਾਂ ਫੜ ਕੇ ਆਈ ਫੌਜ ਦਾ ਟਾਕਰਾ ਕਰਨ ਲੱਗੇ। ਕਈਆਂ ਨੂੰ ਮਾਰ ਕੇ ਉਹ ਲੜਦੇ ਲੜਦੇ ਸ਼ਹੀਦ ਹੋ ਗਏ। ਨਾ ਉਨ੍ਹਾਂ ਨੇ ਈਨ ਮੰਨੀ, ਨਾ ਜੀਉਂਦੇ ਗਰਿਫਤਾਰ ਹੋਏ। ਆਪਣੀ ਜੁਰਅਤ ਤੇ ਅਣਖ ਦਾ ਜੀਉਂਦਾ-ਜਾਗਦਾ ਸਬੂਤ ਦੇ ਗਏ।

ਇਨ੍ਹਾਂ ਦਿਨਾਂ ਵਿਚ ਹਰ ਰੋਜ਼ ਸੈਂਕੜੇ ਸਿੱਖਾਂ ਨੂੰ ਗਰਿਫਤਾਰ ਕਰ ਕੇ ਬੇਦਰਦੀ ਨਾਲ ਕਤਲ ਕੀਤਾ ਜਾਂਦਾ ਸੀ, ਪਰ ਕੁਝ ਸੂਰਬੀਰਾਂ ਦੇ ਕਾਰਨਾਮੇ ਤਾਂ ਇੰਨੇ ਜੁਰਅਤ ਵਾਲੇ ਸਨ ਕਿ ਵੇਖ ਕੇ ਦੁਸ਼ਮਣ ਵੀ ਅਚੰਭਿਤ ਹੁੰਦੇ ਸਨ। ਹਕੂਮਤ ਦੇ ਇਸ ਕਸਾਈਪੁਣੇ ਵਿਚ ਆਪਣੇ ਸੁਆਰਥ ਦੇ ਕਾਰਨ ਕਈ ਅਣਖਹੀਣ ਚੌਧਰੀ ਵੀ ਸਹਾਇਕ ਸਨ। ਕਈ ਵੱਡੇ-ਵੱਡੇ ਜ਼ਿੰਮੀਦਾਰ ਹਕੂਮਤ ਕੋਲ ਸਿੱਖਾਂ ਦੀਆਂ ਚੁਗਲੀਆਂ ਕਰਦੇ ਤੇ ਉਨ੍ਹਾਂ ਨੂੰ ਫੜਾਉਂਦੇ ਸਨ।

**ਭਾਈ ਤਾਰੂ ਸਿੰਘ ਪੂਹਲਾ ਦੀ ਸ਼ਹੀਦੀ**

---

111 ਰਤਨ ਸਿੰਘ ਭੰਗੂ, ਉਪਰੋਕਤ, *ਪੰਥ ਪ੍ਰਕਾਸ਼,* ਪੰ. 114.

ਜੰਡਿਆਲੇ ਦੇ ਚੌਧਰੀ ਹਰਭਗਤ ਨੇ ਸਰਕਾਰ ਨੂੰ ਇਤਲਾਹ ਦਿੱਤੀ ਕਿ ਪੂਹਲਾ ਨਿਵਾਸੀ ਭਾਈ ਤਾਰੂ ਸਿੰਘ ਆਏ-ਸਿੱਖਾਂ ਨੂੰ ਪਰਸ਼ਾਦ ਛਕਾਂਦਾ ਤੇ ਉਨ੍ਹਾਂ ਦੀ ਮਦਦ ਕਰਦਾ ਹੈ। ਉਨ੍ਹਾਂ ਨੂੰ ਫੜ ਕੇ ਲਾਹੌਰ ਲਿਜਾਇਆ ਗਿਆ ਤੇ ਆਖਿਆ ਗਿਆ ਹੈ ਕਿ ਸਿੱਖੀ ਛਡ ਕੇ ਮੁਸਲਮਾਨ ਹੋ ਜਾਓ, ਨਹੀਂ ਤਾਂ ਤੁਹਾਡੇ ਕੇਸ ਲਾਹ ਦਿੱਤੇ ਜਾਣਗੇ। ਅਬਦੁੱਲ ਲਤੀਫ਼ ਦੇ ਹਵਾਲੇ ਨਾਲ ਲਾਲ ਸਿੰਘ ਲਿਖਦਾ ਹੈ, "ਭਾਈ ਤਾਰੂ ਸਿੰਘ ਨੇ ਆਪਣਾ ਧਰਮ ਛੱਡਣ ਤੋਂ ਇਨਕਾਰ ਕੀਤਾ ਤੇ ਦ੍ਰਿੜ੍ਹਤਾ ਨਾਲ ਆਖਿਆ, 'ਕੇਸ, ਸੀਸ, ਖੋਪਰ ਤੇ ਖਲੜੀ ਇਕਮਿਕ ਹਨ। ਜੇ ਤੁਹਾਨੂੰ ਕੇਸ ਚਾਹੀਦੇ ਹਨ, ਤਾਂ ਖੋਪਰੀ ਸਮੇਤ ਉਤਾਰ ਲਓ।' ਇਸ ਉੱਤੇ ਰੰਬੀ ਨਾਲ ਖੋਪਰੀ ਸਮੇਤ ਕੇਸ ਉਤਾਰੇ ਗਏ। ਭਾਈ ਤਾਰੂ ਸਿੰਘ ਨੇ ਖਿੜੇ ਮੱਥੇ ਧਰਮ ਤੋਂ ਆਪਣੀ ਜਾਨ ਵਾਰ ਦਿੱਤੀ।"[112] ਭਾਈ ਤਾਰੂ ਸਿੰਘ ਦੇ ਸਿਦਕ ਬਾਰੇ ਰਤਨ ਸਿੰਘ ਭੰਗੂ ਲਿਖਦੇ ਹਨ,

> "ਤਬ ਸਿੰਘ ਜੀ ਬਚਨ ਉਚਾਰੈ।ਸੋ ਦੇਹੁ ਹਮ ਜੋ ਲਗੈ ਪਿਆਰੋ।
> ਤੂੰ ਜੇ ਹਮ ਪੈ ਹੈ ਮਿਹਰਬਾਨ। ਆਖ ਮੁਝੈ ਨਾ ਹੋਹੁ ਮੁਸਲਮਾਨ।
> ਤੂੰ ਸਦ ਹਮੈਂ ਕਛੁ ਐਸੇ ਰਾਹੁ। ਕੇਸੀ ਸਾਸੀਂ ਹੋਈ ਨਿਰਬਾਹੁ।
> ਤਬ ਨਵਾਬ ਬਹੁ ਗੁੱਸਾ ਖਾਯਾ। ਮੁਖ ਤੇ ਖੋਟਾ ਬਚਨ ਸੁਨਾਯਾ।......
> ਅਬ ਲਯਾਵੋ ਮੋਚੀ ਚਾਰ। ਖੋਪਰੀ ਸਾਥ ਦਿਹੁ ਬਾਲ ਉਤਾਰ।
> ਤਬ ਸਿੰਘ ਜੀ ਬਹੁ ਭਲੀ ਮਨਾਈ। ਸਾਥ ਕੇਸਨ ਕੇ ਖੋਪਰੀ ਜਾਈ।"[113]

**ਇਸੇ ਤਰਾਂ** ਸ਼ਹਿਬਾਜ਼ ਸਿੰਘ ਨੇ ਆਪਣਾ ਧਰਮ ਛੱਡਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਉਸ ਨੂੰ ਚਰੱਖੜੀ ਚਾੜ੍ਹ ਕੇ ਕਤਲ ਕਰਨ ਦਾ ਫਤਵਾ ਲਾਇਆ ਗਿਆ। ਜਦ ਸੁਬੇਗ ਸਿੰਘ ਨੇ ਰੋਸ ਪਰਗਟ ਕੀਤਾ, ਤਾਂ ਉਹਦੇ ਲਈ ਵੀ ਇਹੀ ਹੁਕਮ ਦੇ ਦਿੱਤਾ ਗਿਆ। ਦੋਹਾਂ ਪਿਉ-ਪੁੱਤਰਾਂ ਨੂੰ ਚਰੱਖੜੀ ਤੇ ਚੜ੍ਹਾ ਕੇ ਸ਼ਹੀਦ ਕੀਤਾ ਜਾਵੇ। ਇਸਦੇ ਨਾਲ ਸਿੱਖ ਜਤ ਸਤ ਦੇ ਵੀ ਹੱਦ ਤੋਂ ਜ਼ਿਆਦਾ ਪੱਕੇ ਸਨ। ਉਦਾਹਰਣ ਵਜੋਂ ਹਰਿੰਦਰ ਸਿੰਘ ਮਹਿਬੂਬ ਸਿੰਘ ਬਹਾਦਰੀ ਭਰੇ ਉਸ ਦੌਰ ਤੋਂ ਜਾਣੂੰ ਕਰਵਾਉਂਦਾ ਹੈ ਕਿ ਜਦੋਂ "ਸਿੰਘਣੀਆਂ ਨੇ ਬੀਆਬਾਨਾਂ ਵਿਚ ਜੰਗਲਾਂ ਦੀ ਅਸਹਿ ਜ਼ਿੰਦਗੀ ਨੂੰ ਸਿਮਰਨ ਦੇ ਰੰਗਾਂ ਵਿਚ ਗੁਜ਼ਾਰਿਆ; ਮੀਰ ਮੰਨੂ ਦੀ ਕੈਦ ਵਿਚ ਇੱਕ ਤਰ੍ਹਾਂ ਦੀ ਪਰਾ ਸਰੀਰਕ ਦ੍ਰਿੜਤਾ ਦਾ ਸਬੂਤ ਦਿੱਤਾ

---

112 ਲਾਲ ਸਿੰਘ, ਉਪਰੋਕਤ, *ਪੰਜਾਬ ਦੀ ਵੀਰ ਪਰੰਪਰਾ ਆਦਿ ਕਾਲ ਤੋਂ ਅਧੁਨਿਕ ਕਾਲ ਤੱਕ* , ਪੰ. 117.

113 ਰਤਨ ਸਿੰਘ ਭੰਗੂ, ਉਪਰੋਕਤ, *ਪੰਥ ਪ੍ਰਕਾਸ਼,* ਪੰਨੇ, 225-226.

ਅਤੇ ਵੱਡੇ ਘੱਲੂਘਾਰੇ ਵਿਚ ਪੁੱਤਰਾਂ, ਵੀਰਾਂ, ਬਜ਼ੁਰਗਾਂ ਅਤੇ ਸਿਰ ਦੇ ਸਾਈਆਂ ਨੂੰ ਅੱਖਾਂ ਸਾਹਮਣੇ ਸ਼ਹੀਦ ਹੁੰਦੇ ਤੱਕ ਕੇ ਖਿੜੇ ਮੱਥੇ ਰਹੀਆਂ। ਕਿਸੇ ਦੁਸ਼ਮਣ ਨੇ ਵੀ ਉਨ੍ਹਾਂ ਦੇ ਜਤ ਸਤ ਵੱਲ ਉਂਗਲ ਨਹੀਂ ਕੀਤੀ। ਕਾਜ਼ੀ ਦੱਸਦਾ ਹੈ ਕਿ ਸਿੱਖਾਂ ਵਿਚ ਵਿਭਚਾਰ ਬਿਲਕੁਲ ਨਹੀਂ ਸੀ ਉਹ ਨਾ ਰਾਣੀ ਨੂੰ ਅਤੇ ਨਾਂਹ ਬਾਂਦੀ ਨੂੰ ਹੱਥ ਲਗਾਂਦੇ ਸਨ।"[114] ਉਪਰੋਕਤ ਸ਼ਹਾਦਤਾਂ ਸਿੱਧ ਕਰਦੀਆਂ ਹਨ ਕਿ ਸ਼ਹਾਦਤ ਸੂਰਬੀਰਤਾ ਦਾ ਸਿੱਖਰਲਾ ਪੜਾਅ ਹੈ। ਇਸ ਨੂੰ ਪ੍ਰਾਪਤ ਕਰਨ ਲਈ ਸਿੱਖਾਂ ਵਿਚ ਬੇਮਿਸਾਲ ਚਾਅ ਹਮੇਸ਼ਾਂ ਚੜ੍ਹਿਆ ਰਹਿੰਦਾ ਹੈ ਇਸ ਪੜਾਅ ਵਿਚ ਪਹੁੰਚਣ ਵਾਲਾ ਸੂਰਮਾ ਅਧਿਆਤਮਕ, ਨੈਤਿਕ, ਮਾਨਸਿਕ, ਸਰੀਰਕ, ਤੌਰ 'ਤੇ ਬੇਮਿਸਾਲ ਤਾਕਤ ਮਾਲਕ ਹੁੰਦਾ ਹੈ। ਸ਼ਹਾਦਤ ਸਮੇਂ ਡਰ ਦੀ ਭਿਆਨਕਤਾ ਸੂਰਮੇ ਨੂੰ ਰੱਤੀ ਭਰ ਵੀ ਹਿਲਾ ਨਹੀਂ ਸਕਦੀ। ਗੁਰੂ ਸਹਿਬਾਨ ਨੇ ਸ਼ਹਾਦਤ ਦੇ ਜੋ ਪੂਰਨੇ ਪਾਏ ਸਿੱਖ ਯੋਧਿਆਂ ਨੇ ਉਹਨਾਂ ਪੂਰਨਿਆਂ ਉਪਰ ਚਲਣ ਲਈ ਆਨੰਦ ਅਤੇ ਚਾਅ ਮਾਣਿਆ। ਸਿੱਖ ਧਰਮ ਵਿਚਲੀਆਂ ਸ਼ਹਾਦਤਾਂ ਦਾ ਮੁੱਖ ਉਦੇਸ਼ ਰੂਹਾਨੀਅਤ ਅਤੇ ਸਮਾਜ ਭਲਾਈ ਨਾਲ ਜੁੜਿਆ ਹੋਣ ਕਰਕੇ ਸਿੱਖ ਹਮੇਸ਼ਾ ਜਬਰ-ਜੁਲਮ ਦੇ ਖਤਮੇ ਲਈ ਪੂਰਨ ਭਰੋਸੇ ਅਤੇ ਤਾਕਤ ਨਾਲ ਉਠ ਖੜੋਂਦਾ ਹੈ ਇਹ ਧਾਰਨਾ ਸਿੱਖ ਸੂਰਬੀਰਤਾ ਨੂੰ ਵਿਲੱਖਣਤਾ ਪ੍ਰਦਾਨ ਕਰਦੀ ਹੈ। ਸਿੱਖੀ ਵਿਚ ਸੂਰਬੀਰਤਾ ਦਾ ਸਿੱਖਰਲਾ ਪੜਾਅ ਸ਼ਹਾਦਤ ਪ੍ਰਾਪਤ ਕਰਨਾ ਹੈ।

ਸੂਰਬੀਰਤਾ ਦਾ ਸ਼ਹਾਦਤ ਨਾਲ ਗੂੜਾ ਸੰਬੰਧ ਹੈ। ਜੇਕਰ ਧਰਮ ਹੈ ਤਾਂ ਹੀ ਸੂਰਬੀਰਤਾ ਹੈ, ਇਸੇ ਤਰ੍ਹਾਂ ਜੇਕਰ ਸੂਰਬੀਰਤਾ ਹੈ ਤਾਂ ਹੀ ਸ਼ਹਾਦਤ ਵਰਗਾ ਨਾਂ ਚਮਕੇਗਾ। ਸੂਰਬੀਰਤਾ ਦਾ ਮਾਰਗ ਸੱਚ ਤੋਂ ਸ਼ੁਰੂ ਹੁੰਦਾ ਹੈ ਅਤੇ ਸੂਰਬੀਰਤਾ ਦਾ ਸਿੱਖਰ ਸੱਚ ਦੀ ਗਵਾਹੀ ਭਾਵ ਸ਼ਹਾਦਤ ਹੋਵੇਗੀ। ਸੂਰਬੀਰ ਯੋਧਾ ਕ੍ਰਾਂਤੀਕਾਰੀ ਹੁੰਦਾ ਹੈ। "ਇੱਕ ਕ੍ਰਾਂਤੀਕਾਰੀ ਮਨੁੱਖ ਅਤੇ ਸ਼ਹੀਦ ਵਿਚ ਕੇਵਲ ਮਾਧਿਅਮ ਦਾ ਹੀ ਅੰਤਰ ਹੈ। ਕ੍ਰਾਂਤੀਕਾਰੀ ਇੱਕ ਲਹਿਰ ਦਾ ਅੰਗ ਹੋ ਕੇ ਇਤਿਹਾਸ ਨੂੰ ਬਦਲਣਾ ਚਾਹੁੰਦਾ ਹੈ ਅਤੇ ਸ਼ਹੀਦ ਸਾਰਾ ਭਾਰ ਆਪਣੇ ਉਪਰ ਚੁੱਕ ਲੈਂਦਾ ਹੈ ਜਦੋਂ ਕ੍ਰਾਂਤੀਕਾਰੀ ਨੂੰ ਇਹ ਮਹਿਸੂਸ ਹੋਵੇ ਕਿ ਲੋਕਾਂ ਦਾ ਸੰਗਠਨ ਬਣਨਾ ਅਜੇ ਅਸੰਭਵ ਹੈ ਇਤਿਹਾਸ ਅਤੇ ਜੀਵਨ ਦਾ ਗੁਆਚ

---

114 ਹਰਿੰਦਰ ਸਿੰਘ ਮਹਿਬੂਬ, ਉਪਰੋਕਤ, *ਸਹਿਜੇ ਰਚਿਓ ਖਾਲਸਾ,* ਪੰ. 1019.

ਰਿਹਾ ਗੋਰਵ ਛੇਤੀ ਸੁਰਜੀਤ ਕਰਨ ਦੀ ਲੋੜ ਹੈ ਉਹ ਸ਼ਹਾਦਤ ਦਾ ਰਾਹ ਚੁਣ ਸਕਦਾ ਹੈ। ਉਸ ਵਿਚ ਕ੍ਰਾਂਤੀ ਅਤੇ ਸ਼ਹਾਦਤ ਮਿਲ ਕੇ ਜਾਂਦੇ ਹਨ।"[115]

ਕਿਸੇ ਵੀ ਮਾਨਵ ਹਿਤੈਸ਼ੀ ਲਕਸ਼ ਲਈ ਦਿੱਤੀ ਕੁਰਬਾਨੀ ਸ਼ਹਾਦਤ ਹੈ, ਪਰ ਜਿਸ ਕੁਰਬਾਨੀ ਪਿੱਛੇ ਕੰਮ ਕਰ ਰਹੀ ਚੇਤੰਨਤਾ ਇੰਨੀ ਵਿਸ਼ਾਲ ਹੋਵੇ ਕਿ ਉਹ ਸਮੁੱਚੇ ਬ੍ਰਹਿਮੰਡੀ ਜੀਵਨ ਨੂੰ ਕਲਾਵੇ ਵਿਚ ਲੈ ਲਵੇ, ਜੋ ਕੁਝ ਸਿਰਜਨਾ ਵਿਚ ਹੈ ਸਭ ਨੂੰ ਭਰਾਤਰੀਅਤਾ ਜਾਣੇ ਉਹ ਸ਼ਹਾਦਤ ਹੈ। ਉਂਜ ਯੂਨਾਨੀ ਭਾਸ਼ਾ ਦੇ "ਮਾਰਟਾਇਰ ਤੋਂ ਜਾਂ ਮਾਰਟੀਡਮ ਦੇ ਅਰਥ ਫਾਰਸੀ ਸ੍ਰੋਤ ਤੋਂ ਆਏ ਸ਼ਹੀਦ ਹੈ ਅਤੇ ਸ਼ਹੀਦ ਦਾ ਅਰਥ ਸਾਖੀ ਹੋਣਾ ਹੈ ਜਿਸ ਨੂੰ ਅੰਗਰੇਜੀ ਭਾਸ਼ਾ ਵਿਚ 'ਵਿਟਨੈੱਸ' ਆਖਦੇ ਹਨ, ਭਾਵ ਗਵਾਹੀ। ਇਸ ਵਿਚ ਮਨ ਅਤੇ ਦੇਹ ਇੱਕ ਸੁਰ ਹੁੰਦੇ ਹਨ।"[116] ਰਤਨ ਸਿੰਘ ਜੱਗੀ ਲਿਖਦੇ ਹਨ, "ਕਿਸੇ ਧਰਮ ਜਾਂ ਸਮਾਜ ਵਿਚ ਜਦੋਂ ਅਤਿਆਚਾਰ ਸਿਖਰ ਉੱਤੇ ਪਾਹੁੰਚ ਜਾਂਦਾ ਹੈ ਉਦੋਂ ਸਤਿਆਚਾਰ ਦੀ ਸਥਾਪਨਾ ਲਈ ਕੋਈ ਯੁੱਗ-ਪੁਰਸ਼ ਆਪਣੀ ਸਰੀਰਕ ਅਹੂਤੀ ਦਿੰਦਾ ਹੈ। ਇਸ ਸਾਰੀ ਪ੍ਰਕ੍ਰਿਆ ਨੂੰ ਸ਼ਹਾਦਤ ਦਾ ਨਾਂ ਦਿੱਤਾ ਜਾਂਦਾ ਹੈ।"[117]

ਸੂਰਬੀਰਤਾ ਦਾ ਸ਼ਹਾਦਤ ਨਾਲ ਬਹੁਤ ਗੂੜਾ ਸੰਬੰਧ ਹੈ। ਸੂਰਬੀਰਤਾ ਦੇ ਸਦਕਾ ਹੀ ਸ਼ਹਾਦਤ ਦਾ ਬੀਜ ਪੈਦਾ ਹੋ ਸਕਦਾ ਹੈ ਇਹ ਜ਼ਰੂਰੀ ਨਹੀਂ ਕਿ ਸੂਰਬੀਰਤਾ ਸਿਰਫ ਬਾਹੂ-ਬਲ ਸਦਕਾ ਹੀ ਹੁੰਦੀ ਹੈ ਬਲਕਿ ਅਤਮਕ ਬਲ ਸਦਕਾ ਵੀ ਸੂਰਬੀਰਤਾ ਵਰਗਾ ਗੁਣ ਪੈਦਾ ਕੀਤਾ ਜਾ ਸਕਦਾ ਹੈ ਇਨ੍ਹਾਂ ਦੋਨਾਂ ਦੇ ਮੇਲ ਸਦਕਾ ਸ਼ਹਾਦਤ ਵਰਗਾ ਖਿਆਲ ਉਤਪੰਨ ਹੁੰਦਾ ਹੈ। ਜਸਵੰਤ ਸਿੰਘ ਨੇਕੀ ਲਿਖਦੇ ਹਨ, "ਸ਼ਹਾਦਤ ਕਿਸੇ ਆਦਰਸ਼ ਪਿੱਛੇ ਮੌਤ ਨੂੰ ਕਬੂਲ ਕਰਨਾ ਹੈ। ਇਹ ਪਿਆਰ ਦੀ ਉੱਤਮ ਕਿਰਿਆ ਹੈ। ਕਿਸੇ ਸਾਦਕ ਵਲੋਂ ਦਿੱਤੀ ਹੋਈ ਸ਼ਹਾਦਤ ਹੀ ਆਪਣੇ ਪਿਆਰੇ ਪ੍ਰਤੀ ਪਿਆਰ ਦੀ ਗਵਾਹੀ ਹੁੰਦੀ ਹੈ।"[118] ਸਿੱਖ ਕੌਮ ਵਿਚ ਧਰਮ ਦੀ ਸ਼ਹਾਦਤ ਨੂੰ ਹੀ ਸਭ ਤੋਂ ਉੱਤਮ ਸਮਝਿਆ ਗਿਆ ਹੈ। ਧਰਮ ਦੀ ਸ਼ਹਾਦਤ ਵਿਚ ਵੀ ਸੂਰਬੀਰਤਾ ਵਾਲੇ ਗੁਣ ਸੱਚ, ਪਿਆਰ, ਸੰਤੋਖ ਤਿਆਗ, ਸਵੈ-ਮਾਣ ਤੇ ਅਜ਼ਾਦੀ ਭਰਪੂਰ ਜਜ਼ਬਾ ਹੁੰਦਾ ਹੈ ਜਿਹੜੀ ਸ਼ਹਾਦਤ ਸੱਚ ਤੇ

---

115 ਗੁਰਭਗਤ ਸਿੰਘ (ਜੂਨ 2004) *ਸਿੱਖ ਸ਼ਹਾਦਤ*, ਲੁਧਿਆਣਾ, ਪੰ. 17.

116 ਉਹੀ, ਪੰ.17.

117 ਰਤਨ ਸਿੰਘ ਜੱਗੀ ( 2002) *ਸਿੱਖ ਪੰਥ ਵਿਸ਼ਵ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ.160.

118 ਜਸਵੰਤ ਸਿੰਘ ਨੇਕੀ (2007) *ਸਦਾ ਵਿਗਾਸ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ਪੰ.247.

ਪਿਆਰ ਵਾਸਤੇ ਨਹੀਂ ਦਿੱਤੀ ਗਈ ਜਿਸ ਵਿੱਚੋਂ ਸੰਤੋਖ ਤੇ ਤਿਆਗ ਦਾ ਪ੍ਰਭਾਵ ਨਹੀਂ ਮਿਲਦਾ ਜਿਹੜੀ ਸ਼ਹਾਦਤ ਸਵੈ-ਮਾਣ ਤੇ ਅਜ਼ਾਦੀ ਦਾ ਜਜ਼ਬਾ ਨਹੀਂ ਪੈਦਾ ਕਰਦੀ ਉਸ ਸ਼ਹਾਦਤ ਨੂੰ ਧਰਮ ਦੀ ਸ਼ਹਾਦਤ ਕਦੀ ਵੀ ਨਹੀਂ ਆਖਿਆ ਜਾ ਸਕਦਾ। ਧਰਮ ਅਤੇ ਸ਼ਹਾਦਤ ਉਚ ਆਤਮਕ ਅਵਸਥਾ ਦੇ ਪ੍ਰਤੀਕ ਹੁੰਦੇ ਹਨ ਜਿਨ੍ਹਾਂ ਰਾਹੀਂ ਸੂਰਬੀਰਤਾ ਧਰਮੀ ਮਨੁੱਖ ਦੇ ਉਚ ਉਦੇਸ਼ਾਂ ਨੂੰ ਪੂਰਾ ਕਰਦੀ ਹੈ। ਧਰਮ ਦੀ ਸ਼ਹਾਦਤ ਵਿਚ ਪਹਿਲੇ ਪਤਿ, ਪਾਵਨ ਤੇ ਪਰਵਾਨਗੀ ਜਿਸਨੇ 'ਨਿੱਜ' ਤੇ ਪਰ ਪਤਿ ਵਾਸਤੇ ਸ਼ਹਾਦਤ ਦਿੱਤੀ ਹੈ ਉਹ ਹੀ ਸੂਰਬੀਰ ਯੋਧਾ ਬਹਾਦਰ ਤੇ ਧਰਮ ਦਾ ਸ਼ਹੀਦ ਹੈ। ਧਰਮ ਦਾ ਸ਼ਹੀਦ ਪਾਵਨ ਜੀਵਨ ਦਾ ਵਾਰਿਸ ਹੁੰਦਾ ਹੈ ਕਿਉਕਿ "ਪੂਰਨ ਭਰੋਸੇ ਵਿਚ ਮੌਤ ਦਾ ਸਾਹਮਣਾ ਕਰਨਾ ਕਿਸੇ ਦੈਵੀ-ਪ੍ਰਬੰਧ ਦਾ ਹੀ ਇਕ ਭਾਗ ਹੁੰਦਾ ਹੈ। ਜਦੋਂ ਮਨੁੱਖ ਅਸਹਿ ਕਸ਼ਟਾਂ ਨੂੰ ਮਹਾਂ-ਮਾਨਵ ਦੀ ਤਰ੍ਹਾਂ ਝਲਦਾ ਹੈ ਤਾਂ ਦੇਵਤਾ ਹੀ ਪ੍ਰਤੀਤ ਹੁੰਦਾ ਹੈ।"[119] ਸੂਰਮੇ ਦੇ ਜੀਵਨ ਵਿਚ ਕਿਸੇ ਤਰ੍ਹਾਂ ਦੀ ਵੰਡ ਵਿਤਕਰਾ ਨਹੀਂ ਹੁੰਦਾ। ਉਹ ਸ਼ੋਭਾ ਤੇ ਸ਼ਕਤੀ ਦਾ ਭੁੱਖਾ ਵੀ ਨਹੀਂ ਹੁੰਦਾ। ਅਜਿਹਾ ਸੂਰਮਾ ਉੱਚਾ ਨਹੀਂ ਬੋਲਦਾ ਬੜੀ ਨਿਮਰਤਾ ਤੇ ਸਹਿਜਤਾ ਨਾਲ ਆਪਣੀ ਸ਼ਹਾਦਤ ਦੇ ਜਾਂਦਾ ਹੈ। ਸ਼ਹਾਦਤ ਦੇਣ ਵਾਲੇ ਮੈਦਾਨਿ-ਜੰਗ ਵਿਚ ਵੀ ਉਤਰਦੇ ਹਨ ਤਾਂ ਉਨ੍ਹਾਂ ਦੀ ਸ਼ਹਾਦਤ ਦਾ ਡੂੰਘਾ ਪ੍ਰਭਾਵ ਸਾਰੀ ਕੌਮ ਜਾਂ ਸਾਰੇ ਦੇਸ਼ 'ਤੇ ਹੀ ਨਹੀਂ ਸਗੋਂ ਸੰਸਾਰ 'ਤੇ ਵੀ ਪੈਂਦਾ ਹੈ। ਗੁਰਮਤਿ ਵਿਚ ਸ਼ਹਾਦਤ ਦੇ ਸੰਕਲਪ ਨੂੰ ਅਕਾਲ ਪੁਰਖ ਨਾਲ ਅਭੇਦ ਹੋਣ ਦਾ ਦ੍ਰਿਸ਼ਟਾਂਤ ਮੰਨਿਆ ਹੈ ।

119 ਪੂਰਨ ਸਿੰਘ (*2007*) *ਸਿੱਖੀ ਦੀ ਆਤਮਾ*, ਕਿਰਪਾਲ ਸਿੰਘ ਕਸੇਲ (ਅਨੁ.) ਲਾਹੌਰ ਬੁੱਕ ਸ਼ਾਪ, ਲੁਧਿਆਣਾ, ਪੰ.543.

# ਅਧਿਆਇ - ਦੂਜਾ
# ਸਿੱਖ ਧਰਮ ਵਿਚ ਸੂਰਬੀਰਤਾ ਦਾ ਸਿਧਾਂਤਕ ਪੱਖ

ਇਸ ਅਧਿਆਇ ਵਿਚ ਤਿੰਨ ਭਾਗ ਬਣਾਏ ਗਏ ਹਨ। ਪਹਿਲੇ ਭਾਗ ਵਿਚ ਅਧਿਆਤਮਕ ਸੂਰਬੀਰਤਾ ਦੇ ਸਿਧਾਂਤਕ ਪੱਖ ਨੂੰ ਵਿਚਾਰਿਆ ਗਿਆ ਹੈ। ਇਥੇ ਅਸੀਂ ਇਹ ਜਾਣਨ ਦਾ ਯਤਨ ਕੀਤਾ ਹੈ ਕਿ ਕਿਵੇਂ ਸਿੱਖ ਧਰਮ ਵਿਚਲੀ ਅਧਿਆਤਮਕਤਾ ਸੂਰਬੀਰਤਾ ਦੀ ਭਾਵਨਾ ਨੂੰ ਰੂਹਾਨੀਅਤ ਨਾਲ ਜੋੜਦੀ ਹੈ? ਦੂਜੇ ਭਾਗ ਵਿਚ ਸਮਾਜਕ ਸੂਰਬੀਰਤਾ ਦੇ ਸਿਧਾਂਤਕ ਪਰਿਪੇਖ ਨੂੰ ਸਮਝਇਆ ਗਿਆ ਹੈ। ਤੀਜੇ ਭਾਗ ਵਿਚ ਗੁਰਮਤਿ ਦੇ ਤਿੰਨ ਬੁਨਿਆਦੀ ਸਿਧਾਂਤਾਂ ਨੂੰ ਸਿੱਖ ਸੂਰਬੀਰਤਾ ਦੇ ਪੱਖ ਤੋਂ ਵਿਚਾਰਿਆ ਗਿਆ ਹੈ।

## 1. ਸਿੱਖ ਧਰਮ ਵਿਚ ਅਧਿਆਤਮਕ ਸੂਰਬੀਰਤਾ ਦਾ ਸਿਧਾਂਤਕ ਪੱਖ

ਅਧਿਆਤਮਕਤਾ ਮਨੁੱਖ ਦਾ ਅੰਤਰਮੁਖੀ ਵਰਤਾਰਾ ਹੈ। ਅਧਿਆਤਮਕ ਵਰਤਾਰੇ ਨੂੰ ਅਕਾਦਮਿਕ ਭਾਸ਼ਾ ਵਿਚ ਧਾਰਮਿਕ ਅਨੁਭਵ ਜਾਂ ਰਹੱਸਵਾਦ ਆਦਿ ਦੇ ਸੰਕਲਪਾਂ ਰਾਹੀਂ ਸਮਝਿਆ ਜਾਂਦਾ ਹੈ। ਧਾਰਮਿਕ ਗਿਆਨ ਨਾਲੋ ਧਾਰਮਿਕ ਅਨੁਭਵ ਵਧੇਰੇ ਮਹੱਤਵਪੂਰਨ ਹੈ। ਰੁਡੋਲਫ ਓਟੋ ਨੇ ਧਾਰਮਿਕ ਅਨੁਭਵ ਦਾ ਦ੍ਰਿਸ਼ਟੀਕੋਣ ਇਸ ਤਰ੍ਹਾਂ ਦਿੱਤਾ ਹੈ, "ਧਾਰਮਿਕ ਅਨੁਭਵ ਪਵਿੱਤਰਤਾ (Holy) ਦਾ ਅਨੁਭਵ ਹੈ ਜਿਹੜਾ ਕਿ ਰਹੱਸਮਈ ਅਤੇ ਸ਼ਕਤੀ, ਉਦੇਸ਼, ਪਿਆਰ ਸ਼ੁਭ ਇੱਛਾ ਨਾਲ ਸੰਪੰਨ ਹੁੰਦਾ ਹੈ।"[1] ਇਹ ਅਨੁਭਵ ਪਰਾਭੌਤਿਕ ਸੱਚਾਈ ਦਾ ਗਿਆਨ ਹੈ ਜੋ ਮਨੁੱਖ ਦੀਆਂ ਗਿਆਨ ਇੰਦਰੀਆਂ ਦੇ ਪ੍ਰਤੱਖ ਅਨੁਭਵ ਤੋਂ ਪਰ੍ਹੇ ਹੈ। ਇਸ ਨੂੰ ਬਿਆਨਣ ਲਈ ਓਟੋ ਆਪਣੀ ਧਾਰਨਾ ਦਿੰਦਾ ਹੋਇਆ Numinous[2] ਸ਼ਬਦ ਦੀ ਵਰਤੋਂ ਕਰਦਾ ਹੈ ਜਿਸਦਾ ਅਰਥ ਅਧਿਆਤਮਕ ਗੁਣ ਹੈ। ਜੋਖਿਮ ਵਾਚ ਧਾਰਮਿਕ ਅਨੁਭਵ ਬਾਰੇ ਰੌਸ਼ਨੀ ਪਾਉਂਦਾ ਹੈ ਕਿ "like all kind of experiences, religious experence tends to expression."[3] ਧਾਰਮਿਕ ਅਨੁਭਵ ਲਈ ਅੰਤਰਬੋਧੀ

---

1 Anand spencer (1997) "Otto calls this religious experience an experession of the Holy, which is very mystical and endowed with power, purpose, love and good will" *Understanding religion and Theories and Mthodology,* vision venture. Patiala, New Delhi, p.37.

2 Rudolf Otto (1958) *The idea of Holy*, oxford University, New York, p.12.

3 Ibid, Anand Spencer, p.44.

ਦ੍ਰਿਸ਼ਟੀ ਅਹਿਮ ਹੈ। ਸਿੱਖ ਧਰਮ ਵਿਚ ਇਸ ਪ੍ਰਵਿਰਤੀ ਵਾਲੇ ਨੂੰ ਸੂਰਬੀਰਤਾ ਦਾ ਮਾਰਗ ਦਰਸ਼ਕ ਮੰਨਿਆ ਹੈ। ਓਟੋ, ਜੋਖਿਮ ਵਾਚ ਆਦਿ ਵਿਦਵਾਨਾਂ ਦੇ ਵਿਚਾਰਾਂ ਤੋਂ ਧਾਰਮਿਕ ਅਨੁਭਵ ਦੇ ਮੁੱਖ ਲੱਛਣਾਂ ਦਾ ਪਤਾ ਚਲਦਾ ਹੈ ਜਿਨ੍ਹਾਂ ਵਿਚ ਮੁੱਖ ਰੂਪ ਵਿਚ ਅੰਤਿਮ ਸੱਚਾਈ ਨਾਲ ਸੰਬੰਧ, ਗਿਆਨ ਇੰਦਰੀਆਂ ਦੇ ਅਨੁਭਵ ਤੋਂ ਪਰ੍ਹੇ ਦਾ ਅਨੁਭਵ ਹੋਣਾ ਮੁੱਖ ਹੈ। ਸਿੱਖ ਗੁਰੂ ਸਾਹਿਬਾਨ ਨੇ ਅੰਤਰਮੁਖੀ ਦ੍ਰਿਸ਼ਟੀ ਨਾਲ ਅਤੇ ਗੁਰਬਾਣੀ ਰਾਹੀਂ ਗਿਆਨ ਇੰਦਰੀਆਂ ਤੋਂ ਪਰ੍ਹੇ ਦਾ ਅਨੁਭਵ ਪੇਸ਼ ਕੀਤਾ ਹੈ।

ਗੁਰਬਾਣੀ ਧਾਰਮਿਕ ਅਨੁਭਵ ਦਾ ਪ੍ਰਗਟਾਅ ਹੈ ਜਿਸ ਤੋਂ ਅਧਿਆਤਮਕਤਾ ਦੇ ਸਿਧਾਤਾਂ ਦੀ ਰੌਸ਼ਨੀ ਮਿਲਦੀ ਹੈ। ਅਧਿਆਤਮਕਤਾ ਧਰਮਾਂ ਦੇ ਉਚ ਆਦਰਸ਼ਾਂ ਦੀ ਪੂਰਤੀ ਦਾ ਪ੍ਰਮੁੱਖ ਸਾਧਨ ਹੈ। ਸਿੱਖ ਧਰਮ ਵਿਚ ਸੂਰਬੀਰਤਾ ਲਈ ਸਭ ਤੋਂ ਪਹਿਲਾਂ ਅਧਿਆਤਮਕ ਪੱਖੋਂ ਸ਼ਕਤੀਸ਼ਾਲੀ ਹੋਣਾ ਅਤਿ ਜ਼ਰੂਰੀ ਮੰਨਿਆ ਗਿਆ ਹੈ। ਇਸ ਰਾਹੀਂ ਮਨੁੱਖੀ ਮਨ ਵਿਸ਼ੇ ਵਿਕਾਰਾਂ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਅਤੇ ਅਮੁੱਕ ਤ੍ਰਿਸ਼ਨਾਵਾਂ ਵਿਰੁੱਧ ਸੰਘਰਸ਼ ਕਰਕੇ ਉਨ੍ਹਾਂ ’ਤੇ ਜਿੱਤ ਪ੍ਰਾਪਤ ਕਰ ਸਕਦਾ ਹੈ। ਸਿੱਖ ਅਧਿਆਤਮਕ ਚਿੰਤਨ ਧਰਮ ਦੇ ਉਚ ਆਦਰਸ਼ਾਂ ਦੀ ਪੂਰਤੀ ਦਾ ਮੁਖ ਸਾਧਨ ਹੈ। ਇਹ ਮਾਨਵ ਸਮਾਜ ਨੂੰ ਕੱਟੜਤਾ ਅਤੇ ਸੰਕੀਰਨਤਾ ਤੋਂ ਮੁਕਤ ਕਰਕੇ ਅਸਹਿ ਅਤੇ ਅਕਹਿ ਕਸ਼ਟਾਂ ਤੋਂ ਛੁਟਕਾਰੇ ਦਾ ਸਾਰਥਕ ਮਾਧਿਅਮ ਹੈ। ਇਸ ਰਾਹੀਂ ਮਨੁੱਖ ਦਾ ਅੰਤਹਕਰਣ ਸ਼ੁੱਧ ਅਤੇ ਬਲਵਾਨ ਬਣਦਾ ਹੈ। ਬਾਹਰੀ ਦੁਨਿਆਵੀ ਖੇਤਰ ਵਿਚ ਸਮਾਜਕ, ਰਾਜਨੀਤਕ ਅਤੇ ਆਰਥਿਕ ਖੇਤਰ ਵਿਚ ਸੰਘਰਸ਼ਸ਼ੀਲ ਹੋ ਕੇ ਸਫਲਤਾ ਪ੍ਰਾਪਤ ਕਰਨੀ ਹੈ, ਪਰ ਸਫਲਤਾ ਦਾ ਹੰਕਾਰ ਨਹੀਂ ਕਰਨਾ ਸਗੋਂ ਅਕਾਲ ਪੁਰਖ ਦੀ ਕ੍ਰਿਪਾ ਕਰਕੇ ਜਾਨਣੀ। ਸ੍ਰੀ ਗੁਰੂ ਗ੍ਰੰਥ ਸਾਹਿਬ ਮਨੁੱਖ ਨੂੰ ਹਰ ਪ੍ਰਕਾਰ ਦੀਆਂ ਸਮੱਸਿਆਵਾਂ ਅਤੇ ਚੁਣੌਤੀਆਂ ਨੂੰ ਸਰ ਕਰ ਕੇ ਮਨੁੱਖੀ ਜੀਵਨ ਨੂੰ ਆਨੰਦਮਈ ਅਤੇ ਚੜ੍ਹਦੀ ਕਲਾ ਵਿਚ ਰਹਿਣ ਲਈ ਪ੍ਰੇਰਿਤ ਕਰਦਾ ਹੈ। ਗੁਰਮਤਿ ਮੁਤਾਬਕ ਸੂਰਮਾ ਉਹ ਹੀ ਹੈ ਜੋ ਅੰਦਰੋਂ ਤੇ ਬਾਹਰੋਂ ਮਜ਼ਬੂਤ ਹੋਵੇ। ਆਪਣੇ ਮਨ ਉਤੇ ਕਾਬੂ ਪਾਉਣਾ ਵੱਡੀ ਬਹਾਦਰੀ ਹੈ, ਜਿਸਦੇ ਸਦਕਾ ਸਭ ਨੂੰ ਜਿੱਤਣਾ ਸੌਖਾ ਹੋ ਜਾਂਦਾ ਹੈ। ਮਨ ਦੀ ਪਵਿੱਤਰਤਾ ਲਈ ਸਿਰਦਾਰ ਕਪੂਰ ਸਿੰਘ ਦਾ ਕਥਨ ਵਿਸ਼ੇਸ਼ ਹੈ;

> “ਜਿੰਨਾ ਚਿਰ ਅਚੇਤ ਮਨ ਦੀਆਂ ਰੁਚੀਆਂ ’ਤੇ ਕਾਬੂ ਪਾ ਕੇ ਰੂਹ ਦੀਆਂ ਹੇਠਲੀਆਂ ਗਹਿਰਾਈਆਂ ’ਚ ਇਨਕਲਾਬ ਨਹੀਂ ਲਿਆਂਦਾ ਜਾਂਦਾ ਉਨਾਂ ਚਿਰ ਬਾਹਰਲੀਆਂ

> ਮਾਦੀ ਹਾਲਤਾਂ ਵਿਚ ਕੋਈ ਅਦਲਾ ਬਦਲੀ ਵੀ ਮਨੁੱਖ ਲਈ ਉਸ ਅਮਨ ਸ਼ਾਂਤੀ ਦਾ ਸੂਚਕ ਨਹੀਂ ਹੋ ਸਕਦੀ ਜਿਸ ਅਮਨ ਸ਼ਾਂਤੀ ਤੋਂ ਬਿਨਾਂ ਆਦਮੀ ਆਪਣੇ ਮੌਜੂਦਾ ਮੰਡਲ ਤੋਂ ਉੱਚਾ ਉਠ ਕੇ ਉਥੇ ਪਹੁੰਚ ਸਕੇ।"[4]

ਇਸ ਪਰਿਪੇਖ ਵਿਚ ਸੂਰਬੀਰਤਾ ਦੇ ਸਿੱਖ ਮਾਡਲ ਦੀ ਤਲਾਸ਼ ਕਰਨੀ ਹੋਵੇ ਤਾਂ ਸਿੱਖੀ ਮਨੁਖ ਨੂੰ ਅਧਿਆਤਮਕ ਪੱਖ ਤੋਂ ਮਜਬੂਤ ਬਣਾਉਦੀ ਹੈ। ਸਿੱਖ ਆਪਣੇ ਅੰਤਰੀਵ ਮੰਡਲ ਨੂੰ ਉੱਚਾ ਰੱਖੇ ਇਸ ਲਈ ਉਹ ਪਹਿਲਾਂ ਆਪਣੇ ਅੰਦਰਲੇ ਦੁਸ਼ਮਣਾ ਦੇ ਮਾੜੇ ਪ੍ਰਭਾਵ ਤੋਂ ਮੁਕਤ ਹੋਵੇ।

ਅਧਿਆਤਮਕ ਸੂਰਬੀਰਤਾ ਵਿਚ ਜੀਵ ਆਪਣੇ ਅਧਿਆਤਮਕ ਵਿਕਾਸ ਲਈ ਕਿਰਿਆਸ਼ੀਲ ਹੁੰਦਾ ਹੈ। ਆਪਣੀਆਂ ਹਰ ਪ੍ਰਕਾਰ ਦੀ ਇੱਛਾਵਾਂ ਨੂੰ ਕਾਬੂ ਕਰਕੇ ਸਰਵਉੱਚ ਮਕਸਦ ਨੂੰ ਪ੍ਰਾਪਤ ਕਰਨ ਲਈ ਯਤਨ ਕਰਦਾ ਹੈ, ਜਿੱਥੇ ਸਧਾਰਨ ਮਨੁੱਖ ਕਾਮ, ਕ੍ਰੋਧ, ਲੋਭ, ਅਹੰਕਾਰ ਅਤੇ ਮੋਹ ਅੱਗੇ ਹਾਰ ਜਾਂਦਾ ਹੈ ਅਤੇ ਆਪਣਾ ਜੀਵਨ ਅਜਾਈਂ ਹੀ ਗੁਆ ਬੈਠਦਾ ਹੈ ਉਥੇ ਅਧਿਆਤਮਕ ਸੂਰਮਾ ਸਭ ਤੋਂ ਪਹਿਲਾਂ ਇਨ੍ਹਾਂ ਪੰਜ ਮੁੱਖ ਯੋਧਿਆਂ ਨੂੰ ਕਾਬੂ ਕਰਦਾ ਹੈ ਜੋ ਵਿਕਾਰਾਂ ਦੀ ਬਾਕੀ ਦੀ ਫੌਜ ਦੇ ਸੈਨਾਪਤੀ ਹਨ। ਫਿਰ ਇਸ ਤੋਂ ਬਾਅਦ ਜੀਵ ਧਰਮ ਦੇ ਨਾਂ 'ਤੇ ਕੀਤੇ ਜਾਂਦੇ ਪਾਖੰਡਵਾਦ ਜਾਂ ਕਰਮਕਾਂਡ ਵਿਰੁੱਧ ਜੰਗ ਲੜਦਾ ਹੈ।

ਅਧਿਆਤਮਕ ਸੂਰਬੀਰਤਾ ਸਿੱਖ ਨੂੰ ਮਾਨਸਿਕ ਤਾਕਤ ਪ੍ਰਦਾਨ ਕਰਦੀ ਹੈ ਜੇ ਵਿਅਕਤੀ ਅੰਦਰ ਮਾਨਸਿਕ ਸੂਰਬੀਰਤਾ ਨਹੀਂ ਤਾਂ ਉਸ ਅੰਦਰ ਅਧਿਆਤਮਕ ਗੁਣ ਪੈਦਾ ਨਹੀਂ ਹੁੰਦੇ। ਜਿੰਨਾ ਚਿਰ ਤੱਕ ਲੋਕਾਂ ਦੀ ਮਾਨਸਿਕਤਾ ਨੂੰ ਉੱਚਾ ਨਹੀਂ ਚੁੱਕਿਆ ਜਾਂਦਾ ਤਾਂ ਸੂਰਬੀਰਤਾ ਪ੍ਰਚੰਡ ਨਹੀਂ ਹੋ ਸਕਦੀ। ਸਰਬੋਤਮ ਵਿਅਕਤੀਆਂ ਦੀ ਮਾਨਸਿਕਤਾ ਵੱਡੀ ਤੋਂ ਵੱਡੀ ਜੰਗ ਨੂੰ ਅਮਨ ਵਿਚ ਬਦਲ ਦਿੰਦੀ ਹੈ। ਸਭ ਤੋਂ ਅਹਿਮ ਮਾਨਸਿਕ ਸੂਰਬੀਰਤਾ ਹੈ। ਸਿੱਖ ਧਾਰਮਿਕ ਗ੍ਰੰਥ ਵਿਚ ਵਧੇਰੇ ਕਰਕੇ ਲੋਕਾਂ ਦੀ ਮਾਨਸਿਕਤਾ ਨੂੰ ਉੱਚਾ ਚੁੱਕਣ ਦੇ ਸਿਧਾਂਤ ਦਰਜ ਹਨ। ਜਦੋਂ ਕਿਸੇ ਨੂੰ ਗੁਲਾਮ ਬਣਾਉਣਾ ਹੋਵੇ ਤਾਂ ਉਸਦੀ ਮਾਨਸਿਕਤਾ ਉੱਪਰ ਹਮਲਾ ਕੀਤਾ ਜਾਂਦਾ ਹੈ। ਧਰਮ ਦੀ ਆੜ ਹੇਠ ਅਨੇਕਾਂ ਕਤਲਿਆਮ ਹੁੰਦੇ ਆ ਰਹੇ ਹਨ। ਇਸ ਦਾ ਕਾਰਨ ਧਰਮ ਦੀ ਮਨ ਘੜਤ ਵਿਆਖਿਆ ਦੇ ਨਤੀਜੇ ਵਜੋਂ ਮਾਨਸਿਕਤਾ ਦਾ ਪਤਨ ਹੋਣਾ ਹੈ।

---

4 ਸਿਰਦਾਰ ਕਪੂਰ ਸਿੰਘ (ਸੰਪਾ.) ਜੈਤੇਗ ਸਿੰਘ ਅਨੰਤ (2009) *ਪੰਚਨਦ,* ਹਰਿਦਰਸਨ, ਚੰਡੀਗੜ੍ਹ, ਪੰ.22.

## 1.1. ਅਧਿਆਤਮਕ ਸੂਰਬੀਰਤਾ ਦਾ ਸਿੱਖ ਮਾਡਲ

ਅਧਿਆਤਮਕ ਸੂਰਬੀਰਤਾ ਮਨੁੱਖੀ ਰੂਹਾਨੀਅਤ ਦਾ ਰਹੱਸ ਹੈ। ਇਸ ਰੂਹਾਨੀਅਤ ਨੂੰ ਬਰਕਰਾਰ ਰੱਖਣ ਦਾ ਸਿਧਾਂਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਨੇਕਾਂ ਥਾਈਂ ਮਿਲਦਾ ਹੈ। ਅਧਿਆਤਮਕ ਸੂਰਬੀਰਤਾ ਦੇ ਕਾਰਜ ਖੇਤਰ ਵਿਚ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਨੂੰ ਨਿਰੰਤਰ ਕਾਬੂ ਵਿਚ ਰੱਖਣਾ ਅਧਿਆਤਮਿਕ ਸੂਰਬੀਰਤਾ ਹੈ। ਇਨ੍ਹਾਂ ਉੱਤੇ ਜਦੋਂ ਤੱਕ ਜਿੱਤ ਪ੍ਰਾਪਤ ਨਹੀਂ ਹੁੰਦੀ, ਉਦੋਂ ਤੱਕ ਹੋਰ ਕਿਸੇ ਨਾਲ ਮੁਕਾਬਲਾ ਕਰਨਾ ਅਸੰਭਵ ਹੈ ਕਿਉਂਕਿ ਇਹ ਫੌਜ ਵਿਅਕਤੀ ਦਾ ਦਿਨ ਰਾਤ ਅੰਦਰੋਂ ਪਤਨ ਕਰਦੀ ਹੈ ਤੇ ਉਸਦੇ ਜੀਵਨ ਨੂੰ ਨਸ਼ਟ ਕਰਦੀ ਹੈ। ਸੱਚਾ ਸੂਰਮਾ ਅੰਤਰ ਆਤਮਾ 'ਚ ਅਕਾਲ ਪੁਰਖ ਦੀ ਰੰਗਤ ਨੂੰ ਮਾਣਦਾ ਹੋਇਆ ਸੰਸਾਰੀ ਸੰਸਿਆਂ ਤੋਂ ਮੁਕਤ ਹੋ ਕੇ ਨਿਰਭਉ ਹੋ ਜਾਂਦਾ ਹੈ। ਆਤਮਿਕ ਜੋਤ ਅਤੇ ਅਕਾਲ ਪੁਰਖ ਦੇ ਇਕ-ਰੂਪ ਹੋਣ ਤੱਕ ਆਪਣੀ ਅਧਿਆਤਮਕ ਨਿਰਮਲਤਾ ਨੂੰ ਕਾਇਮ ਰੱਖਦਾ ਹੈ:

> "ਮਨੁੱਖ ਦੇ ਆਪਣੇ ਆਪੇ ਤੋਂ ਬਾਹਰ ਉਸਦੇ ਕਸ਼ਟਾਂ ਦਾ ਕੋਈ ਇਲਾਜ ਨਹੀਂ ਹੈ ਕਿਉਂ ਜੋ ਕਸ਼ਟ ਮਨੁੱਖ ਦੀ ਅੰਦਰੂਨੀ ਆਤਮਾ ਦੇ ਸੰਤਾਪ ਹੁੰਦੇ ਹਨ। ਸਭ ਖੁਸ਼ੀਆਂ ਆਤਮਾ ਦੇ ਅਰੋਗ ਹੋਣ ਦੇ ਚਿੰਨ੍ਹ ਹੁੰਦੇ ਹਨ। ਜੇ ਉਸ ਵਿਚ ਉਨ੍ਹਾਂ ਦਮਨਕਾਰੀ ਸ਼ਕਤੀਆਂ ਵਿਰੁੱਧ ਆਤਮਕ ਤੌਰ 'ਤੇ ਡਟ ਜਾਣ ਦੀ ਸ਼ਕਤੀ ਮੌਜੂਦ ਨਹੀਂ ਤਾਂ ਸਭ ਬਾਹਰਮੁਖੀ ਪ੍ਰਸਥਿਤੀਆਂ ਮਨੁੱਖ ਦਾ ਦਮਨ ਕਰਦੀਆਂ ਹਨ। ਅੰਦਰ ਉਤਪਨ ਹੋਣ ਵਾਲੀ ਸਹਾਇਤਾ ਤੋਂ ਬਿਨਾਂ ਬਾਹਰਮੁਖੀ ਸੰਸਾਰ ਤਾਂ ਦੁਸ਼ਮਣਾਂ ਦਾ ਸਮੂਹ ਹੈ।"[5]

ਵਿਅਕਤੀ ਦੇ ਮਨ ਅਤੇ ਆਤਮਾ ਉੱਪਰ ਸਭ ਤੋਂ ਪਹਿਲਾਂ ਹਮਲਾ ਕਰਨ ਵਾਲੇ ਦੁਸ਼ਮਣ ਪੰਜ ਵਿਸ਼ੇ-ਵਿਕਾਰ ਹਨ। ਗੁਰਬਾਣੀ ਨੇ ਸਭ ਤੋਂ ਪਹਿਲਾਂ ਇਨ੍ਹਾਂ (ਵਿਸ਼ੇ-ਵਿਕਾਰਾਂ ਦੀ ਫੌਜ) ਨਾਲ ਯੁੱਧ ਕਰਨ ਵਾਲੇ ਨੂੰ ਸੂਰਮਾ ਕਿਹਾ ਹੈ। ਅਸਲ ਸੂਰਮਾ ਉਹੀ ਹੈ ਜੋ ਆਪਣੇ ਅੰਦਰੋਂ ਇਨ੍ਹਾਂ ਪੰਜ ਸੂਰਬੀਰਾਂ ਨੂੰ ਮਾਰਦਾ ਹੈ ਅਤੇ ਇਨ੍ਹਾਂ ਦੀ ਅਧੀਨਗੀ ਤੋਂ ਮੁਕਤ ਹੁੰਦਾ ਹੈ;

ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨ ਬਲੀ ਰੇ॥

---

5 ਪੂਰਨ ਸਿੰਘ, ਉਪਰੋਕਤ, *ਸਿੱਖੀ ਦੀ ਆਤਮਾ*, ਪੰ.੮੫.

ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ ਸੋ ਪੂਰਾ ਇਹ ਕਲੀ ਰੇ॥[6]

ਕੋਈ ਵਿਰਲਾ ਮਨੁੱਖ ਹੀ ਐਸਾ ਬਲਵਾਨ ਹੁੰਦਾ ਹੈ, ਜਿਸਨੇ ਗੁਰੂ ਨਾਲ ਮਿਲ ਕੇ ਕਾਮਾਦਿਕ ਪੰਜਾਂ ਸੂਰਮਿਆਂ (ਬੁਰਾਈ) ਨੂੰ ਮਾਰ ਲਿਆ ਹੋਵੇ। ਜਗਤ ਵਿਚ ਉਹੋ ਹੀ ਪੂਰਨ ਮਨੁੱਖ ਹੈ ਜਿਸਨੇ ਇਨ੍ਹਾਂ ਪੰਜਾਂ ਨੂੰ ਆਪਣੇ ਵੱਸ ਵਿਚ ਕੀਤਾ ਹੈ। ਇਨ੍ਹਾਂ ਦੇ ਹਮਲਿਆਂ ਦਾ ਟਾਕਰਾ ਸੂਰਮਾ ਹੀ ਕਰਦਾ ਹੈ। ਪੰਜੇ ਵਿਕਾਰਾਂ ਦਾ ਸਤਾਇਆ ਹੋਇਆ ਮਨੁੱਖ ਸੱਚ ਆਖਦਾ ਹੈ ਕਿ ਮੇਰੇ ਮਨ ਨੂੰ ਪੰਜ ਵੈਰੀ ਲੁਟ ਰਹੇ ਹਨ। ਮੈਂ ਆਪਣੀ ਸ਼ਿਕਾਇਤ ਕਿਸ ਕੋਲ ਜਾ ਕੇ ਕਰਾਂ;

ਅਵਰਿ ਪੰਚ ਹਮ ਏਕ ਜਨਾ ਕਿਉ ਰਾਖਉ ਘਰ ਬਾਰੁ ਮਨਾ ॥

ਮਾਰਹਿ ਲੂਟਹਿ ਨੀਤ ਨੀਤ ਕਿਸੁ ਆਗੈ ਕਰੀ ਪੁਕਾਰ ਜਨਾ ॥[7]

ਮਨੁੱਖੀ ਮਨ ਉੱਤੇ ਪੰਜ ਵਿਕਾਰ ਆਪਣਾ ਪ੍ਰਭਾਵ ਪਾ ਕੇ ਅਪਵਿੱਤਰ ਕਰਦੇ ਰਹਿੰਦੇ ਹਨ ਜਦੋਂ ਕਿ ਸੂਰਬੀਰਤਾ ਵਿਕਾਰਾਂ ਦੇ ਪ੍ਰਭਾਵ ਨੂੰ ਰੋਕ ਕੇ ਮਨ ਨੂੰ ਪਵਿੱਤਰ ਕਰਨ ਵਿਚ ਸਾਰਥਕ ਭੂਮਿਕਾ ਨਿਭਾਉਂਦੀ ਹੈ। ਜਦੋਂ ਤੱਕ ਮਨੁੱਖ ਅੰਤਰੀਵ ਮੰਡਲ ਦੇ ਮੁੱਖ ਦੁਸ਼ਟਾਂ ਦੀ ਮਾਰ ਤੋਂ ਨਹੀਂ ਬਚਦਾ ਉਦੋਂ ਤੱਕ ਉਸ ਵਿਚ ਕਾਇਰਤਾ ਹੀ ਭਰੀ ਰਹੇਗੀ। ਉਹ ਮਨੁੱਖ ਸੂਰਮਾ ਹੈ ਜਿਸਨੇ ਮਨ ਵਿਚੋਂ ਪੰਜੇ ਵਿਕਾਰਾਂ ਨੂੰ ਦੂਰ ਕੀਤਾ ਹੈ। ਕਾਮਦਿਕ ਮਾਇਆ ਦੇ ਅਨੇਕਾਂ ਸੂਰਮੇ ਮਨੁੱਖ ਉੱਤੇ ਹਮਲਾ ਕਰਦੇ ਹਨ ਅਤੇ ਸ਼ੁਭ ਗੁਣਾਂ ਨੂੰ ਲੁੱਟਦੇ ਹਨ। ਜਿਸ ਵਿਰਲੇ ਨੇ ਗਿਆਨ ਦੀ ਤਲਵਾਰ ਨਾਲ ਇਨ੍ਹਾਂ ਪੰਜਾਂ ਦਾ ਸਿਰ ਲਾਹ ਦਿੱਤਾ ਹੈ, ਉਹੀ ਸੂਰਮਾ ਹੈ, ਯੋਧਾ ਹੈ। ਪੰਜਾਂ ਵਿਕਾਰਾਂ ਨੂੰ ਵੱਸ ’ਚ ਕਰਨਾ ਅਧਿਆਤਮਕ ਸੂਰਬੀਰਤਾ ਹੈ;

ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨ ਬਲੀ ਰੇ॥

ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ ਸੋ ਪੂਰਾ ਇਹ ਕਲੀ ਰੇ॥ ਰਹਾਉ॥

ਵਡੀ ਕੋਮ ਵਸਿ ਭਾਗਹਿ ਨਾਹੀ ਮੁਹਕਮ ਫਉਜ ਹਠਲੀ ਰੇ॥

ਕਹੁ ਨਾਨਕ ਤਿਨਿ ਜਨਿ ਨਿਰਦਲਿਆ ਸਾਧਸੰਗਤਿ ਕੈ ਝਲੀ ਰੇ॥[8]

ਬਲਵਾਨ ਮਨੁੱਖ ਅਧਿਆਤਮਕ ਸੂਰਮਾ ਹੁੰਦਾ ਹੈ, ਜੋ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨੂੰ ਵੱਸ ਕਰ

---

6 ਸ੍ਰੀ ਗੁਰੂ ਗ੍ਰੰਥ ਸਾਹਿਬ, ੪੦੪.

7 ਉਹੀ, ੧੫੫.

8 ਉਹੀ, ੪੦੪.

ਲੈਂਦਾ ਹੈ। ਵਿਕਾਰਾਂ ਦੀ ਫੌਜ ਕਿਸੇ ਤੋਂ ਕਾਬੂ ਵਿਚ ਨਹੀਂ ਆਉਂਦੀ, ਨਾ ਹੀ ਇਹ ਕਿਸੇ ਤੋਂ ਡਰਕੇ ਭੱਜਦੀ ਹੈ। ਇਹ ਫੌਜ ਬੜੀ ਮਜ਼ਬੂਤ ਹੈ। ਆਪਣੇ ਆਤਮਿਕ ਬਲ ਨੂੰ ਰੱਖਣ ਵਾਲਾ ਅਡੋਲ ਸੂਰਮਾ ਮਨੁੱਖ ਇਸ ਫੌਜ ਨੂੰ ਲਤਾੜ ਸਕਦਾ ਹੈ। ਸਿੱਖ ਸੂਰਮੇ ਸਤਸੰਗਤਿ ਦੇ ਸਹਾਰੇ ਨਾਲ ਰੋਜ਼ਾਨਾ ਇਸ ਫੌਜ ਨੂੰ ਲਤਾੜਦੇ ਹਨ। ਇਹ ਸਹਾਰਾ ਇਕ ਮਜਬੂਤ ਕਿਲ੍ਹੇ ਦੇ ਨਿਆਂਈ ਹੈ। ਗੁਰਬਾਣੀ ਸਤਸੰਗਤਿ ਰੂਪੀ ਕਿਲ੍ਹੇ ਬਾਰੇ ਚਾਨਣਾ ਪਾਉਂਦੀ ਹੈ ਕਿ ਗੁਰੂ ਨੇ ਸਤਸੰਗ-ਰੂਪੀ ਇੱਕ ਕਿਲ੍ਹਾ ਤਿਆਰ ਕਰ ਦਿੱਤਾ ਹੈ। ਸਤਸੰਗੀ ਇਸ ਕਿਲ੍ਹੇ ਦੇ ਰਾਖੇ ਹਨ। ਇਸ ਕਿਲ੍ਹੇ ਦੀ ਓਟ ਲੈਣ ਵਾਲਾ ਵਿਅਕਤੀ ਮਾਇਆ ਦੇ ਹਮਲਿਆਂ ਤੋਂ ਬਚ ਜਾਂਦਾ ਹੈ। ਸੰਸਾਰ ਇਕ ਰਣ-ਭੂਮੀ ਹੈ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਅਨੇਕਾਂ ਵਿਕਾਰ ਜਗਤ ਦੇ ਸੁੰਦਰ ਮਨ-ਮੋਹਣੇ ਪਦਾਰਥਾਂ ਰਾਹੀਂ ਮਨੁੱਖ ਦੇ ਮਨ ਨੂੰ ਜਿੱਤਣ ਦੀ ਕੋਸ਼ਿਸ਼ ਕਰਦੇ ਹਨ। ਇਸ ਨਿਰੰਤਰ ਚਲਦੀ ਜੰਗ ਵਿਚ ਇਨ੍ਹਾਂ ਵਿਕਾਰਾਂ ਨੂੰ ਜਿੱਤਣਾ ਹੀ ਅਧਿਆਤਮਿਕ ਸੂਰਬੀਰਤਾ ਹੈ;

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥
ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰ ਪੂਰਾ॥[9]

ਭਾਵ ਇਸ ਸੰਸਾਰ ਵਿਚ ਜਿਸ ਵਿਅਕਤੀ ਨੂੰ ਅਕਾਲ ਪੁਰਖ ਦੇ ਪਿਆਰ ਦੀ ਰੰਗਤ ਲੱਗ ਜਾਵੇ, ਉਹ ਅਸਲ ਸੂਰਮਾ ਹੈ। ਉਹ ਆਪਣੇ ਮਨ ਨੂੰ ਜਿੱਤ ਲੈਂਦਾ ਹੈ, ਜਿਸ ਸਦਕਾ ਸਾਰਾ ਜਗਤ ਉਸਦੇ ਅਧੀਨ ਹੋ ਜਾਂਦਾ ਹੈ ਤੇ ਗੁਰੂ ਦੇ ਸਦਕਾ ਆਤਮਕ ਅਡੋਲਤਾ ਵਿਚ ਟਿਕ ਕੇ ਨਾਮ ਜਪਦਾ ਰਹਿੰਦਾ ਹੈ। ਜੇਕਰ ਕਿਲ੍ਹਾ ਪੱਕਾ ਹੋਵੇ, ਦੁਆਲੇ ਦੋਹਰੀਆਂ ਕੰਧਾਂ ਅਤੇ ਤੇਹਰੀਆਂ ਖਾਈਆਂ ਹੋਣ। ਇਸ ਦੇ ਨਾਲ ਹੀ ਆਤਮਕ ਤਾਕਤ ਲਈ ਗੁਰਬਾਣੀ ਦੀ ਪ੍ਰੇਰਨਾ ਹੈ ਕਿ ਜੇ ਕਿਲ੍ਹੇ ਦਾ ਦਰਵਾਜਾ ਬਹੁਤ ਤਕੜਾ ਹੋਵੇ ਅਤੇ ਐਨਾ ਮਜ਼ਬੂਤ ਹੋਵੇ ਕਿ ਤੋੜਿਆ ਨਾ ਜਾ ਸਕੇ। ਉਸ ਉੱਤੇ ਰਾਖੀ ਲਈ ਬੜੇ ਲੜਾਕੇ ਸੂਰਮੇ ਬਿਠਾਏ ਹੋਣ, ਅਜਿਹੇ ਕਿਲ੍ਹੇ ਵਿਚ ਬੈਠੇ ਵੈਰੀ ਨੂੰ ਜਿੱਤਣਾ ਔਖਾ ਹੈ। ਇਸੇ ਤਰ੍ਹਾਂ ਇਹ ਸਰੀਰ ਵੀ ਕਿਲ੍ਹਾ ਹੈ। ਦ੍ਵੈਤ (ਮੇਰੇ-ਤੇਰੇ) ਦੀਆਂ ਕੰਧਾਂ ਮਾਇਆ ਦੇ ਤਿੰਨ ਗੁਣਾਂ ਦੀਆਂ ਤੇਹਰੀਆਂ ਖਾਈਆਂ ਹਨ। ਕਾਮ ਅਤੇ ਕ੍ਰੋਧ ਲੜਾਕੇ ਸੂਰਮੇ ਰਾਖੀ ਕਰ ਰਹੇ ਹਨ। ਕਿਲ੍ਹੇ-ਸਰੀਰ ਦੇ ਅੰਦਰ ਮਨ ਆਕੀ ਹੋਇਆ ਅਤੇ ਮਮਤਾ ਦੀ ਟੋਪ ਪਾਈ ਬੈਠਾ ਹੈ। ਕੁਬੁਧਿ ਦੀ ਉਸਨੇ ਕਮਾਨ ਕਸੀ ਹੋਈ ਹੈ ਅਤੇ

---

9 ਉਹੀ, ੬੭੯.

ਅੰਦਰੋਂ ਤ੍ਰਿਸ਼ਨਾਵਾਂ ਦੇ ਤੀਰ ਚਲਾ ਰਿਹਾ ਹੈ ;

ਕਾਮੁ ਕਿਵਾਰੀ ਦੁਖੁ ਸੁਖੁ ਦਰਬਾਨੀ ਪਾਪੁ ਪੁੰਨੁ ਦਰਵਾਜਾ॥

ਕ੍ਰੋਧੁ ਪ੍ਰਧਾਨੁ ਮਹਾ ਬਡ ਦੁੰਦਰ ਤਹ ਮਨੁ ਮਾਵਾਸੀ ਰਾਜਾ॥

ਸ੍ਵਾਦ ਸਨਾਹ ਟੋਪੁ ਮਮਤਾ ਕੋ ਕੁਬੁਧਿ ਕਮਾਨ ਚਢਾਈ॥

ਤਿਸਨਾ ਤੀਰ ਰਹੇ ਘਟ ਭੀਤਰ ਇਉ ਗਢੁ ਲੀਓ ਨ ਜਾਈ॥[10]

ਜਿਸ ਨੂੰ ਫਤਹਿ ਕਰਨਾ ਅਤਿ ਕਠਿਨ ਕਾਰਜ ਹੈ ਜਿਸ ਬਾਬਤ ਕਬੀਰ ਜੀ ਆਪਣੀ ਬਾਣੀ ਰਾਹੀਂ ਸਮਝਾਉਂਦੇ ਹਨ ਕਿ ਮੇਰੇ ਗਰੀਬ ਕੋਲ ਐਨਾ ਜ਼ੋਰ ਨਹੀਂ ਕਿ ਇਨ੍ਹਾਂ ਸਾਹਮਣੇ ਲੜ ਸਕਾਂ, ਹੁਣ ਮੈਂ ਕੀ ਕਰਾਂ;

ਕਿਉ ਲੀਜੈ ਗਢੁ ਬੰਕਾ ਭਾਈ॥

ਦੋਵਰ ਕੋਟ ਅਰੁ ਤੇਵਰ ਖਾਈ॥੧॥ ਰਹਾਉ॥

ਪਾਂਚ ਪਚੀਸ ਮੋਹ ਮਦ ਮਤਸਰ ਆਡੀ ਪਰਬਲ ਮਾਇਆ॥

ਜਨ ਗਰੀਬ ਕੋ ਜੋਰੁ ਨ ਪਹੁਚੈ ਕਹਾ ਕਰਉ ਰਘੁਰਾਇਆ॥[11]

ਅਜਿਹੇ ਮਨ ਨੂੰ ਜਿੱਤਣ ਲਈ ਜੁਗਤੀ ਵੀ ਇਸੇ ਸ਼ਬਦ ਵਿਚੋਂ ਹੀ ਮਿਲਦੀ ਹੈ। ਮਨ ਅਜਿੱਤ ਹੈ ਜੋ ਸਾਡੇ ਅੰਦਰ ਹੈ। ਇਸ ਨੂੰ ਮਾਰਨ ਲਈ ਬਾਹਰੀ ਸ਼ਸਤ੍ਰਾਂ ਦੀ ਲੋੜ ਨਹੀਂ, ਸਗੋਂ ਬੁਰਾਈਆਂ ਨੂੰ ਮਾਰਨ ਵਾਲੇ ਅੰਦਰੂਨੀ ਸ਼ਸਤਰਾਂ ਦੀ ਲੋੜ ਹੈ ਜਿਸ ਲਈ ਪ੍ਰਭੂ ਚਰਨਾਂ ਦੇ ਪ੍ਰੇਮ ਦੀ ਕਮਾਨ ਅਤੇ ਪ੍ਰਭੂ ਚਰਨਾਂ ਨਾਲ ਜੁੜੀ ਸੁਰਤ ਨੂੰ ਬਾਣ ਬਣਾਕੇ ਅਤੇ ਗੁਰੂ ਦੇ ਬਖਸ਼ੇ ਗਿਆਨ ਦਾ ਗੋਲ਼ਾ ਚਲਾਇਆਂ ਸਹਿਜ ਅਵਸਥਾ ਵਿਚ ਅੱਪੜ ਕੇ ਅੰਦਰ ਰੱਬੀ ਜੋਤ ਜਗਾਈ ਤਾਂ ਇਕੋ ਹੀ ਸੱਟ ਨਾਲ ਕਾਮਯਾਬੀ ਹੋ ਗਈ। ਸਤ, ਸੰਤੋਖੁ ਲੈ ਕੇ (ਉਸ ਫੌਜ ਦੇ ਟਾਕਰੇ ’ਤੇ) ਲੜਿਆ ਜਾ ਸਕਦਾ ਹੈ। ਸਤਿਗੁਰੂ ਤੇ ਸਤਸੰਗ ਦੀ ਮਿਹਰ ਨਾਲ ਕਿਲ੍ਹੇ ਦਾ (ਆਕੀ) ਰਾਜਾ ਫੜ ਕੇ ਅਤੇ ਕਦੇ ਨਾ ਨਾਸ ਹੋਣ ਵਾਲੀ ਬਾਦਸ਼ਾਹੀ ਹਾਸਿਲ ਜਾ ਸਕਦੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅਧਿਆਤਮਕ ਸੂਰਬੀਰਤਾ ਸੰਬੰਧੀ ਚਾਨਣਾ ਪਾਇਆ ਹੈ ਕਿ ਸੂਰਮਾ ਆਪਣੀ ਬਾਹਰੀ ਬੀਰਤਾ ਦਾ ਵਿਖਾਵਾ ਨਹੀਂ ਕਰਦਾ ਉਹ

---

10 ਉਹੀ, ੧੧੬੧.

11 ਉਹੀ, ੧੧੬੧.

ਅੰਦਰੂਨੀ ਬਲ ਵਿਚ ਆ ਕੇ ਸੂਰਮਾ ਬਣਦਾ ਹੈ;

ਪ੍ਰੇਮ ਪਲੀਤਾ ਸੁਰਤਿ ਹਵਾਈ ਗੋਲਾ ਗਿਆਨੁ ਚਲਾਇਆ॥

ਬ੍ਰਹਮ ਅਗਨਿ ਸਹਜੇ ਪਰਜਾਲੀ ਏਕਹਿ ਚੋਟ ਸਿਝਾਇਆ॥

ਸਤੁ ਸੰਤੋਖੁ ਲੈ ਲਰਨੇ ਲਾਗਾ ਤੋਰੇ ਦੁਇ ਦਰਵਾਜਾ॥

ਸਾਧਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ ਪਕਰਿਓ ਗੜ ਕੋ ਰਾਜਾ॥[12]

ਪੰਜ ਵਿਸ਼ੇ ਵਿਕਾਰ ਔਗੁਣਾਂ ਦੀ ਫੌਜ ਦੇ ਆਗੂ ਹਨ ਜੋ ਮਨੁੱਖੀ ਮਨ ਉੱਤੇ ਮਾੜਾ ਪ੍ਰਭਾਵ ਪਾਉਣ ਲਈ ਇਕਜੁੱਟ ਹੋ ਕੇ ਰਹਿੰਦੇ ਹਨ। ਪੰਜਾਂ ਵਿਚੋਂ ਕੋਈ ਇਕ ਮਨ ਉੱਤੇ ਆਪਣਾ ਪ੍ਰਭਾਵ ਪਾ ਲਵੇ ਤਾਂ ਬਾਕੀ ਸਾਰੀ ਔਗੁਣਾਂ ਦੀ ਫੌਜ ਨਾਲ ਆ ਕੇ ਬੁਰਾਈ ਦਾ ਵਿਕਾਸ ਕਰਦੀ ਹੈ। ਸਿੱਖ ਧਰਮ ਦੇ ਸਿਧਾਤਾਂ 'ਚ ਸੂਰਮਾ ਗੁਰਬਾਣੀ ਦੀ ਰੌਸ਼ਨੀ ਹੇਠ ਜਾਗਰੂਕ ਹੁੰਦਾ ਹੈ। ਕਾਮਾਦਿਕ ਵਿਕਾਰ ਬੜੇ ਸੂਰਮੇ ਤੇ ਬਹਾਦਰ ਸਿਪਾਹੀ ਹਨ, ਕਿਸੇ ਨੇ ਇਨ੍ਹਾਂ ਨੂੰ ਠੱਲ੍ਹਿਆ ਨਹੀਂ। ਇਨ੍ਹਾਂ ਪੰਜਾਂ ਨੇ ਬੜੀ ਬਲ ਵਾਲੀ ਤੇ ਜ਼ਿੱਦੀ ਫੌਜ ਇੱਕਠੀ ਕੀਤੀ ਹੋਈ ਹੈ। ਦੁਨੀਆਦਾਰ ਤਾਂ ਕਿਤੇ ਰਹੇ, ਤਿਆਗੀਆਂ ਨੂੰ ਵੀ ਇਹ ਦਸ ਇੰਦ੍ਰੇ ਚਮੋੜ ਦਿੰਦੇ ਹਨ ਤੇ ਸਭ ਨੂੰ ਜਿੱਤ-ਜਿੱਤ ਕੇ ਆਪਣੇ ਅਧੀਨ ਕਰ ਲੈਂਦੇ ਹਨ। ਤ੍ਰੈ ਗੁਣੀ ਜੀਵ ਇਨ੍ਹਾਂ ਦੇ ਦਬਾਉ ਹੇਠ ਹਨ ਤੇ ਕਿਸੇ ਨੇ ਇਨ੍ਹਾਂ ਵਿਕਾਰਾਂ ਉੱਤੇ ਕਾਬੂ ਨਹੀਂ ਪਾਇਆ। ਇਨ੍ਹਾਂ ਪੰਜਾਂ ਦਾ ਮਜ਼ਬੂਤ ਕਿਲ੍ਹਾ ਹੈ ਤੇ ਕਿਲ੍ਹੇ ਦੇ ਦੁਆਲੇ ਮਾਇਆ ਰੂਪੀ ਖਾਈ ਪੁੱਟੀ ਹੋਈ ਹੈ। ਇਸ ਕਿਲ੍ਹੇ ਨੂੰ ਕਿਵੇਂ ਤੋੜਿਆ ਜਾਏ? ਇਸ ਦਾ ਇੱਕੋ-ਇੱਕ ਉਪਾਅ ਹੈ ਕਿ ਪੂਰੇ ਸਤਿਗੁਰੂ ਨੂੰ ਯਾਦ ਕਰਨ ਨਾਲ ਇਹ ਕਰੜੀ ਫੌਜ ਸਰ ਕੀਤੀ ਜਾ ਸਕਦੀ ਹੈ ;

ਸੂਰਬੀਰ ਵਰਿਆਮ ਕਿਨੈ ਨ ਹੋੜੀਐ॥

ਫਉਜ ਸਤਾਣੀ ਹਾਠ ਪੰਚਾ ਜੋੜੀਐ॥

ਦਸ ਨਾਰੀ ਅਉਧੂਤ ਦੇਨਿ ਚਮੋੜੀਐ॥

ਜਿਣਿ ਜਿਣਿ ਲੈਨਿ ਰਲਾਇ ਏਹੋ ਏਨਾ ਲੋੜੀਐ॥

ਤ੍ਰੈ ਗੁਣ ਇਨ ਕੈ ਵਸਿ ਕਿਨੈ ਨ ਮੋੜੀਐ॥

ਭਰਮੁ ਕੋਟੁ ਮਾਇਆ ਖਾਈ ਕਹੁ ਕਿਤੁ ਬਿਧਿ ਤੋੜੀਐ॥

---

12 ਉਹੀ, ੧੧੬੧-੬੨.

ਗੁਰੁ ਪੂਰਾ ਆਰਾਧਿ ਬਿਖਮ ਦਲੁ ਫੋੜੀਐ॥[13]

ਪੁਰਾਣੇ ਸਮਿਆਂ ਵਿਚ ਦੁਨਿਆਵੀ ਤਾਕਤ ਹਾਸਲ ਕਰਨ ਹਿੱਤ ਕੀਤੇ ਜੰਗ ਵਿਚ ਗੁਰਜ, ਤਲਵਾਰਾਂ, ਖੰਡੇ, ਤੀਰ ਆਦਿਕ ਸ਼ਸਤਰਾਂ ਦੀ ਵਰਤੋਂ ਕੀਤੀ ਜਾਂਦੀ ਸੀ। ਅੱਜ ਵੀ ਅਜਿਹੇ ਸ਼ਸਤਰਾਂ ਨਾਲ ਬਹਾਦਰੀ ਦੇ ਕਾਰਨਾਮੇ ਕੀਤੇ ਜਾਂਦੇ ਹਨ ਤੇ ਦੁਸ਼ਮਣ ਖਤਮ ਕੀਤੇ ਜਾਂਦੇ ਹਨ। ਇਸੇ ਤਰ੍ਹਾਂ ਹੀ ਸਾਡੇ ਅੰਦਰ ਦੇ ਦੁਸ਼ਮਣਾਂ (ਕਾਮਾਦਿਕ ਵਿਸ਼ੇ ਵਿਕਾਰਾਂ) ਨੂੰ ਖਤਮ ਕਰਨ ਦੀ ਲੋੜ ਹੈ, ਜੋ ਹਰ ਰੋਜ਼ ਯੁੱਧ ਕਰਦੇ ਹਨ। ਪਰ ਇਸ ਯੁੱਧ ਵਿਚ ਜਿੱਥੇ ਵਿਸ਼ੇ-ਵਿਕਾਰ ਮਾਇਆ ਦੇ ਨਾਲ ਮਨ ਨੂੰ ਮਾਰਦੇ ਹਨ ਉਥੇ ਇਸਦੇ ਉਲਟ ਅਧਿਆਤਮਕ ਸੂਰਮਾ ਵੀ ਅੰਦਰੂਨੀ ਯੁੱਧ ਲਈ ਸ਼ਸਤਰਾਂ ਦੀ ਵਰਤੋਂ ਕਰਦਾ ਹੈ। ਗਰੀਬੀ ਭਾਵ ਹਲੀਮੀ ਗਦਾ (ਗੁਰਜ) ਹੈ ਭਾਵ ਨਿਮਰਤਾ ਸੁਭਾਉ ਅਤੇ ਖੰਡਾ ਸਭਨਾਂ ਦੀ ਚਰਨ ਧੂੜੀ ਭਾਵ ਆਪਣੇ ਆਪ ਨੂੰ ਅੰਦਰੋਂ ਗਵਾ ਲੈਣਾ। ਇਸ ਗੁਰਜ ਅਤੇ ਖੰਡੇ ਦੇ ਅੱਗੇ ਵੱਡੇ ਤੋਂ ਵੱਡਾ ਕੁਕਰਮੀ ਟਿਕ ਨਹੀਂ ਸਕਦਾ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਗੁਰਮਤਿ ਦਾ ਖੰਡਾ ਫੜਾ ਕੇ ਵਿਕਾਰਾਂ ਦਾ ਨਾਸ਼ ਕੀਤਾ ਅਤੇ ਲੋਕਾਂ ਨੂੰ ਆਤਮਕ ਜੀਵਨ ਬਖਸ਼ਿਆ;

ਲਹਣੇ ਧਰਿਓਨੁ ਛਤੁ ਸਿਰਿ ਕਰਿ ਸਿਫਤੀ ਅੰਮ੍ਰਿਤ ਪੀਵਦੈ॥

ਮਤਿ ਗੁਰ ਆਤਮ ਦੇਵ ਦੀ ਖੜਗਿ ਜੋਰਿ ਪਰਾਕੁਇ ਜੀਅ ਦੈ॥[14]

ਗੁਰੂ ਅਕਾਲ ਪੁਰਖ ਦੀ ਬਖਸ਼ੀ ਹੋਈ ਮਤਿ-ਰੂਪੀ *ਤਲਵਾਰ* ਦੇ ਜ਼ੋਰ ਅਤੇ ਬਲ ਨਾਲ ਅੰਦਰੋਂ ਆਤਮਿਕ ਜੀਵਨ ਬਖਸ਼ ਕੇ ਗੁਰਿਆਈ ਨਾਲ ਛਤਰ ਧਰਿਆ।

ਗਰੀਬੀ ਅਤੇ ਨਿਮਰਤਾ ਅੰਦਰੂਨੀ ਜੰਗ ਦੇ ਸਾਰਥਕ ਸ਼ਸਤਰ ਹਨ, ਭੱਟ ਸਲ੍ਹ ਜੀ ਲਿਖਦੇ ਨੇ ਕਿ ਸ੍ਰੀ ਗੁਰੂ ਅਮਰਦਾਸ ਜੀ ਨੇ ਸੰਸਾਰ ਰਣ-ਭੂਮੀ ਵਿਚ ਕਾਮਾਦਿਕ ਵੈਰੀਆਂ ਦੇ ਦਲ ਨੂੰ ਜਿੱਤ ਲਿਆ। ਗੁਰੂ ਜੀ ਸਮਾਧੀ ਦੀ ਸੰਜੋਅ ਪਹਿਨ ਕੇ ਗਿਆਨ ਦੇ ਘੋੜੇ ਉੱਤੇ ਅਸਵਾਰ ਹੋਏ, ਧਰਮ ਦਾ ਧਨੁੱਖ ਹੱਥ ਵਿਚ ਫੜ ਕੇ ਮਿੱਠੇ ਸੁਭਾਅ ਦਾ ਐਸਾ ਤੀਰ ਅਤੇ ਗੁਰੂ ਸ਼ਬਦ ਦਾ ਨੇਜ਼ਾ ਵੈਰੀਆਂ (ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ) ਉੱਤੇ ਇਸ ਤਰ੍ਹਾਂ ਚਲਾਇਆ ਕਿ ਪੰਜੇ ਹੀ ਵੈਰੀ ਸੋਧੇ ਗਏ;

ਪਹਿਰਿ ਸਮਾਧਿ ਸਨਾਹੁ ਗਿਆਨ ਹੈ ਆਸਣਿ ਚੜਿਅਉ॥

---

13 ਉਹੀ, ੫੨੨.

14 ਉਹੀ, ੯੬੬.

ਧ੍ਰੰਮ ਧਨਖੁ ਕਰ ਗਹਿਓ ਭਗਤ ਸੀਲਹ ਸਰਿ ਲੜਿਆਉ॥[15]

ਭੈ ਨਿਰਭਉ ਹਰਿ ਅਟਲੁ ਮਨਿ, ਸਬਦਿ ਗੁਰ ਨੇਜਾ ਗਡਿਓ॥

ਕਾਮ ਕ੍ਰੋਧ ਲੋਭ ਮੋਹ ਅਪਤੁ ਪੰਚ ਦੂਤ ਬਿਖੰਡਿਓ॥[16]

ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੇ ਅਧਿਆਤਮ ਗੁਣਾਂ ਤੇ ਸਤਿਗੁਰ ਦੇ ਸਹਾਰੇ ਰਾਹੀਂ ਅੰਦਰੂਨੀ ਦੁਸ਼ਮਣਾਂ ਨੂੰ ਖਤਮ ਕੀਤਾ। ਭੱਟ ਸਲ੍ਹ ਜੀ ਦੀਆਂ ਨਜ਼ਰਾਂ ਵਿਚ ਸ੍ਰੀ ਗੁਰੂ ਰਾਮਦਾਸ ਜੀ ਇਕ ਬਲੀ ਸੂਰਮੇ ਹਨ ਜਿਨ੍ਹਾਂ ਨੇ ਕਾਮ ਨੂੰ ਭੁੰਝੇ ਪਟਕਾਇਆ, ਮੋਹ ਨੂੰ ਵਸ 'ਚ ਕੀਤਾ, ਕ੍ਰੋਧ ਅਤੇ ਲੋਭ ਦੇ ਮਾੜੇ ਪ੍ਰਭਾਵ ਨੂੰ ਵੀ ਦੂਰ ਕੀਤਾ;

ਮੋਹੁ ਮਲਿ ਬਿਵਸਿ ਕੀਅਉ ਕਾਮੁ ਗਹਿ ਕੇਸ ਪਛਾੜ੍ਉ॥

ਕ੍ਰੋਧ ਖੰਡਿ ਪਰਚੰਡਿ ਲੋਭੁ ਅਪਮਾਨ ਸਿਉ ਝਾੜ੍ਉ॥[17]

ਜੀਵਨ ਵਿਚ ਸੂਰਬੀਰਤਾ ਦੀ ਹੋਂਦ ਅਤਿ ਜ਼ਰੂਰੀ ਹੈ ਇਸ ਤੋਂ ਬਗੈਰ ਜੀਵਨ ਦੇ ਉਦੇਸ਼ ਪੂਰੇ ਨਹੀਂ ਹੋ ਸਕਦੇ। ਮਨੁੱਖੀ ਮਨ ਅੰਦਰ ਗੁਣਾਂ ਅਤੇ ਔਗੁਣਾਂ ਦਾ ਪਰਵਾਹ ਨਿਰੰਤਰ ਚਲਦਾ ਰਹਿੰਦਾ ਹੈ। ਸੂਰਬੀਰਤਾ ਇਹਨਾਂ ਦੇ ਕੇਂਦਰ ਵਿਚ ਕਾਰਜ ਕਰਦੀ ਹੈ। ਨੇਕੀ ਅਤੇ ਬਦੀ ਦੀ ਉੱਤਪਤੀ ਦੇ ਤੱਤ, ਪੰਜ ਵਿਕਾਰ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਹਨ। ਪੰਜਾਂ ਦੀ ਦਿਸ਼ਾਹੀਣਤਾ ਤੋਂ ਔਗੁਣ ਪੈਦਾ ਹੁੰਦੇ ਹਨ, ਕੁਝ ਔਗੁਣ ਉਹ ਹੁੰਦੇ ਹਨ ਜੋ ਡਰ ਦੀ ਧਾਰਨਾ ਨੂੰ ਹਮੇਸ਼ਾ ਕਾਇਮ ਰੱਖਦੇ ਹਨ, ਅਕਸਰ ਇਹ ਔਗੁਣ ਗਰੀਬ, ਅਨਪੜ੍ਹ, ਅਗਿਆਨੀ, ਕਮਜ਼ੋਰ, ਅੰਧਵਿਸ਼ਵਾਸੀ, ਅਤੇ ਦੱਬੇ-ਕੁਚਲੇ ਲੋਕਾਂ ਵਿਚ ਪਾਏ ਜਾਂਦੇ ਹਨ। ਕੁਝ ਔਗੁਣ ਉਹ ਹਨ ਜੋ ਪੰਜ ਤੱਤਾਂ ਦੀ ਹੱਦ ਤੋਂ ਜ਼ਿਆਦਾ ਵਰਤੋਂ ਕਰਨ ਲਈ ਪਰੇਰਦੇ ਹਨ ਜਿਸ ਨਾਲ ਕੱਟੜਤਾ, ਅਤਿਆਚਾਰ, ਧੱਕੇਸ਼ਾਹੀ, ਆਦਿ ਹੋਰ ਬਹੁਤ ਖਤਰਨਾਕ ਬੁਰਾਈਆਂ ਪੈਦਾ ਹੁੰਦੀਆਂ ਹਨ। ਇਹ ਬੁਰਾਈਆਂ ਜ਼ਿਆਦਾਤਰ ਸੁਆਰਥੀ ਵਿਅਕਤੀਆਂ ਅਤੇ ਰਾਜਨੀਤਕ ਆਗੂਆਂ ਦੇ ਵਿਚ ਪਾਈਆਂ ਜਾਂਦੀਆਂ ਹਨ। ਸਿੱਖ ਸੂਰਬੀਰਤਾ ਪੰਜਾਂ ਦੀ ਦਿਸ਼ਾ ਨੂੰ ਨਿਰਧਾਰਤ ਕਰਦੀ ਹੈ ਜੋ ਦੋਨੋਂ ਪ੍ਰਕਾਰ ਦੇ ਔਗੁਣਾਂ ਦੀ ਹੋਂਦ ਨੂੰ ਮਿਟਾਉਂਦੀ ਹੈ ਜਿਸ ਕਾਰਨ ਮਨ

---

15 ਉਹੀ, ੧੩੯੬.

16 ਉਹੀ, ੧੩੯੬.

17 ਉਹੀ, ੧੪੦੬.

ਅੰਦਰ ਸਦਗੁਣ ਉਪਜਦੇ ਹਨ। ਇਹ ਸਦਗੁਣ ਮਨੁੱਖੀ ਆਦਤਾਂ ਨੂੰ ਅਹਿਮੀਅਤ ਪ੍ਰਦਾਨ ਕਰਦੇ ਹਨ।

ਗੁਰਬਾਣੀ ਦੇ ਅਧਿਐਨ ਰਾਹੀਂ ਪਤਾ ਚਲਦਾ ਹੈ ਕਿ ਮਨੁੱਖੀ ਆਦਤਾਂ ਦੀ ਘਾੜਤ ਪਿੱਛੇ ਮਨੁੱਖੀ ਮਨ ਦੇ ਇਹ ਪੰਜ ਤੱਤ ਅਗਵਾਈ ਕਰਦੇ ਹਨ ਇਹਨਾਂ ਪ੍ਰਵਿਰਤੀਆਂ ਨੂੰ ਵੱਸ 'ਚ ਕਰਨ ਦੀ ਜੁਗਤ ਗੁਰਬਾਣੀ ਦੱਸਦੀ ਹੈ। ਜੇਕਰ ਇਹ ਪੰਜੇ ਵੱਸੋਂ ਬਾਹਰ ਹੋ ਜਾਣ ਤਾਂ ਮਨੁੱਖ ਭੈੜੀਆਂ ਆਦਤਾਂ ਦਾ ਧਾਰਨੀ ਬਣ ਜਾਂਦਾ ਹੈ। ਗੁਰਬਾਣੀ ਵਿਚ ਇਨ੍ਹਾਂ ਦੇ ਮਾੜੇ ਨਤੀਜੇ ਦਰਸਾ ਕੇ ਸੂਰਮੇ ਨੂੰ ਚੇਤੰਨ ਕੀਤਾ ਗਿਆ ਹੈ। ਪੰਜੇ ਵਿਕਾਰਾਂ ਉਤੇ ਕਾਬੂ ਪਾਉਣ ਲਈ ਨਾਮ ਨੂੰ ਸਾਰਥਕ ਮੰਨਿਆ ਹੈ ਅਤੇ ਇਸ ਲਈ ਸੱਚੇ ਅਕਾਲ ਪੁਰਖ ਦੇ ਸਿਮਰਨ ਪ੍ਰਤੀ ਪ੍ਰੇਰਨਾ ;

ਅਵਰਿ ਪੰਚ ਹਮ ਏਕ ਜਨਾ॥ ਕਿਉ ਰਾਖਹਿ ਘਰ ਬਾਰੁ ਮਨਾ॥
ਮਾਰਹਿ ਲੂਟਹਿ ਨੀਤ ਨੀਤ ਕਿਸੁ ਆਗੈ ਕਰੀ ਪੂਕਾਰ ਜਨਾ॥
ਸ੍ਰੀ ਰਾਮ ਨਾਮਾ ਉਚਰੁ ਮਨਾ॥ ਆਗੈ ਜਮ ਬਿਖਮੁ ਘਨਾ॥ ਰਹਾਉ॥[18]

ਸਿਧਿ ਗੋਸਟਿ ਬਾਣੀ ਵਿਚ ਸਿੱਧਾਂ ਨਾਲ ਸੰਬਾਦ ਰਾਹੀਂ ਗੁਰੂ ਸਾਹਿਬ ਨੇ ਅਡੋਲ ਰਹਿਣ ਦੀ ਜੁਗਤੀ ਸਮਝਾਈ ਕਿ ਪਹਿਲਾਂ ਆਪਣੇ ਅੰਦਰਲੇ ਵਿਸ਼ੇ ਵਿਕਾਰਾਂ ਤੋਂ ਮੁਕਤ ਹੋਣਾ ਚਾਹੀਦਾ ਹੈ;

ਸੁਣਿ ਮਾਛਿੰਦ੍ਰਾ ਨਾਨਕੁ ਬੋਲੈ॥ ਵਸਗਤਿ ਪੰਚ ਕਰੇ ਨਹ ਡੋਲੈ॥
ਐਸੀ ਜੁਗਤਿ ਜੋਗ ਕਉ ਪਾਲੇ॥ ਆਪਿ ਤਰੈ ਸਗਲੇ ਕੁਲ ਤਾਰੇ॥[19]

ਗੁਰੂ ਨਾਨਕ ਸਾਹਿਬ ਵਲੋਂ ਸ਼ੁਰੂ ਕੀਤੀ ਇਹ ਪਰੰਪਰਾ ਖ਼ਾਲਸੇ ਦੇ ਰੂਪ ਵਿਚ ਪ੍ਰਵਾਨ ਚੜ੍ਹੀ ਹੋਈ ਹੈ। ਖ਼ਾਲਸਾ ਉਹ ਹੈ ਜਿਸਨੇ ਆਪਣਾ ਹਿਰਦਾ ਸ਼ੁੱਧ ਕਰ ਲਿਆ ਹੈ। ਜਿਸਨੇ ਮਨ ਦੀਆਂ ਲਾਲਸਾਵਾਂ ਅਤੇ ਤ੍ਰਿਸ਼ਨਾਵਾਂ ਉੱਤੇ ਜਿੱਤ ਪ੍ਰਾਪਤ ਕਰ ਲਈ ਹੈ। ਇਸ ਜਿੱਤ ਦੇ ਰਹੱਸ ਦਾ ਦ੍ਰਿਸ਼ਟਾਂਤ ਗੁਰੂ ਅਮਰਦਾਸ ਜੀ ਆਪਣੀ ਬਾਣੀ ਰਾਹੀਂ ਦਿੰਦੇ ਹਨ;

ਥਾਲੈ ਵਿਚਿ ਤੈ ਵਸਤੂ ਪਈਓ ਹਰਿ ਭੋਜਨੁ ਅੰਮ੍ਰਿਤੁ ਸਾਰੁ॥[20]

---

18 ਉਹੀ,, ੧੫੫.

19 ਉਹੀ, ੮੨੨.

20 ਉਹੀ, ੬੪੫.

ਜਿਸਦੇ ਰਹੱਸ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਖੋਲਦੇ ਹਨ ਜਿਸ ਵਿਚ ਸਤਿ, ਸੰਤੋਖ, ਸੰਜਮ, ਨੂੰ ਜ਼ਿੰਦਗੀ ਦੇ ਅਸੂਲ ਬਣਾਉਣ ਦੀ ਪ੍ਰੇਰਨਾ ਹੈ;

ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ॥[21]

ਗੁਰੂ ਸ਼ਬਦ ਰਾਹੀਂ ਸਾਧਨਾ ਅਤੇ ਸਿਮਰਨ ਕਰਕੇ ਜਿਸ ਨੇ ਅਕਾਲ ਪੁਰਖ ਦੇ ਨਾਮ ਨੂੰ ਆਪਣੇ ਹਿਰਦੇ ਵਿਚ ਵਸਾ ਲਿਆ ਹੋਵੇ ਤਾਂ ਉਸਦਾ ਮਨ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਜਿਹੇ ਵਿਕਾਰਾਂ ਤੋਂ ਮੁਕਤ ਹੋ ਜਾਂਦਾ ਹੈ, ਜਿਸਨੂੰ ਕਿਸੇ ਨਾਲ ਵੈਰ ਵਿਰੋਧ ਨਹੀਂ ਹੁੰਦਾ ਉਹੋ ਹੀ ਬਹਾਦਰ ਹੈ। ਗੁਰਮਤਿ ਦੇ ਸਿਧਾਂਤ ਅਨੁਸਾਰ ਬਾਹਰਲੇ ਸੰਘਰਸ਼ ਤੋਂ ਪਹਿਲਾਂ ਆਤਮਿਕ ਸੰਘਰਸ਼ ਕਰਨਾ ਜ਼ਰੂਰੀ ਹੈ। ਸ਼ੁੱਧ ਹਿਰਦੇ ਵਾਲਾ ਵਿਅਕਤੀ ਸੂਰਬੀਰ ਹੈ। ਮਨ ਦੇ ਵਿਕਾਰਾਂ ਅਤੇ ਬਾਹਰੀ ਚੁਣੌਤੀਆਂ ਦੇ ਖ਼ਿਲਾਫ ਅਜਿਹੇ ਖ਼ਾਲਸੇ ਦਾ ਧਰਮ ਯੁੱਧ ਹੀ ਪ੍ਰਵਾਨ ਹੈ;

ਜੋ ਜਨ ਲੂਝਹਿ ਮਨੈ ਸਿਉ ਸੇ ਸੂਰੇ ਪਰਧਾਨਾ॥[22]

ਇਨ੍ਹਾਂ ਪੰਜਾਂ ਵਿਰੁੱਧ ਲੜਦੇ ਰਹਿਣਾ ਬਹਾਦਰੀ ਹੈ। ਅਜਿਹੀ ਬਹਾਦਰੀ ਵਿਖਾਉਣੀ ਕਠਿਨ ਹੈ, ਪਰ ਗੁਰਬਾਣੀ ਨੇ ਮਨੁੱਖ ਨੂੰ ਸੂਰਬੀਰ ਯੋਧਾ ਬਣਨ ਲਈ ਵਿਧੀ ਸਮਝਾਈ ਹੈ ਕਿ ਆਪਣਾ ਮਨ ਗੁਰੂ ਦੇ ਅਧੀਨ ਕਰਨ ਉਪਰੰਤ ਹੀ ਇਨ੍ਹਾਂ ਵਿਕਾਰਾਂ 'ਤੇ ਫਤਿਹ ਪਾਈ ਜਾ ਸਕਦੀ ਹੈ। ਜਿਸ ਤਰ੍ਹਾਂ ਹਾਥੀ ਦੇ ਸਿਰ ਉਪਰ ਕੁੰਡਾ ਵੱਜਦਾ ਹੈ, ਜਿਸ ਨਾਲ ਉਹ ਸਹੀ ਮਾਰਗ ’ਤੇ ਚਲਦਾ ਹੈ, ਉਸੇ ਤਰ੍ਹਾਂ ਮਨੁੱਖ ਸੱਚੇ ਗੁਰੂ ਦੇ ਸ਼ਬਦ ਰੂਪ ਅੰਕੁਸ਼ ਨਾਲ ਆਪਣੇ ਜੀਵਨ ਪੈਂਡੇ ’ਤੇ ਕਾਇਮ ਰਹਿੰਦਾ ਹੈ;

ਹਸਤੀ ਸਿਰ ਜਿਉ ਅੰਕੁਸੁ ਹੈ ਅਹਰਣਿ ਜਿਉ ਸਿਰੁ ਦੇਇ॥
ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ॥[23]

ਸੂਰਮੇ ਦੀ ਤਾਕਤ ਦਾ ਮੁਖ ਸ੍ਰੋਤ ਅਕਾਲ ਪੁਰਖ ਹੈ ਜਿਸ ਦੀ ਸੋਝੀ ਗੁਰੂ ਦੁਆਰਾ ਹੁੰਦੀ ਹੈ। ਸਿੱਖ ਨੇ ਗੁਰੂ ਨੂੰ ਪੂਰਨ ਰੂਪ ਵਿਚ ਸਮਰਪਿਤ ਹੋਣਾ। ਗੁਰੂ ਉਸ ਅੰਦਰ ਅਧਿਅਤਮਕਤਾ ਦੀ ਜੋਤ ਜਗਾ ਕੇ ਰਖਦਾ ਹੈ ਜਿਸ ਸਦਕਾ ਉਹ ਸਾਰੀ ਸ੍ਰਿਸ਼ਟੀ ’ਤੇ ਰਾਜ ਕਰਨ ਦੇ ਸਮਰੱਥ ਹੋ ਜਾਂਦਾ ਹੈ;

---

21 ਉਹੀ, ੧੪੨੯.

22 ਉਹੀ, ੧੦੮੯.

23 ਉਹੀ, ੬੪੭.

ਇਉ ਗੁਰਮੁਖਿ ਆਪੁ ਨਿਵਾਰੀਐ ਸਭੁ ਰਾਜੁ ਸ੍ਰਿਸਟਿ ਕਾ ਲੇਇ ॥[24]

ਪੋਲ ਟਿਲਿਚ ਰੱਬ ਨੂੰ ਸੂਰਬੀਰਤਾ ਦਾ ਮੁੱਖ ਸੋਮਾ ਮੰਨਦਾ ਹੋਇਆ ਲਿਖਦਾ ਹੈ, "ਬਹਾਦਰੀ ਦੀਆਂ ਜੜ੍ਹਾਂ ਅਕਾਲ ਪੁਰਖ ਵਿਚੋਂ ਉਤਪੰਨ ਹੁੰਦੀਆਂ ਹਨ।"[25] ਅਧਿਆਤਮਕ ਸੂਰਬੀਰਤਾ ਦਾ ਮੁੱਖ ਉਦੇਸ਼ ਅਕਾਲ ਪੁਰਖ ਨਾਲ ਇਕਮਿੱਕ ਹੋਣਾ ਹੈ। ਇਸ ਤਰ੍ਹਾਂ ਜਦੋਂ ਮਨੁੱਖ ਅਕਾਲ ਪੁਰਖ ਨਾਲ ਆਤਮਕ ਬਲ ਸਦਕਾ ਰਾਬਤਾ ਬਣਾ ਲੈਂਦਾ ਹੈ ਤਾਂ ਉਸ ਵਿਚ ਬਹਾਦਰੀ ਪੈਦਾ ਹੁੰਦੀ ਹੈ ਅਤੇ ਸੂਰਮਾ ਅਕਾਲ ਪੁਰਖ ਨਾਲ ਵਾਰਤਾਲਾਪ ਕਰਨ ਵਿਚ ਕਾਮਯਾਬ ਹੋ ਜਾਂਦਾ ਹੈ। ਇਸਦਾ ਪ੍ਰਮਾਣ ਭਗਤ ਨਾਮਦੇਵ ਜੀ ਨੇ ਆਪਣੀ ਬਾਣੀ ਰਾਹੀਂ ਦਿੱਤਾ;

ਤੂ ਕੁਨੁ ਰੇ॥ ਮੈ ਜੀ॥ ਨਾਮਾ ॥ ਹੋ ਜੀ॥ ਆਲਾ ਤੇ ਨਿਵਾਰਣਾ ਜਮ ਕਾਰਣਾ॥[26]

ਧਾਰਮਿਕ ਅਨੁਭਵ ਰਾਹੀਂ ਅਕਾਲ ਪੁਰਖ ਨਾਲ ਇਕਸੁਰ ਹੋਇਆ ਜਾ ਸਕਦਾ ਹੈ ਜਿਸ ਬਾਬਤ ਪੋਲ ਟਿਲਿਚ ਲਿਖਦਾ ਹੈ, "ਵਿਅਕਤੀਗਤਤਾ ਦਾ ਧੁਰਾ ਇਹ ਜ਼ਾਹਿਰ ਕਰਦਾ ਹੈ ਧਾਰਮਿਕ ਅਨੁਭਵ ਵਿਅਕਤੀ ਦਾ ਅਕਾਲ ਪੁਰਖ ਨਾਲ ਨਿੱਜੀ ਮਿਲਾਪ ਹੈ ਅਤੇ ਇਸ ਤੋਂ ਪ੍ਰਾਪਤ ਹੋਈ ਬਹਾਦਰੀ ਨਿੱਜੀ ਤੌਰ 'ਤੇ ਭਰੋਸੇ ਦੀ ਬਹਾਦਰੀ ਹੈ ਜਿਸ ਦੇ ਅਧਾਰ 'ਤੇ ਵਿਅਕਤੀ ਇਸ ਸੰਬੰਧ ਨੂੰ ਆਪਣੇ ਤੇ ਓਸ ਬਹਾਦਰੀ ਦੇ ਸ੍ਰੋਤ ਨਾਲ ਹੋਈ ਇਕਮਿਕਤਾ ਦਾ ਨਾਂ ਦੇ ਸਕਦਾ ਹੈ।"[27] ਅਕਾਲ ਪੁਰਖ ਨੇ ਜੀਵਾਂ ਨੂੰ ਜੀਵਨ ਦੀ ਕਾਰ ਵਿਚ ਲਾਈ ਰੱਖਣ ਲਈ ਉਹਨਾਂ ਵਿਚ ਕੁੱਝ ਮੂਲ ਪ੍ਰਿਵਿਰਤੀਆਂ ਪਾਈਆਂ ਹਨ। ਇਹਨਾਂ ਪ੍ਰਿਵਿਰਤੀਆਂ ਅਧੀਨ ਜੀਵ ਸਹਿਜ ਬੋਧ ਨਾਲ ਹੀ ਕੁਦਰਤੀ ਨਿਯਮਾਂ ਦੀ ਪਾਲਣਾ ਕਰਦੇ ਹੋਏ ਜੀਵਨ ਬਤੀਤ ਕਰਦੇ ਹਨ। ਮਨੁੱਖ ਨੂੰ ਛੱਡ ਕੇ ਬਾਕੀ ਜੀਵਾਂ ਵਿਚ ਤਾਂ ਇਹ ਉਹਨਾਂ ਦੀ ਜ਼ਿੰਦਗੀ ਨੂੰ ਕਾਇਮ ਰੱਖਣ ਦੇ ਵਸੀਲੇ ਹਨ ਅਤੇ ਪੂਰਨ ਤੌਰ ਤੇ ਕੁਦਰਤੀ ਲੋੜਾਂ ਦੀ ਪੂਰਤੀ ਤੱਕ

---

24 ਉਹੀ, ੬੪੮.

25 "The courage to be is rooted in the God when God has disappeared in the anxiety of doubt." Paul Tillich, ਉਪਰੋਕਤ, *Courage To Be,* p.190.

26 ਸ੍ਰੀ ਗੁਰੂ ਗ੍ਰੰਥ ਸਾਹਿਬ, ੬੯੪.

27 Paul Tillich, *op.cit,* "The pole of individualization expresses itsef in the religious experience as a persnal encounter with God and the courage derived from it is courage of confidence in the persnal reality which is manifest in the religious experience.in contradistinction to the mystical union one can call this relation a persnal communion with the source of courage" p.160.

ਸੀਮਤ ਹਨ ਪਰੰਤੂ ਮਨੁੱਖ ਵਿਚ ਉਸਦੀ ਬੁੱਧੀ ਅਤੇ ਮਹਿਸੂਸ ਕਰ ਸਕਣ ਦੀ ਅਥਾਹ ਸਮਰੱਥਾ ਸਦਕਾ ਉਹ ਇਹਨਾਂ ਮੂਲ ਪ੍ਰਵਿਰਤੀਆਂ ਤੋਂ ਪ੍ਰਾਪਤ ਹੋਣ ਵਾਲੇ ਸੁੱਖ ਨੂੰ ਸਥਾਈ ਕਰਨ ਦੀ ਕੋਸ਼ਿਸ਼ ਵਿਚ ਲਗ ਜਾਂਦਾ ਹੈ। ਉਹ ਇਹਨਾਂ ਪ੍ਰਰਵਿਰਤੀਆਂ ਤੋਂ ਪ੍ਰਾਪਤ ਸੁੱਖ ਦੇ ਅਨੁਭਵ ਦੀ ਬਾਰੰਬਾਰਤਾ ਵਧਾਉਣ ਦੇ ਅਹਾਰ ਵਿਚ ਰੁੱਝ ਜਾਂਦਾ ਹੈ। ਉਹ ਸੁੱਖ ਨੂੰ ਮਾਨਣ ਲਈ ਨੈਤਿਕਤਾ ਅਤੇ ਅਨੈਤਿਕਤਾ ਦੀ ਕੋਈ ਪ੍ਰਵਾਹ ਨਹੀਂ ਕਰਦਾ ਅਤੇ ਹਰ ਜਾਇਜ਼ ਜਾਂ ਨਜ਼ਾਇਜ਼ ਵਸੀਲੇ ਦੁਆਰਾ ਸਿਰਫ ਆਪਣੀ ਪੂਰਤੀ ਚਾਹੁੰਦਾ ਹੈ। ਵਿਅਕਤੀ ਲਈ ਸਿਰਫ ਇਹਨਾਂ ਪ੍ਰਵਿਰਤੀਆਂ ਤੋਂ ਪ੍ਰਾਪਤ ਹੋਣ ਵਾਲਾ ਸੁੱਖ ਹੀ ਜੀਵਨ ਦਾ ਇੱਕੋ ਇੱਕ ਉਦੇਸ਼ ਬਾਕੀ ਰਹਿ ਜਾਵੇ ਤਾਂ ਇਹੀ ਜੀਵਨ ਦਾਈ ਪੰਜ ਮੂਲ ਪ੍ਰਵਿਰਤੀਆਂ ਵਿਕਾਰ ਬਣ ਜਾਂਦੀਆਂ ਹਨ। ਭਾਈ ਜੋਧ ਸਿੰਘ ਜੀ ਦੇ ਸ਼ਬਦਾਂ ਵਿਚ ਉਪਰੋਕਤ ਵਿਚਾਰਾਂ ਨੂੰ ਇਸ ਪ੍ਰਕਾਰ ਸੰਖੇਪਿਆ ਗਿਆ ਹੈ, "ਕਾਮ ਕ੍ਰੋਧ ਲੋਭ ਮੋਹ ਤੇ ਹੰਕਾਰ ਮਾੜੇ ਨਹੀਂ ਜੇਕਰ ਇਹ ਸੰਜਮ ਵਿਚ ਕਾਬੂ ਕੀਤੇ ਹੋਏ, ਗ੍ਰਿਹਸਤ ਜੀਵਨ, ਅਣਖ, ਜੀਵਨ ਨਿਰਬਾਹ, ਸਮਾਜ ਦੀ ਸੰਭਾਲ ਤੇ ਨਿੱਜੀ ਗੌਰਵ ਤੱਕ ਮਹਿਦੂਦ ਰਹਿਣ। ਹੱਦੋਂ ਟੱਪ ਕੇ ਇਹ ਜਦੋਂ ਦੂਜਿਆਂ ਦੇ ਨੁਕਸਾਨ ਅਤੇ ਆਪਣੀ ਗਰਜ਼ 'ਤੇ ਉਤਰ ਆਉਂਦੇ ਹਨ ਤਾਂ ਇਹ ਹਾਨੀਕਾਰਕ ਹੋ ਜਾਂਦੇ ਹਨ।"[28] ਅਧਿਆਤਮਕ ਸੂਰਬੀਰਤਾ ਲਈ ਸਭ ਤੋਂ ਪਹਿਲੀ ਸ਼ਰਤ ਆਪਣੇ ਅੰਦਰਲੇ ਵੈਰੀਆਂ ਨੂੰ ਸਿਧਾਉਣਾ ਹੈ ਇਹਨਾਂ ਦਾ ਅੱਥਰਾਪਣ ਹੀ ਹਰ ਬੁਰਾਈ ਦੀ ਜੜ੍ਹ ਹੈ।

### 1.2. ਸੂਰਬੀਰਤਾ ਦੀਆਂ ਰੁਕਾਵਟਾਂ

ਗੁਰਮਤਿ ਵਿਚ ਮਨੁੱਖੀ ਜੀਵਨ ਵਿਚ ਆ ਰਹੀਆਂ ਅੰਦਰੂਨੀ ਅਤੇ ਬਾਹਰੀ ਰੁਕਾਵਟਾਂ ਨੂੰ ਸਰ ਕਰਨ ਦੀ ਸੇਧ ਮਿਲਦੀ ਹੈ। ਗੁਰਬਾਣੀ ਇਹਨਾਂ ਰੁਕਾਵਟਾਂ ਨੂੰ ਪੈਦਾ ਕਰਨ ਵਾਲੇ ਪੰਜ ਵਿਕਾਰਾਂ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਦੀ ਨਿਸ਼ਾਨਦੇਹੀ ਅਤੇ ਉਹਨਾਂ ਦੇ ਮਾੜੇ ਪ੍ਰਭਾਵ ਨੂੰ ਦਰਸਾ ਕੇ ਸੂਰਮਿਆਂ ਨੂੰ ਜਾਗਰੂਕ ਕਰਦੀ ਹੈ। ਮਨੁੱਖ ਦੀ ਸੂਰਬੀਰਤਾ ਦੇ ਰਾਹ ਵਿਚ ਰੁਕਾਵਟ ਬਣਦੇ ਪੰਜ ਦੁਸ਼ਮਣਾਂ ਦਾ ਹੁਣ ਅਸੀਂ ਵਿਸਥਾਰ ਵਿਚ ਜ਼ਿਕਰ ਕਰਾਂਗੇ।

#### 1.2.1 ਕਾਮ

ਮਨੁੱਖ ਦੇ ਮਨ ਅੰਦਰ ਅਨੇਕ ਤਰੰਗਾਂ ਉਪਜਦੀਆਂ ਹਨ। ਉਨ੍ਹਾਂ ਵਿਚੋਂ ਕਾਮ, ਕਰੋਧ, ਲੋਭ,

---

28 ਭਾਈ ਜੋਧ ਸਿੰਘ (2007) *ਗੁਰੂ ਅਰਜਨ ਦੇਵ-ਸ਼ਹੀਦੀ ਅਤੇ ਰਚਨਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ.117.

ਮੋਹ ਤੇ ਅਹੰਕਾਰ ਪੰਜਾਂ ਦੀ ਨਿਸ਼ਾਨਦੇਹੀ ਗੁਰਮਤਿ ਨੇ ਕੀਤੀ ਹੈ। ਇਸ ਤੋਂ ਪਹਿਲਾਂ ਵੀ ਇਨ੍ਹਾਂ ਪੰਜਾਂ ਨੂੰ ਬਹੁਤ ਸਾਰੇ ਸ਼ਾਸਤਰਾਂ ਤੇ ਗ੍ਰੰਥਾਂ ਆਦਿ ਨੇ ਵਿਸਥਾਰ ਨਾਲ ਪਰਖਿਆ ਤੇ ਲਿਖਿਆ ਹੈ। "ਇੰਦ੍ਰੀਆਂ ਦੇ ਸੰਪਰਕ ਤੋਂ ਪੈਦਾ ਹੋਣ ਵਾਲਾ ਆਨੰਦ ਹੀ ਆਮ ਤੌਰ 'ਤੇ ਕਾਮ ਅਖਵਾਉਂਦਾ ਹੈ। ਪਰ ਇਸ ਸ਼ਬਦ ਦੇ ਤਿੰਨ ਅਰਥ ਹੋ ਸਕਦੇ ਹਨ: ਸੁਖ, ਸੁਖ ਦੇ ਸਾਧਨ, ਸੁਖ ਦੀ ਕਾਮਨਾ।"[29] ਕਾਮ ਦੇ ਹੋਰ ਅਰਥ ਇਹ ਹਨ; "ਇੱਛਾ, ਚੇਸ਼ਟਾ, ਭੋਗ ਦੀ ਚੇਸ਼ਟਾ, ਸੰਕਲਪ, ਭੋਗ ਵਿਲਾਸ ਦੀ ਇੱਛਾ, ਕਾਮਨਾ, ਵੀਰਜ, ਮਨੀ, ਕਾਮ ਐਸੀ ਕਾਮਨਾ ਹੈ ਜੋ ਕਿਸੇ ਦੀ ਸੁੰਦਰਤਾ ਨੂੰ ਵੇਖਕੇ ਸ਼ਹਾਵਤ ਦੀ ਇੱਛਾ ਪ੍ਰਗਟ ਕਰਦੀ ਹੈ, ਸੁੰਦਰਤਾ ਨੂੰ ਵੇਖ ਕੇ ਭੋਗ ਵਿਲਾਸ ਦੀ ਸੀਮਾ ਤੋਂ ਬਾਹਰ ਹੋ ਜਾਣਾ ਹੈ।"[30] ਗੁਰਬਾਣੀ ਵਿਚ ਕਾਮ ਦੇ ਪ੍ਰਭਾਵ ਨੂੰ ਸਭ ਤੋਂ ਜਿਆਦਾ ਘਾਤਕ ਮੰਨਿਆ ਹੈ। ਪੰਜਾਂ ਵਿਕਾਰਾਂ ਵਿਚ ਇਹ ਸਭ ਤੋਂ ਸ਼ਕਤੀਸ਼ਾਲੀ ਹੈ। ਇਸਦੇ ਹਮਲਿਆਂ ਕਾਰਨ ਮਨੁੱਖੀ ਤਨ ਦੀ ਤਬਾਹੀ ਹੁੰਦੀ ਹੈ। ਕਾਮ ਸਭ ਵਿਚ ਭਾਵ ਸਾਰੇ ਰਿਸ਼ੀਆਂ ਮੁਨੀਆਂ ਅਤੇ ਆਮ ਮਨੁੱਖਾਂ ਅੰਦਰ ਹੁੰਦਾ ਹੈ, ਪਰੰਤੂ ਇਸਦੇ ਹਮਲੇ ਹੇਠ ਉਹ ਆਉਂਦੇ ਹਨ ਜਿਨ੍ਹਾਂ ਨੇ ਇਸ ਨੂੰ ਕਾਬੂ ਨਹੀਂ ਕੀਤਾ। ਕਾਮ ਸਭ ਤੋਂ ਵੱਡਾ ਵੈਰੀ ਹੈ, ਇਸ ਦੀ ਪਰਿਭਾਸ਼ਾ ਬਾਰੇ ਮਨਮੋਹਨ ਸਿੰਘ ਲਿਖਦੇ ਹਨ;

> "ਸਾਡੀਆਂ ਗਿਆਨ ਇੰਦਰੀਆਂ ਅਰਥਾਤ ਅੱਖ, ਕੰਨ, ਨੱਕ, ਜੀਭ, ਤਵਚਾ ਆਪਣੇ ਮੁਖ ਉਦੇਸ਼ ਅਥਵਾ ਕਾਰਜ ਦੀ ਪੂਰਤੀ ਕਰਦੇ ਸਮੇਂ ਰੂਪ, ਰਸ, ਗੰਧ, ਸ਼ਬਦ ਅਤੇ ਸਪਰਸ਼ ਨਾਮੀ ਪੰਜ ਵਿਸ਼ਿਆਂ ਦੇ ਸੰਪਰਕ ਵਿਚ ਆਉਂਦੀਆਂ ਹਨ ਤਾਂ ਇਸਦੇ ਫਲਸਰੂਪ ਮਾਨਸਿਕ ਅਨੰਦ ਦੀ ਅਨੁਭੂਤੀ ਹੁੰਦੀ ਹੈ ਉਸਨੂੰ ਕਾਮ ਕਹਿੰਦੇ ਹਨ।"[31] ਇੰਦਰੀਆਂ ਦੇ ਸੰਪਰਕ ਨਾਲ ਪ੍ਰਾਪਤ ਹੋਣ ਵਾਲਾ ਕਾਮ ਜਾਂ ਮਾਨਸਿਕ ਅਨੰਦ ਦੇ ਨਾਲ ਨਾਲ ਇਸਦੀ ਪ੍ਰਾਪਤੀ ਦੇ ਜੋ ਸਾਧਨ ਅਰਥਾਤ ਇਸਤਰੀ, ਪੁੱਤਰ, ਗ੍ਰਹਿ, ਧਨ-ਦੌਲਤ, ਖਾਦ ਪਦਾਰਥ, ਨ੍ਰਿਤ-ਗੀਤ, ਵਸਤਰ ਅਲੰਕਾਰ ਆਦਿ ਸਰੀਰ ਅਤੇ ਇੰਦਰੀਆਂ ਦੇ ਉਪਯੋਗੀ ਸਮਸਤ ਪਦਾਰਥ ਉਹਨਾਂ ਨੂੰ ਵੀ ਕਾਮ ਹੀ ਕਹਿੰਦੇ

---

29 ਸ੍ਰੀ ਨਵਲ ਜੀ, ਸੰਪਾ. (2007 ਬਿ.) *ਵਿਸ਼ਾਲ ਨਾਲੰਦਾ ਸ਼ਬਦ ਸਾਗਰ,* ਆਦਰਸ਼ ਬੁਕ ਡਿਪੂ, ਦਿੱਲੀ, ਪੰ.1056.

30 ਸੰਤਾ ਸਿੰਘ ਤਾਤਲੇ (1998) *ਗੁਰਬਾਣੀ ਤੱਤ ਸਾਗਰ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪੰ.426.

31 ਮਨਮੋਹਨ ਸਿੰਘ (1988) *ਭਰਤੀ ਧਰਮ ਅਤੇ ਨੈਤਿਕਤਾ, ਪੰਜਾਬੀ* ਯੂਨੀਵਰਸਿਟੀ, ਪਟਿਆਲਾ, ਪੰ.48.

ਹਨ।"[32]

ਇਹ ਅੰਤਹਕਰਨ 'ਚ ਮਾੜਾ ਪ੍ਰਭਾਵ ਛੱਡਦਾ ਹੈ ਅਤੇ ਹਮੇਸ਼ਾ ਉਸਦਾ ਜਪ, ਤਪ, ਸਹਿਜ ਅਤੇ ਸ਼ੁੱਧ ਆਚਰਨ ਨਸ਼ਟ ਕਰਦਾ ਹੈ;

ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭਰਮਾਵਣਹ॥

ਚਿਤ ਹਰਣੰ ਤ੍ਰੈ ਲੋਕ ਗੰਮ੍ਹੰ ਜਪ ਤਪ ਸੀਲ ਬਿਦਾਰਣਹ॥[33]

ਕਾਮ ਪ੍ਰਤੀ ਰੁਚੀ ਸੁਭਾਵਿਕ ਹੁੰਦੀ ਹੈ। ਇਸ ਤੋਂ ਹਰੇਕ ਜੀਵ ਦਾ ਬਚਣਾ ਅਤਿ ਕਠਿਨ ਹੈ। ਮਨੁੱਖ ਤੋਂ ਇਲਾਵਾ ਹਰੇਕ ਜੀਵ ਜੰਤੂ ਇਸਦਾ ਪੀੜਤ ਹੈ ਜਿਨ੍ਹਾਂ ਵਿਚੋਂ ਪਤੰਗੇ ਨੂੰ ਰੌਸ਼ਨੀ ਦਾ, ਮਛਲੀ ਨੂੰ ਰਸ, ਭੰਵਰੇ ਨੂੰ ਸੁਗੰਧੀ, ਹਿਰਨ ਨੂੰ ਗੀਤ-ਸੰਗੀਤ ਅਤੇ ਹਾਥੀ ਨੂੰ ਕਾਮ ਦਾ ਰਸ ਵਧੇਰੇ ਪਿਆਰਾ ਹੁੰਦਾ ਹੈ ਜਿਨ੍ਹਾਂ ਉਤੇ ਕਾਮ ਦਾ ਮਾੜਾ ਪ੍ਰਭਾਵ ਦਰਸਾ ਕੇ ਗੁਰਬਾਣੀ ਅਧਿਆਤਮਕਤਾ ਵੱਲ ਪ੍ਰੇਰਦੀ ਹੈ;

ਮ੍ਰਿਗ ਮੀਨ ਭ੍ਰਿੰਗ ਪੰਤਗ ਕੁੰਚਰ ਏਕ ਦੋਖ ਬਿਨਾਸ॥

ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸਿ॥[34]

ਕਾਮ ਤੋਂ ਕੇਵਲ ਜੀਵ ਜੰਤੂ ਹੀ ਨਹੀਂ ਸਗੋਂ ਰਿਸ਼ੀ ਤਪਸਵੀ ਅਤੇ ਦੇਵਤੇ ਵੀ ਪੀੜਤ ਹਨ ਅਤੇ ਇਸ ਨੇ ਵੱਡਿਆ-ਵੱਡਿਆ ਜਤੀਆਂ ਅਤੇ ਸਤੀਆਂ ਨੂੰ ਢਾਹਿਆ ਹੈ ਪਰੰਤੂ ਸੱਚੇ ਸੂਰਮੇ ਅੰਦਰ ਕਾਮ ਦਾ ਮੰਦਾ ਪ੍ਰਭਾਵ ਨਹੀਂ ਹੁੰਦਾ। ਉਹ ਹਰ ਹਾਲਤ ਵਿਚ ਆਚਰਣ ਦਾ ਪੱਕਾ ਰਹਿੰਦਾ ਹੈ ਭਾਵੇਂ ਉਸਦੇ ਆਲੇ ਦੁਆਲੇ ਦਾ ਵਰਤਾਰਾ ਕਾਮ ਉਤੇਜਨਾ ਨੂੰ ਪ੍ਰਫੁੱਲਤ ਕਰਨ ਵਾਲਾ ਕਿਉਂ ਨਾ ਹੋਵੇ। ਜਨਮ ਸਾਖੀ ਸਾਹਿਤ ਤੋਂ ਪਤਾ ਚਲਦਾ ਹੈ ਸ੍ਰੀ ਗੁਰੂ ਨਾਨਕ ਸਾਹਿਬ 'ਤੇ ਕਾਮ ਦਾ ਮਾੜਾ ਪ੍ਰਭਾਵ ਨਹੀਂ ਸੀ "ਫਿਰ ਗੁਰੂ ਜੀ ਕਾਮ ਰੂਪ (ਅਸਾਮ) ਪੁੱਜੇ ਜਿਥੇ ਕੁਝ ਇਸਤਰੀਆਂ ਨੇ ਆਪਣੀ ਸੁੰਦਰਤਾ, ਦੌਲਤ ਅਤੇ ਜਾਦੂ ਨਾਲ ਗੁਰੂ ਜੀ ਨੂੰ ਮੋਹਿਤ ਕਰਨ ਦਾ ਯਤਨ ਕੀਤਾ। ਗੁਰੂ ਜੀ ਨੇ ਉਨ੍ਹਾਂ ਨੂੰ ਨਿਸ਼ਚਾ ਕਰਾ ਦਿੱਤਾ ਕਿ ਸੁੰਦਰਤਾ ਕੇਵਲ ਇੰਦਰੀਆਵੀ ਭੋਗਾਂ ਲਈ ਹੀ ਨਹੀਂ ਸਗੋਂ ਦੰਪਤੀ ਪਿਆਰ ਉਤੇਜਿਤ ਕਰਨ ਲਈ ਹੈ ਅਤੇ ਸੱਚੀ ਦੌਲਤ ਤੇ ਸੁੰਦਰਤਾ ਆਪਣੇ ਆਚਰਨ ਵਿਚ ਸ੍ਰੇਸ਼ਠਤਾਵਾਂ ਭਰਨ ਵਿਚ

---

32 ਉਪਰੋਕਤ, ਮਨਮੋਹਨ ਸਿੰਘ (1988) *ਭਾਰਤੀ ਧਰਮ ਅਤੇ ਨੈਤਿਕਤਾ,* ਪੰ.49.

33 ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੫੮.

34 ਉਹੀ, ੪੮੬.

ਹੈ।"[35]

ਕਾਮ ਵਾਸ਼ਨਾ ਦੀ ਪ੍ਰਵਿਰਤੀ ਮਨੁੱਖ ਵਿਚ ਬਦੀ ਦੀਆਂ ਤਾਕਤਾਂ ਦੀ ਜੜ੍ਹ ਹੈ। ਗੁਰਬਾਣੀ ਵਿਚ ਗੌਤਮ ਰਿਸ਼ੀ ਦੀ ਪਤਨੀ ਇੰਦਰ ਦੇ ਰੂਪ ਨੂੰ ਦੇਖ ਕੇ ਡੋਲਣ ਵਾਲੇ ਦੇਵ ਰਾਜ ਇੰਦਰ ਦੀ ਕਾਮ ਪ੍ਰਵਿਰਤੀ ਅਧੀਨ ਕੀਤੇ ਕੁਕਰਮ ਦਾ ਦ੍ਰਿਸ਼ਟਾਂਤ ਇਸ ਪ੍ਰਕਾਰ ਆਇਆ ਹੈ;

ਗੋਤਮੁ ਤਪਾ ਅਹਿਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰੁ ਲੁਭਾਇਆ॥

ਸਹਸ ਸਰੀਰ ਚਿਹਨ ਭਗ ਹੂਏ ਤਾ ਮਨਿ ਪਛੋਤਾਇਆ॥[36]

ਕਾਮ ਦੇ ਮਾੜੇ ਨਤੀਜਿਆਂ ਕਾਰਨ ਮਨੁੱਖ ਕੋਲ ਪਛਤਾਵਾ ਹੀ ਰਹਿ ਜਾਂਦਾ ਹੈ। ਜੇਕਰ "ਸਰੀਰਕ ਇੰਦ੍ਰੀਆਵੀ ਇੱਛਾਵਾਂ, ਮਨੁੱਖ ਦੀਆਂ ਰੁਚੀਆਂ ਨੂੰ ਸੰਜਮ ਅਰਥਾਤ ਕਾਬੂ ਦੇ ਜ਼ਰੀਏ ਮਰਿਆਦਾ ਵਿਚ ਢਾਲਿਆ ਜਾਵੇ ਤਾਂ ਇਸੇ ਤਰੀਕੇ ਨਾਲ ਇਹ ਅਧਿਆਤਮਕ ਉਨਤੀ ਦੇ ਰਾਹ ਦਾ ਰੋੜਾ ਨਹੀਂ ਬਣ ਸਕਦੀਆਂ।"[37] ਕਾਮ ਦੀ ਪ੍ਰਵਿਰਤੀ 'ਤੇ ਨਿਰੰਤਰ ਕੰਟਰੋਲ ਕਰਨ ਵਾਲਾ ਸੂਰਮਾ ਹੁੰਦਾ ਹੈ। ਪਰੰਤੂ ਇਹ ਕਾਰਜ ਗੁਰੂ ਦੇ ਸ਼ਬਦ ਦੀ ਓਟ ਲਏ ਬਿਨਾਂ ਅੰਜਾਮ ਨਹੀਂ ਦਿੱਤਾ ਜਾ ਸਕਦਾ ਕਿਉਂਕਿ ਡੋਲਦੇ ਮਨ ਨੂੰ ਸਿਰਫ ਗੁਰੂ ਦਾ ਸ਼ਬਦ ਹੀ ਸਹਾਰਾ ਦੇ ਕੇ ਟਿਕਾਅ ਸਕਦਾ ਹੈ। ਕਾਮ ਦੇ ਹਮਲਿਆਂ ਤੋਂ ਬਚਣ ਲਈ ਯੋਧੇ ਦੀ ਸਿਖਲਾਈ ਜੰਗ ਦੇ ਮੈਦਾਨ ਵਿਚ ਨਹੀਂ, ਸਗੋਂ ਸਾਧ-ਸੰਗਤ ਵਿਚ ਹੁੰਦੀ ਹੈ ਅਤੇ ਇਹ ਪੂਰੀ ਵੀ ਸੰਗਤ ਵਿਚ ਹੀ ਹੁੰਦੀ ਹੈ;

ਤਵ ਭੈ ਬਿਮੁੰਚਿਤ ਸਾਧ ਸੰਗਮ ਓਟ ਨਾਨਕ ਨਾਰਾਇਣਹ॥[38]

ਭਾਵ ਇਸ ਦੀ ਮਾਰ ਤੋਂ ਉਹੀ ਬਚਦਾ ਹੈ, ਜੋ ਸਾਧ-ਸੰਗਤ ਨਾਲ ਜੁੜਦਾ ਹੈ ਅਤੇ ਅਕਾਲ ਪੁਰਖ ਦਾ ਆਸਰਾ ਲੈਂਦਾ ਹੈ। ਗੁਰਮਤਿ ਸਿਧਾਂਤਾਂ ਵਿਚ ਇਸ ਵੱਡੀ ਰੁਕਾਵਟ ਤੋਂ ਨਿਰਲੇਪ ਰਹਿਣ ਦੀ ਪ੍ਰੇਰਨਾ ਮਿਲਦੀ ਹੈ। ਇਸ ਪ੍ਰੇਰਨਾ ਨੇ ਸਿੱਖਾਂ ਦੇ ਕਿਰਦਾਰ ਨੂੰ ਸੱਚਾ-ਸੁੱਚਾ ਬਣਾਈ ਰੱਖਿਆ। ਕਾਮ ਤੋਂ ਅਗਲੀ ਰੁਕਾਵਟ ਕ੍ਰੋਧ ਹੈ।

### 1.2.2. ਕ੍ਰੋਧ

---

35 ਤੇਜਾ ਸਿੰਘ, ਗੰਡਾ ਸਿੰਘ (2006) *ਸਿੱਖ ਇਤਿਹਾਸ,* ਅਨੁ. ਭਗਤ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ, 8.

36 ਸ੍ਰੀ ਗੁਰੂ ਗ੍ਰੰਥ ਸਾਹਿਬ, 1344.

37 ਹਰਬੰਸ ਸਿੰਘ (1987) *ਦੇਗ ਤੇਗ ਫਤਹ,* ਆਲਮ ਹਾਉਸ, ਚੰਡੀਗੜ੍ਹ, ਪੰ.306.

38 ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੫੮.

ਕਰੋਧ ਦਾ ਮਾੜਾ ਪ੍ਰਭਾਵ ਮਤ ਨੂੰ ਦਿਸ਼ਾਹੀਣ ਕਰਦਾ ਹੈ। ਜਦੋਂ ਕਰੋਧ ਬੁੱਧੀ ਉੱਤੇ ਹਾਵੀ ਹੋ ਜਾਂਦਾ ਹੈ।

ਤਾਂ ਉਦੋਂ ਮਨੁੱਖ ਦੀ ਸੁਰਤਿ ਬਿਬੇਕ ਕੰਮ ਕਰਨ ਦੇ ਸਮਰੱਥ ਨਹੀਂ ਰਹਿੰਦੀ। "ਅਨੁਚਿਤ ਵਿਰੁੱਧ ਇਸ ਤੀਬਰ ਮਾਨਸਿਕ ਉਦਵੇਗ ਵਿਚ ਕੁਝ ਬਦਲੇ ਦੀ ਵੀ ਭਾਵਨਾ ਹੁੰਦੀ ਹੈ। ਕ੍ਰੋਧ ਨੂੰ ਦ੍ਵੈਖ ਦਾ ਹੀ ਇਕ ਭੇਦ ਮੰਨਿਆ ਹੈ ਜੋ ਪ੍ਰਤਿਰੋਧ ਆਦਿ ਦੇ ਮੁਕਾਬਲੇ ਛੇਤੀ ਨਸ਼ਟ ਹੋ ਜਾਂਦਾ ਹੈ।"[39] ਇਸ ਤੋਂ ਇਲਾਵਾ "ਰੋਹ ਵਿਚ ਆ ਜਾਣਾ, ਗੁੱਸੇ ਵਿਚ ਆ ਜਾਣਾ, ਕਰੋਪ ਹੋ ਜਾਣਾ, ਵੱਟ ਚੜ੍ਹ ਜਾਣ ਨੂੰ ਕ੍ਰੋਧ ਕਿਹਾ ਜਾਦਾ ਹੈ। ਕ੍ਰੋਧ ਦਾ ਮੂਲ ਹਉਮੈਂ ਹੈ। ਜਦੋਂ ਇਨਸਾਨ ਦੀ ਇੱਛਾ ਪੂਰੀ ਨਾ ਹੋਵੇ ਤਦ ਉਸ ਨੂੰ ਕ੍ਰੋਧ ਆਉਂਦਾ ਹੈ। ਅਹੰਕਾਰੀ ਪੁਰਸ਼ ਮਨ ਮਰਜ਼ੀ ਕਰਨ ਦਾ ਆਦੀ ਹੁੰਦਾ ਹੈ ਜਦੋਂ ਉਸ ਦੀ ਮਨ ਮਰਜ਼ੀ ਨਾ ਮੰਨੀ ਜਾਵੇ, ਉਹ ਕ੍ਰੋਧ ਧਾਰਨ ਕਰਦਾ ਹੈ।"[40] ਗੁਰਬਾਣੀ ਕ੍ਰੋਧ ਬਾਰੇ ਚਾਨਣਾ ਪਾਉਂਦੀ ਹੈ ਕਿ ਇਸਦੇ ਅਸਰ ਅਧੀਨ ਮਨੁੱਖ ਆਪਣਾ ਜੀਵਨ ਮਨੋਰਥ ਭੁਲਾ ਦਿੰਦਾ ਹੈ। ਜਦੋਂ ਵਿਅਕਤੀ ਅੰਦਰ ਕ੍ਰੋਧ ਵਰਗੇ ਬਲਸ਼ਾਲੀ ਦੁਸ਼ਮਣ ਦਾ ਪ੍ਰਭਾਵ ਪੈਂਦਾ ਹੈ, ਤਾਂ ਉਹ ਆਪਣੇ ਤੇ ਬੇਗਾਨੇ ਦੀ ਪਛਾਣ ਭੁੱਲ ਜਾਂਦਾ ਹੈ। ਕ੍ਰੋਧ ਮਨੁੱਖ ਨੂੰ ਆਪਣੇ ਵੱਸ 'ਚ ਕਰਕੇ ਵੱਡੇ ਅਪਰਾਧ ਕਰਵਾ ਲੈਂਦਾ ਹੈ ਅਤੇ ਜੀਵਨ ਭਰ ਪਛਤਾਵੇ ਤੋਂ ਸਿਵਾਏ ਕੁਝ ਨਹੀਂ ਦਿੰਦਾ। "ਬੀਰਤਾ ਸਦਾ ਜ਼ੋਰ ਨਾਲ ਉਪਦੇਸ਼ ਹੀ ਨਹੀਂ ਕਰਦੀ, ਕਦੇ ਕਦੇ ਹਿਰਦੇ ਦੀ ਕੋਮਲਤਾਈ ਨੂੰ ਭੀ ਜ਼ਾਹਰ ਕਰਦੀ ਹੈ। ਅਜਿਹੀ ਕੋਮਲਤਾ ਦੇਖ ਕੇ ਸਾਰੀ ਕੁਦਰਤ ਕੋਮਲ ਹੋ ਜਾਂਦੀ ਹੈ।"[41] ਕ੍ਰੋਧ ਵਿਚ ਆ ਕੇ ਮਨੁੱਖ ਆਪਣਾ ਜੀਵਨ ਝਗੜੇ ਵਿਚ ਪਾ ਕੇ ਆਪਣੇ ਆਪ ਨੂੰ ਹੀ ਨਸ਼ਟ ਕਰ ਲੈਂਦਾ ਹੈ। ਕ੍ਰੋਧ ਮਨੁੱਖੀ ਜੀਵਨ ਨੂੰ ਕਾਮ ਵਾਂਗ ਹੀ ਨਸ਼ਟ ਕਰਦਾ ਹੈ। ਇਹ ਦੋਵੇਂ ਮਨੁੱਖੀ ਤਨ ਤੇ ਮਨ ਨਾਲ ਹਰ ਰੋਜ਼ ਯੁੱਧ ਕਰਦੇ ਹਨ;

ਕਾਮ ਕਰੋਧੁ ਨਗਰ ਮਹਿ ਸਬਲਾ ਨਿਤ ਉਠਿ ਉਠਿ ਜੂਝੁ ਕਰੀਜੈ ॥[42]

ਹਰੇਕ ਵਿਕਾਰ ਬਹੁਤ ਬਲਸ਼ਾਲੀ ਹੈ। ਜਿਨ੍ਹਾਂ ਦਾ ਸਾਹਮਣਾ ਕਰਨਾ ਆਮ ਮਨੁੱਖ ਦੇ ਵੱਸ ਦਾ ਨਹੀਂ। ਕਾਮ ਅਤੇ ਕ੍ਰੋਧ ਇਸ ਜਗਤ ਵਿਚ ਬੜੇ ਸ਼ਕਤੀਸ਼ਾਲੀ ਹਨ ਜੋ ਮਨੁੱਖ ਨੂੰ ਆਤਮਿਕ ਤੌਰ 'ਤੇ ਮਾਰ

---

39 ਸਿਆਮ ਸੁੰਦਰ ਦਾਸ, ਸੰਪਾ. (1681) *ਹਿੰਦੀ ਸ਼ਬਦ ਸਾਗਰ,* ਭਾਗ-2, ਕੇਂਦਰੀ ਹਿੰਦੀ ਨਿਦੇਸ਼ਾਲਾ, ਵਾਰਾਣਸੀ, ਪੰ.1090.

40 ਸੰਤਾ ਸਿੰਘ ਤਾਤਲੇ, ਉਪਰੋਕਤ, *ਗੁਰਬਾਣੀ ਤੱਤ ਸਾਗਰ,* ਪੰ.426.

41 ਮੋਹਨ ਸਿੰਘ ਵੈਦ, ਉਪਰੋਕਤ, *ਧੀਰਜ ਅਤੇ ਸੱਚੀ ਸੂਰਬੀਰਤਾ,* ਪੰ.18.

42 ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੨੫.

ਦਿੰਦੇ ਹਨ;

ਕਾਮ ਕ੍ਰੋਧ ਸਬਲ ਸੰਸਾਰਾ॥ ਬਹੁ ਕਰਮ ਕਮਾਵਹਿ ਸਭੁ ਦੁਖ ਕਾ ਪਾਸਾਰਾ॥[43]

ਕ੍ਰੋਧਵਾਨ ਵਿਅਕਤੀ ਕਦੇ ਸੂਰਬੀਰ ਨਹੀਂ ਹੋ ਸਕਦਾ ਕਿਉਕਿ ਕ੍ਰੋਧ ਹਮੇਸ਼ਾਂ ਅਕਲ ਨੂੰ ਆਪਣੇ ਵਸ ਵਿਚ ਕਰਕੇ ਸਰੀਰਕ ਤਾਕਤ ਦੇ ਰੁਖ ਨੂੰ ਪਤਨ ਵਲ ਲੈ ਜਾਂਦਾ ਹੈ। ਵਿਅਕਤੀ ਦੀ ਆਤਮਕ ਅਵਸਥਾ ਦੀ ਅਸਥਿਰਤਾ ਦਾ ਇੱਕ ਕਾਰਨ ਕ੍ਰੋਧ ਵੀ ਹੈ ਇਸ ਲਈ ਕ੍ਰੋਧ ਨੂੰ ਕਾਬੂ ਕਰਨਾ ਅਧਿਆਤਮਕ ਸੂਰਬੀਰਤਾ ਦਾ ਹੀ ਕਾਰਜ ਹੈ।

**1.2.3 ਲੋਭ**

ਕਾਮ ਅਤੇ ਕ੍ਰੋਧ ਤੋਂ ਬਾਅਦ ਲੋਭ ਵੀ ਵਿਸ਼ੇ ਵਿਕਾਰਾਂ ਦਾ ਪ੍ਰਬਲ ਉਤੇਜਕ ਹੈ। ਵੱਡੇ ਤੋਂ ਵੱਡਾ ਤਾਕਤਵਰ ਜਾਂ ਚਲਾਕ ਮਨੁੱਖ ਵੀ ਲੋਭ ਵਸ ਹੋ ਕੇ ਸੰਕਟ ਵਿਚ ਫਸ ਜਾਂਦਾ ਹੈ। ਯੋਧੇ ਲੋਭ ਨਾਲ ਠੱਗੇ ਜਾਂਦੇ ਹਨ। ਉਦਾਹਰਨ ਵਜੋਂ ਬਾਂਦਰ ਜਿਹਾ ਚੁਸਤ ਚਲਾਕ ਵੀ ਲੋਭ ਕਾਰਨ ਫੜਿਆ ਜਾਂਦਾ ਹੈ ਅਤੇ ਫਿਰ ਮਦਾਰੀ ਦੀ ਡੁਗਡੁਗੀ ਉੱਪਰ ਨੱਚਣ ਲਈ ਮਜਬੂਰ ਹੋ ਜਾਂਦਾ ਹੈ।

ਜਿਉ ਕਪਿ ਕੇ ਕਰ ਮੁਸਟਿ ਚਨਨ ਕੀ ਲੁਬਧਿ ਨ ਤਿਆਗੁ ਦਇਓ॥

ਜੋ ਜੋ ਕਰਮ ਕੀਏ ਲਾਲਚ ਤੇ ਸਿਉ ਤੇ ਫਿਰਿ ਗਰਹਿ ਪਰਿਓ॥[44]

ਮਨ ਦੀ ਪ੍ਰਵਿਰਤੀ ਵਿਚ ਅਸਥਿਰਤਾ ਪੈਦਾ ਕਰਨ ਵਿਚ ਲੋਭ ਅਹਿਮ ਭੂਮਿਕਾ ਨਿਭਾਉਂਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ "ਦੂਸਰੇ ਦਾ ਪਦਾਰਥ ਲੈਣ ਦੀ ਇੱਛਾ" [45] ਨੂੰ ਲੋਭ ਕਿਹਾ ਹੈ। ਇਸੇ ਤਰ੍ਹਾਂ "ਇਹ ਹੋਰਨਾਂ ਪਦਾਰਥਾਂ ਨੂੰ ਪ੍ਰਾਪਤ ਕਰਨ ਦੀ ਕਾਮਨਾ ਹੈ। ਜੈਨ ਦਰਸ਼ਨ ਵਿਚ ਲੋਭ ਉਨ੍ਹਾਂ ਮਨਮੋਹਣੇ ਪਦਾਰਥਾਂ ਨੂੰ ਕਿਹਾ ਗਿਆ ਹੈ ਜੋ ਮਨੁੱਖ ਦੇ ਤਿਆਗ ਨੂੰ ਭੰਗ ਕਰਦੇ ਹਨ।"[46] ਗੁਰਬਾਣੀ 'ਚ ਲੋਭ ਦੀ ਤੁਲਨਾ ਲਈ ਹਲ਼ਕੇ ਕੁੱਤੇ ਦਾ ਦ੍ਰਿਸ਼ਟਾਂਤ ਦਿੱਤਾ ਹੈ;

ਲੋਭ ਲਹਰਿ ਸਭੁ ਸੁਆਨੁ ਹਲਕੁ ਹੈ ਹਲਕਿਓ ਸਭਹਿ ਬਿਗਾਰੇ॥

---

43 ਉਹੀ, ੧੦੯੦.

44 ਉਹੀ, ੩੩੬.

45 ਭਾਈ ਕਾਨ੍ਹ ਸਿੰਘ ਨਾਭਾ, ਉਪਰੋਕਤ, *ਮਹਾਨ ਕੋਸ਼, ਪੰ.*805.

46 ਉਪਰੋਕਤ *ਹਿੰਦੀ ਸ਼ਬਦ ਸਾਗਰ, ਭਾਗ 8,* ਪੰ.4333.

ਮੇਰੇ ਠਾਕੁਰ ਕੈ ਦੀਬਾਨਿ ਖਬਰਿ ਹੋਈ ਗੁਰਿ ਗਿਆਨੁ ਖੜਗੁ ਲੈ ਮਾਰੇ॥[47]

ਲੋਭ ਤੋਂ ਬਚਣ ਲਈ ਗੁਰਬਾਣੀ ਵਿਚ ਬਾਂਦਰ ਵਾਂਗ ਤੋਤੇ ਦੀ ਮਿਸਾਲ ਵੀ ਦਿੱਤੀ ਗਈ ਹੈ। ਜੋ ਲਾਲਚ ਵਸ ਹੋ ਕੇ ਹਮੇਸ਼ਾ ਹੀ ਪਿੰਜਰੇ ਵਿਚ ਕੈਦੀ ਹੋ ਕੇ ਰਹਿ ਜਾਂਦਾ ਹੈ;

ਜਿਉ ਨਲਨੀ ਸੂਅਟਾ ਗਹਿਓ ਮਨ ਬਉਰਾ ਰੇ ਮਾਯਾ ਇਹ ਬਿਉਹਾਰ॥[48]

ਅਜਿਹੇ ਗੁਰਮਤਿ ਸਿਧਾਤਾਂ ਤੋਂ ਸੇਧ ਲੈ ਕੇ ਖਾਲਸੇ ਨੇ ਆਪਣੇ ਜੀਵਨ ਵਿਚ ਅਧਿਆਤਮਕ ਸੂਰਬੀਰਤਾ ਨੂੰ ਬਣਾਈ ਰੱਖਿਆ। ਲਾਲਚ ਦੀ ਭਾਵਨਾ ਤੋਂ ਨਿਰਲੇਪ ਹੋਣਾ ਅਤਿ ਕਠਿਨ ਕਾਰਜ ਹੈ ਕਿਉਂਕਿ ਪਦਾਰਥਾਂ ਦੀ ਖਿੱਚ ਕਾਰਨ ਮਨੁੱਖੀ ਮਨ ਉਤੇ ਅਜਿਹਾ ਪ੍ਰਭਾਵ ਪੈਂਦਾ ਹੈ ਕਿ ਵਿਅਕਤੀ ਦਾ ਆਤਮਕ ਪੱਧਰ ਨੀਵਾਂ ਹੋ ਜਾਂਦਾ ਹੈ।

### 1.2.4. ਮੋਹ

ਮੋਹ ਅਰਥਾਤ, ਸਰੀਰ ਤੇ ਸੰਸਾਰਿਕ ਪਦਾਰਥਾਂ ਨੂੰ ਆਪਣਾ ਜਾਂ ਸੱਚ ਸਮਝਣ ਵਾਲੀ ਭਾਵਨਾ, ਦੁਖ-ਪ੍ਰਦਾਇਕ ਸਮਝੀ ਜਾਂਦੀ ਹੈ।"[49] ਸੁਆਮੀ ਰਾਮ ਕ੍ਰਿਸ਼ਨ ਅਨੁਸਾਰ, "ਇੰਦ੍ਰੀਯ ਆਨੰਦ ਦਾ ਭਰਮਿਆ ਮਨੁੱਖ ਜਦੋਂ ਸੰਸਾਰਿਕ ਸੁਖਾਂ ਨੂੰ ਆਪਣਾ ਉਦੇਸ਼ ਮੰਨ ਲੈਂਦਾ ਹੈ ਤਾਂ ਮੋਹ ਦੀ ਭਾਵਨਾ ਪੈਦਾ ਹੁੰਦੀ ਹੈ।"[50] ਮਨੁੱਖੀ ਮਨ ਦਾ ਕਿਸੇ ਚੀਜ਼ ਪ੍ਰਤੀ ਜ਼ਿਆਦਾ ਲਗਾਉ ਹੋਣਾ ਮੋਹ ਹੈ। ਉਹ ਨਿਰਜੀਵ ਅਤੇ ਜੀਵਤ ਕਿਸੇ ਵੀ ਪ੍ਰਕਾਰ ਦੀਆਂ ਵਸਤੂਆਂ ਨਾਲ ਹੋ ਸਕਦਾ ਹੈ। ਇਹ ਲਗਾਉ ਮਨੁੱਖੀ ਮਨੋਰਥ ਦੇ ਪੂਰਾ ਹੋਣ ਵਿਚ ਰੁਕਾਵਟ ਬਣਦਾ ਹੈ ਤੇ ਮਨੁੱਖ ਨੂੰ ਸ਼ਕਤੀਹੀਣ ਕਰਦਾ ਹੈ। ਪ੍ਰੇਮ ਇਕ ਮਹਾਨ ਸ਼ਕਤੀ ਹੈ। ਪ੍ਰੇਮ ਨੂੰ ਅਕਾਲ ਪੁਰਖ ਦੀ ਪ੍ਰਾਪਤੀ ਦਾ ਜ਼ਰੀਆ ਤਾਂ ਹੈ ਹੀ ਸਗੋਂ ਪ੍ਰੇਮ ਨੂੰ ਖੁਦ ਅਕਾਲ ਪੁਰਖ ਵੀ ਕਿਹਾ ਗਿਆ ਹੈ। ਮੋਹ ਉਹ ਪਿਆਰ ਹੈ ਜੋ ਸ਼ਕਤੀ ਨਾ ਬਣ ਕੇ ਸਗੋਂ ਇਕ ਰੁਕਾਵਟ ਜਿਹੀ ਬਣ ਜਾਂਦਾ ਹੈ। ਮੋਹ ਇਕ ਵਿਸ਼ੇਸ਼ ਸੀਮਾ ਤਕ ਜਾਇਜ਼ ਹੈ। ਜਦੋਂ ਮੋਹ ਅਸੀਮ ਹੋ ਜਾਂਦਾ ਹੈ ਤਾਂ ਇਹ

---

47 ਸ੍ਰੀ ਗੁਰੂ ਗ੍ਰੰਥ ਸਾਹਿਬ, ੯੮੩.

48 ਉਹੀ, ੩੩੬.

49 ਉਪਰੋਕਤ, *ਹਿੰਦੀ ਸ਼ਬਦ ਸਾਗਰ,* ਭਾਗ 8, ਪੰ.4037.

50 Swami Rama Krishnanda (1948) *For Thinkers on Education,* Shri Rama Krishan Math, Madras, p.125.

ਮਾਇਆ ਦਾ ਰੂਪ ਧਾਰ ਲੈਂਦਾ ਹੈ। ਗੁਰਬਾਣੀ ਅਨੁਸਾਰ ਮਾਇਆ ਦੇ ਪ੍ਰਭਾਵ ਕਾਰਨ ਵਾਹਿਗੁਰੂ ਵਿਸਰ ਜਾਂਦਾ ਹੈ। ਵਸਤਾਂ ਤੇ ਸੁੱਖ ਸੁਵਿਧਾਵਾਂ ਗੁਰਮੁਖ ਤੇ ਮਨਮੁਖ ਇੱਕੋ ਜਿਹੀਆਂ ਭੋਗਦੇ ਹਨ। ਗੁਰਮੁਖ ਲਈ ਇਹ ਸਾਹਿਬ ਦੀਆਂ ਦਿੱਤੀਆਂ ਹੋਈਆਂ ਦਾਤਾਂ ਹਨ। ਮਨਮੁਖ ਲਈ ਇਹ ਮਾਇਆ ਹੈ। ਮਾਇਆ, ਮਮਤਾ, ਅਗਿਆਨ ਤੇ ਅੰਧਕਾਰ ਬਰਾਬਰ ਹਨ। ਇਸਨੂੰ ਅੰਧ ਗੁਬਾਰ ਵੀ ਕਿਹਾ ਗਿਆ ਹੈ। ਮੋਹ ਦਾ ਸੁਭਾਅ ਬਿਲਕੁਲ ਇਸੇ ਪ੍ਰਕਾਰ ਹੈ। ਗੁਰਬਾਣੀ ਵਿਚ ਮੋਹ ਅਜਿੱਤ ਸੂਰਮਾ ਆਖਿਆ ਹੈ। ਭਾਵ ਨਾ ਜਿੱਤੇ ਜਾਣ ਵਾਲੇ ਸੂਰਮੇ ਤੇ ਅਨੇਕਾਂ ਮਹਾਂ ਬਲੀਆਂ ਨੂੰ ਮਲ ਦੇਣ ਵਾਲਾ ਹੈ। ਇਹ ਮਨੁੱਖ, ਪਸ਼ੂ, ਪੰਛੀ ਇਨ੍ਹਾਂ ਸਭਨਾਂ ਨੂੰ ਮੋਹ ਲੈਣ ਵਾਲਾ ਹੈ;

ਹੇ ਅਜਿਤ ਸੂਰ ਸੰਗ੍ਰਾਮੰ ਅਤਿ ਬਲਨਾ ਬਹੁ ਮਰਦਨਹ॥

ਗਣ ਗੰਧਰਬ ਦੇਵ ਮਨੁਖੵੰ ਪਸੁ ਪੰਖੀ ਬਿਮੋਹਨਹ॥[51]

ਗੁਰਬਾਣੀ ਮਨੁੱਖ ਨੂੰ ਲੋਭ ਮੁਕਤ ਕਰਦੀ ਹੈ। ਗੁਰਬਾਣੀ ਦੇ ਪ੍ਰਭਾਵ ਵਿਚ ਜੀਵ ਇਸ 'ਤੇ ਕਾਬੂ ਪਾਉਣ ਦੇ ਸਮਰੱਥ ਹੋ ਜਾਂਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਧਰਮ ਦੀ ਖਾਤਰ ਆਪਣਾ ਸਾਰਾ ਪਰਿਵਾਰ ਵਾਰ ਦੇਣ ਉਪਰੰਤ ਵੀ ਉਹ ਆਪਣੇ ਮਕਸਦ ਵਿਚ ਕਾਮਯਾਬ ਹੋ ਕੇ ਅਕਾਲ ਪੁਰਖ ਨਾਲ ਇਕਸੁਰ ਰਹੇ ਇਹ ਸਰਬੋਤਮ ਉਦਾਹਰਨ ਹੈ ਮੋਹ ਮੁਕਤ ਹੋਣ ਦੀ। ਉਹ ਅਨੰਦਪੁਰ ਦੇ ਸੁਖੀ ਜੀਵਨ ਅਤੇ ਮਾਛੀਵਾੜੇ ਦੇ ਜੰਗਲਾਂ ਵਿਚ ਇਕ ਸਮਾਨ ਵਿਚਰੇ।

### 1.2.5. ਅਹੰਕਾਰ

ਅਧਿਅਤਮਕਤਾ ਦਾ ਮੁਖ ਉਦੇਸ਼ ਸਤਿ-ਚਿਤ ਅਕਾਲ ਪੁਰਖ ਨਾਲ ਇਕਸੁਰ ਹੋਣਾ ਹੈ ਜਿਸਦੀ ਪੂਰਤੀ ਲਈ ਸੱਚਾ ਸੂਰਮਾ ਅਧਿਆਤਮਕ ਗਿਆਨ ਲਈ ਹਮੇਸ਼ਾ ਯਤਨਸ਼ੀਲ ਰਹਿੰਦਾ ਹੈ। "ਜੇ ਸੁਰਤਿ ਪ੍ਰਭੂ ਚਰਨਾਂ ਨਾਲ ਇਕਸੁਰ ਤੇ ਪੂਰੀ ਤਰਾਂ ਜੁੜੀ ਹੋਵੇ ਤਾਂ ਉਸ ਵਿਚ ਸਉਂਪ ਜਾਂ ਸਮਰਪਣ ਦੀ ਭਾਵਨਾ ਪ੍ਰਧਾਨ ਹੁੰਦੀ ਹੈ। ਮੈਂ ਜਾਂ ਹਉਂ ਦਾ ਪ੍ਰਗਟਾਵਾ ਬਿਲਕੁਲ ਨਹੀਂ ਹੁੰਦਾ। ਮੈਂ ਜਾਂ ਹਉਂ ਦਾ ਪ੍ਰਗਟਾਵਾ ਨਿਰੋਲ ਸੰਸਾਰੀ ਹੈ ਤੇ ਸਉਂਪ ਜਾਂ ਸਮਰਪਣ ਦੀ ਭਾਵਨਾ ਸੁੱਧ ਰੂਪ ਵਿਚ ਅਧਿਆਤਮਕ ਹੈ।"[52] ਅਧਿਆਤਮਕ ਸੂਰਮਾ ਆਪਣੇ ਮਨ ਵਿਚ ਅਹੰਕਾਰ ਨੂੰ ਦੂਰ ਕਰਕੇ ਆਪਣੇ ਇਸ਼ਟ ਨੂੰ

---

51 ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੫੮.

52 ਜੋਗਿੰਦਰ ਸਿੰਘ (1986) *ਜਿਨ੍ਹੀ ਧਰਮ ਨਹੀ ਹਾਰਿਆ,* ਪ੍ਰੀਤ ਪ੍ਰਕਾਸ਼ਨ, ਦਿੱਲੀ, ਪੰ.9.

ਸਮਰਪਤ ਰਹਿੰਦਾ ਹੈ।

ਅਹੰਕਾਰ, ਅਹੰ, ਅਹੰਮੇਵ, ਅਹੰਬੁੱਧ, ਹਊਮੈ ਸਭਨਾਂ ਦਾ ਇੱਕੋ ਭਾਵ ਹੈ। "ਅਹੰਕਾਰ ਵੇਦਾਂਤ ਮਤਿ ਅਨੁਸਾਰ ਅੰਤਹਕਰਣ ਦਾ ਉਹ ਭੇਦ ਹੈ ਜਿਸਦਾ ਵਿਸ਼ਾ ਹਉਮੈਂ ਹੈ ਤੇ ਜਿਸ ਕਾਰਨ ਮੋਹ ਤੇ ਮਮਤਾ ਦੀ ਭਾਵਨਾ ਉਪਜਦੀ ਹੈ।"[53] ਮਨੁੱਖ ਜਦੋਂ ਆਪਣੇ ਆਪ ਉੱਤੇ ਹੀ ਕੇਂਦਰਿਤ ਜਿਹਾ ਹੋ ਕੇ ਰਹਿ ਜਾਂਦਾ ਹੈ ਅਤੇ ਕਿਸੇ ਨੂੰ ਕੁਝ ਨਹੀਂ ਸਮਝਦਾ, ਇਹ ਹਉਮੈਂ ਦੀ ਅਵਸਥਾ ਹੈ। ਹਉਂ ਦਾ ਮਤਲਬ ਵੀ ਮੈਂ ਹੈ ਅਤੇ ਮੈਂ ਤਾਂ ਮੈਂ ਹੀ ਹੈ। ਜਦੋਂ ਮਨ ਦੀ ਦਸ਼ਾ ਇੰਜ ਦੀ ਬਣ ਜਾਏ ਕਿ ਆਪਣੇ ਤੋਂ ਇਲਾਵਾ ਕਿਸੇ ਨੂੰ ਕੁਝ ਸਮਝਿਆ ਹੀ ਨਾ ਜਾਏ, ਸਭਨਾਂ ਨੂੰ ਆਪਣੇ ਹੇਠ ਮੰਨਿਆ ਜਾਏ, ਤਾਂ ਸਮਝਣਾ ਚਾਹੀਦਾ ਹੈ ਕਿ ਅਹੰਕਾਰ ਨੇ ਮਨ ਤੇ ਬੁਧਿ ਨੂੰ ਗ੍ਰਸਿਆ ਹੋਇਆ ਹੈ। "ਆਧੁਨਿਕ ਮਨੁੱਖ ਹਉਮੈਂ ਵਿਚ ਗ੍ਰਸਤ ਹੋ ਕੇ ਹੁਕਮ ਨੂੰ ਸਮਝਣ ਲਈ ਯਤਨ ਕਰਨ ਦੀ ਬਜਾਇ ਆਪਣੇ 'ਮਿਥੇ ਸੱਚ' ਦੇ ਚੱਕਰਾਂ ਵਿਚ ਫਸ ਜਾਂਦਾ ਹੈ।"[54] ਅਜਿਹੀ ਹਾਲਤ ਵਿਚ ਮਨੁੱਖ ਨੂੰ ਰੱਬ ਵੀ ਚੇਤੇ ਨਹੀਂ ਰਹਿੰਦਾ। ਕ੍ਰਮ ਅਨੁਸਾਰ ਅਹੰਕਾਰ ਨੂੰ ਅਖੀਰ ਵਿਚ ਲਿਆ ਗਿਆ ਹੈ। ਇਹ ਮਨ ਅਤੇ ਅੰਦਰਲੇ ਸਦਗੁਣਾਂ ਨੂੰ ਨਕਾਰਾ ਕਰ ਦਿੰਦਾ ਹੈ। ਅਹੰਕਾਰੀ ਮਨੁੱਖ ਦੀ ਗੱਲਬਾਤ ਵਿਚੋਂ ਹੀ ਇਹ ਡੁੱਲ ਡੁੱਲ ਪੈਂਦਾ ਹੈ ਪਰ ਘਾਤ ਤੇ ਨੁਕਸਾਨ ਲਗਾਤਾਰ ਅੰਦਰ ਹੀ ਅੰਦਰ ਕਰਦਾ ਰਹਿੰਦਾ ਹੈ। ਪਰ ਇਹ ਬੜਾ ਜ਼ਾਲਿਮ ਤੇ ਜਾਨ-ਲੇਵਾ ਹੈ। ਇਸ ਨੂੰ ਗੁਰਬਾਣੀ ਨੇ ਦੀਰਘ ਰੋਗ ਕਰਕੇ ਵੀ ਆਖਿਆ ਹੈ। ਇਹ ਵੀ ਕਿਹਾ ਗਿਆ ਹੈ ਕਿ ਜੀਵ ਵਿਚ ਹਉਮੈਂ ਦਾ ਔਗੁਣ ਅਕਾਲ ਪੁਰਖ ਨੇ ਆਪ ਹੀ ਪਾਇਆ ਹੈ ਅਤੇ ਇਹ ਵੀ ਕਿਹਾ ਹੈ ਕਿ ਇਸ ਮਾਰੂ ਰੋਗ ਦਾ ਇਲਾਜ ਵੀ ਅਕਾਲ ਪੁਰਖ ਨੇ ਮਨੁੱਖ ਦੇ ਅੰਦਰ ਹੀ ਪਾ ਦਿੱਤਾ ਹੈ। ਗੁਰੂ ਦੇ ਸ਼ਬਦ ਦੀ ਕਮਾਈ ਨਾਲ ਮਨੁੱਖ ਅੰਦਰੋਂ ਹੰਕਾਰ ਦੀ ਮੈਲ ਧੋਤੀ ਜਾਂਦੀ ਹੈ;

ਹਊਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ॥
ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ॥[55]

ਨਾਲ ਇਹ ਵੀ ਦੱਸਿਆ ਗਿਆ ਹੈ ਕਿ ਹੰਕਾਰ ਅਤੇ ਨਾਮ ਦਾ ਆਪਸ ਵਿਚ ਵਿਰੋਧ ਹੈ ਅਤੇ ਇਹ

---

53 ਭਾਈ ਕਾਨ੍ਹ ਸਿੰਘ ਨਾਭਾ, ਉਪਰੋਕਤ, *ਮਹਾਨ ਕੋਸ਼,* ਪੰ.205.

54 ਗੁਰਮੀਤ ਸਿੰਘ ਸਿੱਧੂ (2008 ) *ਸਿੱਖ ਪਛਾਣ ਵਿਚ ਕੇਸਾਂ ਦਾ ਮਹੱਤਵ,* ਅਦਬ ਪ੍ਰਕਾਸ਼ਨ, ਪਟਿਆਲਾ, ਪੰ.3.

55 ਸ੍ਰੀ ਗੁਰੂ ਗ੍ਰੰਥ ਸਾਹਿਬ, ੪੬੬.

ਇੱਕ ਥਾਂ ਨਹੀਂ ਵੱਸਦੇ ਸੋ ਸਤਿਗੁਰੂ ਦੀ ਸ਼ਰਨ ਵਿਚ ਪੈ ਕੇ ਅਤੇ ਉਸਦੀ ਸੇਵਾ ਕਰਕੇ ਹੀ ਹਉਮੈਂ ਅੰਦਰੋਂ ਦੂਰ ਹੁੰਦੀ ਹੈ।

ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥

ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ॥[56]

ਹਊਮੈ ਵੀ ਹੰਕਾਰ ਦਾ ਇਕ ਰੂਪ ਹੈ ਜੋ ਮਨੁੱਖੀ ਮਨ ਅੰਦਰ ਪੈਦਾ ਹੋਣ ਵਾਲੀ ਹਰ ਬੁਰਾਈ ਦੀ ਜੜ੍ਹ ਵਾਂਗ ਹੁੰਦਾ ਹੈ। ਅਹੰਕਾਰ ਵਿਅਕਤੀ ਨੂੰ ਜਨਮ ਮਰਨ ਦੇ ਗੇੜ ਵਿਚ ਪਾਉਂਦਾ ਹੈ। ਗੁਰਬਾਣੀ ਅਹੰਕਾਰ 'ਤੇ ਕਾਬੂ ਪਾਉਣ ਵਾਲੇ ਨੂੰ ਸੂਰਮਾ ਮੰਨਦੀ ਹੈ;

ਅਹੰਕਾਰਿ ਮੁਏ ਸੇ ਵਿਗਤੀ ਗਏ ਮਰਿ ਜਨਮਹਿ ਫਿਰਿ ਆਵਹਿ॥[57]

ਨਾਨਕ ਸੋ ਸੂਰਾ ਵਰਿਆਮੁ ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ॥[58]

ਅਹੰਕਾਰ ਤੋਂ ਸੁਤੰਤਰ ਹੋਣਾ ਬਹਾਦਰੀ ਦਾ ਪ੍ਰਮਾਣ ਹੈ, ਇਸ ਤੋਂ ਅਵੇਸਲੇ ਵਿਅਕਤੀਆਂ ਨੂੰ ਜਾਗ੍ਰਿਤ ਹੋਣ ਬਾਰੇ ਪ੍ਰੋ. ਪੂਰਨ ਸਿੰਘ ਲਿਖਦੇ ਹਨ, "ਜਗਿਆਸੂਓ! ਜਾਗੋ ਅਤੇ ਪੂਰਾ ਧਿਆਨ ਲਗਾ ਕੇ ਆਪਣੀ ਜੀਵ ਆਤਮਾ ਨੂੰ ਗ਼ਫ਼ਲਤ ਦੀ ਨੀਂਦ ਤੋਂ ਜਗਾਓ। ਬੀਰ ਯੋਧਿਆਂ ਸਮਾਨ ਹਉਮੈਂ ਦੇ ਕਿਲ੍ਹੇ ਉੱਤੇ ਵਾਰ ਵਾਰ ਹੱਲੇ ਕਰੋ ਅਤੇ ਇਸ ਨੂੰ ਸਰ ਕਰਨ ਦਾ ਯਤਨ ਕਰੋ, ਤੁਸੀਂ ਇਸ ਵਿਚ ਸਫਲ ਹੋ ਜਾਓਗੇ ਤੇ ਤੁਹਾਨੂੰ ਆਤਮਿਕ ਸੁਤੰਤਰਤਾ ਪ੍ਰਾਪਤ ਹੋ ਜਾਵੇਗੀ।"[59] ਜੋ ਵਿਅਕਤੀ ਹੰਕਾਰ ਦੇ ਵੱਸ ਹੋ ਕੇ ਕਰਮ ਕਰੇ ਉਹ ਸੂਰਮਾ ਨਹੀਂ ਹੋ ਸਕਦਾ, ਕਿਉਂਕਿ ਹੰਕਾਰ ਵੀ ਮਨੁੱਖ ਨੂੰ ਆਪਣੇ ਵੱਸ 'ਚ ਕਰਕੇ ਦੁੱਖ ਦਿੰਦਾ ਹੈ;

ਸੂਰੇ ਏਹਿ ਨ ਆਖੀਅਹਿ ਅਹੰਕਾਰਿ ਮਰਹਿ ਦੁਖੁ ਪਾਵਹਿ॥

ਅੰਧੇ ਆਪੁ ਨ ਪਛਾਣਨੀ ਦੂਜੈ ਪਚਿ ਜਾਵਹਿ॥[60]

---

56 ਉਹੀ, ੫੬੦.

57 ਉਹੀ, ੧੦੮੯.

58 ਉਹੀ, ੮੬.

59 ਪੂਰਨ ਸਿੰਘ, ਉਪਰੋਕਤ, *ਸਿੱਖੀ ਦੀ ਆਤਮਾ*, ਪੰ.110.

60 ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੮੯.

ਭਾਈ ਸਾਹਿਬ ਰਣਧੀਰ ਸਿੰਘ ਵੀ ਸੱਚੀ ਸੂਰਮਤਾਈ ਦੇ ਅਸਲ ਪਾਤਰ ਬਾਰੇ ਲਿਖਦੇ ਹਨ, "ਅਸਲ ਸੂਰਮੇ ਉਹ ਹਰਗਿਜ਼ ਨਹੀਂ ਕਹਾ ਸਕਦੇ ਜੋ ਮਨ ਦੇ ਹੰਕਾਰ ਕਰਕੇ ਲੜ ਭਿੜ ਮਰਦੇ ਹਨ। ਨਿਸ਼ਕਾਮ ਸੂਰਮਤਾਈ ਸੱਚੀ ਸੂਰਮਤਾਈ ਕੇਵਲ ਗੁਰਮੁਖ ਜਨਾਂ ਦੀ ਆਤਮਾ ਅੰਦਰ ਹੀ ਹੋ ਸਕਦੀ ਹੈ।"[61] ਸੂਰਮਾ ਹਉਮੈਂ ਤੋਂ ਨਿਰਲੇਪ ਰਹਿੰਦਾ ਹੈ ਰਤਨ ਸਿੰਘ ਜੱਗੀ ਹਉਮੈਂ ਬਾਰੇ ਲਿਖਦਾ ਹੈ, "ਹਉਮੈਂ ਅਸਲ ਵਿਚ ਸੰਸਕ੍ਰਿਤ ਦੇ ਅਹੰਕਾਰ ਸ਼ਬਦ ਦੇ ਭਾਵ ਦਾ ਸੂਚਕ ਹੈ। ਫਲਸਫੇ ਦੀ ਭਾਸ਼ਾ ਵਿਚ ਹਉਮੈਂ ਇਕ ਮਨੋਵ੍ਰਿੱਤੀ ਜਾਂ ਮਨੋ ਵਿਕਾਰ ਹੈ ਜੋ ਕਾਮ, ਕ੍ਰੋਧ, ਲੋਭ, ਮੋਹ, ਦੇ ਨਾਲ ਆਉਂਦਾ ਹੈ।"[62] ਇਹ ਹਉਮੈਂ ਆਦਰਸ਼ਾਂ ਦੀ ਪੂਰਤੀ ਲਈ ਵੱਡੀ ਰੁਕਾਵਟ ਹੈ ਕਿਉਂਕਿ "ਅਧੁਨਿਕ ਮਨੁੱਖ ਹਉਮੈਂ ਵਿਚ ਗ੍ਰਸਤ ਹੋ ਕੇ ਹੁਕਮ ਦੇ ਸੱਚ ਨੂੰ ਸਮਝਣ ਲਈ ਯਤਨ ਕਰਨ ਦੀ ਬਜਾਇ ਆਪਣੇ ਮਿਥੇ ਸੱਚ ਦੇ ਚੱਕਰਾਂ ਵਿਚ ਫਸ ਜਾਂਦਾ ਹੈ।[63]" ਗੁਰਸਿੱਖ ਗੁਰੂ ਦੇ ਹੁਕਮ ਰਾਹੀਂ ਆਪਣੀ ਸ਼ਕਤੀ ਨੂੰ ਭਗਤੀ ਦੇ ਅਧੀਨ ਰੱਖਦਾ ਹੈ। ਉਹ ਦੁਨਿਆਵੀ ਸੰਘਰਸ਼ ਨੂੰ ਵੀ ਆਤਮਿਕ ਸਾਧਨਾ ਦਾ ਹੀ ਰੂਪ ਸਮਝਦਾ ਹੈ। ਜਿਹੜੇ ਲੋਕਾਂ ਨੇ ਗੁਰੂ ਕੋਲੋਂ ਸਿੱਖੀ ਧਾਰਨ ਕਰਦਿਆਂ ਗੁਰੂ ਨੂੰ ਸੀਸ ਭੇਟ ਕੀਤਾ ਉਹੋ ਸੂਰਬੀਰਤਾ ਦੇ ਪਾਤਰ ਬਣਦੇ ਹਨ ਭਾਵ ਸੱਚੇ ਗੁਰੂ ਨੂੰ ਸਮਰਪਣ ਹੋਣਾ ਪਹਿਲਾ ਉੱਦਮ ਹੁੰਦਾ ਹੈ ਜੋ ਨਿਰੰਤਰ ਕਾਇਮ ਰਹਿਣਾ ਚਾਹੀਦਾ ਹੈ। ਜਿਹੜੇ ਲੋਕ ਅਹੰਕਾਰ ਤੇ ਕ੍ਰੋਧ ਵਿਚ ਆ ਕੇ ਜੰਗ ਕਰਦੇ ਅਤੇ ਮਰਦੇ ਹਨ ਉਨ੍ਹਾਂ ਦਾ ਜੀਵਨ ਵਿਅਰਥ ਹੀ ਜਾਂਦਾ ਹੈ;

ਸੂਰੇ ਏਹਿ ਨ ਆਖੀਅਹਿ ਅਹੰਕਾਰਿ ਮਰਹਿ ਦੁਖ ਪਾਵਹਿ ॥[64]

ਜਿਨ੍ਹਾਂ ਵਿਅਕਤੀਆਂ ਨੇ ਆਪਣੇ-ਆਪ 'ਤੇ ਕਾਬੂ ਪਾਇਆ ਹੋਇਆ ਹੈ। ਉਹੀ ਸੱਚੇ ਸੂਰਬੀਰ ਯੋਧੇ ਬਣਦੇ ਹਨ ਅਤੇ ਨਿਤਾਣਿਆਂ ਦਾ ਤਾਣ ਤੇ ਨਿਆਸਰਿਆਂ ਦਾ ਆਸਰਾ ਬਣਦੇ ਹਨ ਤੇ ਨਿਥਾਵਿਆਂ ਨੂੰ ਥਾਂ ਦੇਣ ਦੇ ਸਮਰੱਥ ਹੁੰਦੇ ਹਨ। ਅਜਿਹੇ ਅਦੁੱਤੀ ਸੂਰਮੇ ਹੀ ਨਿਰਬਲ ਤੇ ਕਮਜ਼ੋਰਾਂ ਦੇ ਰਖਵਾਲੇ ਬਣਦੇ ਹਨ। ਅਸਲ ਸੂਰਮਤਾਈ ਇਹਨਾਂ ਦੇ ਹਿੱਸੇ ਸਭ ਤੋਂ ਵੱਧ ਕੇ ਆਈ ਹੁੰਦੀ ਹੈ। ਉਹ ਜਾਨ ਦੇ ਦੇਂਦੇ ਹਨ ਪਰ ਸਿਰੜ ਨਹੀਂ ਦਿੰਦੇ ਨਾ ਹੀ ਤੇ ਆਪਣੇ ਕਰਮ ਖੇਤਰ 'ਚੋਂ ਭੱਜਦੇ ਨਹੀਂ। ਸ੍ਰੀ ਗੁਰੂ

---

61 ਭਾਈ ਸਾਹਿਬ ਰਣਧੀਰ ਸਿੰਘ (1994) *ਗੁਰਮਤਿ ਵਿਚਾਰ,* ਰਣਧੀਰ ਸਿੰਘ ਟ੍ਰੱਸਟ, ਲੁਧਿਆਣਾ, ਪੰ.219.

62 ਰਤਨ ਸਿੰਘ ਜੱਗੀ (2002) *ਸਿੱਖ ਪੰਥ ਵਿਸ਼ਵ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨੇ, 268-69.

63 ਗੁਰਮੀਤ ਸਿੰਘ ਸਿੱਧੂ, ਉਪਰੋਕਤ, *ਸਿੱਖ ਪਛਾਣ ਵਿਚ ਕੇਸਾਂ ਦਾ ਮਹੱਤਵ,* ਪੰ.5.

64 ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੮੯.

ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਤੱਕ ਸਿੱਖ ਸੂਰਬੀਰਤਾ ਦਾ ਝੁਕਾਅ ਅਧਿਆਤਮਕ ਹੀ ਰਿਹਾ ਹੈ।

### 1.3. ਅਧਿਆਤਮਕ ਸੂਰਬੀਰਤਾ ਦੇ ਲੱਛਣ

#### 1.3.1. ਅਡੋਲਤਾ

ਅਡੋਲਤਾ ਸੂਰਬੀਰਤਾ ਦਾ ਮੁਖ ਲੱਛਣ ਹੈ। ਇਹ ਸ਼ਬਦ 'ਅਡੋਲ' ਤੋਂ ਬਣਿਆ ਹੈ ਜਿਸ ਦੇ ਅਰਥ ਮਹਾਨ ਕੋਸ਼ ਵਿਚ "ਡੋਲਣ ਰਹਿਤ"[65] ਭਾਵ ਆਪਣੀ ਅੰਦਰੂਨੀ ਅਤੇ ਬਾਹਰੀ ਅਵਸਥਾ ਇਕ ਸਥਾਨ 'ਤੇ ਬਣਾਈ ਰੱਖਣਾ ਉਸ ਵਿਚ ਰੱਤੀ ਭਰ ਵੀ ਹਿਲਜੁਲ ਨਾ ਹੋਣ ਦੇਣੀ। ਜਿਸ "ਵਿਅਕਤੀ ਡਰ ਦਾ ਸਾਹਮਣਾ ਕਰਨ ਲਈ, ਸਹੀ ਚੀਜ਼ ਲਈ, ਸਹੀ ਉਦੇਸ਼ ਲਈ, ਸਹੀ ਮਾਰਗ ਅਤੇ ਸਹੀ ਸਮੇਂ ਵਿਚ ਉਨ੍ਹਾਂ ਪਰਸਥਿਤੀਆਂ ਸਾਹਮਣੇ ਪੂਰੇ ਭਰੋਸੇ ਨਾਲ ਡਟ ਕੇ ਖਲੋ ਜਾਂਦਾ ਹੈ, ਭਾਵੇਂ ਉਹ ਪਰਸਥਿਤੀਆਂ ਸੂਰਮੇ ਦੇ ਅਨੁਕੂਲ ਵੀ ਨਾ ਹੋਣ।"[66] ਇਸ ਅਵਸਥਾ ਦਾ ਸੰਚਾਲਕ ਜੰਗ ਦੇ ਮੈਦਾਨ ਵਿਚ ਇਸ ਤਰ੍ਹਾਂ ਡਟ ਕੇ ਖਲੋ ਜਾਂਦਾ ਹੈ ਕਿ ਉਸ ਦਾ ਸਾਹਮਣਾ ਕਰਨ ਲਈ ਵਿਰੋਧੀ ਕਮਜ਼ੋਰ ਪੈ ਜਾਂਦਾ ਹੈ ਅਤੇ ਸੂਰਮਾ ਬਿਨਾਂ ਜਿੱਤ ਤੋਂ ਵਾਪਸ ਨਹੀਂ ਮੁੜਦਾ ਜਾਂ ਜਨ ਹਿੱਤਾਂ ਲਈ ਸ਼ਹਾਦਤ ਦਾ ਜਾਮ ਪੀ ਜਾਂਦਾ ਹੈ। ਅਜਿਹੇ ਵਿਅਕਤੀ ਨੂੰ ਹੀ ਗੁਰਬਾਣੀ 'ਚ ਅਸਲ ਸੂਰਮਾ ਕਿਹਾ ਗਿਆ ਹੈ;

> ਰਣਿ ਰੂਤਉ ਭਾਜੈ ਨਹੀ ਸੂਰਉ ਥਾਰਉ ਨਾਉ॥[67]

ਸਿੱਖ ਦੇ ਜੀਵਨ ਵਿਚ ਇਹ 'ਅਡੋਲਤਾ' ਇਸ ਕਰਕੇ ਕਾਇਮ ਰਹਿੰਦੀ ਹੈ ਕਿਉਂਕਿ ਉਹ ਉਸ ਸਰਵਸ਼ਕਤੀਮਾਨ ਅਕਾਲ ਪੁਰਖ ਵਿਚ ਵਿਸ਼ਵਾਸ ਕਰਦਾ ਹੈ ਜੋ ਹਮੇਸ਼ਾ ਅਡੋਲ ਇਕ ਰਸ ਵਿਆਪਕ ਰਹਿੰਦਾ ਹੈ;

> ਬਾਣੀ ਪ੍ਰਭ ਕੀ ਸਭੁ ਕੋ ਬੋਲੈ॥ ਆਪਿ ਅਡੋਲੁ ਨ ਕਬਹੂ ਡੋਲੈ॥[68]

ਸਿੱਖ ਇਹ ਵੀ ਮੰਨਦਾ ਹੈ ਕਿ ਉਸ ਦੀ ਹਰ ਤਾਕਤ ਅਤੇ ਫਤਿਹ ਅਕਾਲ ਪੁਰਖ ਦੀ ਹੀ ਬਖਸ਼ਿਸ਼

---

65 ਭਾਈ ਕਾਨ੍ਹ ਸਿੰਘ ਨਾਭਾ, ਉਪਰੋਕਤ, *ਮਹਾਨ ਕੋਸ਼,* ਪੰ.225.

66 Geoffery Scarre, op.cit, "*On Courage-Thinking in Action*" p.6.

67 ਸ੍ਰੀ ਗੁਰੂ ਗ੍ਰੰਥ ਸਾਹਿਬ ੩੪੨.

68 ਉਹੀ, ੨੯੪ .

ਹੈ, ਕਿਉਂਕਿ 'ਰੱਬ ਸੂਰਬੀਰਤਾ ਦਾ ਸੋਮਾ ਹੈ।'[69] ਸਿੱਖ ਅਕਾਲ ਪੁਰਖ ਪ੍ਰਤੀ ਪੂਰਨ ਭਰੋਸਾ ਰੱਖਦਾ ਹੈ ਜਿਸ ਦੀ ਸੇਧ ਉਹ ਆਪਣੇ ਗੁਰੂ ਤੋਂ ਲੈਂਦਾ ਹੈ। ਸਮਰੱਥ ਗੁਰੂ ਦੀ ਟੇਕ ਹੀ ਉਸ ਨੂੰ ਹਰ ਸਮੇਂ ਨਿਡਰਤਾ ਦਾ ਧਾਰਨੀ ਬਣਾਈ ਰੱਖਦੀ ਹੈ;

ਜਿਸਦਾ ਸਾਹਿਬੁ ਡਾਢਾ ਹੋਇ॥ ਤਿਸ ਨੋ ਮਾਰਿ ਨ ਸਾਕੈ ਕੋਇ॥

ਸਾਹਿਬ ਕੀ ਸੇਵਕੁ ਰਹੈ ਸਰਣਾਈ॥ ਆਪੇ ਬਖਸੇ ਦੇ ਵਡਿਆਈ॥

ਤਿਸ ਤੇ ਉਪਰਿ ਨਾਹੀ ਕੋਇ॥ ਕਉਣੁ ਡਰੈ ਡਰੁ ਕਿਸ ਕਾ ਹੋਇ॥[70]

ਅਕਾਲ ਪੁਰਖ ਹੈ ਅਤੇ ਉਸ ਉਪਰ ਭਰੋਸਾ ਕਰਨ ਵਾਲਾ ਵੀ ਅਡੋਲ ਹੋ ਜਾਂਦਾ ਹੈ। ਜਿਸ ਪਿੱਛੇ ਇਕ ਅਕਾਲ ਪੁਰਖ ਬਲ ਦੇਣ ਵਾਲਾ ਉਸ ਅੱਗੇ ਕੋਈ ਵੀ ਦੁਸ਼ਮਣ ਜਾਂ ਬਿਪਤਾ ਖੜ੍ਹ ਨਹੀਂ ਸਕਦੀ। ਇਹ ਅਡੋਲਤਾ ਸਿੱਖ ਧਰਮ ਦੀ ਬਹਾਦਰੀ ਦਾ ਪ੍ਰਮੁੱਖ ਤੱਤ ਹੈ। ਸਿੱਖ ਵੱਡੀਆਂ ਤਾਕਤਾਂ ਨਾਲ ਟੱਕਰ ਲੈਣ ਤੋਂ ਨਹੀਂ ਡਰੇ ਕਿਉਂਕਿ ਇਸ ਅਡੋਲਤਾ ਦੀ ਊਰਜਾ ਇਹਨਾਂ ਨੂੰ ਵਾਹਿਗੁਰੂ ਤੋਂ ਮਿਲਦੀ ਹੈ। ਸਿੱਖਾਂ ਦਾ ਇਹ ਵਿਸ਼ਵਾਸ਼ ਹੈ ਕਿ ਵਾਹਿਗੁਰੂ ਦੀ ਹਮੇਸ਼ਾ ਜਿੱਤ ਹੁੰਦੀ ਹੈ। ਇਸ ਕਰਕੇ ਔਕੜਾਂ ਅਤੇ ਕਠੋਰ ਤਸੀਹਿਆਂ ਦੇ ਬਾਵਜੂਦ ਸਿੰਘ ਸ਼ਹੀਦਾਂ ਦੇ ਮਨ 'ਚ ਰੱਤੀ ਮਾਤਰ ਵੀ ਡਰ ਦੀ ਭਾਵਨਾ ਨਹੀਂ ਆਉਂਦੀ ਅਤੇ ਨਾ ਹੀ ਮਨ ਉਪਰ ਭੈੜਾ ਅਸਰ ਪੈਂਦਾ ਹੈ। ਵਿਪਰੀਤ ਅਤੇ ਭਿਅੰਕਰ ਪਰਸਥਿਤੀਆਂ ਵੀ ਸਿੱਖ ਵਿਚ ਵਾਹਿਗੁਰੂ ਦੇ ਭਰੋਸੇ ਹੀ ਅਡੋਲ ਰਹਿੰਦੇ ਹਨ ਜੋ ਸੂਰਬੀਰਤਾ ਦਾ ਕੇਂਦਰੀ ਤੱਤ ਹੈ। ਇਸਦੀ ਪ੍ਰੇਰਣਾ ਗੁਰਬਾਣੀ ਵਿਚੋਂ ਪ੍ਰਾਪਤ ਹੁੰਦੀ ਹੈ;

ਡਗਮਗ ਛਾਡਿ ਰੇ ਮਨ ਬਉਰਾ॥

ਅਬ ਤਉ ਜਰੇ ਮਰੇ ਸਿਧਿ ਪਈਐ ਲੀਨੋ ਹਾਥਿ ਸੰਧਾਉਰਾ॥[71]

ਅਧਿਆਤਮਕ ਸੂਰਬੀਰਤਾ ਦਾ ਮੁੱਖ ਲੱਛਣ ਅਡੋਲਤਾ ਹੈ। ਇਹ ਅਡੋਲਤਾ ਹੀ ਸਿੱਖ ਸੂਰਮਿਆਂ ਦੇ ਵਿਹਾਰ ਵਿਚ ਹਰ ਸਮੇਂ ਕਾਇਮ ਰਹਿੰਦੀ ਹੈ।

### 1.3.2. ਨਿਰਮਲ ਭਉ

---

69 Paul Tillich, op. cit, "The courage to be rooted in the God who appears when God has disappeard in the anxiety of doubt" *Courage To Be,* p.190.

70 ਸ੍ਰੀ ਗੁਰੂ ਗ੍ਰੰਥ ਸਾਹਿਬ, ੮੪੨.

71 ਉਹੀ, ੩੩੮.

ਡਰ ਵੀ ਮਨੁੱਖੀ ਮਨ ਦੀ ਭਾਵਨਾ ਹੈ ਜੋ ਮਨੁੱਖ ਨੂੰ ਆਪਣੇ ਪ੍ਰਭਾਵ ਹੇਠ ਲੈ ਕੇ ਕਮਜ਼ੋਰ ਅਤੇ ਡਰਪੋਕ ਬਣਾਉਂਦੀ ਹੈ। ਪਰ ਇਹ ਸੂਰਬੀਰਤਾ ਦੇ ਅਹਿਮ ਲੱਛਣ ਵਜੋਂ ਹੈ। ਇਸ ਦੀ ਹੋਂਦ ਤੋਂ ਬਗੈਰ ਸੂਰਬੀਰਤਾ ਦਾ ਪ੍ਰਗਟਾਅ ਨਹੀਂ ਹੋ ਸਕਦਾ। ਜਿਸ ਤਰ੍ਹਾਂ ਦਿਨ-ਰਾਤ, ਸੱਚ-ਝੂਠ, ਚੰਗਾ-ਬੁਰਾ, ਇਕ ਦੂਸਰੇ ਕਰਕੇ ਆਪਣਾ ਪ੍ਰਭਾਵ ਛੱਡਦੇ ਹਨ ਉਸੇ ਤਰ੍ਹਾਂ ਡਰ ਅਤੇ ਸੂਰਬੀਰਤਾ ਹੈ। ਇਨਸਾਨ ਦੀ ਸਾਰੀ ਜ਼ਿੰਦਗੀ ਹੀ ਡਰ ਤੇ ਚਿੰਤਾ ਵਿਚ ਬਤੀਤ ਹੁੰਦੀ ਹੈ। ਜੀਵ ਜਨਮ ਤੋਂ ਲੈ ਕੇ ਮਰਨ ਤੱਕ ਕਿਸੇ ਨ ਕਿਸੇ ਡਰ ਦਾ ਸ਼ਿਕਾਰ ਹੁੰਦਾ ਹੈ। ਮੌਤ ਦਾ ਡਰ ਤਾਂ ਐਸਾ ਹੈ ਜਿਸਦਾ ਨਾਮ ਸੁਣ ਕੇ ਇਨਸਾਨ ਦੇ ਹੋਸ਼ ਖਤਾ ਹੋ ਜਾਂਦੇ ਹਨ ਗੁਰਬਾਣੀ ਵਿਚਲੇ ਸਿਧਾਂਤ, *ਪਹਿਲਾ ਮਰਣੁ ਕਬੂਲਿ ਜੀਵਣ ਦੀ ਛਡਿ ਆਸਿ॥*[72] ਨੇ ਸਿੱਖ ਨੂੰ ਨਿਰਭੈ ਕੀਤਾ।

ਨਿਰਭਉ ਹੋਣ ਲਈ "ਡਰ ਤੋਂ ਬਚਣ ਦਾ ਇਲਾਜ ਸਿਵਾਏ ਮਜ਼੍ਹਬ ਦੇ ਹੋਰ ਕੋਈ ਨਹੀਂ। ਮਜ਼੍ਹਬ ਦਾ ਦਾਅਵਾ ਹੈ ਕਿ ਉਸਦੀ ਸ਼ਰਨ ਵਿਚ ਆਏ ਆਦਮੀ ਨਿਰਭੈ ਹੋ ਸਕਦੇ ਹਨ ਉਨ੍ਹਾਂ ਨੂੰ ਡਰ ਤੇ ਇਕ ਪਾਸੇ, ਮੌਤ ਦਾ ਡਰ ਵੀ ਨਹੀਂ ਰਹਿੰਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਿਰਭੈ ਹੋਣ ਦਾ ਤਰੀਕਾ ਨਿਰਭੈ ਵਾਹਿਗੁਰੂ ਨੂੰ ਦੇਖਣਾ ਤੇ ਸਮਝਣਾ ਹੈ ਕਿਉਂਕਿ ਵਾਹਿਗੁਰੂ ਖੁਦ ਪੂਰਨ ਤੌਰ 'ਤੇ ਨਿਰਭੈ ਹੈ ਉਸ ਦੇ ਨਾਲ ਜੁੜੀਆਂ ਰੂਹਾਂ ਵੀ ਨਿਰਭੈ ਹੋ ਜਾਂਦੀਆਂ ਹਨ।"[73] ਗੁਰਬਾਣੀ ਸਿੱਖ ਦੀ ਮਾਨਸਿਕਤਾ ਨੂੰ ਡਰ ਦੀ ਭਾਵਨਾ ਤੋਂ ਮੁਕਤ ਕਰਕੇ ਉਸ ਨੂੰ ਨਿਰਭਉ ਅਕਾਲ ਪੁਰਖ ਨਾਲ ਜੁੜਨ ਦੀ ਪ੍ਰੇਰਨਾ ਦਿੰਦੀ ਹੈ;

ਡਰਿ ਘਰੁ ਘਰਿ ਡਰੁ ਡਰਿ ਡਰੁ ਜਾਇ॥ ਸੋ ਡਰੁ ਕੇਹਾ ਜਿਤੁ ਡਰਿ ਡਰੁ ਪਾਇ॥
ਤੁਧੁ ਬਿਨੁ ਦੂਜੀ ਨਾਹੀ ਜਾਇ॥ ਜੋ ਕਿਛੁ ਵਰਤੈ ਤੇਰੀ ਰਜਾਇ॥
ਡਰੀਐ ਜੇ ਡਰੁ ਹੋਵੈ ਹੋਰੁ॥ ਡਰਿ ਡਰਿ ਡਰਣਾ ਮਨ ਕਾ ਸੋਰੁ॥ ਰਹਾਉ॥[74]

ਸਿੱਖੀ ਨੇ ਕੇਵਲ ਇਕ ਅਕਾਲ ਪੁਰਖ ਦੇ ਨਿਰਮਲ ਭਉ ਨੂੰ ਮੰਨਿਆ ਹੈ ਅਤੇ ਇਸੇ ਰੱਬੀ ਡਰ ਕਰਕੇ ਹੀ ਸਿੱਖ ਮੁੱਢੋਂ ਹੀ ਨਿਡਰ ਹਨ। ਸਿੱਖ ਸੂਰਬੀਰਤਾ ਸਦਕਾ ਹੀ ਬਾਕੀ ਹਰ ਪ੍ਰਕਾਰ ਦੇ ਡਰ ਨੂੰ ਕਾਬੂ

---

72 ਉਹੀ, ੧੧੦੨.

73 ਰਘਬੀਰ ਸਿੰਘ ਬੀਰ (1984) *ਸਫਲ ਜੀਵਨ*, ਆਤਮ ਸਾਇੰਸ, ਦਿੱਲੀ, ਪੰ.86.

74 ਸ੍ਰੀ ਗੁਰੂ ਗ੍ਰੰਥ ਸਾਹਿਬ, ੧੫੧.

ਕਰਨ ਦੀ ਸਮਰੱਥਾ ਰੱਖਦਾ ਹੈ। ਇਹ ਸਮਰੱਥਾ ਏਸੇ ਕਰਕੇ ਹੀ ਬਰਕਰਾਰ ਹੈ ਕਿ ਉਹ ਇਕ ਅਕਾਲ ਪੁਰਖ ਵਿਚ ਵਿਸ਼ਵਾਸ ਰੱਖਦਾ ਹੈ ਜੋ ਹਰ ਸਥਾਨ 'ਤੇ ਇਕ ਰਸ ਸਮਾਇਆ ਹੋਇਆ ਹੈ ਜਿਸ ਦਾ ਨਾਮ ਸਦੀਵ-ਕਾਲ ਰਹਿਣ ਵਾਲਾ ਹੈ। ਸਾਰੀ ਸ੍ਰਿਸ਼ਟੀ ਦਾ ਰਚਨਹਾਰ ਆਪ ਹੈ। ਉਸ ਨੂੰ ਕਿਸੇ ਦਾ ਡਰ ਨਹੀਂ ਹੁੰਦਾ ਅਤੇ ਨਾ ਹੀ ਉਸਦਾ ਕਿਸੇ ਨਾਲ ਵੈਰ ਹੁੰਦਾ ਹੈ। ਉਹ ਸਮੇਂ ਤੋਂ ਰਹਿਤ, ਜਨਮ ਮਰਨ ਤੋਂ ਬਾਹਰਾ, ਆਪਣੇ ਆਪ ਤੋਂ ਹੋਂਦ ਰੱਖਣ ਵਾਲਾ ਹੈ। ਸਿੱਖ ਸਰਵ-ਸ਼ਕਤੀਮਾਨ ਅਕਾਲ ਪੁਰਖ ਨੂੰ ਮਿਲਣ ਵਾਲੇ ਰਸਤੇ ਵਿਚ ਆਉਣ ਵਾਲੀ ਹਰ ਪ੍ਰਕਾਰ ਦੀ ਰੁਕਾਵਟ ਨੂੰ ਦੂਰ ਕਰਨ ਲਈ ਸੂਰਬੀਰਤਾ ਦੇ ਜਜ਼ਬੇ ਨੂੰ ਸਾਧਨ ਜਾਂ ਹਥਿਆਰ ਬਣਾ ਲੈਂਦਾ ਹੈ। ਇਸ ਨੂੰ ਹਮੇਸ਼ਾ ਬਰਕਰਾਰ ਰੱਖਣ ਲਈ ਗੁਰੂ ਉਪਦੇਸ਼ ਨੂੰ ਧਾਰਨ ਰੱਖਦਾ ਅਤੇ ਗੁਰੂ ਨੂੰ ਅਰਦਾਸ ਵੀ ਕਰਦਾ ਹੈ ਕਿ ਉਹ ਕਿਰਪਾ ਕਰੇ ਕਿ ਸਿੱਖ ਨੂੰ ਅਕਾਲ ਪੁਰਖ ਦੀ ਯਾਦ ਨਾ ਭੁੱਲੇ। ਸਿੱਖ ਸੂਰਮੇ ਦਾ ਨਿਰਭਉ ਹੋਣਾ ਉਸਦੀ ਬਹਾਦਰੀ ਦਾ ਲੱਛਣ ਹੈ।

**2. ਸਿੱਖ ਧਰਮ ਵਿਚ ਸਮਾਜਕ ਸੂਰਬੀਰਤਾ ਦਾ ਸਿਧਾਂਤਕ ਪੱਖ**

ਸਿੱਖ ਧਰਮ ਵਿਚ ਅਧਿਆਤਮਕਤਾ ਅਤੇ ਸਮਾਜਕਤਾ ਇਕ ਦੂਸਰੇ ਨਾਲ ਸੰਬੰਧਤ ਹਨ। ਸਮਾਜਕ ਸੂਰਬੀਰਤਾ ਦੇ ਸਰਬੱਤ ਦੇ ਭਲੇ ਲਈ ਹੁੰਦੀ ਹੈ। ਸਮਾਜਕ ਕੁਰੀਤੀਆਂ ਦੇ ਖਾਤਮੇ ਲਈ ਅਤੇ ਅਮਨ ਸ਼ਾਂਤੀ ਲਈ ਸਮਾਜਕ ਸੂਰਬੀਰਤਾ ਦੀ ਭਾਵਨਾ ਦਾ ਹੋਣਾ ਜ਼ਰੂਰੀ ਹੁੰਦਾ ਹੈ। ਸਿੱਖ ਧਰਮ ਵਿਚ ਜਿਥੇ ਅਧਿਆਤਮਕ ਸੂਰਬੀਰਤਾ ਲਈ ਸਿਧਾਂਤ ਹਨ ਉਥੇ ਗੁਰਬਾਣੀ ਸਮਾਜ ਦੀ ਪਵਿੱਤਰਤਾ ਲਈ ਵੀ ਪ੍ਰੇਰਨਾ ਸ੍ਰੋਤ ਹੈ। ਭਗਤ ਰਵਿਦਾਸ ਜੀ ਪਵਿੱਤਰ ਸਮਾਜ ਬਾਰੇ ਬਾਣੀ ਰਾਹੀਂ ਰੌਸ਼ਨੀ ਪਾਉਂਦੇ ਹਨ ;

> ਬੇਗਮ ਪੁਰਾ ਸਹਰ ਕੋ ਨਾਉ॥ ਦੂਖ ਅੰਦੋਹੁ ਨਹੀ ਤਿਹਿ ਠਾਉ॥
> ਨਾਂ ਤਸਵੀਸ ਖਿਰਾਜੁ ਨ ਮਾਲੁ॥ ਖਉਫੁ ਨ ਖਤਾ ਨ ਤਰਸੁ ਜਵਾਲੁ॥
> ਅਬ ਮੋਹਿ ਖੂਬ ਵਤਨ ਗਹ ਪਾਈ॥ ਊਹਾਂ ਖੈਰਿ ਸਦਾ ਮੇਰੇ ਭਾਈ॥੧॥ ਰਹਾਉ॥
> ਕਾਇਮੁ ਦਾਇਮੁ ਸਦਾ ਪਾਤਿਸਾਹੀ॥ ਦੋਮ ਨ ਸੇਮ ਏਕ ਸੋ ਆਹੀ॥
> ਆਬਾਦਾਨੁ ਸਦਾ ਮਸਹੂਰੁ॥ ਊਹਾਂ ਗਨੀ ਬਸਹਿ ਮਾਮੂਰ॥ ੨॥[75]

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਲੋਕਾਂ ਦੀ ਹਾਲਤ ਬਹੁਤ ਤਰਸਯੋਗ ਸੀ। ਲੋਕ ਰਾਜਸੀ ਸ਼ਾਸਕਾਂ

75 ਉਹੀ, ੩੪੫.

ਦੇ ਵਰਤਾਰੇ ਤੋਂ ਦੁਖੀ ਸਨ, ਧਾਰਮਿਕ ਆਗੂ ਲੋਕਾਂ ਦੀ ਅਗਵਾਈ ਕਰਨ ਦੀ ਬਜਾਇ ਪਾਖੰਡ ਦੇ ਸ਼ਿਕਾਰ ਸਨ। ਲੋਕ ਅਨਿਆਇ ਦੇ ਵਿਰੁੱਧ ਬੋਲਣ ਤੋਂ ਡਰਦੇ ਸਨ। ਇਸਦੇ ਇਲਾਵਾ ਧਾਰਮਿਕ ਆਗੂ ਭੋਲੀ ਭਾਲੀ ਜਨਤਾ ਨੂੰ ਅੰਧ ਵਿਸ਼ਵਾਸਾਂ ਵਿਚ ਫਸਾ ਕੇ ਲੁੱਟ ਰਹੇ ਸਨ। ਗੁਰੂ ਨਾਨਕ ਸਾਹਿਬ ਨੇ ਆਪ ਲਿਖਿਆ ਹੈ ਕਿ ਸ਼ਰਮ ਅਤੇ ਧਰਮ ਤਾਂ ਕਿਤੇ ਲੁਕ ਹੀ ਗਏ ਸਨ ਅਤੇ ਸੱਚ ਦਾ ਚੰਦਰਮਾ ਕਿਧਰੇ ਨਜ਼ਰ ਨਹੀਂ ਆ ਰਿਹਾ। ਇਸਤਰੀ-ਪੁਰਸ਼ ਆਚਰਣ ਹੀਣੇ ਹੋ ਚੁੱਕੇ ਹਨ ਅਤੇ ਸ਼ੈਤਾਨ ਆਪ ਹੀ ਇਹਨਾਂ ਕਿਰਦਾਰ ਵਿਹੂਣੇ ਲੋਕਾਂ ਦੇ ਨਿਕਾਹ ਪੜ੍ਹਾ ਰਿਹਾ ਹੈ। ਗੁਰੂ ਸਾਹਿਬ ਨੇ ਕਾਜ਼ੀਆਂ ਅਤੇ ਰਾਜਿਆਂ ਨੂੰ ਫਿਟਕਾਰਾਂ ਪਾਈਆਂ ਜੋ ਲੋਕਾਂ ਨੂੰ ਗੁੰਮਰਾਹ ਅਤੇ ਠੀਕ ਅਗਵਾਈ ਤੋਂ ਭੱਜਦੇ ਸਨ। ਗੁਰੂ ਸਾਹਿਬ ਦੁਆਰਾ ਦਰਜ ਇਹ ਬਿਰਤਾਂਤ ਉਸ ਸਮੇਂ ਦੇ ਧਾਰਮਿਕ ਆਗੂਆਂ ਵਿਚੋਂ ਸਮਾਜਕ ਦਲੇਰੀ ਦੀ ਅਣਹੋਂਦ ਦਰਸਾਉਂਦਾ ਹੈ ਅਤੇ ਗੁਰੂ ਸਾਹਿਬ ਵੱਲੋਂ ਉਹਨਾਂ ਸਮਕਾਲੀ ਸਥਿਤੀਆਂ ਅਤੇ ਉਹਨਾਂ ਬਦਤਰ ਸਥਿਤੀਆਂ ਨੂੰ ਦਸਤਾਵੇਜੀ ਰੂਪ ਦੇਣਾ ਉਹਨਾਂ ਦੀ ਦਲੇਰੀ ਦੀ ਸੂਚਕ ਹੈ। ਮੁਸਲਮਾਨੀ ਸ਼ਾਸਕਾਂ ਨੇ ਸਮਾਜ ਦੀ ਦੁਰਦਸ਼ਾ ਕੀਤੀ ਹੋਈ ਸੀ ਅਤੇ ਲੋਕਾਂ ਦੇ ਮਨਾਂ ਵਿਚ ਡਰ ਦੀ ਭਾਵਨਾ ਨੂੰ ਕਇਮ ਰੱਖਿਆ ਸੀ। ਉਸ ਤੋਂ ਵੀ ਜ਼ਿਆਦਾ ਉਜਾੜਾ ਹਿੰਦੂ ਧਰਮ ਦੇ ਕੱਟੜਪੰਥੀਆਂ ਨੇ ਕੀਤਾ ਹੋਇਆ ਸੀ ਜਿਨ੍ਹਾਂ ਦੁਆਰਾ ਸਮਾਜ ਵਿਚ ਜਾਤ-ਪਾਤ, ਊਚ-ਨੀਚ, ਛੂਤ-ਛਾਤ ਆਦਿ ਵਿਤਕਰਿਆਂ ਨੇ ਵੱਡਾ ਪਾੜਾ ਪਇਆ ਹੋਇਆ ਸੀ। ਜਾਤ-ਪਾਤ ਅਤੇ ਹਿੰਦੂ ਕੱਟੜਪੰਥੀਆਂ ਨੇ ਲੋਕਾਂ ਦੀ ਮਾਨਸਿਕਤਾ, ਬੁੱਧੀ, ਬਲ ਉਪਰ ਫੋਕੇ ਕਰਮਕਾਂਡਾਂ ਦਾ ਪ੍ਰਭਾਵ ਪਾ ਕੇ ਜਨ ਜੀਵਨ ਦੇ ਵਿਕਾਸ ਨੂੰ ਰੋਕ ਦਿੱਤਾ ਅਤੇ ਹਮੇਸ਼ਾ ਲਈ ਦਾਸ ਬਣੇ ਰਹਿਣ ਲਈ ਮਜਬੂਰ ਕਰ ਦਿੱਤਾ। ਅਜਿਹੇ ਹਾਲਾਤ ਵਿਚ ਗੁਰੂ ਸਾਹਿਬ ਦਾ ਗਰੀਬ ਅਤੇ ਲਤਾੜੇ ਗੁਲਾਮਾਂ ਦੇ ਪੱਖ ਵਿਚ ਬੋਲਣਾ ਉਹਨਾਂ ਦੀ ਨੈਤਿਕ ਸੂਰਬੀਰਤਾ ਦਾ ਨਮੂਨਾ ਹੈ। ਗੁਰੂ ਸਾਹਿਬ ਨੇ ਕਿਹਾ ਕਿ ਹਿੰਦੂ ਮੁਸਲਮਾਨ ਸਭ ਦਾ ਮਾਲਿਕ ਇੱਕ ਹੀ ਅਕਾਲ ਪੁਰਖ ਹੈ;

ਹਿੰਦੂ ਤੁਰਕ ਕਾ ਸਾਹਿਬੁ ਏਕ॥ [76]

ਕੱਟੜ ਮੁਸਲਮਾਨਾਂ ਲਈ ਨਾ ਜਰਨਯੋਗ ਸੀ ਅਤੇ ਬ੍ਰਾਹਮਣ ਦੀ ਵਰਣਵੰਡ ਵਿਰੁੱਧ ਚੇਤਨਾ ਸੀ ਇਸ ਸਿਧਾਂਤ ਨੇ ਉਸਾਰੂ ਸਮਾਜ ਦਾ ਮੁੱਢ ਬੱਝਿਆ;

---

76 ਉਹੀ, ੧੧੫੮.

ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥[77]

ਗੁਰਬਾਣੀ ਮੁੱਖ ਤੌਰ ਉੱਤੇ ਮਨੁੱਖ ਤੇ ਉਸ ਦੇ ਜੀਵਨ ਅਤੇ ਜੀਵਨ-ਲਕਸ਼ਾਂ ਦੀ ਨੈਤਿਕਤਾ ਅਤੇ ਆਤਮਾ-ਅਕਾਲ ਪੁਰਖ ਦੇ ਪਰਸਪਰ ਸੰਬੰਧਾਂ ਬਾਰੇ ਰੌਸ਼ਨੀ ਪ੍ਰਦਾਨ ਕਰਦੀ ਹੈ ਜਿਸ ਵਿਚ ਸਦਗੁਣਾਂ ਦੀ ਪ੍ਰਮੁੱਖਤਾ ਹੈ, "ਸਦਗੁਣਾਂ ਨੂੰ ਨੈਤਿਕ ਕਰਮਾਂ ਦਾ ਅਧਾਰ ਜਾਂ ਨੈਤਿਕ ਕਰਮਾਂ ਨੂੰ ਸਦਗੁਣਾਂ ਦਾ ਕ੍ਰਿਆਤਮਕ ਰੂਪ ਮੰਨਿਆ ਜਾਂਦਾ ਹੈ। ਸਦਗੁਣਾਂ ਤੋਂ ਭਾਵ ਚਰਿਤ੍ਰ ਦਾ ਉਹ ਪੱਖ ਹੈ ਜਿਸ ਦੁਆਰਾ ਵਿਅਕਤੀ ਸ਼ੁਭ ਕਰਮਾਂ ਦੀ ਚੋਣ ਕਰਦਾ ਹੈ ਪਰ ਚੋਣ ਕੇਵਲ ਕਰਮਾਂ ਦੀ ਨਹੀਂ ਨੈਤਿਕ ਕੀਮਤਾਂ ਜਾਂ ਆਦਰਸ਼ ਪ੍ਰਾਪਤੀ ਦੇ ਸਾਧਨਾ ਦੀ ਸੰਭਵ ਹੈ ਹਰੇਕ ਨੈਤਿਕ ਚੋਣ ਵਿਚ ਸਦਗੁਣ ਵਿਅਕਤੀ ਦੇ ਚਰਿਤ੍ਰ ਨੂੰ ਉਜਾਗਰ ਕਰਦੇ ਹਨ।"[78] ਸਮਾਜਕ ਬਹਾਦਰੀ ਨੂੰ ਵਿਵਸਥਾ ਅਤੇ ਵਰਨਣ ਹਿੱਤ ਨਿਰਧਾਰਤ ਸਦਗੁਣਾਂ ਦੀ ਪ੍ਰਧਾਨਤਾ ਰਾਹੀਂ ਸੂਰਬੀਰਤਾ ਦੇ ਹੇਠ ਲਿਖੇ ਲੱਛਣ ਹਨ;

## 2.1 ਸਮਾਜਕ ਸੂਰਬੀਰਤਾ ਦੇ ਲੱਛਣ

### 2.1.1 ਨੈਤਿਕਤਾ

ਜਦੋਂ ਮਨੁੱਖ ਦਾ ਧਾਰਮਕ ਵਿਹਾਰ ਲੀਹ 'ਤੇ ਨਾ ਹੋਵੇ ਅਤੇ ਧਾਰਮਕ ਆਗੂ ਇਖ਼ਲਾਕ ਤੋਂ ਗਿਰ ਜਾਣ ਤਾਂ ਸਮਾਜਕ ਢਾਂਚੇ ਵਿਚ ਗਿਰਾਵਟ ਆਉਂਦੀ ਹੈ। ਇਖ਼ਲਾਕ ਵਿਚ ਗਿਰਾਵਟ ਪਿੱਛੇ ਵਰਨਣ ਕੀਤੇ ਪੰਜ ਵਿਕਾਰਾਂ ਕਾਰਨ ਆਉਂਦੀ ਹੈ। ਆਪਣੇ ਨਿੱਜੀ ਅਤੇ ਸਮਾਜਕ ਢਾਂਚੇ ਦੇ ਵਿਚ ਆਉਂਦੀ ਇਖਲਾਕੀ ਗਿਰਾਵਟ ਰੋਕਣ ਲਈ ਇਹਨਾਂ ਵਿਕਾਰਾਂ ਵਿਰੁੱਧ ਸੁਚੇਤ ਅਤੇ ਬਹਾਦਰ ਲੋਕ ਜੋ ਆਪਣੀ ਜਿੰਮੇਵਾਰੀ ਤੋਂ ਭੱਜਣਾਂ ਨਹੀਂ ਚਾਹੁੰਦੇ ਟੱਕਰ ਲੈਂਦੇ ਹਨ। ਸਮਾਜ ਨੂੰ ਦਬਾਉਣ ਵਾਲੇ ਸ਼ਾਸਕਾਂ ਨੂੰ ਉਹਨਾਂ ਦੀ ਭੁਲੀ ਹੋਈ ਨੈਤਿਕਤਾ ਯਾਦ ਕਰਵਾਉਣੀ ਬਹਾਦਰਾਂ ਦਾ ਕਾਰਜ ਹੁੰਦਾ ਹੈ। ਇਹ ਸਮਾਜਕ ਸੂਰਬੀਰਤਾ ਦਾ ਲੱਛਣ ਹੈ। ਇਸਦੀ ਸ਼ੁਰੂਆਤ ਸ੍ਰੀ ਗੁਰੂ ਨਾਨਕ ਸਾਹਿਬ ਨੇ ਕੀਤੀ ਸੀ। ਉਹਨਾਂ ਨੇ ਆਪਣੀ ਬਾਣੀ ਰਾਹੀਂ ਆਮ ਜਨਤਾ ਅਤੇ ਹੁਕਮਰਾਨਾਂ ਦੇ ਵਿਹਾਰ ਵਿਚ ਆਈ ਬਹੁਪੱਖੀ ਗਿਰਾਵਟ ਨੂੰ ਉਜਾਗਰ ਕੀਤਾ। ਆਪ ਨੇ ਆਪਣੇ ਸਮਕਾਲੀ ਨਾਗਰਿਕਾਂ ਅਤੇ ਹੁਕਮਰਾਨਾਂ ਅੰਦਰ ਆਈ ਇਖਲਾਕੀ ਗਿਰਾਵਟ ਲਈ ਮਹਿਜ ਕੋਸਿਆ ਹੀ ਨਹੀਂ ਬਲਕਿ ਇਸ ਪਿਛਲੇ ਕਾਰਨਾਂ ਦੀ

---

77 ਉਹੀ, ੭੪੭-੪੮

78 ਜਸਵਿੰਦਰ ਕੌਰ ਢਿੱਲੋਂ (1982) *ਗੁਰੂ ਨਾਨਕ ਦੀ ਕੀਮਤ-ਮੀਮਾਂਸਾਂ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪੰ.118.

ਤਾਰਕਿਕ ਨਿਸ਼ਾਨਦੇਹੀ ਵੀ ਕੀਤੀ ਅਤੇ ਇਸ ਨਿਘਾਰ ਵਿਚੋਂ ਨਿਕਲਣ ਦੇ ਰਾਹ ਵੀ ਦੱਸੇ। ਹੇਠ ਲਿਖੀਆਂ ਪੰਕਤੀਆਂ ਵਿਚ ਗੁਰੂ ਸਾਹਿਬ ਨੇ ਸਮਾਜ ਦੀ ਗਿਰੀ ਹੋਈ ਸਾਸ਼ਕੀ ਅਤੇ ਪ੍ਰਸ਼ਾਸ਼ਕੀ ਪ੍ਰਣਾਲੀ ਵਿਚ ਜ਼ਿੰਮੇਵਾਰ ਅਹੁਦਿਆਂ ’ਤੇ ਬੈਠੇ ਲੋਕਾਂ ਨੂੰ ਜੰਗਲੀ ਜਾਨਵਰਾਂ ਨਾਲ ਤੁਲਨਾਇਆ ਹੈ;

ਰਾਜੇ ਸੀਹ ਮੁਕਦਮ ਕੁਤੇ॥ ਜਾਇ ਜਗਾਇਨ੍ਹ ਬੈਠੇ ਸੁਤੇ॥

ਚਾਕਰ ਨਹਦਾ ਪਾਇਨਿ ਘਾਉ॥ ਰਤੁ ਪਿਤੁ ਕੁਤਿਹੋ ਚਟਿ ਜਾਹੁ॥[79]

ਰਾਜੇ ਨੂੰ ਸ਼ੇਰ ਜੋ ਆਮ ਹਾਲਾਤਾਂ ਵਿਚ ਬਹਾਦਰੀ ਦਾ ਪ੍ਰਤੀਕ ਹੈ ਪ੍ਰੰਤੂ ਮਜ਼ਲੂਮਾਂ ਨੂੰ ਮਾਰਨ ਕਰਕੇ ਜ਼ੁਲਮ ਦਾ ਵੀ ਪ੍ਰਤੀਕ ਹੈ ਅਤੇ ਖੁਰਾਸਾਨ ਦੇ ਨਵੇਂ ਬਣੇ ਹੁਕਮਰਾਨ ਬਾਬਰ ਦੇ ਮੁਕਦਸ਼ਾਂ ਨੂੰ ਕੁੱਤੇ ਕਹਿਣ ਦੀ ਬਹਾਦਰੀ ਸ੍ਰੀ ਗੁਰੂ ਨਾਨਕ ਸਾਹਿਬ ਵਿਚ ਸੀ। ਉਸ ਸਮੇਂ ਆਪਣੀਆਂ ਤਾਕਤਵਰ ਫੌਜਾਂ ਨਾਲ ਭਾਰਤ ਉੱਪਰ ਹਮਲਾ ਕੀਤਾ ਅਤੇ ਲੋਕਾਂ ਦੇ ਮਨਾਂ ਵਿਚ ਡਰ ਪੈਦਾ ਕੀਤਾ ਅਤੇ ਭਾਰਤ ਨੂੰ ਲੁੱਟਿਆ। ਗੁਰੂ ਸਾਹਿਬ ਨੇ ਬਾਬਰ ਦੇ ਹਮਲੇ ਸਮੇਂ ਹੋਈ ਭਾਰਤ ਅਤੇ ਇੱਥੋਂ ਦੇ ਵਾਸੀਆਂ ਦੀ ਦੁਰਦਸ਼ਾ ਨੂੰ ਹੇਠ ਲਿਖੀਆਂ ਪੰਕਤੀਆਂ ਵਿਚ ਪ੍ਰਗਟਾਇਆ;

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ॥

ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ॥[80]

ਗੁਰੂ ਸਾਹਿਬ ਨੇ ਸਿਰਫ ਬਾਬਰ ਨੂੰ ਹੀ ਜਾਬਰ ਕਹਿਣ ਦੀ ਦਲੇਰੀ ਨਹੀਂ ਦਿਖਾਈ ਬਲਕਿ ਬਾਬਰ ਵੱਲੋਂ ਦੇਸ਼ ਨੂੰ ਲੁੱਟਣ ਵਿਚ ਮਿਲੀ ਕਾਮਯਾਬੀ ਲਈ ਇਥੋਂ ਦੇ ਲੋਧੀ ਸ਼ਾਸ਼ਕਾਂ ਨੂੰ ਅਤੇ ਉਹਨਾਂ ਦੀਆਂ ਭੈੜੀਆਂ ਆਦਤਾਂ ਨੂੰ ਜ਼ਿੰਮੇਵਾਰ ਠਹਿਰਾਇਆ। ਇਹ ਸ਼ਾਸ਼ਕ ਜਨਤਾ ਦੇ ਟੈਕਸ ਦੇ ਸਿਰ ’ਤੇ ਅੱਯਾਸ਼ੀਆਂ ਕਰ ਰਹੇ ਸਨ। ਰਾਜੇ ਆਪਣੇ ਫਰਜ਼ਾਂ ਤੋਂ ਮੂੰਹ ਮੋੜੀ ਬੈਠੇ ਸਨ ਅਤੇ ਆਮ ਲੋਕਾਂ ਅੰਧ ਵਿਸ਼ਵਾਸ਼ ਵਿਚ ਇਹ ਧਾਰਨਾ ’ਤੇ ਟਿਕੇ ਹੋਏ ਸਨ ਕਿ ਪੰਡਤ ਮੌਲਵੀ ਮੰਤਰ-ਕਲਮੇ ਪੜਨਗੇ ਤਾਂ ਬਾਬਰ ਦੀ ਫੌਜ ਅੰਨ੍ਹੀ ਹੋ ਜਾਵੇਗੀ ਅਤੇ ਇਸੇ ਕਾਰਨ ਉਹ ਦੇਸ਼ ਦੀ ਰਾਖੀ ਦੇ ਲਈ ਤਿਆਰ ਨਹੀਂ ਸਨ। ਗੁਰੂ ਸਾਹਿਬ ਨੇ ਕਿਹਾ ਕਿ ਤੁਸੀਂ ਤਾਂ ਕਹਿ ਰਹੇ ਸੀ ਮੁਗਲ ਆਉਣਗੇ ਅਤੇ ਅੰਨ੍ਹੇ ਹੋ ਜਾਣਗੇ ਪਰ ਇਥੇ ਤਾਂ ਕੋਈ ਮੁਗਲ ਅੰਨ੍ਹਾਂ ਨਹੀਂ ਹੋਇਆ। ਇਹ ਜਿੱਥੇ ਹੁਕਮਰਾਨਾਂ ਦੀ ਆਪਣੀ ਕਮਜ਼ੋਰੀ

---

79 ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੮੮.

80 ਉਹੀ, ੩੬੦.

ਉੱਪਰ ਪਰਦਾ ਪਾਉਣ ਦੀ ਮੱਕਾਰੀ ਸੀ ਉੱਥੇ ਮਾਸੂਮ ਪਰਜਾ ਦਾ ਆ ਰਹੀ ਸਮੱਸਿਆ ਤੋਂ ਧਿਆਨ ਭਟਕਾਉਣ ਲਈ ਚਾਲ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਣੀ ਵਿਚ ਦ੍ਰਿਸ਼ਟਾਂਤ ਦੇ ਕੇ ਗੁਲਾਮੀ ਵੱਲ੍ਹ ਜਾ ਰਹੇ ਲੋਕਾਂ ਨੂੰ ਅਜ਼ਾਦੀ ਮਾਣਨ ਲਈ ਪ੍ਰੇਰਿਆ;

ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ॥

ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ ॥[81]

ਕਾਜ਼ੀ ਲੋਕਾਂ ਨੂੰ ਲੁੱਟ ਰਹੇ ਸਨ, ਉਨ੍ਹਾਂ ਦੇ ਕਿਰਦਾਰ ਵਿਚ ਸੱਚਾਈ ਦੀ ਅਣਹੋਂਦ ਅਤੇ ਝੂਠ ਦੀ ਪ੍ਰਧਾਨਤਾ ਸੀ। ਗੁਰੂ ਨਾਨਕ ਸਾਹਿਬ ਸਮੇਂ ਅਨੇਕਾਂ ਧਾਰਮਿਕ ਸੰਪਰਦਾਵਾਂ ਪ੍ਰਚੱਲਿਤ ਸਨ। ਇਹਨਾਂ ਦੇ ਆਪੋ ਆਪਣੇ ਸਿਧਾਂਤ ਸਨ ਪਰ ਫਿਰ ਵੀ ਸਮਾਜ ਦਾ ਭਲਾ ਨਹੀਂ ਹੋ ਰਿਹਾ ਸੀ। ਇਸਦਾ ਮੂਲ ਕਾਰਨ ਅਨੈਤਿਕਤਾ ਅਤੇ ਕੂੜ (ਝੂਠ) ਦਾ ਪਸਾਰਾ ਸੀ ਜਿਸ ਖਿਲਾਫ ਅਵਾਜ਼ ਬੁਲੰਦ ਕਰਨ ਦੀ ਬਹਾਦਰੀ ਗੁਰੂ ਨਾਨਕ ਦੇਵ ਜੀ ਨੇ ਕੀਤੀ ਤੇ ਇਸਦਾ ਸਬੂਤ ਉਨ੍ਹਾਂ ਦੀ ਬਾਣੀ 'ਚ ਜਿਵੇਂ ਚਰਚਾ ਕੀਤੀ ਜਾ ਚੁੱਕੀ ਹੈ। ਤੁਰਕਾਂ ਤੋਂ ਬਾਅਦ ਬ੍ਰਾਹਮਣ (ਪੁਜਾਰੀ ਵਰਗ) ਨੇ ਸਭ ਤੋਂ ਵਧ ਸਮਾਜ ਦੀ ਦੁਰਦਸ਼ਾ ਕੀਤੀ ਹੋਈ ਸੀ ਜਿਸਨੇ ਜਾਤ-ਪਾਤ, ਸੂਤਕ-ਪਾਤਕ, ਪਾਪ-ਪੁੰਨ ਅਤੇ ਹੋਰ ਕਈ ਪ੍ਰਕਾਰ ਦੇ ਕਰਮਕਾਡਾਂ ਦੇ ਚੱਕਰਵਿਉ ਵਿਚ ਮੁਲਕ ਨੂੰ ਉਲਝਾਇਆ ਹੋਇਆ ਸੀ। ਗੁਰੂ ਜੀ ਨੇ ਬ੍ਰਾਹਮਣ ਦੀ ਦਿਖਾਵੇ ਵਾਲੀ ਧਾਰਮਿਕ ਕਿਰਿਆ ਨੂੰ ਖੋਖਲਾ ਸਿੱਧ ਕੀਤਾ;

ਪੜਿ ਪੁਸਤਕ ਸੰਧਿਆ ਬਾਦੰ॥ ਸਿਲ ਪੂਜਸਿ ਬਗੁਲ ਸਮਾਧੰ॥

ਮੁਖਿ ਝੂਠਿ ਬਿਭੂਖਣ ਸਾਰੰ॥ ਤ੍ਰੈਪਾਲ ਤਿਹਾਲ ਬਿਚਾਰੰ॥ [82]

ਬਾਲ ਉਮਰ ਵਿਚ ਹੀ ਸਦੀਆਂ ਤੋਂ ਚਲੀ ਆ ਰਹੀ ਜਨੇਉ ਦੀ ਪਿਰਤ ਦਾ ਖੰਡਨ ਕਰਕੇ ਅਤੇ ਸੱਚੇ ਜਨੇਉ ਦੀ ਪਰਿਭਾਸ਼ਾ ਦੇ ਕੇ ਵੱਡੀ ਬਹਾਦਰੀ ਵਿਖਾਈ। ਅਸਲ ਜਨੇਉ ਵਿਚ ਸਚ, ਸੰਤੋਖ, ਗਿਆਨ, ਦਇਆ, ਖਿਮਾ ਆਦਿ ਹੋਣ, ਨੂੰ ਧਾਰਨ ਕਰਨ ਦੀ ਜ਼ਰੂਰਤ ਹੈ ਜੋ ਕਿ ਨੈਤਿਕ ਬਹਾਦਰੀ ਦੇ ਵੀ ਮੂਲ ਤੱਤ ਹਨ;

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥

---

81 ਉਹੀ, ੪੧੮.

82 ਉਹੀ, ੪੭੦.

ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥

ਨਾ ਏਹ ਤੁਟੈ ਨਾ ਮਲੁ ਲਗੈ ਨਾ ਏਹੁ ਜਲੈ ਨ ਜਾਇ॥

ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥ [83]

ਗੁਰੂ ਜੀ ਨੇ ਦੱਸਿਆ ਕਿ ਧਰਮ ਕੇਵਲ ਵਿਖਾਵਾ ਨਹੀਂ ਹੈ। ਜੈਨੀਆਂ ਦੇ ਅਹਿੰਸਾ ਦੇ ਸਿਧਾਂਤ ਨੂੰ ਵੰਗਾਰਨ ਵਿਚ ਗੁਰੂ ਨਾਨਕ ਦੇਵ ਜੀ ਨੇ ਢਿੱਲ ਨਹੀਂ ਕੀਤੀ। ਗੁਰੂ ਸਾਹਿਬ ਨੇ ਜੈਨੀਆਂ ਵਿਚਲੀ ਅਤਿ ਦੀ ਅਹਿੰਸਾਂ ਖਿਲਾਫ ਵੀ ਤਾਰਕਿਕ ਆਵਾਜ਼ ਉਠਾਦਿਆਂ ਇਸ ਪ੍ਰਕਾਰ ਦੇ ਜੀਵਨ ਨੂੰ ਸਿੱਧੇ ਸ਼ਬਦਾਂ ਵਿਚ ਢਹਿੰਦੀ ਕਲਾ ਵਾਲਾ ਲੁਕਾਈ ਨੂੰ ਕੁਰਾਹੇ ਪਾਉਣ ਵਾਲਾ ਅਤੇ ਸਮਾਜ ਵਿਰੋਧੀ ਕਿਹਾ;

ਸਿਰੁ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ॥

ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ॥

ਭੇਡਾ ਵਾਗੀ ਸਿਰੁ ਖੋਹਾਇਨਿ ਭਰੀਅਨਿ ਹਥ ਸੁਆਹੀ॥

ਮਾਊ ਪੀਊ ਕਿਰਤੁ ਗਵਾਇਨਿ ਟਬਰ ਰੋਵਨਿ ਧਾਹੀ॥[84]

ਇਸ ਤਰ੍ਹਾਂ ਦੀ ਅੰਨ੍ਹੀ ਅਹਿੰਸਾਂ ਦੇ ਸਿਧਾਂਤ ਦੀ ਪਾਲਣਾ ਦਾ ਗੁਰਬਾਣੀ ਵਿਰੋਧ ਕਰਦੀ ਹੈ ਕਿਉਂਕਿ ਅਜਿਹੀ ਜੀਵ ਹੱਤਿਆ ਰੋਕਣਾ ਇਕ ਵਿਅਰਥ ਕਾਰਜ ਹੈ। ਇਹ ਲੋਕ ਕੀੜਿਆਂ ਤੋਂ ਕਦਮ ਬੋਚ ਬੋਚ ਕੇ ਚੱਲਦੇ ਸਨ ਪਰੰਤੂ ਜਨਤਾ ਨੂੰ ਆਪਣੇ ਭਰਮ ਜਾਲ 'ਚ ਫਸਾ ਕੇ ਲੁੱਟ ਵੀ ਲੈਂਦੇ ਸਨ ਅਤੇ ਹੱਟੇ-ਕੱਟੇ ਹੋਣ ਦੇ ਬਾਵਜੂਦ ਚੜ੍ਹ ਆਏ ਜਰਵਾਣਿਆ ਦਾ ਮੁਕਾਬਲੇ ਨਹੀਂ ਸਨ ਕਰਦੇ। ਸਿਰਫ ਜੈਨੀ ਹੀ ਨਹੀਂ ਬਲਕਿ ਗੁਰੂ ਸਾਹਿਬ ਨੇ ਪਹਾੜੀ ਚੜ੍ਹ ਬੈਠੇ ਸਿੱਧਾਂ ਨੂੰ ਵੀ ਸੇਧ ਦਿੱਤੀ :

ਸਿਧ ਛਪਿ ਬੈਠੇ ਪਰਬਤੀ ਕਉਣ ਜਗਤ ਕਉ ਪਾਰ ਉਤਾਰਾ।[85]

ਜਿਨ੍ਹਾਂ ਨਾਲ ਵਿਚਾਰ ਚਰਚਾ ਕਰਕੇ ਉਹਨਾਂ ਨੂੰ ਯੋਗ ਦੇ ਅਸਲ ਅਰਥ ਵੀ ਸਮਝਾਏ ਅਤੇ ਵਿਦਵਾਨ ਹੋਣ ਕਰਕੇ ਪਹਾੜੀ ਲੁਕ ਬੈਠਣ ਨਾਲੋਂ ਅਗਿਆਨ ਵਿਚ ਦਰ-ਦਰ ਠੋਕਰਾਂ ਪਾ ਰਹੀ ਲੁਕਾਈ ਦੀ ਅਗਵਾਈ ਕਰਨ ਲਈ ਪ੍ਰੇਰਿਆ ਜਿਵੇਂ ਕਿ ਗੁਰੂ ਸਾਹਿਬ ਆਪ ਕਰ ਰਹੇ ਸਨ। ਗੁਰੂ ਸਾਹਿਬ ਨੇ

---

83 ਉਹੀ, ੪੭੧.

84 ਉਹੀ, ੧੪੯.

85 ਹਜ਼ਾਰਾ ਸਿੰਘ, ਵੀਰ ਸਿੰਘ (1962) *ਸਟੀਕ ਵਾਰਾਂ ਭਾਈ ਗੁਰਦਾਸ,* ਖਾਲਸਾ ਸਮਾਚਾਰ ਅੰਮ੍ਰਿਤਸਰ, ਪੰ.25.

ਉਹਨਾਂ ਨੂੰ ਸਮਾਜ ਦੇ ਭਲੇ ਵਾਸਤੇ ਅਸਲ ਸੂਰਮੇ ਬਣਨ ਲਈ ਕਿਹਾ ਜਿਸਦੀ ਪੁਸ਼ਾਕ ਸੰਤੋਖ, ਭਗਤੀ, ਉਚ-ਆਚਰਨ ਹੈ;

> ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ॥
> ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤ॥[86]

ਗੁਰੂ ਸਾਹਿਬ ਨੇ ਗੁਰਬਾਣੀ ਰਾਹੀਂ ਧਾਰਮਿਕ ਪਾਖੰਡ ਵਿਰੁੱਧ ਅਵਾਜ਼ ਉਠਾਈ ਅਤੇ ਲੋਕਾਂ ਨੂੰ ਸੁਚੱਜੀ-ਜੀਵਨ ਜਾਚ ਨੂੰ ਅਪਣਾਉਣ ਲਈ ਇਕ ਅਕਾਲ ਪੁਰਖ ਨਾਲ ਜੋੜਿਆ। ਸਰਬ-ਸਾਂਝੇ ੴ ਦੇ ਵਿਸ਼ਵਾਸ਼ ਨੂੰ ਸਥਾਪਿਤ ਧਰਮਾਂ ਦੇ ਲੋਕਾਂ ਤੱਕ ਲੈ ਆਉਣਾ ਉਹਨਾਂ ਦੀ ਅਧਿਆਤਮਕ ਸੂਰਬੀਰਤਾ ਦਾ ਸਬੂਤ ਸੀ। ਗੁਰੂ ਨਾਨਕ ਸਾਹਿਬ ਨੇ ਆਪਸ ਵਿਚ ਧਰਮਾਂ ਦੇ ਨਾਂ 'ਤੇ ਲੜਦੇ ਲੋਕਾਂ ਨੂੰ ਸਮਝਾਇਆ ਕਿ ਅਕਾਲ ਪੁਰਖ ਸਰਵ-ਸ਼ਕਤੀਮਾਨ, ਨਿਰਭਉ, ਨਿਰਵੈਰ ਤੇ ਹਰ ਥਾਂ ਵਿਆਪਕ ਹੈ ਜੋ ਸਾਰੀਆਂ ਸ਼ਕਤੀਆਂ ਦਾ ਮੁੱਖ ਸੋਮਾ ਹੈ। ਸ੍ਰੀ ਗੁਰੂ ਨਾਨਕ ਦੀ ਦ੍ਰਿਸ਼ਟੀ ਵਿਚ ਕੋਈ ਵੀ ਧਰਮ ਮਾੜਾ ਨਹੀਂ ਸੀ। ਉਹ ਸਿਰਫ ਧਰਮ ਦੇ ਅਨੈਤਿਕ ਵਰਤਾਰੇ ਦੇ ਖਿਲਾਫ਼ ਸੂਰਮੇ ਵਾਂਗ ਅਡੋਲ ਖੜੇ ਜੋ ਮਨੁੱਖ ਦੀ ਆਤਮਿਕ ਗੁਲਾਮੀ ਦਾ ਸੂਚਕ ਹੈ ਇਹ ਸਾਬਤ ਕਦਮੀ ਉਹਨਾਂ ਦੇ ਉੱਤਰਾਧਿਕਾਰੀਆਂ ਨੇ ਵੀ ਸ਼ਿਦਤ ਨਾਲ ਦਿਖਾਈ। ਆਤਮਿਕ ਗੁਲਾਮੀ ਬਾਰੇ ਪ੍ਰੋ. ਪੂਰਨ ਸਿੰਘ ਲਿਖਦੇ ਹਨ;

> "ਆਤਮਿਕ ਗੁਲਾਮੀ ਨਾਲੋਂ ਮਰ ਜਾਣਾ ਅਤੇ ਆਪਣਾ ਅੰਤ ਕਰ ਲੈਣਾ ਵਧੇਰੇ ਚੰਗਾ ਹੈ ਗੁਰੂ ਜੀ ਨੇ ਸਾਡੇ ਹਿਰਦਿਆਂ ਵਿਚ ਜਿਹੜੀ ਪ੍ਰੇਮ ਜੋਤ ਜਗਾਈ ਉਸਦੇ ਬੁਝਣ ਨਾਲੋਂ ਸਰਬ-ਨਾਸ਼ ਵਧੇਰੇ ਚੰਗਾ ਹੈ। ਇਹ ਜੋਤ ਸਦਾ ਸੁਤੰਤਰਤਾ ਨੂੰ ਪ੍ਰੇਮ ਕਰਦੀ ਹੈ ਇਹ ਸਦਾ ਅਨਿਆਂ ਕਰਨ ਵਾਲੇ ਰਾਜੇ ਮਹਾਰਾਜਿਆਂ ਤੇ ਨਿਰੁੰਕੁਸ਼ ਹਾਕਮਾਂ ਵਿਰੁੱਧ ਸੰਘਰਸ਼ ਕਰਦੀ ਰਹੀ ਹੈ ਤੇ ਸਦਾ ਲਈ ਇਨ੍ਹਾਂ ਵਿਰੁੱਧ ਸੰਘਰਸ਼ ਕਰਦੀ ਰਹੇਗੀ।"[87]

ਜਦੋਂ ਸੂਰਬੀਰਤਾ ਦਾ ਨੈਤਿਕ ਅਧਿਐਨ ਕੀਤਾ ਜਾਵੇ ਤਾਂ ਇਸ ਵਿਚ ਸਰਬੱਤ ਦਾ ਭਲਾ, ਸਾਰਥਕ ਵਿਚਾਰ ਦੇਣੇ ਅਤੇ ਆਪਣੇ ਕਿਰਦਾਰ ਨੂੰ ਸੱਚਾ ਸੁੱਚਾ ਰੱਖਣਾ ਆਦਿ ਸ਼ਾਮਿਲ ਹੈ। ਇਹ ਉਦੋਂ ਪ੍ਰਗਟ ਹੁੰਦੀ ਹੈ ਜਦੋਂ ਬਾਹਰੀ ਪਰਿਸਥਿਤੀਆਂ ਵਿਚ ਸ਼ਰਮਿੰਦਗੀ, ਵਿਰੋਧਤਾ ਅਤੇ ਦੂਜਿਆਂ ਦੀ

---

86 ਸ੍ਰੀ ਗੁਰੂ ਗ੍ਰੰਥ ਸਾਹਿਬ, ੬.

87 ਪੂਰਨ ਸਿੰਘ (2007) ਉਪਰੋਕਤ, *ਸਿੱਖੀ ਦੀ ਆਤਮਾ*, ਪੰ.214.

ਅਸਿਹਮਤੀ ਦਾ ਖਤਰਾ ਹੁੰਦਾ ਹੈ। ਨੈਤਿਕ ਸੂਰਬੀਰਤਾ ਦੇ ਆਦਰਸ਼ਾਂ ਵਿਚ ਦੁਨਿਆਵੀ ਕਦਰਾਂ-ਕੀਮਤਾਂ ਦੀ ਪਰਮੁੱਖਤਾ ਹੈ। ਸੂਰਬੀਰਤਾ ਦੀ ਭਾਵਨਾ ਦਾ ਧਾਰਨੀ ਬਹਾਦਰ ਮੰਨਿਆ ਗਿਆ ਹੈ ਜਿਸਦੇ ਖਿਆਲਾਂ ਵਿਚ ਬਰਾਬਰੀ, ਮਾਨਵੀ ਹੱਕਾਂ ਅਤੇ ਇਨਸਾਫ ਰਾਹੀਂ ਸਮਾਜ ਦਾ ਕਲਿਆਣ ਪਾਇਆ ਜਾਂਦਾ ਹੈ। ਭਾਵੇਂ ਸੂਰਮੇ ਨੂੰ ਸਮਾਜਕ ਭਲਾਈ ਲਈ ਅੰਤਲੇ ਸੁਆਸਾਂ ਤੱਕ ਵੀ ਜੂਝਣਾ ਪਵੇ। ਸਮੂਹਿਕ ਰੂਪ ਵਿਚ ਨੈਤਿਕ ਸੂਰਬੀਰਤਾ ਸਮਾਜਕ ਰੂਪ ਵਿਚ ਤਬਦੀਲ ਹੋ ਜਾਂਦੀ ਹੈ।

ਜੀਵਨ ਸ਼ੈਲੀ ਦਾ ਸਰਬੋਤਮ ਵਿਸ਼ਾ ਨੈਤਿਕਤਾ (ਸਦਾਚਾਰ) ਹੈ। "ਸਦਾਚਾਰ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਚੰਗਾ ਆਚਰਣ, ਉੱਤਮ ਬਿਰਤੀ ਹੈ।"[88] ਸੁਚੱਜੀ ਜੀਵਨ ਜਾਚ ਲਈ ਨੈਤਿਕ ਗੁਣਾਂ ਨੂੰ ਧਾਰਨ ਕਰਨਾ ਅਤਿ ਜ਼ਰੂਰੀ ਹੈ। ਵਜ਼ੀਰ ਸਿੰਘ ਨੈਤਿਕਤਾ ਦੇ ਅਰਥਾਂ ਬਾਰੇ ਸੰਖੇਪ ਰੂਪ 'ਚ ਲਿਖਦੇ ਹਨ ਕਿ;

> "ਪੱਛਮੀ ਮਾਨਵ ਵਿਗਿਆਨੀਆਂ ਅਤੇ ਨੀਤੀ ਵਿਗਿਆਨੀਆਂ ਨੇ ਪ੍ਰਾਚੀਨ ਯੂਨਾਨੀ ਸਭਿਅਤਾਵਾਂ ਦੇ ਦੋ ਸੰਕਲਪਾਂ ਐਥਾਸ (ethos), ਮੋਰਜ਼ ਨੂੰ ਰਿਵਾਜੀ ਸਦਾਚਾਰ ਦੇ ਥੰਮ੍ਹ ਮੰਨਿਆ ਹੈ। ਗ੍ਰੀਕ ਲੋਕ ਆਪਣੀਆਂ ਰਸਮਾਂ, ਵਿਚਾਰਾਂ, ਕੋਡਾਂ ਦੇ ਸਮੂਹਾਂ ਨੂੰ ਐਥਾਸ (ethos) ਕਹਿੰਦੇ ਸਨ ਜਿਸ ਅਨੁਸਾਰ ਇਕ ਕਬੀਲਾ ਜਾਂ ਸਮੂਹ ਦੂਸਰੇ ਕਬੀਲੇ ਜਾਂ ਸਮੂਹਾਂ ਨਾਲੋਂ ਭਿੰਨ ਕੀਤਾ ਜਾ ਸਕਦਾ ਹੈ। ਐਥਿਕ (ਨੈਤਿਕ ਨਿਯਮ) ਇਸੇ ਸ਼ਬਦ ਵਿਚੋਂ ਆਇਆ ਜਿਸਦਾ ਮੂਲ ਅਰਥ ਠੀਕ ਕਰਨਾ ਜਾਂ ਸ਼ੁਭ ਕਰਮਾਂ ਦਾ ਮਿਆਰ ਸੀ। ਇਸੇ ਤਰ੍ਹਾਂ ਮੋਰਜ਼ ਸ਼ਬਦ ਸਮਾਜਕ ਭਲਾਈ ਦੇ ਰਸਮਾਂ ਰਿਵਾਜਾਂ ਵਾਸਤੇ ਪ੍ਰਚੱਲਿਤ ਹੋਇਆ ਸੀ ਅਤੇ 'ਮੋਰਲ' ਅਤੇ 'ਮੋਰੈਲਿਟੀ' ਆਦਿਕ ਸ਼ਬਦਾਂ ਦੀ ਰਚਨਾ ਹੋਈ। ਹਰੇਕ ਸਮਾਜ ਦੇ ਉਸਾਰੂ ਸਿਧਾਤਾਂ ਦੀ ਤਾਕਤ ਨੈਤਿਕਤਾ ਹੈ।"[89]

ਨੈਤਿਕ ਨਿਯਮਾਂ ਦੀ ਸਥਾਪਨਾ ਦਾ ਮੁਖ ਆਧਾਰ ਵਿਅਕਤੀ ਦੇ ਜੀਵਨ ਦੀ ਉਹ ਲੋੜ ਹੁੰਦੀ ਹੈ ਜਿਸ ਅਨੁਸਾਰ "ਸਮੂਹਕ ਹਿਤਾਂ ਦੀ ਘੱਟੋ ਘੱਟ ਉਲੰਘਨਾ ਕੀਤਿਆਂ ਵਿਅਕਤੀਗਤ ਹਿੱਤਾਂ ਦੀ ਪੂਰਤੀ ਹੁੰਦੀ ਹੈ। ਨੈਤਿਕ ਨਿਯਮਾਂ ਦੀ ਅਪੀਲ ਮਨੁੱਖ ਦੀ ਅਕਲ ਤੇ ਸੂਝ ਬੂਝ ਨੂੰ ਹੈ। ਸਮਝਦਾਰ

---

88 ਰਤਨ ਸਿੰਘ ਜੱਗੀ, ਉਪਰੋਕਤ, *ਸਿੱਖ ਪੰਥ ਵਿਸ਼ਵ ਕੋਸ਼, ਪੰ.*141.

89 ਵਜੀਰ ਸਿੰਘ (1990) *ਨੈਤਿਕ ਨਿਯਮ, ਪੰਜਾਬੀ* ਯੂਨੀਵਰਸਿਟੀ, ਪਟਿਆਲਾ, ਪੰ.8.

ਵਿਅਕਤੀ ਸੁਚੇਤ ਤੌਰ 'ਤੇ ਆਪਣੇ ਆਪ ਨੂੰ ਸਦਾਚਾਰਕ ਸੇਧ ਦੇਣ ਲਈ ਸਮਰੱਥਾ ਰਖਦਾ ਹੈ।"[90] ਜੋ ਸੂਰਬੀਰਤਾ ਦੇ ਵਹਾਅ ਨੂੰ ਅੱਗੇ ਤੋਰਦਾ ਹੈ। ਬਹਾਦਰੀ ਸਦਾਚਾਰਕ ਗੁਣਾਂ ਦਾ ਸੁਮੇਲ ਹੈ ਜੋ ਸੂਰਮੇ ਦੇ ਮਨ ਦੀ ਤਾਕਤ ਹੁੰਦੀ ਹੈ, ਇਸ ਪ੍ਰਥਾਇ ਪੌਲ ਟਿਲਿਚ ਲਿਖਦਾ ਹੈ, "ਬਹਾਦਰੀ ਮਨ ਦੀ ਤਾਕਤ ਹੈ, ਇਹ ਉਹਨਾਂ ਸਾਰੀਆਂ ਰੁਕਾਵਟਾਂ, ਮੁਸੀਬਤਾਂ ਨੂੰ ਪਰ੍ਹੇ ਕਰਦੀ ਹੈ ਜਿਹੜੀਆਂ ਸਰਬੋਤਮ ਉਦੇਸ਼ਾਂ ਦੀ ਪ੍ਰਾਪਤੀ ਹੁੰਦੀਆਂ ਹਨ।"[91] ਵਿਅਕਤੀ ਦਾ ਮਨ ਸੂਰਬੀਰਤਾ ਨੂੰ ਪੈਦਾ ਕਰਦਾ ਹੈ।

> "ਮਨ ਮਨੁੱਖੀ ਚੇਤਨਾ (ਅੰਤਹਕਰਣ) ਦਾ ਉਹ ਅੰਗ ਮੰਨਿਆ ਜਾਂਦਾ ਹੈ ਜੋ ਗਿਆਨ-ਇੰਦ੍ਰੀਆਂ ਦੇ ਸੰਕੇਤਾਂ ਕਰਮ-ਇੰਦ੍ਰੀਆਂ ਦਾ ਨਿਯੰਤ੍ਰਣ ਕਰਦਾ ਹੈ ਤੇ ਜੇ ਬੌਧਿਕ ਚੇਤਨਾ ਦੇ ਵਸ ਵਿਚ ਨਾ ਕੀਤਾ ਜਾਵੇ ਤਾਂ ਸਰੀਰ ਦੀਆਂ ਭੌਤਿਕ ਲੋੜਾਂ ਦੀ ਪੂਰਤੀ ਨੂੰ ਆਪਣਾ ਆਦਰਸ਼ ਧਾਰ ਲੈਂਦਾ ਹੈ। ਮਨ ਨੂੰ ਪ੍ਰਾਣੀਆਂ ਦੀ ਉਹ ਸ਼ਕਤੀ ਮੰਨਿਆ ਜਾਂਦਾ ਹੈ ਜਿਸ ਨਾਲ ਅਨੁਭਵ, ਸੰਕਲਪ, ਵਿਕਲਪ, ਇੱਛਾ, ਵਿਚਾਰ ਆਦਿਕ ਪੈਦਾ ਹੁੰਦੇ ਹਨ।"[92]

ਨੈਤਿਕ ਬਹਾਦਰੀ ਬਾਰੇ ਹਾਰੋਲਡ ਐਚ. ਤਿਤੁਸ ਲਿਖਦਾ ਹੈ, "ਨੈਤਿਕ ਬਹਾਦਰੀ ਤੋਂ ਭਾਵ ਵਿਅਕਤੀ ਦੁਆਰਾ ਆਪਣੇ ਨੈਤਿਕ ਵਿਸ਼ਵਾਸਾਂ ਲਈ ਦ੍ਰਿੜ ਰਹਿਣ ਤੋਂ ਹੈ। ਆਪਣੇ ਨਿੱਜੀ ਨੁਕਸਾਨ ਬਾਰੇ ਜਾਣਦੇ ਹੋਏ ਵੀ ਅਜਿਹਾ ਵਿਅਕਤੀ ਸਹੀ ਦਾ ਸਾਥ ਦਿੰਦੇ ਹੋਏ ਨੈਤਿਕ ਬਹਾਦਰੀ ਦਾ ਪ੍ਰਦਰਸ਼ਨ ਕਰਦਾ ਹੈ। ਵਿਅਕਤੀ ਦੁਆਰਾ ਨਵੇਂ ਸਿਧਾਂਤਾਂ ਦੀ ਸਥਾਪਨਾ ਜਾਂ ਉਸ ਦੁਆਰਾ ਕਿਸੇ ਨਿਵੇਕਲੇ ਕਾਰਨ ਦਾ ਕੀਤਾ ਗਿਆ ਸਮਰਥਨ ਆਮ ਹੀ ਸਮਾਜਕ ਸਹਿਮਤੀ ਹਾਸਲ ਨਹੀਂ ਕਰਦਾ ਸਗੋਂ ਇਸਦੇ ਲਈ ਇਕ ਕਰੜੇ ਸੰਘਰਸ਼ ਦੀ ਲੋੜ ਹੁੰਦੀ ਹੈ।"[93] ਨੈਤਿਕਤਾ ਧਰਮ ਦੇ ਆਸ਼ੇ ਅਨੁਸਾਰ

---

90 ਉਹੀ, ਪੰ.7.

91 Paul Tillch, op.cit. "courage is the strength of the mind, capable of conquering what threatens the attainment of highest good", *Courage To Be*, p.7.

92 ਸ੍ਰੀ ਨਵਲ ਜੀ, ਉਪਰੋਕਤ, *ਵਿਸ਼ਾਲ ਨਾਲੰਦਾ ਸ਼ਬਦ ਸਾਗਰ,* ਪੰ.1056.

93 Harold H. Titus (1966) "Moral courage is the readiness to endure ridicule, abuse and unpopularity for the sake of one's moral convictions. The man with moral courage stands what he believes to be right even though it means personal loss. Men who set forth new ideas or who support unpopular causes do not ordinarily gain the applause and the admiration of their fllows. Their actions, however, may demand greater setrength of character than enlistment for battle" *Ethics for Today,* Eurasia Publishing House, Delhi, p.468.

ਕੰਮ ਕਰੇ ਤਾਂ ਹੀ ਲੋਕ ਹਿੱਤਾਂ ਦੀ ਰਾਖੀ ਹੋ ਸਕਦੀ ਹੈ, "ਜੇ ਧਰਮ ਮਨੁੱਖ ਲਈ ਹੈ ਤਾਂ ਇਸਨੂੰ ਸਮੁੱਚੇ ਮਨੁੱਖ ਨੂੰ ਧਿਆਨ ਵਿਚ ਰੱਖਣਾ ਪਏਗਾ ਅਤੇ ਇਹ ਉਸਦੀਆਂ ਪਦਾਰਥਕ ਲੋੜਾਂ ਨੂੰ ਅਣਡਿੱਠ ਨਹੀਂ ਕਰ ਸਕਦਾ। ਧਰਮ ਦੀਆਂ ਜ਼ਿੰਮੇਵਾਰੀਆਂ ਬੱਦਲਾਂ ਵਿਚ ਨਹੀਂ, ਸਗੋਂ ਰੋਜ਼ਾਨਾ ਜ਼ਿੰਦਗੀ ਵਿਚ ਹਨ। ਇਕ ਸੱਚਾ ਇਨਸਾਨ ਆਮ ਲੋਕਾਂ ਵਿਚ ਉਨ੍ਹਾਂ ਲੋੜਾਂ ਨੂੰ ਪੂਰਿਆਂ ਕਰਦਾ ਹੋਇਆ ਤੇ ਸਮੱਸਿਆਵਾਂ ਦਾ ਸਾਮ੍ਹਣਾ ਕਰਦਾ ਹੋਇਆ ਵਿਚਰਦਾ ਹੈ।"[94] ਸਿੱਖ ਚਿੰਤਨ ਵਿਚ ਅਸਲ ਸੂਰਮਾ ਸਭ ਤੋਂ ਪਹਿਲਾਂ ਗੁਰਬਾਣੀ ਦੀ ਰੌਸ਼ਨੀ ਵਿਚ  ਨੈਤਿਕ ਗੁਣਾਂ ਨੂੰ ਧਾਰਨ ਕਰਦਾ ਹੈ। ਇਹ ਸਦਾਚਾਰਕ ਗੁਣ ਮਨੁੱਖ ਦਾ ਸੱਚਾ ਤੇ ਸਰਬਪੱਖੀ ਵਿਕਾਸ ਕਰਦੇ ਹਨ। ਜ਼ੋਰ ਜਾਂ ਸਰੀਰਕ ਬਲ ਨਾਲ ਕੇਵਲ ਲੋਕਾਂ ਦੇ ਸਰੀਰਾਂ ਉਤੇ ਕਬਜ਼ਾ ਹੁੰਦਾ ਹੈ ਜੋ ਸਮੇਂ ਦੇ ਪ੍ਰਭਾਵ ਨਾਲ ਘਟਦਾ/ਖਤਮ ਹੋ ਜਾਂਦਾ ਹੈ। ਜ਼ੋਰ ਹਰ ਥਾਂ ਸਾਰਥਕ ਨਹੀਂ ਹੁੰਦਾ। ਸੱਚਾ ਸੂਰਮਾ ਮਨ ਦੀ ਅਸਲ ਤਾਕਤ ਦਾ ਬਲ ਨੈਤਿਕਤਾ ਵਿਚੋਂ ਪ੍ਰਾਪਤ ਕਰਦਾ ਹੈ ਜਿਸ ਸਦਕਾ ਸਰੀਰਾਂ ਉਪਰ ਹੀ ਜਿੱਤ ਨਹੀਂ ਹੁੰਦੀ ਬਲਕਿ ਲੋਕਾਂ ਦੇ ਮਨਾਂ ਉਪਰ ਥਾਂ ਬਣਦੀ ਹੈ। ਸਰੀਰ ਦੀ ਵਾਗਡੋਰ ਮਨ ਕੋਲ ਹੁੰਦੀ ਹੈ। ਇਸਦਾ ਮਤਲਬ ਇਹ ਨਾ ਲਿਆ ਜਾਵੇ ਕਿ ਜਿਸ ਵਿਅਕਤੀ ਨੇ ਲੋਕਾਂ ਦੇ ਮਨਾਂ ਉਪਰ ਥਾਂ ਬਣਾਈ ਹੈ ਉਹੀ ਸੂਰਬੀਰ ਹੈ ਕਿਉਂਕਿ ਅਜਿਹਾ ਵਿਅਕਤੀ ਬੇਸਮਝ ਲੋਕਾਂ ਦੀ ਮਾਨਸਿਕਤਾ ਨੂੰ ਗੁਲਾਮ ਬਣਾਕੇ ਆਪਣੇ ਨਿੱਜੀ ਸੁਆਰਥਾਂ ਦੀ ਪੂਰਤੀ ਲਈ ਗੁੰਮਰਾਹ ਕਰਦਾ ਹੈ। ਇਸਦੇ ਵਿਰੁੱਧ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਕ ਅਕਾਲ ਪੁਰਖ ਨਾਲ ਜੁੜਨ ਦਾ ਉਪਦੇਸ਼ ਦਿੱਤਾ ਅਤੇ ਉਸ ਦੇ ਸਮਰੱਥ ਗੁਣਾਂ ਨੂੰ ਧਾਰਨ ਕਰਨ ਦੀ ਸਿੱਖਿਆ ਦਿੱਤੀ। ਨੈਤਿਕ ਗੁਣਾਂ ਦੇ ਸਿਧਾਂਤ ਨੇ ਮਨੁੱਖੀ ਮਨ ਨੂੰ ਤਾਕਤ ਦਿੱਤੀ ਜਿਸਦੇ ਸਹਾਰੇ ਸੂਰਮਾ ਮੌਤ ਤੋਂ ਵੀ ਨਹੀਂ ਡਰਦਾ। ਨੈਤਿਕ ਸੂਰਬੀਰਤਾ ਦੇ ਪਾਤਰ ਭੂਮੀਆ ਚੋਰ ਦਾ ਜ਼ਿਕਰ ਪ੍ਰਚੱਲਿਤ ਹੈ ਜਿਸਨੇ ਗੁਰੂ ਨਾਨਕ ਦੇਵ ਜੀ ਵਲੋਂ ਮਿਲੇ ਤਿੰਨ ਉਪਦੇਸ਼ਾਂ ਨੂੰ ਧਾਰਨ ਕਰਕੇ ਅਮਲ 'ਚ ਲਿਆਂਦਾ ਪਹਿਲਾ ਸਿਧਾਂਤ ਸੱਚ ਬੋਲਣਾ, ਦੂਜਾ ਜਿਸਦਾ ਲੂਣ ਖਾਣਾ ਉਸਦਾ ਬੁਰਾ ਨਾ ਚਿਤਵਨਾ, ਤੀਜਾ ਗਰੀਬ ਮਾਰ ਨਾ ਕਰਨੀ।[95] ਇਹ ਸਿਧਾਂਤ ਸੁਣਨ ਨੂੰ ਬਹੁਤ ਸਰਲ ਲਗਦੇ ਹਨ ਪਰ ਇਨ੍ਹਾਂ ਨੂੰ ਵਿਹਾਰ 'ਚ ਲਿਆਉਣਾ ਅਤਿ ਕਠਿਨ ਹੈ ਕਿਉਕਿ ਕਈ ਵਾਰ ਹਾਲਾਤ ਇੰਨੇ ਸਖ਼ਤ ਹੋ ਜਾਂਦੇ ਹਨ ਕਿ ਡਰਪੋਕ ਵਿਅਕਤੀ ਪ੍ਰਤੱਖ ਰੂਪ ਵਿਚ ਸਾਹਮਣੇ ਆਉਣ ਤੋਂ ਡਰਦਾ ਰਹਿੰਦਾ ਹੈ। ਭੂਮੀਆ ਚੋਰੀ ਕਰਨ ਲਈ

---

94 ਹਰਬੰਸ ਸਿੰਘ, ਉਪਰੋਕਤ, *ਦੇਗ ਦੇਗ ਫਤਿਹ,* ਪੰ.38.

95 ਸੇਵਾ ਸਿੰਘ ਸੇਵਕ, ਸੰਪਾ. (1969) *ਪ੍ਰਾਚੀਨ ਜਨਮ ਸਾਖੀ ਗੁਰੂ ਨਾਨਕ ਦੇਵ ਜੀ,* ਨਿਊ ਬੁੱਕ ਕੰਪਨੀ ਜਲੰਧਰ, ਪੰ.235.

ਮਜਬੂਰ ਸੀ ਪਰ ਗੁਰੂ ਨਾਨਕ ਦੇ ਸਿਧਾਂਤਾਂ ਨੂੰ ਦ੍ਰਿੜ੍ਹ ਕਰਨ ਵਿਚ ਹਰ ਸਮੇਂ ਪ੍ਰਤੱਖ ਰੂਪ ਹੋ ਕੇ ਵਿਚਰਿਆ, ਜਿਵੇਂ ਮਹਿਲ 'ਚ ਚੋਰੀ ਕਰਨ ਲਈ ਪਹਿਰੇਦਾਰਾਂ ਦੇ ਪੁੱਛਣ 'ਤੇ ਸੱਚ ਆਖਿਆ ਕਿ ਮੈਂ ਚੋਰ ਹਾਂ। ਚੋਰੀ ਕਰਨ ਸਮੇਂ ਗਹਿਣੇ ਆਦਿ ਦੀ ਇਕੱਤਰਤਾ ਸਮੇਂ ਲੂਣ ਦਾ ਸਵਾਦ ਚੱਖਣ ਕਾਰਨ ਗੁਰੂ ਨਾਨਕ ਦਾ ਦੂਜਾ ਬਚਨ ਯਾਦ ਆਉਣ ਕਾਰਨ ਚੋਰੀ ਲਈ ਇਕੱਤਰ ਕੀਤਾ ਸਾਰਾ ਸਮਾਨ ਉੱਥੇ ਹੀ ਛੱਡ ਕੇ ਚਲਾ ਗਿਆ, ਫੇਰ ਚੋਰੀ ਕਾਰਨ ਗਰੀਬਾਂ ਉਪਰ ਰਾਜੇ ਵਲੋਂ ਸਖਤੀ ਹੋਈ, ਚੋਰ ਨਾ ਮਿਲਣ 'ਤੇ ਗਰੀਬਾਂ ਦੀ ਚਮੜੀ ਕੁੱਟਣ ਦਾ ਹੁਕਮ ਹੋਇਆ ਤਾਂ ਇਹ ਹੁਕਮ ਸੁਣ ਕੇ ਭੂਮੀਏ ਨੇ ਗੁਰੂ ਦਾ ਤੀਜਾ ਬਚਨ ਯਾਦ ਕਰਕੇ ਬਿਨ੍ਹਾਂ ਕਿਸੇ ਡਰ ਤੋਂ ਰਾਜੇ ਕੋਲ ਪੇਸ਼ ਹੋਇਆ ਅਤੇ ਗਰੀਬਾਂ ਨੂੰ ਮਾਰ ਤੋਂ ਬਚਾਅ ਲਿਆ। ਭੂਮੀਆ ਚੋਰ ਦੀ ਇਹ ਸਾਖੀ ਨੈਤਿਕਤਾ ਦੇ ਵਿਹਾਰ ਨੂੰ ਪੇਸ਼ ਕਰਦੀ ਹੈ ਜਿਸ ਦੁਆਰਾ ਸੱਚੀ ਸੂਰਬੀਰਤਾ ਪ੍ਰਭਾਸ਼ਿਤ ਹੁੰਦੀ ਹੈ ਕਿਉਕਿ ਨੈਤਿਕਤਾ ਸੱਚੀ ਸੂਰਬੀਰਤਾ ਦੀ ਰੂਹ ਹੁੰਦੀ ਹੈ। ਨੈਤਿਕਤਾ ਵਿਚ ਪ੍ਰੇਮ, ਸਬਰ ਤੇ ਸੰਤੋਖ, ਸੰਜਮ, ਸਾਹਸ ਤੇ ਧੀਰਜ, ਨਿਮਰਤਾ, ਸੱਚ ਬੋਲਣਾ, ਤੇ ਸਤਿ-ਸੰਗਤ ਦੀਆਂ ਪ੍ਰਮੁੱਖ ਕੀਮਤਾਂ ਆਉਂਦੀਆਂ ਹਨ ਜੋ ਮਨੁੱਖ ਦੇ ਚਰਿਤ੍ਰ ਦਾ ਨਿਰਮਾਣ ਕਰਦੀਆਂ ਹਨ ਅਤੇ ਉਸ ਦੇ ਨੈਤਿਕ ਨਿਰਣਿਆਂ ਨੂੰ ਪ੍ਰਤੱਖ ਜਾਂ ਅਪ੍ਰੱਤਖ ਰੂਪ ਵਿਚ ਪ੍ਰਭਾਵਿਤ ਕਰਦੀਆਂ ਹਨ।

ਜੀਵਨ ਦੀ ਸਫਲਤਾ ਲਈ ਨੈਤਿਕਤਾ ਅਤੇ ਸੂਰਬੀਰਤਾ ਅਹਿਮ ਭੂਮਿਕਾ ਨਿਭਾਉਂਦੇ ਹਨ। ਇਨ੍ਹਾਂ ਦੋਹਾਂ ਵਿਸ਼ਿਆਂ ਦੇ ਸਿਧਾਂਤ ਹਰ ਧਰਮ ਦੇ ਧਾਰਮਿਕ ਗ੍ਰੰਥਾਂ ਵਿਚੋਂ ਕਿਸੇ ਨਾ ਕਿਸੇ ਰੂਪ ਵਿਚ ਉਪਲੱਬਧ ਹੁੰਦੇ ਹਨ। ਨੈਤਿਕਤਾ ਅਤੇ ਸੂਰਬੀਰਤਾ ਨੂੰ ਸਮਝਣ ਦੀ ਲੋੜ ਹੈ। ਇਹ ਦੋਵੇਂ ਪਰਸਪਰ ਸਾਂਝ ਦੇ ਧਾਰਨੀ ਹਨ ਅਰਥਾਤ ਇਹਨਾਂ ਦੇ ਸਾਂਝੇ ਤੱਤ ਇਕ ਹਨ। ਉਹ ਤੱਤ ਸੱਚਾਈ, ਗਿਆਨ, ਪਿਆਰ, ਨਿਮਰਤਾ ਆਦਿ ਹਨ ਜਿਨ੍ਹਾਂ ਦਾ ਸੋਮਾ ਇਕ ਅਕਾਲ ਪੁਰਖ ਹੈ। ਨੈਤਿਕਤਾ ਦੇ ਵਿਸ਼ੇ ਵਿਚ ਸਦਾਚਾਰਕ ਗੁਣਾਂ ਦੀ ਰੂਪ ਰੇਖਾ ਦਰਸਾਈ ਜਾਂਦੀ ਹੈ ਜਿਨ੍ਹਾਂ ਨੂੰ ਸਮਝਣਾ ਹੀ ਕਾਫੀ ਨਹੀਂ ਬਲਕਿ ਵਿਹਾਰ ਵਿਚ ਲਿਆਉਣਾ ਵੀ ਜ਼ਰੂਰੀ ਹੈ। ਸੂਰਬੀਰਤਾ ਇਨ੍ਹਾਂ ਨੂੰ ਵਿਹਾਰ ਵਿਚ ਲਿਆਉਣ ਲਈ ਸਮਰੱਥਾ ਪ੍ਰਦਾਨ ਕਰਦੀ ਹੈ। ਵਿਹਾਰ ਤੋਂ ਬਿਨਾਂ ਨੈਤਿਕਤਾ ਕੇਵਲ ਦਰਸ਼ਨ ਦਾ ਹਿੱਸਾ ਬਣਕੇ ਰਹਿ ਜਾਂਦੀ ਹੈ ਅਤੇ ਨੈਤਿਕਤਾ ਤੋਂ ਬਿਨਾਂ ਸੂਰਬੀਰਤਾ ਸਾਰਥਕ ਨਹੀਂ ਹੁੰਦੀ। "ਨੈਤਿਕਤਾ ਦਾ ਬੁੱਧੀ ਨਾਲ ਕੋਈ ਸਿੱਧਮ-ਸਿੱਧਾ (one to one) ਰਿਸ਼ਤਾ ਨਹੀਂ। ਮਨੁੱਖ ਦਾ ਨੈਤਿਕ ਵਤੀਰਾ ਉਸਦੇ ਆਤਮਿਕ

ਗੁਣ ਤੱਤ ਤੋਂ ਨਿਰਧਾਰਤ ਹੁੰਦਾ ਹੈ।"[96]

ਸੂਰਬੀਰਤਾ ਦੇ ਸਿੱਖ ਪਰਿਪੇਖ ਵਿਚ ਨੈਤਿਕ ਬਹਾਦਰੀ ਦਾ ਸਰੂਪ ਆਤਮਿਕ ਗੁਣਾਂ ਤੋਂ ਨਿਰਧਾਰਤ ਹੁੰਦਾ ਹੈ। ਮਨੁੱਖ ਦੀ ਸੁਚੱਜੀ ਜੀਵਨ ਜਾਚ ਦੀ ਰੂਪ ਰੇਖਾ ਨੈਤਿਕ ਬਹਾਦਰੀ ਰਾਹੀਂ ਦ੍ਰਿਸ਼ਟਮਾਨ ਹੁੰਦੀ ਹੈ ਅਤੇ ਇਹ ਮਨ ਦੀ ਤਾਕਤ ਬਣ ਜਾਂਦੀ ਹੈ ਜਿਹੜੀ ਕਿ ਸਰਬੋਤਮ ਕੀਮਤਾਂ ਵਿਚ ਨਿਰੰਤਰਤਾ ਬਣਾਈ ਰੱਖਦੀ ਹੈ।

**2.2 ਸਰੀਰਕ ਸੂਰਬੀਰਤਾ**

ਨੈਤਿਕ ਸੂਰਬੀਰਤਾ ਨੂੰ ਸਮਾਜਕ ਵਿਹਾਰ ਵਿਚ ਲਿਆਉਣ ਲਈ ਸਰੀਰਕ ਬਲ ਦੀ ਜ਼ਰੂਰਤ ਹੁੰਦੀ ਹੈ। ਇਹ ਸੂਰਮੇ ਮੁੱਖ ਲੱਛਣ ਹੈ। ਸਰੀਰਕ ਸੂਰਬੀਰਤਾ ਵਿਚ ਸਰੀਰਕ ਬਲ ਦਾ ਪ੍ਰਗਟਾਵਾ ਹੁੰਦਾ। ਇਸ ਬਹਾਦਰੀ ਦਾ ਪਾਤਰ ਸਿਪਾਹੀ ਹੁੰਦਾ ਹੈ। ਇਹ ਆਮ ਤੌਰ 'ਤੇ ਯੁੱਧ ਭੂਮੀ ਵਿਚ ਵਿਖਾਈ ਜਾਣ ਵਾਲੀ ਸੂਰਬੀਰਤਾ ਹੁੰਦੀ। ਜੰਗ ਦੇ ਮੈਦਾਨ ਵਿਚ ਦੁਸ਼ਮਨ ਨਾਲ ਪੂਰੈ ਜਜ਼ਬੇ ਨਾਲ ਟੱਕਰ ਲੈਣੀ ਅਤੇ ਵੈਰੀ ਨੂੰ ਪਿੱਠ ਵਿਖਾ ਕੇ ਨਾ ਭੱਜਣਾ ਸੂਰਬੀਰਤਾ ਹੈ। ਹਰੇਕ ਦੇਸ਼ ਦੀ ਫੌਜ਼ ਨੂੰ ਸੂਰਬੀਰਤਾ ਦੇ ਗੁਰ ਪਹਿਲ ਦੇ ਅਧਾਰ 'ਤੇ ਸਿਖਾਏ ਜਾਂਦੇ ਹਨ। ਜਿਸ ਵਿਚ ਸੂਰਬੀਰਤਾ ਦਾ ਮੁੱਖ ਉਦੇਸ਼ ਆਪਣੇ ਦੇਸ਼ ਦੀ ਰੱਖਿਆ ਕਰਨਾ ਹੈ। ਯੁੱਧ ਦੇ ਮੈਦਾਨ ਵਿਚ ਵੈਰੀ ਉਪਰ ਜਿੱਤ ਪਰਾਪਤ ਕਰਨਾ ਅਤੇ ਸਿਪਾਹੀ ਦਾ ਸ਼ਹੀਦ ਹੋਣਾ ਸੂਰਬੀਰਤਾ ਹੈ। ਜੋ ਸਿੱਖ ਦੀ ਸੂਰਬੀਰਤਾ ਨੂੰ ਪਵਿੱਤਰਤਾ ਦਿੰਦੀ ਹੈ ਅਤੇ ਉਸਦੇ ਦਾਇਰੇ ਨੂੰ ਹੋਰ ਵਿਸ਼ਾਲ ਬਣਾਉਦੀ ਹੈ। ਆਪਣੇ ਖੇਤਰ ਦੀ ਰੱਖਿਆ ਲਈ ਬਾਹਰੀ ਹਮਲਾਵਰਾਂ ਤੋਂ ਇਲਾਵਾ ਲੋਕ ਹਿੱਤਾਂ ਦੀ ਰੱਖਿਆ ਵੀ ਸ਼ਾਮਲ ਹੋ ਜਾਂਦੀ ਹੈ। ਜਦੋਂ ਤੱਕ ਸ਼ਾਂਤੀ ਲਈ ਵਿਚਾਰ ਆਪਣੀ ਸਾਰਥਕ ਭੂਮਿਕਾ ਨਿਭਾਉਂਦੇ ਹਨ ਉਦੋਂ ਤੱਕ ਯੁੱਧ ਨੂੰ ਵਿਹਾਰ ਵਿਚ ਨਹੀਂ ਲਿਆਂਦਾ ਜਾਂਦਾ। ਜਦੋਂ ਸਾਂਤੀ ਦੇ ਸਭ ਵਸੀਲੇ ਵਿਅਰਥ ਸਿੱਧ ਹੋ ਜਾਣ ਉਦੋਂ ਫਿਰ ਹੀ ਯੁੱਧ ਨੂੰ ਆਖਰੀ ਵਸੀਲੇ ਵਜੋਂ ਵਰਤਿਆ ਜਾਂਦਾ ਹੈ। ਸਰੀਰਕ ਸੂਰਬੀਰਤਾ ਨੂੰ ਵਿਹਾਰ ਵਿਚ ਲਿਆਉਣ ਲਈ ਅਧਿਆਤਮਕ, ਸਮਾਜਕ ਅਤੇ ਨੈਤਿਕ ਸੂਰਬੀਰਤਾ ਦੇ ਸਿਧਾਂਤਾਂ ਦੀ ਪਾਲਣਾ ਜ਼ਰੂਰੀ ਸ਼ਰਤ ਹੈ ਭਾਵੇਂ ਹਾਲਾਤ ਯੁੱਧ ਵਾਲੇ ਹੋਣ। ਯੁੱਧ ਦੇ ਮੈਦਾਨ ਵਿਚ ਵਿਖਾਈ ਜਾਣ ਵਾਲੀ ਸੂਰਬੀਰਤਾ ਦੇ ਹੇਠ ਲਿਖੇ ਲੱਛਣ ਹਨ;

---

96 ਅਜਮੇਰ ਸਿੰਘ (2015) *ਸਿੱਖਾਂ ਦੀ ਸਿਧਾਂਤਕ ਘੇਰਾਬੰਦੀ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ਪੰ.245.

### 2.3. ਯੁੱਧ ਅਤੇ ਸੂਰਬੀਰਤਾ

ਸਿੱਖ ਧਰਮ ਵਿਚਲੀ ਸੂਰਬੀਰਤਾ ਪੂਰੇ ਸੰਸਾਰ ਵਿਚ ਇਸ ਕਰਕੇ ਪ੍ਰਸਿੱਧ ਹੈ ਕਿਉਂਕਿ ਇਸ ਵਿਚ ਯੁੱਧ ਦਾ ਸੰਕਲਪ ਵਿਲੱਖਣ ਹੈ। ਸਿੱਖਾਂ ਦਾ ਯੁੱਧ ਭੂਮੀ ਵਿਚ ਵੀ ਲੋਕ-ਹਿੱਤਾਂ ਦੀ ਰਾਖੀ ਕਰਨਾ ਸਿੱਖ ਯੁੱਧ ਨੀਤੀ ਦੇ ਮੁਖ ਉਦੇਸ਼ ਵਜੋਂ ਉਭਰ ਕੇ ਸਾਹਮਣੇ ਆਉਂਦਾ ਹੈ। ਇਸ ਵਿਚ ਜ਼ਰ, ਜੋਰੂ, ਜਮੀਨ ਤੋ ਇਲਾਵਾ ਆਪਣੇ ਨਿੱਜੀ ਸੁਆਰਥਾਂ ਤੋਂ ਉਪਰ ਉਠ ਕੇ ਧਰਮ ਦੀ ਰੱਖਿਆ ਵਾਸਤੇ ਅਤੇ ਜਬਰ ਜ਼ੁਲਮ ਦੇ ਖਾਤਮੇ ਲਈ ਹੀ ਯੁੱਧ ਨੂੰ ਸਿਰਫ ਆਖਰੀ ਵਸੀਲੇ ਵਜੋਂ ਵਰਤਿਆ ਜਾਂਦਾ ਹੈ। ਸਿੱਖ ਧਰਮ ਵਿਚ ਯੁੱਧ ਦੇ ਵਿਹਾਰ ਲਈ ਧਾਰਮਿਕ ਸਿਧਾਂਤਾਂ ਦੀ ਪੈਰਵੀ ਹੋਣ ਕਾਰਨ ਧਰਮ ਯੁੱਧ ਨੂੰ ਹੀ ਸਵੀਕਾਰਿਆ ਗਿਆ ਹੈ। ਕੇਵਲ ਜੰਗ ਦਾ ਸੂਰਮਾ ਅਤੇ ਧਰਮ ਜੁੱਧ ਦਾ ਸੂਰਬੀਰ ਵਿਚ ਆਪਸੀ ਭੇਦ ਹੈ;

> "ਕੋਟਲਿਆ ਤਿੰਨ ਤਰ੍ਹਾਂ ਦੇ ਹਮਲਾਵਰਾਂ ਦਾ ਜ਼ਿਕਰ ਕਰਦਾ ਹੈ। ਧਰਮ ਵਿਜੇਯ (ਜਿਹੜੇ ਆਪਣੇ ਦੁਸ਼ਮਣ ਨੂੰ ਅਧੀਨ ਕਰਕੇ ਸੰਤੁਸ਼ਟ ਹੋ ਜਾਂਦੇ ਹਨ) ਲੋਭ ਵਿਜੇਯ (ਜਿਹੜੇ ਸਿਰਫ਼ ਜ਼ਮੀਨ, ਦੌਲਤ ਜਾਂ ਹੋਰ ਪਦਾਰਥਾ ਵਗੈਰਾ ਪ੍ਰਾਪਤ ਕਰਨ ਚਾਹੁੰਦੇ ਹਨ) ਅਤੇ ਅਸੁਰ ਵਿਜੇਯ (ਜਿਹੜੇ ਦੁਸ਼ਮਣ ਨੂੰ ਅਧੀਨ ਕਰ ਲੈਣਾ ਜਾਂ ਪਦਾਰਥਕ ਲੁੱਟ ਨਾਲ ਹੀ ਸੰਤੁਸ਼ਟ ਨਹੀਂ ਹੋ ਜਾਂਦੇ ਸਗੋਂ ਹਾਰੇ ਹੋਏ ਲੋਕਾਂ ਨਾਲ ਵੱਖ-ਵੱਖ ਤਰ੍ਹਾਂ ਦੇ ਗੈਰ ਇਖ਼ਲਾਕੀ ਜਾਂ ਜ਼ਲੀਲ ਕਰਨ ਵਾਲੇ ਤਰੀਕਿਆਂ ਨਾਲ ਵਿਹਾਰ ਕਰਦੇ ਹਨ।)"[97]

ਸਿੱਖ ਸੂਰਬੀਰਤਾ ਦੇ ਵਿਹਾਰ ਵਿਚ ਧਰਮ ਦੇ ਫੈਲਾਉ ਲਈ ਜ਼ਬਰ ਅਤੇ ਇਕਹਿਰੇ ਨਜ਼ੀਰਏ ਦੀ ਕੋਈ ਥਾਂ ਨਹੀਂ ਹੈ। ਕਿਉਕਿ ਇਸ ਨਜ਼ਰੀਏ ਵਿਚ ਕੇਵਲ ਆਪਣੇ ਧਰਮ ਨੂੰ ਸਰਬੋਤਮ ਮੰਨਦੇ ਹੋਏ ਦੂਜੇ ਦੇ ਧਰਮ ਦੇ ਖਾਤਮੇ ਲਈ ਜ਼ਬਰ-ਜ਼ੁਲਮ ਦੇ ਨਾਲ ਧਰਮ ਪਰਿਵਰਤਨ ਕਰਵਾਉਣਾ ਮੁਖ ਉਦੇਸ਼ ਰਹਿੰਦਾ ਹੈ। ਸਿੱਖ ਧਰਮ ਦੀ ਉਤਪਤੀ ਅਤੇ ਵਿਕਾਸ ਦੌਰਾਨ ਭਾਰਤ ਦੇਸ਼ ਇਸ ਨਜ਼ਰੀਏ ਦਾ ਸ਼ਿਕਾਰ ਰਿਹਾ ਹੈ ਜਿਸ ਵਿਚ ਜ਼ਿਆਦਾ ਹਮਲਾਵਰ ਇਸਲਾਮ ਦੇ ਪਸਾਰੇ ਲਈ ਹਿੰਦੋਸਤਾਨ ਦੀ ਸੱਭਿਅਤਾ ਨੂੰ ਨੁਕਸਾਨ ਪਹੁੰਚਾਉਣ ਲਈ ਆਪਣੀਆਂ ਧਾੜਵੀਆਂ ਫੌਜਾਂ ਨਾਲ ਹਮਲਾ ਕਰਦੇ ਆ ਰਹੇ ਸਨ। ਹਰਬੰਸ ਸਿੰਘ ਇਸ ਇਕਹਿਰੇ ਨਜ਼ੀਰਏ ਦੀ ਪੁਸ਼ਟੀ ਕਰਦੇ ਹਨ;

---

97 ਉਦਰਿਤ, ਹਰਬੰਸ ਸਿੰਘ, *ਦੇਗ ਤੇਗ ਫਤਿਹ, ਪੰ.*134.

"ਕੁਰਾਨ ਵਿਚ ਜ਼ਹਾਦ ਲਈ 'ਇਜ਼ਾਹਦ' ਹੈ ਜਿਸ ਨੂੰ ਮੁਸਲਮਾਨ ਦਾ ਧਾਰਮਿਕ ਕਰਤੱਵ ਸਮਝਿਆ ਜਾਂਦਾ ਹੈ ਇਸ ਕਰਤੱਵ ਦਾ ਮਨੋਰਥ ਹਥਿਆਰਾਂ ਨਾਲ ਇਸਲਾਮ ਨੂੰ ਫੈਲਾਉਣਾ ਹੈ।"[98] ਡਿਕਸ਼ਨਰੀ ਆਫ ਇਸਲਾਮ ਵਿਚ ਇਸਦੇ ਸ਼ਾਬਦਿਕ ਅਰਥ 'ਜਤਨ' ਜਾਂ 'ਵਾਹ' ਹਨ ਜਿਸਦੀ ਵਿਆਖਿਆ: "ਉਹਨਾਂ ਨਾਲ ਇੱਕ ਧਾਰਮਿਕ ਜੰਗ ਜਿਹੜੇ ਮੁਹੰਮਦ ਸਾਹਿਬ ਦੇ ਮਿਸ਼ਨ ਵਿਚ ਯਕੀਨ ਰੱਖਦੇ ਹਨ। ਇਹ ਕੁਰਾਨ ਵੱਲੋਂ ਆਇਦ ਜ਼ਿੰਮੇ ਲਗਾ ਇੱਕ ਧਾਰਮਿਕ ਫਰਜ਼ ਹੈ ਅਤੇ ਰਵਾਇਤ ਵਿੱਚੋਂ ਬਦੀ ਨੂੰ ਪਰ੍ਹਾਂ ਸੁੱਟਣ ਲਈ ਆਇਦ ਕੀਤੀ ਹੈ 'ਦੈਵੀ ਪ੍ਰਥਾ' ਹੈ।"[99] "ਜਿੱਥੇ ਵੀ ਤੁਹਾਡਾ ਉਹਨਾਂ ਨਾਲ ਟਾਕਰਾ ਹੁੰਦਾ ਹੈ (ਕਾਫ਼ਰਾਂ ਨੂੰ) ਮਾਰ ਦਿਓ, ਜਿਥੇ ਵੀ ਉਨ੍ਹਾਂ ਨੇ ਤੁਹਾਨੂੰ ਬਾਹਰ ਕੱਢਿਆ ਉਥੋਂ ਤੁਸੀਂ ਉਨ੍ਹਾਂ ਨੂੰ ਬਾਹਰ ਕੱਢੋ ਕਿਉਂਕਿ ਮਤਭੇਦ ਕਤਲ ਨਾਲੋਂ ਭੈੜਾ ਹੁੰਦਾ ਹੈ ਪਰ ਪਾਕ ਮਸਜਿਦ ਦੇ ਨਜ਼ਦੀਕ ਉਨ੍ਹਾਂ ਨਾਲ ਉਦੋਂ ਤੱਕ ਨਾ ਲੜੋ ਜਦੋਂ ਤੱਕ ਪਹਿਲਾਂ ਉਹ ਖੁਦ ਨਹੀਂ ਲੜਦੇ ਅਤੇ ਜੇ ਉਹ ਤੁਹਾਡੇ ਨਾਲ ਲੜਦੇ ਹਨ ਤਾਂ ਉਨ੍ਹਾਂ ਨੂੰ ਮਾਰ ਦਿਓ। ਨਾਸਤਿਕਾਂ ਤੋਂ ਇਹੀ ਬਦਲਾ ਹੈ।"[100] ਇਥੇ ਇਸਲਾਮ ਧਰਮ ਦੀ ਕੱਟੜ ਵਿਚਾਰਧਾਰਾ ਦਾ ਜ਼ਿਕਰ ਇਸ ਕਰਕੇ ਕੀਤਾ ਗਿਆ ਹੈ ਕਿਉਕਿ ਜਿੰਨੇ ਵੀ ਹਮਲੇ ਭਾਰਤ ਉੱਪਰ ਹੋਏ ਉਹਨਾਂ ਦੇ ਪਿੱਛੇ ਮੁਗਲ ਸਾਸ਼ਕਾਂ ਦਾ ਰੋਲ ਜ਼ਿਆਦਾ ਰਿਹਾ ਹੈ ਜਿਸ ਨੂੰ ਠੱਲ੍ਹ ਪਾਉਣ ਲਈ ਸਿੱਖ ਧਰਮ ਨੇ ਹੀ ਸੂਰਬੀਰਤਾ ਨਾਲ ਟੱਕਰ ਲਈ।

ਸਿੱਖ ਧਰਮ ਭਗਤੀ ਅਤੇ ਸ਼ਕਤੀ ਨੂੰ ਨਾਲ ਨਾਲ ਲੈ ਕੇ ਚਲਦਾ ਹੈ। ਇਸ ਵਿਚ ਜਦੋਂ ਸ਼ਾਂਤੀ ਦੀ ਸਥਾਪਤੀ ਲਈ ਮਾਹੌਲ ਅਨੁਕੂਲ ਨਾ ਹੋਵੇ ਧਾਰਮਕ ਕੱਟੜਤਾ ਦੇ ਕਾਰਨ ਧਰਮ ਦੇ ਪਾਂਧੀਆਂ ਦਾ ਜੀਣਾ ਔਖਾ ਹੋ ਜਾਵੇ ਜਾਂ ਹੋਂਦ ਹੈ ਖਤਰੇ ਵਿਚ ਆ ਜਾਵੇ ਤਾਂ ਫਿਰ ਇਸ ਭਿਆਨਕ ਸਥਿਤੀ 'ਤੇ ਕਾਬੂ ਪਾਉਣ ਲਈ ਯੁੱਧ ਦਾ ਸਹਾਰਾ ਆਖਰੀ ਵਸੀਲੇ ਵਜੋਂ ਜਾਇਜ਼ ਮੰਨਿਆ ਗਿਆ ਹੈ। ਧਰਮ ਯੁੱਧ ਬਾਰੇ ਹਰਬੰਸ ਸਿੰਘ ਖੁਸ਼ਵੰਤ ਸਿੰਘ ਦੇ ਹਵਾਲੇ ਨਾਲ ਲਿਖਦੇ ਹਨ"ਇਹ ਲੜਾਈ ਕਿਸੇ ਨਫ਼ਰਤ ਜਾਂ ਬਦਲੇ ਦੀ ਭਾਵਨਾ ਨਾਲ ਨਹੀਂ ਅਤੇ ਹੀ ਕਿਸੇ ਵੀ ਤਰ੍ਹਾਂ ਦੇ ਪਦਾਰਥਕ ਲਾਭ ਦੀ ਇੱਛਾ ਨਾਲ ਕੀਤੀ ਜਾਂਦੀ ਹੈ। ਇਸ ਤਰ੍ਹਾਂ ਧਰਮ-ਯੁੱਧ ਕਿਸੇ ਨੇਕ ਕਾਜ ਅਤੇ ਮਨੁੱਖਤਾ ਦੇ ਵਧੇਰੇ ਹਿੱਤਾਂ

---

98 ਉਹੀ ਪੰ.135.

99 ਉਹੀ ਪੰ.135.

100 ਉਹੀ ਪੰ.137.

ਲਈ ਹੀ ਆਰੰਭਿਆ ਜਾਂਦਾ ਹੈ।"[101] ਦੂਸਰੇ ਸ਼ਬਦਾਂ ਵਿਚ ਸਿੱਖ ਧਰਮ ਬੁਰਾਈ ਨੂੰ ਸੁਧਾਰਨ ਵਿਚ ਯਕੀਨ ਰਖਦਾ ਹੈ ਨਾ ਕਿ ਪਹਿਲੇ ਕਦਮ ਵਿਚ ਹੀ ਉਸ ਨੂੰ ਸਜ਼ਾ ਦੇਣ ਦਾ ਸਮਰਥਨ ਕਰਦਾ ਹੈ ਪਰ ਜਦੋਂ ਅਮਨ ਦੇ ਸਾਰੇ ਸਾਧਨ ਵਿਅਰਥ ਹੋ ਜਾਣ ਤਾਂ ਫਿਰ ਹਥਿਆਰ ਚੁੱਕਣ ਤੋਂ ਇਲਾਵਾ ਹੋਰ ਕੋਈ ਰਾਹ ਵੀ ਨਹੀਂ ਰਹਿ ਜਾਂਦਾ। ਸਿੱਖ ਧਰਮ ਵਿਚ ਇਸ ਨੂੰ ਧਾਰਮਿਕ ਪ੍ਰਵਾਨਗੀ ਪ੍ਰਾਪਤ ਹੈ ਕਿਉਂਕਿ ਬੁਰਾਈ ਖਿਲਾਫ ਲੜਨਾ ਧਰਮ ਦਾ ਬੁਨਿਆਦੀ ਤੌਰ 'ਤੇ ਜ਼ਰੂਰੀ ਬਣਤਰੀ ਤੱਤ ਹੈ।

ਸਿੱਖ ਧਰਮ ਦੇ ਧਰਮ-ਯੁੱਧ ਦੇ ਸੰਕਲਪ ਤੋਂ ਸਪੱਸ਼ਟ ਹੁੰਦਾ ਹੈ ਕਿ ਧਰਮ-ਯੁੱਧ ਨੂੰ ਸਿਰਫ਼ ਕੋਈ ਉੱਤਮ ਪੁਰਖ ਹੀ ਚਲਾ ਸਕਦਾ ਹੈ ਜਿਹੜਾ ਅਧਿਆਤਮਕ ਅਤੇ ਗਿਆਨਵਾਨ ਹੋਵੇ ਕਿਉਂਕਿ ਨੇਕੀ ਜੰਗਾਂ ਦੇ ਮਾਰਗ ਵਿਚ ਖ਼ੁਦਗਰਜ਼ ਹਿੱਤ ਸਭ ਤੋਂ ਵੱਡੀ ਰੁਕਾਵਟ ਹੁੰਦੇ ਹਨ। ਇਨ੍ਹਾਂ ਰੁਕਾਵਟਾਂ ਤੋਂ ਬਚ ਕੇ ਸਰਬੱਤ ਦੇ ਭਲੇ ਲਈ ਕੋਈ ਅਧਿਆਤਮਕ ਅਤੇ ਗਿਆਨਵਾਨ ਪੁਰਖ ਹੀ ਬਲ ਦੀ ਵਰਤੋਂ ਕਰਨ ਵੇਲੇ ਸਹੀ ਦਿਸ਼ਾ ਨਿਸ਼ਚਿਤ ਕਰ ਸਕਦਾ ਹੈ ਠੀਕ ਅਗਵਾਈ ਕਰ ਸਕਦਾ ਹੈ। ਇਹੀ ਕਾਰਨ ਹੈ ਕਿ ਸਿੱਖ, ਧਰਮ ਸ਼ਕਤੀ ਨੂੰ ਸਹੀ ਦਿਸ਼ਾ ਦੇਣ ਲਈ ਭਗਤੀ ਉਪਰ ਵਧੇਰੇ ਜ਼ੋਰ ਦਿੰਦਾ ਹੈ। ਸਦੀਆਂ ਤੋਂ ਹੀ ਹਮਲਾਵਰ ਭਾਰਤ ਉੱਤੇ ਹਮਲਾ ਕਰਕੇ ਦੇਸ਼ ਦਾ ਰਾਜਸੀ, ਸਮਾਜਕ, ਸਭਿਆਚਾਰਕ ਤੇ ਮਾਨਸਿਕ ਪੱਧਰ ਨੀਵਾਂ ਕਰਦੇ ਆਏ ਹਨ। ਲੋਕਾਂ ਨੂੰ ਗੁਲਾਮੀ ਦੀ ਨੀਂਦ ਵਿਚੋਂ ਜਗਾਉਣ ਵਾਸਤੇ ਸੂਰਮਿਆਂ ਅੰਦਰ ਗੁਰਬਾਣੀ ਸਿਧਾਂਤ;

ਜਉ ਤਉ ਪ੍ਰੇਮ ਖੇਲਣ ਕਾ ਚਾਉ ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ ਸਿਰੁ ਦੀਜੈ ਕਾਣਿ ਨ ਕੀਜੈ॥[102]

ਦੇ ਪਾਵਨ ਅਗੰਮੀ ਬੀਰ ਰਸੀ ਸਿੰਘ ਗਰਜ ਵਾਲੇ ਬੋਲਾਂ ਦੁਆਰਾ ਸੂਰਬੀਰਤਾ ਦਾ ਬੀਜ ਬੀਜਿਆ ਗਿਆ ਸੀ। ਇਹ ਐਸਾ ਬੀਜ ਸੀ ਜਿਸਨੇ ਮਨੁੱਖਤਾ ਨੂੰ ਹਰ ਪ੍ਰਕਾਰ ਦੇ ਜਾਬਰਾਂ ਵਿਰੁੱਧ ਆਪਣੇ ਨੈਤਿਕ ਬਲ ਨੂੰ ਤਕੜਾ ਕਰਕੇ ਡਟਣ ਵਾਲੇ ਸਰਵਉੱਚ ਕਰਤੱਵ ਤੋਂ ਜਾਣੂੰ ਕਰਵਾਇਆ ਕਿਉਂਕਿ;

"ਸ਼ਾਨਦਾਰ ਮੌਤ ਮਰਨਾ ਨਮੋਸ਼ੀ ਭਰੀ ਮੌਤ ਦੇ ਮਰਨ ਨਾਲੋਂ ਵਧੇਰੇ ਚੰਗੇਰਾ ਹੈ ਜੋ ਕਿਸੇ ਪਾਪ ਜਾਂ ਅਪਰਾਧ ਵਿਰੁੱਧ ਮਨੁੱਖ ਦਾ ਖ਼ੂਨ ਨੇਕੀ ਤੇ ਸਚਾਈ ਲਈ ਘਿਰਣਾ

---

101 ਉਹੀ ਪੰ.137.

102 ਸ੍ਰੀ ਗੁਰੂ ਗ੍ਰੰਥ ਸਾਹਿਬ ੧੪੧੨.

ਵਿਚ ਨਹੀਂ ਖੋਲਦਾ, ਹਾਂ ਉਹ ਮੁਰਦਾ ਹੀ ਹੁੰਦਾ ਹੈ। ਉਸ ਸਮੇਂ ਯੁੱਧ ਨੂੰ ਉਚਿਤ ਦੱਸਿਆ ਹੈ ਜਦੋਂ ਇਹ ਕਿਸੇ ਜਾਬਰ ਅੱਤਿਆਚਾਰੀ-ਪੂਰਵਕ ਬਾਦਸ਼ਾਹਾਂ ਵੱਲੋਂ ਕਿਸੇ ਉੱਤੇ ਠੋਸ ਦਿੱਤਾ ਜਾਵੇ ਉਸ ਸਮੇਂ ਯੁੱਧ ਜ਼ਰੂਰੀ ਅਤੇ ਨੈਤਿਕ ਹੁੰਦਾ ਹੈ।"[103]

ਸੂਰਬੀਰ ਬੀਰ ਰਸ ਸਦਕਾ ਹੀ ਵੱਡੀਆਂ ਤਾਕਤਾ ਦਾ ਸਾਹਮਣਾ ਕਰਨ ਲਈ ਤਿਆਰ ਬਰ ਤਿਆਰ ਰਹਿੰਦਾ ਹੈ। ਜਦੋਂ ਸਰੀਰਕ ਬਹਾਦਰੀ ਦਾ ਪ੍ਰਗਟਾਵਾ ਕਰਨਾ ਪਵੇ ਤਾਂ ਬੀਰ ਰਸ ਸਿਪਾਹੀ ਨੂੰ ਸਰੀਰਕ ਬਲ ਦੀ ਸੀਮਾਂ ਤੋਂ ਕਿਤੇ ਜ਼ਿਆਦਾ ਤਾਕਤ ਪ੍ਰਦਾਨ ਕਰਦਾ ਹੈ। ਭਾਵੇਂ ਬੀਰ ਰਸ ਦਾ ਸਿਧਾਂਤ ਗੁਰਬਾਣੀ ਵਿਚ ਪਹਿਲਾਂ ਹੀ ਦਰਜ ਹੈ ਪਰ ਗੁਰੂ ਗੋਬਿੰਦ ਸਿੰਘ ਜੀ ਨੇ ਖਾਸ ਹਦਾਇਤ ਕੀਤੀ ਕਿ ਜਦੋਂ ਜ਼ੁਲਮ ਤੇ ਜ਼ਾਲਮ ਨੂੰ ਖ਼ਤਮ ਕਰਨ ਲਈ ਸ਼ਾਂਤੀ ਦੇ ਸਭ ਵਸੀਲੇ ਕਾਰਗਾਰ ਸਿੱਧ ਨਾ ਹੋਣ ਤਾਂ ਹੱਥ ਵਿਚ ਤੇਗ ਲੈ ਕੇ ਜ਼ਾਲਮਾਂ ਨਾਲ ਜੂਝਣਾ ਜਾਇਜ਼ ਹੈ;

ਚੂੰ ਕਰ ਅਜ਼ ਹਮ ਹੀਲਤੇ ਦਰਗੁਜਸ਼ਤ॥
ਹਲਾਲ ਅਸਤ ਬੁਰਦਨ ਬ ਸਮਸ਼ੀਰ ਦਸਤ॥[104]

ਧਰਮ ਅਤੇ ਲੋਕ-ਹਿੱਤਾਂ ਦੀ ਰਾਖੀ ਲਈ ਸਿੱਖਾਂ ਨੇ ਜਾਬਰਾਂ ਦੇ ਜ਼ੁਲਮ ਵਿਰੁੱਧ ਸੰਗਰਾਮ ਵੀ ਕੀਤਾ ਇਸ ਸੰਗਰਾਮ ਵਿਚ ਯੋਧੇ ਨੂੰ ਆਪਣੇ ਸਾਹ ਵੀ ਕੁਰਬਾਨ ਕਰਨੇ ਪੈਣ ਤਾਂ ਵੀ ਉਹ ਜੰਗ ਦੇ ਮੈਦਾਨ ਵਿਚੋਂ ਬਿਨਾਂ ਜਿੱਤ ਦੇ ਵਾਪਸ ਨ ਮੁੜੇ;

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥[105]

ਇਸ ਸਿਧਾਂਤ ਦੇ ਵਿਹਾਰ ਨੇ ਸਿੱਖਾਂ ਦੇ ਬੇਮਿਸਾਲ ਕਿਰਦਾਰ ਨੂੰ ਪੇਸ਼ ਕੀਤਾ। ਯੁੱਧ ਦੇ ਮੈਦਾਨ ਵਿਚ ਵੀ ਗੁਰੂ ਅਤੇ ਸਿੱਖਾਂ ਨੇ ਮਹਾਨ ਸਦਗੁਣਾਂ ਨੂੰ ਕਾਇਮ ਰੱਖਿਆ ਅਤੇ ਜ਼ਾਲਮ ਨੂੰ ਸੋਧਣ ਲਈ ਯੁੱਧ ਨੂੰ ਆਖਰੀ ਵਸੀਲੇ ਦੇ ਤੌਰ 'ਤੇ ਚਾਅ ਨਾਲ ਸਵੀਕਾਰਿਆ ਹੈ। ਸਿੱਖਾਂ ਨੇ ਹਮੇਸ਼ਾ ਦੀਨ-ਹੀਨ ਦੇ ਪੱਖ ਲਈ ਹੀ ਯੁੱਧ ਦਾ ਰਾਹ ਅਪਣਾਈ ਰੱਖਿਆ ਹੈ।

---

103 ਪੂਰਨ ਸਿੰਘ, ਉਪਰੋਕਤ, *ਸਿੱਖੀ ਦੀ ਆਤਮਾ*, ਪੰ.547.

104 ਰਣਧੀਰ ਸਿੰਘ ਸੰਪਾ. (1975), *ਸਬਦਾਰਥ ਦਸਮ ਗ੍ਰੰਥ ਸਾਹਿਬ* (ਪੋਥੀ ਤੀਜੀ) ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ.1240.

105 ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੦੫.

ਸਿੱਖ ਕੌਮ ਇਕ ਬਹਾਦਰ ਕੌਮ ਹੈ। ਬੀਰਤਾ, ਚੜ੍ਹਦੀ ਕਲਾ ਅਤੇ ਅਣਖ ਨਾਲ ਜ਼ਿੰਦਗੀ ਜਿਉਣਾ ਇਸਦਾ ਬੁਨਿਆਦੀ ਹੈ। "ਸਿੱਖਾਂ ਦੀਆਂ ਕਦਰਾਂ-ਕੀਮਤਾਂ ਵਿਚ ਬਹਾਦਰੀ ਕੇਂਦਰੀ ਗੁਣ ਹੈ। ਇਹ ਇਸ ਤਰ੍ਹਾਂ ਜਾਣਿਆ ਜਾ ਸਕਦਾ ਹੈ ਕਿ ਇਸ ਤੋਂ ਬਿਨਾਂ ਬਾਕੀ ਦੇ ਸਾਰੇ ਗੁਣਾਂ ਦੀ ਸਾਰਥਕਤਾ ਨਹੀਂ ਹੁੰਦੀ।"[106] ਸਿੱਖਾਂ ਨੇ ਹਿੰਦੋਸਤਾਨ ਦੀ ਸਭਿਅਤਾ ਅਤੇ ਸੰਸਕ੍ਰਿਤੀ ਰੱਖਿਆ ਤੋਂ ਇਲਾਵਾ ਬਾਹਰਲੇ ਹਮਲਾਵਰਾਂ ਨਾਲ ਟੱਕਰ ਲੈਣ ਵਿਚ ਅਹਿਮ ਭੂਮਿਕਾ ਨਿਭਾਈ, ਸ਼ੁਰੂ ਤੋਂ ਹੀ ਜੰਗ ਯੁੱਧ ਸਿੱਖਾਂ ਦੇ ਹਿੱਸੇ ਆਏ ਅਤੇ ਕੁਰਬਾਨੀਆਂ ਇਸਦੇ ਇਤਿਹਾਸ ਦਾ ਮਹੱਤਵਪੂਰਨ ਅੰਗ ਬਣ ਗਈਆਂ। ਇਸ ਜੱਦੋ-ਜਹਿਦ ਨੇ ਕੌਮ ਨੂੰ ਕਮਜ਼ੋਰ ਤਾਂ ਕੀ ਕਰਨਾ ਸੀ ਸਗੋਂ ਮਜ਼ਬੂਤੀ ਬਖਸ਼ੀ। ਇਸ ਦੇ ਬਹਾਦਰੀ ਭਰੇ ਕਾਰਨਾਮਿਆ ਨੂੰ ਇਹਨਾਂ ਦੇ ਦੁਸ਼ਮਣਾਂ ਨੇ ਵੀ ਸਲਾਹਿਆ ਹੈ। ਇਸ ਕੌਮ ਦੀ ਬੀਰਤਾ ਨੇ ਸਿਰਫ ਆਪਣੀ ਹੋਂਦ ਨੂੰ ਬਚਾਉਣ ਵਿਚ ਹੀ ਨਹੀਂ ਸਗੋਂ ਮਨੁੱਖ ਦੇ ਗੌਰਵ ਅਤੇ ਅਜ਼ਾਦੀ ਦੀ ਰਖਵਾਲੀ ਕਰਨ ਵਿਚ ਵੀ ਇਕ ਵੱਡਾ ਹਿੱਸਾ ਪਾਇਆ।

### 3. ਸਿੱਖ ਧਰਮ ਵਿਚ ਸੂਰਬੀਰਤਾ ਅਤੇ ਗੁਰਮਤਿ ਦਾ ਸਿਧਾਂਤਕ ਪੱਖ

ਗੁਰਮਤਿ ਦੇ ਤਿੰਨ ਬੁਨਿਆਦੀ ਸਿਧਾਂਤ ਕਿਰਤ ਕਰੋ, ਵੰਡ ਛਕੋ ਅਤੇ ਨਾਮ ਜਪੋ, ਸੂਰਬੀਰਤਾ ਨਾਲ ਸੰਬੰਧਤ ਹਨ। ਸਿੱਖ ਧਰਮ ਦੀ ਸ਼ੁਰੂਆਤ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹਨਾਂ ਮੁੱਢਲੇ ਅਸੂਲਾਂ ਰਾਹੀਂ ਕੀਤੀ। ਅਸੀਂ ਇਹਨਾਂ ਨੂੰ ਸਮਝਣ ਦਾ ਯਤਨ ਕਰਾਂਗੇ;

### 3.1 ਕਿਰਤ ਕਰੋ

ਸਿੱਖ ਧਰਮ ਵਿਚ ਤਿੰਨ ਮੁਖ ਸਿਧਾਂਤਾਂ ਵਿਚੋਂ ਕਿਰਤ ਕਰਨ ਨੂੰ ਸਭ ਤੋਂ ਪਹਿਲਾ ਸਥਾਨ ਹਾਸਲ ਹੈ। "ਸਿੱਖ ਗੁਰੂਆਂ ਨੇ ਬ੍ਰਾਹਮਣਵਾਦ ਵਲੋਂ ਸਥਾਪਤ ਕੀਤੀਆਂ ਜਾਤ-ਪਾਤ ਦੀਆਂ ਹੱਦ ਬੰਦੀਆਂ ਨੂੰ ਤੋੜ ਕੇ ਸਰਵ-ਸਾਂਝਾ ਭਾਈਚਾਰਾ ਉਸਾਰਿਆ। ਸਰਬੱਤ ਦੇ ਭਲੇ ਲਈ ਉਸਰੇ ਇਸ ਭਾਈਚਾਰੇ ਵਿਚ ਕਿਰਤ ਕਮਾਈ ਨੂੰ ਅਹਿਮੀਅਤ ਦਿੱਤੀ।"[107] ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੂਰੀ ਮਨੁੱਖਤਾ ਨੂੰ ਕਿਰਤ ਕਰਨ ਭਾਵ ਸਖਤ ਅਤੇ ਇਮਾਨਦਾਰੀ ਦੀ ਮਿਹਨਤ ਰਾਹੀਂ ਰੋਜ਼ੀ-ਰੋਟੀ ਕਮਾਉਣ ਦਾ ਉਪਦੇਸ਼ ਦਿੱਤਾ ਜੋ ਕਿ ਸਿੱਖ ਸੂਰਬੀਰਤਾ ਦੇ ਵਿਕਾਸ ਲਈ ਬੀਜ ਵਾਂਗ ਸਾਬਤ ਹੋਈ।

---

106 Avtar Singh (1991) *Ethics of The Sikhs,* Punjabi University, Patiala, p.109.

107 ਗੁਰਮੀਤ ਸਿੰਘ ਸਿੱਧੂ (2004) *ਸਿੱਖ ਪੰਥ ਨਵੇਂ ਯੁੱਗ ਦੇ ਸਨਮੁੱਖ,* ਅਦਬ ਪ੍ਰਕਾਸ਼ਨ, ਪੰ.59.

ਕਿਰਤ ਕਰਨਾ ਬਹਾਦਰੀ ਦਾ ਸੂਚਕ ਹੈ। ਕਿਰਤ ਸੰਬੰਧੀ ਪ੍ਰੋ. ਪੂਰਨ ਸਿੰਘ ਲਿਖਦੇ ਹਨ, "ਦੁੱਖਾਂ ਕਸ਼ਟਾਂ ਦਾ ਕੇਵਲ ਇਕੋ ਹੀ ਇਲਾਜ ਕਿਰਤ ਕਰਨਾ ਹੈ। ਇਸ ਨਾਲ ਵਿਅਕਤੀ ਆਪਣੇ ਜੀਵਨ ਦੇ ਕੇਂਦਰ-ਬਿੰਦੂ ਨਾਲ ਤੇਜ਼ ਗਤੀ ਨਾਲ ਜੁੜ ਜਾਂਦਾ ਹੈ।"[108] ਇਸ ਉਪਦੇਸ਼ ਨੇ ਧਰਮ ਨਾਂ ਹੇਠ ਕੀਤੀ ਜਾਂਦੀ ਲੁੱਟ ਖੁਸੁੱਟ ਨੂੰ ਠੱਲ੍ਹ ਪਾਈ। ਇਸ ਨਾਲ ਆਮ ਮਨੁੱਖਾਂ ਵਿਚ ਦ੍ਰਿੜ੍ਹਤਾ ਪੈਦਾ ਹੋਈ ਅਤੇ ਅਖੌਤੀ ਸੰਨਿਆਸੀਆਂ ਤੋਂ ਇਲਾਵਾ ਪੇਸ਼ੇਵਰ ਮੰਗਤਿਆਂ ਪ੍ਰਤੀ ਲੋਕਾਂ ਦਾ ਨਜ਼ਰੀਆ ਸਖ਼ਤ ਹੋਣ ਲੱਗਾ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਮ ਜਨਤਾ ਦਾ ਕਸ਼ਟ ਦੂਰ ਕਰਨ ਲਈ, ਵਿਹਲੜ ਜਮਾਤ ਤੇ ਮੰਗਤਿਆਂ ਅਤੇ ਇਨ੍ਹਾਂ ਦੀ ਅਧੀਨਗੀ ਖ਼ਿਲਾਫ਼ ਲੋਕਾਂ ਅੰਦਰ ਦ੍ਰਿੜ੍ਹਤਾ ਲਿਆਂਦੀ। ਕਿਰਤ ਕਰਨ ਦੇ ਸਿਧਾਂਤ ਨੇ ਆਮ ਲੋਕਾਂ ਨੂੰ ਆਤਮ ਨਿਰਭਰ ਹੋਣ ਲਈ ਬਲ ਦਿੱਤਾ। ਸਿੱਖ ਧਰਮ ਵਿਚ ਵਿਹਲੜ ਜਮਾਤ, ਮੰਗ-ਖਾਣ ਵਾਲਿਆਂ ਤੋਂ ਇਲਾਵਾ ਦੂਜਿਆ ਦੇ ਹੱਕ ਖਾ ਕੇ ਗੁਜਾਰਾ ਕਰਨ ਵਾਲਿਆਂ ਲਈ ਕੋਈ ਥਾਂ ਨਹੀਂ। ਕਿਰਤ ਦੇ ਜਜ਼ਬੇ ਨੇ ਉਚ-ਨੀਚ ਦੇ ਵਖਰੇਵੇਂ ਨੂੰ ਮਿਟਾਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਨੇ ਉਪਰਲੀਆਂ ਜਾਤਾਂ ਅਤੇ ਜਮਾਤਾਂ ਦੇ ਐਸ਼ੋ-ਇਸ਼ਰਤ ਵਾਲੇ ਜੀਵਨ ਦੀ ਸਖਤ ਨਿਖੇਧੀ ਕੀਤੀ ਹੈ;

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥[109]

ਗੁਰੂ ਨਾਨਕ ਸਾਹਿਬ ਨੇ ਮਲਕ ਭਾਗੋ ਦੇ ਸ਼ਾਹੀ ਪਕਵਾਨਾਂ ਦਾ ਤਿਆਗ ਕਰਕੇ ਇਕ ਗਰੀਬ ਅਤੇ ਮਿਹਨਤੀ ਵਿਅਕਤੀ ਭਾਈ ਲਾਲੋ ਦੇ ਘਰ ਖਾਣਾ ਖਾਧਾ। ਸਿੱਖ ਗੁਰੂਆਂ ਵਲੋਂ ਕਿਰਤ ਨੂੰ ਇਸ ਕਦਰ ਅਹਿਮੀਅਤ ਦਿੱਤੀ ਗਈ ਕਿ ਸਿੱਖਾਂ ਲਈ ਕਿਰਤ ਕਰਨਾ ਧਰਮ ਦਾ ਅੰਗ ਬਣ ਗਿਆ। ਕਿਰਤ ਦੀ ਅਹਿਮੀਅਤ ਨੇ ਸਿੱਖਾਂ ਦੀ ਆਰਥਕਤਾ ਦੇ ਵਿਕਾਸ ਵਿਚ ਭੂਮਿਕਾ ਨਿਭਾਈ ਹੈ। ਇਹ ਇੱਕ ਨਿਵੇਕਲੀ ਪਹਿਲ ਸੀ ਕਿਉਂਕਿ ਇਸ ਤੋਂ ਪਹਿਲਾਂ ਕਿਰਤ (ਰੋਜੀ-ਰੋਟੀ ਕਮਾਉਣਾ) ਸਿਰਫ ਸੰਸਾਰੀ ਲੋਕਾਂ ਲਈ ਜ਼ਰੂਰੀ ਸਮਝਿਆ ਗਿਆ ਸੀ। ਬਲਕਿ ਕਿਰਤ ਤਿਆਗ ਕੇ ਅਤੇ ਮੰਗ ਕੇ ਖਾਣ ਨੂੰ ਨਿਮਰਤਾ ਤੇ ਧਰਮ ਦਾ ਪ੍ਰਤੀਕ ਬਣਾਇਆ ਗਿਆ ਸੀ। ਕਿਰਤ ਦੇ ਸਿਧਾਂਤ ਨੇ ਮਨੁੱਖ ਨੂੰ

108 ਪੂਰਨ ਸਿੰਘ (*2007*) *ਸਿੱਖੀ ਦੀ ਆਤਮਾ,* ਕਿਰਪਾਲ ਸਿੰਘ ਕਸੇਲ (ਅਨੁ.) ਲਾਹੌਰ ਬੁੱਕ ਸ਼ਾਪ, ਲੁਧਿਆਣਾ, ਪੰ.481.

109 ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੧.

ਖੁਦਮੁਖਤਿਆਰੀ ਦਿੱਤੀ ਅਤੇ ਉਸਦੇ ਦਿਲ-ਦਿਮਾਗ ਅਤੇ ਰੂਹ ਨੂੰ ਨਰੋਆਪਣ ਦਿੱਤਾ। ਸਿੱਖਾਂ ਨੂੰ ਦਸਾਂ ਨੁੰਹਾਂ ਦੀ ਕਿਰਤ ਲਈ ਪ੍ਰੇਰਨਾ ਦਿੱਤੀ ਅਤੇ ਬਹਾਦਰਾਂ ਦੀ ਸਿਰਜਨਾ ਕੀਤੀ ਜਿਨ੍ਹਾਂ ਨੇ ਗਰੀਬਾਂ ਦੇ ਸੋਸ਼ਣ ਵਾਲੀ ਕਿਰਤ ਨੂੰ ਮੂਲੋਂ ਰੱਦ ਕਰਨ ਲਈ ਸੇਧ ਗੁਰਬਾਣੀ ਤੋਂ ਲਈ;

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥

ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥[110]

ਭਗਤੀ ਦੇ ਨਾਲ-ਨਾਲ ਆਪਣੇ ਹੱਥਾਂ ਨਾਲ ਕਿਰਤ ਕਮਾਈ ਕਰਨ ਦੀ ਭਾਵਨਾ ਅਖੌਤੀ ਸੰਨਿਆਸੀਆਂ, ਧਰਮੀਆਂ ਦੇ ਪਸਾਰੇ ਨੂੰ ਘਟਾਉਣ ਲਈ ਇਕ ਸ਼ਕਤੀਸ਼ਾਲੀ ਹਥਿਆਰ ਸਾਬਤ ਹੋਇਆ ਜਿਸਨੂੰ ਕਿਰਤ ਕਰਨ ਵਾਲਿਆਂ ਨੇ ਅਪਣਾ ਕੇ ਆਪਣਾ ਜੀਵਨ ਸੁਚੱਜਾ ਬਣਾਇਆ;

ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮਾਲਿ॥

ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥[111]

ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥

ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ॥[112]

ਗੁਰਬਾਣੀ ਉਪਦੇਸ਼ ਕਰਦੀ ਹੈ ਕਿ ਜਿਸ ਚੇਲੇ ਦਾ ਗੁਰੂ ਨੰਗਾ ਤੇ ਭੁਖਾ ਹੋਵੇ ਤਾਂ ਉਹ ਕਦੇ ਵੀ ਰੱਜ ਕੇ ਖਾ ਨਹੀਂ ਸਕਦਾ, ਚੇਲਾ ਵੀ ਭੁਖਾ ਹੀ ਮਰੇਗਾ;

ਸਾਹਿਬੁ ਜਿਸ ਕਾ ਨੰਗਾ ਭੁਖਾ ਹੋਵੈ ਤਿਸਦਾ ਨਫਰੁ ਕਿਥਹੁ ਰਜਿ ਖਾਏ॥[113]

ਨੰਗ-ਭੁਖ ਦਾ ਕਾਰਨ ਕੇਵਲ ਵਿਹਲੇ ਰਹਿਣਾ ਹੈ। ਜਿਸ ਸਮਾਜ ਨੇ ਅਜਿਹੇ ਲੋਕਾਂ ਦਾ ਪੱਖ ਪੂਰਿਆ ਤਾਂ ਉਹ ਸਮਾਜ ਕਦੇ ਵੀ ਤਰੱਕੀ ਨਹੀਂ ਕਰ ਸਕਦਾ ਤੇ ਨਾ ਹੀ ਕਰ ਸਕੇਗਾ। ਇਸ ਲਈ ਕਿਰਤ ਕਰਨਾ ਸਮਾਜ ਦੀ ਉਨੱਤੀ ਲਈ ਤੇ ਖੁਸ਼ਹਾਲੀ ਲਈ ਮੁੱਖ ਤਾਕਤ ਹੈ। ਇਸ ਲਈ ਸਭ ਤੋਂ ਪਹਿਲਾਂ ਪਾਪ ਦੀ ਕਮਾਈ ਤੋਂ ਰੋਕਣ ਲਈ ਆਪਣੇ ਮਨ ਨੂੰ ਸਮਝਾਇਆ ਹੈ;

ਬਹੁ ਪਰਪੰਚ ਕਰਿ ਪਰ ਧਨੁ ਲਿਆਵੈ॥ ਸੁਤ ਦਾਰਾ ਪਹਿ ਆਨਿ ਲੁਟਾਵੈ ॥

---

110 ਉਹੀ, ੧੪੦.

111 ਉਹੀ,੧੩੭੫.

112 ਉਹੀ, ੫੨੨

113 ਉਹੀ, ੩੦੬.

ਮਨ ਮੇਰੇ ਭੂਲੇ ਕਪਟੁ ਨ ਕੀਜੈ॥ ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ॥[114]

ਪ੍ਰੋ. ਪੂਰਨ ਸਿੰਘ ਜਿਸ ਆਦਰਸ਼ਕ ਰਾਜ ਦੀ ਗੱਲ ਕਰਦੇ ਹਨ ਉਸ ਲਈ ਸਖ਼ਤ ਕੰਮ ਕਰਨਾ ਲੋੜੀਂਦਾ ਆਧਾਰ ਮੰਨਦੇ ਹਨ ਉਹ ਹੈਨਰੀ ਫੋਰਡ ਦੇ ਹਵਾਲੇ ਨਾਲ ਲਿਖਦੇ ਹਨ;

> "ਕੰਮ ਕਰਨਾ, ਸਿਰ ਤੋੜ ਮਜ਼ਦੂਰੀ ਕਰਨੀ ਤੇ ਬਾਹਰੀ ਸੰਸਾਰ ਨੂੰ ਭੁਲ ਜਾਣਾ ਅਤੇ ਭੁਖ ਦੇ ਸੰਸਾਰ ਤੋਂ ਉਪਰ ਉਠਣ ਦਾ ਇਕੋ ਇੱਕ ਸਾਧਨ ਕੰਮ ਹੈ ਰੋਟੀ ਦੇ ਇਸ ਗਗਨ ਥਲੇ ਕੰਮ ਕਰਦੇ ਮਰ ਜਾਉ ਜਾਂ ਭੁਖ ਨਾਲ ਮਰ ਜਾਉ, ਇਸ ਤੋਂ ਛੁੱਟ ਕੋਈ ਹੋਰ ਤਰੀਕਾ ਨਹੀਂ। ਕੰਮ ਲਈ ਕੰਮ ਕਰੀ ਜਾਣ ਦੀ ਆਦਤ ਅਜਿਹੀ ਬੁਨਿਆਦ ਹੈ ਜਿਸ ਤੇ ਕਿਸੇ ਆਦਰਸ਼ ਰਾਜ ਦੀ ਸਥਾਪਨਾ ਕੀਤੀ ਜਾ ਸਕਦੀ ਹੈ।"[115]

ਗੁਰਮਤਿ ਨੇ ਕਿਰਤ ਕਰਨ ਦੇ ਢੰਗ ਤਰੀਕੇ ਨੂੰ ਸੱਚਾ ਸੁੱਚਾ ਰੱਖਿਆ ਤਾਂ ਜੋ ਸਭ ਦੇ ਭਲੇ ਲਈ ਸਹੀ ਸਾਬਤ ਹੋਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਿੰਨੇ ਵੀ ਬਾਣੀਕਾਰਾਂ ਦੀ ਬਾਣੀ ਦਰਜ ਹੈ ਉਨ੍ਹਾਂ ਦੇ ਜੀਵਨ ਵਿਚ ਕਿਰਤ ਦਾ ਵਿਹਾਰ ਹੈ ਅਤੇ ਰਚਨਾ ਵਿਚ ਕਿਰਤ ਦਾ ਸਿਧਾਂਤ ਦਰਜ ਹੈ। ਗੁਰਬਾਣੀ ਕਿਰਤ ਦੇ ਵੱਖ-ਵੱਖ ਰੂਪਾਂ ਬਾਰੇ ਉਪਦੇਸ਼ ਕਰਦੀ ਹੈ। ਗੁਰਬਾਣੀ ਹਰ ਇਕ ਵਰਗ ਨੂੰ ਹਰ ਇਕ ਧਰਮੀ ਨੂੰ ਸੱਚੀ ਸੁੱਚੀ ਕਿਰਤ ਕਰਨ ਲਈ ਪ੍ਰੇਰਨਾ ਦਿੰਦੀ ਹੈ। ਗੁਰਬਾਣੀ ਅਨੁਸਾਰ ਕਿਰਤ ਕਰਨਾ ਉਹ ਸਾਧਨ ਹੈ ਜਿਸ ਕਰਕੇ ਮਨੁੱਖ ਹਮੇਸ਼ਾ ਲਈ ਆਤਮ ਨਿਰਭਰ ਰਹਿੰਦਾ ਹੈ ਅਤੇ ਆਪਣੇ ਘਰ, ਪਰਿਵਾਰ ਤੋਂ ਇਲਾਵਾ ਸਮਾਜਕ ਫਰਜ਼ਾਂ ਨੂੰ ਵਿਹਾਰ ਵਿਚ ਲਿਆ ਕੇ ਚੰਗਾ ਇਨਸਾਨ ਬਣਦਾ ਹੈ। ਜੋ ਲੋਕ ਅਧਿਆਤਮਕਤਾ ਨੂੰ ਪਾਉਣ ਲਈ ਘਰ ਬਾਰ ਛੱਡ ਸਮਾਜ ਤੋਂ ਦੂਰ ਰਹਿਣ ਦਾ ਪਾਖੰਡ ਕਰਦੇ ਹਨ ਉਹ ਲੋਕ ਨਾ ਧਰਮੀ ਹੁੰਦੇ ਹਨ ਤੇ ਨਾ ਹੀ ਬਹਾਦਰ ਹੋ ਸਕਦੇ ਹਨ ;

ਧੀਆ ਪੂਤ ਛੋਡਿ ਸੰਨਿਆਸੀ ਆਸਾ ਆਸ ਮਨਿ ਬਹੁਤੁ ਕਰਈਆ॥[116]

ਅਜਿਹੇ ਲੋਕਾਂ ਦੇ ਧਰਮ ਕਰਮ ਵਿਅਰਥ ਹਨ ਅਤੇ ਉੱਤਮ ਉਹ ਹੀ ਹਨ ਜਿਹੜੇ ਲੋਕ ਆਪਣੇ ਫਰਜਾਂ ਨੂੰ ਨਿਭਾਉਣ ਲਈ ਸੱਚੀ ਕਿਰਤ ਨਾਲ ਆਪਣੇ ਪਰਿਵਾਰ ਨੂੰ ਪਾਲਦੇ ਹਨ ਜੋ ਸੂਰਬੀਰਤਾ

---

114 ਉਹੀ, ੬੫੬.

115 ਪੂਰਨ ਸਿੰਘ, ਉਪਰੋਕਤ, *ਸਿੱਖੀ ਦੀ ਆਤਮਾ*, ਪੰ.180.

116 ਸ੍ਰੀ ਗੁਰੂ ਗ੍ਰੰਥ ਸਾਹਿਬ, ੮੩੫.

ਦਾ ਕਰਮ ਹੈ;

ਕਿਰਸਾਣੀ ਕਿਰਸਾਣੁ ਕਰੇ ਲੋਚੈ ਜੀਉ ਲਾਇ॥

ਹਲੁ ਜੋਤੈ ਉਦਮੁ ਕਰੇ ਮੇਰਾ ਪੁਤੁ ਧੀ ਖਾਇ ॥[117]

ਸਿੱਖ ਦਾ ਹਰ ਪ੍ਰਕਾਰ ਦੀ ਕਿਰਤ ਦਾ ਸੰਬੰਧ ਅਧਿਆਤਮਕਤਾ ਨਾਲ ਹੈ। ਮਨੁੱਖ ਨੂੰ ਕਿਰਤ ਕਰਨ ਦੇ ਨਾਲ-ਨਾਲ ਨਾਮ ਜਾਪਣ ਦਾ ਸੰਦੇਸ਼ ਹੈ। ਗੁਰੂ ਸਾਹਿਬ ਦੇ ਕਿਰਤ ਦੇ ਵਸੀਲਿਆਂ ਨਾਲ ਮਨੁੱਖ ਨੂੰ ਜੀਵਨ ਜਾਂਚ ਦੀ ਗੱਲ ਕੀਤੀ ਹੈ। ਜਿਵੇਂ ਖੇਤੀਬਾੜੀ ਦੇ ਵਸੀਲੇ ਦੀ ਉਦਾਹਰਨ ਨਾਲ ਸਮਝਾਉਂਦੇ ਹਨ ਕਿ ਹੇ ਭਾਈ ਤੂੰ ਉਸ ਧਨ ਨੂੰ ਕਮਾਉਣ ਲਈ ਉਦਮ ਕਰ ਜੋ ਤੇਰੇ ਸਾਥ ਨਿਭਣ ਵਾਲਾ ਹੋਵੇ। ਕਿਰਤ ਰਾਹੀਂ ਉਹ ਅਧਿਆਤਮਕਤਾ ਦਾ ਗਿਆਨ ਦਿੰਦੇ ਹਨ;

ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ॥

ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ॥[118]

ਆਧੁਨਿਕ ਸਮਾਜਾਂ ਵਿਚ ਕਿਰਤ ਕਰਦੇ ਸਮੇਂ ਕੇਵਲ ਧਨ ਨੂੰ ਹੀ ਪ੍ਰਮੁੱਖ ਮੰਨਿਆ ਜਾ ਰਿਹਾ ਹੈ। ਵਿਅਕਤੀ ਬਹੁਤਾ ਧਨ ਇਕੱਤਰ ਕਰਨ ਦੀ ਦੌੜ 'ਚ ਲੱਗਾ ਹੈ ਜਿਸ ਕਰਕੇ ਸਮਾਜ ਵਿਚ ਭ੍ਰਿਸ਼ਟਾਚਾਰ, ਗਰੀਬੀ, ਬੇਰੁਜ਼ਗਾਰੀ ਤੋਂ ਇਲਾਵਾ ਹੋਰ ਅਪਰਾਧਾਂ 'ਚ ਵਾਧਾ ਹੋ ਰਿਹਾ ਹੈ। ਲੋਕ ਨੈਤਿਕ ਪੱਧਰ ਤੋਂ ਨੀਵੇਂ ਹੁੰਦੇ ਜਾ ਰਹੇ ਹਨ;

ਮਾਟੀ ਕੋ ਪੁਤਰਾ ਕੈਸੇ ਨਚਤੁ ਹੈ॥

ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ॥ ਰਹਾਉ॥

ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ॥

ਮਾਇਆ ਗਈ ਤਬ ਰੋਵਨੁ ਲਗਤੁ ਹੈ॥[119]

ਨੇਕ ਕਮਾਈ ਅਤੇ ਕਿਰਤ ਕਰਨ ਵਾਲਾ ਮਨੁੱਖ ਨਿਡਰ ਅਤੇ ਅਜ਼ਾਦ ਹੁੰਦਾ ਹੈ ਉਸ ਵਿਚ ਟੱਕਰ ਲੈਣ ਲਈ ਸਾਹਸ ਭਰਿਆ ਜਜ਼ਬਾ ਹੁੰਦਾ ਹੈ। ਗੁਰਬਾਣੀ ਨੇ ਨੀਚ ਸਮਝੇ ਜਾਂਦੇ ਲੋਕਾਂ ਨੂੰ ਇਹ

117 ਉਹੀ, ੧੬੬.

118 ਉਹੀ, ੫੯੫.

119 ਉਹੀ, ੪੮੭.

ਅਹਿਸਾਸ ਕਰਵਾਇਆ ਕਿ ਉਹ ਨੀਚ ਨਹੀਂ ਹਨ ਸਗੋਂ ਮਹਾਨ ਹਨ। ਇਸ ਨਾਲ ਸਮਾਜ ਵਿਚੋਂ ਜਾਤ-ਪਾਤ ਦਾ ਵਿਤਕਰਾ ਘੱਟ ਹੋਇਆ, ਸਾਂਝ ਵਧੀ, ਧੱਕੇਸ਼ਾਹੀ ਨੂੰ ਨੱਥ ਪਾਈ ਗਈ ਇਸ ਇਨਕਲਾਬ ਨੇ ਗਰੀਬ ਅਤੇ ਦਬੇ ਕੁਚਲੇ ਲੋਕਾਂ ਨੂੰ ਇਕ ਤਾਕਤਵਰ ਕੌਮ ਦਾ ਹਿੱਸਾ ਬਣਾ ਦਿੱਤਾ। ਜਦੋਂ ਸਭ ਤੋਂ ਨੀਵਾਂ ਕੰਮ ਕੱਚੇ ਚਮੜੇ ਦਾ ਅਤੇ ਜੁਤੀਆਂ ਗੰਢਣ ਵਾਲਾ ਸੀ। ਅਮੀਰਾਂ ਦੇ ਪਸ਼ੂ ਸੰਭਾਲਣਾ ਅਤੇ ਖੇਤੀਬਾੜੀ ਦੇ ਕੰਮ ਤੋਂ ਇਲਾਵਾ ਉਸ ਸਮੇਂ ਤਾਂ ਲੋਕ ਸਿਰ ਉੱਪਰ ਮੈਲਾਂ ਢੋਣ ਵਰਗੀਆਂ ਕਿਰਤਾਂ ਵੀ ਕਰਦੇ ਸਨ। ਸਮਾਜ ਦੇ ਉਚ ਵਰਗਾ ਦੇ ਲੋਕ ਇਨ੍ਹਾਂ ਕਿਰਤੀਆਂ ਤੋਂ ਭਿੱਟ ਮੰਨਦੇ ਸਨ। ਉਨ੍ਹਾਂ ਨੂੰ ਧਾਰਮਿਕ ਸਥਾਨਾਂ 'ਤੇ ਆਉਣ ਤੋਂ ਵਰਜਿਆ ਜਾਂਦਾ ਸੀ ਤੇ ਸਮਾਜ ਵਿਚ ਬਿਨਾਂ ਪੈਸੇ ਕੰਮ ਕਰਵਾ ਕੇ ਦੁਰਕਾਰਿਆ ਜਾ ਰਿਹਾ ਸੀ। ਅਜਿਹੇ ਸਮੇਂ ਇਨ੍ਹਾਂ ਦੀ ਕਿਰਤ ਨੂੰ ਸਰਬੋਤਮ ਮੰਨਣਾ ਅਤੇ ਕਿਰਤੀ ਦਾ ਸਮਾਜ ’ਚ ਸਤਿਕਾਰ ਕਾਇਮ ਕਰਨਾ ਬਹਾਦਰੀ ਭਰਪੂਰ ਕਾਰਜ ਸੀ। ਸ਼ਾਇਦ ਇਸ ਕਰਕੇ ਹੀ ਭਗਤ ਰਵਿਦਾਸ ਜੀ ਦੀ ਬਾਣੀ ਨੂੰ ਸ੍ਰੀ ਗ੍ਰੰਥ ਸਾਹਿਬ ’ਚ ਦਰਜ ਕੀਤਾ ਤੇ ਭਗਤ ਜੀ ਦੀ ਕਿਰਤ ਲਈ ਵਰਤੇ ਜਾਣ ਵਾਲੇ ਸੰਦਾ ਰਾਹੀਂ ਉਪਦੇਸ਼ ਦਿੱਤਾ;

ਚਮਰਟਾ ਗਾਂਠਿ ਨ ਜਨਈ॥ ਲੋਗੁ ਗਠਾਵੈ ਪਨਹੀ॥
ਆਰ ਨਹੀ ਤੋਪਉ॥ ਨਹੀ ਰਾਂਬੀ ਠਾਉ ਰੋਪਉ॥
ਲੋਗੁ ਗੰਠਿ ਗੰਠਿ ਖਰਾ ਬਿਗੂਚਾ॥ ਹਉ ਬਿਨੁ ਗਾਂਠੇ ਜਾਇ ਪਹੂਚਾ॥
ਰਵਿਦਾਸੁ ਜਪੈ ਰਾਮ ਨਾਮਾ॥ ਮੋਹਿ ਜਮ ਸਿਉ ਨਹੀ ਕਾਮਾ॥[120]

ਇਸ ਤਰ੍ਹਾਂ ਦੇ ਉਪਦੇਸ਼ ਨੇ ਸਖ਼ਤ ਮਿਹਨਤ ਕਰਨ ਵਾਲਿਆਂ ਨੂੰ ਬਲ ਬਖਸ਼ਿਆ। ਇਹਨਾਂ ਸਭ ਕਾਰਨਾਂ ਕਰਕੇ ਹੀ ਸਿੱਖਾਂ ਅੰਦਰ ਅਣਖ ਨਾਲ ਜੀਉਣ ਤੇ ਸ਼ਾਨ ਮਰਨ ਵਿਚ ਜ਼ਿਆਦਾ ਦਿਲਚਸਪੀ ਵਧੀ। ਗੁਰੂ ਘਰੋਂ ਕਿਰਤੀਆਂ ਦੀ ਧਿਰ ਬਣਨ ਅਤੇ ਪਿਆਰ ਮਿਲਣ ਕਰਕੇ ਹੀ ਸੀ ਕਿ ਜਿਸ ਸਮੇਂ ਗੁਰੂ ਤੇਗ ਬਹਾਦਰ ਸਾਹਿਬ ਦਾ ਸੀਸ ਅਤੇ ਧੜ ਚਾਂਦਨੀ ਚੌਂਕ ਵਿਚ ਪਿਆ ਸੀ ਤਾਂ ਦੋ ਕਿਰਤੀਆਂ ਨੇ ਹੀ ਉਸ ਦੇ ਸਤਿਕਾਰ ਨੂੰ ਸੰਭਾਲਿਆ। ਇਹੀ ਕਿਰਤੀਆਂ ਦੇ ਖਾਲਸੇ ਬਣਨ ਦੀ ਕਹਾਣੀ ਹੈ। ਉਹਨਾਂ ਦਾ ਵਿਕਾਸ ਅਤੇ ਵਿਗਾਸ ਹੈ। ਹਰ ਸੂਰਮੇ ਦੀ ਸੋਚ ਵਿਚ ਇਨਕਲਾਬ ਆਇਆ;

ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥[121]

---

120 ਉਹੀ, ੬੫੯.

ਜਿਸ ਕਰਕੇ ਲੋਕ ਕਿਰਤੀ ਹੋਣ ਦੇ ਨਾਲ-ਨਾਲ ਧਰਮੀ ਪੁਰਸ਼ ਬਣਨ ਲੱਗੇ ਅਤੇ ਜਿਹਨਾਂ ਨੇ ਭਗਤੀ ਮਾਰਗ ਵਿਚ ਪੁਰਾਣੀਆਂ ਪ੍ਰਥਾਵਾਂ ਨੂੰ ਜੜ੍ਹੋਂ ਖਤਮ ਕਰ ਕੇ ਪਾਖੰਡੀ ਸਾਧੂ, ਸੰਤਾ, ਮੰਗਤਿਆਂ ਦੀ ਗਿਣਤੀ ਨੂੰ ਰੋਕਿਆ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਪਰੋਕਤ ਦਰਸਾਏ ਸਿਧਾਂਤ ਨੈਤਿਕ ਸੂਰਬੀਰਤਾ ਤੋਂ ਇਲਾਵਾ ਅਧਿਆਤਮਕ ਸੂਰਬੀਰਤਾ, ਸਮਾਜਕ ਤੇ ਸਰੀਰਕ ਸੂਰਬੀਰਤਾ ਅੰਤਰ ਸੰਬੰਧਤ ਹਨ ਇਨ੍ਹਾਂ ਦੀ ਸਾਂਝ ਵਿਚੋਂ ਹੀ ਸੱਚੀ ਸੂਰਬੀਰਤਾ ਦਾ ਸਿਧਾਂਤ ਅਤੇ ਵਿਹਾਰ ਪ੍ਰਗਟ ਹੁੰਦੇ ਹਨ। ਨੈਤਿਕ ਸੂਰਬੀਰਤਾ ਸੂਰਮੇ ਦੇ ਉਚ ਆਦਰਸ਼ (ਅਕਾਲ ਪੁਰਖ ਨਾਲ ਮਿਲਾਪ) ਨੂੰ ਪੂਰਾ ਕਰਦੀ ਹੈ। ਗੁਰੂ ਨਾਨਕ ਦੇਵ ਜੀ ਨੇ ਸਰਬੱਤ ਦੇ ਭਲੇ ਲਈ ਸਦਾਚਾਰਕ ਗੁਣਾਂ ਦੁਆਰਾ ਸਿੱਖ ਦੀ ਘਾੜਤ ਘੜੀ ਜਿਸ ਨਾਲ ਮਨੁੱਖਤਾ ਦੀਆਂ ਸਮੱਸਿਆਵਾਂ ਸਦੀਵ ਕਾਲ ਤੱਕ ਹੱਲ ਹੋ ਸਕਦੀਆਂ ਹਨ। ਗੁਰਬਾਣੀ ਮਨੁੱਖ ਨੂੰ ਉਸਦੇ ਜੀਵਨ ਦੇ ਹਰ ਖੇਤਰ ਵਿਚ ਇਨਸਾਫ ਦੀਆਂ ਕਦਰਾਂ ਕੀਮਤਾਂ ਪ੍ਰਤੀ ਜਾਗਰੂਕ ਕਰਦੀ ਹੈ।

### 3.2. ਵੰਡ ਛਕੋ

ਕਿਰਤ ਕਰਨ ਦੇ ਸਿਧਾਂਤ ਤੋਂ ਸਪੱਸ਼ਟ ਹੋਇਆ ਹੈ ਕਿ ਕਿਰਤ ਨੇ ਸਿੱਖ ਸਮਾਜ ਵਿਚ ਬਰਾਬਰੀ ਲਿਆਂਦੀ ਹੈ। ਸਿੱਖਾਂ ਨੂੰ ਸਰੀਰਕ, ਮਾਨਸਿਕ ਅਤੇ ਆਰਥਿਕ ਤੌਰ 'ਤੇ ਬਲਵਾਨ ਅਤੇ ਆਤਮ ਨਿਰਭਰ ਬਣਾਇਆ। ਗੁਰੂ ਸਾਹਿਬ ਨੇ ਆਪਣੇ ਲੰਮੇ ਸਫਰਾਂ ਅਤੇ ਅਨੁਭਵ ਦੁਆਰਾ ਇਹ ਗੰਭੀਰਤਾ ਨਾਲ ਮਹਿਸੂਸ ਕੀਤਾ ਕਿ ਸਿਰਫ ਕਿਰਤ ਕਰਨ ਦਾ ਸਿਧਾਂਤ ਆਪਣੇ ਆਪ ਵਿਚ ਪੂਰਨ ਨਹੀਂ ਵਿਅਕਤੀਗਤ ਤੌਰ 'ਤੇ ਕਿਰਤ ਵਿਚ ਲੱਗਿਆ ਵਿਅਕਤੀ ਵੀ ਉਸ ਤਪੱਸੀ ਵਰਗਾ ਹੀ ਬਣ ਜਾਏਗਾ ਜਿਹੜਾ ਤਪ ਤਾਂ ਕਰ ਰਿਹਾ ਹੈ ਪਰੰਤੂ ਸਿਰਫ ਆਪਣੇ ਮੋਕਸ਼ ਲਈ। ਇਸ ਦੇ ਤਤ ਦਾ ਸਮਾਜਕ ਤੌਰ 'ਤੇ ਕੋਈ ਲਾਭ ਨਹੀਂ ਹੁੰਦਾ। ਇਸੇ ਪ੍ਰਕਾਰ ਕਿਰਤੀ ਵੀ ਆਪਣੇ ਲਈ ਕਮਾਉਣ, ਪਰਿਵਾਰ ਨੂੰ ਖਵਾਉਣ ਵਿਚ ਹੀ ਰੁੱਝ ਕੇ ਰਹਿ ਜਾਵੇਗਾ। ਅਜਿਹੇ ਕਿਰਤੀ ਅੱਗੇ ਜਾ ਕੇ ਪੂੰਜੀਪਤੀਆਂ ਦੇ ਵਰਗ ਵਿਚ ਜਾ ਸ਼ਾਮਲ ਹੁੰਦੇ ਹਨ ਅਤੇ ਪੂੰਜੀਵਾਦੀ ਗਰੀਬਾਂ ਦਾ ਸ਼ੋਸ਼ਣ ਹਮੇਸ਼ਾਂ ਤੋਂ ਹੀ ਕਰਦੇ ਆਏ ਹਨ, ਇਹ ਇੱਕ ਅਜਿਹੀ ਸਮੱਸਿਆ ਹੈ ਜਿਸ ਦਾ ਹੱਲ ਅੱਜ ਤੱਕ ਅਣਲੱਭਿਆ ਹੀ ਪਿਆ ਹੈ। ਇਸ ਦੇ ਲਈ ਵਿਅਕਤੀਗਤ ਕਿਰਤ ਨੂੰ ਸਮਾਜਕ ਸਰੋਕਾਰ ਦੇਣਾ ਜ਼ਰੂਰੀ ਸੀ। ਕਿਰਤ ਨੂੰ ਇਹ

121 ਉਹੀ, ੧੪੨.

ਪੂਰਨ ਸਮਾਜਕ ਸਰੋਕਾਰ ਦਿੱਤਾ। ਸਿੱਖੀ ਦੇ ਤੀਸਰੇ ਸੂਤਰ ਵਿਚ ਵੰਡ ਕੇ ਛਕਣ ਦਾ ਸਿਧਾਂਤ ਹੈ।

ਇਸ ਸੂਤਰ ਦੇ ਸਿਧਾਂਤਿਕ ਵਿਸ਼ਲੇਸ਼ਣ ਤੋਂ ਪਹਿਲਾਂ ਇਸ ਨਾਲ ਮਿਲਦੇ-ਜੁਲਦੇ ਸਿਧਾਂਤਾ ਨਾਲ ਇਸ ਦਾ ਟਕਰਾ ਲਾਹੇਵੰਦ ਰਹੇਗਾ। ਗੁਰੂ ਸਾਹਿਬ ਦੇ ਸਮਕਾਲੀ ਸਮਾਜ ਵਿਚ ਦਾਨ ਅਤੇ ਜਕਾਤ ਪਹਿਲਾਂ ਤੋਂ ਹੀ ਮੌਜੂਦ ਸਨ ਤਾਂ ਵੱਖਰਾ ਵੰਡ ਛਕਣ ਦਾ ਸਿਧਾਂਤ ਕਿਉਂ? ਦਾਨ/ਜਕਾਤ ਦੋਵੇਂ ਹੀ ਅਜਿਹਾ ਭਾਵ ਦਿੰਦੇ ਹਨ ਕਿ ਕੋਈ ਵਿਅਕਤੀ ਧਾਰਮਿਕ ਲਾਲਚ ਵੱਸ ਹੋ ਕੇ ਕਿਸੇ ਗਰੀਬ ਮੰਗਤੇ ਜਾਂ ਉਸ ਵਿਅਕਤੀ ਨੂੰ (ਧੰਨ, ਅੰਨ ਆਦਿ) ਦੇ ਰਿਹਾ ਹੈ। ਦਾਨ/ਜਕਾਤ ਵਿਅਕਤੀ ਵਿਚ ਕਰਤਾ ਅਤੇ ਦਾਤਾ ਹੋਣ ਦਾ ਭਾਵ ਪੈਦਾ ਕਰਦੀ ਹੈ ਜੋ ਸਿੱਖੀ ਦੇ ਸਿਧਾਂਤਕ ਫਰੇਮ ਵਿਚ ਫਿੱਟ ਨਹੀਂ ਬੈਠਦੀ। ਦੂਸਰੇ ਪਾਸੇ ਇਸ ਨੂੰ ਲੈਣ ਵਾਲੇ ਵਿਚ ਹੀਣਤਾ/ਨਿਰਭਰ ਹੋਣ ਦੇ ਭਾਵ ਪੈਦਾ ਹੁੰਦੇ ਸਨ। ਕਈ ਲੋਕ ਇਹ ਸਮਝਣ ਲੱਗਦੇ ਹਨ ਕਿ ਉਹ ਆਪ ਤਾਂ ਕੁੱਝ ਕਰਨ ਦੇ ਸਮਰੱਥ ਹੀ ਨਹੀਂ ਹਨ ਇਸ ਲਈ ਉਹਨਾਂ ਨੂੰ ਇਸੇ ਪ੍ਰਕਾਰ ਜ਼ਿੰਦਗੀ ਕੱਟਣੀ ਪੈਣੀ ਹੈ। ਇਸਦੇ ਇਲਾਵਾ ਕਿਉਂਕਿ ਦਾਨ/ਜਕਾਤ ਦੇਣ ਪਿੱਛੇ ਧਾਰਮਿਕ ਲਾਲਚ (ਸਵਰਗ, ਪਾਪਾਂ ਤੋਂ ਮੁਕਤੀ/ਜੰਨਤ) ਵਰਤ ਰਿਹਾ ਸੀ। ਸੋ ਸਮਾਜ ਵਿਚ ਅਜਿਹਾ ਵੀ ਵਰਗ ਸੀ ਜੋ ਅਮੀਰਾਂ ਜਾਂ ਧਰਮ ਤੋਂ ਡਰਨ ਵਾਲਿਆਂ ਦੇ ਡਰ ਦੇ ਉੱਪਰ ਹੀ ਜਿਉਂਦਾ ਸੀ। ਇਹ ਵਰਗ ਨਰਕਾਂ, ਪਾਪਾਂ, ਜ਼ਹਨੁਮਾਂ ਦੇ ਡਰਾਵੇ ਦਿੰਦਾ ਸੀ। ਇਸ ਦੇ ਨਾਲ ਹੀ ਇਹ ਵੀ ਪ੍ਰਚਾਰਦਾ ਸੀ ਕਿ ਇਹਨਾਂ ਨੂੰ ਦਾਨ ਦੇਣਾ ਕਿਰਤੀਆਂ ਦਾ ਫਰਜ ਹੈ। ਨਹੀਂ ਤਾਂ ਉਹ ਨਰਕਾਂ ਦੇ ਭਾਗੀ ਬਣ ਜਾਣਗੇ। ਇਹ ਇੱਕ ਕੱਟੜ ਵਿਹਲੜ ਜਮਾਤ ਜੋ ਕਿਸੇ ਵੀ ਸਮਾਜ ਵਿਚ ਇੱਕ ਪਰਜੀਵੀ (Paracite) ਪੈਦਾ ਹੋਈ ਜੋ ਕਿ ਸਮਾਜਕ ਸਿਹਤ ਲਈ ਆਤਮਘਾਤੀ ਹੈ।

ਦੂਜੇ ਪਾਸੇ ਵੰਡਣਾ ਅਕਸਰ ਹੀ ਬਰਾਬਰੀ ਦੇ ਸਿਧਾਂਤ ਉੱਤੇ ਆਧਾਰਿਤ ਹੁੰਦੀ ਹੈ। ਵੰਡਣ ਨਾਲ ਕਿਸੇ ਪ੍ਰਕਾਰ ਦਾ ਕਰਤਾ ਜਾਂ ਦਾਤਾ ਅਤੇ ਨਾਂ ਹੀ ਹੀਣਤਾ ਅਤੇ ਨਿਰਭਰਤਾ ਭਾਵ ਪੈਦਾ ਕਰਦਾ ਹੈ। ਸਮਾਜਕ ਬਰਾਬਰੀ ਅਮਲੀ ਰੂਪ ਲੈਂਦੀ ਹੈ ਜੋ ਅੱਜ ਵੰਡ ਪ੍ਰਾਪਤ ਕਰ ਰਿਹਾ ਹੈ। ਉਸ ਦੇ ਮਨ ਵਿਚ ਚਾਓ ਪੈਦਾ ਹੁੰਦਾ ਹੈ ਕਿ ਕੱਲ੍ਹ ਉਹ ਵੀ ਵੰਡੇ। ਇਤਿਹਾਸ ਇਸ ਗੱਲ ਦਾ ਗਵਾਹ ਹੈ। ਇਹ ਭਾਵਨਾ ਸੂਰਮਿਆਂ ਵਿਚ ਹੀ ਹੋਵਗੀ ਕਿਉਂਕਿ ਲੋਭੀ ਮਨੁਖ ਕਦੇ ਵੰਡ ਕੇ ਨਹੀਂ ਖਾ ਸਕਦਾ। ਆਪਣੀ ਕਿਰਤ ਕਮਾਈ ਨੂੰ ਵੰਡ ਕੇ ਛੱਕਣ ਲਈ ਗੁਰਮਤਿ ਇਸ ਤਰਾਂ ਹੈ;

ਖਾਵਹਿ ਖਰਚਹਿ ਰਲਿ ਮਿਲਿ ਭਾਈ॥

ਤੋਟਿ ਨ ਆਵੈ ਵਧਦੋ ਜਾਈ॥[122]

ਗੁਰਮਿਤ ਦਾ ਇਹ ਸਿਧਾਂਤ ਸਮਾਜ ਵਿਚ ਇਕਸਾਰਤਾ ਲਿਆਉਣ ਵਿਚ ਅਹਿਮ ਯੋਗਦਾਨ ਪਉਂਦਾ ਹੈ। ਵੰਡ ਕੇ ਛਕਣ ਨਾਲ ਮਨੁੱਖਾਂ ਅੰਦਰ ਸਾਂਝੀਵਾਲਤਾ ਵਾਲਾ ਨਜ਼ਰੀਆ ਵਿਕਾਸ ਕਰਦਾ ਹੈ। ਅਜੋਕੇ ਸਮਾਜ ਵਿਚ ਪਦਾਰਥਾਂ ਦੀ ਇਕਸਾਰ ਵੰਡ ਕਰਨ ਦੇ ਸਮਰਥਨ ਵਾਲੇ ਵਿਭਿੰਨ ਪ੍ਰਕਾਰ ਦੀਆਂ ਵਿਚਾਰਧਾਰਵਾਂ ਹੋਂਦ ਵਿਚ ਆਈਆਂ ਹਨ। ਜਿਨ੍ਹਾਂ ਵਿਚੋਂ ਇਕ ਕਾਰਲ ਮਾਰਕਸ ਦੀ ਪਦਾਰਥਵਾਦ ਵਾਲੀ ਵਿਚਾਰਧਾਰਾ ਹੈ ਜੋ ਸਮਾਜ ਦੇ ਲੋਕਾਂ 'ਚ ਸਮਾਨਤਾ ਲਿਆਉਣ ਲਈ ਮੁਖ ਪਦਾਰਥ ਦੀ ਵੰਡ ਨੂੰ ਹੀ ਮੰਨਦਾ ਹੈ। ਮਾਰਕਸ ਦੀ ਦ੍ਰਿਸ਼ਟੀ ਵਿਚ ਧਰਮ ਇਕ ਅਫੀਮ ਦੀ ਨਿਆਈ ਹੀ ਹੈ।[123] ਇਸ ਪਿਛੇ ਉਸਦਾ ਭਾਵ ਹੈ ਕਿ ਧਰਮ ਸੁਚਾਰੂ ਜੀਵਨ ਜੀਉਣ ਵਿਚ ਇਕ ਰੁਕਾਵਟ ਹੈ। ਇਸ ਵਿਚ ਮੂਲ ਰੂਪ 'ਚ ਪਾਦਰਥਵਾਦੀ ਸੋਚ ਹੀ ਉਭਰ ਕੇ ਸਾਹਮਣੇ ਆਉਂਦੀ ਹੈ ਜੋ ਨਿਰੋਲ ਪਦਾਰਥਾਂ ਦੀ ਪੂਰਤੀ ਉੱਤੇ ਟਿਕੀ ਹੋਈ ਹੈ।

ਗੁਰਮਤਿ ਸਿਧਾਂਤਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਸਿੱਖਾਂ ਵਿਚ ਵੰਡ ਕੇ ਛਕਣਾ ਕੇਵਲ ਪਦਾਰਥਾਂ ਦੀ ਵੰਡ ਤੱਕ ਹੀ ਸੀਮਤ ਨਹੀਂ ਹੁੰਦਾ ਸਗੋਂ ਇਸ ਵਿਚ ਤਾਂ ਵਿਅਕਤੀ ਦੀਆਂ ਸਰੀਰਕ ਲੋੜਾਂ ਤੋਂ ਇਲਾਵਾ ਅੰਦਰੂਨੀ ਲੋੜਾਂ ਦੀ ਵੀ ਪੂਰਤੀ ਹੁੰਦੀ ਹੈ। ਦੂਸਰੇ ਦੇ ਦੁਖ-ਦਰਦ ਨੂੰ ਵੰਡਣਾ ਤੇ ਸ਼ਾਂਤੀ ਪ੍ਰਦਾਨ ਕਰਨ ਸਿੱਖ ਦਾ ਮੁਢਲਾ ਫਰਜ਼ ਹੈ ਕਿਉਂਕਿ ਸਾਰੇ ਹੀ ਤਾਂ ਸਾਡੇ ਸਾਂਝੀਵਾਲ ਹਨ ਅਤੇ ਕੋਈ ਵੀ ਬਿਗਾਨਾ ਜਾਂ ਬਾਹਰੀ ਨਹੀਂ ਹੈ :

ਸਭੇ ਸਾਝੀਵਾਲ ਸਦਾਇਨਿ ਤੂੰ ਕਿਸੇ ਨ ਦਿਸਹਿ ਬਾਹਰਾ ਜੀਉ॥[124]

ਸਮਾਜ ਦੀ ਉਨਤੀ ਅਤੇ ਸਮਾਨਤਾ ਧਰਮ ਦੇ ਆਸ਼ੇ ਅਨੁਸਾਰ ਹੀ ਆ ਸਕਦੀ ਹੈ। ਜਿਸ ਦੀ ਪੁਸ਼ਟੀ ਲਈ ਵੰਡ ਛਕਣ ਦਾ ਸਿਧਾਂਤ ਵਧੇਰੇ ਸਾਰਥਕ ਸਿਧਾਂਤ ਹੈ। ਇਹ ਸਿਧਾਂਤ ਲੋਕ-ਹਿੱਤਾਂ ਦੀ ਪੂਰਤੀ ਦੇ ਨਾਲ ਨਾਲ ਵਿਅਕਤੀ ਦੀ ਸਰਬੋਤਮ ਘਾੜਤ ਨੂੰ ਪਵਿੱਤਰਤਾ ਪ੍ਰਦਾਨ ਕਰਦਾ ਹੈ। ਸਿੱਖ ਸੂਰਮਿਆਂ ਦੇ ਵਿਹਾਰ ਵਿਚ ਕਿਰਤ ਦੇ ਨਾਲ ਹੀ ਵੰਡ ਛਕਣਾ ਪਿਆ ਹੈ। ਉਹ ਧਰਮ ਦੇ ਕਾਰ

---

122 ਉਹੀ, ੧੮੬.

123 Karl Marx, *Early Writing,* Penguin Books, London, p. 244.

124 ਸ੍ਰੀ ਗੁਰੂ ਗ੍ਰੰਥ ਸਾਹਿਬ,੯੭.

ਵਿਹਾਰ ਵਿਚੋਂ ਰੋਟੀ ਕਮਾ ਕੇ ਅਤੇ ਉਸਨੂੰ ਵੰਡ ਕੇ ਖੁਸ਼ ਹੁੰਦਾ ਹੈ;

ਕਿਰਤਿ ਵਿਰਤ ਕਰ ਧਰਮ ਦੀ ਹਥਹੁ ਦੇ ਕੇ ਭਲਾ ਮਨਾਵੈ।[125]

ਸਿਦਕੀ ਸੂਰਮਿਆਂ ਦੇ ਜੀਵਨ ਵਿਹਾਰ ਵਿਚੋਂ ਸਪੱਸ਼ਟ ਹੁੰਦਾ ਹੈ ਕਿ ਵੰਡ ਕੇ ਛਕਣਾ ਵੀ ਸਿੱਖ ਬਹਾਦਰੀ ਦਾ ਮਹੱਤਵਪੂਰਨ ਪੱਖ ਹੈ। ਇਸ ਵਿਚ ਬਾਹਰੀ ਹਾਲਾਤ ਕਈ ਵਾਰ ਅਜਿਹੇ ਆ ਜਾਂਦੇ ਹਨ ਕਿ ਵੰਡ ਕੇ ਛਕਣ ਦੇ ਸਿਧਾਂਤ ਨੂੰ ਵਿਹਾਰ ਵਿਚ ਲਿਆਉਣਾ ਜੋਖਿਮ ਭਰਿਆ ਬਣ ਜਾਂਦਾ ਹੈ। ਪਰ ਜੋ ਸੂਰਮਾ ਹੋਵੇਗਾ ਉਹ ਕਿਸੇ ਵੀ ਹਾਲਾਤ ਵਿਚ ਆਪਣਾ ਸੁਭਾਅ ਨਹੀਂ ਤਿਆਗਦਾ। ਇਸ ਲਈ ਭਾਵੇਂ ਉਸ ਨੂੰ ਆਪਾ ਵੀ ਕਿਉਂ ਨਾ ਵਾਰਨਾ ਪਵੇ। ਸਿੱਖ ਇਤਿਹਾਸ ਵਿਚ ਅਨੇਕਾਂ ਗਵਾਹੀਆਂ ਮਿਲਦੀਆਂ ਹਨ। ਸਿੰਘ ਸੂਰਮਿਆਂ ਦੇ ਜੀਵਨ ਵਿਚੋਂ ਸਪੱਸ਼ਟ ਹੁੰਦਾ ਹੈ ਕਿ ਵੰਡ ਛਕਣਾ ਵੀ ਸੂਰਬੀਰਤਾ ਦਾ ਪ੍ਰਤੀਕ ਹੈ।

ਜਦੋਂ ਸਿੰਘਾਂ ਦੀ ਪਛਾਣ ਨੂੰ ਖਤਮ ਕਰਨ ਵਾਲਾ ਫੁਰਮਾਣ ਭਿਆਨਕ ਰੂਪ ਧਾਰਨ ਕਰ ਗਿਆ ਸੀ ਅਤੇ ਸਿੰਘ ਆਪਣੀ ਹੋਂਦ ਨੂੰ ਬਚਾਉਣ ਲਈ ਜੰਗਲਾਂ ਵਿਚ ਜਾ ਠਹਿਰੇ ਸਨ। ਇਸ ਸਮੇਂ ਆਪਣੀ ਪਛਾਣ ਤਾਂ ਦੂਰ ਸਗੋਂ ਜਿਉਂਦੇ ਰਹਿਣਾ ਵੀ ਮੁਸ਼ਕਲ ਸੀ। ਸਿੰਘਾਂ ਸਿੰਘਣੀਆਂ ਅਤੇ ਬੱਚਿਆਂ ਨੂੰ ਜਿਥੇ ਹਮਲਾਵਰਾਂ ਦਾ ਖਤਰਾ ਸੀ ਉਥੇ ਗਰਮੀ, ਸਰਦੀ, ਜੰਗਲੀ ਜਾਨਵਰਾਂ, ਦਾ ਸੰਤਾਪ ਸਹਿਣਾ ਵੀ ਪੈ ਰਿਹਾ ਸੀ ਪਰ ਸਭ ਤੋਂ ਵੱਧ ਭੁੱਖ ਦੀ ਮਾਰ ਸੀ। ਕਈ ਵਾਰ ਸੂਰਮਿਆਂ ਨੂੰ ਭੁੱਖੇ ਸੌਣਾਂ ਪੈਂਦਾ ਸੀ ਪਰੰਤੂ ਅਜਿਹੀਆਂ ਪਰਸਥਿਤੀਆਂ ਵਿਚ ਸਿੰਘ ਸੂਰਮੇ ਹਮੇਸ਼ਾ ਚੜ੍ਹਦੀ ਕਲਾ ਵਿਚ ਹੀ ਰਹੇ। ਜਦੋਂ ਕਿਤੇ ਕਿਸੇ ਨੂੰ ਰੰਚਕ ਮਾਤਰ ਵੀ ਭੋਜਨ ਮਿਲਦਾ ਤਾਂ ਉਹ ਦੂਜਿਆਂ ਨੂੰ ਅਵਾਜਾਂ ਮਾਰ-ਮਾਰ ਕੇ ਸੱਦਾ ਦਿੰਦਾ ਅਤੇ ਆਪਸ ਵਿਚ ਵੰਡ ਕੇ ਛਕਦੇ ਇਹ ਵਿਹਾਰ ਸੂਰਬੀਰਤਾ ਵਾਲਾ ਕਾਰਨਾਮਾ ਹੈ;

ਜਬ ਕੁਥ ਤਯਾਰ ਕਰ ਹਿਤ ਖਾਨੇ। ਦੇਤ ਆਵਾਜ਼ਾਂ ਭੂਖਾ ਕੋਈ ਆਊ।
ਦੇਗ ਤਯਾਰ ਗੁਰ ਹੋਈ । ਉਸ ਸਮੇਂ ਵੈਰੀ ਕਿਨਿ ਆਵੈ।
ਪਰਮ ਮੀਤ ਸਮ ਤਾਂਹਿ ਛਕਾਵੈ। ਵੈਰੀ ਮਿਤਰ ਸਮ ਦੇ ਹੈਂ।
ਬਚੇ ਜੋ ਪੀਛੇ ਖੁਦਿ ਲੈ ਹੈਂ। ਨਹਿ ਤੋਂ ਲੰਗਰਿ ਮਸਤਾ ਬਨੈ ਹੈਂ।[126]

---

125 ਭਾਈ ਗੁਰਦਾਸ, ਵਾਰ 1, ਪਉੜੀ 3.

126 ਗਿਆਨ ਸਿੰਘ, ਪੰਥ ਪ੍ਰਕਾਸ਼।

ਨਿਰਸੰਦੇਹ ਅਸੀਂ ਕਹਿ ਸਕਦੇ ਹਾਂ ਕਿ ਵੰਡ ਛਕਣਾ ਵੀ ਸਿੱਖ ਸੂਰਬੀਰਤਾ ਨੂੰ ਪੋਸ਼ਣ ਦੇਣ ਦਾ ਮਾਧਿਅਮ ਹੈ। ਸਮਾਜਕ ਸੂਰਬੀਰਤਾ ਵਿਚ ਊਚ-ਨੀਚ, ਭੇਦ-ਭਾਵ, ਅਮੀਰ-ਗਰੀਬ ਆਦਿ ਹੋਰ ਅਨੇਕ ਵਿਤਕਰਿਆਂ ਦੇ ਰੂਪ ਵਿਚ ਪਏ ਪਾੜੇ ਨੂੰ ਮਿਟਾਉਣ ਲਈ ਵੰਡ ਕੇ ਛਕਣਾ ਵਿਸ਼ੇਸ਼ ਹੈ। ਇਸ ਸੰਕਲਪ ਤੋਂ ਬਾਅਦ ਨਾਮ ਜਪਣ ਨੂੰ ਸਿੱਖ ਸਰੋਕਾਰਾਂ ਵਿਚ ਤਰਜੀਹ ਦਿੱਤੀ ਜਾਂਦੀ ਹੈ।

**3.3 ਨਾਮ ਜਪੋ**

ਸਿੱਖ ਫਲਸਫੇ ਵਿਚ ਨਾਮ ਜਪਣਾ ਸੰਤ ਅਤੇ ਸਿਪਾਹੀ ਦਾ ਨਿਤਨੇਮ ਹੈ। ਨਾਮ ਸਿੱਖਾਂ ਲਈ ਸਭ ਤਾਕਤਾਂ ਨੂੰ ਹਾਸਲ ਕਰਨ ਦਾ ਮਾਧਿਅਮ ਹੈ। ਇਥੇ ਅਸੀਂ ਨਾਮ ਜਪਣ ਦੇ ਸੂਰਬੀਰਤਾ ਨਾਲ ਰਿਸ਼ਤੇ ਨੂੰ ਸਮਝਣ ਦਾ ਯਤਨ ਕੀਤਾ ਹੈ।

ਅਕਾਲ ਪੁਰਖ ਦੇ ਕਿਸੇ ਨਾਮ ਦਾ ਰਸਨਾ ਨਾਲ ਸਿਮਰਨ ਕਰਨਾ ਨਾਮ ਜਪਣਾ ਹੈ। ਸਿੱਖਾਂ ਵਿਚ ਵਿਸ਼ੇਸ਼ ਤੌਰ ’ਤੇ *ਵਾਹਿਗੁਰੂ* ਸ਼ਬਦ ਨੂੰ ਜਪਣਾ ਨਾਮ ਹੈ। ਨਾਮ ਅਭਿਆਸ ਸੂਰਬੀਰਤਾ ਦਾ ਮੁੱਖ ਮਾਧਿਅਮ ਹੈ। ਨਾਮ ਸਰਵ ਵਿਆਪਕ ਸ਼ਕਤੀ ਹੈ। ਵਿਕਾਰਾਂ ਤੋਂ ਬਚਣ ਲਈ ਅਤੇ ਜੀਵਨ-ਉਦੇਸ਼ ਦੀ ਪ੍ਰਾਪਤੀ ਲਈ ਨਾਮ ਸਭ ਤੋਂ ਮਹੱਤਵ-ਪੂਰਨ ਸਾਧਨ ਹੈ । ਭਾਈ ਜੋਧ ਸਿੰਘ ਅਨੁਸਾਰ “ਭਗਤ-ਜਨ ਜਦ ਆਪਣਾ ਧਿਆਨ ਈਸ਼ਵਰ ਤੇ ਟਿਕਾ ਕੇ ਸੁੰਦਰਤਾ ਵਿਚ ਲੀਨ ਹੋ ਜਾਂਦੇ ਹਨ ਤੇ ਜਦੋਂ ਇੰਦ੍ਰੇ ਹੋਰ ਵਿਸ਼ਿਆਂ ਵੱਲ ਦੋੜਨੋ ਰੁਕ ਜਾਂਦੇ ਹਨ। ਚਿੱਤ ਦੇ ਉਸ ਅਸਥਾਨ ਦਾ ਨਾਉ ਦਸਮ ਦੁਆਰ ਹੈ ਜਦੋਂ ਭਗਤ ਇਸ ਦੁਆਰ ਵਿਚ ਜਾਂਦੇ ਹਨ ਤੇ ਜਦ ਸੰਜੋਗ ਅਤੇ ਸਮੀਪੀ ਹੋਵੇ ਜੋ ਕੁਝ ਉਦੋਂ ਸੁਣਦੇ ਹਨ ਉਹ ਨਾਮ ਦਾ ਸੁਣਨਾ ਹੈ।”[127]

ਕਿਸੇ ਵੀ ਆਦਰਸ਼ ਦੀ ਨਿਰੰਤਰ ਸੋਚ ਅਚੇਤ ਰੂਪ ਵਿਚ ਸਿਮਰਨ ਕਰਨ ਵਾਲੇ ਵਿਚ ਆਦਰਸ਼ ਦੇ ਗੁਣਾਂ ਦਾ ਸੰਚਾਰ ਕਰਦਾ ਹੈ। ਇਹ ਇਕ ਪ੍ਰਕਿਰਿਆ ਹੈ। ਮੂਲ ਮੰਤਰ ਵਿਚ ਅਕਾਲ ਪੁਰਖ ਦੇ ਵਰਨਣ ਕੀਤੇ ਗੁਣਾਂ ਦੇ ਨਿਰੰਤਰ ਸਿਮਰਨ ਨਾਲ ਸਿੱਖ ਆਪਣੀ ਸ਼ਖ਼ਸੀਅਤ ਵਿਚ ਵੀ ਇਹਨਾਂ ਗੁਣਾਂ ਦੀ ਹੋਂਦ ਮਹਿਸੂਸ ਕਰਦਾ ਹੈ।

ਸੂਰਮੇ ਦੀ ਅਧਿਆਤਮਕ ਉਨਤੀ ਦਾ ਮੁਖ ਸਾਧਨ ਨਾਮ ਹੈ। ਨਾਮ ਦੇ ਸਹਾਰੇ ਸਿੱਖ ਨੇ ਹਰ ਮੁਸੀਬਤ ਨੂੰ ਸਰ ਕੀਤਾ ਹੈ। ਸਿੱਖ ਦੇ ਆਤਮਕ ਜੀਵਨ ਦੀ ਮੁੱਖ ਸ਼ਕਤੀ ਨਾਮ ਹੈ ਅਤੇ ਉਹ

---

127 ਜੋਧ ਸਿੰਘ (1945) *ਗੁਰਮਤਿ ਨਿਰਣਯ,* ਲਾਹੌਰ ਬੁੱਕ ਸ਼ਾਪ, ਲੁਧਿਆਣਾ, ਪੰਨੇ 36-37.

ਮਨੋਬਿਰਤੀਆਂ ਨੂੰ ਕਾਬੂ ਕਰਨ ਲਈ ਨਾਮ ਦੇ ਸਹਾਰੇ ਨੂੰ ਪਹਿਲ ਦਿੰਦਾ ਹੈ। ਵੱਖ ਵੱਖ ਧਰਮਾਂ ਵਿਚ ਨਾਮ ਸਿਮਰਨ ਦਾ ਰੁਝਾਨ ਪਾਇਆ ਜਾਂਦਾ ਹੈ। ਸਿੱਖ ਚਿੰਤਨ ਵਿਚ ਨਾਮ ਪਰਮ ਸੱਤਾ ਦਾ ਸ਼ਾਬਦਿਕ ਸਰੂਪ ਹੈ, ਜੋ ਸਾਧਕ ਦੇ ਮਨ ਵਿਚ ਪਰਮ ਸੱਤਾ ਦਾ ਬਿੰਬ ਪੈਦਾ ਕਰਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਦਾ ਨਾਮ ਬਾਰੇ ਵਿਚਾਰ ਹੈ, "ਇਸ਼ਟ ਦਾ ਨਾਮ ਭਾਵ ਮਨ ਬਿਰਤੀ ਇਕਾਗਰ ਕਰਕੇ ਯਾਦ ਕਰਨਾ ਨਾਮ ਸਿਮਰਨ ਹੈ।"[128] ਪ੍ਰੋਫ਼ੈਸਰ ਪੂਰਨ ਸਿੰਘ ਨਾਮ ਬਾਬਤ ਲਿਖਦਾ ਹੈ, "ਇਹ ਅੰਤਰਮੁਖਤਾ ਦੀ ਉਹ ਸ਼ੁੱਧ ਅਵਸਥਾ ਹੈ ਜਿਸ ਵਿਚ ਪ੍ਰੇਮ ਆਤਮਾ ਅੰਦਰੋਂ ਹੀ ਆਤਮਿਕ ਅਗਵਾਈ ਅਧੀਨ ਧਰਤੀ ਦੀਆਂ ਉਹਨਾਂ ਪਰਤਾਂ ਵਿਚੋਂ ਉਪਰ ਨੂੰ ਉਛਾਲੇ ਮਾਰਨ ਲੱਗ ਪੈਂਦਾ ਹੈ ਜੋ ਸੰਸਾਰਕ ਜੀਵਨ ਦੀਆਂ ਕਠੋਰ ਪਰਿਸਥਿਤੀਆਂ ਦੀ ਦੇਣ ਹੁੰਦੀ ਹੈ।"[129]

ਨਾਮ ਨੇ ਅਧਿਆਤਮਕ ਸੂਰਮੇ ਦੀ ਬਹਾਦਰੀ, ਦੁਸ਼ਮਣ ਅਤੇ ਯੁੱਧ ਬਾਰੇ ਰੌਸ਼ਨੀ ਪਾਈ ਹੈ। ਗੁਰਬਾਣੀ ਵਿਚ ਦੱਸਿਆ ਗਿਆ ਹੈ ਕਿ ਨਾਮ ਨਾਲ ਪਾਪਾਂ ਭਰੀ ਮਤ ਸਾਫ ਹੋ ਸਕਦੀ ਹੈ। ਇਸ ਪ੍ਰਕਾਰ ਨਾਮ ਬਦੀ ਦੀਆਂ ਤਾਕਤਾਂ ਸਾਹਮਣੇ ਡਟਣ ਲਈ ਪ੍ਰੇਰਨਾ ਦਿੰਦਾ ਹੈ। ਗੁਰਬਾਣੀ ਨੇ ਮਨ ਨੂੰ ਕਾਬੂ ਕਰਨ ਜੁਗਤੀ ਬਾਰੇ ਚਾਨਣਾ ਪਾਇਆ ਹੈ। ਗੁਰੂ ਸਾਹਿਬਾਨ ਦੀ ਅੰਤਰਬੋਧੀ-ਦ੍ਰਿਸ਼ਟੀ ਨੇ ਅਧਿਆਤਮਕ ਸੂਰਮਿਆਂ ਦੀ ਸਿਰਜਣਾ ਕੀਤੀ ਹੈ।

ਸਿੱਖ ਲਈ ਅਧਿਆਤਮਕ ਸੂਰਬੀਰਤਾ ਦੀ ਪ੍ਰਾਪਤੀ ਦਾ ਮੁੱਖ ਮਾਧਿਅਮ ਨਾਮ ਦਾ ਅਭਿਆਸ ਕਰਨਾ ਹੈ। ਸੂਰਬੀਰਤਾ ਦੀਆਂ ਉਪਰੋਕਤ ਦੋਨੋ ਕਿਸਮਾਂ ਨਾਮ ਨਾਲ ਸੰਬੰਧਿਤ ਹਨ। ਨਾਮ ਅਭਿਆਸ ਵਿਅਕਤੀ ਦੇ ਆਤਮਕ ਮੰਡਲ ਨੂੰ ਰੌਸ਼ਨ ਕਰਦਾ ਹੈ ਅਤੇ ਸਮਾਜ ਪ੍ਰਤੀ ਉਸਦੀ ਸੋਚ ਨੂੰ ਉਸਾਰੂ ਬਣਾਉਂਦਾ ਹੈ। ਗੁਰਬਾਣੀ ਨੇ ਨਾਮ ਦੀ ਮਹੱਤਤਾ ਨੂੰ ਸਰਵਉੱਚ ਮੰਨਿਆ ਹੈ;

ਨਾਨਕ ਨਾਮੁ ਮਿਲੈ ਵਡਿਆਈ ਏਦੂ ਉਪਰਿ ਕਰਮੁ ਨਹੀ॥[130]

ਨਾਮ ਬਾਰੇ ਸ਼ੇਰ ਸਿੰਘ ਲਿਖਦਾ ਹੈ, "ਨਾਮ ਮਨੁੱਖ ਦੀ ਸਮੁੱਚੀ ਸ਼ਖ਼ਸੀਅਤ ਅੰਦਰ ਬਦਲਾਵ ਲਿਆਉਣ ਲਈ ਸਾਰਥਕ ਭੂਮਿਕਾ ਨਿਭਾਉਂਦਾ ਹੈ ਅਤੇ ਉਸਦੀ ਜ਼ਿੰਦਗੀ ਦੀਆਂ ਸਾਰੀਆਂ

---

128 ਕਾਨ੍ਹ ਸਿੰਘ ਨਾਭਾ, ਉਪਰੋਕਤ, *ਮਹਾਨ ਕੋਸ਼*, ਪੰ.365.

129 ਪੂਰਨ ਸਿੰਘ, ਉਪਰੋਕਤ, *ਸਿੱਖੀ ਦੀ ਆਤਮਾ*, ਪੰ.430.

130 ਸ੍ਰੀ ਗੁਰੂ ਗ੍ਰੰਥ ਸਾਹਿਬ, ੯੦੩.

ਕਿਰਿਆਵਾਂ ਨੂੰ ਪ੍ਰਭਾਵਿਤ ਕਰਦਾ ਹੈ।"[131] ਸਿੱਖ ਸੂਰਬੀਰਤਾ ਦੇ ਮੂਲ ਸਰੋਤਾਂ ਨਾਲ ਸਾਂਝ ਪਾਉਣ ਦਾ ਮੁੱਖ ਮਾਧਿਅਮ ਨਾਮ ਸਿਮਰਨ ਹੈ ਜਿਸ ਰਾਹੀਂ ਸੂਰਬੀਰਤਾ ਦੇ ਸਮੱਸਤ ਸਦਗੁਣ ਸਤ, ਸੰਤੋਖ, ਦਯਾ, ਧਰਮ, ਸੁੱਚ, ਸੰਜਮ, ਅਦਿ ਗੁਣ ਪੈਦਾ ਹੁੰਦੇ ਹਨ ਅਤੇ ਔਗੁਣ ਖਤਮ ਹੁੰਦੇ ਹਨ। ਨਾਮ ਅਕਾਲ ਪੁਰਖ ਦੀ ਸ਼ਕਤੀ ਹੈ। ਮਨੁੱਖ ਅੰਦਰ ਸੂਰਬੀਰਤਾ ਦੇ ਸਾਰੇ ਪੱਖ- ਸਦਾਚਾਰਕ, ਮਾਨਸਕ, ਆਤਮਕ, ਸਰੀਰਕ, ਸਭ ਅਕਾਲ ਪੁਰਖ ਦੀ ਸ਼ਕਤੀ 'ਤੇ ਅਧਾਰਤ ਹਨ, ਜਿਨ੍ਹਾਂ ਦੀ ਸਮਝ ਨਾਮ ਰਾਹੀਂ ਆਉਂਦੀ ਹੈ। ਅਧਿਆਤਮਕ ਪਵਿੱਤਰਤਾ ਲਈ ਨਾਮ ਦੀ ਮਹਾਨਤਾ ਬਾਰੇ ਗੁਰਬਾਣੀ ਚਾਨਣਾ ਪਾਉਦੀ ਹੈ;

ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥ [132]

ਜਤੁ ਸਤੁ ਸੰਜਮੁ ਨਾਮੁ ਹੈ ਵਿਣੁ ਨਾਵੈ ਨਿਰਮਲੁ ਨ ਹੋਇ॥[133]

ਨਾਮ ਮਨੁੱਖ ਦੀ ਆਤਮਕ ਤਾਕਤ ਦਾ ਰਹੱਸ ਹੈ। ਕਾਮਦਿਕ ਵਿਸ਼ੇ-ਵਿਕਾਰਾਂ ਦੇ ਮਾੜੇ ਪ੍ਰਭਾਵ ਨੂੰ ਦੂਰ ਕਰਨ ਅਤੇ ਇਹਨਾਂ ਦੇ ਰੁਖ ਨੂੰ ਨੇਕੀ ਵੱਲ ਮੋੜਨ ਲਈ ਨਾਮ ਸਿਮਰਨ ਦਾ ਉਦੇਸ਼ ਹੈ। ਗੁਰਬਾਣੀ ਨਾਮ ਦੀ ਅਥਾਹ ਸ਼ਕਤੀ ਨੂੰ ਅਨੇਕਾਂ ਫੁਰਮਾਣਾਂ ਰਾਹੀਂ ਪੇਸ਼ ਕਰਦੀ ਹੈ ਪਰ ਇਸ ਖੋਜ-ਪ੍ਰਬੰਧ ਵਿਚ ਨਾਮ ਬਾਰੇ ਅਸੀਂ ਇਹ ਹੀ ਕਹਿ ਸਕਦੇ ਕਿ ਸੂਰਮੇ ਦੇ ਸਾਰੇ ਸਦਗੁਣ, ਸੂਰਬੀਰਤਾ ਦੀ ਹਰ ਕਿਸਮ, ਸੂਰਬੀਰਤਾ ਦੇ ਸਿਧਾਂਤ ਅਤੇ ਵਿਹਾਰ ਲਈ ਨਾਮ ਸਿਮਰਨ ਦਾ ਹੋਣਾ ਲਾਜ਼ਮੀ ਹੁੰਦਾ ਹੈ। ਨਾਮ ਰਾਹੀਂ ਹੀ ਸੂਰਬੀਰਤਾ ਦਾ ਦਾਇਰਾ ਵਿਸ਼ਾਲ ਹੋ ਜਾਂਦਾ ਹੈ।

ਸਿੱਖ ਚਿੰਤਨ ਵਿਚ ਧਰਮ ਅਤੇ ਸੂਰਬੀਰਤਾ ਦੋਨੋਂ ਆਪਸੀ ਸੁਮੇਲ ਕਾਰਨ ਉਚਤਮ ਉਦੇਸ਼ਾਂ ਦੀ ਪੂਰਤੀ ਕਰਦੇ ਹਨ। ਧਰਮ ਸਮਾਜਿਕ ਢਾਂਚੇ ਦੀ ਬੁਨਿਆਦ ਹੁੰਦਾ ਹੈ। ਧਰਮ ਨੇ ਸਭ ਨੂੰ ਆਪਸ ਵਿਚ ਜੋੜਨ ਦਾ ਕੰਮ ਕੀਤਾ ਅਤੇ ਸੂਰਬੀਰਤਾ ਨੇ ਧਾਰਮਿਕ ਸਿਧਾਂਤਾਂ ਨੂੰ ਅਮਲੀ ਪੁਸ਼ਾਕ ਪਹਿਨਾ ਕੇ ਮਨੁੱਖ ਦੇ ਜੀਵਨ ਵਿਚ ਉਚੇਰੀਆਂ ਕੀਮਤਾਂ ਨੂੰ ਪ੍ਰਗਟਾਇਆ ਹੈ। ਜਦੋਂ ਅਸੀਂ ਧਰਮ ਅਤੇ

---

131 Sher Singh (2003 ) "Naam is not mere reflection or meditation. It means the moulding of the whole personality. It effects all activities of our life." *Philosophy of Sikhism,* Shriomani Gurdwara Parbandhak committee, Amritsar, p. 236.

132 ਸ੍ਰੀ ਗੁਰੂ ਗ੍ਰੰਥ ਸਾਹਿਬ, ੪.

133 ਉਹੀ, ੩੩.

ਸੂਰਬੀਰਤਾ ਦਾ ਸੁਮੇਲ ਕਰਦੇ ਹਾਂ ਤਾਂ ਇਨ੍ਹਾਂ ਵਿਚੋਂ ਚੰਗਿਆਈ ਦਾ ਪ੍ਰਵਾਹ ਚਲਦਾ ਹੈ ਭਾਵ ਨੇਕੀ ਦਾ ਪ੍ਰਸਾਰ ਹੁੰਦਾ ਹੈ ਪਰ ਜੇ ਧਰਮ ਅਤੇ ਸੂਰਬੀਰਤਾ ਦੀ ਹੋਂਦ ਅਲੱਗ ਮੰਨੀਏ ਤਾਂ ਬਦੀ ਦਾ ਪ੍ਰਸਾਰ ਵਧਦਾ ਹੈ। ਸੂਰਬੀਰਤਾ ਤੋਂ ਹੀਣਾ ਧਰਮ ਕਿਹੋ ਜਿਹਾ ਹੁੰਦਾ ਹੈ ਅਤੇ ਧਰਮ ਤੋਂ ਬਗੈਰ ਸੂਰਬੀਰਤਾ ਦੀ ਕੀ ਹੋਂਦ ਹੈ? ਇਸ ਸਵਾਲ ਉੱਤੇ ਚਿੰਤਨ ਕਰਨਾ ਅਤਿ ਲੋੜੀਂਦਾ ਉੱਦਮ ਹੈ। ਗੁਰਮਤਿ ਚਿੰਤਨ ਵਿਚ ਅੰਤਹਕਰਨ ਦੀ ਸ਼ੁੱਧਤਾ ਉੱਤੇ ਜ਼ੋਰ ਦਿੱਤਾ ਗਿਆ ਹੈ। ਜਦੋਂ ਤੱਕ ਮਨੁੱਖੀ ਮਨ ਦੀਆਂ ਗਹਿਰਾਈਆਂ ਵਿਚ ਪਵਿੱਤਰਤਾ ਨਹੀਂ ਉਤਰਦੀ ਉਦੋਂ ਤੱਕ ਬਾਹਰੀ ਪਵਿੱਤਰਤਾ ਦਾ ਹੋਣਾ ਬੇਅਰਥ ਹੈ। ਗੁਰਬਾਣੀ ਨੇ ਕਾਮ, ਕਰੋਧ, ਲੋਭ, ਮੋਹ, ਅਹੰਕਾਰ ਦੇ ਮਾੜੇ ਪ੍ਰਭਾਵਾਂ ਦੀ ਨਿਸ਼ਾਨਦੇਹੀ ਕੀਤੀ ਹੈ ਅਤੇ ਇਹਨਾਂ ਦੇ ਮਾੜੇ ਪ੍ਰਭਾਵ ਤੋਂ ਸੁਚੇਤ ਕੀਤਾ ਹੈ। ਆਤਮਿਕ ਬਲ ਸੰਸਾਰਕ ਜੀਵਨ ਦੀਆਂ ਕਠੋਰ ਪਰਿਸਥਿਤੀਆਂ ਨੂੰ ਸਰ ਕਰਨ ਦਾ ਮੁਖ ਸਾਧਨ ਬਣਦਾ ਹੈ। ਆਪਣੇ ਮਨ ਨੂੰ ਅਕਾਲ ਪੁਰਖ ਦੇ ਮਿਲਾਪ ਲਈ ਜਿੱਤ ਲੈਣਾ ਸੱਚੀ ਸੂਰਬੀਰਤਾ, ਅਧਿਆਤਮਕ ਸੂਰਬੀਰਤਾ ਹੈ। ਮਨ ਅੰਦਰਲੀ ਵੀਰਤਾ ਨੂੰ ਗੁਰਮਤਿ ਸਿਧਾਤਾਂ ਦੇ ਵਿਹਾਰ ਰਾਹੀਂ ਸਰੀਰਕ ਬਹਾਦਰੀ ਵਿਚ ਬਦਲਣਾ ਸਾਰੀ ਪ੍ਰਕਿਰਿਆ ਦਾ ਮੁੱਖ ਉਦੇਸ਼ ਹੈ। ਜਿਸ ਵਿਚ ਸੂਰਮਾ ਮਾਨਸਿਕ ਪੱਖੋਂ ਬਲਵਾਨ ਹੋ ਜਾਂਦਾ ਹੈ। ਸੱਚੀ ਸੂਰਬੀਰਤਾ ਸਦਗੁਣਾਂ ਦੀ ਸਦੀਵ ਕਾਇਮੀ ਲਈ ਸਾਰਥਕ ਭਾਵਨਾ ਹੈ। ਸਦਗੁਣ ਬਹਾਦਰੀ ਦੇ ਸਰੂਪ ਨੂੰ ਪਵਿੱਤਰ ਬਣਾਈ ਰੱਖਦੇ ਹਨ ਜਿਸ ਕਾਰਨ ਵਿਅਕਤੀ ਦਾ ਸੰਘਰਸ਼ ਜਰ, ਜ਼ੋਰੂ ਜ਼ਮੀਨ ਤੋਂ ਉਪਰ ਉਠ ਜਾਂਦਾ ਹੈ। ਮਨੁੱਖ ਪ੍ਰੇਮ, ਸਹਿਜ, ਨਿਮਰਤਾ, ਸ਼ੀਲ, ਸੰਤੋਖ ਨੂੰ ਧਾਰਨ ਕਰਦਾ ਹੋਇਆ ਆਪਣਾ ਮੁੱਖ ਉਦੇਸ਼ ਅਕਾਲ ਪੁਰਖ ਨਾਲ ਅਭੇਦਤਾ ਵੱਲ ਸੇਧਤ ਹੋ ਜਾਂਦਾ ਹੈ ਅਤੇ ਸ਼ਹਾਦਤ ਨੂੰ ਅਪਣਾਉਣ ਵਿਚ ਚਾਅ ਅਤੇ ਆਤਮਕ ਅਨੰਦ ਮਹਿਸੂਸ ਕਰਦਾ ਹੈ। ਜੀਵਨ ਸੰਘਰਸ਼ ਵਿਚ ਸੂਰਮੇ ਦੀ ਬਹਾਦਰੀ ਇਸ ਵਿਚ ਰਹਿੰਦੀ ਹੈ ਕਿ ਉਹ ਹਲੀਮੀ, ਨਿਮਰਤਾ, ਸਹਿਜ, ਖਿਮਾ, ਉਚ-ਆਚਰਨ ਆਦਿ ਨੂੰ ਕਿਵੇਂ ਅਮਲ ਵਿਚ ਲਿਆਉਂਦਾ ਹੈ। ਸੁਚੱਜਾ ਸਿਪਾਹੀ ਜੰਗ ਵਿਚ ਬੇਹਤਰੀਨ ਤੌਰ ਤਰੀਕਿਆਂ ਨਾਲ ਮੈਦਾਨਿ-ਜੰਗ ਨੂੰ ਜਿੱਤ ਲੈਂਦਾ ਹੈ। ਪਰ ਜੀਵਨ ਖੇਤਰ ਵਿਚ ਰੋਜ਼ਮਰਾ ਦੇ ਦੁਖ, ਤਕਲੀਫ਼ਾਂ, ਤਾਹਨੇ, ਮਿਹਣਿਆਂ ਅੱਗੇ ਹਾਰ ਜਾਂਦਾ ਹੈ। ਨੈਤਿਕ ਸਦਗੁਣ ਮਨੁੱਖ ਨੂੰ ਅਜਿਹੀ ਤਾਕਤ ਪ੍ਰਦਾਨ ਕਰਦੇ ਹਨ ਕਿ ਜਿਸ ਨਾਲ ਉਹ ਰੋਜ਼ਮਰਾ ਦੀ ਜ਼ਿੰਦਗੀ ਵਿਚ ਕਿਸੇ ਵੀ ਔਕੜ ਦਾ

ਸਾਹਮਣਾ ਕਰਨ ਲਈ ਡਟ ਜਾਂਦਾ ਹੈ ਅਤੇ ਹਮੇਸ਼ਾ ਆਪਣੇ ਮਾਨਸਿਕ ਪੱਧਰ ਨੂੰ ਉਚੇਰੀਆਂ ਕੀਮਤਾਂ ਨਾਲ ਸਮਲਿਤ ਰੱਖਦਾ ਹੈ। ਨੈਤਿਕ ਸੂਰਬੀਰਤਾ ਦੇ ਸਾਰੇ ਗੁਣ ਧੀਰਜ, ਧਰਮ, ਨਿਮਰਤਾ, ਨਿਰਭੈਤਾ, ਨਿਰਵੈਰਤਾ, ਖਿਮਾ, ਸੰਤੋਖ ਆਦਿ ਇਸ ਤਰ੍ਹਾਂ ਆਪਸ ਵਿਚ ਜੁੜੇ ਰਹਿੰਦੇ ਹਨ ਕਿ ਜੇ ਕਿਸੇ ਇੱਕ ਗੁਣ ਨੂੰ ਬਾਹਰ ਕੱਢ ਲਿਆ ਜਾਵੇ ਤਾਂ ਬਾਕੀ ਸਾਰੇ ਸਦਗੁਣ ਵੀ ਆਪਣੇ ਆਪ ਬਾਹਰ ਆ ਜਾਂਦੇ ਹਨ।

ਅਧਿਅਤਮਕ ਸੂਰਮਾ ਆਪਣੇ ਮਨ ਨੂੰ ਕਾਬੂ ਕਰਕੇ ਅੰਦਰੂਨੀ ਵਿਕਾਰਾਂ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਉੱਤੇ ਧਾਰਮਿਕ ਸਿਧਾਤਾਂ ਰਾਹੀਂ ਜਿੱਤ ਪਰਾਪਤ ਕਰਦਾ ਹੈ। ਇਸੇ ਤਰ੍ਹਾਂ ਨੈਤਿਕ ਸੂਰਬੀਰਤਾ ਦਾ ਪਾਤਰ ਅਧਿਆਤਮਕ ਰੋਸ਼ਨੀ ਰਾਹੀਂ ਸਮਾਜ ਵਿਚ ਨਿਆਂ, ਬਰਾਬਰੀ, ਸੱਚ ਦੀ ਪੈਰਵੀ ਕਰਦਾ ਹੈ। ਨੈਤਿਕ ਬਹਾਦਰੀ ਸੂਰਮੇ ਅੰਦਰ ਇੱਕ ਅਜਿਹਾ ਨਜ਼ਰੀਆ ਪੈਦਾ ਕਰ ਦਿੰਦੀ ਹੈ ਜਿਸ ਨਾਲ ਸਾਹਮਣੇ ਵਿਰੋਧੀ ਦੇ ਔਗੁਣਾਂ ਅਤੇ ਸਦਗੁਣਾਂ ਨੂੰ ਵੇਖ ਲਿਆ ਜਾਂਦਾ ਹੈ। ਧਰਮ ਦੇ ਪਰਦੇ ਹੇਠ ਕੀਤੀ ਜਾ ਰਹੀ ਲੁੱਟ ਨੂੰ ਜੱਗ ਜ਼ਾਹਰ ਕਰਨਾ ਅਤੇ ਜ਼ੁਲਮੀ ਵਿਅਕਤੀ ਦੇ ਖ਼ਿਲਾਫ਼ ਅਵਾਜ਼ ਬੁਲੰਦ ਕਰਨੀ ਵੀ ਨੈਤਿਕ ਸੂਰਬੀਰਤਾ ਦਾ ਹਿੱਸਾ ਹੈ।

ਧਰਮ ਦੁਆਰਾ ਵਿਅਕਤੀ ਸੰਸਾਰਕ ਰਣ-ਭੂਮੀ ਵਿਚ ਅਡੋਲ ਡਟਿਆ ਰਹਿੰਦਾ ਹੈ ਅਤੇ ਆਪਣੇ ਉਦੇਸ਼ਾਂ ਦੀ ਪੂਰਤੀਹਿਤ ਹਰ ਮੁਸ਼ਕਿਲ ਦਾ ਸਾਹਮਣਾ ਕਰਦਾ ਹੈ। ਧਰਮ ਨਾਲ ਉਤਪੋਤ ਸੂਰਬੀਰਤਾ ਵਿਚੋਂ ਸਰਬੱਤ ਦੇ ਭਲੇ ਵਾਲੇ ਤੱਤ ਨਿਕਲਦੇ ਹਨ ਜਿਵੇਂ; ਨਿਆਂ, ਬਰਾਬਰੀ, ਗਿਆਨ, ਅਧਿਆਤਮਕਤਾ, ਉਚ ਨੈਤਿਕ ਜੀਵਨ, ਨੇਕੀ ਦਾ ਪਸਾਰ, ਉਚ-ਆਚਰਨ। ਇਨ੍ਹਾਂ ਮਨੁੱਖ ਦੀ ਸਰਵ-ਪੱਖੀ ਸ਼ਖ਼ਸੀਅਤ ਉਘੜ ਕੇ ਸਾਹਮਣੇ ਆਉਂਦੀ ਹੈ ਪਰ ਜੇਕਰ ਅਸੀਂ ਸੂਰਬੀਰਤਾ ਦੇ ਸਰੂਪ ਵਿਚੋਂ ਧਰਮ ਦੀ ਅਗਵਾਈ ਨੂੰ ਮਨਫ਼ੀ ਕਰ ਦੇਈਏ ਤਾਂ ਇਹ ਬਹਾਦਰੀ ਕੇਵਲ ਵਿਅਕਤੀਗਤ ਸੁਆਰਥਾਂ ਦਾ ਪੱਖ ਪੂਰਦੀ ਹੈ ਜੋ ਕਿ ਲੋਕ-ਹਿੱਤਾਂ ਦਾ ਘਾਣ ਕਰੇਗੀ। ਇਸ ਦਾ ਦਾਇਰਾ ਵਿਸ਼ਾਲ ਅਤੇ ਪਵਿੱਤਰ ਹੋਣ ਦੀ ਬਜਾਇ ਸੀਮਤ ਅਤੇ ਬਦੀ ਦੀਆਂ ਕੀਮਤਾਂ ਦੇ ਅਧੀਨ ਰਹਿੰਦਾ ਹੈ। ਅਜਿਹੀ ਸੂਰਬੀਰਤਾ ਨੂੰ Geoffery Scare ਨੇ 'ਤਰਲ ਬਹਾਦਰੀ' "Liquid Courage"[134] ਦਾ ਨਾਂ ਦਿੱਤਾ

---

134 Geofferay Scare, ibid, "although it is not neccerssary that a courageous person should always have fight to control his fear, it is essential that the source of his action should

ਜਿਸਦਾ ਧਾਰਨੀ ਡਰੱਗ (ਨਸ਼ੇ) ਆਦਿ ਦਾ ਸੇਵਨ ਕਰਨ ਤੋਂ ਬਾਅਦ ਕਿਸੇ ਇਕ ਪੱਖੀ ਉਦੇਸ਼ ਦੀ ਪੂਰਤੀ-ਹਿੱਤ ਬਹਾਦਰੀ ਪ੍ਰਗਟਾਉਣ ਦਾ ਯਤਨ ਕਰਦਾ ਹੈ। ਅਜੋਕੇ ਜਗਤ ਵਿਚ ਇਸ ਤਰ੍ਹਾਂ ਦੀ ਬਹਾਦਰੀ ਬਾਰੇ ਰੋਜ਼ਾਨਾ ਅਖਬਾਰਾਂ, ਟੀ.ਵੀ., ਸ਼ੋਸ਼ਲ ਮੀਡੀਆ ਤੋਂ ਇਲਾਵਾ ਆਮ ਹੀ ਵੇਖੀ ਜਾ ਸਕਦੀ ਹੈ ਜੋ ਕਿ ਅਸਲ ਵਿਚ ਸੱਚੀ ਸੂਰਬੀਰਤਾ ਨਹੀਂ ਹੋ ਸਕਦੀ। ਮੌਜੂਦਾ ਸਮੇਂ ਰਾਜਨੀਤਿਕ ਵਰਤਾਰਿਆਂ ਵਿਚ Liquid Courage ਨੂੰ ਹੀ ਅਪਣਾਇਆ ਜਾਂਦਾ ਹੈ। ਧਰਮ ਤੋਂ ਹੀਣੀ ਸੂਰਬੀਰਤਾ ਵਿਚ ਯੋਧਿਆਂ ਦੀ ਲਲਕਾਰ, ਯੁੱਧ ਦੇ ਸ਼ਸਤਰਾਂ ਦਾ ਟਕਰਾਵ, ਬੀਰਾਂ ਦੀ ਭੱਬਕ, ਜੋਸ਼, ਯੁੱਧ ਦੀ ਭਿਆਨਕ ਅਵਸਥਾ, ਮਾਰੋ-ਮਾਰੀ, ਕਟਾ-ਵੱਡੀ, ਸਰੀਰਕ ਤਾਕਤ ਦਾ ਪ੍ਰਗਟਾਅ ਤਾਂ ਹੋਵੇਗਾ ਪਰ ਸਰਬੱਤ ਦਾ ਭਲਾ, ਨੇਕੀ, ਉਚ-ਆਦਰਸ਼, ਉਚ-ਆਚਰਣ ਆਦਿ ਉਚ ਕੀਮਤਾਂ ਦੀ ਕੋਈ ਹੋਂਦ ਨਹੀਂ ਹੋਵੇਗੀ ਕੇਵਲ ਇਕ ਪਾਸੜ ਨਜ਼ਰੀਏ ਕਾਰਨ ਨਤੀਜਾ ਨੁਕਸਾਨ ਹੀ ਨਿਕਲਦਾ ਹੈ। ਇਕ ਪਾਸੜ ਨਜ਼ਰੀਏ ਨਾਲ ਸਮਾਜ ਵਿਚ ਅਸੁਰੱਖਿਆ ਦੀ ਭਾਵਨਾ ਪੈਦਾ ਹੁੰਦੀ ਹੈ ਜੋ ਕਿ ਸੂਰਬੀਰਤਾ ਨਹੀਂ ਸਗੋਂ ਹਿੰਸਾ ਹੈ। ਗੁਰਬਾਣੀ ਨਸ਼ੇ ਪ੍ਰਤੀ ਜਾਗਰੂਕ ਕਰਕੇ ਤਰਲ ਬਹਾਦਰੀ ਤੋਂ ਸਿੱਖ ਦਾ ਨਾਤਾ ਤੋੜ ਦਿੰਦੀ ਹੈ;

ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥
ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥[135]

ਨਸ਼ਿਆਂ ਪਦਾਰਥਾਂ ਪ੍ਰਤੀ ਜਾਗਰੂਕ ਕਰਕੇ ਇੱਕ ਸੱਚਾ ਸੁੱਚਾ ਸੂਰਮਾ ਬਣਨ ਦੀ ਪ੍ਰੇਰਨਾ ਹੀ ਨਹੀਂ ਦਿੱਤੀ ਗਈ ਬਲਕਿ ਇਨਸਾਨ ਨੂੰ ਅਜਿਹੀਆਂ ਵਸਤਾਂ ਦੇ ਤਿਆਗਣ ਲਈ ਆਖਿਆ ਗਿਆ ਹੈ ਜੋ ਉਸ ਦੇ ਮਨ ਅਤੇ ਤਨ ਉਪਰ ਮਾੜਾ ਪ੍ਰਭਾਵ ਛੱਡ ਕੇ ਮਨੁੱਖੀ ਸਖ਼ਸੀਅਤ ਵਿਚ ਵਿਗਾੜ ਪਾਵੇ ਜਿਵੇਂ ਕਿ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਅਜਿਹਾ ਖਾਣਾ ਵੀ ਨਾ ਖਾਣਾ ਜੋ ਸਾਡੇ ਸਰੀਰ ਲਈ ਨੁਕਸਾਨਦਾਇਕ ਹੋਵੇ ਅਤੇ ਮਨ ਵਿਚ ਵਿਕਾਰ ਰੂਪੀ ਦੁਸ਼ਮਣਾਂ ਨੂੰ ਬਲ ਦੇਵੇ। ਇਸੇ ਤਰ੍ਹਾਂ ਨਾ ਹੀ ਅਜਿਹਾ ਪਹਿਰਾਵਾ ਪਹਿਨਣਾ ਹੈ, ਨਾ ਅਜਿਹਾ ਸੌਣਾ ਹੈ ਆਦਿ;

ਬਾਬਾ ਹੋਰੁ ਖਾਣਾ ਖੁਸੀ ਖੁਆਰੁ॥

---

lie within him, in a sense that is hard to make precise but which excludes all such external aids as drugs, surgery or manipulative mind-control. (note here that so-called *liquid courage*)" *On Courage thinking in action,* p.39.

135 ਸ੍ਰੀ ਗੁਰੂ ਗ੍ਰੰਥ ਸਾਹਿਬ, ੫੫੪.

ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥ ਰਹਾਉ॥[136]

ਧਰਮ ਅਤੇ ਸੂਰਬੀਰਤਾ ਦੇ ਸੰਬੰਧਾਂ ਕਰਕੇ ਸੂਰਮੇ ਯੋਧਿਆਂ ਦੀ ਸਿਰਜਣਾ ਹੁੰਦੀ ਰਹੀ ਹੈ। ਧਰਮ ਦਾ ਇਕਹਿਰਾ ਨਜ਼ਰੀਆ ਸਮੁੱਚੇ ਸੰਸਾਰ ਲਈ ਵੱਡੇ ਸੰਕਟ ਤੋਂ ਘੱਟ ਨਹੀਂ ਹੈ ਜਿਸ ਵਿਚ ਸੂਰਬੀਰਤਾ ਕਤਲਿਆਮ ਦਾ ਸਾਧਨ ਬਣ ਜਾਂਦੀ ਹੈ ਜੋ ਸਭ ਲਈ ਘਾਤਕ ਹੋਵੇਗੀ। ਗੁਰਬਾਣੀ ਦੇ ਸਿਧਾਂਤ *"ਨਾ ਕੋ ਬੈਰੀ ਨਹੀਂ ਬਿਗਾਨਾ", " ਹਮ ਸਭਨਾ ਕੇ ਸਾਜਨ"* ਵਾਲੀ ਪ੍ਰਵਿਰਤੀ ਵਿਚ ਲੋਕ ਪੱਖੀ ਨਜ਼ਰੀਏ ਨੂੰ ਅਮਲ ਵਿਚ ਲਿਆ ਕੇ ਸਮਾਜ ਦੇ ਸਭ ਧਰਮਾਂ ਵਿਚ ਸੱਚੀ ਸੂਰਬੀਰਤਾ ਦੇ ਸਰੂਪ ਦੀ ਸਾਰਥਿਕਤਾ ਦੀ ਪਹਿਚਾਣ ਹੋਵੇਗੀ ਜਿਸ ਵਿਚ ਕਿਸੇ ਵੀ ਇੱਕ ਪੱਖੀ ਨਜ਼ਰੀਏ, ਇਕ ਪੱਖੀ ਸੁਆਰਥ ਦੀ ਕੋਈ ਅਹਿਮੀਅਤ ਨਹੀਂ ਰਹਿ ਜਾਵੇਗੀ। ਸੋ ਸਿੱਖ ਸੂਰਬੀਰਤਾ ਦੀ ਵਿਲੱਖਣਤਾ ਇਸ ਗੱਲ ਵਿਚ ਹੈ ਕਿ ਇਹ ਅਧਿਤਮਕਤਾ ਵਿਚੋਂ ਪੈਦਾ ਹੁੰਦੀ ਹੈ ਅਤੇ ਇਸ ਦੇ ਵਿਹਾਰ ਵਿਚ ਧਰਮ, ਨੈਤਿਕਤਾ, ਲੋਕ-ਹਿੱਤ, ਆਦਿ ਮੁੱਖ ਪੱਖ ਹਨ ਅਤੇ ਸਰੀਰਕ ਤਾਕਤ ਬੇਮਿਸਾਲ ਹੈ ਪਰ ਇਸ ਦਾ ਰੁਖ ਸਿੱਖ ਧਰਮ ਵਿਚਲੇ ਗੁਰਮਤਿ ਸਿਧਾਂਤ ਹਨ। ਜਦੋਂ ਜ਼ੁਲਮ ਕਹਿਰ ਦਾ ਭਿਆਨਕ ਰੂਪ ਧਾਰਨ ਕਰ ਲਵੇ ਤੇ ਇਸ 'ਤੇ ਕਾਬੂ ਪਾਉਣ ਲਈ ਸ਼ਾਂਤੀ ਦੇ ਸਭ ਵਸੀਲੇ ਵਿਅਰਥ ਸਾਬਤ ਹੋ ਜਾਣ ਤਾਂ ਤਾਕਤ ਨੂੰ ਵਰਤਣ ਅਤੇ ਨਾ ਟਾਲੇ ਜਾ ਸਕਣ ਵਾਲੇ ਹਾਲਾਤਾਂ ਵਿਚ ਯੁੱਧ ਕਰਨਾ ਵੀ ਵਾਜਬ ਹੋ ਜਾਂਦਾ ਹੈ।

ਸਿੱਖ ਧਰਮ ਵਿਚ ਯੁੱਧ ਦੇ ਸੰਕਲਪ ਵਿਚ ਸਰਬੱਤ ਦਾ ਭਲਾ ਅਤੇ ਸਵੈ-ਰੱਖਿਆ ਨੂੰ ਪ੍ਰਮੁੱਖ ਮੰਨਿਆ ਹੈ। ਗੁਰੂ ਸਹਿਬਾਨ ਵਲੋਂ ਜੋ ਮਾਰਗ ਯੁੱਧ ਲਈ ਦਰਸਾਇਆ ਗਿਆ ਹੈ ਉਸ ਵਿਚ ਰਾਜਸੀ ਸੱਤਾ ਅਤੇ ਲੁੱਟ ਖਸੁੱਟ ਦੀ ਭਾਵਨਾ ਕਿਤੇ ਨਜ਼ਰ ਨਹੀਂ ਆਉਂਦੀ। ਉਹਨਾਂ ਨੇ ਕੇਵਲ ਨਿਰਦੋਸ਼ਾਂ ਦੇ ਖ਼ੂਨ ਦੀ ਪਿਆਸੀ ਹੈਵਾਨੀਅਤ ਨਾਲ ਹੀ ਲੋਹਾ ਲਿਆ। ਉਹਨਾਂ ਦੀ ਜੰਗਜ਼ੂ ਭਾਵਨਾ ਵਿਚ ਜੰਗ ਦੇ ਮੈਦਾਨ ਵਿਚ ਸਾਹਮਣੇ ਅੜਨ ਵਾਲਿਆਂ ਨੂੰ ਵੰਗਾਰ ਕੇ ਮਾਰਨਾਂ ਤਾਂ ਸਾਫ ਨਜ਼ਰ ਆਉਂਦਾ ਹੈ ਪਰ ਡਿੱਗੇ ਪਇਆਂ ਉਪਰ ਆਪਣੇ ਪਰਾਏ ਦੀ ਪਹਿਚਾਣ ਨੂੰ ਭੁਲਾ ਕੇ ਪਾਣੀ ਪਿਲਾਉਣ ਦੇ ਨਾਲ ਨਾਲ ਮਲ੍ਹਮ ਪੱਟੀਆਂ ਕਰਨ ਦਾ ਰੁਝਾਨ ਵੀ ਵਿਹਾਰ ਵਿਚ ਪਿਆ ਮਿਲਦਾ ਹੈ । ਸਿੱਖਾਂ ਦੀਆਂ ਲੜਾਈਆਂ ਵਿਚ ਇਕ ਧਾਰਨਾ ਪੱਕੀ ਹੈ ਕਿ ਕਮਜ਼ੋਰ ਜਾਂ ਭਗੋੜਿਆਂ ਪਿਛੇ ਤਲਵਾਰ ਖਿੱਚਣੀ ਕਾਇਰਤਾ ਹੈ ਜੋ

---

136 ਉਹੀ, ੧੬.

ਸਿੱਖ ਗੁਰੂ ਸਹਿਬਾਨ ਵਲੋਂ ਵਿਰਾਸਤ ਵਿਚੋਂ ਮਿਲਦੀ ਹੈ। ਲੜਨ ਦੀ ਸ਼ਕਤੀ ਨਫ਼ਰਤ ਤੇ ਅਹੰਕਾਰ ਦੀ ਅੱਗ ਵਿਚੋਂ ਨਹੀਂ ਉਪਜਦੀ ਸਗੋਂ 'ਮਾਣਸ ਕੀ ਜਾਤ ਸਭੈ ਏਕੋ ਪਹਿਚਾਨਬੋ' ਜਿਹੇ ਮਾਨਵੀ ਵਿਕਾਸ ਉਪਰ ਕਾਇਮ ਹੈ। ਇਸ ਲਈ ਇਹ ਲੜਦੇ ਰਹੇ ਅਤੇ ਆਪਣੇ ਆਦਰਸ਼ ਦੀ ਜਿੱਤ ਕਰਦੇ ਰਹੇ। ਉਹ ਅਜਿਹੀਆਂ ਫੌਜੀ ਕਿਸਮ ਦੀਆਂ ਜਿੱਤਾਂ ਦੇ ਚਾਹਵਾਨ ਨਹੀਂ ਸਨ, ਜਿਹਨਾਂ ਨਾਲ ਉਹਨਾਂ ਦੇ ਜੱਸ, ਬਾਹੂ ਬਲ ਜਾਂ ਕਿਸੇ ਮੁਲਕ ਤੇ ਖ਼ਜ਼ਾਨੇ ਵਿਚ ਵਾਧਾ ਹੋਵੇ। ਸਿੱਖ ਧਰਮ ਵਿਚ ਸੂਰਬੀਰਤਾ ਨੇ ਤਾਂ ਪੂਰੇ ਸੰਸਾਰ ਵਿਚ ਇੱਕ ਨਿਵੇਕਲੀ ਮਿਸਾਲ ਕਾਇਮ ਕੀਤੀ ਹੈ। ਖੋਜ ਕਾਰਜ ਵਿਚੋਂ ਸਿੱਖ ਧਰਮ ਵਿਚ ਸੂਰਬੀਰਤਾ ਦੀ ਵਿਲੱਖਣਤਾ ਨੂੰ ਪੇਸ਼ ਕਰਨ ਵਾਲੇ ਵਿਚਾਰ ਹੇਠ ਲਿਖੇ ਅਨੁਸਾਰ ਉਭਰ ਕੇ ਸਾਹਮਣੇ ਆਉਂਦੇ ਹਨ;

1. ਸਿੱਖਾਂ ਵਿਚ ਸੂਰਬੀਰਤਾ ਅਕਾਲ ਪੁਰਖ ਦੇ ਵਿਸ਼ਵਾਸ ਵਿਚੋਂ ਫੁੱਟਦੀ ਹੈ। ਸਿੱਖ ਧਰਮ ਦੇ ਮੋਢੀ ਗੁਰੂ ਨਾਨਕ ਸਾਹਿਬ ਨੇ ੴ ਵਿਚ ਵਿਸ਼ਵਾਸ ਨਾਲ ਸਿੱਖੀ ਦੀ ਬੁਨਿਆਦ ਰੱਖੀ ਹੈ। ਸਿੱਖ ਧਰਮ ਨੇ ਜਿਸ ਅਕਾਲ ਪੁਰਖ ਦੀ ਗੱਲ ਕੀਤੀ ਉਸਦੇ ਮੁੱਖ ਗੁਣ *ਨਿਰਭਉ ਹੋਣਾ ਨਿਰਵੈਰ* ਹੋਣਾ ਹਨ। ਇਹ ਦੋਵੇਂ ਹੀ ਗੁਣ ਸਿੱਖ ਸੂਰਬੀਰਤਾ ਦੀ ਪਰਕਿਰਤੀ ਦੇ ਸਿਰਜਕ ਹਨ।
2. ਅਕਾਲ ਪੁਰਖ ਅਤੇ ਮਨੁੱਖ ਅਧਿਆਤਮਕਤਾ ਦੀ ਕੜੀ ਨਾਲ ਜੁੜੇ ਹੋਏ ਹਨ ਜਿਸ ਵਿਚ ਗੁਰੂ ਦਾ ਰੁਤਬਾ ਸਿਰਮੌਰ ਹੈ। ਇਸ ਲਈ ਸਿੱਖ ਸੂਰਮਗਤੀ ਦੇ ਮੁੱਖ ਸ੍ਰੋਤ ਵਜੋਂ ਗੁਰੂ ਹੀ ਸਾਰਥਕ ਹੁੰਦਾ ਹੈ।
3. ਗੁਰੂ ਸਿੱਖ ਨੂੰ ਪ੍ਰਤੱਖ ਆਸਰਾ ਦਿੰਦਾ ਹੈ। ਗੁਰੂ ਦੀ ਟੇਕ ਵਿਚ ਸਿੱਖ ਜ਼ੁਲਮ ਨੂੰ ਖਤਮ ਕਰਨ ਲਈ ਲੱਖਾਂ ਵੈਰੀਆਂ ਸਾਹਮਣੇ ਚਾਉ ਨਾਲ ਉਠ ਖੜੋਂਦਾ ਹੈ। ਉਸਦਾ ਇਹ ਨਿਹਚਾ ਹੁੰਦਾ ਹੈ ਕਿ ਜੇ ਗੁਰੂ ਉਸ ਦੇ ਵੱਲ ਹੈ ਤਾਂ ਲੱਖਾਂ ਬਾਹਾਂ ਹਥਿਆਰ ਫੜ ਕੇ ਮੇਰਾ ਮੁਕਾਬਲਾ ਕਰਨ ਤਾਂ ਵੀ ਉਸ ਦਾ ਵਾਲ ਵਿੰਗਾ ਨਹੀਂ ਹੋ ਸਕਦਾ।
4. ਸਤਸੰਗਤਿ ਵਿਚੋਂ ਜਿੱਥੇ ਸਿੱਖ ਸੂਰਮੇ ਨੈਤਿਕ ਤੇ ਅਧਿਆਤਮਕ ਬਲ ਹਾਸਲ ਕਰਦੇ ਹਨ ਇਹ ਸੂਰਮਿਆਂ ਦੀ ਸਰੀਰਕ ਤਾਕਤ ਨੂੰ ਧਰਮ ਦੇ ਆਸ਼ੇ ਅਧੀਨ ਰੱਖ ਕੇ ਸਰਬੱਤ ਦੇ ਭਲੇ ਲਈ ਵੀ ਪ੍ਰੇਰਿਤ ਕਰਦੀ ਹੈ। ਸਿੱਖ ਸੂਰਬੀਰਾਂ ਅੰਦਰ ਇਹ ਨਿਹਚਾ

ਹਮੇਸ਼ਾਂ ਕਾਇਮ ਹੈ ਕਿ ਸਤਸੰਗਤਿ ਵਿਚ ਉਸੇ ਤਰ੍ਹਾਂ ਦੀ ਸਮਰੱਥਾ ਰਹਿੰਦੀ ਹੈ ਜਿਸ ਤਰ੍ਹਾਂ ਸਰਵਸ਼ਕਤੀਮਾਨ ਅਕਾਲ ਪੁਰਖ ਦੀ ਹਸਤੀ ਹੈ। ਗੁਰੂ ਆਪਣੀ ਬਾਣੀ ਨਾਲ ਵਿਅਕਤੀ ਅੰਦਰ ਨਿਰਭਉ ਅਤੇ ਨਿਰਵੈਰ ਦੀ ਭਾਵਨਾ ਦਾ ਸਿਧਾਂਤ ਦ੍ਰਿੜ ਕਰਵਾਉਂਦਾ ਹੈ ਉਸੇ ਤਰ੍ਹਾਂ ਦੀ ਭਾਵਨਾ ਦੀ ਭੂਮਿਕਾ ਸਤਸੰਗਤਿ ਨਿਭਾਉਂਦੀ ਹੈ।

5. ਅਕਾਲ ਪੁਰਖ, ਗੁਰੂ, ਅਤੇ ਸਤਸੰਗਤਿ ਆਪਸ ਜੁੜੇ ਹੋਣ ਕਰਕੇ ਕਿਸੇ ਨੂੰ ਵੀ ਅਲੱਗ ਕਰਕੇ ਨਹੀਂ ਵੇਖਿਆ ਜਾ ਸਕਦਾ। ਅਕਾਲ ਪੁਰਖ ਦੀ ਤਾਕਤ ਨੂੰ ਗੁਰੂ ਰਾਹੀਂ ਪ੍ਰਸਾਦਿ ਰੂਪ ਵਿਚ ਹਾਸਲ ਕੀਤਾ ਸਕਦਾ ਹੈ ਕਿਉਂਕਿ ਗੁਰੂ ਉਸ ਤਾਕਤ ਨੂੰ ਸਤਸੰਗਤਿ ਰਾਹੀਂ ਆਪਣੇ ਸਿੱਖ ਅੰਦਰ ਵਿਕਸਿਤ ਕਰਦਾ ਹੈ। ਇਸ ਤਰ੍ਹਾਂ ਸਿੱਖ ਧਰਮ ਵਿਚ ਸੂਰਬੀਰਤਾ ਦੇ ਸਿਧਾਂਤ ਅਤੇ ਵਿਹਾਰ ਨਿਰੰਤਰ ਵਿਕਾਸ ਕਰਦੇ ਹਨ।
6. ਆਚਰਨ ਵਿਅਕਤੀ ਦੀ ਸੰਪੂਰਨ ਸ਼ਖ਼ਸੀਅਤ ਅਤੇ ਬਹਾਦਰੀ ਦਾ ਬਾਹਰੀ ਪ੍ਰਗਟਾਵਾ ਹੈ। ਆਚਰਨ ਵਿਹਾਰ ਵਿਚੋਂ ਪ੍ਰਗਟ ਹੁੰਦਾ ਹੈ। ਆਚਰਨ ਇੱਕ ਸੂਖਮ ਧਾਰਨਾ ਹੈ। ਕਾਤਲ ਅੰਦਰ ਨੈਤਿਕ ਬਹਾਦਰੀ ਦੇ ਗੁਣ, ਧਰਮ ਅਤੇ ਦਇਆ ਨੂੰ ਵਸਾਉਣ ਵਾਲੇ ਵਿਹਾਰ ਨੇ ਸਿੱਖ ਸੂਰਬੀਰਤਾ ਨੂੰ ਵਿਲੱਖਣਤਾ ਪ੍ਰਦਾਨ ਕੀਤੀ। ਸ਼ੁਭ ਅਮਲਾਂ ਨੂੰ ਧਾਰਨ ਕਰਵਾਉਣਾ ਸੂਰਬੀਰਤਾ ਦਾ ਵਿਹਾਰਕ ਰੂਪ ਹੈ। ਵਿਰੋਧੀਆਂ ਨੂੰ ਮੁਆਫ਼ ਕਰਨਾ ਵੱਡੀ ਬਹਾਦਰੀ ਹੈ ਜਿਸਨੂੰ ਰੂਹਾਨੀਅਤ ਦੇ ਸਿਧਾਂਤਾਂ ਰਾਹੀਂ ਵਿਹਾਰ ਵਿਚ ਲਿਆਂਦਾ ਜਾ ਸਕਦਾ ਹੈ। ਧਾਰਮਿਕ ਦ੍ਰਿਸ਼ਟੀਕੋਣ ਤੋਂ ਅਧਿਆਤਮਕ ਸੂਰਬੀਰਤਾ ਵਿਚੋਂ ਨੈਤਿਕ ਸੂਰਬੀਰਤਾ ਪੈਦਾ ਹੁੰਦੀ ਹੈ।
7. ਸਮਾਜ ਵਿਚੋਂ ਅਨੈਤਿਕ ਕੀਮਤਾਂ ਨੂੰ ਜੜ੍ਹੋਂ ਪੁੱਟਣ, ਸਮਾਜ ਵਿਚ ਪਏ ਪਾੜੇ ਨੂੰ ਮਿਟਾਉਣ ਅਤੇ ਜੀਵਨ ਦੀ ਉਥਲ-ਪੁਥਲ ਨੂੰ ਸੁਧਾਰ ਕੇ ਉਸ ਵਿਚ ਇਕਸਾਰਤਾ ਲਿਆਉਣਾ ਸਮਾਜਕ ਸੂਰਬੀਰਤਾ ਹੈ। ਜਦੋਂ ਸਮਾਜ ਅੰਦਰ ਜ਼ਾਲਮ ਜ਼ੁਲਮ ਦੀਆਂ ਸਭ ਹੱਦਾਂ ਨੂੰ ਪਾਰ ਕਰ ਜਾਵੇ, ਉਦੋਂ ਗੁਰੂ ਅਤੇ ਸਿੱਖਾਂ ਨੇ ਸਰੀਰਕ ਬਲ ਨੂੰ ਵਿਹਾਰ ਵਿਚ ਲਿਆ ਕੇ ਸਰੀਰਕ ਸੂਰਬੀਰਤਾ ਦੇ ਵਿਕਾਸ ਲਈ ਪੂਰਨੇ ਹਨ। ਸਰੀਰਕ ਸੂਰਬੀਰਤਾ ਦੇ ਵਿਹਾਰ ਲਈ ਮੁੱਢਲੀ ਸ਼ਰਤ ਸਰੀਰਕ ਮੋਹ ਦਾ ਤਿਆਗ ਕਰਨਾ ਹੈ

ਜਿਸਦੀ ਪੂਰਤੀ-ਹਿੱਤ ਅਸਹਿ ਅਤੇ ਅਕਹਿ ਤਸੀਹੇ ਨੂੰ ਸਹਿਣਾ ਹੀ ਸ਼ਾਮਲ ਨਹੀਂ ਸਗੋਂ ਲੋੜ ਪੈਣ 'ਤੇ ਮੌਤ ਨੂੰ ਵੀ ਬੜੇ ਚਾਅ ਨਾਲ ਕਬੂਲਣਾ ਪੈਂਦਾ ਹੈ।

8. ਜੰਗ ਸਮੇਂ ਇਹ ਵੀਚਾਰ ਨਾ ਕਰਨਾ ਕਿ ਸਾਹਮਣੇ ਵੈਰੀਆਂ ਦੀ ਗਿਣਤੀ ਕਿੰਨੀ ਹੈ। ਯੁੱਧ ਦੇ ਮੈਦਾਨ ਛੱਡ ਕੇ ਨਾ ਭੱਜਣਾ ਸਗੋਂ ਪੂਰੇ ਜਜ਼ਬੇ ਨਾਲ ਲੜਨਾ ਜਾਂ ਯੁੱਧ ਖੇਤਰ ਵਿਚ ਲੜਦੇ ਹੋਏ ਸ਼ਹੀਦ ਹੋਣਾ ਹੀ ਬਹਾਦਰੀ ਹੈ। ਸਿੱਖ ਯੁੱਧ ਉਦੋਂ ਕਰਦੇ ਹਨ ਜਦੋਂ ਧਰਮ ਦਾ ਇੱਕ ਪਾਸੜ ਨਜ਼ਰੀਆ ਮਨੁੱਖਤਾ ਦਾ ਘਾਣ ਕਰ ਰਿਹਾ ਹੁੰਦਾ ਹੈ। ਇਹ ਸੇਧ ਸਿੱਖ ਸੂਰਮਿਆਂ ਨੂੰ ਗੁਰਬਾਣੀ ਅਤੇ ਗੁਰੂ ਸਹਿਬਾਨ ਦੇ ਜੀਵਨ ਵਿਚੋਂ ਵਿਹਾਰ ਮਿਲਦੀ ਹੈ।

9. ਲੋਕਾਂ ਦੇ ਮਨਾਂ ਵਿਚੋਂ ਹਕੂਮਤੀ ਜਬਰ ਤੇ ਸਹਿਮ ਨੂੰ ਦੂਰ ਕਰਨ ਲਈ ਹਥਿਆਰਬੰਦ ਖ਼ਾਲਸਾ ਪੰਥ ਦੀ ਸਿਰਜਨਾ ਨੇ ਲੋਕਾਂ ਦੀ ਸੁੱਤੀ ਹੋਈ ਆਤਮਾ ਨੂੰ ਹਲੂਣਿਆ ਅਤੇ ਇੱਜ਼ਤ ਸਵੈਮਾਣ ਨਾਲ ਜ਼ਿੰਦਗੀ ਜਿਉਣ ਲਈ ਪ੍ਰੇਰਿਆ। ਜਦੋਂ ਸੂਰਮੇ ਦਾ ਜੀਵਨ ਉਦੇਸ਼ ਸੱਚਾ ਅਤੇ ਸਰਬੱਤ ਦੇ ਭਲੇ ਵਾਲਾ ਹੋਵੇ ਤਾਂ ਕਈ ਵਾਰ ਤਾਂ ਜੀਵਨ ਦੀ ਚੰਗਿਆੜੀ ਨੂੰ ਬਚਾ ਲੈਣਾ ਵੀ ਸਭ ਤੋਂ ਵੱਡੀ ਨਿੱਜੀ ਕੁਰਬਾਨੀ ਹੁੰਦੀ ਹੈ।

10. ਸਿੱਖ ਸੂਰਬੀਰਤਾ ਦਾ ਮਨੋਰਥ ਜਬਰ ਜ਼ੁਲਮ ਨੂੰ ਰੋਕਣਾ ਹੈ ਜੋ ਧਾਰਮਿਕ ਸੰਕੀਰਨਤਾ ਤੋਂ ਉਪਰ ਉੱਠ ਕੇ ਸੂਰਮੇ ਦੇ ਵਿਹਾਰ ਨੂੰ ਘੜ੍ਹਦੀ ਹੈ। ਜਿਹੜੇ ਮਨੁੱਖ ਸਰਕਾਰੀ ਇਨਾਮਾਂ ਕਾਰਨ ਅੱਤ ਦਾ ਜ਼ੁਲਮ ਕਰਨ ਲਈ ਅੱਗੇ ਆਉਣ ਅਤੇ ਸੁਆਰਥੀ ਹਿੱਤਾਂ ਦੀ ਪੂਰਤੀ ਕਰਨ ਲਈ ਧਰਮੀ ਅਤੇ ਮਜ਼ਲੂਮਾਂ ਦਾ ਕਤਲ ਕਰਨ ਤਾਂ ਉਨ੍ਹਾਂ ਜ਼ੁਲਮੀਆਂ ਅਤੇ ਉਨ੍ਹਾਂ ਦੇ ਡੇਰਿਆਂ ਨੂੰ ਜੜ੍ਹੋਂ ਪੁੱਟਣਾਂ ਹੀ ਅਸਲ ਸੂਰਮਤਾਈ ਦਾ ਪ੍ਰਮਾਣ ਹੈ।

# ਅਧਿਆਇ - ਤੀਜਾ

# ਸਿੱਖ ਧਰਮ ਵਿਚ ਸੂਰਬੀਰਤਾ ਦਾ ਵਿਹਾਰਕ ਪੱਖ

ਇਸ ਅਧਿਆਇ ਵਿਚ ਸਿੱਖ ਸੂਰਬੀਰਤਾ ਦੀਆਂ ਦੋਵੇਂ ਕਿਸਮਾਂ (ਅਧਿਆਤਮਕ ਅਤੇ ਸਮਾਜਕ) ਦਾ ਵਿਹਾਰਕ ਪਰਿਪੇਖ ਵਿਚ ਅਧਿਐਨ ਕਰਨ ਦਾ ਯਤਨ ਕਰਾਂਗੇ। ਪ੍ਰਸਤੁਤ ਅਧਿਆਇ ਦੇ ਪਹਿਲੇ ਪੜਾਅ ਵਿਚ ਗੁਰੂ ਕਾਲ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ) ਨੂੰ ਵਿਚਾਰਿਆ ਗਿਆ। ਸਿੱਖ ਸੂਰਬੀਰਤਾ ਦੇ ਵਿਹਾਰਕ ਪਰਿਪੇਖ ਸਿੱਖ ਇਤਿਹਾਸ ਦੀਆਂ ਕੁਝ ਮਹੱਤਵਪੂਰਨ ਘਟਨਾਵਾਂ ਦੇ ਹਵਾਲੇ ਨਾਲ ਸਮਝਣ ਦਾ ਯਤਨ ਕੀਤਾ ਗਿਆ ਹੈ।

### .1ਸਿੱਖ ਧਰਮ ਵਿਚ ਅਧਿਆਤਮਕ ਸੂਰਬੀਰਤਾ ਦਾ ਵਿਹਾਰ ਪੱਖ

ਸੂਰਬੀਰਤਾਦੇ ਸਿਧਾਂਤ ਨੂੰ ਸਮਝਦਿਆਂ ਇਹ ਪਤਾ ਚੱਲਿਆ ਕਿ ਸੂਰਬੀਰ ਸਭ ਤੋਂ ਪਹਿਲਾਂ ਆਪਣੇ ਅੰਦਰਲੇ ਪੰਜ ਵਿਕਾਰਾਂ ਨੂੰ ਵੱਸ ਵਿਚ ਕਰਦਾ ਹੈ। (ਅਹੰਕਾਰ ,ਮੋਹ ,ਲੋਭ ,ਕ੍ਰੋਧ ,ਕਾਮ) ਇਸਦੇ ਨਾਲ ਉਹ ਆਪਣੀ ਅਧਿਆਤਮਕ ਤਾਕਤ ਦੇ ਵਿਕਾਸ ਤੇ ਪੂਰਤੀ ਲਈ ਅਕਾਲ ਪੁਰਖ , ਅਤੇ ਸਤਸੰਗਤਿ ,ਗੁਰੂ ਨਾਲ ਅਧਿਆਤਮਕ ਸੰਬੰਧ ਰੱਖਦਾ ਹੈ।

ਸਿੱਖ ਸੂਰਬੀਰਤਾ ਦਾ ਵਿਹਾਰਕ ਪੱਖ ਗੁਰੂ ਨਾਨਕ ਸਾਹਿਬ ਤੋਂ ਹੀ ਸੁਰੂ ਹੋ ਜਾਂਦਾ ਹੈ। ਉਹਨਾਂ ਦੇ ਸਮੇਂ ਤੱਕ ਸਮਾਜ ਵੱਖ-ਵੱਖ ਧਰਮਾਂ ਅਤੇ ਜਾਤਾਂ ਵਿਚ ਵੰਡਿਆ ਸੀ। ਸਭ ਪਾਸੇ ਧਾਰਮਕ ਪਾਖੰਡ ਪਸਰਿਆ ਹੋਇਆ ਸੀ। ਉਸ ਸਮੇਂ ਧਾਰਮਕ ਪਾਖੰਡ ਨੂੰ ਬੇਪਰਦ ਕਰਨ ਦੀ ਕਿਸੇ ਵਿਚ - ਜ਼ੁਰੱਅਤ ਨਹੀਂ ਸੀ ਪਰ ਸ੍ਰੀ ਗੁਰੂ ਨਾਨਕ ਸਾਹਿਬ ਨੇ ਗੁਰਬਾਣੀ ਅਤੇ ਆਪਣੇ ਵਿਹਾਰ ਨਾਲ ਲੋਕਾਂ ਨੂੰ ਧਰਮ ਦੇ ਅਸਲ ਤੱਤ ਦੀ ਸੋਝੀ ਬਖਸ਼ੀ। ਧਰਮਾਂ ਵਿਚ ਪਸਰੇ ਪਾਖੰਡ ਅਤੇ ਕੱਟੜਤਾ ਵਿਰੁੱਧ ਅਵਾਜ਼ ਉਠਾਣੀ ਸੱਚੀ ਸੂਰਬੀਰਤਾ ਦਾ ਇਕ ਅਹਿਮ ਗੁਣ ਹੈ ਕਿਉਂਕਿ ਗੁਰੂ ਨਾਨਕ ਦੇਵ ਜੀ ਆਪਣੇ ਅਧਿਆਤਮਕ ਚਿੰਤਨ ਦੇ ਅਨੁਭਵ ਰਾਹੀਂ ਜਾਣ ਚੁੱਕੇ ਸਨ ਕਿ ਧਰਮ ਦੇ ਨਾਂ ਹੇਠ ਸਮਾਜ ਵਿਚ ਨਿਰਾਸ਼ਾ, ਕਤਲੇਆਮ, ਧੱਕੇਸ਼ਾਹੀ ਅਤੇ ਜ਼ੁਲਮ ਹੀ ਜ਼ੁਲਮ ਵਾਪਰ ਰਿਹਾ ਹੈ।

ਲੁਕਾਈ ਅੰਧ-ਵਿਸ਼ਵਾਸਾਂ ਕਾਰਣ ਦਰ-ਦਰ ਤੋਂ ਦੁਰਕਾਰੀ ਜਾ ਰਹੀ ਸੀ ਅਤੇ ਧਰਮ ਤੋਂ ਪਾਸੇ ਜਾ ਰਹੀ ਸੀ। ਇਸ ਸਭ ਕਰਕੇ ਚਾਰੇ ਪਾਸੇ ਬੇਚੈਨੀ ਦਾ ਮਾਹੌਲ ਸੀ। ਧਾਰਮਿਕ ਲੁੱਟ-ਖਸੁੱਟ ਦੇ ਵਿਰੁੱਧ ਆਵਾਜ਼ ਬੁਲੰਦ ਕਰਨੀ ਸ੍ਰੀ ਗੁਰੂ ਪਾਤਸ਼ਾਹ ਦੀ ਸੂਰਬੀਰਤਾ ਸੀ। ਉਹਨਾਂ ਦੇ

ਉਤਰਧਿਕਾਰੀ ਗੁਰੂ ਸਾਹਿਬਾਨ ਅਤੇ ਸਿੱਖ ਪੈਰੋਕਾਰ ਆਪ ਵੀ ਸੱਚੇ ਸੂਰਮੇ ਵਾਂਗ ਉਭਰੇ। ਗੁਰੂ ਸਾਹਿਬ ਨੇ ਆਪਣੇ ਨਵੇਂ ਸਿਰਜੇ ਮਨੁੱਖ ਦੀ, ਜਿਸ ਨੂੰ ਸਿੱਖ ਸਾਹਿਤ ਗੁਰਮੁਖ ਵਜੋਂ ਪੁਕਾਰਦਾ ਹੈ, ਅਧਿਆਤਮਿਕ ਮਾਨਸਿਕ ਅਤੇ ਸਰੀਰਕ ਸ਼ਕਤੀ ਨੂੰ ,੧ਓ ਮੁਖੀ ਬਣਾਇਆ। ਅਜਿਹੇ ਗੁਰਮੁਖਾਂ ਦੀ ਘਾੜਤ ਸੁਨਿਆਰ ਰੂਪ ਧੀਰਜ ਸੰਜਮ ਰੂਪ ਭੱਠੀ ਵਿਚ ਤਪਾ ਕੇ ਗੁਰਮਤਿ ਦੀ ਅਹਿਰਣ ਉਪਰ ਰੱਖ ਕੇ ਗਿਆਨ ;ਦੀਆਂ ਚੋਟਾਂ ਸਦਕਾ ਸੱਚ ਦੀ ਟਕਸਾਲ ਵਿਚ ਹੁੰਦੀ ਹੈ (ਗੁਰਮਤਿ)

ਜਤੁ ਪਾਹਾਰਾ ਧੀਰਜੁ ਸੁਨਿਆਰੁ ਅਹਰਣਿ ਮਤਿ ਵੇਦੁ ਹਥੀਆਰੁ॥[1]

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖ ਸੂਰਬੀਰਤਾ ਨੂੰ ਅਧਿਆਤਮਕ ਅਤੇ ਨੈਤਿਕ ਗੁਣਾਂ ਨਾਲ ਭਰਪੂਰ ਕੀਤਾ। ੧ਓ ਬਾਕੀ ਗੁਣਾਂ ਤੋਂ ਇਲਾਵਾ ਨਿਰਭਉ ਅਤੇ ਨਿਰਵੈਰ ਗੁਣਾਂ ਦਾ ਵੀ ਸਿਰਜਕ ਹੈ। ਇਸ ਨੂੰ ਸਿਮਰ ਕੇ ਸਾਧਕ ਵੀ ਭੈ-ਭਰਮ ਤੋਂ ਮੁਕਤ ਹੋ ਕੇ ਸੱਚਾ-ਸੁੱਚਾ ਸੂਰਮਾ ਬਣ ਜਾਂਦਾ ਹੈ। ਉਹ ਆਪਣੇ ਪਰਮ ਉਦੇਸ਼ ਦੀ ਪੂਰਤੀ-ਹਿਤ ਉੱਦਮ ਕਰਦਾ ਹੋਇਆ ਬੇਅੰਤ ਮੁਸੀਬਤਾਂ ਨੂੰ ਸਹਾਰਨ ਦੇ ਸਮਰੱਥ ਹੁੰਦਾ ਹੈ;

ਨਿਰਭਉ ਜਪੈ ਸਗਲ ਭਉ ਮਿਟੈ॥ ਪ੍ਰਭ ਕਿਰਪਾ ਤੇ ਪ੍ਰਾਣੀ ਛੁਟੈ॥[2]

ਅੰਦਰਲੇ ਪੰਜ ਦੁਸ਼ਮਣਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਨੂੰ ਗੁਰਬਾਣੀ ਦੀ ਰੌਸ਼ਨੀ ਰਾਹੀਂ ਵੱਸ ਵਿਚ ਕਰਨ ਦੀ ਤਾਕਤ ਹੀ ਅਧਿਆਤਮਕ ਸੂਰਬੀਰਤਾ ਹੈ ਜਿਸ ਸਦਕਾ ਸੂਰਮੇ ਦੇ ਅੰਦਰੂਨੀ ਮੰਡਲ ਵਿਚ ਪਵਿੱਤਰਤਾ ਬਣੀ ਰਹਿੰਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਇਸ ਸੰਬੰਧੀ ਚਾਨਣਾ ਪਾਉਂਦੇ ਹਨ ਕਿ ਅਕਾਲ ਪੁਰਖ ਆਪਣੇ ਸੂਰਮੇ ਦੇ ਅੰਦਰੋਂ ਬੁਰਿਆਈਆਂ ਨੂੰ ਆਪ ਬਾਹਰ ਕੱਢ ਦਿੰਦਾ ਹੈ;

ਕਰਿ ਹੁਕਮੁ ਮਸਤਕਿ ਹਥੁ ਧਰਿ ਵਿਚਹੁ ਮਾਰਿ ਕਢੀਆ ਬੁਰਿਆਈਆ॥[3]

ਮਨੁੱਖ ਦਾ ਆਪਣੇ ਪੰਜ ਵਿਕਾਰਾਂ ਨੂੰ ਵਸ ਵਿਚ ਕਰਨਾ ਅਤੇ ਅਕਾਲ ਪੁਰਖ ਨਾਲ ਜੁੜੇ ਰਹਿਣਾ ਅਧਿਆਤਮਕ ਸੂਰਬੀਰਤਾ ਦਾ ਪ੍ਰਮਾਣ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਦਾਸੀਆਂ ਦੇ ਸਮੇਂ ਦੌਰਾਨ ਸਭ ਤੋਂ ਪਹਿਲਾਂ ਪੰਜਾਂ ਵਿਕਾਰਾਂ ਨੂੰ ਕਾਬੂ ਕਰਨ ਦਾ ਉਪਦੇਸ਼ ਦਿੱਤਾ। ਗੁਰੂ ਸਾਹਿਬ ਜੀ ਦੇ ਵਿਹਾਰ ਵਿਚ ਇਸ ਗੱਲ ਦਾ ਪ੍ਰਮਾਣ ਪ੍ਰਤੱਖ ਹੈ ਕਿ ਉਹਨਾਂ ਨੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨੂੰ ਆਪਣੀ

1 ਸ੍ਰੀ ਗੁਰੂ ਗ੍ਰੰਥ ਸਾਹਿਬ, ੮.

2 ਉਹੀ, ੨੯੩.

3 ਉਹੀ, ੪੭੩.

ਅਧਿਆਤਮਕ ਤਾਕਤ ਨਾਲ ਕਾਬੂ ਕੀਤਾ ਸੀ ਅਤੇ ਦੂਸਰਿਆਂ ਨੂੰ ਇਹਨਾਂ ਵਿਕਾਰਾਂ ਤੋਂ ਮੁਕਤੀ ਦਿਵਾਉਣ ਲਈ ਸਿਧਾਂਤਕ ਅਤੇ ਵਿਹਾਰਕ ਦੇਣ ਦਿੱਤੀ। ਅਸੀਂ ਅਧਿਆਇ ਦੂਜੇ ਵਿਚ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਵਿਕਾਰਾਂ ਦਾ ਸਿਲਸਿਲੇ ਵਾਰ ਅਧਿਐਨ ਸਿਧਾਂਤਕ ਪਰਿਪੇਖ ਵਿਚ ਕਰ ਚੁੱਕੇ ਹਾਂ। ਹੁਣ ਅਸੀਂ ਜਨਮ ਸਾਖੀਆਂ ਰਾਹੀਂ ਅਧਿਆਤਮਕ ਸੂਰਬੀਰਤਾ ਦੇ ਵਿਹਾਰ ਦੀ ਵਿਚਾਰ ਕਰਾਂਗੇ ਕਿ ਕਿਵੇਂ ਗੁਰੂ ਸਾਹਿਬ ਜੀ ਨੇ ਆਪਣੇ ਸਮੇਂ ਵਿਚ ਪ੍ਰਮੁੱਖ ਵਿਅਕਤੀਆਂ ਨੂੰ ਆਪਣੇ ਅਧਿਆਤਮਕ ਬਲ ਤੋਂ ਜਾਣੂੰ ਕਰਵਾਇਆ। ਇਹ ਵਿਅਕਤੀ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਿਚ ਗਲਤਾਨ ਸਨ। ਅਸੀਂ ਜਨਮ ਸਾਖੀ ਪਰੰਪਰਾ ਵਿਚੋਂ ਉਹਨਾਂ ਪੰਜ ਸਾਖੀਆਂ ਦੀ ਚੋਣ ਕੀਤੀ ਹੈ ਜਿਹੜੀਆਂ ਕਿ ਇਨ੍ਹਾਂ ਵਿਕਾਰਾਂ ਨਾਲ ਸੰਬੰਧਤ ਹਨ। ਗੁਰੂ ਨਾਨਕ ਸਾਹਿਬ ਦੇ ਜੀਵਨ ਦੀਆਂ ਕੁਝ ਘਟਨਾਵਾਂ

**1.1. ਕਾਮ:** ਕਾਮ ਨੂੰ ਵੱਸ ਵਿਚ ਕਰਨਾ ਬਹੁਤ ਕਠਿਨ ਹੈ। ਜਿਹੜਾ ਵਿਅਕਤੀ ਇਸ ਸ਼ਕਤੀਸ਼ਾਲੀ ਦੁਸ਼ਮਣ ਨੂੰ ਕਾਬੂ ਕਰ ਲੈਂਦਾ ਹੈ ਉਹ ਪਰਮ ਮਨੁੱਖ ਦੂਜਿਆਂ ਨੂੰ ਵੀ ਇਸ ਤੋਂ ਮੁਕਤੀ ਦਵਾ ਸਕਦਾ ਹੈ। ਅਜਿਹੇ ਸੂਰਮੇ ਦਾ ਜੀਵਨ-ਵਿਹਾਰ ਦੂਜਿਆਂ ਲਈ ਪ੍ਰੇਰਨਾ ਸ੍ਰੋਤ ਹੋ ਜਾਂਦਾ ਹੈ। ਇਸ ਦੀ ਪੁਸ਼ਟੀ ਲਈ ਅਸੀਂ ਸ੍ਰੀ ਗੁਰੂ ਨਾਨਕ ਦੇਵ ਅਤੇ ਸਿੰਗਲਾਦੀਪ ਦੇ ਰਾਜੇ ਸਿਵਨਾਭ ਦੀ ਸਾਖੀ ਨੂੰ ਵਿਚਾਰ ਸਕਦੇ ਹਾਂ ਕਿ ਜਦੋਂ ਰਾਜਾ ਸ਼ਿਵਨਾਭ ਕਾਮ ਦੀ ਪੂਰਤੀ ਲਈ ਆਪਣੇ ਇਲਾਕੇ ਦੀ ਹਰ ਸੁੰਦਰ ਨਵ-ਵਿਆਹੀ ਇਸਤਰੀ ਨਾਲ ਪਹਿਲਾ ਆਪ ਵਿਭਚਾਰ ਕਰਕੇ ਆਪਣੀ ਹਵਸ ਮਿਟਾਉਂਦਾ ਸੀ। ਰਾਜੇ ਦੇ ਇਸ ਘਿਨਾਉਣੇ ਵਿਹਾਰ ਤੋਂ ਲੋਕ ਦੁਖੀ ਸਨ। ਇਕ ਦਿਨ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਇਸ ਕਾਮੀ ਰਾਜੇ ਦੇ ਇਲਾਕੇ ਵਿਚ ਆਪਣਾ ਟਿਕਾਣਾ ਬਣਾਉਂਦੇ ਹਨ ਤਾਂ ਲੋਕ ਗੁਰੂ ਜੀ ਦੀ ਸੰਗਤ ਕਰ ਕੇ ਨਿਹਾਲ ਹੋਣ ਲੱਗੇ। ਜਦੋਂ ਗੁਰੂ ਸਾਹਿਬ ਦੀ ਰੂਹਾਨੀਅਤ ਦਾ ਪਤਾ ਰਾਜੇ ਨੂੰ ਲੱਗਿਆ ਤਾਂ ਉਹ ਬਹੁਤ ਹੈਰਾਨ ਹੋਇਆ ਪਰ ਆਪਣੀ ਤਸੱਲੀ ਲਈ ਗੁਰੂ ਸਾਹਿਬ ਦੀ ਪਰਿਖਿਆ ਲੈਣ ਲਈ ਆਪਣੀਆਂ ਸੁੰਦਰ ਇਸਤਰੀਆਂ ਨੂੰ ਗੁਰੂ ਸਾਹਿਬ ਦੇ ਮਨ ਉਪਰ ਆਪਣਾ ਪ੍ਰਭਾਵ ਪਾਉਣ ਲਈ ਹਰ ਤਰੀਕੇ ਨੂੰ ਵਰਤਣ ਲਈ ਆਖ ਕੇ ਭੇਜਿਆ;

> "ਤਬ ਰਾਜੈ ਸਿਵਨਾਭ ਚੇਰੀਆਂ ਭੇਜੀਆਂ ਪਦਮਣੀਆਂ।
> ਪਦਮਣੀਆਂ ਆਇ ਨਿਰਤਿ ਲਾਗੀਆਂ ਕਰਣਿ।
> ਅਨੇਕ ਰਾਗ ਰੰਗ ਕੀਤੇ ਤਬ ਬਾਬਾ ਬੋਲਿਉ ਨਾਹੀ

ਧਿਆਨ ਵਿਚਿ ਹੀ ਰਹਿਆ।"[4]

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਾਜੇ ਅਤੇ ਉਸਦੀਆਂ ਸੁੰਦਰ ਇਸਤਰੀਆਂ ਨੂੰ ਉਪਦੇਸ਼ ਰਾਹੀਂ ਸਮਝਾਇਆ ਕਿ ਤੁਸੀਂ ਬਾਹਰੀ ਸੁੰਦਰਤਾ ਦੀ ਬਜਾਇ ਆਪਣੇ ਮਲੀਨ ਪਏ ਮਨ ਨੂੰ ਸਿੰਗਾਰਨ ਦਾ ਯਤਨ ਕਰੋ ਤਾਂ ਜੋ ਤੁਸੀਂ ਆਪਣੇ ਅਸਲੀ ਪਤੀ ਦਾ ਸੰਗ ਮਾਣ ਸਕੋ;

ਮਨੁ ਮੋਤੀ ਜੇ ਗਹਣਾ ਹੋਵੈ ਪਉਣੁ ਹੋਵੈ ਸੂਤ ਧਾਰੀ॥
ਖਿਮਾ ਸੀਗਾਰੁ ਕਾਮਣਿ ਤਨ ਪਹਿਰੈ ਰਾਵੈ ਲਾਲ ਪਿਆਰੀ॥
ਲਾਲ ਬਹੁ ਗੁਣਿ ਕਾਮਣਿ ਮੋਹੀ॥ ਤੇਰੇ ਗੁਣ ਹੋਹਿ ਨ ਅਵਰੀ॥ਰਹਾਉ॥
ਹਰਿ ਹਰਿ ਹਾਰੁ ਕੰਠਿ ਲੇ ਪਹਿਰੈ ਦਾਮੋਦਰ ਦੰਤੁ ਲੇਈ॥
ਕਰ ਕਰਿ ਕਰਤਾ ਕੰਗਨ ਪਹਿਰੈ ਇਨ ਬਿਧਿ ਚਿਤੁ ਧਰੇਈ ॥
ਮਧੁਸੂਦਨ ਕਰ ਮੁੰਦਰੀ ਪਹਿਰੈ ਪਰਮੇਸਰੁ ਪਟੁ ਲੇਈ॥
ਧੀਰਜੁ ਧੜੀ ਬੰਧਾਵੈ ਕਾਮਣਿ ਸ੍ਰੀਰੰਗੁ ਸੁਰਮਾ ਦੇਈ॥
ਮਨ ਮੰਦਰਿ ਜੇ ਦੀਪਕੁ ਜਾਲੇ ਕਾਇਆ ਸੇਜ ਕਰੇਈ॥
ਗਿਆਨ ਰਾਉ ਜਬ ਸੇਜੈ ਆਵੈ ਤ ਨਾਨਕ ਭੋਗੁ ਕਰੇਈ॥[5]

ਗੁਰੂ ਸਾਹਿਬ ਦੇ ਮਨ 'ਤੇ ਕਾਮ ਵਾਸ਼ਨਾਵਾਂ ਆਪਣਾ ਪ੍ਰਭਾਵ ਨਾ ਪਾ ਸਕੀਆਂ। ਇਹ ਵੇਖ ਕੇ ਰਾਜਾ ਸ਼ਿਵਨਾਭ ਗੁਰੂ ਦੇ ਚਰਨੀਂ ਲਗ ਗਿਆ। ਇਸ ਸਾਖੀ ਰਾਹੀਂ ਇਹ ਸੋਝੀ ਪਰਾਪਤ ਹੁੰਦੀ ਹੈ ਕਿ ਜਿੰਨਾ ਚਿਰ ਤੱਕ ਕਾਮ ਨੂੰ ਵਸ ਕਰਨ ਵਾਲੇ ਧਾਰਮਕ ਸਿਧਾਂਤ ਮਨੁੱਖ ਦੇ ਆਪਣੇ ਜੀਵਨ ਵਿਚ ਨਹੀਂ ਆਉਂਦੇ ਤਾਂ ਉਨ੍ਹਾਂ ਅਧਿਆਤਮਕ ਸੂਰਬੀਰਤਾ ਵਿਹਾਰ ਵਿਚ ਨਹੀ ਆ ਸਕਦੀ।

**1.2. ਕ੍ਰੋਧ:** ਕ੍ਰੋਧਵਾਨ ਫਕੀਰ ਵਲੀ ਕੰਧਾਰੀ[6] ਦਾ ਮਿਲਾਪ ਜਦੋਂ ਗੁਰੂ ਸਾਹਿਬ ਨਾਲ ਹੁੰਦਾ ਹੈ ਤਾਂ ਉਹ ਗੁਰੂ ਜੀ ਨਾਲ ਬੜੇ ਕ੍ਰੋਧ ਨਾਲ ਪੇਸ਼ ਆਉਂਦਾ ਹੈ। ਗੁਰੂ ਸਾਹਿਬ ਜੀ ਉਸਦੇ ਕ੍ਰੋਧ ਨੂੰ ਸਾਂਤ ਕਰਨ ਜਦੋਂ ਪਹਾੜੀ ਤੋਂ ਥੱਲੇ ਆਪਣਾ ਟਿਕਾਣਾ ਬਣਾ ਕੇ ਗੁਰਬਾਣੀ ਕੀਰਤਨ ਕਰਦੇ ਹਨ ਤਾਂ ਵਲੀ

---

4 ਵੀਰ ਸਿੰਘ ਸੰਪਾ. (2010) *ਪੁਰਾਤਨ ਜਨਮ ਸਾਖੀ*, ਭਾਈ ਵੀਰ ਸਿੰਘ ਸਾਹਿਤ ਸਦਨ, ਦਿੱਲੀ, ਪੰ.163.

5 ਸ੍ਰੀ ਗੁਰੂ ਗ੍ਰੰਥ ਸਾਹਿਬ, ੩੫੯.

6 ਕਿਰਪਾਲ ਸਿੰਘ (2009) *ਜਨਮ ਸਾਖੀ ਪਰੰਪਰਾ ਇਤਿਹਾਸਕ ਦ੍ਰਿਸ਼ਟੀਕੋਣ ਤੋਂ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ.111.

ਕੰਧਾਰੀ ਕ੍ਰੋਧ ਵਿਚ ਐਨਾ ਅੰਨਾ ਹੋ ਗਿਆ ਕਿ ਉਸ ਨੇ ਗੁਰੂ ਸਾਹਿਬ ਜੀ ਉਪਰ ਪਹਾੜੀ ਤੋਂ ਇਕ ਵੱਡਾ ਪੱਥਰ ਹੇਠਾਂ ਨੂੰ ਸੁੱਟ ਦਿੱਤਾ। ਗੁਰੂ ਜੀ ਨੇ ਉਸਦੇ ਇਸ ਵਿਹਾਰ ਦਾ ਸਾਹਮਣਾ ਬੜੀ ਸਹਿਜਤਾ ਨਾਲ ਕੀਤਾ। ਅੰਤ ਵਲੀ ਕੰਧਾਰੀ ਦਾ ਕ੍ਰੋਧ ਸ਼ਾਂਤ ਹੋ ਗਿਆ ਤੇ ਉਸਨੇ ਗੁਰੂ ਦੀ ਸ਼ਰਣ ਵਿਚ ਆ ਕੇ ਆਪਣੀ ਭੁੱਲ ਬਖਸ਼ਾਈ। ਇਸ ਸਾਖੀ ਤੋਂ ਇਹ ਸਿੱਖਿਆ ਮਿਲਦੀ ਹੈ ਕਿ ਵਿਅਕਤੀ ਭਾਵੇਂ ਕਿੰਨੇ ਹੀ ਵੱਡੇ ਰੁਤਬੇ ਦਾ ਮਾਲਕ ਹੋਵੇ ਪਰ ਜੇ ਉਹ ਆਪਣੇ ਕ੍ਰੋਧ ਨੂੰ ਕਾਬੂ ਵਿਚ ਨਹੀਂ ਕਰ ਸਕਦਾ ਤਾਂ ਉਹ ਕਦੇ ਵੀ ਆਤਮਕ ਆਨੰਦ ਨੂੰ ਨਹੀਂ ਮਾਣ ਸਕਦਾ।

**1.3. ਲੋਭ:** ਸ੍ਰੀ ਗੁਰੂ ਨਾਨਕ ਦੇਵ ਦਾ ਮਨ ਕਾਮ, ਕ੍ਰੋਧ ਦੇ ਨਾਲ ਨਾਲ ਲੋਭ ਤੋਂ ਵੀ ਨਿਰਲੇਪ ਸੀ। ਉਹਨਾਂ ਨੇ ਹੀ ਬੜੀ ਸਰਲ ਭਾਸ਼ਾ ਵਿਚ ਲੋਭ ਤੋਂ ਨਿਰਲੇਪ ਹੋਣ ਦਾ ਉਪਦੇਸ਼ ਦਿੱਤਾ। ਇਹਨਾਂ ਉਪਦੇਸ਼ਾਂ ਨੂੰ ਵਿਹਾਰ ਵਿਚ ਲਿਆਉਣ ਲਈ ਬਾਦਸ਼ਾਹਾਂ ਨੂੰ ਖੁਦ ਲੋਭ ਲਾਲਚ ਤੋਂ ਗੁਰੇਜ ਕਰਨ ਲਈ ਆਖਿਆ। ਭਾਈ ਮਨੀ ਸਿੰਘ ਵਾਲੀ ਜਨਮ ਸਾਖੀ ਵਿਚ ਇਕ ਕਾਰੂੰ ਬਾਦਸ਼ਾਹ ਦਾ ਜ਼ਿਕਰ ਆਉਂਦਾ ਹੈ; "ਰੂਮ ਦਾ ਹਮੀਦ ਕਾਰੂ ਪਾਤਸ਼ਾਹ ਸੀ ਅਰ ਉਸਨੇ ਪੈਂਤਾਲੀ ਗਜ ਖਜਾਨਾ ਜੋੜਿਆ ਸੀ ਅਤੇ ਖਰਾਇਤ ਨਾਹਾ ਕਰਦਾ ਅਰ ਬੜਾ ਜਾਲਮ ਸੀ। ਤਾਂ (ਗੁਰੂ ਸਾਹਿਬ) ਉਸਦੀ ਕਚਹਿਰੀ ਦੇ ਦਰਵਾਜੇ ਅਗੇ ਜਾਇ ਬੈਠੇ ਤਾਂ ਮਰਦਾਨੇ ਨੂੰ ਬਚਨ ਹੋਇਆ ਜੋ ਰਬਾਬ ਵਜਾਇ ਤਾਂ ਮਰਦਾਨਾ ਲਗਾ ਸਬਦ ਗਾਵਣ "[7]

ਸੁਲਤਾਨ ਖਾਨ ਮਲੂਕ ਉਮਰੇ ਗਏ ਕਰਿ ਕਰਿ ਕੂਚੁ॥
ਘੜੀ ਮੁਹਤਿ ਕਿ ਚਲਣਾ ਦਿਲ ਸਮਝੁ ਤੂੰ ਭਿ ਪਹੂਚੁ॥[8]

ਜਦੋਂ ਕਾਰੂੰ ਬਾਦਸ਼ਾਹ ਗੁਰੂ ਸਾਹਿਬ ਦੇ ਸਾਹਮਣੇ ਬੜੇ ਮਾਣ ਨਾਲ ਆਪਣੀ ਸ਼ੋਹਰਤ ਵਿਖਾਣ ਲਈ ਆਉਂਦਾ ਹੈ ਤਾਂ ਉਸ ਸਮੇਂ ਗੁਰੂ ਸਾਹਿਬ ਬੜੀ ਨਿਮਰਤਾ ਨਾਲ ਠੀਕਰੀਆਂ ਨੂੰ ਇਕਠੀਆਂ ਕਰ ਰਹੇ ਸੀ ਤਾਂ ਕਾਰੂੰ ਬਾਦਸ਼ਾਹ ਨੇ ਗੁਰੂ ਸਾਹਿਬ ਨੂੰ ਪੁਛਿਆ ਕਿ ਤੁਸੀ ਇਹ ਠੀਕਰੀਆਂ ਕਿਉਂ ਇਕਠੀਆਂ ਕਰ ਰਹੇ ਹੋ ਤਾਂ ਗੁਰੂ ਜੀ ਨੇ ਜਵਾਬ ਵਿਚ ਆਖਿਆ ਕਿ ਇਹ ਮਰਦੀ ਵਾਰੀ ਨਾਲ ਲੈ ਕੇ ਜਾਣੀਆਂ ਹਨ ਤਾਂ ਕਾਰੂੰ ਨੇ ਆਖਿਆ ਕਿ ਇਹ ਠੀਕਰੀਆਂ ਤੇਰੇ ਨਾਲ ਨਹੀ ਨਿਭ ਸਕਦੀਆਂ। ਫਿਰ ਗੁਰੂ ਜੀ ਨੇ ਆਖਿਆ ਕਿ ਜੇ ਇਹ ਮੇਰੇ ਨਾਲ ਨਹੀ ਜਾਵਨਗੀਆਂ ਤਾਂ ਤੇਰਾ ਪੈਂਤਾਲੀ ਗਜ ਇਕੱਠਾ ਕੀਤਾ ਧਨ

---

7 ਉਹੀ, ਪੰ.412.

8 ਸ੍ਰੀ ਗੁਰੂ ਗ੍ਰੰਥ ਸਾਹਿਬ, ੬੪.

ਕਿਵੇਂ ਨਾਲ ਜਾ ਸਕਦਾ ਹੈ। ਇਹ ਸੁਣ ਕੇ ਕਾਰੂੰ ਬਾਦਸ਼ਾਹ ਨੇ ਗੁਰੂ ਸਾਹਿਬ ਦੇ ਕਹਿਣ ਉਪਰ ਆਪਣਾ ਸਾਰਾ ਧਨ ਗਰੀਬਾਂ ਵਿਚ ਵੰਡ ਦਿੱਤਾ। ਕਾਰੂੰ ਬਾਦਸ਼ਾਹ ਦੀ ਤਰ੍ਹਾਂ ਹੀ ਗੁਰੂ ਸਾਹਿਬ ਨੇ ਦੁਨੀਚੰਦ ਦੀ ਲਾਲਚੀ ਬਿਰਤੀ ਨੂੰ ਦੂਰ ਕੀਤਾ। ਇਹ ਸਾਖੀ ਮਨੁੱਖ ਨੂੰ ਆਪਣੇ ਵਿਹਾਰ ਵਿਚੋਂ ਲੋਭ ਲਾਲਚ ਤੋਂ ਨਿਰਲੇਪ ਰਹਿਣ ਲਈ ਸੇਧ ਦਿੰਦੀ ਹੈ।

**1.4. ਮੋਹ:** ਮੋਹ ਮੁਕਤ ਹੋਣ ਲਈ ਗੁਰੂ ਸਾਹਿਬ ਜੀ ਦਾ ਸਾਰਾ ਜੀਵਨ ਹੀ ਪ੍ਰੇਰਨਾ ਸ੍ਰੋਤ ਹੈ ਕਿਉਂਕਿ ਜਿਨ੍ਹਾਂ ਪਰਿਸਥਿਤੀਆਂ ਵਿਚ ਗੁਰੂ ਸਾਹਿਬ ਜੀ ਉਦਾਸੀਆਂ ਉੱਤੇ ਜਾਣ ਦਾ ਨਿਰਣਾ ਕਰਦੇ ਹਨ, ਉਸ ਸਮੇਂ ਪਰਿਵਾਰਕ ਮੋਹ ਰੁਕਾਵਟ ਦੀ ਤਰ੍ਹਾਂ ਹੀ ਸੀ ਪਰ ਸਰਬੱਤ ਦੇ ਭਲੇ ਲਈ ਗੁਰੂ ਸਾਹਿਬ ਜੀ ਨੇ ਆਪਣੇ ਪਰਿਵਾਰ ਦੇ ਮੋਹ ਦੀ ਕੋਈ ਪਰਵਾਹ ਨਾ ਕੀਤੀ। ਆਪਣੇ ਮਿਸ਼ਨ ਨੂੰ ਅੱਗੇ ਤੋਰਨ ਲਈ ਉਦਾਸੀਆਂ ਲਈ ਤੁਰ ਪੈਂਦੇ ਹਨ। ਇਹ ਵਿਹਾਰ ਅਧਿਆਤਮਕ ਸੂਰਮੇ ਦਾ ਹੀ ਹੋ ਸਕਦਾ ਹੈ ਕਿਉਂਕਿ ਪਰਿਵਾਰ ਦੇ ਮੋਹ ਵਿਚੋਂ ਨਿਕਲਣਾ ਆਮ ਮਨੁੱਖ ਦੇ ਵੱਸ ਵਿਚ ਨਹੀ ਹੁੰਦਾ।

**1.5. ਅਹੰਕਾਰ:** ਅਹੰਕਾਰ ਦਾ ਔਗੁਣ ਵੀ ਮਨੁੱਖੀ ਮਨ ਲਈ ਓਨਾ ਹੀ ਨੁਕਸਾਨਦਾਇਕ ਹੈ ਜਿੰਨੇ ਕਿ ਕਾਮ, ਕ੍ਰੋਧ, ਲੋਭ, ਮੋਹ, ਹਨ। ਅਹੰਕਾਰ ਵੀ ਮਨੁੱਖ ਨੂੰ ਕਿਸੇ ਗੱਲ ਦਾ ਵੀ ਹੋ ਸਕਦਾ ਹੈ। ਗੁਰੂ ਸਾਹਿਬ ਜੀ ਦੇ ਸਮੇਂ ਇਕ ਪੰਡਤ ਬ੍ਰਹਮਦਾਸ ਹੋਇਆ ਜਿਸ ਨੂੰ ਆਪਣੇ ਗਿਆਨ ਦਾ ਬਹੁਤ ਅਹੰਕਾਰ ਸੀ। ਇਹ ਹਰ ਇਕ ਸਾਧੂ ਸੰਤ ਨਾਲ ਚਰਚਾ ਕਰਨ ਲਈ ਆਪਣੀ ਪੁਸਤਕਾਂ ਨੂੰ ਨਾਲ ਲੈ ਕੇ ਬੜੇ ਹੰਕਾਰ ਨਾਲ ਚਰਚਾ ਕਰਨ ਲਈ ਮਜਬੂਰ ਕਰਦਾ। ਇਕ ਵਾਰ ਜਦੋਂ ਇਹ ਗੁਰੂ ਸਾਹਿਬ ਕੋਲ ਚਰਚਾ ਕਰਨ ਲਈ ਆਇਆ ਤਾਂ "ਅਉਂਦਿਆਂ ਸਾਰ ਹੀ ਬ੍ਰਹਮਦਾਸ ਗੁਰੂ ਸਾਹਿਬ ਜੀ ਨੂੰ ਆਖਣ ਲੱਗਾ ਕਿ ਤੁਸੀਂ ਚਮੜਾ ਕਿਉਂ ਪਾਇਆ ਹੈ? ਤੁਸੀਂ ਕਿਵੇਂ ਰਹਿੰਦੇ ਹੋ? ਤੁਸੀਂ ਸ਼ਾਸਤਰਾਂ ਦੀ ਦੱਸੀ ਮਰਿਆਦਾ ਅਨੁਸਾਰ ਕਿਉਂ ਨਹੀ ਰਹਿੰਦੇ ਹੋ? ਤਾਂ ਗਰੂ ਸਾਹਿਬ ਜੀ ਨੇ ਕਿਹਾ ਕਿ ਉਹ ਪਰਮੇਸ਼ਰ ਜਿਸਨੇ ਸਾਰਾ ਸੰਸਾਰ ਪੈਦਾ ਕੀਤਾ ਹੈ, ਆਸਮਾਨ, ਜਮੀਨ, ਕਾਇਨਾਤ ਬਣਾਈ ਹੈ ਉਸ ਦਾ ਨਾਂ ਲੈਣ ਵਾਸਤੇ ਕਿਸੇ ਕਰਮਕਾਂਡ ਦੀ ਲੋੜ ਨਹੀ"[9]

ਆਪੀਨੈ੍ ਆਪੁ ਸਾਜਿ ਆਪੁ ਪਛਾਣਿਆ ॥
ਅੰਬਰੁ ਧਰਤਿ ਵਿਛੋੜਿ ਚੰਦੋਆ ਤਾਣਿਆ॥

---

9 ਉਪਰੋਕਤ, *ਜਨਮ ਸਾਖੀ ਪਰੰਪਰਾ,* ਪੰ.109.

ਵਿਣੁ ਥੰਮਾ੍ ਗਗਨ ਰਹਾਇ ਸਬਦੁ ਨੀਸਾਣਿਆ॥

ਸੂਰਜੁ ਚੰਦੁ ਉਪਾਇ ਜੋਤਿ ਸਮਾਇਆ॥[10]

ਇਹ ਜਵਾਬ ਸੁਣ ਕੇ ਪੰਡਤ ਗੁਰੂ ਜੀ ਨੂੰ ਨਮਸਕਾਰ ਕਰਕੇ ਨਿਮਰਤਾ ਵਿਚ ਆ ਜਾਂਦਾ ਹੈ। ਸੋ ਸਾਖੀਆਂ ਵਿਚੋਂ ਮੁਖ ਰੂਪ ਵਿਚ ਇਹ ਪ੍ਰੇਰਨਾ ਮਿਲਦੀ ਹੈ ਕਿ ਮਨੁੱਖ ਬਾਹਰੀ ਤਾਕਤ ਹਾਸਲ ਕਰਨ ਨਾਲੋਂ ਸਭ ਤੋਂ ਪਹਿਲਾਂ ਆਪਣੀ ਅੰਦਰਲੀ ਤਾਕਤ ਨੂੰ ਕਾਇਮ ਕਰੇ। ਇਹ ਤਾਕਤ ਹੀ ਅਧਿਆਤਮਕ ਸੂਰਬੀਰਤਾ ਲਈ ਸਾਰਥਕ ਹੁੰਦੀ ਹੈ। ਇਹ ਸਾਖੀਆਂ ਅਧਿਆਤਮਕ ਸੂਰਬੀਰਤਾ ਵਾਲੇ ਸੂਰਮੇ ਦੇ ਵਿਹਾਰ ਨੂੰ ਪੇਸ਼ ਕਰਦੀਆਂ ਹਨ ਕਿ ਕਿਵੇਂ ਸੂਰਮਾ ਖੁਦ ਵਿਕਾਰਾਂ ਤੋਂ ਮੁਕਤ ਹੋ ਕੇ ਦੂਜਿਆਂ ਨੂੰ ਇਹਨਾਂ ਤੋਂ ਬਚਾ ਸਕਦਾ ਹੈ।

ਸਿੱਖ ਸੂਰਬੀਰਤਾ ਵਿਚ ਨਿਰਭੈਤਾ ਅਤੇ ਨਿਰਵੈਰਤਾ ਪ੍ਰਮੁੱਖ ਹੈ। ਨਿਰਭਉ ਅਤੇ ਨਿਰਵੈਰ ਅਕਾਲ ਪੁਰਖ ਦੇ ਭੈ, ਭਉ ਤੇ ਭਾਣੇ ਦਾ ਅਨੁਸਾਰੀ ਸੱਜਣ ਹੀ ਹੋ ਸਕਦਾ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਗੁਰਬਾਣੀ ਰਾਹੀਂ ਰੌਸ਼ਨੀ ਪ੍ਰਦਾਨ ਕਰਦੇ ਹਨ;

ਜਿਨਾ ਭਉ ਤਿਨ੍ ਨਾਹਿ ਭਉ ਮੁਚੁ ਭਉ ਨਿਭਵਿਆਹ॥[11]

ਗੁਰਬਾਣੀ ਅਧਿਆਤਮਕ ਸੂਰਬੀਰਤਾ ਉਪਜਾਉਣ ਵਾਲੀ ਅਧਿਆਤਮਕ ਸਿੱਖਿਆ ਨਾਲ ਭਰਪੂਰ ਹੈ। ਇਸੇ ਬਾਣੀ ਨੇ ਇਖ਼ਲਾਕੀ ਜੁਰੱਅਤ, ਇਨਸਾਨੀ ਜੀਵਨ ਲਈ ਕਦਰਾਂ ਕੀਮਤਾਂ ਤੋਂ ਇਲਾਵਾ ਜ਼ਾਲਮ ਸਾਹਮਣੇ ਜੂਝਣ ਵਾਲੇ ਸੂਰਮਿਆਂ ਦਾ ਵਿਕਾਸ ਕੀਤਾ ਜੋ ਹਾਰ-ਜਿੱਤ ਤੋਂ ਬੇਨਿਆਜ਼ ਰਹਿ ਕੇ ਲੜਦੇ ਸਨ। ਭੱਟ ਸਲ੍ਹ ਜੀ ਨੇ ਬਾਣੀ ਰਾਹੀਂ ਸ੍ਰੀ ਗੁਰੂ ਅਮਰਦਾਸ ਜੀ ਦੀ ਇਸ ਸੂਰਬੀਰਤਾ ਦਾ ਰਹੱਸ ਪੇਸ਼ ਕੀਤਾ ਹੈ;

ਭੈ ਨਿਰਭਉ ਹਰਿ ਅਟਲੁ ਮਨਿ ਸਬਦ ਗੁਰ ਨੇਜਾ ਗਡਿਓ॥

ਕਾਮਿ ਕ੍ਰੋਧ ਲੋਭ ਮੋਹ ਅਪਤੁ ਪੰਚ ਦੂਤ ਬਿਖੰਡਿਓ॥

ਭਲਉ ਭੂਹਾਲੁ ਤੇਜੋ ਤਨਾ ਨ੍ਰਿਪਤਿ ਨਾਥੁ ਨਾਨਕ ਬਰਿ॥

ਗੁਰ ਅਮਰਦਾਸ ਸਚੁ ਸਲ ਭਣਿ ਤੈ ਦਲੁ ਜਿਤਉ ਇਵ ਜੁਧੁ ਕਰਿ॥[12]

10 ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੭੯.

11 ਉਹੀ, ੭੮੮.

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਨਿਰਭਉ, ਨਿਰਵੈਰ ਸਿੱਖ ਜਥੇਬੰਦੀ ਨੂੰ ਸਮੇਂ ਦੀ ਹਕੂਮਤ ਆਪਣੇ ਰਾਜ ਲਈ ਖਤਰਾ ਸਮਝਦੀ ਸੀ। ਬਾਦਸ਼ਾਹ ਅਕਬਰ ਦੀ ਮੌਤ ਤੋਂ ਬਾਅਦ ਉਸ ਦੀ ਥਾਂ 'ਤੇ ਉਸਦਾ ਪੁੱਤਰ ਜਹਾਂਗੀਰ ਗੱਦੀ 'ਤੇ ਬੈਠਾ ਉਹ ਮੁਸਲਮਾਨਾਂ ਦੇ ਦੂਜੇ ਧਰਮਾਂ ਵਿਚ ਚਲੇ ਜਾਣ ਨੂੰ ਬਰਦਾਸ਼ਤ ਨਹੀਂ ਕਰਦਾ ਸੀ। ਆਪਣੀ ਸਵੈ-ਜੀਵਨੀ *ਤੁਜ਼ਕੇ-ਜਹਾਂਗੀਰੀ* ਵਿਚ ਉਸ ਨੇ ਸਿੱਖ ਲਹਿਰ ਵਿਰੁੱਧ ਅਤੇ ਗੁਰੂ ਸਾਹਿਬ ਖਿਲਾਫ ਲਿਖਿਆ ਕਿ "ਉਸਦੇ ਤੌਰ ਤਰੀਕਿਆਂ ਅਤੇ ਸਿੱਖਿਆਵਾਂ ਨਾਲ ਕਈ ਸਿੱਧੇ ਸਾਧੇ ਹਿੰਦੂ ਅਤੇ ਮੂਰਖ ਬੇਸਮਝ ਮੁਸਲਮਾਨ ਉਸਦੀ ਰਹੁ ਰੀਤੀ ਦੇ ਜਾਲ਼ ਵਿਚ ਫਸ ਚੁੱਕੇ ਹਨ। ਉਸ ਨੇ ਆਪਣੇ ਪੀਰ ਅਤੇ ਵਲੀ ਹੋਣ ਦਾ ਉੱਚਾ ਡੰਕਾ ਵਜਾਇਆ ਹੋਇਆ ਹੈ। ਲੋਕ ਉਸ ਨੂੰ ਗੁਰੂ ਕਹਿੰਦੇ ਸਨ। ਸਭ ਪਾਸਿਆਂ ਤੋਂ ਭੋਲੇ ਭਾਲੇ ਅਤੇ ਅਣਜਾਣ ਲੋਕ ਉਸ ਪਾਸ ਆ ਕੇ ਉਸ ਪ੍ਰਤੀ ਪੂਰਨ ਸ਼ਰਧਾ ਪ੍ਰਗਟ ਕਰਦੇ ਸਨ। ਤਿੰਨ ਚਾਰ ਪੁਸ਼ਤਾਂ ਤੋਂ ਉਨ੍ਹਾਂ ਨੇ ਇਸ ਦੁਕਾਨ ਨੂੰ ਗਰਮ ਕਰ ਰੱਖਿਆ ਹੈ। ਕਿਤਨੇ ਚਿਰਾਂ ਤੋਂ ਮੇਰੇ ਮਨ ਵਿਚ ਇਹ ਖ਼ਿਆਲ ਆਪਣੇ ਆਪ ਆਉਂਦਾ ਰਿਹਾ ਸੀ ਕਿ ਉਸਦੀ ਝੂਠ ਦੀ ਦੁਕਾਨ ਨੂੰ ਬੰਦ ਕਰਨਾ ਚਾਹੀਦਾ ਹੈ ਜਾਂ ਉਸ ਨੂੰ ਮੁਸਲਮਾਨ ਬਣਾ ਲੈਣਾ ਚਾਹੀਦਾ ਹੈ।"[13] ਜਹਾਂਗੀਰ ਦੇ ਦਿਲ ਦੇ ਇਹ ਭਾਵ ਅਤੇ ਮਗਰੋਂ ਵਪਰਾਈ ਗਈ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਅਤੇ ਤੱਤੀ ਤੱਵੀ ਉਪਰ ਗੁਰੂ ਸਾਹਿਬ ਦਾ ਸ਼ਾਂਤ-ਸਿਦਕ ਉਹਨਾਂ ਦੀ ਅਧਿਆਤਮਕ ਸੂਰਬੀਰਤਾ ਦੀ ਗਵਾਹੀ ਹੈ। ਇਹ ਸਿੱਖ ਸਿਧਾਂਤ ਅਤੇ ਵਿਹਾਰ ਵਿਚ ਰੂਪਮਾਨ ਹੋਈ ਅਧਿਆਤਮਕਤਾ ਦਾ ਪਹਿਲਾ ਪ੍ਰਤੱਖ ਪ੍ਰਗਟਾਵਾ ਕਿਹਾ ਜਾ ਸਕਦਾ ਹੈ। ਅਜਿਹੀ ਸੂਰਬੀਰਤਾ ਗੁਰਮੁਖ ਦੇ ਅੰਤਰੀਵ ਮੰਡਲ ਨੂੰ ਰੁਸ਼ਨਾ ਕੇ ਉਸਦੀ ਅਡੋਲ ਅਵਸਥਾ ਨੂੰ ਕਾਇਮ ਰੱਖਦੀ ਹੈ। ਸੁਖ-ਦੁਖ, ਹਰਖ-ਸੋਗ, ਵੈਰੀ-ਮਿੱਤਰ ਵਿਚ ਕੋਈ ਫਰਕ ਨਹੀਂ ਰਹਿੰਦਾ ਅਤੇ ਅਕਾਲ ਪੁਰਖ ਨਾਲ ਅਭੇਦਤਾ ਬਣੀ ਰਹਿੰਦੀ ਹੈ। ਅਡੋਲ ਅਵਸਥਾ ਬਾਰੇ ਗੁਰਬਾਣੀ ਚਾਨਣਾ ਪਾਉਦੀ ਹੈ;

ਜੈਸੀ ਆਗਿਆ ਕੀਨੀ ਠਾਕੁਰਿ, ਤਿਸ ਤੇ ਮੁਖ ਨਹੀ ਮੋਰਿਓ॥
ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ ਉਠਿ ਉਆਹੂ ਕਉ ਦਉਰਿਓ॥
ਆਗਿਆ ਮਹਿ ਭੂਖ ਸੋਈ ਕਰਿ ਸੂਖਾ ਸੋਗ ਹਰਖ ਨਹੀ ਜਾਨਿਓ

---

12 ਉਹੀ, ੧੩੯੬.

13 ਤੇਜਾ ਸਿੰਘ, ਗੰਡਾ ਸਿੰਘ (1985) *ਸਿੱਖ ਇਤਿਹਾਸ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ.38.

ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੇ ਮਾਨਿਓ॥[14]

ਸ੍ਰੀ ਗੁਰੂ ਅਰਜਨ ਦੇਵ ਜੀ ਸ਼ਾਂਤੀ ਤੇ ਕੁਰਬਾਨੀ ਦੇ ਪੁੰਜ ਹੋਣ ਦੇ ਨਾਲ-ਨਾਲ ਮਨ-ਵਚਨ ਤੇ ਕਰਮ ਤੋਂ ਇਕ ਸੱਚੇ ਸੂਰਬੀਰ ਯੋਧੇ ਵੀ ਸਨ। ਗੁਰੂ ਸਾਹਿਬ ਨੇ ਆਪਣੇ ਜੀਵਨ ਵਿਚ ਜਿੱਥੇ ਗੁਰਬਾਣੀ ਦੀ ਰਚਨਾ ਕਰਕੇ ਮਾਨਵ-ਜਗਤ ਨੂੰ ਸੱਚ, ਧਰਮ ਤੇ ਮਾਨਵਤਾ ਦਾ ਰਾਹ ਦਿਖਾਇਆ, ਉੱਥੇ ਖ਼ੁਦ ਇਸ ਰਾਹ 'ਤੇ ਚੱਲਦੇ ਹੋਏ ਜ਼ੁਲਮੀ ਤੇ ਜਾਬਰ ਹੁਕਮਰਾਨਾਂ ਦੀ ਈਨ ਨਾ ਮੰਨਦੇ ਹੋਏ ਸ਼ਹਾਦਤ ਨੂੰ ਵੀ ਅਡੋਲ ਰਹਿ ਕੇ ਕਬੂਲ ਕੀਤਾ ਅਤੇ *ਤੇਰਾ ਕੀਆ ਮੀਠਾ ਲਾਗੈ* ਅਨੁਸਾਰ ਅਕਾਲ ਪੁਰਖ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਿਆ। ਇਸ ਪ੍ਰਕਾਰ ਆਪ ਨੇ *ਜਿਸੁ ਮਰਨੈ ਤੇ ਜਗੁ ਡਰੈ ਮੇਰੈ ਮਨੁ ਆਨੰਦੁ* ਦੀ ਅਵਸਥਾ ਨੂੰ ਅਪਣਾ ਕੇ ਸ਼ਾਂਤਮਈ ਬਹਾਦਰੀ ਨਾਲ ਜ਼ੁਲਮ ਦਾ ਟਾਕਰਾ ਕੀਤਾ। ਅਜਿਹੀ ਬਹਾਦਰੀ ਦੇ ਪਾਤਰ ਬਾਰੇ ਮੋਹਨ ਸਿੰਘ ਵੈਦ ਲਿਖਦੇ ਹਨ, "ਸੌ ਵਰ੍ਹੇ ਹੇਠਾਂ ਅੱਗ ਬਲਦੀ ਰਹੇ ਤਾਂ ਭੀ ਸ਼ਾਇਦ ਬੀਰ ਗਰਮ ਨਾ ਹੋਵੇ ਅਤੇ ਹਜ਼ਾਰਾਂ ਵਰ੍ਹੇ ਬਰਫ ਜੰਮਦੀ ਰਹੇ ਤਾਂ ਭੀ ਕੀ ਮਜਾਲ ਜੋ ਉਸਦੀ ਬਾਣੀ ਤੱਕ ਠੰਡੀ ਹੋਵੇ।"[15] ਇਸ ਅਵਸਥਾ ਦਾ ਦ੍ਰਿਸ਼ਟਾਂਤ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੀਵਨ ਵਿਚੋਂ ਮਿਲਦਾ ਹੈ। ਇਹ ਸ਼ਹਾਦਤ ਸੂਰਬੀਰਤਾ ਦੀ ਵਿਲੱਖਣ ਮਿਸਾਲ ਹੈ ਕਿਉਂਕਿ ਸਰੀਰ ਦਾ ਦੇਗ ਵਿਚ ਉਬਾਲਣ ਤੋਂ ਬਾਅਦ ਛਾਲਿਆਂ ਨਾਲ ਭਰੇ ਹੋਏ ਸਰੀਰ ਨਾਲ ਤੱਤੀ ਤਵੀ 'ਤੇ ਬੈਠ ਕੇ ਅੱਤ ਦੇ ਤਸੀਹੇ ਸਹਿਣਾ ਤੇ ਇਸ ਰੌਂਗਟੇ ਖੜ੍ਹੇ ਕਰ ਦੇਣ ਵਾਲੇ ਜ਼ੁਲਮ ਨੂੰ ਸਹਿ ਜਾਣ ਦੀ ਅਵਸਥਾ ਨੂੰ ਬਿਆਨਣਾ ਅਤਿ ਕਠਿਨ ਹੈ। ਇਸ ਅਵਸਥਾ ਵਿਚ ਮਨੁੱਖੀ ਮਨ ਦਾ ਡੋਲ ਜਾਣਾ, ਨਿਰਾਸ਼ ਹੋ ਜਾਣਾ, ਢਹਿੰਦੀ ਕਲਾ ਵੱਲ ਰੁਚਿਤ ਹੋ ਜਾਣਾ ਸੁਭਾਵਿਕ ਹੈ ਪਰ ਜਿਨ੍ਹਾਂ ਹਸਤੀਆਂ ਦੀ ਸੁਰਤ ਅਕਾਲ ਪੁਰਖ ਦੀ ਮਿਹਰ ਸਦਕਾ ਬਲਵਾਨ ਹੋ ਜਾਂਦੀ ਹੈ ਉਨ੍ਹਾਂ ਨੂੰ ਦੁੱਖ-ਸੁੱਖ, ਹਾਰ-ਜਿੱਤ, ਸ਼ਾਂਤੀ-ਅਸ਼ਾਂਤੀ, ਦੋਸਤੀ-ਦੁਸ਼ਮਣੀ ਇਕੋ ਜਿਹੀ ਪਰਤੀਤ ਹੋਣ ਲਗ ਪੈਂਦੀ ਹੈ:

ਹਰਖ ਅਨੰਤ ਸੋਗ ਨਹੀ ਬੀਆ॥ ਸੋ ਘਰੁ ਗੁਰਿ ਨਾਨਕ ਕਉ ਦੀਆ॥[16]

ਇਸ ਸੰਤੁਲਤ ਤੇ ਸੰਤੁਸ਼ਟ ਅਵਸਥਾ ਕਰਕੇ ਹੀ ਕੋਈ ਸੂਰਮਾ ਬਣਦਾ ਹੈ। ਉਸ ਵਿਚੋਂ ਵੈਰ-ਵਿਰੋਧ, ਜਬਰ-ਜ਼ੁਲਮ ਦਾ ਭੈ ਮਿਟ ਜਾਂਦਾ ਹੈ। ਇਹ ਉਸ ਲਈ ਮਹਿਜ ਸਿਧਾਂਤ ਹੀ ਨਹੀ ਰਹਿ ਜਾਂਦੀ ਸਗੋਂ

---

14 ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੦੦.

15 ਮੋਹਨ ਸਿੰਘ ਵੈਦ (1920) *ਧੀਰਜ ਅਤੇ ਸੱਚੀ ਸੂਰਬੀਰਤਾ,* ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ, ਪੰ.23.

16 ਸ੍ਰੀ ਗੁਰੂ ਗ੍ਰੰਥ ਸਾਹਿਬ, ੧੮੬.

ਉਸਦੇ ਵਿਹਾਰ ਦਾ ਇਕ ਅਨਿਖੜਵਾਂ ਅੰਗ ਹੋ ਨਿਬੜਦੀ ਹੈ। ਸੂਰਮੇ ਦੀ ਇਸ ਅਵਸਥਾ ਨੂੰ ਗੁਰਬਾਣੀ ਇਸ ਪ੍ਰਕਾਰ ਬਿਆਨਦੀ ਹੈ ;

ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ॥
ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ॥
ਸੋਗ ਨਾਹੀ ਸਦਾ ਹਰਖੀ ਹੈ ਰੇ ਛੋਡਿ ਨਾਹੀ ਕਿਛੁ ਲੇਤੈ॥
ਕਹੁ ਨਾਨਕ ਜਨੁ ਹਰਿ ਹਰਿ ਹਰਿ ਹੈ ਕਤ ਆਵੈ ਕਤ ਰਮਤੈ॥[17]

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅੰਤਿਮ ਸਮੇਂ "ਆਪਣੇ ਸਿੱਖਾਂ ਰਾਹੀਂ ਆਪਣੇ ਉਤਰਾਧਿਕਾਰੀ ਸਪੁੱਤਰ ਨੂੰ ਜੋ ਅੰਤਮ ਹੁਕਮ ਭੇਜਿਆ ਉਸ ਵਿਚ ਸ਼ਾਂਤੀ ਅਤੇ ਸੰਗਰਾਮ ਦਾ ਮਿਲਵਾਂ ਰਾਹ ਅਪਣਾਉਣ ਦਾ ਉਪਦੇਸ਼ ਦਿੱਤਾ ਕਿ ਉਹ ਸ਼ਸ਼ਤਰਧਾਰੀ ਸਰੂਪ ਵਿਚ ਤਖਤ 'ਤੇ ਬਿਰਾਜਮਾਨ ਹੋਵੇ ਅਤੇ ਤਕੜੀ ਬਲਵਾਨ ਸੈਨਾ ਆਪਣੀ ਤਾਬੇ ਰੱਖਣ।"[18] ਰਤਨ ਸਿੰਘ ਭੰਗੂ ਦੇ ਸਬਦਾਂ ਵਿਚ;

"ਫਿਰ ਅਰਜਨ ਗੁਰ ਹਰਗੋਬਿੰਦ। ਖੜਕ ਚਕਯੋ ਜਿਨ ਮਾਰ ਪੈਇੰਦ।
ਮੀਰੀ ਪੀਰੀ ਕਓ ਦਿਖਾਈ। ਸ਼ਾਹਜਹਾਂ ਕੋ ਹਾਰ ਸੁ ਦੇਈ।"[19]

ਸ੍ਰੀ ਗੁਰੂ ਅਰਜਨ ਦੇਵ ਜੀ ਸੰਤ-ਸਿਪਾਹੀ ਤੇ ਕੁਰਬਾਨੀ ਦੇ ਪੁੰਜ ਸਨ, "ਜਿਨ੍ਹਾਂ ਨੇ ਬੜੀ ਦਲੇਰੀ ਨਾਲ ਸ਼ਾਂਤਮਈ ਰਹਿ ਕੇ ਅਜ਼ਾਦੀ ਦੀ ਜੱਦੋ-ਜਹਿਦ ਕੀਤੀ। ਜੀਵਨ ਦੇ ਹਰ ਪਾਸੇ ਤੋਂ ਸੰਪੂਰਨ ਨਿਰਭੈਅਤਾ, ਨਿਰਵੈਰਤਾ ਗੁਰੂ ਨਾਨਕ ਜੀ ਦੀ ਪੰਚਮ ਜੋਤ ਨੇ ਇਤਿਹਾਸ ਵਿਚ ਨਿਵੇਕਲਾ ਕਾਂਡ ਕੀਤਾ।"[20] ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੇ ਨਤੀਜੇ ਬਾਰੇ ਇੰਦੂਭੂਸ਼ਨ ਬੈਨਰਜੀ, ਟਰੰਪ ਦੇ ਹਵਾਲੇ ਨਾਲ ਲਿਖਦੇ ਹਨ, "ਗੁਰੂ ਅਰਜਨ ਜੀ ਦੀ ਮ੍ਰਿਤੂ (ਸ਼ਹਾਦਤ) ਭਾਈਚਾਰੇ ਦੀ ਉਨਤੀ ਵਿਚ ਇਕ ਮਹੱਤਵ-ਪੂਰਨ ਮੋੜ ਹੈ ਕਿਉਂਕਿ ਇਸ ਸਮੇਂ ਸੰਘਰਸ਼ ਆਰੰਭ ਹੋ ਗਿਆ ਜਿਸਨੇ ਸੁਧਾਰਵਾਦੀ ਲਹਿਰ ਦਾ ਸਮੁੱਚਾ ਸੁਭਾਅ ਹੀ ਬਦਲ ਦਿੱਤਾ।"[21] ਗੁਰੂ ਸਾਹਿਬ ਜੀ ਆਤਮਕ ਤੌਰ ਤੇ '

---

17 ਉਹੀ, ੧੩੦੨.

18 ਪੂਰਨ ਸਿੰਘ, ਉਪਰੋਕਤ, *ਦਸ ਗੁਰ ਦਰਸ਼ਨ,* ਪੰ.3.

19 ਰਤਨ ਸਿੰਘ ਭੰਗੂ, ਉਪਰੋਕਤ, *ਪ੍ਰਾਚੀਨ ਪੰਥ ਪ੍ਰਕਾਸ਼* , ਪੰਨੇ.76 -77.

20 ਸਮਸ਼ੇਰ ਸਿੰਘ ਅਸ਼ੋਕ (1988) *ਪੰਜਾਬੀ ਵੀਰ ਪਰੰਪਰਾ ਸਤਾਰਵੀਂ ਸਦੀ ਦੀ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ.9.

21 ਇੰਦੂਭੂਸ਼ਨ ਬੈਨਰਜੀ (2009)*ਖਾਲਸੇ ਦੀ ਉਤਪਤੀ- ਜਿਲਦ ਦੂਜੀ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ.6.

ਬਲਵਾਨ ਅਤੇਵਿਹਾਰ ਸਦਕਾ ਖਤਰਿਆਂ ਸਾਹਮਣੇ ਅਡੋਲ ਟਿਕੇ ਰਹਿਣ ਵਾਲੇ ਸੂਰਮੇ ਹੋਏ।

ਅਡੋਲਤਾ ਸਿੱਖ ਸੂਰਬੀਰਤਾ ਦਾ ਮੁੱਢਲਾ ਗੁਣ ਹੈ ਜਿਸ ਦੇ ਸਿਧਾਂਤ ਬਾਰੇ ਵਿਸਥਾਰ ਸਹਿਤ ਚਰਚਾ ਦੀ ਪੁਸ਼ਟੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੁਆਰਾ ਆਪਣੇ ਪਿਤਾ ਦੀ ਸ਼ਹਾਦਤ ਤੋਂ ਬਾਅਦ ਹਥਿਆਰਬੰਦ ਸਿੱਖ ਮਿਸ਼ਨ ਦੀ ਨਿਰੰਤਰਤਾ ਲਈ ਜਥੇਬੰਦੀ ਦੀ ਸਿਰਜਨਾ ਕਰਨ ਨਾਲ ਹੁੰਦੀ ਹੈ। ਪਰਿਵਾਰਕ ਮੋਹ ਸੂਰਬੀਰਤਾ ਦੇ ਮਾਰਗ ਵਿਚ ਇਕ ਭਿਆਨਕ ਚੁਣੌਤੀ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ ਪਰ ਸੱਚਾ ਸੂਰਮਾ ਇਸ ਚੁਣੌਤੀ ਨੂੰ ਸਰ ਕਰ ਕੇ ਆਪਣੇ ਮਾਰਗ ਉਪਰ ਨਿਡਰ ਹੋ ਕੇ ਅਗਾਂਹ ਵਧਦਾ ਹੈ। ਗੁਰੂ ਸਾਹਿਬ ਜੀ ਦਾ ਇਸ ਪਿੱਛੇ ਮੁਖ ਉਦੇਸ਼ ਗੁਰੂ ਮਿਸ਼ਨ ਨੂੰ ਅੱਗੇ ਤੋਰਨਾ ਸੀ।

**ਸਿੱਖ ਧਰਮ ਵਿਚ ਸੂਰਬੀਰਤਾ ਦੇ ਸਿਧਾਂਤ ਅਤੇ ਵਿਹਾਰ ਦੀ ਨੀਂਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤਿਆਰ ਕੀਤੀ। ਉਹਨਾਂ ਤੋਂ ਬਾਅਦ ਬਾਕੀ ਗੁਰੂ ਸਹਿਬਾਨ ਨੇ ਸਮੇਂ ਦੀ ਨਬਜ਼ ਨੂੰ ਪਛਾਣਦਿਆਂ ਸੂਰਬੀਰਤਾ ਦੇ ਲਈ ਠੋਸ ਪਰਿਵਰਤਨ ਕੀਤੇ। ਸੂਰਬੀਰਤਾ ਦੇ ਸਿਧਾਂਤ ਅਤੇ ਵਿਹਾਰ ਦੇ ਆਪਸੀ ਸੰਬੰਧਾਂ ਲਈ ਸਿੱਖ ਇਤਿਹਾਸ ਵਿਚ ਅਨੇਕਾਂ ਮਿਸਾਲਾਂ ਮਿਲਦੀਆਂ ਪਰ ਅਕਾਲ ਤਖਤ ਦੀ ਉਸਾਰੀ ਅਤੇ ਖਾਲਸਾ ਪੰਥ ਦੀ ਸਿਰਜਨਾ ਵਿਚ ਸਿੱਖ ਸੂਰਬੀਰਤਾ ਦੇ ਸਿਧਾਂਤ ਅਤੇ ਵਿਹਾਰ ਦੀ ਸੁਮੇਲਤਾ ਸਪੱਸ਼ਟ ਨਜ਼ਰ ਆਉਂਦੀ ਹੈ। ਇਹਨਾਂ ਦੋਨੋਂ ਠੋਸ ਪਰਿਵਰਤਨਾਂ ਨੂੰ ਸੰਖੇਪ ਵਿਚ ਹੇਠ ਲਿਖੇ ਅਨੁਸਾਰ ਵਿਚਾਰਿਆ ਗਿਆ ਹੈ;**

**ਅਕਾਲ ਤਖ਼ਤ ਸਾਹਿਬ: ਅਕਾਲ ਤਖ਼ਤ ਸਿੱਖਾਂ ਦੀ ਅਹਿਮ ਰਾਜਨੀਤਕ ਸੰਸਥਾ ਹੈ। ਇਹ ਸੰਸਥਾ ਕੇਵਲ ਰਾਜਨੀਤਕ ਪੱਖ ਦੀ ਅਗਵਾਈ ਤਾਂ ਕਰਦੀ ਹੀ ਹੈ ਪਰ ਇਸਦੇ ਨਾਲ ਨਾਲ ਸਿੱਖਾਂ ਦੀ ਸੰਪੂਰਨ ਸ਼ਖਸੀਅਤ ਦਾ ਨਿਰਮਾਣ ਵੀ ਕਰਦੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਿੱਖਾਂ ਲਈ ਸੂਰਬੀਰਤਾ ਦੇ ਸਿਧਾਂਤਾਂ ਨੂੰ ਆਦਿ ਗ੍ਰੰਥ ਦੇ ਰੂਪ ਵਿਚ ਤਿਆਰ ਕੀਤਾ ਅਤੇ ਇਸਨੂੰ ਪ੍ਰਕਾਸ਼ ਕਰਨ ਲਈ ਹਰਿਮੰਦਰ ਸਾਹਿਬ ਨੂੰ ਉਸਾਰ ਕੇ ਇਕ ਵੱਡੀ ਦੇਣ ਦਿੱਤੀ। ਸ੍ਰੀ ਗੁਰੂ ਅਰਜਨ ਦੇਵ ਦੀ ਸ਼ਹਾਦਤ ਨੇ ਸਿੱਖ ਪੰਥ ਨੂੰ ਜਥੇਬੰਦਕ ਅਤੇ ਸੰਸਥਾਤਮਕ ਰੂਪ ਵਿਚ ਸੰਪੂਰਨਤਾ ਬਖ਼ਸ਼ੀ। ਗੁਰੂ ਸਾਹਿਬ ਜੀ ਤੋਂ ਬਾਅਦ ਸੂਰਬੀਰਤਾ ਦੇ ਸਿਧਾਂਤ ਅਤੇ ਵਿਹਾਰ ਨੂੰ ਇਕ ਰੱਖਣ ਦੀ ਜ਼ਿੰਮੇਵਾਰੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਹਿੱਸੇ ਆਈ।**

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਗੁਰੂ ਗੁਰਗੱਦੀ ’ਤੇ ਬਿਰਾਜਮਾਨ ਹੋਣ ਸਮੇਂ ਸਭ ਤੋਂ ਪਹਿਲਾਂ ਸੂਰਬੀਰਤਾ ਦੇ ਸਿਧਾਂਤ ਅਤੇ ਵਿਹਾਰ ਨੂੰ ਇਕ ਕਰਨ ਲਈ ਮੀਰੀ ਅਤੇ ਪੀਰੀ ਦੀਆਂ ਦੋ ਕਿਰਪਾਨਾਂ ਧਾਰਨ ਕੀਤੀਆਂ। ਮੀਰੀ-ਪੀਰੀ ਦੀ ਨਿਰੰਤਰਤਾ ਲਈ ਅਕਾਲ ਤਖ਼ਤ ਦੀ ਉਸਾਰੀ ਕੀਤੀ। ਇਹ ਉਸਾਰੀ ਸਿੱਖ ਪੰਥ ਲਈ ਗੁਰੂ ਦੀ ਵੱਡਮੁੱਲੀ ਦੇਣ ਸੀ। ਅਕਾਲ ਤਖ਼ਤ ਸਾਹਿਬ ਦੀ ਉਸਾਰੀ ਅਤੇ ਇਸ ਅਸਥਾਨ ਉਪਰ ਹੋਣ ਵਾਲੀਆਂ ਗਤੀਵਿਧੀਆਂ ਨੇ ਇਹ ਸਪੱਸ਼ਟ ਕੀਤਾ ਕਿ ਸੂਰਬੀਰਤਾ ਦਾ ਸਿਧਾਂਤ ਅਤੇ ਵਿਹਾਰ ਆਪਸ ਵਿਚ ਬੱਝੇ ਹੋਏ ਹਨ। ਇਹ ਦੋਨੋਂ ਇਕੋ ਮਕਸਦ ਨੂੰ ਪੂਰਾ ਕਰਨ ਲਈ ਸਾਧਨ ਵਾਂਗ ਕੰਮ ਕਰਦੇ ਹਨ। ਮਹਾਨ ਕੋਸ਼ ਅਨੁਸਾਰ “ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਸੰਮਤ 1665 ਵਿਚ ਅੰਮ੍ਰਿਤਸਰ ਹਰਿਮੰਦਰ ਸਾਹਿਬ ਦੇ ਸਾਹਮਣੇ ਇਕ ਉਚਾ ਰਾਜ-ਸਿੰਘਾਸਨ ਤਿਆਰ ਕਰਵਾ ਕੇ ਉਸਦਾ ਨਾਉ ਅਕਾਲ ਬੁੰਗਾ ਰੱਖਿਆ, ਜਿਸ ਥਾਂ ’ਤੇ ਸਵੇਰੇ ਅਤੇ ਸੰਝ ਨੂੰ ਦੀਵਾਨ ਲਗਾ ਕੇ ਸੰਗਤਾਂ ਨੂੰ ਨਿਹਾਲ ਕਰਦੇ ਸਨ। ਅਕਾਲ ਬੁੰਗਾ ਪੰਥਕ ਜੱਥੇਬੰਦੀ ਦਾ ਕੇਂਦਰ ਹੈ। ਪੰਥ ਇਸ ਥਾਂ ’ਤੇ ਮੁੱਢ ਤੋਂ ਗੁਰਮਤੇ ਸੋਧਦਾ ਆਇਆ ਹੈ। ਇਹ ਗੁਰਦੁਆਰਾ ਸਿੱਖਾਂ ਦਾ ਪਹਿਲਾ ਤਖ਼ਤ ਹੈ।”[22] ਅਕਾਲ ਤਖ਼ਤ ਦੀ ਉਸਾਰੀ ਪਿੱਛੇ ਮੁੱਖ ਮੰਤਵ ਜ਼ੁਲਮ ਅਤੇ ਜ਼ੁਲਮੀ ਦਾ ਨਾਸ਼ ਕਰਨਾ ਹੈ। ਇਹ ਮਕਸਦ ਸਿੱਖ ਸੂਰਮਿਆਂ ਦੀ ਸਿਰਜਨਾ ਕਰਦਾ ਹੈ। ਜਿਸ ਬਾਰੇ ਗੁਰਬਿਲਾਸ ਦਾ ਹਵਾਲਾ ਇਸ ਤਰ੍ਹਾਂ ਹੈ;

“ਇਹ ਬਿਧ ਤਖਤ ਬਨਾਇਓ ਸ੍ਰੀ ਗੁਰ ਅਪਨੈ ਹਾਥ।
ਜਨ ਜਹਾਜ ਜਗ ਤਰਨ ਕੋ ਰਚਯੋ ਸੁ ਦੀਨਾ ਨਾਥ।”[23]

“ਕਹਿ ਭਗਵਤ ਯਾ ਪਰ ਪਗਧਾਰੋ।
ਬੈਠ ਤਖ਼ਤ ਨਿਜ ਸਤ੍ਰਨ ਮਾਰੋ।”[24]

ਸਿੱਖ ਧਰਮ ਵਿਚ ਸੂਰਬੀਰਤਾ ਦਾ ਸਿਧਾਂਤ ਜਾਤ-ਪਾਤ ਅਤੇ ਸਭ ਵਿਤਕਰਿਆਂ ਤੋਂ ਨਿਰਲੇਪ ਰਹਿੰਦਾ ਹੈ। ਇਸਦੇ ਵਿਹਾਰਕ ਰੂਪ ਦੀ ਗਵਾਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਫੌਜ ਵਿਚੋਂ ਮਿਲਦੀ ਹੈ। ਇਸ ਫੌਜ ਵਿਚ ਉਹ ਮਰਜੀਵੜੇ ਸ਼ਾਮਲ ਸਨ ਜੋ ਧਰਮ ਲਈ ਖੁਦ ਆਪਾ

---

22 ਭਾਈ ਕਾਨ ਸਿੰਘ ਨਾਭਾ, *ਮਹਾਨ ਕੋਸ਼* , ਪੰ.36.

23 ਉਪਰੋਕਤ *ਗੁਰਬਿਲਾਸ ਪਾਤਸ਼ਾਹੀ 6,* ਪੰ.151.

24 ਉਹੀ ਪੰ.151.

**ਕੁਰਬਾਨ ਕਰਨ ਲਈ ਬੜੇ ਚਾਉ ਨਾਲ ਆਏ ਸਨ। ਹਰ ਵਿਤਕਰੇ ਤੋ ਉਪਰ ਉੱਠਣਾ ਸੂਰਬੀਰਤਾ ਹੈ। ਗੁਰੂ ਸਾਹਿਬ ਦੀ ਫੌਜ ਵਿਚ ਕਿਸੇ ਨਾਲ ਕੋਈ ਭੇਦ ਨਹੀ ਕੀਤਾ ਜਾਂਦਾ ਸੀ ਜਿਸ ਬਾਰੇ ਕਵੀ ਸੋਹਨ ਲਿਖਦੇ ਹਨ;**

**ਛੀਪੇ ਝੀਵਰ ਔਰ ਤਖਾਨ। ਨਾਈ ਗ੍ਰ ਉਤਰੇ ਸਭ ਆਣ।**

**ਸੋ ਗੁਰ ਆਗੈ ਖਰੇ ਨਿਹਾਰੇ। ਗੀਰਬ ਨਿਵਾਜ ਬਿਰਦ ਜਿਹ ਭਾਰੇ।**"[25]

**ਸੰਖੇਪ ਸ਼ਬਦਾਂ ਵਿਚ ਅਕਾਲ ਤਖ਼ਤ ਸਾਹਿਬ ਸਿੱਖ ਸੂਰਬੀਰਤਾ ਦੀ ਸੁਮੇਲਤਾ ਦਾ ਹੀ ਚਿੰਨ੍ਹ ਹੈ। ਅਕਾਲ ਤਖ਼ਤ ਉਪਰ ਢਾਢੀ ਵਾਰਾਂ ਦੀ ਪਰੰਪਰਾ ਵੀ ਇਸੇ ਗੱਲ ਦੀ ਗਵਾਹੀ ਭਰਦੀ ਹੈ। ਇਹ ਪਰੰਪਰਾ ਸੂਰਮਿਆਂ ਅੰਦਰ ਜੋਸ਼ ਨੂੰ ਬਰਕਰਾਰ ਰੱਖਣ ਲਈ ਆਰੰਭੀ ਸੀ ਜਿਸ ਨਾਲ ਕਾਇਰ ਵੀ ਸੂਰਮਾ ਬਣ ਕੇ ਜ਼ੁਲਮ ਨੂੰ ਰੋਕਣ ਲਈ ਉਠ ਖੜ੍ਹੋਂਦਾ ਹੈ। ਅਕਾਲ ਤਖ਼ਤ ਉਪਰ ਸਰੀਰਕ ਸੂਰਬੀਰਤਾ ਲਈ ਕਾਰਜ ਆਰੰਭੇ ਗਏ। ਸਿੱਖ ਸੂਰਮਿਆਂ ਦੇ ਬਾਰੇ ਕਵੀ ਸੋਹਨ ਲਿਖਦੇ ਹਨ;**

**ਦੀਨ ਹੇਤ ਸਿਰ ਦੇਹਿੰਗੇ ਐਸ ਬਾਤ ਦ੍ਰਿੜ੍ਹ ਕੀਨ।**

**ਚਾਰ ਸਹਿਸ ਸੂਰਾ ਬਲੀ ਕ੍ਰਿਪਾ ਸਿੰਧ ਮਨ ਚੀਨ।**"[26]

**ਗੁਰੂ ਸਾਹਿਬ ਨੇ ਸਿੱਖਾਂ ਦੀ ਫੌਜ ਤਿਆਰ ਕਰਕੇ ਧਰਮ ਲਈ ਆਪਾ ਵਾਰਨ ਵਾਲਿਆਂ ਲਈ ਮਾਰਗ ਤਿਆਰ ਕੀਤਾ ਜਿਸਦਾ ਸਿੱਖਰਲਾ ਪੜਾਅ ਖਾਲਸਾ ਪੰਥ ਦੀ ਸਾਜਨਾ ਵਾਲਾ ਹੈ।**

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਇਸ ਕਾਰਜ ਨਾਲ ਸ੍ਰੀ ਗੁਰੂ ਨਾਨਕ ਸਾਹਿਬ ਦੇ ਸਿਧਾਂਤ ਵਿਚ ਗਰਭਿਤ ਬਹਾਦਰੀ ਦੇ ਸੰਕਲਪ ਨੂੰ ਵਿਹਾਰਕ ਪ੍ਰੱਤਖਤਾ ਪ੍ਰਾਪਤ ਹੋਈ। ਜਿਥੇ ਪੂਰਬਲੇ ਸਿੱਖ ਗੁਰੂ ਤੋ ਥਾਪੀ ਲੈ ਕੇ ਆਤਮਿਕ ਵਿਕਾਰਾਂ ਨਾਲ ਘੋਲ ਕਰਕੇ ਉਹਨਾਂ ਉਹਨਾਂ ਕਾਠੀ ਪਾਉਂਦੇ ਸਨ ਉਥੇ ਹੁਣ ਉਹ ਇਸਦੇ ਨਾਲ-ਨਾਲ ਦੁਸ਼ਮਣਾਂ ਦਾ ਸਾਹਮਣਾ ਕਰਨ ਲਈ ਛੇਵੇਂ ਗੁਰੂ ਦੀ ਛਤਰ ਛਾਇਆ ਹੇਠ ਫੌਜੀ ਸਿਖਲਾਈ, ਘੋੜ-ਸਵਾਰੀ, ਗੱਤਕਾ, ਨਿਸ਼ਾਨੇਬਾਜ਼ੀ, ਤਲਵਾਰਬਾਜ਼ੀ, ਨੇਜ਼ਾਬਾਜ਼ੀ, ਜੰਗਲੀ ਸਿਕਾਰ ਦਾ ਅਭਿਆਸ ਕਰਨ ਲਗੇ ਅਤੇ ਇਹ ਸਭ ਕੰਮ ਉਹਨਾਂ ਦੇ ਨਿਤਨੇਮ ਦੇ ਭਾਗ ਬਣ ਗਏ ਸਨ। ਇਹ ਚੇਤੇ ਰਖਣ ਦੀ ਲੋੜ ਹੈ ਕਿ ਗੁਰੂ ਸਾਹਿਬ ਜੀ ਨੇ ਸਿੱਖਾਂ ਨੂੰ ਸੁਤਿਆਂ

---

25 ਕਵਿ ਸੋਹਨ, *ਗੁਰਬਿਲਾਸ ਪਾਤਸ਼ਾਹੀ 6,* ਪੰ.15.

26 ਉਹੀ, ਪੰ.153.

ਪਿਆਂ ਨੂੰ ਉਠਾ ਕੇ ਜੰਗੀ ਸ਼ਸਤਰ ਨਹੀਂ ਥਮਾ ਦਿਤੇ ਬਲਕਿ ਇਸਦੀ ਤਿਆਰੀ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਮੱਲ-ਅਖਾੜਿਆਂ ਤੋਂ ਹੀ ਚਲ ਰਹੀ ਸੀ ਤੇ ਸਿੱਖ ਕੋਈ ਦੋ ਪੀੜੀਆਂ ਤੋਂ ਲੋੜੀਂਦੇ ਸਰੀਰ ਬਣਾ ਰਹੇ ਸਨ। ਗੁਰੂ ਸਾਹਿਬਾਨ ਨੇ ਸਿੱਖ ਸੰਗਤਾਂ ਨੂੰ ਭੇਂਟ ਸਰੂਪ ਲੜਾਈ ਵਿਚ ਕੰਮ ਆਉਣ ਵਾਲੀਆਂ ਵਸਤਾਂ ਲਿਆਉਣ ਲਈ ਕਿਹਾ ਅਤੇ ਨਵੇਂ ਬਣ ਰਹੇ ਸੂਰਮਿਆਂ ਅੰਦਰ ਬੀਰ ਰਸ ਪੈਦਾ ਕਰਨ ਲਈ ਵਾਰ ਗਉਣ ਦੀ ਪ੍ਰਥਾ ਚਲਾਈ । ਚੇਤੇ ਰਹੇ ਕਿ ਅਧਿਆਤਮਕ ਬਲ ਲਈ ਅਧਿਆਤਮਕ ਵਾਰਾਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਕਾਢ ਹਨ। ਸੋ ਗੁਰਬਾਣੀ ਵਿਚ ਆਈਆਂ ਵਾਰਾਂ ਨੂੰ ਗਾਉਣ ਲਈ ਤਰਜੀਹ ਦਿੱਤੀ ਗਈ। ਸੰਸਾਰਕ ਫੈਸਲਿਆਂ ਲਈ ਹਰਿਮੰਦਰ ਸਾਹਿਬ ਜੀ ਦੀ ਡਿਉਡੀ ਸਾਹਮਣੇ ਸ੍ਰੀ ਅਕਾਲ ਤਖਤ ਸਾਹਿਬ ਦੀ ਉਸਾਰੀ ਕੀਤੀ ਗਈ। ਇਸ ਨਾਲ ਸਿੱਖਾਂ ਵਿਚ ਧਰਮ-ਜੁੱਧ ਦਾ ਚਾਅ ਪੈਦਾ ਹੋਇਆ।

ਸੱਤਵੇਂ ਗੁਰੂ ਸ੍ਰੀ ਗੁਰੂ ਹਰਿ ਰਾਇ ਸਾਹਿਬ ਨੇ ਵਿਰਾਸਤ ਵਿਚ ਮਿਲੀ ਫੌਜ ਨੂੰ ਕਾਇਮ ਰੱਖਣਾ ਜ਼ਰੂਰੀ ਸਮਝਿਆ ਉਹ ਆਪਣੀ ਵੀਰਤਾ ਦੇ ਧਨੀ ਸਨ, ਕਿਉਂਕਿ ਗੁਰੂ ਹਰਿ ਰਾਇ ਸਾਹਿਬ ਜੀ "ਹਰਿ ਰੋਜ਼ ਦੁਪਹਿਰ ਤੋਂ ਬਾਅਦ ਕ੍ਰਿਪਾਨ ਸਜਾ ਕੇ, ਤੀਰ ਕਮਾਨ ਨਾਲ ਲੈ ਕੇ, ਘੋੜੇ 'ਤੇ ਚੜ੍ਹ ਕੇ ਸ਼ਿਕਾਰ ਲਈ ਜਾਂਦੇ ਸਨ।"[27] ਉਹਨਾਂ ਨੇ ਸੰਤਤਾਈ ਅਤੇ ਸਿਪਾਹੀ ਗੁਣਾਂ ਦੇ ਸੁਮੇਲ ਨੂੰ ਬਰਕਰਾਰ ਰੱਖਿਆ "ਉਨ੍ਹਾਂ ਨੇ 2200 ਘੋੜ-ਸਵਾਰ ਸੈਨਿਕ ਆਪਣੇ ਪਾਸ ਰੱਖੇ ਹੋਏ ਸਨ।"[28] ਵੇਖਿਆ ਜਾਵੇ ਤਾਂ ਫੌਜ ਦੇ ਸਾਜੋ ਸਮਾਨ ਨੂੰ ਦਰੁੱਸਤ ਅਤੇ ਸੂਰਮਿਆਂ ਅੰਦਰ ਪੈਦਾ ਹੋਏ ਜੋਸ਼ ਨੂੰ ਬਰਕਰਾਰ ਉਹ ਹੀ ਰੱਖ ਸਕਦਾ ਹੈ ਜੋ ਖੁਦ ਸੂਰਬੀਰ ਹੋਵੇ। ਸਿੱਖ ਇਤਿਹਾਸ ਵਿਚ ਇਹ ਧਾਰਨਾ ਸਪੱਸ਼ਟ ਰੂਪ ਵਿਚ ਸਾਹਮਣੇ ਆਉਂਦੀ ਹੈ ਕਿ ਜਿੰਨਾਂ ਚਿਰ ਤੱਕ ਸ਼ਾਂਤਮਈ ਵਸੀਲੇ ਕਾਰਗਰ ਸਿੱਧ ਹੁੰਦੇ ਹੋਣ, ਓਨਾ ਚਿ ਤਾਕਤ ਅਤੇ ਹਥਿਆਰ ਹੋਣ ਦੇ ਬਾਵਜੂਦ ਜ਼ਾਲਮ ਨੂੰ ਸੋਧਣ ਲਈ ਯੁੱਧ ਨੂੰ ਨਹੀਂ ਅਪਣਾਇਆ ਗਿਆ। ਇਸ ਗੱਲ ਦਾ ਸਬੂਤ ਸ੍ਰੀ ਗੁਰੂ ਹਰਿ ਰਾਇ ਜੀ ਤੋਂ ਲੈ ਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਤੱਕ ਤਿੰਨਾਂ ਗੁਰੂ ਸਾਹਿਬਾਨ ਦੇ ਜੀਵਨ ਵਿਚ ਵਿਚਾਰਿਆ ਜਾ ਸਕਦਾ ਹੈ।

ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦਾਰਾ ਸ਼ਿਕੋਹ ਨੂੰ ਸ਼ਰਨ ਦੇਣਾ ਦੁਸ਼ਮਣ ਪ੍ਰਤੀ ਉਦਾਰਤਾ ਦਾ ਵਿਹਾਰ ਹੈ ਜੋ ਸਿੱਖ ਇਤਿਹਾਸ ਦੀ ਨਿਰੰਤਰਤਾ ਵਿਚ ਆਮ ਮਿਲਦਾ ਹੈ। ਸ੍ਰੀ ਗੁਰੂ ਹਰਿ ਰਾਇ

27 ਮੈਕਾਲਿਫ, ਉਪਰੋਕਤ, *ਸਿੱਖ ਇਤਿਹਾਸ,* ਪੰ.244.

28 ਤੇਜਾ ਸਿੰਘ, ਗੰਡਾ ਸਿੰਘ, ਉਪਰੋਕਤ, *ਸਿੱਖ ਇਤਿਹਾਸ,* ਪੰ.54.

ਸਾਹਿਬ ਜੀ ਦੀ ਅਧਿਅਤਮਕ ਦ੍ਰਿੜ੍ਹਤਾ ਦੀ ਪ੍ਰਤੱਖ ਝਲਕ ਉਦੋਂ ਮਿਲਦੀ ਹੈ ਜਦੋਂ (ਬਹਾਦਰੀ) ਆਪਣੇ ਸਕੇ ਪੁੱਤਰ ਰਾਮ ਰਾਏ ਨੂੰ ਔਰੰਗਜ਼ੇਬ ਦੇ ਡਰੋਂ ਗੁਰਬਾਣੀ ਦੀਆਂ ਪੰਕਤੀਆਂ ਵਿਚ ਫੇਰ ਬਦਲ ਕਰਨ ਅਤੇ ਸਿੱਖ ਸਿਧਾਂਤਾਂ ਦੀ ਗਲਤ ਵਿਆਖਿਆ ਕਰਨ ਬਦਲੇ ਕਦੇ ਵੀਮੱਥੇ ਨਾ ਲੱਗਣ ਲਈ ਕਿਹਾ। ਜਿਸ ਬਾਬਤ ਪ੍ਰੋ ਪੂਰਨ ਸਿੰਘ ਲਿਖਦੇ ਹਨ, "ਜਦੋਂ ਰਾਮ ਰਾਇ ਔਰੰਗਜ਼ੇਬ ਦੀ ਸਲਾਹ 'ਤੇ ਹੀ ਕਈ ਗੱਲਾਂ ਵਿਚ ਲੁਕ ਗਿਆ। ਸਿੱਟੇ ਵਜੋਂ ਉਸ ਨੂੰ ਔਰੰਗਜ਼ੇਬ ਦੀ ਰਾਜਸੀ ਪ੍ਰਾਪਤ ਹੋ ਗਈ ਜਿਸ ਨੂੰ ਰਾਮ ਰਾਇ ਨੇ ਪ੍ਰਵਾਨ ਕਰ ਲਿਆ। ਰਾਮ ਰਾਇ ਦੀ ਇਸ ਇਖ਼ਲਾਕੀ ਕਮਜ਼ੋਰੀ ਦਾ ਪਤਾ ਗੁਰੂ ਜੀ ਨੂੰ ਲੱਗਾ ਉਨ੍ਹਾਂ ਨੇ ਹੁਕਮ ਕੀਤਾ ਕਿ ਉਹ ਉਹਨਾਂ ਦੇ ਮੱਥੇ ਨਾ ਲੱਗੇ। ਗੁਰੂ ਜੀ ਨੇ ਬਚਨ ਕੀਤਾ ਜਿਥੇ ਉਸਦਾ ਦਿਲ ਕਰਦਾ ਹੈ ਚਲਾ ਜਾਵੇ ਕਿਉਂਕਿ ਉਸ ਨੇ ਗੁਰੂ ਨਾਨਕ ਦੀ ਬਾਣੀ ਨੂੰ ਗਲਤ ਰੰਗ ਵਿਚ ਪੇਸ਼ ਕੀਤਾ ਹੈ।"[29] ਗੁਰਬਾਣੀ ਸਿੱਖ ਸੂਰਮਿਆਂ ਦੀ ਬੇਮਿਸਾਲ ਤਾਕਤ ਦਾ ਮੂਲ ਸਰੋਤ ਅਤੇ ਰਹੱਸ ਹੈ। ਇਸ ਦੀ ਪਵਿੱਤਰਤਾ ਅਤੇ ਸਾਂਭ ਸੰਭਾਲ ਲਈ ਸਿੱਖ ਕਿਸੇ ਵੀ ਹਾਲਾਤ ਅਤੇ ਹੱਦ ਦਾ ਸਾਹਮਣਾ ਕਰਦਾ ਹੈ।

ਜਿਥੇਮੁਗ਼ਲ ਹਕੂਮਤ ਸ਼ੁਰੂ ਤੋਂ ਹੀ ਸਿੱਖਾਂ ਨੂੰ ਖਤਮ ਕਰਨ ਵਿਚ ਲੱਗੀ ਹੋਈ ਸੀ ਉਥੇ ਮੁਗ਼ਲ ਬਾਦਸ਼ਾਹ ਦੇ ਸਮਕਾਲੀ ਗੁਰੂ ਸਾਹਿਬਾਨ ਦੀ ਸਭ ਤੋਂ ਪਹਿਲੀ ਭਾਵਨਾ ਹੀ ਸੱਚ ਤੇ ਮੁਆਫ਼ ਕਰਕੇ ਭਲਾ ਕਰਨ ਦੀ ਹੁੰਦੀ ਰਹੀ ਹੈ। ਇਸ ਗੱਲ ਦਾ ਪਹਿਲਾਂ ਜ਼ਿਕਰ ਹੋ ਚੁੱਕਿਆ ਹੈ ਕਿ ਖਿਮਾ ਸਿੱਖ ਸੂਰਬੀਰਤਾ ਦਾ ਮੁੱਖ ਗੁਣਾਂ ਵਿਚੋਂ ਇਕ ਹੈ ਜਿਸ ਦਾ ਸਿਧਾਂਤ ਗੁਰਬਾਣੀ ਰਾਹੀਂ ਪ੍ਰਾਪਤ ਹੁੰਦਾ ਹੈ;

ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ॥
ਆਪਨੜੈ ਘਰਿ ਜਾਈਐ ਪੈਰ ਤਿਨ੍ਹਾ ਦੇ ਚੁੰਮਿ॥[30]

ਕਿਸੇ ਜਾਬਰ ਦੇ ਜ਼ੁਲਮ ਨੂੰ ਸ਼ਾਂਤੀ ਨਾਲ ਸਹਿਣਾਜਵਾਬ ਦੇਣ ਦੀ ਸਮਰੱਥਾਂ ਦੇ ਹੁੰਦਿਆਂ ਹੋਇ ,ਆਂ ਵੀ ਸਬਰ ਕਰ ਜਾਣਾ ਆਮ ਮਨੁੱਖਾਂ ਦੇ ਵੱਸ ਦਾ ਵਿਹਾਰ ਨਹੀਂ ਹੈ। ਇਸ ਲਈ ਅਦਭੁਤ ਅੰਦਰੂਨੀ ਸਾਹਸ ਲੋੜੀਂਦਾ ਹੁੰਦਾ ਹੈ। ਹਜਾਰਾਂ ਜਾਂਤੇ ਬੈਠ ਕੇ ਸਰੀਰ ' ਨਿਸਾਰਾਂ ਦੇ ਹੁੰਦਿਆਂ ਤੱਤੀ ਤਵੀ-

---

29 ਪੂਰਨ ਸਿੰਘ, ਉਪਰੋਕਤ, *ਦਸ ਗੁਰ ਦਰਸ਼ਨ,* ਪੰ।93.

30 ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੭੮.

ਲੁਹਾਉਣ ਅਤੇ ਅੱਖਾਂ ਦੇਸਾਹਮਣੇ ਪਿਆਰੇ ਸਿੱਖਾਂ ਦੇ ਸਿਰ ਦੇਗ ,ਰੂੰ ਵਿਚ ਮੱਚਦੇ ,ਤੇ ਆਰਾ ਚਲਣਾ' ਵਿਚ ਉਬਲਦੇ ਦੇਖਣਾ ਅਤੇ ਨੌ ਸਾਲਾਂ ਦੇ ਬੱਚੇ ਨੂੰ ਛੱਡ ਕੇ ਸਿਰਫ ਸ਼ਹੀਦ ਹੋਣ ਲਈ ਘਰੋਂ ਨਿਕਲ ਇਹ ,ਤੁਰਨਾ ਸਭ ਕੋਈ ਸ ਅੰਦਰੋਂਬਾਹਰੋਂ ਪ੍-ਪੱਕ ਯੋਧਾ ਹੀ ਕਰ ਸਕਦਾ ਹੈ। ਪਿਤਾ ਦੇ ਕਾਤਲ ਦੇ ਪੁੱਤਰ ਦੀ ਇਹ ਵੇਖ ਕੇ ਸਹਾਇਤਾ ਕਰਨੀ ਕਿ ਉਹੀ ਤਖਤ ਦਾ ਵਾਰਿਸ ਹੈ ਅਤੇ ਉਸਨੂੰ ਉਸਦਾ ਹੱਕ ਮਿਲਣਾ ਚਾਹੀਦਾ ਹੈ। ਇਹ ਵਿਹਾਰ ਉੱਚ ਦਰਜੇ ਦੀ ਸਿਧਾਂਤਕ ਸਪੱਸ਼ਟਤਾ ਅਤੇ ਕਿਰਦਾਰ ਦੀ ਉੱਚ ਦ੍ਰਿੜ੍ਹਤਾ ਦੀ ਮੰਗ ਕਰਦਾ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਵਲੋਂ ਹਮਾਯੂੰ ਨੂੰ ਮਿਲਣਾ ਜਿਸਦੇ ਬਾਪ ਨੇ ਗੁਰੂ ਨਾਨਕ ਸਾਹਿਬ ਜੀ ਨੂੰ ਕੈਦ ਕੀਤਾ ਸੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵਲੋਂ ਦਾਰਾ ,ਸ਼ਿਕੋਹ ਦੀ ਹਮਾਇਤ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਬਹਾਦਰ ਸ਼ਾਹ ਦੀ ਸਹਾਇਤਾਇਹ ਸਭ , ਘਟਨਾਵਾਂ ਇਕੋ ਮਾਲਾ ਦੇ ਮਣਕੇ ਵਾਂਗ ਹਨ। ਇਸੇ ਕਰਕੇ ਗੁਰ ੂ ਕੇ ਸਿੱਖਾਂ ਨੂੰ ਵੀ ਕੋਈ ਬੇਗਾਨਾ ਨਜ਼ਰ ਨਹੀਂ ਆਉਂਦਾ ਅਤੇ ਉਹ ਜੰਗ ਦੇ ਮੈਦਾਨ ਵਿਚ ਦੁਸ਼ਮਣ ਸਿਪਾਹੀਆਂ ਨੂੰ ਪਾਣੀ ਪਿਆਈ ਤੁਰੇ। ਚੋਜੀ ਪ੍ਰੀਤਮ ਭਾਈ ਘਨੱਈਆ ਜੀ ਨੂੰ ਮਲ੍ਹਮ ਵੀ ਦਿੰਦੇ ਕਿ ਭਾਈ ਪਾਣੀ ਦੇ ਨਾਲ ਮਲ੍ਹਮਪੱਟੀ - ਵੀ ਕਰਦਿਆ ਕਰ। ਸੱਚੀ ਸੂਰਬੀਰਤਾ ਦੀ ਅਦੁੱਤੀ ਮਿਸਾਲ ਦੁਸ਼ਮਣ ਨੂੰ ਬਾਰ-ਬਾਰ ਮੁਆਫ਼ ਕਰਨਾ ਹੈ ਜੋ ਸਿੱਖ ਗੁਰੂਆਂ ਅਤੇ ਸਿੱਖਾਂ ਦੇ ਵਿਹਾਰ ਦੀ ਖ਼ਾਸੀਅਤ ਰਹੀ ਹੈ। ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਨੇ ਵੀ ਬਾਦਸ਼ਾਹ ਸ਼ਾਹਜਹਾਂ ਦੀ ਜਾਨ ਬਚਾਈ ਸੀ। "ਬਾਦਸ਼ਾਹ ਦੇ ਚਾਰ ਪੁੱਤਰ ਸਨ, ਜਿਨ੍ਹਾਂ ਵਿਚੋਂ ਉਹ ਦਾਰਾ ਸ਼ਿਕੋਹ ਨੂੰ ਜ਼ਿਆਦਾ ਪਿਆਰ ਕਰਦੇ ਸਨ, ਔਰੰਗਜ਼ੇਬ ਮੱਕਾਰ ਤੇ ਚਲਾਕ ਸੀ। ਬਾਦਸ਼ਾਹ ਦੀ ਗੱਦੀ ਖਾਤਰ ਉਸਨੇ ਬਾਦਸ਼ਾਹ ਨੂੰ ਮਾਰਨ ਲਈ ਸੁਆਦਲੇ ਭੋਜਨ ਵਿਚ ਸ਼ੇਰ ਦੀਆਂ ਮੁੱਛਾਂ ਪਾ ਕੇ ਖੁਆ ਦਿੱਤੀਆਂ, ਜਿਸ ਕਾਰਨ ਬਾਦਸ਼ਾਹ ਮਰਨ ਕਿਨਾਰੇ ਪਹੁੰਚ ਗਿਆ ਅਤੇ ਦਵਾ-ਦਾਰੂ, ਪੀਰ-ਫਕੀਰਾਂ ਤੋਂ ਕੋਈ ਲਾਭ ਨਾ ਪਹੁੰਚਿਆ ਅੰਤ ਬਾਦਸ਼ਾਹ ਦੇ ਵਜ਼ੀਰ ਨੇ ਇਸਦਾ ਇਲਾਜ ਗੁਰੂ ਹਰਿ ਰਾਇ ਕੋਲ ਆਖਿਆ।"[31] ਭਾਵੇਂ ਬਾਦਸ਼ਾਹ ਗੁਰੂ ਜੀ ਦਾ ਵਿਰੋਧੀ ਸੀ ਪਰ ਫਿਰ ਵੀ ਗੁਰੂ ਘਰ ਵਿਚ ਸਭ ਲਈ ਹਮਦਰਦੀ ਤੇ ਪਿਆਰ ਹੈ। ਅਜਿਹੀਆਂ ਸਥਿਤੀਆਂ ਵਿਚ ਗੁਰੂ ਸਾਹਿਬ ਆਪਣਾ ਗੁਰੂ ਹੋਣ ਦਾ ਸੁਭਾ ਅਤੇ ਫਰਜ਼ ਹੀ ਨਿਭਾ ਰਹੇ ਹਨ ਕਿਉਂਕਿ ਸ਼ਰਨ ਆਉਣ ਵਾਲੇ ਨੂੰ ਆਸਰਾ ਦੇਣਾ ਗੁਰੂ ਦਾ ਸੁਭਾ ਹੀ ਹੈ;

---

31 ਮੈਕਾਲਿਫ, ਉਪਰੋਕਤ, *ਸਿੱਖ ਇਤਿਹਾਸ,* ਪੰ.245.

ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ॥[32]

ਇਸ ਇਨਕਲਾਬੀ ਅਤੇ ਲੋਕ ਹਿਤੈਸ਼ੀ ਲਹਿਰ ਦੇ ਵੇਗ ਦੁਆਰਾ ਮੂਲ ਸਰੂਪ ਤੇ ਸਪਿਰਟ ਨੂੰ ਕਾਇਮ ਰੱਖਣ ਲਈ ਉਸਨੂੰ ਸੂਰਬੀਰਤਾ ਦੇ ਮਾਰਗ ਤੇ ਤੋਰਿਆ। ਗੁਰੂ ਹਰਿ ਰਾਇ ਸਾਹਿਬ ਨੇ ਸੰਗਤ ਦੀ ਹਾਜ਼ਰੀ ਵਿਚ ਗੁਰਗੱਦੀ ਦੀ ਰਸਮ ਨਿਭਾਈ ਅਤੇ ਸਭ ਨੂੰ ਸੰਬੋਧਨ ਕਰਦੇ ਹੋਏ ਆਖਿਆ ਕਿ ਹਰਿਕ੍ਰਿਸ਼ਨ ਜੀ ਮੇਰਾ ਹੀ ਸਰੂਪ ਹੈ;

"ਤਬ ਸੰਗਤ ਪ੍ਰਤਿ ਬਚਨ ਬਖਾਨਾ ਜਗਤ ਗੁਰੂ ਹਰਿ ਕ੍ਰਿਸ਼ਨ ਪ੍ਰਧਾਨਾ।

ਨਿਜ ਸਰੂਪ ਮੇਰਾ ਕਰ ਜਾਨੋ ਯਾ ਮੇਂ ਰੰਚਕ ਭੇਦ ਨਾ ਆਨੋ।" [33]

ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ ਦੇ ਉਤਰਾਧਿਕਾਰੀ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਜੋ ਭਾਵੇਂ ਉਮਰ ਪੱਖੋਂ ਬਾਲ ਹਨ ਪਰ ਸੋਚ ਦੀ ਇਲਾਹੀ ਸਪੱਸ਼ਟਤਾ ਨਾਲ ਉਹ ਵੀ ਲਬਰੇਜ਼ ਹਨ ਅਤੇ ਆਪਣੇ ਸੰਖੇਪ ਜੀਵਨਮੁੱਚ ਹੀ ਗੁਰੂ ਨਾਨਕ -ਕਾਲ ਦੌਰਾਨ ਹੀ ਸਿੱਧ ਕਰ ਦਿੰਦੇ ਹਨ ਕਿ ਉਹ ਸੱਚ-ਜੋਤ ਨਾਲ ਰੁਸ਼ਨਾਏ ਹੋਏ ਹਨ। ਉਹਨਾਂ ਗੁਰ-ਗੱਦੀ ਦਾ ਮਾਣ ਸਤਿਕਾਰ ਬਣਾਈ ਰੱਖਿਆ ਅਤੇ ਅਟੱਲ ਰਹਿ ਕੇ ਸਿੱਖੀ ਦਾ ਪ੍ਰਚਾਰ ਕਰਦੇ ਰਹੇ। ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਦੇ ਹੱਥ ਦੀ ਛੜੀ ਜਿਸ ਨੂੰ ਕਿ ਅਧਿਕਾਰ ਦੀ ਨਿਸ਼ਾਨੀ ਕਿਹਾ ਜਾਂਦਾ ਹੈ )role of athouritesਇਹ ਤਲਵਾਰ ਵਾਂਗ ( ਅਧਿਕਾਰ ਸਥਾਪਿਤ ਕਰਦੀ ਹੈ ਜੋ ਉਹਨਾਂ ਦੇ ਸਵੈ ਵਿਸ਼ਵਾਸ ਦਾ ਚਿੰਨ੍ਹ ਹੈ। ਪਰ ਇਹੀ ਛੜੀ ਗਰੀਬ ਦੇ ਸਿਰ ਦੀ ਛਾਂ ਵੀ ਬਣ ਜਾਂਦੀ ਹੈ ਅਤੇ ਉਹ ਇਸਦੀ ਛਾਵੇਂ ਆ ਕੇ ਗੀਤਾ ਦਾ ਗਿਆਤਾ ਹੋ ਜਾਂਦਾ ਹੈ। ਇਥੇ ਬਿੰਬ ਵਜੋਂ ਕਿਹਾ ਜਾ ਸਕਦਾ ਹੈ ਗੁਰੂ ਸਾਹਿਬ ਛੜੀ ਨਾਲ ਹੀ ਚਿੜੀਆਂ ਤੋਂ ਹੰਕਾਰੇ ਹੋਏ ਬਾਜ਼ ਤੁੜਾ ਦਿੰਦੇ ਹਨ। ਇਹ ਆਤਮ ਵਿਸ਼ਵਾਸ ਸਮੂਹ ਗੁਰੂ ਹਸਤੀਆਂ ਵਿਚ ਇਕ ਰਸ ਨਜ਼ਰ ਆਉਂਦਾ ਹੈ। ਗੁਰੂ ਸਾਹਿਬ ਨੇ ਭਾਵੇਂ ਕੋਈ ਜੰਗ ਨਹੀ ਲੜੀ ਪਰ ਦਿੱਲੀ ਵਿਚ ਚੇਚਕ ਦੇ ਮਰੀਜ਼ਾਂ ਦੀ ਦੇਖ-ਭਾਲ ਵਿਚ ਇਤਨੇ ਮਗਨ ਹੋਏ ਕਿ ਆਪ ਦੇ ਬਾਲ ਸਰੀਰ ਉਪਰ ਇਸ ਨਾ ਮੁਰਾਦ ਬੀਮਾਰੀ ਨੇ ਗਲਬਾ ਪਾਇਆ ਪਰ ਫਿਰ ਵੀ ਆਪ ਨੇ ਉਥੇ ਹੀ ਰਹਿ ਕਿ ਮਰੀਜ਼ਾਂ ਦੀ ਦੇਖ ਭਾਲ ਕੀਤੀ। ਕਿਹਾ ਜਾਂਦਾ ਹੈ ਬਾਲਾ ਪ੍ਰੀਤਮ ਦੇ ਤੱਕਣ ਨਾਲ ਹੀ ਰੋਗੀਆਂ ਦੀ ਚੇਚਕ ਠੀਕ ਹੋ ਜਾਂਦੀ ਸੀ। ਇਹ ਸਧਾਰਨ

---

32 ਸ੍ਰੀ ਗੁਰੂ ਗ੍ਰੰਥ ਸਾਹਿਬ, ੫੪੪ .

33 ਸਰੂਪ ਦਾਸ ਭੱਲਾ, ਉਪਰੋਕਤ, ਮਹਿਮਾ ਪ੍ਰਕਾਸ਼ , ਪੰ.626.

ਘਟਨਾ ਹੈ ਪਰੰਤੂ ਗੰਭੀਰ ਅਰਥ ਸਮੇਟੀ ਬੈਠੀ ਹੈ ਕਿਉਂ ਕੀ ਯੋਧਾ ਸਿਰਫ ਜੰਗ ਹੀ ਨਹੀਂ ਲੜਦਾ ਬਲਕਿ ਸੱਚਾ ਯੋਧਾ ਤਾਂ ਜਿਥੇ ਵੀ ਅਵਸਰ ਮਿਲੇ ਮਜ਼ਲੂਮਾਂ ਦੀ ਧਿਰ ਬਣ ਜਾਂਦਾ ਹੈ ਅਤੇ ਆਪਣੀ ਜਾਨ ਦਾਅ 'ਤੇ ਲਾ ਦਿੰਦਾ ਹੈ। ਗੁਰੂ ਸਾਹਿਬ ਦਾ ਦੁਸ਼ਮਣ ਪ੍ਰਤੱਖ ਨਹੀਂ ਪਰ ਗੁਰੂ ਸਾਹਿਬ ਮਜ਼ਲੂਮ ਮਰੀਜ਼ਾਂ ਦੀ ਧਿਰ ਬਣ ਕੇ ਖੜ੍ਹੇ ਨਜ਼ਰ ਆਉਂਦੇ ਹਨ ਅਤੇ ਆਪਣੀ ਜਾਨ ਬਚਾਉਣ ਦਾ ਅਵਸਰ ਹੁੰਦੇ ਹੋਏ ਵੀ ਡਟੇ ਰਹਿੰਦੇ ਹਨ ਅਤੇ ਅੰਤ 'ਸ਼ਹੀਦ' ਹੁੰਦੇ ਹਨ। ਗੁਰੂ ਹਰਿਕ੍ਰਿਸ਼ਨ ਸਾਹਿਬ ਅਗੇ ਆਪਣੇ ਦਾਦੇ ਲਗਦੇ ਤੇਗ ਬਹਾਦਰ ਸਾਹਿਬ ਜੀ ਨੂੰ ਗੁਰੂ ਥਾਪ ਗਏ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪੂਰਨੇ ਇਨਸਾਨੀਅਤ ਦੇ ਅਲੰਬਰਦਾਰਾਂ ਦੇ ਲਈ ਅਦਭੁਤ ਹਨ।

ਸਿੱਖ ਸੂਰਬੀਰਤਾ ਦੀ ਪ੍ਰਫੁਲਤਾ ਲਈ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਗੁਰਗੱਦੀ ਸੰਭਾਲਣ ਮਗਰੋਂ ਨੌਵੇਂ ਗੁਰੂ ਹੋਣ ਦਾ ਰੁਤਬਾ ਮਿਲਿਆ। ਸੰਤ-ਸਿਪਾਹੀ ਪਿਤਾ ਅਤੇ ਦਾਦਾ ਜੀ ਦੀ ਕੁਰਬਾਨੀ ਨੇ ਇਹਨਾਂ ਅੰਦਰ ਸੂਰਬੀਰਤਾ ਅਤੇ ਨਿਰਭੈਤਾ ਵਾਲੇ ਗੁਣ ਸਿਧਾਂਤਕ ਅਤੇ ਵਿਹਾਰਕ ਰੂਪ 'ਚ ਭਰੇ ਸਨ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਸਲ ਗਿਆਨੀ ਉਸਨੂੰ ਸਮਝਦੇ ਸਨ ਜੋ ਨਾ ਕਿਸੇ ਨੂੰ ਡਰਾਏ ਅਤੇ ਨਾ ਕਿਸੇ ਦਾ ਡਰ ਮੰਨੇ;

> ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥
> ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥[34]

ਇਸ ਸਿਧਾਂਤ ਦੇ ਵਿਹਾਰ ਲਈ ਗੁਰੂ ਤੇਗ ਬਹਾਦਰ ਜੀ ਅੱਗੇ ਆਏ। ਹਿੰਦੁਸਤਾਨ ਵਿਚ ਔਰੰਗਜ਼ੇਬ ਹੱਦ ਤੋਂ ਜ਼ਿਆਦਾ ਜ਼ੁਲਮ ਕਰਨ ਲੱਗਾ। ਅਸਹਿਣਸ਼ੀਲਤਾ, ਡਰ, ਮਜ਼ਲੂਮ ਦੀ ਕੁਰਲਾਹਟ ਧੱਕੇਸ਼ਾਹੀ, ਜਜ਼ੀਆ ਟੈਕਸ ਤੇ ਧਰਮ ਪ੍ਰਤੀ ਇਕਹਿਰੇ ਨਜ਼ਰੀਏ ਨੇ ਮਨੁੱਖਤਾ ਨੂੰ ਮਧੋਲ ਕੇ ਰੱਖ ਦਿੱਤਾ ਸੀ। ਇਸਲਾਮ ਤੋਂ ਇਲਾਵਾ ਹਰ ਦੂਸਰੇ ਧਰਮ ਨੂੰ ਨਸ਼ਟ ਕਰਨਾ ਹੀ ਉਸਦਾ ਮੁੱਖ ਮਕਸਦ ਬਣ ਗਿਆ ਸੀ। ਉਸਦੀ ਅਵਸਥਾ ਦਾ ਵਰਨਣ ਰਤਨ ਸਿੰਘ ਭੰਗੂ ਕਰਦੇ ਹਨ;

> " ਰਾਜ ਲੋਰੰਗੇ ਸਿਰ ਜਬ ਆਯੋ॥ ਬਡੋ ਪਾਪ ਉਸ ਕੈ ਦਿਲ ਭਾਯੋ॥
> ਹੁਤੋ ਨੋਰੰਗੇ ਪ੍ਰਣ ਕੀਓ ਤਖਤ ਬਹਨ ਸੋ ਕਾਲ॥
> ਤੁਰਕ ਕਰੋ ਸਭ ਹਿੰਦੂਅਨ ਸੂਬੇ ਬਾਈਅਨ ਭਾਲ॥"[35]

---

34 ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੭.

ਔਰੰਗਜ਼ੇਬ ਦੇ ਧਰਮ ਦੇ ਇਕਹਿਰੇ ਧਾਰਮਿਕ ਨਜ਼ਰੀਏ ਨੂੰ ਰੋਕਣ ਲਈ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਸ਼ਹਾਦਤ ਦਿੱਤੀ। ਗੁਰੂ ਸਾਹਿਬਾਨ ਜੀ ਦੀ ਸੂਰਬੀਰਤਾ ਅਧਿਆਤਮਕ ਬਲ ਨਾਲ ਨਿਪੁੰਨ ਸੀ। ਅਧਿਆਤਮਕ ਸੂਰਬੀਰਤਾ ਦੀ ਪੂਰਤੀ ਲਈ ਗੁਰਬਾਣੀ ਦੀ ਰਚਨਾ ਵਾਲਾ ਕਾਰਜ ਨਿਰਵਿਘਨ ਚਲਦਾ ਰਿਹਾ ਹੈ। ਗੁਰਬਾਣੀ ਸਿੱਖ ਦੇ ਜੀਵਨ ਲਈ ਮਾਰਗ ਦਰਸ਼ਕ ਹੈ ਜਿਸ ਵਿਚ ਸੂਰਬੀਰਤਾ ਦੀ ਹਰ ਕਿਸਮ ਨੂੰ ਵਿਹਾਰ ਵਿਚ ਲਿਆਉਣ ਦਾ ਸਿਧਾਂਤ ਪਿਆ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਤੇਗ ਧਨੀ ਹੋਣ ਦੇ ਨਾਲ ਨਾਲ ਅਧਿਆਤਮਕ ਸੂਰਬੀਰਤਾ ਦੇ ਪ੍ਰਦਰਸ਼ਕ ਸਨ। ਉਹਨਾਂ ਦੀ ਰਚੀ ਬਾਣੀ ਵਿਚੋਂ ਪੰਜ ਵਿਸ਼ੇ ਵਿਕਾਰਾਂ ਨੂੰ ਵੱਸ ਵਿਚ ਕਰਨ ਦੀ ਪ੍ਰੇਰਨਾ ਮਿਲਦੀ ਹੈ। ਗੁਰੂ ਸਾਹਿਬ ਜੀ ਦੀ ਅਧਿਆਤਮਕ ਸੂਰਬੀਰਤਾ ਬਾਰੇ ਹੇਠ ਲਿਖੇ ਸ਼ਬਦ ਨੂੰ ਸਮਝਿਆ ਜਾ ਸਕਦਾ ਹੈ ਕਿ ਜਿਸ ਵਿਚ ਸੂਰਬੀਰਤਾ ਤੇ ਮੂਲ ਸਰੋਤ ਨਾਲ ਸਾਂਝ ਪਾਉਣ ਵਾਲੇ ਅਧਿਆਤਮਕ ਸੂਰਮਿਆਂ ਦੀ ਅਵਸਥਾ ਨੂੰ ਬਿਆਨਿਆ ਗਿਆ ਹੈ;

> ਸਾਧੋ ਇਹੁ ਮਨੁ ਗਹਿਓ ਨ ਜਾਈ ॥
>
> ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾ ਤੇ ਥਿਰੁ ਨ ਰਹਾਈ ॥ਰਹਾਉ॥[36]
>
> ਕਾਮ ਕ੍ਰੋਧ ਮੋਹ ਬਸਿ ਪ੍ਰਾਨੀ ਹਰਿ ਮੂਰਤਿ ਬਿਸਰਾਈ ॥[37]

ਗੁਰੂ ਸਾਹਿਬ ਜੀ ਦੀ ਬਾਣੀ ਤੋਂ ਸਪੱਸ਼ਟ ਹੁੰਦਾ ਹੈ ਕਿ ਅਕਾਲ ਪੁਰਖ ਦੀ ਪ੍ਰਾਪਤੀ ਵੱਲ ਜਾ ਰਹੇ ਮਾਰਗ ਵਿਚ ਬਾਹਰੀ ਕਠਿਨ ਪਰਿਸਥਿਤੀਆਂ ਤੋਂ ਇਲਾਵਾ ਅੰਦਰੂਨੀ ਰੁਕਾਵਟਾਂ ਜ਼ਿਆਦਾ ਖਤਰਾ ਪੈਦਾ ਕਰਦੀਆਂ ਹਨ ਜੋ ਪੰਜ ਵਿਸ਼ੇ ਵਿਕਾਰਾਂ ਦੀ ਉਪਜ ਹਨ।

ਨਿਰਭਉ ਅਤੇ ਨਿਰਵੈਰ ਸੂਰਮਿਆਂ ਦੀ ਸਿਰਜਣਾ ਪਿਛੇ ਨੌਵੇਂ ਪਾਤਸ਼ਾਹ ਜੀ ਦੀ ਬਾਣੀ ਨੇ ਅਹਿਮ ਰੋਲ ਅਦਾ ਕੀਤਾ ਅਤੇ ਸੂਰਮਿਆਂ ਨੂੰ ਅਧਿਆਤਮਕ ਤਾਕਤ ਦੇ ਰਹੱਸ ਨਾਲ ਜੋੜਿਆ, ਅਧਿਆਤਮਕ ਸੂਰਮੇ ਦਾ ਮੂਲ ਸੁਭਾਅ ਕਿ ਉਹ ਨਾ ਤਾਂ ਕਿਸੇ ਤੋਂ ਡਰਦਾ ਹੈ ਤੇ ਨਾ ਹੀ ਕਿਸੇ ਡਰਾਉਂਦਾ ਹੈ;

> ਭੈ ਕਾਹੂ ਕੋ ਦੇਤ ਨਹਿ, ਨਹਿ ਭੈ ਮਾਨਤ ਆਨਿ ॥

---

35 ਰਤਨ ਸਿੰਘ ਭੰਗੂ, ਉਪਰੋਕਤ, *ਪੰਥ ਪ੍ਰਕਾਸ਼,* ਪੰ.147.

36 ਸ੍ਰੀ ਗੁਰੂ ਗ੍ਰੰਥ ਸਾਹਿਬ, ੨੧੯

37 ਉਹੀ, ੨੧੯.

ਕਹੁ ਨਾਨਕ ਸੁਨ ਰੇ ਮਨਾ ਗਿਆਨੀ ਤਾਹਿ ਬਖਾਨ ॥[38]

ਅਜਿਹੇ ਸੂਰਮਿਆਂ ਨੇ ਗੁਲਾਮੀ ਹੇਠ ਪਿਸ ਰਹੇ ਮਨੁੱਖਾਂ ਨੂੰ ਅਜ਼ਾਦ ਕਰਵਾਇਆ। ਗੁਰੂ ਸਾਹਿਬ ਨੇ ਨਿਰਭੈਤਾ ਦਾ ਸੰਦੇਸ਼ਾ ਦਿੱਤਾ ਜੋ ਸਿੱਧਾ ਹਕੂਮਤ ਨਾਲ ਟੱਕਰ ਲੈਣ ਬਰਾਬਰ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਬਾਅਦ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਸੂਰਬੀਰਤਾ ਦੇ ਸਿਖਰਲੇ ਪੱਖ ਸ਼ਹਾਦਤ ਨੂੰ ਅਧਿਆਤਮਕ ਬਲ ਰਾਹੀਂ ਸਰ ਕੀਤਾ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਗੱਦੀ 'ਤੇ ਬੈਠਦਿਆਂ ਹੀ ਮਹਿਸੂਸ ਕਰ ਲਿਆ ਕਿ ਸਿੱਖੀ ਦੇ ਬੂਟੇ ਨੂੰ ਹੋਰ ਮਜ਼ਬੂਤ ਕੀਤਾ ਜਾਵੇ। ਅਸੀਂ ਪਹਿਲਾਂ ਗੱਲ ਕਰ ਚੁੱਕੇ ਹਾਂ ਕਿ ਸੂਰਬੀਰਤਾ ਸਰੀਰਕ ਬਲ ਨਾਲ ਹੀ ਨਹੀਂ, ਸਗੋਂ ਆਤਮਿਕ ਬਲ ਜਾਂ ਰੂਹਾਨੀਅਤ ਸਦਕਾ ਹੀ ਹੁੰਦੀ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਜੋ ਰੂਹਾਨੀ ਸਖ਼ਸ਼ੀਅਤ ਸਨ, ਉਨਾਂ ਨੇ ਆਪਣੇ ਸਮੇਂ ਬੜੀ ਸਹਿਜਤਾ ਤੇ ਭਗਤੀ ਸਦਕਾ ਬੜੀ ਦਲੇਰੀ ਨਾਲ ਸਿੱਖੀ ਦੀ ਪ੍ਰਫੁੱਲਤਾ ਲਈ ਕਾਰਜ ਕੀਤੇ। ਔਰੰਗਜ਼ੇਬ ਦਾ ਜ਼ੁਲਮ ਵਧ ਰਿਹਾ ਸੀ। ਉਸਨੇ ਬ੍ਰਾਹਮਣਾਂ/ਹਿੰਦੂਆਂ ਨੂੰ ਧੱਕੇ ਨਾਲ ਜ਼ੋਰ ਜ਼ੁਲਮ ਦੇ ਸਦਕਾ ਇਸਲਾਮ ਵਿਚ ਸ਼ਾਮਲ ਹੋਣ ਲਈ ਸਖ਼ਤ ਹੁਕਮ ਦਿੱਤੇ ਹੋਏ ਸਨ। ਔਰੰਗਜ਼ੇਬ ਨੇ ਸਭ ਤੋਂ ਪਹਿਲਾਂ ਕਸ਼ਮੀਰ ਵੱਲ ਅੱਤਿਅਚਾਰ ਕਰਨਾ ਸ਼ੁਰੂ ਕੀਤਾ। ਸ਼ੇਰ ਅਫ਼ਗਾਨ ਨੂੰ ਅਖਤਿਆਰ ਦੇ ਕੇ ਭੇਜਿਆ ਕਿ ਉਹ ਕਿਸੇ ਤਰੀਕੇ ਨਾਲ ਇਸਲਾਮ ਵਿਚ ਲਿਆਏ। ਉਸਨੇ ਅੱਧ ਤੋਂ ਵੱਧ ਕਸ਼ਮੀਰ ਨੂੰ ਇਸਲਾਮ ਦੇ ਦਇਰੇ ਵਿਚ ਲਿਆਂਦਾ ਇਸ ਅੱਤਿਆਚਾਰ ਨੂੰ ਨਾ ਸਹਾਰਦੇ ਹੋਏ ਕਸ਼ਮੀਰੀ ਪੰਡਤਾਂ ਨੇ ਗੁਰੂ ਜੀ ਕੋਲ਼ ਫ਼ਰਿਆਦ ਕੀਤੀ ਕਿ ਸਾਡੇ ਧਰਮ ਨੂੰ ਖਤਮ ਹੋਣ ਤੋਂ ਬਚਾਵੋ ਤੇ ਗੁਰੂ ਜੀ ਨੇ ਸ਼ਹਾਦਤ ਦੇਣ ਦੀ ਗੱਲ ਸਮਝਾਈ।

ਧਰਮ ਦੀ ਅਜ਼ਾਦੀ ਲਈ ਸ਼ਹਾਦਤ ਦੇਣੀ ਪੈਂਦੀ ਸੀ। ਗੁਰੂ ਜੀ ਨੇ ਕਸ਼ਮੀਰੀ ਪੰਡਤਾਂ ਨੂੰ ਆਖਿਆ ਕਿ ਜਾਓ ਔਰੰਗਜ਼ੇਬ ਨੂੰ ਆਖੋ ਕਿ ਪਹਿਲਾਂ ਤੇਗ ਬਹਾਦਰ ਨੂੰ ਇਸਲਾਮ 'ਚ ਸ਼ਾਮਲ ਕਰ ਲੈਣ, ਫਿਰ ਅਸੀਂ ਆਪਣੇ ਆਪ ਹੀ ਇਸਲਾਮ 'ਚ ਸ਼ਾਮਲ ਹੋ ਜਾਵਾਂਗੇ। ਔਰੰਗਜ਼ੇਬ ਸੁਣ ਕੇ ਖੁਸ਼ ਹੋਇਆ ਪਰ ਉਸਨੂੰ ਇਹ ਪਤਾ ਨਹੀਂ ਸੀ ਕਿ ਜਿਸ ਬਾਰੇ ਪੰਡਿਤ ਗੱਲ ਕਰ ਰਹੇ ਹਨ ਉਹ ਕੋਈ ਆਮ ਜਾਂ ਡਰਪੋਕ ਵਿਅਕਤੀ ਨਹੀਂ, ਸਗੋਂ ਉਹ ਨਿਆਸਰਿਆਂ ਦੇ ਆਸਰੇ, ਸੂਰਬੀਰਤਾ ਦੇ ਪੁੰਜ ਅਤੇ ਤੇਗ ਦੇ ਧਨੀ ਹਨ। ਉਹ ਆਪਣੇ ਅਤੇ ਦੂਸਰੇ ਦੇ ਧਰਮ ਲਈ ਆਪਾ ਕੁਰਬਾਨ ਕਰ ਦੇਣ ਵਾਲੇ

38 ਉਹੀ, ੧੪੨੬.

ਹਨ। ਸ੍ਰੀ ਗੁਰੂ ਤੇਗ ਬਹਾਦਰ ਜੀ ਆਪ ਵੀ ਸ਼ਹਾਦਤ ਦੇਣ ਲਈ ਆਪ ਰਵਾਨਾ ਹੋਏ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਪਹਿਲਾਂ ਗੁਰੂ ਕੇ ਸਿੱਖਾਂ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਨੇ ਵੀ ਮੁਗ਼ਲ ਹਕੂਮਤ ਦੇ ਜ਼ੁਲਮ ਨੂੰ ਮਾਤ ਦੇਣ ਲਈ ਸ਼ਹਾਦਤਾਂ ਦਿੱਤੀਆਂ। ਉਨ੍ਹਾਂ ਨੂੰ ਗੁਰੂ ਜੀ ਦੇ ਸਾਹਮਣੇ ਸ਼ਹੀਦ ਕੀਤਾ ਗਿਆ ਸੀ ਤਾਂ ਕਿ ਗੁਰੂ ਜੀ ਡੋਲ ਜਾਣ ਪਰ ਗੁਰੂ ਅਤੇ ਉਨ੍ਹਾਂ ਦੇ ਸਿੱਖ ਅਡੋਲ ਰਹੇ। ਭਾਈ ਮਤੀ ਦਾਸ ਜੀ ਦਾ ਆਰੇ ਨਾਲ ਚੀਰਿਆ ਜਾਣਾ, ਭਾਈ ਸਤੀ ਦਾਸ ਜੀ ਦਾ ਰੂੰ ਵਿਚ ਲਪੇਟ ਕੇ ਅੱਗ ਲਾ ਕੇ ਸਾੜਿਆ ਜਾਣਾ ਤੇ ਭਾਈ ਦਿਆਲਾ ਜੀ ਨੂੰ ਦੇਗ਼ ਵਿਚ ਉਬਾਲ ਕੇ ਸ਼ਹੀਦ ਕਰਨਾ ਜ਼ੁਲਮ ਦਾ ਸਿਖਰ ਸੀ ਅਤੇ ਸੂਰਬੀਰਤਾ ਦੀ ਸਰਬੋਤਮ ਮਿਸਾਲ ਸੀ ਕਿਉਂਕਿ ਆਰੇ ਨਾਲ ਆਪਣਾ ਆਪ ਚਿਰਵਾਉਣਾ ਕੋਈ ਸੌਖਾ ਕੰਮ ਨਹੀਂ ਤੇ ਨਾ ਹੀ ਅੱਗ ਵਿਚ ਜਿਉਂਦੇ ਜੀ ਤੇ ਦੇਗ਼ 'ਚ ਉਬਾਲਾ ਖਾ ਕੇ ਸ਼ਹਾਦਤ ਦੇਣਾ ਸੌਖਾ ਹੈ! ਇਹ ਤਾਂ ਸੂਰਬੀਰ ਯੋਧਿਆਂ ਦਾ ਹੀ ਕਾਰਨਾਮਾ ਹੈ, ਜੋ ਆਪਣੇ ਧਰਮ ਤੇ ਗੁਰੂ ਤੋਂ ਰੱਤੀ ਭਰ ਵੀ ਬੇਮੁਖ ਨਹੀਂ ਹੋਏ। ਬਾਅਦ ਵਿਚ ਇਸਲਾਮ ਨਾ ਮੰਨਣ ਦੇ ਦੋਸ਼ ਕਾਰਨ ਚਾਂਦਨੀ ਚੌਂਕ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਸ਼ਹੀਦ ਕਰ ਦਿੱਤੇ ਗਏ। ਧਰਮ ਦੀ ਖਾਤਰ ਤੇ ਗੁਰੂ ਨੂੰ ਸਮਰਪਿਤ ਹੋ ਕੇ ਆਪਣਾ ਆਪ ਵਾਰਨਾ ਸਿੱਖੀ ਦੀ ਸੱਚੀ ਸੂਰਬੀਰਤਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਬਲੀਦਾਨ ਰਾਹੀਂ ਇਕ ਅਜਿਹੇ ਸੱਚ ਦੀ ਗਵਾਹੀ ਸੂਰਬੀਰਤਾ ਨਾਲ ਭਰੀ ਸੀ, ਜੋ ਉਨ੍ਹਾਂ ਤੋਂ ਪਹਿਲਾਂ ਜਾਂ ਪਿੱਛੋਂ ਸੰਸਾਰ ਨੂੰ ਵੇਖਣੀ ਨਸੀਬ ਨਹੀਂ ਹੋਈ। ਗੁਰਮਤਿ ਸਿਧਾਂਤਾਂ ਵਿਚ ਸੱਚਾਈ ਇਸ ਗੱਲ ਵਿਚ ਹੈ ਕਿ ਮਨੁੱਖਾ ਜਾਤੀ ਇਕ ਹੈ ਤੇ ਇਸਨੂੰ ਪਾੜਨ ਵਾਲੇ ਅੱਤਿਆਚਾਰੀ ਹੁੰਦੇ ਹਨ; ਤੇ ਇਸ ਨੂੰ ਜੋੜਨ ਵਾਲਾ ਤੇ ਜ਼ੁਲਮ ਖ਼ਿਲਾਫ ਲੜਨ ਵਾਲਾ ਹੀ ਸੂਰਬੀਰ ਹੁੰਦਾ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਉਨ੍ਹਾਂ ਵਿਚ ਅਕਾਲ ਪੁਰਖ ਦੀ ਜੋਤ ਹੋਣ ਦਾ ਪ੍ਰਗਟਾਵਾ ਕੋਈ ਕਰਾਮਾਤ ਦਿਖਾ ਕੇ ਨਹੀਂ ਕੀਤਾ। ਕਸ਼ਮੀਰੀ ਪੰਡਿਤਾਂ ਦੀ ਪੁਕਾਰ ਦੇ ਉਨ੍ਹਾਂ ਹਿੰਦੂਆਂ ਤੇ ਤਿਲਕ ਜੰਜੂ ਨੂੰ ਉਨ੍ਹਾਂ ਦਾ ਇਨਸਾਨੀ ਹੱਕ ਸਮਝਦੇ ਹੋਏ ਸ਼ਹੀਦੀ ਦਿੱਤੀ ;

ਤਿਲਕ ਜੰਜੂ ਰਾਖਾ ਪ੍ਰਭ ਤਾ ਕਾ ਕੀਨੋ ਬਡੋ ਕਲੂ ਮਹਿ ਸਾਕਾ।
ਸਾਧਨ ਹੇਤਿ ਇਤੀ ਜਿਨਿ ਕਰੀ। ਸੀਸੁ ਦੀਯਾ ਪਰੁ ਸੀ ਨ ਉਚਰੀ।[39]

---

39 ਸ਼ਬਾਦਰਥ- ਦਸਮ ਗ੍ਰੰਥ ਸਾਹਿਬ, ਪੰ.13

ਗੁਰੂ ਸਾਹਿਬ ਜੀ ਧਰਮ ਦੀ ਚਾਦਰ ਵੀ ਮੰਨੇ ਗਏ ਉਹਨਾਂ ਇਹ ਲਾਸਾਨੀ ਕਾਰਨਾਮਾ ਸਿਰਫ ਹਿੰਦੂ ਧਰਮ ਅਤੇ ਕੇਵਲ ਕਿਸੇ ਖਾਸ ਧਾਰਮਕ ਸਿਧਾਂਤ ਦੀ ਰੱਖਿਆ ਲਈ ਹੀ ਨਹੀਂ ਸਗੋਂ ਸਭ ਧਰਮਾਂ ਦੀ ਪੂਜਾ ਤੇ ਪੈਰਵੀ ਲਈ ਪੂਰਨ ਸੁਤੰਤਰਤਾ ਉਨ੍ਹਾਂ ਦੀ ਬੇਰੋਕ ਪਰਫੁੱਲਤਾ ਲਈ ਪੂਰਨ ਸਵੈਧੀਨਤਾ ਅਤੇ ਇਕ ਵਿਸ਼ਵ-ਵਿਆਪੀ ਮਾਨਵੀ ਸਿਧਾਂਤ ਦੀ ਸੁਰੱਖਿਆ ਲਈ ਸੋਚ ਵਿਚਾਰ ਕੇ ਦਿੱਤੀ ਗਈ ਸੀ। ਅਧਿਆਤਮਕ ਸੂਰਬੀਰਤਾ ਦੇ ਸਿਧਾਂਤ ਅਜਿਹੇ ਸੂਰਮਿਆਂ ਦੀ ਸਿਰਜਣਾ ਕਰਦੇ ਜਿਹੜੇ ਜ਼ੁਲਮ ਨੂੰ ਰੋਕਣ ਲਈ ਨਾ ਕਿਸੇ ਦੇ ਡਰਾਵਿਆਂ ਤੋਂ ਡਰਦੇ ਹਨ ਅਤੇ ਨਾ ਹੀ ਕਿਸੇ ਨੂੰ ਡਰ ਦਿੰਦੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਾਰਾ ਜੀਵਨ ਇਸ ਗੱਲ ਦੀ ਗਵਾਹੀ ਭਰਦਾ ਹੈ।

ਜਦੋਂ ਕਿਸੇ ਮਨੁੱਖ ਦੇ ਸਾਹਮਣੇ ਕੋਈ ਬਿਪਤਾ ਆ ਪਵੇ ਤਾਂ ਆਮ ਮਨੁੱਖ ਘਬਰਾਅ ਜਾਂਦਾ ਹੈ ਅਜਿਹੇ ਮਨੁੱਖਾਂ ਦੀਆਂ ਅਨੇਕਾਂ ਮਿਸਾਲਾਂ ਸਾਡੇ ਸਮਾਜ ਅੰਦਰ ਵੇਖੀਆਂ ਜਾਂਦੀਆਂ ਹਨ। ਮੁਸੀਬਤ ਨੂੰ ਸਾਹਮਣੇ ਵੇਖ ਕੇ ਡੋਲ ਜਾਣਾ ਮਨੁੱਖ ਦਾ ਸੁਭਾਵਕ ਗੁਣ ਹੈ। ਪਰ ਕੁਝ ਮਨੁੱਖ ਸੂਰਬੀਰਤਾ ਦੇ ਮਾਰਗ ਉੱਪਰ ਮਿਸਾਲ ਬਣ ਜਾਂਦੇ ਹਨ। ਉਹਨਾਂ ਦੀ ਪ੍ਰਮੁੱਖ ਖਾਸੀਅਤ ਇਹ ਹੈ ਕਿ ਉਹ ਆਤਮ ਬਲ ਨਾਲ ਨਿਪੁੰਨ ਹੁੰਦੇ ਹਨ। ਜੋ ਹਮੇਸ਼ਾ ਸਰਬੱਤ ਦਾ ਭਲਾ ਲੋਚਦੇ ਹਨ। ਇਹਨਾਂ ਅੰਦਰ ਵਿਕਾਰਾਂ ਦਾ ਮਾੜਾ ਪ੍ਰਭਾਵ ਬਿਲਕੁਲ ਨਹੀਂ ਹੁੰਦਾ। ਕਈ ਵਾਰੀ ਵੱਡੇ ਸੂਰਮੇ ਕਹਾਉਣ ਵਾਲੇ ਆਪਣੇ ਪਰਿਵਾਰਕ ਮੋਹ ਕਾਰਨ ਸੂਰਬੀਰਤਾ ਪ੍ਰਗਟ ਕਰਨ ਵਿਚ ਅਸਮਰੱਥ ਹੋ ਜਾਂਦੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਾਏ ਪੂਰਨਿਆਂ ਵਿਚ ਪਰਿਵਾਰਕ ਮੋਹ ਨੂੰ ਪਰ੍ਹੇ ਰੱਖ ਕੇ ਸੱਚੀ ਸੂਰਬੀਰਤਾ ਨੂੰ ਪ੍ਰਗਟ ਕਰਨ ਦੀ ਤਰਜੀਹ ਦਿੱਤੀ ਗਈ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਪਹਿਲਾਂ ਹੋਏ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਅਤੇ ਵਿਹਾਰ ਰਾਹੀਂ ਸਪੱਸ਼ਟ ਕੀਤਾ ਹੈ ਕਿ ਆਪਣੇ ਅੰਦਰਲੇ ਪੰਜਾਂ ਦੁਸ਼ਮਣਾਂ ਨੂੰ ਕਾਬੂ ਕਰਕੇ ਇਕ ਅਕਾਲ ਪੁਰਖ ਨਾਲ ਨਿਰੰਤਰ ਸਾਂਝ ਪਾਈ ਰੱਖਣਾ ਅਧਿਆਤਮਕ ਸੂਰਬੀਰਤਾ ਦਾ ਸਬੂਤ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਧਿਆਤਮਕ ਸੂਰਬੀਰਤਾ ਅਤੇ ਸਮਾਜਕ ਸੂਰਬੀਰਤਾ ਦੇ ਪਥਪ੍ਰਦਰਸ਼ਕ ਸਨ ਜਿਨ੍ਹਾਂ ਨੇ ਅਕਾਲ ਪੁਰਖ ਨਾਲ ਨਿਰੰਤਰ ਸਾਂਝ ਅਤੇ ਆਪਣੇ ਉਦੇਸ਼ ਨੂੰ ਜਗ ਜਾਹਰ ਕੀਤਾ;

ਹਮ ਇਹ ਕਾਜ ਜਗਤ ਮੋ ਆਏ। ਧਰਮ ਹੇਤ ਗੁਰਦੇਵਿ ਪਠਾਏ।

ਜਹਾਂ ਜਹਾਂ ਤੁਮ ਧਰਮ ਬਿਥਾਰੋ। ਦੁਸਟ ਦੋਖੀਅਨ ਕੋ ਪਕਰਿ ਪਛਾਰੋ।੪੨।

ਯਾਹੀ ਕਾਜ ਧਰਾ ਹਮ ਜਨਮੰ। ਸਮਝ ਲੇਹੁ ਸਾਧੂ ਸਭ ਮਨਮੰ।

ਧਰਮ ਚਲਾਵਨ ਸੰਤ ਉਬਾਰਨ। ਦੁਸ਼ਟ ਸਭਨ ਕੋ ਮੂਲ ਉਪਾਰਿਨ।੪੩।[40]

ਇਹ ਸ਼ਬਦ ਸਿੱਖ ਸੂਰਬੀਰਤਾ ਦੀ ਪਰਕਿਰਤੀ ਅਤੇ ਸੁਭਾਅ ਨੂੰ ਪ੍ਰਗਟ ਕਰਦਾ ਹੈ ਅਤੇ ਗੁਰੂ ਜੀ ਦਾ ਜੀਵਨ ਮਨੋਰਥ ਵੀ ਪ੍ਰਗਟ ਹੁੰਦਾ ਹੈ। ਇਸ ਜੀਵਨ ਆਦਰਸ਼ ਨੂੰ ਪਾਉਣ ਲਈ ਮਨੁੱਖ ਨੂੰ ਕਿਸੇ ਧਾਰਮਕ ਜਾਂ ਸਮਾਜਕ ਆਗੂ ਦੀ ਅਧੀਨਗੀ ਤੋਂ ਮੁਕਤ ਕਰਕੇ ਕੇਵਲ ਇਕ ਅਕਾਲ ਪੁਰਖ ਦੀ ਟੇਕ ਲਈ ਉਪਦੇਸ਼ ਕੀਤਾ;

ਠਾਢ ਭਯੋ ਮੈ ਜੋਰਿ ਕਰਿ ਬਚਨ ਕਹਾ ਸਿਰ ਨਿਯਾਇ॥

ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰਹੁ ਸਹਾਇ ॥੩੦॥[41]

ਗੁਰਮਤਿ ਵਿਚ ਅਧਿਆਤਮਕ ਸੂਰਬੀਰਤਾ ਅਕਾਲ ਪੁਰਖ ਨਾਲ ਜੋੜਨ ਦਾ ਕੰਮ ਕਰਦੀ ਹੈ ਅਤੇ ਸਮਾਜ ਦੀ ਪਿਛਾਂਹ ਖਿੱਚੂ ਵਿਚਾਰਧਾਰਾ ਨੂੰ ਮੂਲੋਂ ਰੱਦ ਕਰਦੀ ਹੈ। ਦਸਮੇਸ਼ ਪਿਤਾ ਨੇ ਸਮਾਜ ਵਿਚ ਪ੍ਰਚੱਲਿਤ ਕੀਮਤਾਂ, ਮਰਯਾਦਾ, ਪਰੰਪਰਾਵਾਂ ਵਿੱਚੋ ਬਾਹਰ ਨਿਕਲ ਲਈ ਆਖਿਆ ਅਤੇ ਸਿੱਖਾਂ ਅੰਦਰ ਸੂਰਬੀਰਤਾ ਦੇ ਮੂਲ ਧੁਰੇ ਅਕਾਲ ਪੁਰਖ ਨਾਲ ਜੁੜੇ ਰਹਿਣ ਦੀ ਹੀ ਪ੍ਰੇਰਣਾ ਦਿੱਤੀ;

ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀਂ ਆਨਯੋ॥

ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤਿ ਏਕ ਨ ਮਾਨਯੋ॥

ਸਿੰਮ੍ਰਿਤ ਸਾਸਤ੍ਰ ਬੇਦ ਸਬੈ ਬਹੁਤ ਭੇਦ ਕਹੈ ਹਮ ਏਕ ਨ ਜਾਨਯੋ॥

ਸ੍ਰੀ ਅਸਿਪਾਨਿ ਕ੍ਰਿਪਾ ਤੁਮਰੀ ਕਰਿ ਮੈ ਨ ਕਹਯੋ॥

ਸਬ ਤੋਹਿ ਬਖਾਨਯੋ ॥੮੬੩॥[42]

ਸ੍ਰੀ ਗੁਰੂ ਗੋਬਿੰਦ ਸਿੰਘ ਨੇ ਹਰ ਬਿਪਤਾ ਵਿਚੋਂ ਨਿਕਲਣ ਲਈ ਇਕ ਅਕਾਲ ਪੁਰਖ ਨੂੰ ਸੱਚਾ ਅਤੇ ਸਾਰਥਕ ਸਹਾਰਾ ਮੰਨਿਆ ਹੈ। ਉਹਨਾਂ ਦੇ ਜੀਵਨ ਇਕ ਨਹੀਂ ਅਨੇਕਾਂ ਹੀ ਕਠਿਨ ਪਰਸਿਥਤੀਆਂ

---

40 ਭਾਈ ਰਣਧੀਰ ਸਿੰਘ (1995) *ਸ਼ਬਾਦਰਥ-ਦਸਮ ਗ੍ਰੰਥ (ਪੋਥੀ ਪਹਿਲੀ)* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ.74.

41 ਉਪਰੋਕਤ, ਸ਼ਬਦਾਰਥ, ਦਸਮ ਗ੍ਰੰਥ, ਪੰ.73.

42 ਉਹੀ, ਪੰ.304.

(ਪਿਤਾ ਦੀ ਸ਼ਹਾਦਤ, ਪਰਿਵਾਰ ਵਿਛੋੜਾ, ਸਾਹਿਬਜ਼ਾਦਿਆਂ ਦੀ ਸ਼ਹਾਦਤ ਅਤੇ ਚਮਕੌਰ ਦੀ ਭਿਆਨਕ ਜੰਗ ਆਦਿ) ਆਈਆਂ। ਪਰ ਗੁਰੂ ਸਾਹਿਬ ਨੇ ਇਹਨਾਂ ਵਿਚੋਂ ਬਾਹਰ ਨਿਕਲ ਲਈ ਕੇਵਲ ਇਕ ਅਕਾਲ ਪੁਰਖ ਅੱਗੇ ਹੀ ਅਰਜ਼ੋਈ ਕੀਤੀ;

ਹਮਰੀ ਕਰੋ ਹਾਥ ਦੈ ਰਛਾ ਪੂਰਨ ਹੋਇ ਚਿਤ ਕੀ ਇਛਾ॥
ਤਵ ਚਰਨਨ ਮਨ ਰਹੈ ਹਮਾਰਾ। ਅਪਨਾ ਜਾਨ ਕਰੋ ਪ੍ਰਤਿਪਾਰਾ॥
ਹਮਰੇ ਦੁਸਟ ਸਭੈ ਤੁਮ ਘਾਵਹੁ। ਆਪ ਹਾਥ ਦੈ ਮੋਹਿ ਬਚਾਵਹੁ॥
ਸੁਖੀ ਬਸੈ ਮੋਰੋ ਪਰਿਵਾਰਾ। ਸੇਵਕ ਸਿਖ ਸਭੈ ਕਰਤਾਰਾ॥[43]

ਉਹ ਅਧਿਆਤਮਕ ਰੌਸ਼ਨੀ ਨਾਲ ਇਹ ਜਾਣ ਚੁੱਕੇ ਸਨ ਕਿ ਇਸ ਸੰਸਾਰ ਵਿਚ ਸਭ ਸੂਰਮਿਆਂ ਨੂੰ ਪੈਦਾ ਕਰਨ ਵਾਲਾ ਅਤੇ ਸਭ ਜ਼ੁਲਮੀਆਂ ਨੂੰ ਸਜ਼ਾ ਦੇਣ ਵਾਲਾ ਅਕਾਲ ਪੁਰਖ ਆਪ ਹੈ। ਇਸ ਲਈ ਹਰ ਸਮੇਂ ਇਕ ਅਕਾਲ ਪੁਰਖ ਨਾਲ ਜੁੜੇ ਰਹਿਣ ਹੀ ਲਾਹੇਵੰਦ ਹੈ;

ਤੁਮਹਿ ਛਾਡਿ ਕੋਈ ਅਵਰ ਨ ਧਿਯਾਊਂ॥
ਜੋ ਬਰ ਚਾਹੋਂ ਸੁ ਤੁਮ ਤੇ ਪਾਊਂ॥...
ਆਪ ਹਾਥ ਦੈ ਮੁਝੈ ਉਬਰਿਯੈ॥
ਮਰਨ ਕਾਲ ਕਾ ਤ੍ਰਾਸ ਨਿਵਰਿਯੈ॥[44]

ਅਕਾਲ ਪੁਰਖ ਅਤੇ ਗੁਰੂ ਸਾਹਿਬ ਜੀ ਦੀ ਆਪਸੀ ਨੇੜਤਾ ਅਧਿਆਤਮਕ ਸੂਰਬੀਰਤਾ ਦਾ ਪ੍ਰਮਾਣ ਹੈ। ਸ੍ਰੀ ਗੁਰੂ ਗੋਬਿੰਦ ਸਾਹਿਬ ਜੀ ਨੇ ਧਰਮ ਯੁੱਧ ਲਈ ਸਿੱਖਾਂ ਅੰਦਰ ਚਾਅ ਪੈਦਾ ਕੀਤਾ। ਭੰਗਾਣੀ ਦੇ ਯੁੱਧ ਤੋਂ ਸੂਰਬੀਰਤਾ ਨੂੰ ਵਿਹਾਰਕ ਰੂਪ ਦੇਣ ਲਈ ਸ਼ੁਰੂਆਤ ਕੀਤੀ। ਇਸ ਜੰਗ ਵਿਚ ਦਸ ਦਿੱਤਾ ਕਿ ਜਬਰ ਤੇ ਅਨਿਆਂ ਦਾ ਮੁਕਾਬਲਾ ਕਰਨ ਲਈ ਅਕਾਲ ਪੁਰਖ ਦੀ ਟੇਕ ਲੈ ਕੇ ਫਤਿਹ ਹਾਸਲ ਹੁੰਦੀ ਹੈ।

ਅਕਾਲ ਪੁਰਖ ਕੀ ਰੱਛਾ ਹਮ ਨੈ ਸਰਬ ਲੋਹ ਕੀ ਰਛਿਆ ਹਮ ਨੈ॥[45]

ਇਸ ਸੇਧ ਨੇ ਸੂਰਮਿਆਂ ਅੰਦਰ ਫਤਹਿ ਦੀ ਆਸ ਹੀ ਨਹੀਂ ਵਿਖਾਈ ਸਗੋਂ ਇਸਨੂੰ ਪਾਉਣ ਲਈ

---

43 ਉਪਰੋਕਤ ਸ਼ਬਦਾਰਥ-ਦਸਮ ਗ੍ਰੰਥ, 1386.

44 ਉਹੀ, 1386.

45 ਉਹੀ, ਪੰ.16.

ਅਥਾਹ ਜ਼ੋਰ ਤੇ ਜੋਸ਼ ਵੀ ਪੈਦਾ ਕੀਤਾ। ਅਕਾਲ ਪੁਰਖ ਦੀ ਟੇਕ ਅਤੇ ਗੁਰੂ ਸਾਹਿਬ ਦੀ ਅਗਵਾਈ ਹੇਠ ਹਰ ਕੋਈ ਧਰਮ ਯੁੱਧ ਕਰਨ ਲਈ ਅੱਗੇ ਆਉਣ ਲੱਗਾ ਇਸ ਯੋਗ ਅਗਵਾਈ ਨੇ ਵੈਰੀ ਦਲਾਂ ਨੂੰ ਅੱਗੇ ਵਧਦਿਆਂ ਵੇਖ ਕੇ ਆਪਣੇ ਸਿੱਖਾਂ ਨੂੰ ਕੇਵਲ ਅਕਾਲ ਪੁਰਖ ਉਪਰ ਦ੍ਰਿੜ੍ਹ ਨਿਹਚਾ ਰੱਖਣ ਲਈ ਪ੍ਰੇਰਿਆ। ਇਸੇ ਪ੍ਰੇਰਨਾ ਸਦਕਾ ਪੀਰ ਬੁਧੂ ਸ਼ਾਹ ਵੀ ਗੁਰੂ ਸਾਹਿਬ ਜੀ ਦੀ ਸਹਾਇਤਾ ਲਈ ਆਪਣੇ ਚਾਰ ਪੁੱਤਰ ਤੇ ਸਤ ਸੌ ਮੁਰੀਦਾਂ ਸਮੇਤ ਭੰਗਾਣੀ ਪਹੁੰਚ ਗਏ।"[46] ਗੁਰ ਸਾਹਿਬ ਦੀਆਂ ਸਾਰੀਆਂ ਜੰਗਾਂ ਦਾ ਮਨੋਰਥ ਸਰਬੱਤ ਦਾ ਭਲਾ ਅਤੇ ਜ਼ੁਲਮ ਦਾ ਮੁਕਾਬਲਾ ਕਰਨਾ ਹੈ।

**ਸੂਰਬੀਰਤਾ ਅਤੇ ਖਾਲਸਾ : ਅਕਾਲ ਤਖ਼ਤ ਦੀ ਉਸਾਰੀ ਨੇ ਸਿੱਖਾਂ ਅੰਦਰ ਪਰਪੱਕਤਾ ਲਿਆਂਦੀ। ਜੋ ਸਿੱਖ ਸੂਰਬੀਰਤਾ ਦੇ ਸਿਧਾਂਤ ਅਤੇ ਵਿਹਾਰ ਦੇ ਸੁਮੇਲ ਦੀ ਪਹਿਲੀ ਉਦਾਹਰਨ ਹੈ ਇਸ ਤੋਂ ਬਾਅਦ ਦੂਜੀ ਉਦਾਹਰਨ ਸ੍ਰੀ ਗੋਬਿੰਦ ਸਿੰਘ ਜੀ ਵਲੋਂ ਖਾਲਸੇ ਦੀ ਸਿਰਜਨਾ ਕਰਨ ਦੀ ਹੈ।**

**ਇਸ ਸਿਰਜਨਾ ਨੇ ਸਿੱਖ ਸੂਰਬੀਰਤਾ ਦੇ ਸਿਧਾਂਤਕ ਅਤੇ ਵਿਹਾਰਕ ਢਾਂਚੇ ਨੂੰ ਪਰਤੱਖ ਰੂਪ ਵਿਚ ਸਾਹਮਣੇ ਲਿਆਂਦਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਖਾਲਸੇ ਦੀ ਸਿਰਜਨਾ ਕਰਨ ਦਾ ਮਨੋਰਥ ਇਹ ਸੀ ਕਿ ਸਿੱਖ ਹਮੇਸ਼ਾ ਆਪਣੇ ਸਿਧਾਂਤ ਅਤੇ ਵਿਹਾਰ ਨੂੰ ਦ੍ਰਿੜ੍ਹ ਕਰਨ ਲਈ ਉੱਦਮ ਕਰਦੇ ਰਹਿਣ। ਇਸ ਨਾਲ ਸਿੰਘ ਸੂਰਮਿਆਂ ਦੀ ਵਿਲੱਖਣ ਪਛਾਣ ਵੀ ਸਾਹਮਣੇ ਆਈ ਜੋ ਰੂਹਾਨੀਅਤ ਅਤੇ ਸੰਸਾਰਕ ਗਿਆਨ ਨਾਲ ਓਤ-ਪੋਤ ਰਹਿੰਦੀ ਹੈ। ਗੁਰੂ ਸਾਹਿਬ ਵਲੋਂ ਵਿਸਾਖੀ ਵਾਲੇ ਦਿਨ ਇਕ ਅਨੋਖੀ ਘਟਨਾ ਨੂੰ ਅੰਜਾਮ ਦਿੱਤਾ ਗਿਆ ਹੈ। ਜਿਸ ਦਾ ਨਤੀਜਾ ਇਹ ਨਿਕਲਿਆ ਕਿ ਖਾਲਸੇ ਅੰਦਰ ਹਰ ਤਰਾਂ ਦਾ ਡਰ ਖਤਮ ਹੋ ਗਿਆ। ਇਸ ਘਟਨਾ ਦੇ ਸਾਰ ਵਿਚ ਡਾ. ਜਸਪਾਲ ਸਿੰਘ ਲਿਖਦੇ ਹਨ ਕਿ "ਸਰੀਰ ਦੇ ਮੋਹ ਕਾਰਨ ਮਨੁੱਖ ਗੁਲਾਮੀ ਸਹਿੰਦਾ ਹੈ ਮਜਲੂਮ ਬਣਕੇ ਤਰਸਯੋਗ ਹਾਲਤ ਵਿਚ ਜਿਉਂਦਾ ਹੈ, ਸ਼ੋਸ਼ਣ ਦਾ ਕਸ਼ਟ ਭੋਗਦਾ ਹੈ ਅਤੇ ਸਾਰੇ ਅਨਰਥ ਨੂੰ ਰੱਬ ਦਾ ਭਾਣਾ ਮੰਨ ਕੇ ਕਿਸਮਤ ਸਮਝ ਲੈਂਦਾ ਹੈ। ਜੇ ਆਪਾ ਵਾਰਨ ਦੀ ਜਾਚ ਆ ਜਾਵੇ ਤਾਂ ਅਣਖ ਨਾਲ ਜਿਉਣਾ ਵੀ ਆ ਜਾਂਦਾ ਹੈ। ਰੋਜ਼ ਮਰਨ ਨਾਲੋਂ ਇਕ ਵਾਰ**

46 ਗੁਰੂ ਪ੍ਰਤਾਪ ਸੂਰਜ ਗ੍ਰੰਥ, ਪੰ.4793.

**ਮਰਨਾ ਸਦੀਵ ਬਣ ਜਾਂਦਾ ਹੈ ਅਤੇ ਹਜ਼ਾਰਾਂ ਲੱਖਾਂ ਨੂੰ ਸੁਤੰਤਰ ਜ਼ਿੰਦਗੀ ਦੇ ਜਾਂਦਾ ਹੈ"[47] ਖਾਲਸੇ ਦੀ ਸਿਰਜਨਾ ਤੋਂ ਪਤਾ ਚਲਦਾ ਹੈ ਇਹ ਵਿਹਾਰ ਸਿੱਖ ਧਰਮ ਦੇ ਸ਼ੁਰੂਆਤੀ ਸਿਧਾਂਤ**;

ਜਉ ਤਉ ਪ੍ਰੇਮ ਖੇਲਣ ਕਾ ਚਾਉ ਸਿਰੁ ਧਰਿ ਤਲੀ ਗਲੀ ਮੇਰੀ ਆਉ॥

ਇਤੁ ਮਾਰਗਿ ਪੈਰੁ ਧਰੀਜੈ ਸਿਰੁ ਦੀਜੈ ਕਾਣੁ ਨ ਕੀਜੈ॥[48]

ਨੂੰ ਹੀ ਵਿਹਾਰ ਵਿਚ ਲਿਆ ਕੇ ਪੂਰਾ ਕਰਕੇ ਵਿਖਾਇਆ ਗਿਆ ਤਾਂ ਜੋ ਸਿੱਖਾਂ ਵਿਚ ਗੁਰਮਤਿ ਦੇ ਸਿਧਾਂਤ ਅਤੇ ਵਿਹਾਰ ਵਿਚ ਵਖਰੇਵਾਂ ਨਾ ਰਹੇ। ਅਜਿਹਾ ਕਰਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਕਿਰਪਾਨ ਨੂੰ ਮਿਆਨ ਵਿਚੋਂ ਕੱਢ ਕੇ ਹਜ਼ਾਰਾਂ ਲੱਖਾਂ ਦੀ ਗਿਣਤੀ ਵਿਚੋਂ ਪੰਜ ਸਿਰਾਂ ਦੀ ਮੰਗ ਕੀਤੀ। ਗੁਰੂ ਸਾਹਿਬ ਨੇ "ਜਿਸ ਕਿਰਪਾਨ ਨਾਲ ਨਵੀਂ ਜਿੰਦਗੀ ਦਿੱਤੀ, ਦੁਸ਼ਟਾਂ ਦੇ ਨਾਸ਼ ਤੇ ਧਰਮ ਦੇ ਪ੍ਰਚਾਰ ਦਾ ਬੀੜਾ ਚੁੱਕਿਆ ਉਸਦਾ ਫੌਲਾਦ ਗੁਰੂ ਨਾਨਕ ਦੇਵ ਜੀ ਨੇ ਮੁਹੱਈਆ ਕੀਤਾ ਸੀ।"[49] ਸੂਰਬੀਰਤਾ ਦੇ ਸਿਧਾਂਤ ਅਤੇ ਵਿਹਾਰ ਦੇ ਅੰਤਰ ਸੰਬੰਧਾਂ ਬਾਰੇ ਹੋਰ ਸਪੱਸ਼ਟਤਾ ਉਦੋਂ ਹੋ ਜਾਂਦੀ ਹੈ ਜਦੋਂ ਗੁਰੂ ਸਾਹਿਬ ਜੀ ਦੀ ਮੰਗ ਉਪਰ ਪੰਜ ਸੂਰਬੀਰਤ ਯੋਧੇ ਉੱਠ ਖੜ੍ਹੋਂਦੇ ਹਨ। ਇਹਨਾਂ ਪੰਜਾਂ ਦੇ ਨਾਮ ਹੀ ਸੂਰਬੀਰਤਾ ਦੇ ਚਿੰਨ੍ਹ ਵਜੋਂ ਉਭਰ ਕੇ ਸਾਹਮਣੇ ਆਉਂਦੇ ਹਨ। ਜਿਵੇਂ ਕਿ ਸਭ ਤੋਂ ਪਹਿਲਾਂ ਭਾਈ ਦਇਆ ਜੀ, ਫਿਰ ਸਿਲਸਲੇਵਾਰ ਭਾਈ ਧਰਮ, ਭਾਈ ਹਿੰਮਤ, ਭਾਈ ਮੋਹਕਮ ਅਤੇ ਭਾਈ ਸਾਹਿਬ ਜੀ ਗੁਰੂ ਅੱਗੇ ਆਪਣਾ ਆਪ ਅਰਪਨ ਕਰਕੇ *ਇਤੁ ਮਾਰਗਿ ਪੈਰ ਧਰੀਜੈ ਸਿਰੁ ਦੀਜੈ ਕਾਣੁ ਨ ਕੀਜੈ* ॥[50] ਵਾਲੇ ਮਾਰਗ ਲਈ ਪਥਪ੍ਰਦਰਸਕ ਬਣ ਗਏ।

ਸੰਖੇਪ ਵਿਚ ਅਸੀਂ ਇਹ ਹੀ ਕਹਿ ਸਕਦੇ ਹਾਂ ਕਿ ਅਕਾਲ ਤਖ਼ਤ ਅਤੇ ਖਾਲਸੇ ਦੀ ਸਿਰਜਨਾ ਨੂੰ ਚੰਗੀ ਤਰ੍ਹਾਂ ਸਮਝਣ ਨਾਲ ਸਿੱਖ ਸੂਰਬੀਰਤਾ ਦੇ ਸਿਧਾਂਤ ਅਤੇ ਵਿਹਾਰ ਦੇ ਅੰਤਰ ਸੰਬੰਧ ਬਿਨਾਂ ਸ਼ੰਕਿਆਂ ਤੋਂ ਸਾਡੀ ਸਮਝ ਵਿਚ ਆ ਜਾਂਦੇ ਹਨ। ਸਿੱਖ ਧਰਮ ਵਿਚ ਸੂਰਬੀਰਤਾ ਦੇ ਸਿਧਾਂਤ ਅਤੇ ਵਿਹਾਰ ਇਕ ਦੂਜੇ ਦੇ ਪੂਰਕ ਹਨ। ਇਹਨਾਂ ਵਿਚੋਂ ਕਿਸੇ ਇਕ ਪੱਖ ਦੇ ਸਮਰਥਕ ਹੋਣ ਨਾਲ ਸਿੱਖ ਸੂਰਬੀਰਤਾ ਦੇ ਸਰੂਪ ਨੂੰ ਪੇਸ਼ ਨਹੀ ਕੀਤਾ ਜਾ ਸਕਦਾ। ਸਿੱਖ ਗੁਰੂ ਸਹਿਬਾਨ ਨੇ

---

47 ਜਸਪਾਲ ਸਿੰਘ (2009) *ਸਿੱਖ ਧਰਮ ਅਤੇ ਰਾਜਨੀਤੀ*, ਨਵਯੁਗ ਪਬਲਿਸ਼ਰਜ, ਦਿੱਲੀ, ਪੰ.74.

48 ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੧੨.

49 ਉਪਰੋਕਤ, *ਸਿੱਖ ਧਰਮ ਅਤੇ ਰਾਜਨੀਤੀ*, ਪੰ.75

50 ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੧੨.

ਗੁਰਬਾਣੀ ਵਿਚ ਦਰਜ ਸਿਧਾਂਤਾਂ ਨੂੰ ਵਿਹਾਰ ਵਿਚ ਲਿਆਉਣ ਦੀ ਹਦਾਇਤ ਕੀਤੀ ਹੈ।

ਜਿਸ ਮਨੁੱਖ ਅੰਦਰ ਅਧਿਆਤਮਕ ਚਾਨਣ ਹੁੰਦਾ ਹੈ ਤਾਂ ਉਸਦਾ ਪ੍ਰਭਾਵ ਦੂਸਰੇ ਮਨੁੱਖਾਂ ਨੂੰ ਚੜ੍ਹਦੀ ਕਲਾ ਅਤੇ ਸਰਬੱਤ ਦੇ ਭਲੇ ਲਈ ਅੱਗੇ ਆਉਣ ਲਈ ਪ੍ਰੇਰਦਾ ਹੈ, ਫਿਰ ਭਾਵੇਂ ਦੂਸਰਾ ਮਨੁੱਖ ਕੋਈ ਵੀ ਜਾਤ ਰੰਗ, ਨਸਲ, ਕਿੱਤੇ ਆਦਿ ਦਾ ਹੋਵੇ, ਉਹ ਜਬਰ ਜ਼ੁਲਮ ਨੂੰ ਰੋਕਣ ਲਈ ਆਪਣੇ ਬਲ ਰਾਹੀਂ ਅਜਿਹੀ ਮਿਸਾਲ ਪੈਦਾ ਕਰ ਜਾਂਦੇ ਹਨ ਜੋ ਸੂਰਮਿਆਂ ਲਈ ਪ੍ਰੇਰਕ ਵਜੋਂ ਭੂਮਿਕਾ ਨਿਭਾਉਂਦੇ ਹਨ। ਜਿਵੇਂ ਕਿ ਗੁਰ ਇਤਿਹਾਸ ਤੋਂ ਪਤਾ ਚਲਦਾ ਹੈ ਕਿ ਲਾਲ ਚੰਦ ਹਲਵਾਈ ਜਿਸਨੇ ਢਾਲ-ਤਲਵਾਰ ਨੂੰ ਕਦੇ ਹੱਥ ਵਿਚ ਫੜਿਆ ਹੀ ਨਹੀਂ ਸੀ ਅਤੇ ਉਸਨੇ ਜੰਗ ਵਿਚ ਅਜਿਹੇ ਬੇਮਿਸਾਲ ਜੌਹਰ ਦਿਖਾਏ ਕਿ ਸਾਹਮਣੇ ਵੈਰੀ ਦਲ ਵੇਖ ਹੈਰਾਨ ਰਹਿ ਗਿਆ ਜਿਸ ਬਾਰੇ ਸਮਕਾਲੀ ਕਵੀ ਸੈਨਪਤਿ ਨੇ ਆਪਣੀ ਰਚਨਾ ਰਾਹੀਂ ਲਾਲ ਚੰਦ ਦੀ ਬਹਾਦਰੀ ਨੂੰ ਪੇਸ਼ ਕੀਤਾ;

ਲਾਲ ਚੰਦ ਆਨਿ ਕੈ ਕਮਾਨ ਬਾਨਿ ਤਾਨਿ ਕੈ
ਕੀਉ ਸੁ ਜੁਧ ਜਾਨਿ ਕੈ ਭਲੀ ਭਈ ਭਲੀ ਭਈ।[51]

ਲਾਲ ਚੰਦ ਦੀ ਬਹਾਦਰੀ ਪਿੱਛੇ ਗੁਰੂ ਗੋਬਿੰਦ ਸਾਹਿਬ ਜੀ ਵਲੋਂ ਪ੍ਰਦਾਨ ਕੀਤਾ ਹੋਇਆ ਆਤਮਕ ਬਲ ਹੀ ਸੀ। ਸਿੱਖਾਂ ਤੋਂ ਇਲਾਵਾ ਗੁਰੂ ਗੋਬਿੰਦ ਸਾਹਿਬ ਜੀ ਨੇ ਆਪ ਖੁਦ ਭੰਗਾਣੀ ਦੇ ਯੁੱਧ ਵਿਚ ਜ਼ੁਲਮ ਢਾਹੁਣ ਵਾਲਿਆਂ ਨੂੰ ਸੋਧਿਆ ਅਤੇ ਜਿੱਤ ਹਾਸਲ ਕੀਤੀ।

ਭੰਗਾਣੀ ਦੀ ਜੰਗ ਵਿਚ ਫਤਿਹ ਤੋਂ ਬਾਅਦ ਸਤਿਗੁਰੂ ਨੇ ਕਿਸੇ ਨੂੰ ਗੁਲਾਮ ਨਹੀਂ ਬਣਾਇਆ ਕੋਈ ਇਲਾਕਾ ਨਹੀਂ ਮੱਲਿਆ ਨਾ ਧਨ ਮਾਲ ਲੁੱਟਿਆ ਅਤੇ ਨਾ ਹੀ ਕੋਈ ਨਿੱਜੀ ਲਾਭ ਉਠਾਇਆ। ਉਨ੍ਹਾਂ ਦੀਆਂ ਸਾਰੀਆਂ ਜੰਗਾਂ ਜ਼ਰ ਜ਼ੋਰੂ ਜ਼ਮੀਨ ਤੋਂ ਉੱਪਰ ਉੱਠ ਕੇ ਜਬਰ ਜ਼ੁਲਮ ਖਿਲਾਫ ਲੜਨ ਦੀ ਗਵਾਹੀ ਭਰਦੀਆਂ ਹਨ।

ਧਰਮ ਜੁੱਧ ਵਿਚ ਲੜਨ ਵਾਲੇ ਸੂਰਮਿਆਂ ਅੰਦਰ ਇਸ ਵਿਸ਼ਵਾਸ ਨੂੰ ਪਰਪੱਕ ਕੀਤਾ ਕਿ ਸਰਬੱਤ ਭਲੇ ਲਈ ਹੋਈ ਫਤਿਹ ਵਾਹਿਗੁਰੂ ਜੀ ਕੀ ਫਤਿਹ ਹੈ ਜਿਸਨੂੰ ਪਰਾਪਤ ਕਰਨ ਲਈ ਅਕਾਲ ਪੁਰਖ ਦੇ ਅੱਗੇ ਅਰਜੋਈ ਕਰਦੇ ਰਹਿਣਾ ਚਾਹੀਦਾ ਹੈ;

ਰਣੰ ਤਿਆਗਿ ਭਾਗੇ। ਸਬੈ ਤ੍ਰਾਸ ਪਾਗੇ। ਭਈ ਜੀਤ ਮੇਰੀ। ਕ੍ਰਿਪਾ ਕਾਲ ਕੇਰੀ।

---

51 ਸ੍ਰੀ ਗੁਰ ਸੋਭਾ, ਧਿਆਇ 2, ਪਦ 20/61, ਪੰ.10.

ਰਣੰ ਜੀਤਿ ਆਏ ਜਯੰ ਗੀਤ ਗਾਏ। ਧਨੰਧਾਰ ਬਰਖੇ। ਸਬੈ ਸੂਰ ਹਰਖੇ।[52]

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੂਰਬੀਰਤਾ ਨੂੰ ਕੇਵਲ ਜੰਗ-ਯੁੱਧਾਂ ਤੱਕ ਹੀ ਸੀਮਤ ਨਹੀਂ ਕਰਨਾ ਚਾਹੀਦਾ ਕਿਉਂਕਿ ਸਰੀਰਕ ਸੂਰਬੀਰਤਾ ਤਾਂ ਗੁਰੂ ਸਾਹਿਬ ਜੀ ਦੀ ਸ਼ਖ਼ਸੀਅਤ ਦਾ ਇਕ ਪੱਖ ਹੀ ਹੈ। ਉਹ ਅਜਿਹੇ ਸੂਰਮੇ ਸਨ ਜਿਨ੍ਹਾਂ ਅੰਦਰ ਭਗਤੀ ਅਤੇ ਸ਼ਕਤੀ ਇਕ ਰਸ ਕਾਇਮ ਸੀ। ਉਹਨਾਂ ਦੀ ਸੂਰਬੀਰਤਾ ਉਸ ਸਮੇਂ ਤੋਂ ਹੀ ਸ਼ੁਰੂ ਹੋ ਜਾਂਦੀ ਹੈ ਜਦੋਂ ਆਪਣੇ ਪਿਤਾ ਨੂੰ ਸ਼ਹਾਦਤ ਲਈ ਤੋਰਦੇ ਹਨ। ਜਦੋਂ ਉਹ ਜ਼ੁਲਮ ਨੂੰ ਰੋਕਣ ਲਈ ਖਾਲਸਾ ਪੰਥ ਦੀ ਸਾਜਨਾ ਕਰਦੇ ਹਨ ਅਤੇ ਆਪ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਛਕ ਕੇ ਸਿੰਘ ਸਜਦੇ ਹਨ। ਗੁਰੂ ਸਾਹਿਬ ਜੀ ਪਰਿਵਾਰ ਵਿਛੋੜੇ ਤੋਂ ਬਾਅਦ ਵੀ ਚੜ੍ਹਦੀ ਕਲਾ ਅਤੇ ਅਕਾਲ ਪੁਰਖ ਨਾਲ ਜੁੜੇ ਰਹੇ। ਉਹਨਾਂ ਵਰਗੀ ਬਹਾਦਰੀ ਦਿਖਾਉਣਾ ਹਰ ਸੂਰਮੇ ਦੇ ਵਸ ਵਾਲੀ ਗੱਲ ਨਹੀਂ ਕਿਉਂਕਿ ਚਮਕੌਰ ਸਾਹਿਬ ਦੇ ਜੰਗ ਵਿਚ ਆਪਣੇ ਵੱਡੇ ਸਾਹਿਬਜਾਦਿਆਂ ਨੂੰ ਸ਼ਹੀਦ ਹੁੰਦੇ ਹੋਏ ਆਪ ਅੱਖੀ ਵੇਖਣਾ ਅਸੰਭਵ ਹੈ। ਬਾਅਦ ਮਾਛੀਵਾੜੇ ਦੇ ਜੰਗਲਾਂ ਵਿਚ ਡੇਰੇ ਲਾਉਣਾ ਅਤੇ ਆਪਣੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਸੁਣ ਕੇ ਅਕਾਲ ਪੁਰਖ ਦਾ ਸ਼ੁਕਰ ਗੁਜ਼ਾਰ ਕਰਨਾ ਅਜਿਹੀ ਅਸਹਿ ਅਤੇ ਅਕਹਿ ਹਾਲਤ ਵਿਚ ਅਕਾਲ ਦੀ ਰੰਗਤ ਨੂੰ ਮਾਣਨਾ ਸੂਰਬੀਰਤਾ ਦੀ ਮਿਸਾਲ ਹੈ;

ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ।
ਤੁਧੁ ਬਿਨੁ ਰੋਗੁ ਰਜ਼ਾਈਆਂ ਦਾ ਓਢਣ ਨਾਗ ਨਿਵਾਸਾਂ ਦੇ ਰਹਣਾ।
ਸੂਲ ਸੁਰਾਹੀ ਖੰਜਰ ਪਿਯਾਲਾ ਬਿੰਗ ਕਸਾਈਆਂ ਦਾ ਸਹਣਾ
ਯਾਰੜੇ ਦਾ ਸਾਨੂੰ ਸਥਰ ਚੰਗਾ ਭਠ ਖੇੜਿਆਂ ਦਾ ਰਹਣਾ।[53]

ਗੁਰੂ ਸਾਹਿਬ ਜੀ ਨੇ ਅਕਾਲ ਪੁਰਖ ਦਾ ਸ਼ਸਤ੍ਰਧਾਰੀ ਬੀਰ ਸਰੂਪ ਦਾ ਨਿਰੂਪਣ ਆਪਣੇ ਅਧਿਆਤਮਕ ਅਨੁਭਵ ਦੇ ਆਧਾਰ 'ਤੇ ਕੀਤਾ। ਇਸ ਸਰੂਪ ਸਦਕਾ ਗੁਰੂ ਜੀ ਨੇ ਆਪਣੇ ਜੀਵਨ ਉਦੇਸ਼ 'ਧਰਮ ਚਲਾਵਨ ਸੰਤ ਉਪਾਰਨ ਦੁਸਟ ਸਭਨ ਕੋ ਮੂਲ ਉਪਾਰਨ' ਨੂੰ ਪ੍ਰਾਪਤ ਕਰਨ ਲਈ ਸੂਰਬੀਰਤਾ ਦੀ ਪ੍ਰਮੁੱਖਤਾ ਨੂੰ ਕਾਇਮ ਰੱਖਿਆ।

---

52 ਸ਼ਬਦਾਰਥ- ਦਸਮ ਗ੍ਰੰਥ, ਪੰ.79.

53 ਸ੍ਰੀ ਦਸਮ ਗ੍ਰੰਥ, 1232-1233.

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੂਰਬੀਰਤਾ ਵਾਲੇ ਸਿਧਾਂਤ ਜੋ ਨਰ ਦੁਖ ਮੈਂ ਦੁਖ ਨਹੀ ਮਾਨੈ ਸੁਖ ਸਨੇਹੁ ਅਰ ਭੈ ਨਹੀਂ ਜਾ ਕੈ ਕੰਚਨ ਮਾਟੀ ਮਾਨੈ ॥ ਆਪਣੇ ਵਿਰਸੇ ਵਿਚੋਂ ਹੀ ਪ੍ਰਾਪਤ ਕੀਤੇ ਸਨ। ਉਨ੍ਹਾਂ ਦੇ ਪਿਤਾ-ਗੁਰੂ ਦੇ ਬਚਨ ਅਡੋਲ ਰਹਿਣ ਲਈ ਪ੍ਰੇਰਨਾ ਸ੍ਰੋਤ ਹਨ। ਗੁਰੂ ਸਾਹਿਬ ਜੀ ਨੇ ਧਰਮ ਭਾਵਨਾ ਤੇ ਯੁਧ-ਭਾਵਨਾ ਦੇ ਸੁਮੇਲ ਨੂੰ ਕਾਇਮ ਰੱਖਿਆ;

ਧੰਨ ਜੀਓ ਤਿਹ ਕੋ ਜਗ ਮੈਂ ਮੁਖ ਤੇ ਹਰਿ ਚਿੱਤ ਮੈ ਜੁਧ ਬਿਚਾਰੇ,
ਦੇਹ ਅਨਿੱਤ ਨ ਨਿੱਤ ਰਹੈ ਜਸੁ-ਨਾਵ ਚੜ੍ਹੈ ਭਵ ਸਾਗਰ ਤਾਰੈ।
ਧੀਰਜ ਧਾਮ ਬਨਾਇ ਇਹੈ ਤਨ ਬੁੱਧਿ ਸੁ ਦੀਪਕ ਜਿਉ ਉਜੀਆਰੈ॥[54]
ਖਗ ਖੰਡ ਬਿਹੰਡੰ ਖਲ ਦਲ ਖੰਡੰ ਅਤਿ ਰਣ ਮੰਡੰ ਬਰਬੰਡੰ।
ਭੁਜ ਦੰਡ ਅਖੰਡੰ ਤੇਜ ਪ੍ਰਚੰਡੰ ਜੋਤਿ ਅਮੰਡੰ ਭਾਨੁ ਪ੍ਰਭੰ।
ਸੁਖ ਸੰਤਾ ਕਰਣੰ ਦੁਰਮਤਿ ਦਰਣੰ ਕਿਲਬਿਖ ਹਰਣੰ ਅਸਿ ਸਰਣੰ॥
ਜੈ ਜੈ ਜਗ ਕਾਰਣ ਸ੍ਰਿਸਟਿ ਉਬਾਰਣ ਮਮ ਪ੍ਰਤਿਪਾਲਣ ਜੈ ਤੇਗੰ॥ ।2[55]

ਅਧਿਆਤਮਕ ਸੂਰਬੀਰਤਾ ਦੇ ਮੂਲ ਸਰੋਤ ਅਕਾਲ ਪੁਰਖ ਨਾਲ ਆਪਣਾ ਰਾਬਤਾ ਬਣਾਉਣਾ ਮੁਖ ਰਿਹਾ ਹੈ। ਗੁਰੂ ਸਾਹਿਬਾਨ ਨੇ ਹਰ ਔਖੀ ਘੜੀ ਸਮੇਂ ਵੀ ਅਕਾਲ ਪੁਰਖ ਦਾ ਸਿਮਰਨ ਕਰਕੇ ਸਿੱਖ ਸੂਰਮਿਆਂ ਅੰਦਰ ਬੇਮਿਸਾਲ ਤਾਕਤ ਪੈਦਾ ਕੀਤੀ। ਹਰ ਸਿੱਖ ਆਪਣੇ ਗੁਰੂ ਦੇ ਪਾਏ ਪੂਰਨਿਆਂ ਉਪਰ ਹਮੇਸ਼ਾ ਕਾਇਮ ਰਹਿੰਦੇ ਹਨ ਅਤੇ ਆਤਮਕ ਬਲ ਲਈ ਗੁਰਬਾਣੀ ਤੋਂ ਰੌਸ਼ਨੀ ਪ੍ਰਾਪਤ ਕਰਦੇ ਰਹਿੰਦੇ ਹਨ। ਕਿਸੇ ਜਾਬਰ ਦੇ ਜ਼ੁਲਮ ਨੂੰ ਸ਼ਾਂਤੀ ਨਾਲ ਸਹਿਣਾ ,ਜਵਾਬ ਦੇਣ ਦੀ ਸਮਰੱਥਾ ਦੇ ਹੁੰਦਿਆਂ ਹੋਇਆਂ ਵੀ ਸਬਰ ਕਰ ਜਾਣਾ ਅਧਿਆਤਮਕ ਸੂਰਬੀਰਤਾ ਦਾ ਪ੍ਰਮਾਣ ਹੈ।

ਸੋ ਗੁਰੂ ਸਾਹਿਬ ਜੀ ਦੀ ਸੂਰਬੀਰਤਾ ਦੇ ਸਾਰੇ ਪੱਖਾਂ ਨੂੰ ਕਲਮਬੰਦ ਕਰਨਾ ਕਠਿਨ ਕਾਰਜ ਹੈ। ਉਹਨਾਂ ਦੇ ਸਿਧਾਂਤ ਅਤੇ ਅਮਲ ਸਿੱਖਾਂ ਲਈ ਅਧਿਆਤਮਕ ਅਤੇ ਸਮਾਜਕ ਸੂਰਬੀਰਤਾ ਲਈ ਪ੍ਰੇਰਨਾਸ੍ਰੋਤ ਹਨ। ਇਹ ਪ੍ਰੇਰਨਾ ਜੀਵਨ ਦੀ ਪਰਪੱਕਤਾ ਲਈ ਸਿੰਘ ਸੂਰਮਿਆਂ ਤੋਂ ਇਲਾਵਾ ਹਰ ਮਨੁੱਖ ਨੂੰ ਅਧਿਆਤਮਕ ਤਾਕਤ ਪ੍ਰਦਾਨ ਕਰਦੀ ਹੈ।

---

54 ਉਹੀ, ਪੰ.798.

55 ਉਹੀ ਪੰ.53.

## 2. ਸਿੱਖ ਧਰਮ ਵਿਚ ਸਮਾਜਕ ਸੂਰਬੀਰਤਾ ਦਾ ਵਿਹਾਰਕ ਪੱਖ

ਸਮਾਜਕ ਢਾਂਚੇ ਦੀ ਬੁਨਿਆਦ ਧਰਮ ਹੁੰਦਾ ਹੈ। ਸਮਾਜ ਵਿਚੋਂ ਅਨੈਤਿਕ ਕੀਮਤਾਂ ਨੂੰ ਜੜ੍ਹੋ ਪੁੱਟਣ, ਸਮਾਜ ਵਿਚ ਪਏ ਪਾੜੇ ਨੂੰ ਮਿਟਾਉਣ ਅਤੇ ਜੀਵਨ ਦੀ ਉਥਲ-ਪੁਥਲ ਨੂੰ ਸੁਧਾਰ ਕੇ ਉਸ ਵਿਚ ਇਕਸਾਰਤਾ ਲਿਆਉਣਾ ਸਮਾਜਕ ਸੂਰਬੀਰਤਾ ਹੈ। "ਭਾਰਤੀ ਪ੍ਰੰਪਰਾ ਵਿਚ ਧਾਰਮਕ, ਸਿਆਸੀ ਜਾਂ ਆਰਥਕ ਜੀਵਨ ਦੇ ਸਾਰੇ ਪੱਖ ਕਿਸੇ ਨਾ ਕਿਸੇ ਤਰੀਕੇ ਧਾਰਮਿਕ ਪਹਿਲੂ ਤੋਂ ਹੀ ਬਿਆਨ ਕੀਤੇ ਜਾਂਦੇ ਸਨ ਇਥੋਂ ਤੱਕ ਕਿ ਆਮ ਮਾਨਵੀ ਵਰਤੋਂ ਵਿਹਾਰ ਅਤੇ ਸਿਹਤ ਅਸੂਲਾਂ ਨੂੰ ਵੀ ਧਾਰਮਕ ਮੁਹਾਵਰੇ ਵਿਚ ਸਮਝਿਆ ਜਾ ਸਕਦਾ ਸੀ।"[56] ਪਰ ਜੇ ਧਾਰਮਕ ਉਪਦੇਸ਼ ਮਨੁੱਖਤਾ ਦੇ ਅਨੁਕੂਲ ਨਾ ਹੋਣ ਤਾਂ ਚੰਗਾ ਸਮਾਜ ਸਿਰਜਿਆ ਨਹੀਂ ਜਾ ਸਕਦਾ। ਅਜਿਹੇ ਸਮਾਜ ਵਿਚ ਕੂੜ ਦੀ ਅਮਾਵਸ ਛਾਈ ਰਹਿੰਦੀ ਹੈ ਅਤੇ ਸੱਚ ਦੇ ਚੰਦਰਮੇ ਦੀ ਚਾਨਣੀ ਨਜ਼ਰ ਨਹੀਂ ਆਉਂਦੀ। ਜਿਸ ਪ੍ਰਕਾਰ ਗੁਰੂ ਨਾਨਕ ਸਾਹਿਬ ਨੇ ਆਪਣੇ ਸਮਕਾਲ ਵਿਚ ਤੱਕਿਆ ਅਤੇ ਆਪਣੀ ਬਾਣੀ ਵਿਚ ਪ੍ਰਗਟ ਕੀਤਾ;

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥[57]

ਇਹਨਾਂ ਸਤਰਾਂ ਵਿਚ ਗੁਰੂ ਸਾਹਿਬ ਨੈਤਿਕਤਾ ਦੇ ਅਹਿਮ ਤੱਤ ਸੱਚ ਅਤੇ ਧਰਮ ਦੀ ਅਣਹੋਂਦ ਨੂੰ ਦਰਸਾਇਆ ਗਿਆ ਹੈ। ਗੁਰੂ ਸਾਹਿਬ ਨੇ ਆਪਣੇ ਸੁਚੱਜੇ ਸਿਧਾਂਤਾਂ ਦਾ ਸਿੱਕਾ ਚਲਾ ਕੇ ਨਿਰਮਲ ਪੰਥ ਦਾ ਆਗਾਜ਼ ਕੀਤਾ;

ਮਾਰਿਆ ਸਿਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਇਆ॥[58]

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨੁੱਖਾਂ ਦੇ ਅੰਦਰਲੀਆਂ ਜਾਤਾਂ,ਮਜਹਬਾਂ- ਅਮੀਰੀਆਂਗਰੀਬੀਆਂ - ਦੀਆਂ ਦਰਾੜਾਂ ਨੂੰ ਭਰਨ ਲਈ ਸਰਬ ਸਾਂਝੀਵਾਲਤਾ ਦਾ ਉਪਦੇਸ਼ ਦਿੱਤਾ;

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥
ਏਕ ਨੂਰੁ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥[59]

---

56 ਜਗਜੀਤ ਸਿੰਘ (2002) *ਸਿੱਖ ਇਨਕਲਾਬ, ਸ੍ਰੋਮਣੀ* , ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਪੰ.99.

57 ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੫.

58 ਭਾਈ ਗੁਰਦਾਸ- ਵਾਰ-1 ਪਉੜੀ-45, ਹਜ਼ਾਰਾ ਸਿੰਘ, ਵੀਰ ਸਿੰਘ (1962) *ਸਟੀਕ ਵਾਰਾਂ ਭਾਈ ਗੁਰਦਾਸ,* ਖਾਲਸਾ ਸਮਾਚਾਰ ਅੰਮ੍ਰਿਤਸਰ, ਪੰ.39.

59 ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੪੯.

ਉਨ੍ਹਾਂ ਸਰਬੱਤ ਦੇ ਭਲੇ ਵਾਸਤੇ ਆਪਣੇ ਨਿੱਜੀ ਸੁਆਰਥਾਂ ਅਤੇ ਸੁਖਾਂ ਦਾ ਤਿਆਗ ਕੀਤਾ ਅਤੇ ਵੇਖਿਆ ਕਿ ਕਿਵੇਂ ਸਾਰੀ ਧਰਤੀ ਹੀ ਦੁੱਖਾਂ ਵਿਚ ਸੜ ਰਹੀ ਹੈ ਅਤੇ ਪੁਕਾਰ ਰਹੀ ਹੈ। ਉਹ ਸਮੂਹ ਦੁਨੀਆਂ ਦੀ ਵਸੋਂ (ਧਰਤਿ ਲੋਕਾਈ) ਨੂੰ ਸਹੀ ਰਾਹ ਦੱਸਣ, ਰੱਬੀ ਸੰਦੇਸ਼ ਦੇਣ ਚੜ੍ਹ ਪਏ। ਗੁਰੂ ਨਾਨਕ ਨੇ ਨੀਚ ਕਹੇ ਜਾਣ ਵਾਲੇ ਨੂੰ ਗਲ ਨਾਲ ਲਾ ਕੇ ਸਿੱਧ ਕੀਤਾ ਕਿ ਇਹਨਾਂ ਦੁਰਕਾਰੇ ਲੋਕਾਂ ਨੂੰ ਪ੍ਰੇਮ ਕਰਨ ਨਾਲ ਪ੍ਰਮਾਤਮਾ ਦੀ ਨਦਰਿ ਦੇ ਪਾਤਰ ਬਣਿਆ ਜਾ ਸਕਦਾ ਹੈ;

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥
ਜਿਥੈ ਨੀਚ ਸਮਾਲੀਅਨ ਤਿਥੈ ਨਦਰਿ ਤੇਰੀ ਬਖਸੀਸ॥[60]

ਜਾਤੀ ਪ੍ਰਥਾ ਦੀ ਵਿਰੋਧਤਾ ਵਾਲੇ ਉਪਦੇਸ਼ਾਂ ਨੇ ਜਾਤ ਅਭਿਆਨੀਆਂ ਨੂੰ ਕਰਾਰੀ ਸੱਟ ਮਾਰੀ। ਜਾਤੀ ਪ੍ਰਥਾ ਵਿਚ ਸਭ ਤੋਂ ਨੀਵੇਂ ਸ਼ੂਦਰ ਸਨ ਅਤੇ ਗੁਰੂ ਪਾਤਸ਼ਾਹ ਦੇ ਸਮਾਜ ਵਿਚ ਇਸਤਰੀ ਸ਼ੂਦਰਾਂ ਤੋਂ ਵੀ ਸ਼ੂਦਰ ਸੀ। ਜਿਸ ਬਾਰੇ ਤੁਲਸੀ ਦਾਸ ਆਪਣੀ ਰਚਨਾ ਰਮਾਇਣ ਦੇ ਸੁੰਦਰ-ਕਾਂਡ ਵਿਚਲਾ ਸਿਧਾਂਤ ਨਾਰੀ ਨੂੰ ਢੋਲ, ਨੀਚ, ਪਸ਼ੂ ਸਮਾਨ ਹੀ ਮੰਨਦਾ ਤੇ ਅੱਤਿਆਚਾਰ ਕਰਨ ਲਈ ਪ੍ਰੇਰਨਾ ਦਿੰਦਾ ਹੈ;

"ਢੋਰ ਗਵਾਰ ਸੂਦਰ ਪਸੂ ਨਾਰੀ। ਸਕਲ ਤਾੜਨਾ ਕੇ ਅਧਿਕਾਰੀ।"[61]

ਜਿਸਨੇ ਔਰਤ ਨੂੰ ਦਾਸੀ, ਪੈਰ ਦੀ ਜੁੱਤੀ, ਢੋਲ ਤੇ ਪਸ਼ੂ ਦੀ ਤਰ੍ਹਾਂ ਮਾਰਕੁੱਟ ਤੱਕ ਹੀ ਸੀਮਤ ਰੱਖਿਆ। ਜਗਜੀਤ ਸਿੰਘ, ਮੰਨੂ ਸਿਮ੍ਰਤੀ ਦੇ ਹਵਾਲੇ ਨਾਲ ਲਿਖਦੇ ਹਨ, "ਇਸਤਰੀ, ਸ਼ੂਦਰ, ਕੁੱਤੇ, ਕਾਂ ਝੂਠ ਦਾ ਨਮੂਨਾ ਹੈ ਅਤੇ ਇਸਤਰੀ ਕਦੇ ਅਜ਼ਾਦੀ ਦੇ ਯੋਗ ਨਹੀਂ।"[62] ਇਸੇ ਤਰ੍ਹਾਂ ਗੋਰਖ ਬਾਣੀ ਵਿਚ ਔਰਤ ਨੂੰ 'ਖੂਨ ਪੀਣੀ ਬਘਿਆੜਨ' ਆਖਿਆ ਗਿਆ ਹੈ ਜੋ ਸਾਰੀ ਰਾਤ ਬੰਦੇ ਦੇ ਜੀਵਨ ਨੂੰ ਖਤਮ ਕਰਨ 'ਚ ਤੱਤਪਰ ਰਹਿੰਦੀ ਹੈ ਅਤੇ ਦਿਨ ਵੇਲੇ ਸੌਂਦੀ ਹੈ;

---

60 ਉਹੀ, ੧੫.

61 *ਤੁਲਸੀ ਦਾਸ* (ਮਿਤੀਹੀਨ) *ਤੁਲਸੀ ਦਾਸ ਰਮਾਇਣ* (ਸੁੰਦਰ ਕਾਂਡ) (ਅਨੁ.) ਹਰਸ਼ ਕੁਮਾਰ ਹਰਸ਼, *ਅਮਿਤ ਪਾਕੇਟ* ਬੁੱਕਸ ਜਲੰਧਰ, ਪੰ.,625.

62 ਜਗਜੀਤ ਸਿੰਘ, ਉਪਰੋਕਤ, *ਸਿੱਖ ਇਨਕਲਾਬ* , ਪੰ.13.

ਬਾਘਨਿ ਨਿੰਦਿ ਲੈ ਬਾਘਨਿ ਬਿੰਦਿ ਲੈ ਬਾਘਨਿ ਹਮਰੀ ਕਾਇਆ।[63]

ਇਨ੍ਹਾਂ ਸਿਧਾਂਤਾਂ ਦਾ ਗੁਰੂ ਨਾਨਕ ਸਾਹਿਬ ਨੇ ਨਿਡਰਤਾ ਨਾਲ ਵਿਰੋਧ ਕੀਤਾ ਅਤੇ ਬਾਣੀ ਵਿਚ ਸਭ ਤੋਂ ਉੱਚਾ ਦਰਜਾ ਔਰਤ ਨੂੰ ਬਖਸ਼ ਕੇ ਪ੍ਰਚੱਲਤ ਸਿਧਾਂਤਾਂ ਦਾ ਇਕ ਤਾਰਕਿਕ ਵਿਰੋਧੀਸਿਧਾਂਤ- )anti-thesisਸਾਹਮਣੇ ਰੱਖਿਆ ( ਕਿ ਇਸ ਜਗਤ-ਜਨਨੀ ਨੂੰ ਮੰਦਾ ਕਿਉਂ ਆਖਿਆ ਜਾਵੇ। ਇਹ ਸਾਰੇ ਸਮਾਜੀ ਮਨੁੱਖਾਂ ਨੂੰ ਜਨਮ ਦੇਣ ਵਾਲੀ ਸਤਿਕਾਰਨ ਯੋਗ ਮਾਂ ਹੈ;

ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥

ਸੋ ਕਿਉ ਮੰਦਾ ਆਖੀਐ ਜਿਤੁ ਜੰਮੈ ਰਾਜਾਨ॥[64]

ਇਹ ਸ਼ਬਦ ਉਨ੍ਹਾਂ ਦੀ ਨੈਤਿਕ ਬਹਾਦਰੀ ਨੂੰ ਪ੍ਰਗਟਾਉਂਦੇ ਹਨ। ਜਾਤੀ ਪ੍ਰਥਾ ਅਤੇ ਨਾਰੀ ਦੀ ਦੁਰਦਸ਼ਾ ਤੋਂ ਇਲਾਵਾ ਸੂਤਕ-ਪਾਤਕ, ਸ਼ਰਾਧਾਂ, ਵਰਤ ਨਸ਼ਿਆਂ ਆਦਿ ਨੇ ਸੁਚੱਜੀ ਜੀਵਨ ਜਾਂਚ ਨੂੰ ਸਮਾਜ ਤੋਂ ਪਰ੍ਹੇ ਰੱਖਿਆ। ਗੁਰੂ ਸਾਹਿਬ ਨੂੰ ਸਿਰਫ ਪ੍ਰਚੱਲਤ ਕੁ ਸਿਧਾਂਤਾਂ ਦਾ ਵਿਅਕਤੀਗਤ ਵਿਰੋਧ ਹੀ ਨਹੀਂ ਕੀਤਾ ਬਲਕਿ ਆਪਣੇ ਤੋਂ ਪਹਿਲਾਂ ਹੋਈਆਂ ਵਿਅਕਤੀਗਤ ਕੋਸ਼ਿਸ਼ਾਂ (ਬੁੱਧ, ਮਹਾਂਵੀਰ, ਭਗਤ ਰਵੀਦਾਸ, ਭਗਤ ਕਬੀਰ ਆਦਿ) ਦੀ ਨਜ਼ਰਾਨੀ ਤੋਂ ਇਹ ਵੀ ਵੇਖਿਆ ਕਿ ਇਹ ਇਕ ਵਿਅਕਤੀ ਦੁਆਰਾ ਇਕ ਜੀਵਨ ਵਿਚ ਪੂਰਨ ਹੋਣ ਵਾਲਾ ਕੰਮ ਨਹੀਂ ਹੈ, ਬਲਕਿ ਇਸ ਲਈ ਸੰਸਥਾਵਤ ਨਿਰੰਤਰਤਾ ਦੀ ਜ਼ਰੂਰਤ ਹੈ। ਸੋ ਉਹਨਾਂ ਬੁਨਿਆਦੀ ਸੰਸਥਾਵਾਂ (ਲੰਗਰ, ਪੰਗਤ, ਸੰਗਤ) ਕਾਇਮ ਕੀਤੀਆਂ ਜੋ ਇਹਨਾਂ ਕੁਰੀਤੀਆਂ ਉਪਰ ਲੋਹਾਰੀ ਚੋਟ ਸੁਨਾਰੇ ਵਾਂਗ ਨਿਰੰਤਰ ਕਰਦੀਆਂ ਰਹਿਣ ਅਤੇ ਪਿਛਲਿਆਂ ਦੇ ਮੁਕਾਬਲੇ ਆਪਣੇ ਉਤਰਾਧਿਕਾਰੀ ਥਾਪਿਆ ਜੋ ਇਸ ਨਵੀਂ ਫੁੱਟੀ ਗੰਗਾ ਨੂੰ ਕੰਢਿਆਂ ਵਿਚ ਰੱਖ ਕੇ ਇਸ ਨੂੰ ਵੇਗ ਵਾਂਗ ਰੱਖਿਆ ਜਾ ਸਕੇ।

ਮਨੁੱਖ ਦੇ ਸਮਾਜਕ ਸੰਬੰਧਾਂ ਦੇ ਵਰਤਾਰੇ ਦਾ ਮੁੱਖ ਵਿਸ਼ਾ ਵਿਅਕਤੀ ਦਾ ਆਚਰਨ ਹੈ ਜਿਸ ਦੀ ਪਰਿਭਾਸ਼ਾ ਨੂੰ ਸਮਝਣਾ ਲੋੜੀਂਦਾ ਹੈ। "ਸਧਾਰਨ ਰੂਪ ਵਿਚ ਚਾਲ-ਚਲਣ ਜਾਂ ਕਰੈਕਟਰ ਦਾ ਸੰਬੰਧ ਜਿਨਸੀ ਵਿਹਾਰ ਹੈ। ਜਿਸਦਾ ਇਹ ਵਿਹਾਰ ਸੁੱਚਾ ਹੈ ਉਹ ਚੰਗੇ ਚਾਲ-ਚਲਣ ਜਾਂ ਚਰਿੱਤਰ

63 ਉਜਾਗਰ ਸਿੰਘ ਸਹਿਗਲ (1989) *ਗੋਰਖ ਬਾਣੀ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ.173.

64 ਸ੍ਰੀ ਗੁਰੂ ਗ੍ਰੰਥ ਸਾਹਿਬ, ੪੭੩.

ਵਾਲਾ ਹੈ। ਆਚਰਨ ਮਨੁੱਖ ਦੇ ਇੱਛਤ ਕਰਮਾਂ ਦਾ ਸਮੂਹ ਹੈ।"[65] ਇਨ੍ਹਾਂ ਕਰਮਾਂ ਦੀ ਪੇਸ਼ਕਾਰੀ ਲਈ ਮਨੁੱਖੀ ਆਦਤਾਂ ਅਹਿਮ ਰੋਲ ਅਦਾ ਕਰਦੀਆਂ ਹਨ। ਚੰਗੀਆਂ ਆਦਤਾਂ ਮਨੁੱਖੀ ਕਿਰਦਾਰ ਦਾ ਰਹੱਸ ਹੁੰਦੀ ਹਨ ਜੋ ਬਹਾਦਰੀ ਲਈ ਲੋੜੀਂਦੀਆਂ ਹਨ। ਸਦੀਆਂ ਪਹਿਲਾਂ ਪ੍ਰਸਿੱਧ ਵਿਦਵਾਨ ਅਰਸਤੂ ਨੇ ਲਿਖਿਆ, "ਆਚਰਨ ਦੀ ਘਾੜਤ ਵਿਚ ਆਦਤਾਂ ਦੀ ਅਹਿਮ ਭੂਮਿਕਾ ਹੈ ਇਸ ਦੇ ਲਈ ਭਾਵੇਂ ਬਹਾਦਰੀ ਭਰਪੂਰ ਕੰਮ ਕੀਤੇ ਜਾਣ ਜਾਂ ਸਿਰਫ ਕੰਮ ਕੀਤਾ ਜਾਵੇ ਇਹਨਾਂ ਨਾਲ ਅਸੀਂ ਬਹਾਦਰ ਜਾਂ ਅਹਿਮ ਵਿਅਕਤੀ ਬਣ ਜਾਂਦੇ ਹਾਂ ਅਤੇ ਇਹ ਵੀ ਕਿਹਾ ਜਾ ਸਕਦਾ ਹੈ ਕਿ ਸ਼ਾਬਦਿਕ ਤੌਰ 'ਤੇ ਦੋਵੇਂ ਸੰਬੰਧਤ ਹਨ।"[66] ਮਨੁੱਖ ਦੀਆਂ ਮਨੋਬਿਰਤੀਆਂ ਤੇ ਆਦਤਾਂ ਵਿਚ ਧਰਮ ਦੇ ਪ੍ਰਭਾਵ ਹੇਠ ਬਦਲਾਅ ਹੋਣਾ ਅਤਿ ਜਰੂਰੀ ਹੈ;

> "ਜਿੰਨਾ ਚਿਰ ਇਹ ਬਦਲਾਉ ਅੰਤ੍ਰੀਵ ਰੂਪ ਵਿਚ ਦਿਲਾਂ ਵਿਚ ਨਹੀਂ ਵਾਪਰਦਾ, ਇਹ ਆਤਮਿਕ ਜੀਵਨ ਤੋਂ ਵਿਹੂਣੇ ਮਨੁੱਖਾਂ ਦੁਆਰਾ ਕੀਤੀ ਜਾਣ ਵਾਲੀ ਬਾਹਰੀ ਰਸਮ ਬਣ ਕੇ ਰਹਿ ਜਾਂਦਾ ਹੈ ਜੇਕਰ ਅਮਲਾਂ ਦੇ ਅੰਤਰੀਵ ਸੋਮਿਆਂ ਦੀ ਕਾਇਆ-ਕਲਪ ਨਹੀਂ ਕੀਤੀ ਜਾਂਦੀ ਤਾਂ ਨਿਰੋਲ ਬਾਹਰਮੁਖੀ (ਸਮਾਜਕ) ਤਬਦੀਲੀ ਕਾਰਨ ਮਨੁੱਖੀ ਆਚਰਨ ਵਿਚ ਸਿਫਤੀ ਸੁਧਾਰ ਨਹੀਂ ਹੋ ਸਕਦਾ।"[67]

ਆਚਰਨ ਵਿਅਕਤੀ ਦੀ ਸੰਪੂਰਨ ਸ਼ਖ਼ਸੀਅਤ ਅਤੇ ਬਹਾਦਰੀ ਦਾ ਬਾਹਰੀ ਪ੍ਰਗਟਾਵਾ ਹੈ। ਆਚਰਨ ਵਿਹਾਰ ਵਿਚੋਂ ਪ੍ਰਗਟ ਹੁੰਦਾ ਹੈ। ਆਚਰਨ ਇਕ ਸੂਖਮ ਧਾਰਨਾ ਹੈ। ਇਕ ਪ੍ਰਛਾਵਾਂ ਹੈ, ਮਨੁੱਖ ਦੇ ਅੰਦਰ ਦਾ, ਬਾਹਰੋਂ ਥੋਪਿਆ ਨਹੀਂ ਜਾਂਦਾ ਅੰਦਰੋਂ ਫੁੱਟਦਾ ਹੈ। ਗੁਰੂ ਅੰਗਦ ਦੇਵ ਜੀ ਦਾ ਆਚਰਨ ਬਾਰੇ ਸਿਧਾਂਤ ਹੈ ਕਿ ਜੋ ਵੀ ਮਨੁੱਖ ਦੇ ਮਨ ਵਿਚ ਹੋਵੇਗਾ ਉਸਦੇ ਵਿਹਾਰ ਵਿਚੋਂ ਜ਼ਰੂਰ ਪੈਦਾ ਹੋਵੇਗਾ ਉਹ ਮੂੰਹ ਤੋਂ ਜੋ ਮਰਜ਼ੀ ਪਿਆ ਕਹੇ, ਮੂੰਹ ਦੀਆਂ ਗੱਲਾਂ ਤਾਂ ਮਹਿਜ਼ ਹਵਾ ਹੀ ਹੈ;

---

65 ਵਜ਼ੀਰ ਸਿੰਘ, ਉਪਰੋਕਤ, *ਨੈਤਿਕ ਨਿਯਮ*, ਪੰਨੇ., 34, 35.

66 "That habit is crucial in the formation of character- for it is by repeatedly doing courageous things or just things that we become courageous or just-and even suggests that the two are etymologically linked. Robert C. Bartlett and Susan D.Collin (Tr.) (2011) *Aristotle*'s *Nicomacheam ethics,* The University of Chicago, p.309.

67 ਅਜਮੇਰ ਸਿੰਘ (2015) *ਸਿੱਖਾਂ ਦੀ ਸਿਧਾਂਤਕ ਘੇਰਾਬੰਦੀ,* ਸਿੰਘ ਬ੍ਰਦਰਜ਼ ਅੰਮ੍ਰਿਤਸਰ, ਪੰ.246.

ਜੋ ਜੀਇ ਹੋਇ ਸੁ ਉਗਵੈ॥ ਮੁਹ ਕਾ ਕਹਿਆ ਵਾਉ॥[68]

ਉਸਦੀ ਬਹਾਦਰੀ ਬਾਰੇ ਗੁਰਮਤਿ ਦੇ ਸਿਧਾਂਤ ਨਿਰਣਾ ਪੇਸ਼ ਕਰਦੇ ਹਨ ਕਿ ਜਦੋਂ ਸੂਰਮਾ ਰਜ਼ਾ ਤੇ ਹੁਕਮ ਦੇ ਮਾਲਕ ਅਕਾਲ ਪੁਰਖ ਦੀ ਆਗਿਆ ਵਿਚ ਵਿਚਰੇਗਾ ਅਤੇ ਸਚਿਆਰ ਹੋਣ ਲਈ ਬਾਹਰਲੀ ਰਹਿਤ ਦੀ ਸ਼ੁੱਧਤਾ ਦੇ ਨਾਲ-ਨਾਲ ਆਪਣੀ ਅੰਦਰਲੀ ਅਵਸਥਾ ਲਈ ਈਮਾਨਦਾਰੀ, ਸੱਚਾਈ ਨਾਲ ਆਪਣੇ ਗੁਰੂ ਨੂੰ ਪੂਰਨ ਆਪਾ ਸਮਰਪਣ ਕਰੇਗਾ ਤਾਂ ਅਜਿਹੇ ਸੱਚੇ ਸੂਰਮੇ ਦੀ ਹਰ ਤਾਕਤ ਬੇਮਿਸਾਲ ਕਾਰਨਾਮਿਆਂ ਦੀ ਸਿਰਜਣਾ ਕਰੇਗੀ। ਗੁਰੂ ਨਾਨਕ ਨੇ ਆਚਰਨ ਨੂੰ ਸੂਰਮੇ ਦੀ ਮੁਖ ਤਾਕਤ ਮੰਨਦਿਆਂ ਇਸ ਨੂੰ ਸਭ ਗੁਣਾਂ ਤੋਂ ਉਪਰ ਕਿਹਾ ਹੈ ਜਿਸਦੀ ਵਿਧੀ ਉਨ੍ਹਾਂ ਦੀ ਬਾਣੀ ਦੱਸਦੀ ਹੈ;

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥[69]

ਜਤੁ ਪਾਹਾਰਾ ਧੀਰਜੁ ਸੁਨਿਆਰੁ॥ ਅਹਿਰਣਿ ਮਤਿ ਵੇਦ ਹਥਿਆਰੁ ॥

ਭਉ ਖਲਾ ਅਗਨਿ ਤਪ ਤਾਉ॥ਭਾਂਡਾ ਭਉ ਅੰਮ੍ਰਿਤੁ ਤਿਤੁ ਢਾਲਿ॥

ਘੜੀਐ ਸਬਦੁ ਸਚੀ ਟਕਸਾਲ॥[70]

ਇਹ ਸਾਧਨਾ ਅਕਾਲ ਪੁਰਖ ਦੀ ਮਿਹਰ ਵਰਤਾਉਂਦੀ ਹੈ ਅਤੇ ਸੂਰਮੇ ਨੂੰ ਸੂਰਬੀਰਤਾ ਦੇ ਮੁੱਖ ਸੋਮੇ ਵੱਲ ਕੇਂਦਰਤ ਕਰਦੀ ਹੈ। ਸ੍ਰੀ ਗੁਰੂ ਨਾਨਕ ਸਾਹਿਬ ਨੇ ਸੂਰਮਗਤੀ ਦੇ ਸਿਰਜਕ ਪੈਦਾ ਕਰਨ ਲਈ ਆਪ ਸੂਰਬੀਰਤਾ ਦੇ ਸਿਧਾਂਤਾ ਨੂੰ ਅਮਲੀ ਜਾਮਾ ਪਹਿਨਾਇਆ। ਉਹ ਬੇਹੱਦ ਮੁਸ਼ਕਲਾਂ ਭਰੇ ਮਾਰਗ 'ਤੇ ਚੱਲਣ ਵਾਲੇ ਸੱਚੇ ਸੂਰਮੇ ਸਨ ਜਿਸ ਬਾਰੇ ਭਾਈ ਗੁਰਦਾਸ ਲਿਖਦੇ ਹਨ;

"ਪਹਿਲਾਂ ਬਾਬੇ ਪਾਯਾ ਬਖ਼ਸ਼ਦਰ ਪਿਛੋਂ ਦੇ ਫਿਰ ਘਾਲਿ ਕਮਾਈ।

ਰੇਤ ਅੱਕ ਆਹਾਰ ਕਰਿ ਰੋੜਾਂ ਦੀ ਗੁਰ ਕਰੀ ਵਿਛਾਈ।

ਭਾਰੀ ਕਰੀ ਤਪੱਸਿਆ ਬਡੇ ਭਾਗ ਹਰਿ ਸਿਉਂ ਬਣਿ ਆਈ।

ਬਾਬਾ ਪੈਧਾ ਸੱਚ ਖੰਡ ਨਉ ਨਿਧਿ ਨਾਮ ਗਰੀਬੀ ਪਾਈ।

---

68 ਸ੍ਰੀ ਗੁਰੂ ਗ੍ਰੰਥ ਸਾਹਿਬ, ੪੭੪.

69 ਉਹੀ, ੬੨.

70 ਉਹੀ ੮.

ਬਾਬਾ ਦੇਖੈ ਧਯਾਨ ਧਰ ਜਲਤੀ ਸਭਿ ਪ੍ਰਿਥਮੀ ਦਿਸ ਆਈ।"[71]

ਇਸ ਸਰਬੋਤਮ ਉਦੇਸ਼ ਦੀ ਪੂਰਤੀ-ਹਿੱਤ ਸੂਰਬੀਰਤਾ ਸਾਰਥਕ ਭੂਮਿਕਾ ਨਿਭਾਉਂਦੀ ਹੈ ਜਿਸ ਵਿਚ ਅਧਿਆਤਮਕ ਕਮਾਈ, ਨਾਮ ਅਤੇ ਨਿਡਰਤਾ ਮੁੱਖ ਗੁਣਾਂ ਦੇ ਤੌਰ 'ਤੇ ਕਾਰਜਸ਼ੀਲ ਰਹਿੰਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਬੜੇ ਭਿਆਨਕ ਹਾਲਾਤ ਵਿਚ ਹਰ ਤਰ੍ਹਾਂ ਦਾ ਖਤਰਾ ਮੁੱਲ ਲੈ ਕੇ ਥਾਂ-ਥਾਂ ਵਿਚਰੇ। ਉਹਨਾਂ ਹਰ ਉਸ ਜਗ੍ਹਾ ਜਾਣਾ ਵਾਜਬ ਸਮਝਿਆ ਜਿੱਥੇ ਮਨੁੱਖਤਾ ਦਾ ਘਾਣ ਹੋ ਰਿਹਾ ਸੀ। ਭਾਵੇਂ ਭਾਈ ਗੁਰਦਾਸ ਕਾਵਿ ਮਈ ਭਾਸ਼ਾ ਵਿਚ ਬਾਣੀ ਦੇ ਚਾਰ ਚੱਕ ਤਾਰਨ ਦੀ ਗਲ ਕਰ ਦਿੰਦੇ ਹਨ ਅਤੇ ਇਹ ਗੱਲ ਬੜੀ ਕਾਵਿਕ ਵੀ ਲਗਦੀ ਹੈ ਪਰ ਅਜ ਜੋ ਸਬੂਤ ਥਾਉਂ-ਥਾਈਂ ਬਾਬੇ ਦੇ ਪਹੁੰਚਣ ਦੇ ਮਿਲ ਰਹੇ ਹਨ ਉਹ ਅਣਦੇਖੇ ਨਹੀਂ ਕੀਤੇ ਜਾ ਸਕਦੇ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੀਵਨ ਸੂਰਬੀਰਤਾ ਦੇ ਦ੍ਰਿਸ਼ਟੀਕੋਣ ਤੋਂ ਮਹੱਤਤਾ ਰੱਖਦਾ ਹੈ ਜਿਸ ਵਿਚ ਉਹਨਾਂ ਨੇ ਸਮਾਜ ਦੀਆਂ ਅਣਉਚਿੱਤ ਕੀਮਤਾਂ ਦੀ ਨਿਖੇਧੀ ਕੀਤੀ। ਇਨਸਾਨੀ ਵਿਤਕਰਿਆਂ ਤੋਂ ਉੱਪਰ ਕਰਕੇ ਇਨਸਾਨ ਨੂੰ ਸਹੀ ਮਾਰਗ ਦਾ ਪਾਂਧੀ ਬਣਾਇਆ। ਉਹਨਾਂ ਦੇ ਜੀਵਨ ਦੀਆਂ ਕਈ ਸਾਖੀਆਂ ਤੋਂ ਸੂਰਬੀਰਤਾ ਦਾ ਝਲਕਾਰਾ ਮਿਲਦਾ ਹੈ। *ਪ੍ਰਾਚੀਨ ਜਨਮ ਸਾਖੀ* ਅਨੁਸਾਰ ਸੱਜਣ ਠੱਗ ਵਰਗੇ ਜ਼ੁਲਮੀ ਦੀਆਂ ਕਤਲਗਾਹਾਂ ਉੱਪਰ ਜਾ ਕੇ ਉਸ ਨੂੰ ਕਤਲ ਕਰਨ ਤੋਂ ਰੋਕਣਾ ਸੂਰਬੀਰਤਾ ਵਾਲਾ ਕਾਰਨਾਮਾ ਸੀ ਕਿਉਂਕਿ ਅਜਿਹਾ ਕਰਨ ਦਾ ਯਤਨ ਕਿਸੇ ਹੋਰ ਨੇ ਨਹੀਂ ਸੀ ਕੀਤਾ। ਸੱਜਣ ਦੀ ਸਰਾਂ ਵਿਚ ਅਤੇ ਮਲਿਕ ਭਾਗੋ ਦੇ ਪਿੰਡ ਵਿਚ ਤੇ ਬਾਬਰ ਦੀ ਕੈਦ ਵਿਚ, ਮੱਕੇ ਵਿਚ, ਵਲੀ ਕੰਧਾਰੀ ਦੀ ਪਹਾੜੀ ਅਤੇ ਅਣਗਿਣਤ ਸਥਾਨਾਂ ਉਪਰ ਗੁਰੂ ਸਾਹਿਬ ਦੀ ਜਾਨ ਦਾ ਤੋਖਲਾ ਸਦਾ ਬਣਿਆ ਰਿਹਾ ਹੋਵੇਗਾ। ਗੁਰੂ ਜੀ ਨੇ ਸੱਜਣ ਨੂੰ ਅਧਿਆਤਮਕ ਤਾਕਤ ਜ਼ਰੀਏ ਲੋਕ-ਹਿੱਤਾਂ ਦਾ ਰਖਵਾਲਾ ਬਣਾਇਆ। ਇਸ ਬਦਲਾਵ ਬਾਰੇ ਸੱਜਣ ਦੀ ਗੁਰੂ ਨਾਲ ਵਾਰਤਾਲਾਪ ਦਾ ਨਮੂਨਾ ਇਸ ਤਰ੍ਹਾਂ ਮਿਲਦਾ ਹੈ; "ਜੀ ਹੁਣਿ ਮੈ ਨਾਹੀ ਜਾਣਦਾ, ਤੈ ਮੈਨੂੰ ਕਿਆ ਕੀਤਾ ਹੈ ਜੀ। ਸ੍ਰੀ ਬਾਬੇ ਜੀ ਕਹਿਆ ਹੁਣਿ ਤੇਰਾ ਜੀਉ ਕਿਆ ਕਹਦਾ? ਕਹੈ ਜੀ ਤੇਰੇ ਦਰਸਨ ਲਗਿਆ ਪੁਤ ਧੀਆ ਸਭੁ ਜਹਰ ਲਗਦੇ ਹੈ ਜੀ। ਪਹਲੀ ਧਰਮਸਾਲਾ ਉਥੈ ਕੀਤੀ ਤਾਂ ਬਾਬਾ ਜੀ ਦੀ ਖੁਸੀ ਹੋਈ। ਗੁਰੂ

---

71 ਭਾਈ ਗੁਰਦਾਸ, ਵਾਰ 1, ਪਉੜੀ 24.

ਗੁਰੂ ਜਪਣ। ਨਾਉ ਧਰੀਕ ਹੋਇਆ।"[72] ਭਾਵ ਪਰਿਵਾਰ ਖਾਤਿਰ ਲੋਕਾਂ ਦਾ ਕਤਲ ਕਰਨ ਵਾਲਾ ਸੱਜਣ ਮਨੁੱਖਤਾ ਦਾ ਸੇਵਕ ਬਣ ਗਿਆ ਇਸ ਬਾਰੇ ਰਤਨ ਸਿੰਘ ਭੰਗੂ ਲਿਖਦੇ ਹਨ;

"ਠਗੀ ਤੈ ਦਏ ਠੱਗ ਹਟਵਾਇ। ਕੁਰਾਹੋ ਮੋੜ ਸੁਭ ਰਾਹ ਦੀਏ ਪਾਇ।
ਸਬਦ ਸਾਖੀ ਸਚ ਦੀਨੇ ਲਾਇ। ਧਰਮ ਸਾਲ ਦਈ ਬਹੁ ਥਾਂ ਪਾਇ।
ਸਿੱਖ ਸੰਗਤ ਕੋ ਜੋੜ ਕਰਾਵੈ। ਸਤਿਨਾਮ ਜਾਪ ਜਪਾਵੈ।
ਔਰ ਖੁਲਾਇ ਕੈ ਪਿਛੈ ਖਾਇ। ਦਇਆ ਧਰਮ ਇਤ ਲਗਿਆ ਰਾਹਿ॥"[73]

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰੂਹਾਨੀ ਤਾਕਤ ਅੱਗੇ ਸੱਜਣ ਝੁਕ ਕੇ ਖੈਰ ਮੰਗਦਾ ਹੈ ਇਸ ਅਸਚਰਜ ਦ੍ਰਿਸ਼ਟਾਂਤ ਨੂੰ ਸੁਖਬਾਸੀ ਰਾਮ ਬੇਦੀ *ਗੁਰੂ ਨਾਨਕ ਬੰਸ ਪ੍ਰਕਾਸ਼* 'ਚ ਲਿਖਦੇ ਹਨ;

"ਅਸਚਰਜ ਰੂਪ ਨਿਰਖ ਗੁਰਦੇਵ॥ ਸਜਨ ਮਨ ਹਰਖਤ ਕਰ ਸੇਵ॥
ਹਾਥ ਜੋਰ ਕਰਿ ਮਾਥ ਨਿਵਾਯੋ॥ ਬੇਦੀ ਈਸਰ ਰੂਪ ਦਿਖਾਯੋ॥
ਸਜਨ ਕਹੇ ਸਿਖ ਮੋਹ ਕੀਜੈ॥ ਅਪੁਨੇ ਚਰਨ ਸਰਨ ਅਬ ਦੀਜੈ॥ "[74]

ਇਕ ਕਾਤਲ ਅੰਦਰ ਨੈਤਿਕ ਬਹਾਦਰੀ ਦੇ ਗੁਣ, ਧਰਮ ਅਤੇ ਦਇਆ ਨੂੰ ਵਸਾਉਣ ਵਾਲੇ ਵਿਹਾਰ ਨੇ ਸਿੱਖ ਸੂਰਬੀਰਤਾ ਨੂੰ ਵਿਲੱਖਣਤਾ ਪ੍ਰਦਾਨ ਕੀਤੀ। ਇਸੇ ਤਰ੍ਹਾਂ ਗੁਰੂ ਸਾਹਿਬ ਜੀ ਦੀ ਸੂਰਮਤਾਈ (ਫਕੀਰਾਂ ਨੂੰ ਮਲਕ ਭਾਗੋ ਦੇ ਜ਼ੁਲਮ ਤੋਂ ਬਚਾਇਆ) ਜਿਸ ਨੂੰ ਭਾਈ ਵੀਰ ਸਿੰਘ ਨੇ ਕਲਮਬੰਦ ਕੀਤਾ ਜਿਸ ਵਿਚ ਮਲਕ ਭਾਗੋ ਆਪਣੇ ਨਿੱਜੀ ਸੁਆਰਥ (ਪੁੱਤਰ ਦੀ ਤੰਦਰੁਸਤੀ) ਵਾਸਤੇ ਜਬਰੀ ਅਰਦਾਸ ਕਰਨ ਲਈ ਫਕੀਰਾਂ 'ਤੇ ਜ਼ੁਲਮ ਕਰ ਰਿਹਾ ਸੀ। ਗੁਰੂ ਸਾਹਿਬ ਨੂੰ ਫਕੀਰਾਂ ਦਾ ਜ਼ੁਲਮ ਸਹਿਣਾ ਉਚਿੱਤ ਨਹੀਂ ਲੱਗਿਆ ਤੇ ਉਹਨਾਂ ਨੇ ਜ਼ੁਲਮ ਨੂੰ ਰੋਕਣ ਲਈ ਨਿਡਰਤਾ ਨਾਲ ਮਲਕ ਭਾਗੋ ਨੂੰ ਬਚਨ ਕੀਤਾ, "ਜ਼ੋਰ ਨਾਲ ਖੈਰ ਦਾ ਫਲ ਕੀਕੂੰ ਲੱਗੇ? ਲੋਕਾਂ ਦੇ ਕਮਾਏ ਹੋਏ ਨੂੰ ਜ਼ੋਰ ਨਾਲ ਖੱਸਣਾ, ਫਰੇਬ ਨਾਲ ਖੱਸਣਾ, ਕੱਠੀ ਕਰਨੀ ਤੇ ਉਸ ਉੱਤੇ ਸੱਪ ਵਾਂਗ ਪੱਥਲਾ ਮਾਰ ਬੈਠਣਾ ਰੋਗ ਹੈ ਸਰੀਰ ਦਾ, ਮਨ ਦਾ, ਆਤਮਾ ਦਾ।"[75] ਇਸ ਗੁਰੂ ਬਚਨ ਵਿਚੋਂ ਨੈਤਿਕ ਸੂਰਬੀਰਤਾ ਦਾ ਵਿਹਾਰਕ

---

72 ਸੇਵਾ ਸਿੰਘ ਸੇਵਕ (1969) *ਪ੍ਰਾਚੀਨ ਜਨਮ ਸਾਖੀ-ਸ੍ਰੀ ਗੁਰੂ ਨਾਨਕ ਦੇਵ ਜੀ,* ਨਿਊ ਬੁਕ ਕੰਪਨੀ, ਜਲੰਧਰ, ਪੰ.28.

73 ਰਤਨ ਸਿੰਘ ਭੰਗੂ (1938) *ਪ੍ਰਾਚੀਨ ਪੰਥ ਪ੍ਰਕਾਸ਼* , ਅੰਮ੍ਰਿਤਸਰ, ਪੰ.14.

74 ਸੁਖਬਾਸੀ ਰਾਮ ਬੇਦੀ (1986) *ਗੁਰੂ ਨਾਨਕ ਬੰਸ ਪ੍ਰਕਾਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ.173.

75 ਭਾਈ ਵੀਰ ਸਿੰਘ (2009) *ਗੁਰ ਬਾਲਮ ਸਾਖੀਆਂ,* ਭਾਈ ਵੀਰ ਸਿੰਘ ਸਾਹਿਤ ਸਦਨ, ਦਿੱਲੀ, ਪੰਨੇ 113,14.

ਪੱਖ ਪ੍ਰਗਟ ਹੁੰਦਾ ਹੈ। ਸੂਰਬੀਰਤਾ ਨੂੰ ਰੂਹਾਨੀ ਰੰਗਤ ਦਿੰਦੇ ਹੋਏ ਸ੍ਰੀ ਗੁਰੂ ਨਾਨਕ ਸਾਹਿਬ ਮਜ਼ਬੀ ਜਨੂੰਨੀ ਡੇਰਿਆਂ, ਖੌਫ਼ਨਾਕ ਜਾਦੂਗਰਾਂ ਦੇ ਨਸਰਾਂ[76] ਅਤੇ ਕੌਡੇ ਵਰਗੇ ਆਦਮਖੋਰਾਂ[77] ਵਿਚ ਨਿਰਭੈ ਹੋ ਕੇ ਵਿਚਰਦੇ ਰਹੇ। ਹਿੰਦੂ, ਇਸਲਾਮ, ਜੈਨੀ, ਯੋਗੀ, ਆਦਿ ਪ੍ਰਸਿੱਧ ਧਰਮਾਂ ਉਹਨਾਂ ਦੇ ਗੜ੍ਹਾਂ ਵਿਚ ਜਾ ਕੇ ਧਾਰਮਿਕ ਸੰਵਾਦ ਰਚਾਉਂਦੇ ਰਹੇ ਅਤੇ ਲੋੜ ਅਨੁਸਾਰ ਆਪਣਾ ਭੇਸ ਵੀ ਵਟਾਉਂਦੇ ਰਹੇ। ਗੁਰੂ ਨਾਨਕ ਨੇ ਸੱਚੇ ਸੁੱਚੇ ਧਰਮ ਦੇ ਸਦਾਚਾਰ ਦੀ ਦੱਸ ਪਾਉਂਦਿਆਂ ਅਤੇ ਸਭ ਪਾਖੰਡੀ ਕਰਮਾਂ ਵਿਰੁੱਧ ਡੱਟਦਿਆਂ ਹੋਇਆਂ ਮਨੁੱਖਤਾ ਨੂੰ ਸੱਚਾਈ ਬਾਰੇ ਜਾਣੂੰ ਕਰਵਾਇਆ।

ਧਰਮ ਮਨੁੱਖ ਦੇ ਮਾਰਗ-ਦਰਸ਼ਨ ਅਤੇ ਅੰਦਰ ਦੀ ਪਵਿੱਤਰਤਾ ਲਈ ਬਣਿਆ ਸੀ। ਧਾਰਮਿਕ ਚਿੰਨ੍ਹ ਕੁਝ ਸਮੇਂ ਲਈ ਹੀ ਅਰਥ ਰੱਖਦੇ ਹਨ ਪਰ ਸਮੇਂ ਨਾਲ ਇਹਨਾਂ ਚਿੰਨ੍ਹਾਂ ਦੇ ਅਰਥ ਭੁੱਲ ਜਾਂਦੇ ਹਨ ਅਤੇ ਚਿੰਨ੍ਹ ਫੋਕਾ ਦਿਖਾਵਾ ਬਣ ਕੇ ਰਹਿ ਜਾਂਦੇ ਹਨ। ਇਸੇ ਵਿਖਾਵੇ ਦੀ ਵਿਰੋਧਤਾ ਕਰਨਾ, ਉਹ ਵੀ ਮੱਧਕਾਲੀਨ ਯੁੱਗ ਵਿਚ ਜਦੋਂ ਧਾਰਮਿਕ ਕੱਟੜਤਾ ਦਾ ਬੜਾ ਜ਼ੋਰ ਸੀ ਇਹ ਉੱਦਮ ਆਪਣੇ ਆਪ ਵਿਚ ਇਕ ਵੱਡਾ ਅੰਦੋਲਨ ਸੀ। ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਸਮਾਜ ਨੂੰ ਧਾਰਮਿਕ ਪਾਖੰਡਾਂ ਤੋਂ ਵਰਜਿਆ ਤੇ ਧਾਰਮਿਕ ਆਗੂਆਂ ਦਾ ਅਸਲ ਚਿਹਰਾ ਆਮ ਜਨਤਾ ਸਾਹਮਣੇ ਲਿਆਂਦਾ;

ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ॥ ਨਾਰਦਿ ਕਹਿਆ ਸਿ ਪੂਜ ਕਰਾਂਹੀ॥[78]

ਧਾਰਮਿਕ ਇਨਸਾਨਾਂ ਨੂੰ ਉਨ੍ਹਾਂ ਦੇ ਆਪਣੇ ਧਾਰਮਿਕ ਚਿੰਨ੍ਹਾਂ ਦੀ ਪਵਿੱਤਰਤਾ ਨੂੰ ਆਪਣੇ ਜੀਵਨ ਵਿਚ ਧਾਰਨ ਕਰਨ ਲਈ ਪ੍ਰੇਰਿਆ ਉਹਨਾਂ ਨੇ ਮੁਸਲਮਾਨ ਨੂੰ ਇਸ ਪ੍ਰਕਾਰ ਪਰਿਭਾਸ਼ਤ ਕੀਤਾ;

ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ॥

ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ॥[79]

ਜੋਗੀਆਂ ਨੂੰ ਬਾਹਰੀ ਭੇਖ ਦੇ ਨਾਲ ਸਦਾਚਾਰਕਤਾ ਦੇ ਉਹ ਗੁਣ ਧਾਰਨ ਕਰਨ ਲਈ ਤਾੜਨਾ ਕੀਤੀ ਜਿਨ੍ਹਾਂ ਗੁਣਾਂ ਦਾ ਪ੍ਰਗਟਾਵਾ ਇਹ ਬਾਹਰੀ ਪਹਿਰਾਵਾ ਤਰਜਮਾਨੀ ਕਰਦਾ ਹੈ। ਇਸ ਪ੍ਰਕਾਰ ਉਹਨਾ ਨੇ ਜੋਗ ਦੇ ਸਹੀ ਅਰਥਾਂ ਬਾਰੇ ਰੌਸ਼ਨੀ ਪਾਈ। ਗੁਰਬਾਣੀ ਸਿਰਫ ਬਾਹਰੀ ਚਿੰਨ੍ਹਾਂ ਦੇ ਧਾਰਨ ਕਰਨ

---

76 ਸੇਵਾ ਸਿੰਘ ਸੇਵਕ (1969) ਉਪਰੋਕਤ, *ਪ੍ਰਾਚੀਨ ਜਨਮ ਸਾਖੀ-ਸ੍ਰੀ ਗੁਰੂ ਨਾਨਕ ਦੇਵ ਜੀ,* ਪੰ.50.

77 ਉਹੀ, ਪੰ.137.

78 ਸ੍ਰੀ ਗੁਰੂ ਗ੍ਰੰਥ ਸਾਹਿਬ, ੫੫੬.

79 ਉਹੀ, ੧੪੦.

ਨੂੰ ਅਧਿਆਤਮਕ ਅਵਸਥਾ ਦਾ ਪ੍ਰਤੀਕ ਨਹੀ ਮੰਨਦੀ ਬਲਕਿ ਅਧਿਆਤਮਕ ਜੀਵਨ ਦੇ ਨਾਲ ਹੀ ਬਾਹਰੀ ਚਿੰਨ੍ਹ ਆਪਣਾ ਮਹੱਤਵ ਰੱਖਦੇ ਹਨ;

ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ॥

ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ॥[80]

ਗੁਰੂ ਸਾਹਿਬ ਨੇ ਸਹਿਜ ਮਾਰਗ ਲਈ ਜਤ-ਸਤ, ਸੰਤੋਖ, ਧਿਆਨ ਆਦਿ ਸਦਗੁਣਾਂ ਨੂੰ ਧਾਰਨ ਦੀ ਪ੍ਰੇਰਨਾ ਦਿੱਤੀ। ਅੰਧ-ਵਿਸ਼ਵਾਸਾਂ ਦਾ ਪਾਜ ਉਘਾੜਨ ਲਈ ਗੁਰੂ ਨਾਨਕ ਨੇ ਇਕ ਅਕਾਲ ਪੁਰਖ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ ਜਿਸ ਸਦਕਾ ਸਮਾਜ ਦੇ ਆਮ ਲੋਕਾਂ ਨੇ ਬੜੀ ਨਿਡਰਤਾ ਨਾਲ ਧਰਮ ਵਿਚਲੇ ਸੱਚ ਨੂੰ ਅਪਣਾਉਣ ਨੂੰ ਪਹਿਲ ਦਿੱਤੀ ਅਤੇ ਬਿਖੁਮ ਮਾਰਗ ਨੂੰ ਅਪਣਾਇਆ। ਸੱਚ ਦਾ ਮਾਰਗ ਅਤਿ ਬਿਖਮੁ ਹੈ ਜਿਸ ਬਾਰੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੂਰਮੇ ਲਈ ਪਹਿਲੀ ਸ਼ਰਤ ਨਿਮਰਤਾ ਰੱਖੀ;

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥

ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥[81]

ਸ੍ਰੀ ਗੁਰੂ ਨਾਨਕ ਸਾਹਿਬ ਨੇ ਧਾਰਮਿਕ ਆਗੂਆਂ ਦੇ ਸਾਹਮਣੇ ਧਰਮ ਦੇ ਇਕ ਪਾਸੜ ਨਜ਼ਰੀਏ ਦੀ ਆਲੋਚਨਾ ਕਰਦਿਆਂ ਉਹਨਾਂ ਨਾਲ ਸੰਵਾਦ ਕਰਕੇ ਫੋਕੇ ਦਿਖਾਵਿਆਂ ਦਾ ਪਾਜ ਉਘਾੜਨ ਵਿਚ ਕੋਈ ਢਿੱਲ ਨਹੀਂ ਛੱਡੀ। ਗੁਰੂ ਸਾਹਿਬ ਨੇ ਆਪ ਪ੍ਰਮੁੱਖ ਧਾਰਮਿਕ ਅਸਥਾਨਾਂ 'ਤੇ ਢੁੱਕਵੇਂ ਸਮੇਂ ਉੱਪਰ ਅਤੇ ਭਾਰੀ ਇਕੱਠਾਂ ਵਿਚ ਜਾ ਕੇ ਕਰਮ-ਕਾਂਡਾ ਦੇ ਵਿਰੁੱਧ ਗਤੀਵਿਧੀਆਂ ਨੂੰ ਰੂਪ-ਮਾਨ ਕਰਕੇ ਬਹਾਦਰੀ ਦੇ ਬੇਮਿਸਾਲ ਦ੍ਰਿਸ਼ਟਾਂਤ ਦਿੱਤੇ ਜਿਵੇਂ- ਸੂਰਜ-ਗ੍ਰਹਿਣ ਦੇ ਅਵਸਰ ਉੱਤੇ ਕੁਰੂਕਸ਼ੇਤਰ ਵਿਚ ਮਾਸ ਰਿੰਨ੍ਹਣਾ, ਹਰਿਦੁਆਰ ਪਿੱਤਰ-ਪੂਜਾ ਸਮੇਂ ਸੂਰਜ ਵੱਲ ਪਾਣੀ ਉਛਾਲਣ ਦੀ ਬਜਾਏ (ਕਰਤਾਰਪੁਰ ਵੱਲ੍ਹ) ਪਾਣੀ ਉਛਾਲਣਾ ਅਤੇ ਮੱਕੇ ਵੱਲ੍ਹ ਪੈਰ ਪਸਾਰ ਕੇ ਸੌਂ ਜਾਣਾ ਇਤਿਆਦਿ। ਇਸ ਵਿਹਾਰ ਨੇ ਧਰਮ ਦੇ ਇਕਹਿਰੇ ਨਜ਼ਰੀਏ ਦੇ ਵਿਸਥਾਰ ਨੂੰ ਠੱਲ੍ਹ ਪਾਈ। ਜਿਵੇਂ ਕਿ ਪਿੱਛੇ ਕਿਹਾ ਗਿਆ ਹੈ ਕਿ ਅਜਿਹਾ ਕਰਦਿਆਂ ਗੁਰੂ ਸਾਹਿਬ ਦੀ ਜਾਨ ਦਾ ਤੌਖਲਾ ਹਮੇਸ਼ਾ ਰਿਹਾ ਹੋਵੇਗਾ। ਇਸ ਬਾਬਤ ਭਾਈ

80 ਉਹੀ, ੭੩੦.

81 ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੦੨.

ਗੁਰਦਾਸ ਜੀ ਨੇ ਗੁਰੂ ਨਾਨਕ ਸਾਹਿਬ ਦੀ ਦਲੇਰੀ ਦਰਸਾ ਕੇ ਸੂਰਬੀਰਤਾ ਨੂੰ ਕਲਮਬੰਦ ਕੀਤਾ ਕਿ ਜਦੋਂ ਗੁਰੂ ਨਾਨਕ ਮੱਕੇ ਵਿਚ ਜਾ ਕੇ ਮਸੀਤ ਵਿਚ ਨੀਲ ਬਸਤ੍ਰ ਪਹਿਨ ਕੇ ੧ਓ ਦੀ ਸਰਵ-ਵਿਆਪਕਤਾ ਨੂੰ ਪੇਸ਼ ਕੀਤਾ ਅਤੇ ਉਥੋਂ ਦੇ ਹਾਜੀਆਂ ਨਾਲ ਵਾਰਤਾਲਾਪ ਕਰਕੇ ਤੇ ਹਰ ਖਤਰੇ ਨੂੰ ਮੁੱਲ ਲੈ ਕੇ ਸਮਾਜ ਸਾਹਮਣੇ ਸੂਰਮਗਤੀ ਦੀ ਉਦਾਹਰਨ ਸਾਖਿਆਤ ਕੀਤੀ;

ਬਾਬਾ ਫਿਰਿ ਮੱਕੇ ਗਿਆ ਨੀਲ ਬਸਤ੍ਰ ਧਾਰੇ ਬਨਵਾਰੀ...।
ਬੈਠਾ ਜਾਇ ਮਸੀਤ ਵਿਚਿ ਜਿਥੇ ਹਾਜੀ ਰਜਿ ਗੁਜਾਰੀ।
ਜਾ ਬਾਬਾ ਸੁਤਾ ਰਾਤਿ ਨੋ ਵਲਿ ਮਹਰਾਬੇ ਪਾਇ ਪਸਾਰੀ।
ਜੀਵਣੁ ਮਾਰੀ ਲਤਿ ਦੀ ਕੇਹੜਾ ਸੁੱਤਾ ਕੁਫਰ ਕੁਫਾਰੀ।
ਲਤਾ ਵਲਿ ਖੁਦਾਇ ਦੇ ਕਿਉ ਦਰ ਪਇਆ ਹੋਇ ਬਜਿਗਾਰੀ।
ਟੰਗੋ ਪਕੜਿ ਘਸੀਟਿਆ ਫਿਰਿਆ ਮੱਕਾ ਕਲਾ ਦਿਖਾਹੀ।[82]

ਅਰਬ ਦੇ ਮੱਕੇ ਅਤੇ ਇਰਾਕ ਦੇ ਬਗਦਾਦ ਵਰਗੇ ਮੁਸਲਮਾਨੀ ਪ੍ਰਭਾਵ ਵਾਲੇ ਇਲਾਕਿਆਂ ਵਿਚ ਜਾ ਕੇ ਵਿਚਾਰ-ਵਟਾਂਦਰਾ ਕਰਨਾ ਅਤੇ ਮੁਸਲਮਾਨਾਂ ਨੂੰ ਉਹਨਾਂ ਦੇ ਧਾਰਮਿਕ ਜੀਵਨ ਵਿਚ ਆਈ ਗਿਰਾਵਟ ਤੋਂ ਜਾਣੂ ਕਰਵਾ ਕੇ ਸ਼ੁਭ ਅਮਲਾਂ ਨੂੰ ਧਾਰਨ ਕਰਵਾਉਣਾਂ ਸੂਰਬੀਰਤਾ ਦਾ ਵਿਹਾਰਕ ਰੂਪ ਹੈ ਜਿਸ ਵਿਚ ਜੁਰੱਅਤ ਨੂੰ ਪਹਿਲ ਹੈ। ਜਿਸਦਾ ਦ੍ਰਿਸ਼ਟਾਂਤ ਭਾਈ ਗੁਰਦਾਸ ਨੇ ਦਿੱਤਾ:

"ਪੁਛਨਿ ਗਲ ਈਮਾਨਿ ਦੀ ਕਾਜੀ ਮੁਲਾ ਇਕਠੇ ਹੋਈ।
ਵਡਾ ਸਾਂਗ ਵਰਤਾਇਆ, ਲਖਿ ਨ ਸਕੈ ਕੁਦਰਤਿ ਕੋਈ।
ਪੁਛਨਿ ਖੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ।
ਬਾਬਾ ਆਖੇ ਹਾਜੀਆ ਸੁਭਿ ਅਮਲਾਂ ਬਾਝਹੁ ਦੋਨੋ ਰੋਈ।"[83]

ਗੁਰੂ ਨਾਨਕ ਦੀ ਸੂਰਬੀਰਤਾ ਦਾ ਵਿਹਾਰਕ ਪੱਖ ਅਨੇਕਾਂ ਥਾਵਾਂ 'ਤੇ ਸਿੱਖ ਧਰਮ ਇਤਿਹਾਸਕ ਰੂਪ ਵਿਚ ਸਮੇਟਿਆ ਪਿਆ ਹੈ ਜਿਨ੍ਹਾਂ ਵਿਚੋਂ ਚੋਣਵੇਂ ਬਿਰਤਾਂਤ ਜਿਵੇਂ, ਸੁਮੇਰ ਪਰਬਤ ਵਿਚ ਸਿਧਾਂ ਦੀ ਹਜ਼ਾਰਾਂ ਸਾਲਾਂ ਦੇ ਤੱਪ ਨੂੰ ਵੰਗਾਰਨਾਂ ਇਥੋਂ ਤੱਕ ਸਿੱਧਾਂ ਨੂੰ ਗਿਆਨ ਤੋਂ ਵਿਹੂਣਾ ਆਖਣਾ ਉਹਨਾਂ ਨੂੰ ਵੱਡੀ ਚੁਣੌਤੀ ਦੇਣਾ ਹੈ;

---

82 ਭਾਈ ਗੁਰਦਾਸ, ਵਾਰ 1, ਪਉੜੀ, 33.

83 ਉਹੀ, ਵਾਰ 1, ਪਉੜੀ, 29.

"ਸਿਧਿ ਛਪਿ ਬੈਠ ਪਰਬਤੀ ਕਉਣ ਜਗਤ੍ਰਿ ਕਉ ਪਾਰਿ ਉਤਾਰਾ।

ਜੋਗੀ ਗਿਆਨ ਵਿਹੂਣਿਆ ਨਿਸਿਦਿਨਿ ਅੰਗਿ ਲਗਾਇਨਿ ਛਾਰਾ।"[84]

ਗੁਰੂ ਸਾਹਿਬ ਜਿਥੇ ਕਿਰਤ ਨੂੰ ਮਾਣ ਦਿੰਦੇ ਹਨ, "ਕਿਰਤ ਕਰਨਾ ਕਮਾਈ ਦਾ ਸਾਧਨ ਹੀ ਨਹੀ, ਸਗੋਂ ਅਕਾਲ ਪੁਰਖ ਦੀ ਸ਼ੁਕਰਗੁਜਾਰੀ ਦਾ ਸਾਧਨ ਹੈ।"[85] ਉਥੇ ਗੁਰੂ ਜੀ ਕਦੇ ਨਫਰਤ ਦੀ ਜੜ੍ਹ ਪੁਟਣ ਲਈ ੧ਓਂ ਦੇ ਗੁਣ ਧਾਰਨ ਕਰਕੇ ਪ੍ਰੇਮ ਪਿਆਰ ਦੇ ਸਿਧਾਂਤ ਪੇਸ਼ ਕਰ ਕੇ ਸੂਰਬੀਰਤਾ ਦੀ ਮਜ਼ਬੂਤ ਸੰਜੋਅ ਤਿਆਰ ਕਰਦੇ ਹਨ ਜਿਸ ਨੂੰ ਪਹਿਨ ਕੇ ਬਾਬਰ ਵਰਗੇ ਜਰਵਾਣੇ ਨੂੰ ਜਮਦੂਤ ਕਹਿਣਾ ਤੇ ਉਸਦੀ ਫੌਜ ਦੀ ਘੋਰ ਨਿੰਦਾ ਕਰਨਾ ਉਹਨਾਂ ਅੰਦਰਲੀ ਅਧਿਆਤਮਿਕ ਸੂਰਮਤਾਈ ਦਾ ਪ੍ਰਗਟਾਅ ਹੈ। ਇਸ ਮੌਕੇ ਆਪ ਨੇ ਆਪਣੇ ਭਾਵ ਇਸ ਪ੍ਰਕਾਰ ਪ੍ਰਗਟ ਕੀਤਾ;

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ॥

ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ॥[86]

ਬਾਬਰ ਦਾ ਕਤਲੇਆਮ ਖੂਨ-ਖਰਾਬਾ ਲੁੱਟ-ਖਸੁੱਟ, ਕੂੜ ਕਪਟ ਅਤੇ ਅਨੈਤਿਕ ਵਰਤਾਰੇ ਨੂੰ ਫਿਟਕਾਰ ਕੇ ਸੂਰਬੀਰਤਾ 'ਚ ਵਿਚਰ ਕੇ ਖੂਨ ਕੇ ਸੋਹਿਲੇ ਵੀ ਗਾਏ ਜੋ ਨੈਤਿਕ ਬਹਾਦਰੀ ਦੇ ਵਿਹਾਰਕ ਤੌਰ 'ਤੇ ਪ੍ਰਤੱਖ ਪਰਮਾਣ ਹਨ;

ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥

ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥......

ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੰਗੂ ਪਾਇ ਵੇ ਲਾਲੋ॥[87]

ਇਸ ਕਤਲੇਆਮ ਵਿਚ ਇਸਤਰੀ ਜਾਤੀ ਦੀ ਬੇਪੱਤੀ ਅਤੇ ਦੁਰਗਤੀ ਬਾਰੇ ਦਰਦ ਨੂੰ ਵੀ ਆਪ ਨੇ ਮਹਿਸੂਸ ਕੀਤਾ:

ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ॥

ਸੇ ਸਿਰ ਕਾਤੀ ਮੁਨੀਅਨਿ੍ ਗਲ ਵਿਚਿ ਆਵੈ ਧੂੜਿ॥......

---

84 ਉਹੀ, ਵਾਰ 1, ਪਉੜੀ, 29.

85 ਜਸਵੰਤ ਸਿੰਘ ਨੇਕੀ (2007) *ਸਦਾ ਵਿਗਾਸ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਪੰ.127.

86 ਸ੍ਰੀ ਗੁਰੂ ਗ੍ਰੰਥ ਸਾਹਿਬ, ੩੬੦.

87 ਉਹੀ, ੭੨੨.

ਧੰਨੁ ਜੋਬਨੁ ਦੁਇ ਵੈਰੀ ਹੋਇ ਜਿਨ੍ਹੀ ਰਖੇ ਰੰਗੁ ਲਾਇ॥

ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ॥[88]

ਅਜਿਹੇ ਜ਼ਾਲਮ ਸ਼ਾਸਕ ਦੇ ਰੂਬਰੂ ਹੋ ਕੇ ਨੈਤਿਕ ਸਿਧਾਂਤਾਂ ਦੀ ਪੈਰਵੀ ਕਰਦੇ ਹੋਏ ਜ਼ੁਲਮ ਨੂੰ ਲਲਕਾਰਨਾ ਅਤੇ ਉਸਦੀ ਕੈਦ ਵਿਚੋਂ ਨਿਰਦੋਸ਼ਾਂ ਤੇ ਫਕੀਰਾਂ ਨੂੰ ਅਜ਼ਾਦ ਕਰਵਾਉਣਾ ਸਮਾਜਕ ਸੂਰਬੀਰਤਾ ਵਾਲਾ ਕਾਰਨਾਮਾ ਹੈ। ਜਿਸਦੀ ਗਵਾਹੀ ਦਿੱਖ ਜਨਮ ਸਾਖੀ ਭਾਈ ਬਾਲੇ ਵਾਲੀ ਵਿਚੋਂ ਮਿਲਦੀ ਹੈ;

> "ਮੀਰ ਬਾਬਰ ਕਹਿਆ ਯਾਰੋ ਖੁਦਾਇ ਕੇ ਆਗੈ ਹਥ ਜੋੜੋ ਕਿ ਇਹ ਫਕੀਰ ਖੜਾ ਹੋਵੇ। ਤਬ ਗੁਰੂ ਨਾਨਕ ਜੀ ਆਪੇ ਉਠਿ ਬੈਠੇ। ਮੀਰ ਬਾਬਰ ਦੋਨੋ ਹਥ ਬੰਧ ਕਰ ਅਰਜ ਕੀਤੀ ਕਹਿਓਸ ਫਕੀਰ ਸਾਹਿਬ ਮਿਹਰ ਕਰੁ। ਗੁਰੂ ਨਾਨਕ ਕਹਿਆ ਜੇ ਮਿਹਰ ਚਾਹੁੰਦਾ ਹੈਂ ਤਬ ਬੰਦ ਸਭ ਖਲਾਸ ਕਰ।...... ਜਿਤਨੀ ਬੰਦਿ ਆਹੀ ਸਭ ਪਹਿਰਾਇ ਕਰਿ ਖਲਾਸ ਕੀਤੀ।"[89]

ਇਹ ਬੁਲੰਦ ਆਵਾਜ਼ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਨੈਤਿਕ ਬਹਾਦਰੀ ਦੀ ਭਾਵਨਾ ਵਿਚੋਂ ਪੈਦਾ ਹੁੰਦੀ ਹੈ ਜਿਸਦੀ ਜੜ੍ਹ ਉਹਨਾਂ ਦੀ ਅਧਿਆਤਮਕਤਾ ਬਲਵਾਨ ਹੈ; ਜਿਸਦਾ ਦਰਖਤ ਉਹਨਾਂ ਦੇ ਵਿਹਾਰ ਵਿਚੋਂ ਸਰੀਰਕ ਬਲ ਰਾਹੀਂ ਪ੍ਰਗਟ ਹੁੰਦਾ ਹੈ। ਡਾ. ਸ਼ੇਰ ਸਿੰਘ ਮੈਲਕਮ ਦੇ ਹਵਾਲੇ ਨਾਲ ਲਿਖਦੇ ਹਨ, "ਗੁਰੂ ਸਾਹਿਬ ਨੂੰ ਇਕ ਪਾਸੇ ਕੌਮ ਦੇ ਜਾਬਰਾਨਾ ਤੁਅੱਸਬ ਤੇ ਦੂਜੇ ਪਾਸੇ ਦੂਜੀ ਕੌਮ ਦੇ ਅੰਨ੍ਹੇ ਤੇ ਡੂੰਘੇ ਵਹਿਮਾਂ ਦਾ ਮੁਕਾਬਲਾ ਕਰਨਾ ਪਿਆ ਪਰ ਸਤਿਗੁਰਾਂ ਨੇ ਅਜਿਹੀਆਂ ਸਾਰੀਆਂ ਔਕੜਾਂ ਨੂੰ ਪਿਆਰ ਅਤੇ ਵਿਚਾਰ ਦੇ ਬਲ ਨਾਲ ਕਾਬੂ ਕਰਨ ਦਾ ਯਤਨ ਕੀਤਾ।"[90] ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੂਰਬੀਰਤਾ ਵਿਚ ਸਰਬੱਤ ਦੇ ਭਲੇ ਉਦੇਸ਼ ਮੁੱਖ ਰਿਹਾ ਹੈ। ਉਹਨਾਂ ਨੇ ਬਰਾਬਰੀ ਵਾਲਾ ਸਮਾਜ ਦੀ ਸਥਾਪਨਾ ਲਈ ਆਪਣਾ ਜੀਵਨ ਇਕ ਮਸ਼ੀਨਰੀ ਵਾਂਗ ਜਿਉਦਿਆਂ ਆਪਣੇ ਜੀਵਨ ਮਿਸ਼ਨ ਲਈ ਉਹਨਾਂ ਕਦੇ ਵੀ ਆਪਣੀ ਜਾਨ ਦੇ ਖਤਰੇ ਨੂੰ ਆਪਣੇ ਰਾਹ ਦੀਆਂ ਰੁਕਾਵਟਾਂ ਨਹੀਂ ਬਣਨ ਦਿੱਤਾ ਅਤੇ ਮੌਕੇ ਤੇ ਮਕਸਦ ਸਿੱਧੀ ਦੀ ਜ਼ਰੂਰਤ ਅਨੁਸਾਰ ਅਧਿਆਤਮਿਕ ਪ੍ਰਪੱਕਤਾ ਜੋ ਸਰੀਰਕ

---

88 ਉਹੀ, ੪੧੭.

89 ਸੁਰਿੰਦਰ ਸਿੰਘ ਕੋਹਲੀ, ਸੰਪਾ. (1975) *ਜਨਮ ਸਾਖੀ ਭਾਈ ਬਾਲਾ,* ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਪੰ.132.

90 ਸ਼ੇਰ ਸਿੰਘ (2010) *ਗੁਰਮਤਿ ਦਰਸ਼ਨ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਪੰ.51.

ਬਹਾਦਰੀ ਦੀ ਜੜ੍ਹ ਅਤੇ ਸ੍ਰੋਤ ਹੈ ਅਤੇ ਸਰੀਰਕ ਬਹਾਦਰੀ ਦੇ ਅਮਿੱਟ ਪੂਰਨੇ ਪਾਏ।

ਗੁਰੂ ਅੰਗਦ ਦੇਵ ਜੀ ਤੋਂ ਬਾਅਦ ਬੀਰ ਪਰੰਪਰਾ ਦੀ ਵਾਗਡੋਰ ਤੀਜੀ ਪਾਤਸ਼ਾਹੀ ਸ੍ਰੀ ਗੁਰੂ ਅਮਰਦਾਸ ਜੀ ਕੋਲ ਆਈ। ਨੈਤਿਕ ਅਤੇ ਅਧਿਆਤਮਕ ਸੂਰਬੀਰਤਾ ਦੇ ਵਿਹਾਰ ਲਈ ਗੁਰੂ ਸਾਹਿਬ ਨੇ ਸਹਜ-ਅਵਸਥਾ ਦੇ ਘੋੜੇ ਉੱਤੇ ਸਵਾਰ ਹੋ ਕੇ ਉਸ ਉੱਤੇ ਜਤ ਦੀ ਕਾਠੀ ਪਾ ਕੇ ਅਤੇ ਹੱਥ ਵਿਚ ਉੱਚੇ ਆਚਰਣ ਦੀ ਕਮਾਨ ਲੈ ਕੇ ਪ੍ਰਭੂ ਦੀ ਸਿਫਤਿ ਸਲਾਹ ਦਾ ਤੀਰ ਕੱਸ ਕੇ ਨੈਤਿਕ ਫਲਸਫਾ ਆਪਣੀ ਬਾਣੀ ਰਾਹੀਂ ਸਮਝਾਉਂਦੇ ਹਨ;

ਘੋੜਾ ਕੀਤੋ ਸਹਜ ਦਾ ਜਤੁ ਕੀਓ ਪਲਾਣੁ॥
ਧਣਖੁ ਚੜਾਇਓ ਸਤ ਦਾ ਜਸ ਹੰਦਾ ਬਾਣੁ॥[91]

"ਗੁਰਗੱਦੀ ਕੇਵਲ ਬੁੱਧੀ ਅਤੇ ਸਿਆਣਪ ਨੂੰ ਹੀ ਮੁੱਖ ਰੱਖ ਕੇ ਨਹੀਂ ਸੌਂਪੀ ਜਾਂਦੀ ਸੀ। ਇਹ ਵੀ ਨਿਰਖਿਆ-ਪਰਖਿਆ ਜਾਂਦਾ ਸੀ ਕਿ ਸੰਬੰਧਿਤ ਵਿਅਕਤੀ ਇਸ ਦੀ ਜਿੰਮੇਵਾਰੀ ਕਿੰਨੀ ਲਗਨ, ਦਲੇਰੀ ਤੇ ਬੇਗਰਜ਼ੀ ਨਾਲ ਨਿਭਾਅ ਸਕਣ ਦੇ ਯੋਗ ਸੀ। ਸ੍ਰੀ ਗੁਰੂ ਅਮਰਦਾਸ ਇਕ ਲਗਨ ਵਾਲੇ ਨਿਰਭੈ ਤੇ ਨਿਰਸੁਆਰਥ ਸੇਵਕ ਸਿੱਧ ਹੋਏ ਸਨ। ਇਸ ਤੋਂ ਛੁੱਟ ਉਹ ਬੜੇ ਉਦਮੀ, ਨਿਮਰ ਸੰਤੋਖੀ ਤੇ ਪਰਉਪਕਾਰੀ ਜੀਉੜੇ ਵੀ ਸਨ।"[92] ਇਹ ਗੁਣ-ਕਥਨ ਸਿਰਫ ਤੀਸਰੇ ਗੁਰੂ ਸਾਹਿਬ ਬਾਰੇ ਹੀ ਨਹੀ ਬਲਕਿ ਨੌਂ ਸਾਹਿਬਾਨ ਉਪਰ ਵੀ ਢੁੱਕਵਾਂ ਹੈ । ਗੁਰੂਤਾਗੱਦੀ- ਦੀ ਰਸਮ ਸਮੇਂ, "ਗੁਰੂ ਅੰਗਦ ਦੇਵ ਜੀ ਨੇ ਆਪਣੇ ਪੁੱਤਰਾਂ ਦਾਸੂ ਅਤੇ ਦਾਤੂ ਨੂੰ ਬੁਲਾਇਆ ਅਤੇ ਉਨ੍ਹਾਂ ਨੂੰ ਕਿਹਾ ਕਿ ਗੁਰੂ ਪਦਵੀ, ਨਿਮਰਤਾ, ਪ੍ਰੇਮ ਅਤੇ ਸੇਵਾ ਦਾ ਫਲ ਹੈ ਅਤੇ ਗੁਰੂ ਅਮਰਦਾਸ ਜੀ ਨੇ ਇਹ ਉੱਚੀ ਪਦਵੀ ਆਪਣੀ ਅਥੱਕ ਘਾਲ, ਕਈ ਗੁਣਾਂ ਅਤੇ ਸੰਤਤਾਈ ਦੇ ਬਦਲੇ ਪ੍ਰਾਪਤ ਕੀਤੀ ਹੈ।"[93] ਪੁੱਤਰਾਂ ਨੇ ਸਿਰ ਝੁਕਾਉਣ ਤੋਂ ਇਨਕਾਰ ਕਰ ਦਿੱਤਾ ਕਿਹਾ ਦਾਤੂ ਜੀ ਨੇ ਹੁਕਮ-ਨਾਮਾ ਕੱਢਿਆ ਕਿ "ਅਮਰੂ (ਸਾਹਿਬ ਗੁਰੂ ਅਮਰਦਾਸ ਜੀ) ਬੁੱਢਾ ਹੈ। ਉਹ ਮੇਰਾ ਟਹਿਲੂਆ ਹੈ ਮੈ ਸਾਹਿਬਜ਼ਾਦਾ ਗੁਰੂ ਦੀ ਅੰਸ਼ ਹਾਂ ਅਤੇ ਗੁਰੂ ਗੱਦੀ ਦਾ ਮੈਂ ਮਾਲਕ ਹਾਂ।"[94] ਪਰ ਸ੍ਰੀ ਗੁਰੂ ਅਮਰਦਾਸ ਜੀ ਨੇ ਨੈਤਿਕ ਬਹਾਦਰੀ ਦਾ ਸਬੂਤ

---

91 ਸ੍ਰੀ ਗੁਰੂ ਗ੍ਰੰਥ ਸਾਹਿਬ, ੯੬੮.

92 ਮੈਕਾਲਿਫ, ਉਪਰੋਕਤ, *ਸਿੱਖ ਇਤਿਹਾਸ – ਭਾਗ-1,2,* ਪੰ.250.

93 ਉਹੀ, ਪੰ.220.

94 ਉਹੀ, ਪੰ.227.

ਦਿੰਦਿਆਂ ਇਸ ਵਿਹਾਰ ਨੂੰ ਅਣਗੌਲਿਆ ਕਰ ਗੁਰੂ ਪੁੱਤਰਾਂ ਨਾਲ ਪ੍ਰੇਮ ਨਾਲ ਹੀ ਪੇਸ਼ ਆਉਂਦੇ ਰਹੇ। ਗੁਰੂ ਅਮਰਦਾਸ ਜੀ ਦੇ ਜੀਵਨ ਦੀ ਇਹ ਘਟਨਾ ਨੈਤਿਕ ਬਹਾਦਰੀ ਦੀ ਵਿਆਖਿਆ ਕਰਦੀ ਹੈ ਕਿ ਜਦੋਂ ਦਾਤੂ ਜੀ ਨੇ ਭਰੇ ਦੀਵਾਨ ਵਿਚ ਗੁਰੂ ਸਾਹਿਬ ਨਾਲ ਅਹੰਕਾਰੀ ਬਿਰਤੀ ਨਾਲ ਪੇਸ਼ ਅਉਂਦਿਆਂ ਕਿਹਾ, "ਕੱਲ੍ਹ ਤੂੰ ਸਾਡੇ ਘਰ ਦਾ ਪਾਣੀ ਢੋਣ ਵਾਲਾ ਸੈਂ ਅੱਜ ਤੂੰ ਗੁਰੂ ਬਣਿਆ ਬੈਠਾ ਏ। ਇਹ ਆਖਦਿਆਂ ਦਾਤੂ ਨੇ ਗੁਰੂ ਜੀ ਨੂੰ ਲੱਤ ਮਾਰੀ ਅਤੇ ਉਨ੍ਹਾਂ ਨੂੰ ਸਿੰਘਾਸਨ ਤੋਂ ਡੇਗ ਦਿੱਤਾ। ਗੁਰੂ ਜੀ ਨੇ ਨਿਮਰਤਾ ਸਹਿਤ ਉੱਤਰ ਦਿੱਤਾ ਮਹਾਰਾਜ ਜੀ ਮੈਨੂੰ ਬਖਸ਼ ਲਉ ਤੁਹਾਡੇ ਪੈਰ ਨੂੰ ਸੱਟ ਵੱਜੀ ਹੋਵੇਗੀ ਹੈ।"[95] ਨਿਮਰਤਾ ਦਾ ਇਸ ਤਰ੍ਹਾਂ ਵਿਹਾਰ 'ਚ ਆਉਣਾ ਸੂਰਬੀਰਤਾ ਦਾ ਅਤੇ ਗੁਰੂ ਸਾਹਿਬ ਦੀ ਸਰਬਪੱਖੀ ਪਕਿਆਈ ਦਾ ਪ੍ਰਮਾਣ ਹੈ ਇਸ ਘਟਨਾ ਦਾ ਜ਼ਿਕਰ *ਮਹਿਮਾ ਪ੍ਰਕਾਸ਼* ਵਿਚ ਇਸ ਤਰਾਂ ਹੈ;

"ਇਕ ਤੋਂ ਸੇਵਾ ਕਰਤਿ ਰਹਯੋਂ ਹੋ ਦੁਤੀਯੇ ਬਾਜ ਤੇ ਬ੍ਰਿਧ ਭਯੋ ਹੈ,
ਯਾਂ ਤੇ ਅਧਿਕ ਸਰੀਰ ਕਠੋਰਾ ਤੁਮਰੋ ਤਰਨ ਮ੍ਰਿਦੁਲ ਨਹਿ ਥੋਰਾ।"[96]

ਅਤੇ ਸੂਰਜ ਪ੍ਰਕਾਸ਼ ਦੇ ਕਰਤਾ ਨੇ ਇਸ ਘਟਨਾ ਦਾ ਬਿਆਨ ਇਸ ਪ੍ਰਕਾਰ ਕੀਤਾ ਹੈ;

''ਹੁਯੋ ਹੋਇਗੋ ਕਸ਼ਟ ਮਹਾਨਾ। ਛਿਮਹੁ ਭਯੋ ਅਪਰਾਧ ਅਜਾਨਾ।''[97]

ਗੁਰੂ ਸਾਹਿਬ ਦੀ ਇਹ ਸਾਹਸ ਭਰਪੂਰ ਵਤੀਰਾ ਕੇਵਲ ਗੁਰੂ ਦੇ ਪੁੱਤਰਾਂ ਨਾਲ ਹੀ ਨਹੀਂ ਸੀ ਸਗੋਂ ਆਪ ਸਭ ਲੋਕਾਂ ਨੂੰ ਨਿਮਰਤਾ ਦਾ ਪਾਠ ਪੜ੍ਹਾਉਂਦੇ ਰਹੇ। ਨੈਤਿਕ ਬਹਾਦਰੀ ਦੇ ਮੁੱਖ ਗੁਣ ਸ਼ੀਲ, ਨੇਕ ਸੁਭਾਅ, ਨਿਰਭੈਤਾ, ਨਿਰਵੈਰਤਾ, ਅਕਾਲ ਪੁਰਖ ਵਿਚ ਲੀਨਤਾ ਦੀ ਅਵਸਥਾ ਨੂੰ ਗੁਰੂ ਅਮਰਦਾਸ ਜੀ ਨੇ ਜ਼ਰਾ ਮਾਤਰ ਵੀ ਆਪਣੇ ਜੀਵਨ ਵਿਚੋਂ ਪਾਸੇ ਨਹੀਂ ਹੋਣ ਦਿੱਤਾ। ਸੱਚੇ ਸੂਰਮੇ ਗੁਰੂ ਦੀ ਸ਼ਖ਼ਸੀਅਤ ਦਾ ਚਿਤਰਣ ਭੱਟ ਸਾਹਿਬਾਨ ਨੇ ਆਪਣੀ ਬਾਣੀ 'ਚ ਇਸ ਤਰ੍ਹਾਂ ਕੀਤਾ ਹੈ;

ਸਤਿ ਸੂਰਉ ਸੀਲਿ ਬਲਵੰਤੁ ਸਤ ਭਾਇ ਸੰਗਤਿ ਸਘਨ
ਗੁਰੂਅ ਮਤਿ ਨਿਰਵੈਰਿ ਲੀਣਾ ॥
ਜਿਸੁ ਧੀਰਜੁ ਧੁਰਿ ਧਵਲੁ ਧੁਜਾ ਸੇਤਿ ਬੈਕੁੰਠ ਬੀਣਾ॥[98]

---

95 ਮੈਕਾਲਿਫ, ਉਪਰੋਕਤ, *ਸਿੱਖ ਇਤਿਹਾਸ – ਭਾਗ-1,2,* ਪੰ.228.

96 ਸਰੂਪ ਦਾਸ ਭੱਲਾ, ਉਪਰੋਕਤ *ਮਹਿਮਾ ਪ੍ਰਕਾਸ਼* -ਭਾਗ ਦੂਜਾ, ਪੰ.89.

97 ਭਾਈ ਸੰਤੋਖ ਸਿੰਘ, ਉਪਰੋਕਤ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਪੰ.1462.

98 ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੯੩.

ਸ੍ਰੀ ਗੁਰੂ ਅਮਰਦਾਸ ਜੀ ਨੇ ਸੂਰਬੀਰਤਾ ਭਰੇ ਵਿਹਾਰ ਨਾਲ ਸਿੱਖ ਸਿਧਾਂਤਾ ਦੀ ਪਾਲਣਾ ਕੀਤੀ ਅਤੇ ਇਨ੍ਹਾਂ ਦੀ ਸੁਰੱਖਿਆ ਕੀਤੀ। ਸਮਾਂ ਪੈਣ ’ਤੇ ਕਈ ਲੋਕ ਗੁਰੂ ਪੁੱਤਰ, ਬਾਬਾ ਸ੍ਰੀ ਚੰਦ ਦੇ ਪ੍ਰਭਾਵ ਹੇਠ ਆਉਣ ਲਗੇ ਪਰ ਗੁਰੂ ਅਮਰਦਾਸ ਜੀ ਨੇ ਦ੍ਰਿੜ੍ਹਤਾ ਨਾਲ ਨਾਨਕ ਨਾਮ ਲੇਵਿਆਂ ਨੂੰ ਸੰਨਿਆਸੀ ਬਣਨ ਤੋਂ ਰੋਕ ਕੇ ਗ੍ਰਹਿਸਥ ਧਰਮ ਧਾਰਨ ਕਰਨ ਵੱਲ ਪ੍ਰੇਰਿਆ;

ਮਨ ਰੇ ਗ੍ਰਿਹ ਹੀ ਮਾਹਿ ਉਦਾਸੁ॥

ਸਚੁ ਸੰਜਮੁ ਕਰਣੀ ਸੋ ਕਰੇ ਗੁਰਮਖਿ ਹੋਇ ਪਰਗਾਸੁ॥[99]

ਧਰਮ ਸੂਰਬੀਰਤਾ ਦੇ ਸਿਧਾਂਤ ਨੂੰ ਪੇਸ਼ ਕਰਦਾ ਹੈ ਅਤੇ ਧਾਰਮਿਕ ਸਥਾਨ ਸੂਰਬੀਰਤਾ ਦੇ ਵਿਹਾਰ ਦੀ ਗਵਾਹੀ ਭਰਦੇ ਹਨ। ਜੇਕਰ ਲੇਕਾਂ ਨੂੰ ਧਾਰਮਿਕ ਅਸਥਾਨਾਂ ਤੋਂ ਵਰਜਿਆ ਜਾਏ ਤਾਂ ਲੋਕਾਂ ਅੰਦਰ ਸੂਰਮਗਤੀ ਦੀ ਰੌਸ਼ਨੀ ਮੱਧਮ ਪੈ ਜਾਂਦੀ ਹੈ ਅਤੇ ਸੂਰਮਿਆਂ ਦਾ ਪੈਦਾ ਹੋਣਾ ਰੁਕ ਜਾਂਦਾ ਹੈ।

ਗੁਰੂ ਘਰ ਦੇ ਵਿਰੋਧੀਆਂ ਨਾਲ ਸ੍ਰੀ ਗੁਰੂ ਅਮਰਦਾਸ ਜੀ ਨਿਮਰਤਾ ਅਤੇ ਦ੍ਰਿੜ੍ਹਤਾ ਨਾਲ ਪੇਸ਼ ਆਉਦੇ ਰਹੇ ਉਹ ਹਮੇਸ਼ਾ ਸਿੱਖਾਂ ਅੰਦਰ ਸੱਚੀ ਸੂਰਬੀਰਤਾ ਦਾ ਬੀਜ ਬੀਜਦੇ ਹੋਏ ਸਿੱਖਾਂ ਨੂੰ ਉਪਦੇਸ਼ ਕਰਦੇ, “ਕਿਸੇ ਦਾ ਬੁਰਾ ਨਾ ਕਰੋ ਕਿਉਕਿ ਬੁਰਾ ਕਰਨ ਵਾਲੇ ਦਾ ਅੰਤ ਵੀ ਬੁਰਾ ਹੁੰਦਾ ਹੈ। ਗੁਰੂ ਜੀ ਦੀ ਸਖਸ਼ੀਅਤ ਦੇ ਸ਼ਾਂਤ-ਚਿਤ, ਸਹਿਣਸ਼ੀਲਤਾ, ਧੀਰਜਵਾਨ, ਦੂਰਦਰਸ਼ੀ ਅਤੇ ਮੁਸ਼ਕਿਲਾਂ ਤੇ ਜ਼ਿਆਦਤੀਆਂ ਦੇ ਸਨਮੁੱਖ ਅਡੋਲ ਡਟੇ ਰਹਿਣ ਵਾਲੇ ਦੈਵੀ ਪੱਖਾਂ ਦਾ ਪਤਾ ਚਲਦਾ ਹੈ।”[100] ਵਿਰੋਧੀਆਂ ਨੂੰ ਮੁਆਫ ਕਰਨਾ ਵੱਡੀ ਬਹਾਦਰੀ ਹੈ ਜਿਸਨੂੰ ਰੂਹਾਨੀਅਤ ਦੇ ਸਿਧਾਂਤਾਂ ਰਾਹੀਂ ਵਿਹਾਰ ਵਿਚ ਲਿਆਂਦਾ ਜਾ ਸਕਦਾ ਹੈ;

ਸੇਖਾ ਅੰਦਰਹੁ ਜੋਰੁ ਛਡਿ ਤੂ ਭਉ ਕਰਿ ਝਲੁ ਗਵਾਇ॥

ਗੁਰ ਕੈ ਭੈ ਕੇਤੇ ਨਿਸਤਰੇ ਭੈ ਵਿਚਿ ਨਿਰਭਉ ਪਾਇ॥[101]

ਇਸ ਸਿਧਾਂਤ ਦੇ ਵਿਹਾਰ ਬਾਰੇ ਮੈਕਾਲਿਫ ਲਿਖਦੇ ਹਨ, “ਗੁਰੂ ਅਮਰਦਾਸ ਜੀ ਖਿਮਾਂ ਅਤੇ ਸਹਿਨਸ਼ੀਲਤਾ ਦਾ ਪ੍ਰਚਾਰ ਕਰਦੇ ਸਨ: ਪਰ ਉਨ੍ਹਾਂ ਦੇ ਵੈਰੀ ਬੁਰਾਈ ਕਰਦੇ ਸਨ, ਗੁਰੂ ਜੀ ਉਨ੍ਹਾਂ

---

99 ਉਹੀ, ੨੬.

100 ਬਲਬੀਰ ਸਿੰਘ (1987) *ਤੀਜੀ ਪਾਤਸ਼ਾਹੀ ਸ੍ਰੀ ਗੁਰੂ ਅਮਰਦਾਸ ਜੀ ਦੈਵੀ ਜੀਵਨ –ਦੈਵੀ ਸੰਦੇਸ਼,* ਸ੍ਰੀ ਗੁਰੂ ਅਮਰਦਾਸ ਫਾਉਂਡੇਸ਼ਨ, ਪੰ.42.

101 ਸ੍ਰੀ ਗੁਰੂ ਗ੍ਰੰਥ ਸਾਹਿਬ, ੫੫੧.

ਲਈ ਉਨ੍ਹਾਂ ਦੀ ਨਿੰਦਿਆ ਮੀਂਹ ਦੀ ਬਰਖਾ ਸਮਾਨ ਸੀ ਜੋ ਮਿੱਟੀ ਦੀ ਕੰਧ ਨੂੰ ਭਾਵੇਂ ਹੌਲੀ-ਹੌਲੀ ਕਰਕੇ ਡੇਗ ਦੇਵੇ ਪਰ ਪਰਬਤ ਦੇ ਪਾਸਿਆਂ ਨੂੰ ਕੇਵਲ ਸਾਫ ਹੀ ਕਰੇਗੀ।"[102] ਸ੍ਰੀ ਗੁਰੂ ਅਮਰਦਾਸ ਜੀ ਨੈਤਿਕ ਸੂਰਬੀਰਤਾ ਦੇ ਗੁਣ ਧਾਰਨ ਕਰਨ ਲਈ ਬਾਣੀ ਰਾਹੀਂ ਉਪਦੇਸ਼ ਕਰਦੇ ਅਤੇ ਅਮਲ ਵਿਚ ਲਿਆਉਣ ਲਈ ਵੀ ਸਿੱਖਾਂ ਨੂੰ ਪ੍ਰੇਰਿਤ ਕਰਦੇ ਰਹਿੰਦੇ, "ਧੀਰਜ ਨਾਲੋਂ ਕੋਈ ਵੱਡਾ ਤਪ ਨਹੀਂ, ਸੰਤੋਖ ਨਾਲੋਂ ਵੱਡਾ ਕੋਈ ਸੁਖ ਨਾਹੀਂ, ਲਾਲਚ ਨਾਲੋਂ ਕੋਈ ਵੱਡੀ ਬੁਰਾਈ ਨਹੀਂ। ਦਇਆ ਨਾਲੋਂ ਕੋਈ ਵੱਡੀ ਨੇਕੀ ਨਹੀਂ ਮਾਫ ਕਰਨ ਨਾਲੋਂ ਵਧਕੇ ਕੋਈ ਤਾਕਤਵਰ ਸ਼ਸਤਰ ਨਹੀਂ।"[103] ਇਸ ਤਰ੍ਹਾਂ ਲੋਕ-ਹਿੱਤਾਂ ਨੂੰ ਸੁਰਖਿਅਤ ਰੱਖਣ ਵਿਚ ਸਮਾਜਕ ਸੂਰਬੀਰਤਾ ਲਈ ਜਾਤ-ਪਾਤ, ਛੂਤ-ਛਾਤ, ਉਚ-ਨੀਚ ਦੇ ਫਰਕ ਨੂੰ ਮਿਟਾਉਣ ਲਈ ਮੁੱਖ ਅਸੂਲ ਪਹਿਲੇ ਪੰਗਤ, ਪਾਛੈ ਸੰਗਤ ਨੂੰ ਦ੍ਰਿੜ੍ਹਤਾ ਨਾਲ ਕਾਇਮ ਰੱਖਿਆ;

ਪ੍ਰਥਮ" ਦੇਗ ਮਹਿ ਜਾਇ ਕੇ, ਭੋਜਨ ਕੋ ਖਾਵੈ। ਚਲਿ ਕਰਿ ਢਿਗ ਜਾਵੈ।"[104]

ਸਮਾਜ ਵਿਚ ਜਾਤ-ਪਾਤ ਦਾ ਵਿਤਕਰਾ ਅਤੇ ਮਨੁੱਖਤਾ ਅੰਦਰ ਊਚ-ਨੀਚ ਦੇ ਪਾੜੇ ਨੂੰ ਪੂਰਾ ਕਰਨ ਲਈ ਜਿਥੇ ਸ੍ਰੀ ਗੁਰੂ ਅਮਰਦਾਸ ਜੀ ਨੇ ਲੰਗਰ ਦੀ ਪ੍ਰਥਾ ਨੂੰ ਪ੍ਰੇਮ ਪਿਆਰ ਨਾਲ ਬਰਕਰਾਰ ਰਖਿਆ ਉਥੇ ਇਸ ਦੀ ਪਾਲਣਾ ਕਰਨ ਲਈ ਸਖ਼ਤੀ ਵੀ ਅਪਣਾਈ ਫੇਰ ਭਾਵੇਂ ਕੋਈ ਰਾਜਾ ਸਮਰਾਟ ਅਕਬਰ ਦਾ ਗੁਰੂ ਜੀ ਦੇ ਦਰਸ਼ਨਾਂ ਲਈ ਆਵਣਾ ਗੁਰੂ ਸਾਹਿਬ ਦਾ ਉਸਨੂੰ ਪਹਿਲਾਂ ਲੰਗਰ ਛਕਣ ਲਈ ਕਹਿਣਾ ਅਤੇ ਫਿਰ ਮੁਲਾਕਾਤ ਤੋਂ ਪਿਛੋਂ ਅਕਬਰ ਦੀ ਲੰਗਰ ਦੇ ਨਾਮ ਜਗੀਰ ਲਉਣ ਦੀ ਪ੍ਰਾਰਥਨਾ/ਪੇਸ਼ਕਸ਼ ਨੂੰ ਹਲੀਮ ਦਰਿੜਤਾ ਨਾਲ ਸਿਧਾਂਤਕ ਪਹਿਰੇਦਾਰੀ ਕਰਦਿਆਂ ਠੁਕਰਾਉਣਾ ਇਸ ਪ੍ਰਸੰਗ ਵਿਚ ਵਰਨਣਯੋਗ ਹੈ;

"ਇਕ ਪ੍ਰਤੱਗਯ ਗੁਰੁ ਰਾਖੀ ਕਰ ਜੋ ਦਰਸ਼ਨ ਕੋ ਆਵੈ।
ਪਹਿਲੇ ਛਕੇ ਪ੍ਰਸਾਦਿ ਲੰਗਰੋ ਪਾਛੈ ਦਰਸ਼ਨ ਪਾਵੈ।"[105]

ਇਸ ਬਾਰੇ ਸਿੱਖ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ; "ਹਰ ਹਿੰਦੂ ਮੁਸਲਮਾਨ ਯਾਤਰੀ ਨੂੰ ਕਿਹਾ ਜਾਂਦਾ ਸੀ ਕਿ ਗੁਰੂ ਜੀ ਨੂੰ ਮਿਲਣ ਤੋਂ ਪਹਿਲਾਂ ਲੰਗਰ ਵਿਚੋਂ ਭੋਜਨ ਛਕੇ। ਅਕਬਰ ਬਾਦਸ਼ਾਹ ਅਤੇ

---

102 ਮੈਕਾਲਿਫ, ਉਪਰੋਕਤ, *ਸਿੱਖ ਇਤਿਹਾਸ –ਭਾਗ 1,2,* ਪੰ.231.

103 ਉਹੀ, ਪੰ.232.

104 ਭਾਈ ਸੰਤੋਖ ਸਿੰਘ, ਉਪਰੋਕਤ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਜਿਲਦ-5, ਪੰ.1142.

105 ਸਰੂਪ ਦਾਸ ਭੱਲਾ, ਉਪਰੋਕਤ, *ਮਹਿਮਾ ਪ੍ਰਕਾਸ਼,* ਪੰ.88.

ਹਰੀਪੁਰ ਦੇ ਰਾਜੇ ਨੂੰ ਅਜਿਹਾ ਕਰਨ ਪਿਆ।"[106] ਇਸ ਅਸੂਲ ਦਾ ਅਕਬਰ ਬਾਦਸ਼ਾਹ ਦੇ ਮਨ ਉੱਤੇ ਗਹਿਰਾ ਪ੍ਰਭਾਵ ਪਿਆ ਤੇ ਉਸ ਨੇ ਗੁਰ ਦਰਬਾਰ ਵਿਚ ਬੜੇ ਸਤਿਕਾਰ ਨਾਲ ਆ ਕੇ ਪੰਗਤ ਦੇ ਸਿਧਾਂਤ ਦੀ ਪਾਲਣਾ ਕੀਤੀ ਜਿਸਦਾ ਦ੍ਰਿਸ਼ਟਾਂਤ ਮਹਿਮਾ ਪ੍ਰਕਾਸ ਗ੍ਰੰਥ ਵਿਚ ਇਸ ਤਰ੍ਹਾਂ ਦਰਜ ਹੈ;

> "ਅਕਬਰ ਪਾਤਸਾਹ ਸੁਲਤਾਨ। ਦਿਲੀ-ਪਤ, ਆਦਲ ਪਰਮਾਨ।
>
> ਤਿਨ ਸਤਿਗੁਰ ਸੇ ਪਰਤਗਿਆ ਪਾਇਆ। ਮਨ ਪਰਤੀਤ ਦਰਸ਼ਨ ਕੋ ਪਾਇਆ।"[107]

ਲੰਗਰ-ਪ੍ਰਬੰਧ ਆਪਣੇ ਉਸ ਵੇਲੇ ਦੇ ਸਮਕਾਲੀ ਪ੍ਰਸੰਗ ਵਿਚ ਇਕ ਕ੍ਰਾਂਤੀਕਾਰੀ ਪਹਿਲ ਸੀ। ਇਸਦੀ ਸ਼ੁਰੂਆਤ ਜਿਵੇਂ ਪਿਛਲੇ ਦੱਸਿਆ ਗਿਆ ਹੈ ਪਹਿਲੇ ਗੁਰੂ ਪਾਤਸ਼ਾਹ ਨੇ ਕੀਤੀ ਪਰੰਤੂ ਦਸਾਂ ਗੁਰ-ਹਸਤੀਆਂ ਵਿਚੋਂ ਕਿਸੇ ਨੇ ਵੀ ਕਿਸੇ ਵੀ ਕੀਮਤ ਤੇ ਇਸ ਦੀ ਨਿਰਮਲਤਾ ਅਤੇ ਲੋਕਤੰਤਰੀ ਸ਼ੈਲੀ ਨੂੰ ਆਂਚ ਨਹੀਂ ਆਉਣ ਦਿੱਤੀ। ਗੁਹੁ ਨਾਲ ਵੇਖਿਆ ਗੁਰੂ ਗੋਬਿੰਦ ਸਿੰਘ ਜੀ ਨੂੰ ਸੰਘਰਸ਼ਮਈ ਜੀਵਨ ਜਿਊਣਾ ਪਿਆ ਉਸਦਾ ਇਕ ਕਾਰਨ ਲੰਗਰ ਪ੍ਰਥਾ ਵੀ ਸੀ ਪਰੰਤੂ ਸਾਰੇ ਇਤਿਹਾਸਕ ਸਰੋਤ ਇਕ ਮੱਤ ਹਨ ਕਿ ਗੁਰੂ ਪਿਤਾ ਨੇ ਕਿਤੇ ਵੀ ਕੋਈ ਸਮਝੌਤਾ ਨਹੀਂ ਕੀਤਾ। ਇਹ ਤੱਥ ਨਾ ਸਿਰਫ ਗੁਰੂ ਕਾਲ ਦੌਰਾਨ ਲੰਗਰ ਦੀ ਨਿਰੰਤਰਤਾ ਨੂੰ ਸਿੱਧ ਕਰਦਾ ਹੈ ਉਥੇ ਹਰ ਸਮਕਾਲੀ ਗੁਰੂ ਵਲੋਂ ਕੀਤੀ ਇਸ ਦੀ ਸੁਰੱਖਿਆ ਨੂੰ ਵੀ ਉਜਾਗਰ ਕਰਦਾ ਹੈ। ਅਕਬਰ ਅਤੇ ਹਮੀਰਪੁਰ ਦੇ ਰਾਜੇ ਦਾ ਲੰਗਰ ਛਕਣਾ ਅਤੇ ਲੰਗਰ ਦੇ ਸਿਧਾਂਤ ਦੀ ਰੱਖਿਆ ਲਈ ਗੁਰੂ ਸਾਹਿਬ ਦਾ ਔਰੰਗਜ਼ੇਬ ਅਤੇ ਉਸਦੇ ਪਿੱਠੂ ਪਹਾੜੀ ਰਾਜਿਆਂ ਨਾਲ ਕੀਤਾ ਸੰਘਰਸ਼ ਸਮੂਹ ਗੁਰੂ ਸਾਹਿਬਾਨ ਦਾ ਸਿਧਾਂਤਕ, ਅਧਿਆਤਮਿਕ, ਵਿਅਕਤੀਗਤ ਸਮਾਜਕ ਸੂਰਬੀਰਤਾ ਦਾ ਪ੍ਰਮਾਣ ਹੈ। ਇਹ ਗੁਰੂ ਸਾਹਿਬਾਨ ਦੀ ਮੌਕੇ ਦੀ ਨਜ਼ਾਕਤ ਅਨੁਸਾਰ ਵਿਖਾਈ ਸੂਝ ਪਰੀ ਸੂਰਬੀਰਤਾ ਹੀ ਹੈ ਕਿ ਲੰਗਰ ਅੱਜ ਵੀ ਆਪਣੀ ਉਸੇ ਭਾਵਨਾਂ ਕਰਕੇ ਪ੍ਰਸਿੱਧ ਅਤੇ ਉਸੇ ਪ੍ਰਕਾਰ ਚਲ ਰਿਹਾ ਹੈ ਜਿਵੇਂ ਕਿ ਇਸ ਨੂੰ ਗੁਰੂ ਨਾਨਕ ਸਾਹਿਬ ਨੇ ਚਾਲੂ ਕੀਤਾ ਸੀ। ਸਭ ਗੁਰ-ਹਸਤੀਆਂ ਦੀ ਇਹ ਦ੍ਰਿੜ੍ਹ ਧਾਰਨਾ ਸੀ ਕਿ ਗੁਰੂ ਦਾ ਲੰਗਰ ਅਕਾਲ-ਭਰੋਸੇ ਗੁਰਸਿੱਖਾਂ ਦੀ ਨਿਸ਼ਕਾਮ ਸੇਵਾ ਤੇ ਘਾਲ-ਕਮਾਈ ਦੇ ਸਿਰ 'ਤੇ ਚਲਦਾ ਰਹੇ ਤਾਂ ਹੀ ਠੀਕ ਰਹੇਗਾ।

---

106 ਤੇਜਾ ਸਿੰਘ, ਗੰਡਾ ਸਿੰਘ, ਉਪਰੋਕਤ, *ਸਿੱਖ ਇਤਿਹਾਸ 1469-1765,* ਪੰ.23.

107 ਸਰੂਪ ਦਾਸ ਭੱਲਾ, ਉਪਰੋਕਤ, *ਮਹਿਮਾ ਪ੍ਰਕਾਸ਼,* ਉਹੀ, ਪੰਨੇ., 240,41.

ਸ੍ਰੀ ਗੁਰੂ ਅਮਰਦਾਸ ਜੀ ਦੀ ਸਖਸ਼ੀਅਤ ਵਿਚ ਸਮਾਜਕ ਬੁਰਾਈਆਂ ਨੂੰ ਖਤਮ ਕਰਨ ਲਈ ਦ੍ਰਿੜ੍ਹ ਨਿਸ਼ਚਾ ਸੀ। ਉਹਨਾਂ ਨੇ ਹਮੇਸ਼ਾ ਸਮਾਜ-ਸੁਧਾਰ ਅਤੇ ਅਨਿਆਇ ਦੇ ਖਿਲਾਫ਼ ਆਵਾਜ਼ ਨੂੰ ਬੁਲੰਦ ਰੱਖਿਆ। ਉਹਨਾਂ ਦੁਆਰਾ ਕੁੜੀ ਮਾਰ, ਬਾਲ-ਵਿਆਹ, ਸਤੀ ਦੀ ਰਸਮ, ਵਿਧਵਾ ਵਿਆਹ ਦੀ ਮਨਾਹੀ, ਔਰਤ ਨੂੰ ਪਰਦੇ ਵਿਚ ਰਖਣ ਵਰਗੀਆਂ ਘਾਤਕ ਕੁਰੀਤੀਆਂ ਨੂੰ ਚੁਣੌਤੀ ਦੇਣਾ ਇਕ ਵੱਡੇ ਇਨਕਲਾਬ ਵਰਗੀ ਗੱਲ ਹੈ। ਜਿਸਦੇ ਸੰਖੇਪ ਪ੍ਰਭਾਵ ਇਸ ਤਰ੍ਹਾਂ ਸਨ;

> "ਕੁੜੀ ਮਾਰਨ ਦੀ ਸਮਾਜਕ ਬੁਰਾਈ ਦਾ ਮੁੱਢ ਬਦੇਸ਼ੀ ਹਮਲਿਆਂ ਦੇ ਪ੍ਰਤੀਕਰਮ ਵਜੋਂ ਬੱਝਾ ਜਦੋਂ ਲੜਾਕੇ ਤੇ ਅਣਖੀਲੇ ਯੋਧੇ ਨੇ ਦੁਸ਼ਮਨ ਸਾਹਮਣੇ ਆਪਣੀ ਪੇਸ਼ ਨਾ ਜਾਂਦੀ ਦੇਖ ਕੇ ਆਪਣੀ ਧੀ-ਭੈਣ ਦੀ ਇੱਜਤ ਬਚਾਉਣ ਦਾ ਇਹੋ ਜਿਹਾ ਮਨੁੱਖਤਾ ਵਿਰੋਧ ਰਾਹ ਅਪਣਾਇਆ ਹੋਇਆ ਸੀ। ਆਖਿਆ ਜਾਂਦਾ ਹੈ ਕਿ ਗੱਖੜ ਜਾਤੀ ਵਿਚ ਜਦੋਂ ਕਿਸੇ ਦੇ ਘਰ ਕੁੜੀ ਪੈਦਾ ਹੁੰਦੀ ਸੀ ਤਾਂ ਉਹ ਪਿਓ ਨਵ-ਜਨਮੀ ਕੁੜੀ ਨੂੰ ਦੋਹਾਂ ਹੱਥਾਂ ਵਿਚ ਲੈ ਕੇ ਖਲੋ ਜਾਂਦਾ ਸੀ ਅਤੇ ਆਖਦਾ ਸੀ ਜਿਸਨੇ ਇਸ ਕੁੜੀ ਨਾਲ ਵਿਆਹ ਕਰਵਾਉਣਾ ਹੈ ਉਹ ਇਸ ਨੂੰ ਲੈ ਜਾਵੇ ਜੇਕਰ ਕਿਸੇ ਪਾਸਿਉ ਵੀ ਕੋਈ ਅਵਾਜ ਨਾ ਆਵੇ ਤਾਂ ਗੱਖੜ ਜਾਤੀ ਦਾ ਉਹ ਬੰਦਾ ਆਪਣੀ ਨਵ-ਜਨਮੀ ਕੁੜੀ ਨੂੰ ਅੱਖ ਦੇ ਫੋਰ ਵਿਚ ਕਤਲ ਕਰ ਦਿੰਦਾ ਸੀ।"[108]

ਇਹ ਜ਼ੁਲਮ ਅਤਿ ਦਾ ਨਿੰਦਣਯੋਗ ਅਤੇ ਰੌਂਗਟੇ ਖੜ੍ਹੇ ਕਰਨ ਵਾਲਾ ਸੀ ਪਰ ਫਿਰ ਵੀ ਸਮਾਜ ਵਿਚੋਂ ਇਸਦੇ ਖਿਲਾਫ ਕੋਈ ਵੀ ਅਵਾਜ਼ ਨਹੀ ਉੱਠੀ। ਇਹ ਮਰੀ ਹੋਈ ਸਮਾਜਕ ਜ਼ਮੀਰ ਦੀ ਪ੍ਰਤੱਖ ਨਿਸ਼ਾਨੀ ਸੀ।

ਇਸ ਪ੍ਰਥਾ ਤੋਂ ਪਤਾ ਚਲਦਾ ਹੈ ਕਿ ਯੁੱਧਬੀਰ ਵੀ ਇਸ ਨੂੰ ਰੋਕਣ ਵਿਚ ਅਸਮਰੱਥ ਸਨ। ਇਸ ਤਰ੍ਹਾਂ ਬਾਲ ਵਿਆਹ ਸਮਾਜ ਦਾ ਘਾਣ ਕਰ ਰਿਹਾ ਸੀ ਜਿਸ ਵਿਚ ਲੋਕ "ਛੇ ਵਰਿਆਂ ਦੀ ਕੁੜੀ ਦਾ ਵਿਆਹ ਕਰ ਦਿੰਦੇ ਸਨ ਆਇਨੇ-ਅਕਬਰੀ ਅਨੁਸਾਰ ਕੁੜੀਆਂ ਦੇ ਮੁਟਿਆਰ ਹੋਣ ਤੋਂ ਪਹਿਲਾਂ ਵਿਆਹ ਨਾ ਕਰਨ ਦੀ ਸਿਫਾਰਸ਼ ਕੀਤੀ ਪਰ ਉਸਦੀ ਸਿਫਾਰਸ਼ ਜਾਂ ਮਸ਼ਵਰੇ ਦਾ ਕੋਈ ਅਸਰ ਨਾ ਹੋਇਆ। ਇਸ ਤੋਂ ਇਲਾਵਾ ਸਤੀ ਪ੍ਰਥਾ ਦੇ ਜਬਰੀ-ਸਤੀ ਦੇ ਕਾਨੂੰਨ ਨੇ ਔਰਤ ਜਾਤੀ ਉੱਤੇ ਗੈਰ

---

108 ਬਲਬੀਰ ਸਿੰਘ (1987) ਉਪਰੋਕਤ, *ਤੀਜੀ ਪਾਤਸ਼ਾਹੀ ਸ੍ਰੀ ਗੁਰੂ ਅਮਰਦਾਸ ਜੀ ਦੈਵੀ ਜੀਵਨ –ਦੈਵੀ ਸੰਦੇਸ਼,* ਪੰ.42.

ਮਨੁੱਖੀ ਤਸ਼ੱਦਦ ਹੀ ਕੀਤੇ।"[109] ਜਿਸ ਤੋਂ ਸ੍ਰੀ ਗੁਰੂ ਅਮਰਦਾਸ ਜੀ ਨੇ ਪੂਰਨ ਅਜ਼ਾਦੀ ਦਿਵਾਈ ਅਤੇ ਨਾਲ ਹੀ ਔਰਤ ਨੂੰ ਹੋਰ ਉੱਚਾ ਰੁਤਬਾ ਦਿੱਤਾ। "ਜਿਥੇ ਗੁਰਸਿੱਖਾਂ ਨੂੰ ਪੀੜ੍ਹੇ ਬਖ਼ਸ਼ੇ ਉੱਥੇ ਇਸਤਰੀਆਂ ਨੂੰ ਵੀ ਧਰਮ ਪ੍ਰਚਾਰਕਾਂ ਦੀ ਜਿੰਮੇਵਾਰੀ ਸੌਂਪ ਕੇ ਇਹ ਮਿਸਾਲ ਪੈਦਾ ਕੀਤੀ ਕਿ ਸਿੱਖ ਧਰਮ ਵਿਚ ਔਰਤ ਮਰਦ ਦਾ ਦਰਜਾ ਬਾਰਬਰ ਇਕੋ ਜਿਹਾ ਹੈ।"[110] ਇਸ ਤਰ੍ਹਾਂ ਗੁਰੂ ਅਮਰਦਾਸ ਜੀ ਨੇ ਸੂਰਮੇ ਅੰਦਰ ਲੋਕ-ਪੱਖੀ ਚੇਤਨਾ ਨੂੰ ਕਾਇਮ ਕੀਤਾ। ਗੁਰੂ ਜੀ ਨੇ ਅਧਿਆਤਮਕ ਤੇ ਨੈਤਿਕ ਸੂਰਬੀਰਤਾ ਦੇ ਨਾਲ-ਨਾਲ ਸਮਾਜਕ ਸੂਰਬੀਰਤਾ ਦੇ ਪੂਰਨੇ ਪਾਉਂਦਿਆਂ ਸਮਾਜਕ ਬਹਾਦਰੀ ਦਾ ਵਿਹਾਰਕ ਪੱਖ ਪੇਸ਼ ਕਰਕੇ ਬੀਰ ਪਰੰਪਰਾ ਦੀ ਅਗਵਾਈ ਸ੍ਰੀ ਗੁਰੂ ਰਾਮਦਾਸ ਜੀ ਨੂੰ ਸੌਂਪੀ। ਉਹਨਾਂ ਨੇ ਆਉਣ ਵਾਲੇ ਸਮੇਂ ਵਿਚ ਇਹ ਮਿਸ਼ਨ ਆਪਣੇ ਪੂਰਬ-ਅਧਿਕਾਰੀਆਂ ਵਾਂਗ ਜਾਰੀ ਰਖਿਆ।

ਸਿੱਖ ਸੂਰਬੀਰਤਾ ਦੇ ਵਿਕਾਸ ਲਈ ਗੁਰੂ ਰਾਮਦਾਸ ਜੀ ਨੇ ਗੁਰਤਾਗੱਦੀ ਪ੍ਰਾਪਤ ਕਰਨ ਉਪਰੰਤ ਅੰਮ੍ਰਿਤਸਰ ਵਸਾਉਣਾ, ਅੰਮ੍ਰਿਤ ਸਰੋਵਰ ਨੂੰ ਖੁਦਵਾਉਣਾ ਅਤੇ ਸਿੱਖ ਸੰਗਤ ਨੂੰ ਇਕ ਸੂਤਰ 'ਚ ਪਰੋ ਕੇ ਕਾਰਜ ਆਰੰਭੇ;

> ਬੈਠਾ ਸੋਢੀ ਪਾਤਿਸ਼ਾਹ ਰਾਮਦਾਸ ਸਤਿਗੁਰੂ ਕਹਾਵੈ॥
> ਪੂਰਨ ਤਾਲ ਖਟਾਇਆ, ਅੰਮ੍ਰਿਤਸਰ ਵਿਚ ਜੋਤਿ ਜਗਾਵੈ॥[111]

ਗੁਰੂ ਜੀ ਨੇ ਇਸਤਰੀ ਜਾਤੀ ਨੂੰ ਸਤਿਕਾਰਯੋਗ ਅਧਿਕਾਰ ਦੇ ਕੇ ਸਤੀ ਪ੍ਰਥਾ ਨੂੰ ਖਤਮ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਸਮਾਜ ਅੰਦਰ ਵਰਤ ਰਹੇ ਵਿਤਕਰਿਆਂ ਤੋਂ ਛੁਟਕਾਰਾ ਦਿਵਾ ਕੇ ਸੱਚੇ ਸੂਰਮੇ ਦੀ ਪ੍ਰਵਿਰਤੀ ਨੂੰ ਰੁਸ਼ਨਾਇਆ। ਅਧਿਆਤਮਕ, ਸਮਾਜਕ ਤੋਂ ਇਲਾਵਾ ਨੈਤਿਕ ਸੂਰਬੀਰਤਾ ਦਾ ਸਿਧਾਂਤ ਵੀ ਗੁਰੂ ਰਾਮਦਾਸ ਜੀ ਦੇ ਜੀਵਨ ਵਿਚੋਂ ਮਿਲਦਾ ਹੈ। ਕਵੀ ਸੰਤੋਖ ਸਿੰਘ ਲਿਖਦੇ ਹਨ ਕਿ ਜਦੋਂ ਬਾਬਾ ਸ੍ਰੀ ਚੰਦ ਗੁਰੂ ਰਾਮਦਾਸ ਜੀ ਦੇ ਦਰਸ਼ਨਾ ਲਈ ਅਉਂਦੇ ਹਨ ਉਹਨਾਂ ਨੇ ਬੜੇ ਵਿਅੰਗਮਈ ਲਹਿਜੇ 'ਚ ਪੁੱਛਿਆ," ਆਪ ਨੇ ਆਪਣੀ ਦਾਹੜੀ ਇਤਨੀ ਲੰਮੀ ਕਿਉਂ ਰੱਖੀ ਹੋਈ ਹੈ? ਤਾਂ ਗੁਰੂ ਰਾਮਦਾਸ ਜੀ ਨੇ ਉਸੇ ਦਮ ਬੜੇ ਸਹਿਜ ਸਤਿਕਾਰ ਅਤੇ ਨਿਮਰਤਾ ਭਰੇ ਲਹਿਜੇ ਵਿਚ ਦਸਿਆ ਕਿ ਆਪ ਵਰਗੇ ਮਹਾਂ ਪੁਰਸ਼ਾਂ ਦੇ ਪਾਵਨ ਚਰਨ ਝਾੜਨ ਲਈ, ਇਹ ਆਖਦਿਆਂ ਗੁਰੂ

---

109 ਉਹੀ, ਪੰਨੇ., 43, 44.

110 ਹਰਬੰਸ ਸਿੰਘ ਚਾਵਲਾ (1982) *ਗੁਰੂ ਅਮਰਦਾਸ ਜੀਵਨ ਤੇ ਉਪਦੇਸ਼,* ਦਿੱਲੀ ਯੂਨੀਵਰਸਿਟੀ, ਦਿੱਲੀ, ਪੰ.,124.

111 ਭਾਈ ਗੁਰਦਾਸ, ਵਾਰ 1 ਪਉੜੀ 47.

ਸਾਹਿਬ ਜੀ ਝੁਕੇ ਹੀ ਸਨ ਕਿ ਬਾਬਾ ਸ੍ਰੀ ਚੰਦ ਜੀ ਨੇ ਆਖਿਆ ਕਿ ਇਸੇ ਚਮਤਕਾਰੀ ਸੁਭਾਅ ਕਰਕੇ ਹੀ ਆਪ ਨੂੰ ਗੁਰੂ ਪਦਵੀ ਪਰਾਪਤ ਹੋਈ ਹੈ।"[112] ਸੋ ਸ੍ਰੀ ਗੁਰੂ ਰਾਮਦਾਸ ਨਿਮਰਤਾ ਦਾ ਪੱਖ ਪੂਰਦੇ ਹੋਏ ਸਿੱਖ ਸੂਰਮਿਆਂ ਨੂੰ ਆਤਮਿਕ ਤੌਰ 'ਤੇ ਬਲ ਬਖ਼ਸ਼ਦੇ ਰਹੇ ਅਤੇ ਸਿੱਖੀ ਦਾ ਕੇਂਦਰ ਕਾਇਮ ਕਰਨ ਲਈ ਵੱਖ-ਵੱਖ ਕਿੱਤਿਆਂ ਅਤੇ ਜਾਤਾਂ ਦੇ ਲੋਕਾਂ ਨੂੰ ਲਿਆ ਕੇ ਅੰਮ੍ਰਿਤਸਰ ਸ਼ਹਿਰ ਵਸਾਇਆ। "ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਸਿੱਖਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਰੂਪ ਵਿਚ ਧਰਮ-ਕੇਂਦਰ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਧਰਮ ਗ੍ਰੰਥ ਦੇ ਕੇ ਸੰਗਠਤ ਕੀਤਾ।"[113] ਗੁਰੂ ਸਾਹਿਬ ਨੇ ਧਰਮ ਕੇਂਦਰ ਦੇ ਚਹੁੰਆਂ ਦਿਸ਼ਾਵਾਂ ਵਿਚ ਚਾਰ ਦਰਵਾਜ਼ੇ ਰੱਖ ਕੇ ਸਾਰੇ ਵਰਨਾਂ ਲਈ ਖੁੱਲ੍ਹਾ ਰੱਖਿਆ। ਧਰਮ ਗ੍ਰੰਥ ਵਿਚ ਅਖੌਤੀ ਨੀਵੀਂ ਜਾਤਾਂ ਦੇ ਆਤਮ-ਦਰਸ਼ੀ ਭਗਤਾਂ ਦੀ ਬਾਣੀ ਦਰਜ ਕਰਕੇ ਸੰਸਾਰ ਦੇ ਧਾਰਮਕ ਇਤਿਹਾਸ ਵਿਚ ਇਨਕਲਾਬ ਲਿਆਂਦਾ। ਸ੍ਰੀ ਗੁਰੂ ਅਰਜਨ ਦੇਵ ਜੀ ਇਨਕਲਾਬੀ ਵਿਹਾਰ ਨੇ ਉੱਚੇ ਨੀਵੇਂ ਸਾਰਿਆਂ ਨੂੰ ਸਮਾਨਤਾ ਪ੍ਰਦਾਨ ਕੀਤੀ ਜਿਸ ਸਦਕਾ ਗੁਰੂ-ਘਰ ਏਨਾ ਹਰਮਨ ਪਿਆਰਾ ਹੋ ਗਿਆ ਅਤੇ ਬਹੁਤ ਸਾਰੇ ਲੋਕ ਸਿੱਖ ਧਰਮ ਵੱਲ ਪ੍ਰੇਰਿਤ ਹੋ ਗਏ।

ਇਸ ਤਰ੍ਹਾਂ ਸਦਾਚਾਰਕ ਕੀਮਤਾਂ ਸਥਿਰ ਰਹਿੰਦੀਆਂ ਹਨ ਜੋ ਨੈਤਿਕ ਬਹਾਦਰੀ ਲਈ ਯੋਗ ਹੁੰਦੀਆਂ ਹਨ। ਧਾਰਮਿਕ ਦ੍ਰਿਸ਼ਟੀਕੋਣ ਤੋਂ ਅਧਿਆਤਮਕ ਸੂਰਬੀਰਤਾ ਵਿਚੋਂ ਨੈਤਿਕ ਸੂਰਬੀਰਤਾ ਪੈਦਾ ਹੁੰਦੀ ਹੈ। ਸਿੱਖ ਸੂਰਬੀਰਤਾ ਅਧਿਆਤਮਕ ਅਤੇ ਨੈਤਿਕ ਕੀਮਤਾਂ ਦਾ ਸਮੁੱਚ ਹੁੰਦੀ ਹੈ। ਇਹਨਾਂ ਦੋਹਾਂ ਦਾ ਸੰਬੰਧ ਸਮਾਜ ਨਾਲ ਹੋਣ ਕਰਕੇ ਸਮਾਜਕ ਸੂਰਬੀਰਤਾ ਵੀ ਸਿੱਖ ਸੂਰਬੀਰਤਾ ਦੀ ਦੂਸਰੀ ਕਿਸਮ ਸਾਹਮਣੇ ਆਉਂਦੀ ਹੈ ਜਿਸ ਵਿਚ ਸਰੀਰਕ ਬਹਾਦਰੀ ਵਰਤੋਂ ਵਧੇਰੇ ਹੁੰਦੀ ਹੈ।

**3. ਅਧਿਆਤਮਕ ਅਤੇ ਸਮਾਜਕ ਸੂਰਬੀਰਤਾ ਦੇ ਅੰਤਰਸੰਬੰਧ-**

ਜਿੰਨ੍ਹਾ ਚਿਰ ਤੱਕ ਬਾਹਰੀ ਕਠਿਨ ਪਰਿਸਥਿਤੀਆ ਨੂੰ ਸੁਧਾਰਨ ਲਈ ਵਿਚਾਰਾਂ ਦੀ ਸਾਰਥਕ ਭੂਮਕਾ ਰਹੀ ਹੈ ਉਦੋਂ ਤੱਕ ਬੀਰਤਾ ਦਾ ਝੁਕਾਅ ਅਧਿਆਤਮਕ, ਮਾਨਸਿਕ, ਅਤੇ ਨੈਤਿਕਤਾ ਵੱਲ ਰਿਹਾ ਹੈ ਅਤੇ ਲੋਕਾਂ ਅੰਦਰ ਆਤਮਕ ਤਾਕਤ ਪੈਦਾ ਕੀਤੀ ਗਈ ਪਰ ਜਦੋਂ ਸਮਾਜ ਅੰਦਰ ਜ਼ਾਲਮ ਜ਼ੁਲਮ ਦੀਆਂ ਸਭ ਹੱਦਾਂ ਨੂੰ ਪਾਰ ਕਰ ਜਾਵੇ ਤਾਂ ਗੁਰੂ ਅਤੇ ਸਿੱਖਾਂ ਨੇ ਸਰੀਰਕ ਬਲ

---

112 ਭਾਈ ਸੰਤੋਖ ਸਿੰਘ, ਉਪਰੋਕਤ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਪੰ.1701

113 ਮੈਕਾਲਿਫ, ਉਪਰੋਕਤ, *ਸਿੱਖ ਇਤਿਹਾਸ,* ਪੰ.346.

ਨੂੰ ਵਿਹਾਰ ਵਿਚ ਲਿਆਂਦਾ ਜੋ ਸਰੀਰਕ ਸੂਰਬੀਰਤਾ ਵਿਕਾਸ ਲਈ ਪੂਰਨੇ ਸਾਬਤ ਹੋਏ।

ਸਰੀਰਕ ਸੂਰਬੀਰਤਾ ਦੇ ਵਿਹਾਰ ਲਈ ਮੁੱਢਲੀ ਸ਼ਰਤ ਸਰੀਰਕ ਮੋਹ ਦਾ ਤਿਆਗ ਕਰਨਾ ਹੈ ਜਿਸਦੀ ਪੂਰਤੀ-ਹਿੱਤ ਅਸਹਿ ਅਤੇ ਅਕਹਿ ਤਸੀਹੇ ਨੂੰ ਸਹਿਣਾ ਹੀ ਸ਼ਾਮਲ ਨਹੀਂ ਸਗੋਂ ਜੇ ਲੋੜ ਪਵੇ ਤਾਂ ਮੌਤ ਨੂੰ ਵੀ ਬੜੇ ਚਾਅ ਨਾਲ ਕਬੂਲਣਾ ਪੈਂਦਾ। ਜੀਵਨ ਦਾ ਮੋਹ ਤਿਆਗਣਾ ਮਰਜੀਵੜੇ ਹੋਣ ਦੀ ਪਹਿਲੀ ਸ਼ਰਤ ਹੈ। ਇਸੇ ਲਈ ਗੁਰੂ ਨਾਨਕ ਨੇ ਆਪਣੇ ਖੰਨਿਓ ਤਿਖੇ ਮਾਰਗ ਦੇ ਪਾਂਧੀਆਂ ਲਈ, ਜੋ ਵੀ ਉਹਨਾਂ ਕੋਲ ਆਉਣਾ ਜਾਂ ਉਹਨਾਂ ਦੇ ਸਿੱਖ ਬਣਨਾ ਚਾਹੁੰਦੇ ਸਨ ਲਈ ਵੀ ਇਸ ਨੂੰ ਪਹਿਲੀ ਸ਼ਰਤ ਬਣਾਇਆ;

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥[114]

ਇਹ ਚਾਅ ਸਿੱਖ ਸੂਰਮਿਆਂ ਅੰਦਰ ਸਹਿਜ ਸੁਭਾਅ ਗੁਰ-ਹਸਤੀਆਂ ਨੇ ਆਪਣੇ ਵਿਹਾਰ ਰਾਹੀਂ ਬੀਜ ਅਤੇ ਸਿੰਜ ਦਿੱਤਾ। ਸਰੀਰਕ ਸੂਰਬੀਰਤਾ ਲਈ ਯੁੱਧ ਦਾ ਮੈਦਾਨ ਸੂਰਮਿਆਂ ਦੀ ਪਰਖ ਲਈ ਕਸਵੱਟੀ ਵਜੋਂ ਭੂਮਕਾ ਨਿਭਾਉਂਦਾ ਹੈ। ਸਿੱਖ ਇਤਿਹਾਸ ਦੇ ਗੁਰੂ ਕਾਲ ਦੇ ਸਮੇਂ ਦੌਰਾਨ ਪਾਤਸ਼ਾਹੀ ਛੇਵੀ, ਨੌਵੀਂ ਅਤੇ ਦਸਵੀਂ ਪਾਤਸਾਹੀ ਦੇ ਜੀਵਨ ਵਿਚੋਂ ਯੁੱਧ ਭੂਮੀ ਵਾਲੀ ਸੂਰਬੀਰਤਾ ਦੇ ਦ੍ਰਿਸ਼ਟਾਂਤ ਮਿਲਦੇ ਹਨ ਜਿਨ੍ਹਾਂ ਦਾ ਅਸੀਂ ਜਿਕਰ ਕਰਨ ਦਾ ਯਤਨ ਕਰਾਂਗੇ।

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸੂਰਬੀਰ ਨੂੰ ਅਕਾਲ ਪੁਰਖ ਦੇ ਭੈ, ਭਉ ਅਤੇ ਭਾਣੇ ਦਾ ਅਨੁਸਾਰੀ ਬਣਾਇਆ। ਉਨ੍ਹਾਂ ਨੇ ਇਸ ਸੂਰਬੀਰਤਾ ਭਰਪੂਰ ਸਿਧਾਂਤ ਨੂੰ ਅਮਲ ਵਿਚ ਲਿਆਂਦਾ। ਉਸ ਇਤਿਹਾਸਿਕ ਘਟਨਾ ਤੋਂ ਭਲੀਭਾਂਤ ਜਾਣੂ ਕਰਵਾਇਆ ਜਦੋਂ ਮੁਗ਼ਲ ਬਾਦਸਾਹ ਹਮਾਯੂੰ ਸ਼ੇਰ ਸ਼ਾਹ ਸੂਰੀ ਹੱਥੋਂ ਕਰਾਰੀ ਹਾਰ ਖਾ ਕੇ ਗੁਰੂ ਨਾਨਕ ਦੀ ਗੁਰਗੱਦੀ ਉਪਰ ਬਿਰਾਜਮਾਨ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਖੰਡੂਰ ਸਾਹਿਬ ਹਾਜ਼ਰ ਹੋਇਆ ਜਿਸਦੀ ਆਮਦ ਉਪਰ ਗੁਰੂ ਸਾਹਿਬ ਨੇ ਆਪਣੇ ਕਾਰਜਾਂ ਕਾਰਨ ਕੋਈ ਧਿਆਨ ਨਾ ਦਿੱਤਾ ਇਸ ਨਜ਼ਰ ਅੰਦਾਜ਼ਾ ਨੂੰ ਹਮਾਯੂੰ ਸਹਾਰ ਨਾ ਸਕਿਆ ਅਤੇ ਸ੍ਰੀ ਗੁਰੂ ਅੰਗਦ ਦੇਵ ਜੀ ਉੱਪਰ ਕ੍ਰੋਧ ਵੱਸ ਹੋ ਕੇ ਤਲਵਾਰ ਦੇ ਮੁਠੇ ਨੂੰ ਹੱਥ ਪਾ ਬੈਠਾ;

"ਤਬ ਹਾਥ ਤਲਵਾਰ ਮੂਠ ਪਰ ਰਾਖਾ। ਬਝ ਗਯੋ ਹਾਥ ਤਬ ਦੇਖ ਪ੍ਰਭ ਭਾਖਾ।

---

114 ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੦੨.

ਸ਼ੇਰ ਸ਼ਾਹ ਸੇ ਕਛੁ ਨਹੀ ਕੀਨਾ। ਈਹਾਂ ਤਲਵਾਰ ਮੂਠ ਗਾਹਿ ਲੀਨਾ।"[115]

ਗੁਰੂ ਸਾਹਿਬ ਨੇ ਸ਼ਾਹੀ ਕ੍ਰੋਧ, ਹੰਕਾਰ ਅਤੇ ਤਤਕਾਲ ਮੌਤ ਦੇ ਭੈਅ ਤੋਂ ਬੇ ਪ੍ਰਵਾਹ ਰਹਿ ਕੇ ਉਸ ਨੂੰ ਸਖਤੀ ਨਾਲ ਇਕ ਫਕੀਰ ਸਾਹਮਣੇ ਕੀਤੀ ਇਸ ਗੁਸਤਾਖੀ ਲਈ ਤਾੜਿਆ;

"ਖੜਗ ਨਾ ਨਿਕਸਿਯੌ ਮਿਆਨ ਤੈ ਬਲ ਹਾਰਿਓ।

ਹਸ ਬੋਲੇ ਤਬ ਗੁਰੂ ਜੀ ਸੁਨਸ਼ਾਹਿ ਪਿਆਰਿਓ।

ਸ਼ਹ ਸ਼ਾਹਿ ਕੇ ਸਾਮਣੇ ਬਲ ਗਇਓ ਕਿਥਾਂਏ।

ਪੀਰ ਫਕੀਰਨ ਪਰ ਚਹੈਂ ਤੂੰ ਖੜਗ ਚਲਾਏ।

ਆਵਤ ਲਾਜ ਨ ਤੋਹਿ ਕੋ ਪਿਠ ਦਿਖਰ ਆਇਓ।"[116]

ਕਵੀ ਸੰਤੋਖ ਸਿੰਘ ਇਸ ਵਿਹਾਰ ਨੂੰ ਇਸ ਤਰ੍ਹਾਂ ਬਿਆਨਦਾ ਹੈ;

"ਕਾਇਰ ਭਯੋ, ਭਜ ਕਹਿ ਆਵਾ ਹਮਹਿ ਸੂਰਤਾ ਚਹੈ ਦਿਖਾਵਾ।"[117]

ਭਾਵ ਜਿਹੜੀ ਤਲਵਾਰ ਹੁਣ ਪੀਰਾਂ ਫਕੀਰਾਂ ਉਤੇ ਸੂਤਣ ਲੱਗਾ ਏ, ਉਹ ਸ਼ੇਰ ਸ਼ਾਹ ਸੂਰੀ ਦੇ ਟਾਕਰੇ ਵੇਲੇ ਕਿਥੇ ਸੀ? ਜਿਥੇ ਇਸ ਤਲਵਾਰ ਦੇ ਮਿਆਨ ਵਿਚੋਂ ਕੱਢਣ ਨਾਲ ਵੈਰੀ ਨਾਲ ਦੋ ਹੱਥ ਹੋਣਾ ਬਹਾਦਰੀ ਸੀ ਉਥੋਂ ਤੂੰ ਕਾਇਰ ਬਣ ਕੇ ਆਪਣੀ ਜਾਨ ਬਚਾ ਕੇ ਭੱਜ ਉਠਿਆ ਤੇ ਇਸ ਦੀ ਸਾਡੇ ਉੱਤੇ ਵਰਤੋਂ ਕਰਕੇ ਕਾਹਦੀ ਬਹਾਦਰੀ ਦਿਖਾਉਂਦਾ ਹੈ? ਹਮਾਯੂੰ ਦੇ ਖਿਮਾ ਮੰਗਣ 'ਤੇ ਉਸਨੂੰ ਅਸੀਸ ਦਿੱਤੀ। ਇਸ ਉਪਰੰਤ ਹਮਾਯੂੰ ਦੇ ਬਦਲੇ ਵਿਹਾਰ ਦਾ ਜ਼ਿਕਰ ''ਮਹਿਮਾ ਪ੍ਰਕਾਸ਼'' ਵਿਚ ਬੜੀ ਸੁਚੱਜਤਾ ਨਾਲ ਵਰਨਣ ਕੀਤਾ ਹੈ;

ਇਸ ਵਿਹਾਰ ਨੂੰ *ਤਵਾਰੀਖ ਗੁਰੂ ਖਾਲਸਾ*[118] ਵਿਚ ਵੀ ਬਿਆਨਿਆ ਗਿਆ ਹੈ। ਇਸ ਵਿਹਾਰ ਦੁਆਰਾ ਗੁਰੂ ਸਾਹਿਬ ਅਸਲ ਮੌਕੇ ਦੀ ਨਜ਼ਾਕਤ ਅਨੁਸਾਰ ਸਰੀਰਕ ਸੂਰਬੀਰਤਾ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਸੰਕਲਪ ਨੂੰ ਵਿਹਾਰਕ ਰੂਪ ਵਿਚ ਪ੍ਰਤੀਪਾਦਿਤ ਕਰਦੇ ਹਨ;

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥

---

115 ਸਰੂਪ ਦਾਸ ਭੱਲਾ (1776), *ਮਹਿਮਾ ਪ੍ਰਕਾਸ਼* ( ਭਾਗ ਦੂਜਾ) ਗੋਇੰਦਵਾਲ ਪੰ.16.

116 ਗਿਆਨੀ ਗਿਆਨ ਸਿੰਘ (1970) *ਪੰਥ ਪ੍ਰਕਾਸ਼,* ਭਾਸ਼ਾ ਵਿਭਾਗ ਪੰਜਾਬ, ਪੰ.81.

117 ਭਾਈ ਸੰਤੋਖ ਸਿੰਘ (2011), *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਜਿਲਦ-5, ਭਾਸ਼ਾ ਵਿਭਾਗ ਪੰਜਾਬ, ਪੰ.1351.

118 ਗਿਆਨੀ ਗਿਆਨ ਸਿੰਘ, ਉਪਰੋਕਤ *ਤਵਾਰੀਖ ਗੁਰ ਖਾਲਸਾ* , ਪੰ.322.

ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥[119]

ਨੂੰ ਵਿਹਾਰ ਵਿਚ ਲਿਆਉਣ ਲਈ ਉਪਦੇਸ਼ ਕਰਦੇ ਹਨ;

"ਬਿਨ ਤ੍ਰੈ ਮਿਲੇ ਕਾਲ ਰਖਵਾਰੋ। ਮਰਤਿ ਨਹੀ ਨੀਕੇ ਨਿਰਧਾਰੋ ।
ਜੇ ਕਰਿ ਜੁੱਧ ਆਨਿ ਕਿਤ ਪਰੈ ਅਲਪ ਕਿ ਬਹੁਤੇ ਨਹੀ ਬਿਚਰੈ।
ਪੀਠ ਨ ਦੇਹਿ ਸਮੁਖਿ ਰਿਪੁ ਰਹੈ। ਨਿਰਭੈ ਸ਼ਸਤ੍ਰ ਬਹੈ ਜਸ ਲਹੈ।
ਜੇ ਰਣਿ ਮਹਿ ਸਨਮੁਖ ਮ੍ਰਿਤ ਪਾਵੈ। ਸਵਰਗ ਨਿਸੰਸੈ ਸੂਰ ਸਿਧਾਵੈ।"[120]

ਭਾਵ ਜੰਗ ਸਮੇਂ ਇਹ ਵੀਚਾਰ ਨਾ ਕਰਨਾ ਕਿ ਸਾਹਮਣੇ ਵੈਰੀਆਂ ਦੀ ਗਿਣਤੀ ਕਿੰਨੀ ਹੈ। ਯੁੱਧ ਦੇ ਮੈਦਾਨ ਛੱਡ ਕੇ ਨਾ ਭੱਜਣਾ ਸਗੋਂ ਪੂਰੇ ਜਜ਼ਬੇ ਨਾਲ ਲੜਨਾ ਜਾਂ ਯੁੱਧ ਖੇਤਰ ਵਿਚ ਲੜਦੇ ਹੋਏ ਸ਼ਹੀਦ ਹੋਣਾ ਹੀ ਬਹਾਦਰੀ ਹੈ। ਆਉਣ ਵਾਲੇ ਸਮੇਂ ਵਿਚ ਗੁਰੂ-ਸ਼ਖ਼ਸੀਅਤਾਂ ਅਤੇ ਸਿੱਖਾਂ ਨੇ ਇਸ ਸਿਧਾਂਤ ਨੂੰ ਬਾ-ਕਮਾਲ ਅਤੇ ਉਦਾਹਰਣੀ ਰੂਪ ਵਿਚ ਵਿਹਾਰ ਵਿਚ ਲਿਆ ਕੇ ਵਿਖਾਇਆ। ਭਾਵੇਂ ਅਨੰਦਪੁਰ ਦੇ ਕਿਲੇ ਦਾ ਘੇਰਾ ਹੋਵੇ, ਚਮਕੌਰ ਦੀ ਕਚੀ ਗੜ੍ਹੀ ਹੋਵੇ, ਭਾਵੇਂ ਸਰਹਿੰਦ ਦੇ ਵਜ਼ੀਰ ਦੀ ਕਚਹਿਰੀ ਦੀ ਲਾਂਘੇ ਵਾਲੀ ਖਿੜਕੀ ਹੋਵੇ ਤੇ ਭਾਵੇਂ ਬਾਬਾ ਬੋਤਾ ਸਿੰਘ ਗਰਜਾ ਸਿੰਘ ਦੀ ਚੂੰਗੀ ਹੋਵੇ, ਸਿੱਖ ਯੋਧਿਆਂ ਨੇ ਜੰਗ ਦੌਰਾਨ ਗਿਣਤੀ ਦੀ ਕਦੇ ਪ੍ਰਵਾਹ ਨਹੀਂ ਕੀਤੀ

ਬੇਸ਼ਕ ਗੁਰੂ ਅੰਗਦ ਦੇਵ ਜੀ ਨੇ ਨੈਤਿਕ ਪੱਖੋਂ ਤਾਕਤਵਰ ਹੋਣ ਨੂੰ ਪਹਿਲ ਦਿੱਤੀ ਹੈ ਪਰ ਇਸਦੇ ਨਾਲ-ਨਾਲ ਸਰੀਰਕ ਬਹਾਦਰੀ ਨੂੰ ਵੀ ਯੋਗ ਰੂਪ ਵਿਚ ਵਿਹਾਰ ਵਿਚ ਲਿਆਂਦਾ;

ਜੋ" ਕੁਛ ਭੀ ਕਰੀਐ ਅਰ ਦਾਨ ਭੀ ਕਰੀਐ ਤੇ ਆਪਣੀ ਦੇਹ ਬਿਨਸਨ ਦਾ ਸਹਸਾ ਨਾ ਕਰੀਏ।..... ਪਰ ਆਪੋਂ ਉਪਾਧ ਕਿਸੇ ਨਾਲ ਨਾ ਕੀਚੈ। ਜੇ ਜੁਧ ਜਰੂਰ ਆਣ ਬਣੈ ਤਾਂ ਬਹੁਤਿਆਂ ਥੋੜਿਆਂ ਦੀ ਸੰਕ ਨ ਕੀਜੈ। ਵੈਰੀ ਨੂੰ ਪਿੱਠ ਕਦੇ ਨ ਦਿਖਾਉਣੀ। ਸਨਮੁਖ ਲੜਦੇ ਸਹੀਦੀ ਪਾਉਣੀ॥"[121]

ਗੁਰੂ ਸਾਹਿਬ ਨੇ ਸਿੱਖਾਂ ਵਿਚ ਸਰੀਰ ਨੂੰ ਸਾਂਭਣ ਅਤੇ ਤਕੜਿਆਂ ਰੱਖਣ ਲਈ ਉਤਸ਼ਾਹ ਪੈਦਾ ਕਰਨ

---

119 ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੦੫.

120 ਭਾਈ ਸੰਤੋਖ ਸਿੰਘ, ਉਪਰੋਕਤ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਜਿਲਦ-5, ਪੰ.159.

121 ਮਨੀ ਸਿੰਘ ਸ਼ਹੀਦ ਭਾਈ, ਭਾਈ ਵੀਰ ਸਿੰਘ, ਸੰਪਾ. (1922) *ਸਿੱਖਾਂ ਦੀ ਭਗਤ ਮਾਲਾ,* ਅੰਮ੍ਰਿਤਸਰ, ਪੰ.60.

ਲਈ ਮੱਲ ਅਖਾੜਿਆਂ ਦਾ ਪ੍ਰਬੰਧ ਕੀਤਾ। ਇਹ ਮੱਲ ਅਖਾੜੇ ਅੱਗੇ ਜਾ ਕੇ ਸਿੱਖਾਂ ਨੂੰ ਹਥਿਆਰ ਬੰਦ ਕਰਨ ਅਤੇ ਫੌਜੀ ਰੂਪ ਵਿਚ ਜੱਥੇਬੰਦ ਕਰਨ ਵਿਚ ਕਿਵੇਂ ਸਹਾਈ ਹੋਈ ਇਸ ਗੱਲ ਦਾ ਜ਼ਿਕਰ ਪਿੱਛੇ ਕੀਤਾ ਜਾ ਚੁੱਕਾ ਹੈ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਇਹਨਾਂ ਮੱਲ ਅਖਾੜਿਆਂ ਨੇ ਸਿੱਖਾਂ ਨੂੰ ਸੰਤਤਾਈ ਦੇ ਨਾਲ ਨਾਲ ਸਿਪਾਹੀ ਹੋਣ ਲਈ ਵੀ ਤਿਆਰ ਕੀਤਾ ਅਤੇ ਉਹ ਸੰਸਾਰ ਨੂੰ ਇਕ ਛਿੰਝ ਅਤੇ ਜ਼ਿੰਦਗੀ ਨੂੰ ਘੋਲ ਵਜੋਂ ਵੇਖਣ ਲੱਗੇ ਅਤੇ ਇਸ ਘੋਲ ਵਿਚ ਉਹਨਾਂ ਲਈ ਆਪਣੀ ਕੰਢ ਉਪਰ ਮਿਲੀ ਥਾਪੀ ਹੀ ਸਭ ਕੁਝ ਸੀ। ਇਸ ਥਾਪੀ ਨੇ ਹੀ ਭਾਈ ਬਚਿੱਤਰ ਸਿੰਘ ਨੂੰ ਸ਼ਰਾਬੀ ਹਾਥੀ ਦਾ ਮੱਥਾ ਭੰਨਣ ਦੇ ਸਮਰਥ ਕੀਤਾ ਸੀ, ਹਾਲਾਂਕਿ ਭਾਈ ਬਚਿੱਤਰ ਸਿੰਘ ਸਰੀਰਕ ਤੌਰ 'ਤੇ ਕੋਈ ਬਹੁਤ ਭਲਵਾਨ ਨਹੀਂ ਸਨ। ਇਹਨਾਂ ਮੱਲ ਅਖਾੜਿਆਂ ਦੀ ਰੌਣਕ ਦਾ ਜ਼ਿਕਰ ਕਵੀ ਸੰਤੋਖ ਸਿੰਘ ਕਰਦੇ ਹਨ;

"ਗ੍ਰਾਮ ਬਾਲਕੇ ਲੇਹਿ ਬੁਲਾਇ। ਹਰਖ ਸ਼ੋਕ ਜਿਨ ਹੋਇ ਨ ਕਾਇ।
ਤਿਨ ਸੋਂ ਮਿਲਿਕਰਿ ਖੇਲਹਿ ਖੇਲ। ਹੋਹਿਂ ਪ੍ਰਸੰਨ ਮਿਲਹਿ ਸਿਸ ਮੇਲ।
ਪਹਿਰ ਤੀਸਰੋ ਏਵ ਬਤਾਵਹਿਂ। ਪਹਿਲਵਾਨ ਤਬਿ ਗੁਰੂ ਬਲਾਵਹਿ।
ਮਿਲਹਿਂ ਆਇ ਬਹੁ ਪਰਹਿ ਅਖਾਰਾ। ਭਿਰਹਿਂ ਆਪ ਮਹਿਂ ਬਲ ਧਰਿ ਭਾਰਾ।"[122]

ਸਰੀਰਕ ਤਾਕਤ ਪੈਦਾ ਕਰਨ ਲਈ ਖੁਰਾਕ ਦਾ ਖਾਸ ਪ੍ਰਬੰਧ ਕੀਤਾ ਅਤੇ ਸਰੀਰਕ ਸ਼ਕਤੀ ਦੇ ਵਿਕਾਸ ਲਈ ਕਾਰਜ ਅਰੰਭੇ। ਸਰੀਰਕ ਬਹਾਦਰੀ ਵੱਲ ਆਪਣੇ ਸਿੱਖਾਂ ਨੂੰ ਪ੍ਰੇਰਿਤ ਕੀਤਾ ਤਾਂ ਜੋ ਸਿੱਖਾਂ ਨੂੰ ਯੋਗੀ ਸੰਨਿਆਸੀ ਬਾਕੀ ਅਜਿਹੇ ਹੋਰ ਤਿਆਗੀਆਂ ਦੇ ਵਿਚਾਰਾਂ ਤੋਂ ਦੂਰ ਕੀਤਾ ਜਾ ਸਕੇ ਜੋ ਸਰੀਰ ਨੂੰ ਕਸ਼ਟਾਂ ਵਿਚ ਪਾਉਣ ਉੱਤੇ ਹੀ ਜ਼ੋਰ ਦਿੰਦੇ ਹਨ। ਪਰ ਜਦੋਂ ਪੰਥ ਦੀ ਪਵਿੱਤਰਤਾ ਦਾ ਸਵਾਲ ਸੀ ਤਾਂ ਉਸ ਵੱਲ੍ਹ ਧਿਆਨ ਦਿੰਦਿਆਂ ਗੁਰੂ ਸਾਹਿਬ ਨੇ ਬੜੀ ਨਿਡਰਤਾ ਨਾਲ ਸਿੱਖ ਧਰਮ ਦੀ ਸ਼ੁੱਧਤਾ, ਪਵਿੱਤਰਤਾ ਅਤੇ ਮੌਲਿਕਤਾ ਨੂੰ ਵਿਗੜਨ ਤੋਂ ਬਚਾਅ ਲਿਆ ਸੀ। ਇਸ ਤਰ੍ਹਾਂ ਗੁਰੂ ਅੰਗਦ ਦੇਵ ਜੀ ਨੇ ਸਿੱਖ ਸੂਰਬੀਰਤਾ ਦੇ ਸਰੂਪ ਨੂੰ ਘੜ੍ਹਨ ਵਿਚ ਅਹਿਮ ਯੋਗਦਾਨ ਪਾਇਆ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਤੱਕ ਸਿੱਖ ਸੂਰਬੀਰਤਾ ਦਾ ਸਰੂਪ ਮੁੱਖ ਰੂਪ ਵਿਚ ਅਧਿਆਤਮਕ, ਨੈਤਿਕ ਅਤੇ ਸਮਾਜਕ ਰਿਹਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਾਹਰੀ

---

122 ਭਾਈ ਸੰਤੋਖ ਸਿੰਘ, ਉਪਰੋਕਤ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਪੰ.1347.

ਪਰਸਥਿਤੀਆਂ ਨਾਲ ਟੱਕਰ ਲੈਣ ਲਈ ਸੂਰਬੀਰਤਾ ਦੀ ਭਾਵਨਾ ਨੂੰ ਬਲ ਦਿੱਤਾ ਅਤੇ ਸਮੇਂ ਦੀ ਨਬਜ਼ ਨੂੰ ਪਹਿਚਾਣਦਿਆਂ ਗੁਰਗੱਦੀ ਦੀ ਚੋਣ ਸਮੇਂ ਅਜਿਹੇ ਪੁਰਖ ਦੀ ਭਾਲ ਵਿਚ ਸਨ, ਜੋ ਅੰਦਰੂਨੀ ਰੂਪ ਵਿਚ ਮਹਾਨ ਪਰਉਪਕਾਰੀ ਹੋਵੇ, ਪਰ ਬਾਹਰੀ ਰੂਪ ਵਿਚ ਇਕ ਸੂਰਬੀਰ ਯੋਧਾ ਹੋਵੇ। ਭਾਵ ਉਹ ਜਾਣਦੇ ਸਨ ਕਿ ਹੁਣ ਪੀਰੀ (ਭਗਤੀ) ਦੇ ਨਾਲ-ਨਾਲ 'ਮੀਰੀ' (ਸ਼ਕਤੀ) ਨੂੰ ਵੀ ਅਹਿਮੀਅਤ ਦੇਣੀ ਪਵੇਗੀ। ਉਨ੍ਹਾਂ ਆਪਣੀ ਸ਼ਹਾਦਤ ਦੇ ਸਮੇਂ ਨੂੰ ਜਾਣ ਕੇ ਹਰਿਗੋਬਿੰਦ ਜੀ (ਛੇਵੇਂ ਗੁਰੂ) ਨੂੰ ਆਪਣਾ ਗੱਦੀ-ਨਸ਼ੀਨ ਥਾਪਿਆ। "ਸਭਿਆਚਾਰ ਦੀ ਵਿਸ਼ੇਸ਼ਤਾ ਨੂੰ ਗਤੀਸ਼ੀਲ ਰੱਖਣ ਲਈ ਇਸ ਵਿਚ ਸੰਘਰਸ਼, ਪ੍ਰੇਰਨਾ, ਜਾਂ ਕ੍ਰਾਂਤੀ ਰਾਹੀਂ ਤਬਦੀਲੀ ਲਿਆਉਣ ਲਈ ਮਹਾਂ-ਪੁਰਸ਼ ਹੋਣਾ ਜਾਂ ਸੰਤ ਹੋਣਾ ਵੀ ਜਰੂਰੀ ਹੈ। ਇਹ ਬਹੁਤ ਵੱਡੀ ਗੱਲ ਹੈ। ਅਕਾਲ ਤਖ਼ਤ ਦਾ ਜਥੇਦਾਰ ਹੋਣਾ, ਜਰਨੈਲ ਹੋਣਾ ਸਭ ਗੁਣ ਇਕੋ ਵਿਅਕਤੀ ਵਿਚ ਹੋਣ ਤਾਂ ਇਹ ਇਕ ਆਦਰਸ਼ ਹੀ ਨਹੀਂ ਸਗੋਂ ਯਥਾਰਥ ਵੀ ਹੋ ਸਕਦਾ ਹੈ।"[123] ਪ੍ਰਿੰਸੀਪਲ ਤੇਜਾ ਸਿੰਘ ਸਿੱਖੀ ਵਿਚ ਭਗਤੀ ਅਤੇ ਸ਼ਕਤੀ ਦੇ ਸੁਮੇਲ ਨੂੰ ਇਉਂ ਬਿਆਨ ਕਰਦੇ ਹਨ, "ਗੁਰੂ ਜੀ ਧਾਰਮਿਕ ਆਗੂ ਵੀ ਸਨ ਤੇ ਯੋਧੇ ਵੀ। ਇਸੇ ਕਾਰਨ ਉਨ੍ਹਾਂ ਦੇ ਘਰ ਦੋ ਚੀਜ਼ਾਂ ਹਮੇਸ਼ਾ ਹੁੰਦੀਆਂ ਸਨ; ਪਹਿਲੀ ਦੇਗ ਤੇ ਦੂਜੀ ਤੇਗ। ਭਾਵ ਗਰੀਬਾਂ ਲਈ ਆਹਾਰ ਤੇ ਜ਼ਾਲਮਾਂ ਲਈ ਤਲਵਾਰ।"[124] ਤੇਗ ਦੇ ਸੰਕਲਪ ਬਾਰੇ ਪ੍ਰੋ ਪੂਰਨ ਸਿੰਘ ਲਿਖਦੇ ਹਨ, "ਤੇਗ ਹੈ ਕਿ ਤੁਸੀਂ ਪੂਰਨ ਤੌਰ 'ਤੇ ਸ਼ਸਤਰਧਾਰੀ ਹੋਵੋ, ਤੁਹਾਡੀ ਇਹ ਕਿਰਪਾਨ ਕਿਰਪਾਲੂ ਹੋਵੇ, ਇਹ ਕਿਰਪਾਨ ਤੁਹਾਡਾ ਮਨ ਹੈ, ਕਿਰਪਾਨ ਤੁਹਾਡੀ ਆਤਮਾ ਹੈ ਇਹ ਜੀਵਨ ਦਾ ਪ੍ਰਕਾਸ਼ ਹੈ ਕਿਰਪਾਨ ਦਾ ਲਿਸ਼ਕਾਰਾ ਪ੍ਰਕਾਸ਼ਮਾਨ ਨਹੀ ਤਾਂ ਤੁਸੀਂ ਅੰਧਲੇ ਹੋ ਜਾਵੋਗੇ ਕਿਰਪਾਨ ਮਨੁੱਖਤਾ ਦੀ ਭਲਾਈ ਲਈ ਚਮਕਦੀ ਹੈ।"[125] ਸਿੱਖ ਗੁਰੂ ਸਹਿਬਾਨ ਅਤੇ ਸਿੱਖ ਯੁੱਧ ਨੂੰ ਬੜੇ ਚਾਅ ਨਾਲ ਸਵੀਕਾਰਦੇ ਪਰ ਇਹਨਾਂ ਦੇ ਯੁੱਧਾਂ ਵਿਚ ਹੇਠ ਲਿਖੇ ਨਿਯਮਾਂ ਨੂੰ ਤਰਜੀਹ ਦਿੱਤੀ ਗਈ ਹੈ ਜੋ ਸਿੱਖ ਸੂਰਬੀਰਤਾ ਨੂੰ ਵਿਲੱਖਣਤਾ ਪ੍ਰਦਾਨ ਕਰਦੇ ਹਨ:

1) ਸ਼ਸਤਰਾਂ ਦੀ ਵਰਤੋਂ ਗਰੀਬਾਂ-ਮਜ਼ਲੂਮਾਂ ਦੀ ਰਾਖੀ ਤੇ ਭਲਾਈ ਲਈ ਕਰਨੀ।
2) ਯੁੱਧ ਕਿਸੇ ਰਾਜ, ਧਨ ਜਾਂ ਮੁਲਕ ਵਾਸਤੇ ਨਹੀਂ, ਸਗੋਂ ਧਰਮ ਲਈ ਕਰਨਾ।

---

123 ਗੁਰਭਗਤ ਸਿੰਘ, ਉਪਰੋਕਤ, *ਵਿਸਮਾਦੀ-ਪੂੰਜੀ,* ਪੰ.27.

124 ਤੇਜਾ ਸਿੰਘ (1974) *ਸਿੱਖ ਇਤਿਹਾਸ ਦੀਆਂ ਝਾਕੀਆਂ (ਭਾਗ ਪਹਿਲਾ)* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ.12.

125 ਪੂਰਨ ਸਿੰਘ, ਉਪਰੋਕਤ, *ਸਿੱਖੀ ਦੀ ਆਤਮਾ,* ਪੰ.348.

3) ਜੰਗ ਵਿਚੋਂ ਨੱਸਣ ਵਾਲਿਆਂ ’ਤੇ ਵਾਰ ਨਹੀਂ ਕਰਨਾ ਅਤੇ ਸ਼ਰਨ ਆਏ ਦੀ ਰਾਖੀ ਕਰਨਾ।

4) ਹੈਂਕੜ ਨਾਲ ਚੜ੍ਹ ਕੇ ਆਏ ਨਾਲ ਮੁਕਾਬਲਾ ਕਰਨਾ।

5) ਗੁੱਸੇ ਵਿਚ ਵਾਰ ਕਰਨਾ ਅਧਰਮ ਹੈ।

ਉਪਰੋਕਤ ਨਿਯਮਾਂ ਦੀ ਪਾਲਣਾ ਸਿਰਫ ਗੁਰੂ ਸਾਹਿਬ ਦੀ ਜਰਨੈਲੀ ਅਧੀਨ ਲੜੇ ਯੁੱਧਾਂ ਵਿਚ ਹੀ ਰੂਪਮਾਨ ਨਹੀਂ ਹੋਈ ਸਗੋਂ ਸਿੱਖ ਇਨ੍ਹਾਂ ਨੂੰ ਆਪਣੇ ਦੁਆਰਾ ਕੀਤੇ ਸਮੂਹ ਹਥਿਆਰਬੰਦ ਸੰਘਰਸ਼ ਵਿਚ ਵਿਹਾਰ ਵਿਚ ਵੀ ਲੈ ਕੇ ਆਏ।

ਗੁਰੂ ਸਾਹਿਬ ਵੱਲੋਂ ਕੀਤੀਆਂ ਜੰਗਾਂ ਵਿਚ ਇਨ੍ਹਾਂ ਨਿਯਮਾਂ ਦੀ ਤਰਜ਼ਮਾਨੀ ਭਲੀ-ਭਾਂਤ ਮਿਲਦੀ ਹੈ। ਉਹਨਾਂ ਨੇ ਇਹ ਉਪਦੇਸ਼ ਕੇਵਲ ਆਪਣੇ ਸਿੱਖਾਂ ਲਈ ਹੀ ਨਹੀਂ ਕੀਤੇ, ਸਗੋਂ ਆਪ ਵੀ ਆਪਣੇ ਜੀਵਨ ਵਿਚ ਇਨ੍ਹਾਂ ਉਪਦੇਸ਼ਾਂ 'ਤੇ ਡੱਟ ਕੇ ਪਹਿਰਾ ਦਿੱਤਾ। "ਗੁਰੂ ਸਾਹਿਬ ਦਾ ਵਿਚਾਰ ਅਜਿਹੇ ਸੂਰਬੀਰਾਂ ਦੀ ਫੌਜ ਬਣਾਉਣ ਦਾ ਸੀ, ਜੋ ਕਿਸੇ ਵੀ ਖਤਰੇ ਤੋਂ ਨਾ ਡਰਨ। ਐਸੇ ਯੋਧੇ ਮੈਦਾਨ ਵਿਚ ਨਿੱਤਰਨ, ਜੋ ਸਿਵਾਇ ਅਕਾਲ ਪੁਰਖ ਦੇ ਕਿਸੇ ਹੋਰ ਨੂੰ ਸਾਹਮਣੇ ਨਾ ਰੱਖਣ। ਸੂਰਬੀਰਾਂ ਦੀ ਤੇਗ ਕ੍ਰੋਧ ਵਿਚ ਨਾ ਚੱਲੇ, ਨਫ਼ਰਤ ਦੇ ਬਦਲੇ ਦੀ ਤਾਂਘ ਵਿਚ ਨਾ ਚੱਲੇ, ਸਗੋਂ ਉਹ ਅਨਾਥਾਂ, ਗ਼ਰੀਬਾਂ ਤੇ ਧਰਮ ਦੀ ਰਾਖੀ ਲਈ ਤੇਗ ਚਲਾਵਣ। ਸੂਰਬੀਰਾਂ ਦੀ ਤੇਗ, ਢਾਲ ਵਾਗੂੰ ਹੀ ਹੋਵੇ। ਸਦੀਆਂ ਤੋਂ ਜ਼ਾਲਮਾਂ ਨੂੰ ਕਿਸੇ ਵੰਗਾਰਿਆਂ ਨਹੀਂ ਸੀ ਤੇ ਜਨਤਾ ਨੂੰ ਕਿਸੇ ਉਭਾਰਿਆ ਨਹੀਂ ਸੀ। ਹੁਣ ਤਖ਼ਤ ਉੱਤੇ ਐਸਾ ਦਲ-ਭੰਜਨ ਸੂਰਮਾ ਬੈਠਾ, ਜਿਸ ਨੇ ਇਹ ਸਾਰਾ ਭਾਰ ਆਪਣੇ ਜ਼ਿੰਮੇ ਲਿਆ।"[126]

ਜਦੋਂ ਸਿੱਖ ਧਰਮ ਦੀ ਵਾਗ ਡੋਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸੰਭਾਲੀ ਉਦੋਂ "ਗੁਰੂ ਜੀ ਕੇਵਲ ਗਿਆਰਾਂ ਸਾਲਾਂ ਦੇ ਹੀ ਸਨ ਜਦੋਂ ਉਹ ਆਪਣੇ ਸ਼ਹੀਦ ਹੋਏ ਪਿਤਾ ਜੀ ਦੀ ਗੱਦੀ ’ਤੇ ਬੈਠੇ। ਉਨ੍ਹਾਂ ਨੂੰ ਗੁਰਿਆਈ ਦੇ ਉੱਚੇ ਅਹੁਦੇ ਲਈ ਬੜੀ ਸਾਵਧਾਨੀ ਨਾਲ ਸਿੱਖਿਆ ਦਿੱਤੀ ਗਈ ਸੀ। ਇਹ ਗੱਦੀ ਬਦਲੇ ਹਾਲਤ ਵਿਚ ਨਾ ਕੇਵਲ ਮਾਣ ਵਾਲੀ ਥਾਂ ਹੀ ਸੀ ਸਗੋਂ ਮਹਾਨ ਖਤਰੇ ਵਾਲੀ ਵੀ ਸੀ ਅਤੇ ਕੋਈ ਸਾਧਾਰਨ ਵਿਅਕਤੀ ਇਸ ’ਤੇ ਪੂਰਾ ਨਹੀਂ ਸੀ ਉਤਰ ਸਕਦਾ।"[127] ਸਮਸ਼ੇਰ ਸਿੰਘ ਲਿਖਦੇ ਹਨ, "ਗੁਰੂ ਹਰਿਗੋਬਿੰਦ ਜੀ, ਜੋ ਦਲ ਭੰਜਨ ਗੁਰੂ ਸੂਰਮਾ ਦੇ ਵਿਸ਼ੇਸ਼ਣ ਨਾਲ ਮਸ਼ਹੂਰ

---

126 ਸਤਿਬੀਰ ਸਿੰਘ (2007), *ਗੁਰ ਭਾਰੀ – ਜੀਵਨੀ ਗੁਰੂ ਹਰਿਗੋਬਿੰਦ ਜੀ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ.271.

127 ਤੇਜਾ ਸਿੰਘ, ਗੰਡਾ ਸਿੰਘ, ਉਪਰੋਕਤ, *ਸਿੱਖ ਇਤਿਹਾਸ,* ਪੰ.38.

ਸਨ, ਗੁਰੂ ਅਰਜਨ ਦੇਵ ਜੀ ਤੋਂ ਬਾਅਦ ਗੱਦੀ ਨਸ਼ੀਨ ਹੋਏ। ਉਸ ਸਮੇਂ ਆਪ ਦੀ ਉਮਰ ਕੇਵਲ 12 ਕੁ ਵਰ੍ਹਿਆਂ ਦੀ ਸੀ, ਪਰ ਸਮਝ-ਬੂਝ ਤੇ ਸੂਰਬੀਰਤਾ ਵਿਚ ਆਪ ਦਾ ਕੋਈ ਸਾਨੀ ਨਹੀਂ ਸੀ। ਗੁਰ-ਗੱਦੀ ਗ੍ਰਹਿਣ ਕਰਨ ਤੋਂ ਬਾਅਦ ਆਪ ਤੋਂ ਸਿੱਖ ਧਰਮ ਵਿਚ ਵੀਰਤਾ ਦਾ ਅਜਿਹਾ ਦੌਰ ਸ਼ੁਰੂ ਹੋਇਆ, ਜੋ ਕਿ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਖ਼ਾਲਸਾ ਪੰਥ ਦੇ ਰੂਪ ਵਿਚ ਉਜਾਗਰ ਹੋਇਆ।"[128] ਇਸ ਤਰ੍ਹਾਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸਿੱਖੀ ਦੇ ਵਿਕਾਸ ਲਈ ਇਸਦੀ ਠੋਸ ਅਤੇ ਪ੍ਰਤੱਖ ਰੂਪ ਵਿਚ ਪਰਿਵਰਤਨ ਕੀਤੇ ਅਤੇ ਗੁਰਗੱਦੀ ਉਪਰ ਬੈਠਣ ਸਮੇਂ ਦੋ ਤਲਵਾਰਾਂ ਪਹਿਨੀਆਂ ਜਿਨ੍ਹਾਂ ਵਿਚ ਇਕ ਆਤਮਕ ਪੱਖ ਅਤੇ ਦੂਜੀ ਸੰਸਾਰਕ ਪੱਖ ਨੂੰ ਦਰਸਾਉਂਦੀ ਹੈ।

ਇਸ ਬਦਲਾਵ ਬਾਰੇ ਲਾਲ ਸਿੰਘ ਲਿਖਦੇ ਹਨ, "ਜ਼ਾਲਮ ਹਕੂਮਤ ਨਾਲ ਟੱਕਰ ਦਾ ਮਾਰਗ ਅਪਣਾ ਕੇ ਗੁਰੂ ਸਾਹਿਬ ਨੇ ਪੁਰਾਣੀ ਨੀਤੀ ਨੂੰ ਛੱਡਿਆ ਨਹੀਂ ਸਗੋਂ ਇਸ ਨੂੰ ਨਵੀਂ ਨੀਤੀ ਦਾ ਆਧਾਰ ਬਣਾਣ ਲਈ ਹੋਰ ਮਜ਼ਬੂਤ ਕੀਤਾ। ਪਹਿਲਾਂ ਵਾਂਗ ਹੀ ਵਧੇਰੇ ਜ਼ੋਰ ਇਸ ਗੱਲ ਉਪਰ ਦਿੱਤਾ ਕਿ ਸਿੱਖ ਬਾਣੀ ਪੜਨਸੁਣਨ-, ਵਾਹਿਗੁਰੂ ਦੇ ਸਿਮਰਨ ਨੂੰ ਆਪਣਾ ਮੁੱਖ ਕਰਤਵ ਸਮਝਣ ਤੇ ਆਪਣੀ ਪਰਮਾਰਥਕ ਉਨਤੀ ਲਈ ਪੂਰਾ ਧਿਆਨ ਦੇਣ ਫਰਕ ਸਿਰਫ਼ ਇਹ ਪਿਆ ਕਿ ਸਮੇਂ ਦੀ ਲੋੜ ਨੂੰ ਮੁਖ ਰਖ ਕੇ ਭਗਤੀ ਦੇ ਨਾਲ ਸ਼ਕਤੀ ਦਾ ਸੁਮੇਲ ਕਰ ਦਿੱਤਾ।"[129] ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਾਂਤਮਈ ਸ਼ਹਾਦਤ ਦੇਣ ਉਪਰੰਤ ਹੁਣ ਸਰੀਰਕ ਸੂਰਬੀਰਤਾ ਦੀ ਗੁਰੂ ਨਾਨਕ ਬਾਣੀ ਵਿਚ ਪਈ ਸਪਿਰਟ ਨੂੰ ਅਮਲੀ ਜਾਮਾ ਪਹਿਨਣਾ ਜ਼ਰੂਰੀ ਹੋ ਗਿਆ ਸੀ। ਇਸ ਕਰਕੇ ਭਾਈ ਗੁਰਦਾਸ ਜੀ ਨੇ ਲਿਖਿਆ;

> ਪੰਜ ਪਿਆਲੇ ਪੰਜ ਪੀਰ ਛਠਮ ਪੀਰ ਬੈਠਾ ਗੁਰ ਭਾਰੀ,
> ਅਰਜਨ ਕਾਇਆ ਪਲਟ ਕੇ ਮੂਰਤਿ ਹਰਿ ਗੋਬਿੰਦ ਸਵਾਰੀ,
> ਦਲ ਭੰਜਨ ਗੁਰ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ॥[130]

ਛੇਵੇਂ ਸਤਿਗੁਰੂ ਬਹੁਤ ਵੱਡੇ ਯੋਧੇ ਸਨ, ਵੈਰੀਆਂ ਦੇ ਦਲ ਭੰਨਣ ਦੇ ਸਮਰੱਥ ਸਨ, ਫਿਰ ਵੀ ਉਹਨਾਂ

---

128 ਸਮਸ਼ੇਰ ਸਿੰਘ ਅਸ਼ੋਕ, ਉਪਰੋਕਤ, *ਪੰਜਾਬੀ ਵੀਰ ਪਰੰਪਰਾ ਸਤਾਰਵੀਂ ਸਦੀ ਦੀ ,* ਪੰ.12.

129 ਲਾਲ ਸਿੰਘ (1971) *ਪੰਜਾਬ ਦੀ ਬੀਰ ਪਰੰਪਰਾ ਆਦਿ ਕਾਲ ਤੋਂ ਅਧੁਨਿਕ ਕਾਲ ਤੱਕ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ.70.

130 ਭਾਈ ਗੁਰਦਾਸ, ਵਾਰ 1, ਪਉੜੀ 48.

ਦਾ ਸੁਭਾਉ ਪਰਉਪਕਾਰ ਵਾਲਾ ਸੀ। "ਆਪਣੀ ਸ਼ਹਾਦਤ ਤੋਂ ਪਹਿਲਾਂ ਗੁਰੂ ਅਰਜਨ ਦੇਵ ਜੀ ਨੇ ਆਪਣੇ ਸਪੁੱਤਰ ਗੁਰੂ ਹਰਿਗੋਬਿੰਦ ਸਾਹਿਬ ਨੂੰ ਹਿਦਾਇਤ ਕੀਤੀ ਸੀ ਕਿ ਹੁਣ ਸ਼ਸਤਰ ਦਾ ਸਮਾਂ ਹੈ ਸ਼ਸਤਰ ਧਾਰਣ ਕਰੋ ਅਤੇ ਫੌਜ ਤਿਆਰ ਕਰਕੇ ਤਖ਼ਤ ਉੱਤੇ ਬੈਠੋ।"[131] ਇਸ ਹੁਕਮ ਨੂੰ ਬੜੇ ਸੁਚੱਜੇ ਢੰਗ ਨਾਲ ਵਿਹਾਰਕ ਰੂਪ ਦਿੱਤਾ ਗਿਆ ਜਿਸ ਪ੍ਰਥਾਇ ਰਤਨ ਸਿੰਘ ਭੰਗੂ ਲਿਖਦੇ ਹਨ;

"ਫਿਰ ਅਰਜਨ ਗੁਰ ਹਰਿਗੋਬਿੰਦ। ਖੜਕ ਚਕਯੋ ਜਿਨ ਮਾਰ ਪੈਇੰਦ।
ਮੀਰੀ-ਪੀਰੀ ਕੋਓ ਦਿਖਾਈ।ਸਾਹ ਜਹਾ ਕੋ ਹਾਰ ਸੁ ਦੇਈ।"[132]

ਤਵਾਰੀਖ ਗੁਰੂ ਖਾਲਸਾ ਦਾ ਕਰਤਾ ਛੇਵੇਂ ਗੁਰੂ ਦੇ ਗੁਰ ਗੱਦੀ ਉਪਰ ਬਿਰਾਜਮਾਨ ਹੋਣ ਸਮੇਂ ਕਹੇ ਬਚਨਾਂ ਨੂੰ ਕਲਮਬੱਧ ਕਰਦਿਆਂ ਲਿਖਦਾ ਹੈ, "ਸੇਲੀ ਬੇਦੀਆਂ ਨੂੰ ਦਿਓ, ਟੋਪੀ ਸਾਧਾਂ ਨੂੰ ਦਿਓ, ਸਾਨੂੰ ਧਰਮ ਦੀ ਰਖਯਾ ਲਈ ਸ਼ਸਤ੍ਰ ਪਹਿਨਾਓ। ਕਿਯੋਂ ਕਿ ਸ਼ਸਤ੍ਰਾਂ ਬਿਨਾਂ ਸ਼ਤਰੂ ਨਹੀਂ ਦਬਦੇ।"[133] ਇਸ ਵਿਹਾਰ ਨੇ ਸਿੱਖਾਂ ਅੰਦਰ ਸਰੀਰਕ ਸੂਰਬੀਰਤਾ ਲਈ ਉਤਸ਼ਾਹ ਪੈਦਾ ਕੀਤਾ। ਇਸ ਤਰ੍ਹਾਂ ਸੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸਿੱਖ ਸੂਰਬੀਰਤਾ ਤੇ ਵਿਕਾਸ ਲਈ ਦੋ ਤਲਵਾਰਾਂ ਪਹਿਨ ਕੇ ਠੋਸ ਪਰਿਵਰਤਨ ਕੀਤਾ। ਇਹ ਇਕ ਅਜਿਹਾ ਸਿਧਾਂਤ ਤੇ ਸੰਕਲਪ ਹੈ ਜੋ ਆਪਣੇ ਆਪ ਵਿਚ ਮਨੁੱਖੀ ਜੀਵਨ ਨੂੰ ਪੂਰਣਤਾ ਪ੍ਰਦਾਨ ਕਰਦਾ ਹੈ।

> "ਮੀਰੀ-ਪੀਰੀ ਸ਼ਬਦ ਫਾਰਸੀ ਦੇ ਸ਼ਬਦਾਂ 'ਮੀਰ' ਅਤੇ 'ਪੀਰ' ਤੋਂ ਬਣਿਆ ਹੈ। 'ਮੀਰ' ਸ਼ਬਦ ਦੀ ਵਰਤੋਂ ਸਮਰਾਟ, ਰਾਜ ਕੁਮਾਰ, ਮਾਲਕ, ਸ਼ਾਸਕ, ਮੁਖੀ, ਆਗੂ, ਪਰਿਵਾਰ ਦੇ ਮੁਖੀ ਵਜੋਂ ਕੀਤੀ ਗਈ ਹੈ। ਇਸ ਤਰ੍ਹਾਂ 'ਪੀਰ' ਸ਼ਬਦ ਦੀ ਵਰਤੋਂ ਕਿਸੇ ਸੰਤ ਜਾਂ ਕਿਸੇ ਧਾਰਮਿਕ ਫਿਰਕੇ ਦੇ ਬਾਨੀ ਵਜੋਂ ਕੀਤੀ ਗਈ ਹੈ।"[134]

ਵਿਹਾਰਕ ਜੀਵਨ ਵਿਚ ਕੋਈ ਸੰਤ ਹੋਵੇ ਤੇ ਭਾਵੇਂ ਭਗਤ, ਭਾਵੇਂ ਦੁਨਿਆਵੀ ਵਿਅਕਤੀ ਜਾਂ ਹਾਕਮ, ਮੀਰੀ ਤੇ ਪੀਰੀ ਦੀ ਜੀਵਨ ਜੁਗਤੀ ਉਸ ਨੂੰ ਸਫਲਤਾ ਦੀ ਸਿਖਰ ਤੱਕ ਪਹੁੰਚਾਉਂਦੀ ਹੈ ਜੇ ਪੀਰੀ

---

131 ਕਵੀ ਸੋਹਨ, *ਗੁਰ ਬਿਲਾਸ ਪਾਤਸ਼ਾਹੀ ੬,* ਪੰ.139.

132 ਰਤਨ ਸਿੰਘ ਭੰਗੂ, *ਪ੍ਰਾਚੀਨ ਪੰਥ ਪ੍ਰਕਾਸ਼ ਸਟੀਕ, ਬਾਬਾ ਸੰਤਾ ਸਿੰਘ ਟੀਕਾਕਾਰ (2000)* ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਪੰਜਾਬ, ਪੰ।,77

133 ਗਿਆਨੀ ਗਿਆਨ ਸਿੰਘ, ਉਪਰੋਕਤ, *ਤਵਾਰੀਖ ਗੁਰੂ ਖਾਲਸਾ,* ਪੰ.440.

134 ਹਰਬੰਸ ਸਿੰਘ (1987) *ਦੇਗ ਤੇਗ ਫਤਿਹ,* ਆਲਮ ਪਬਲਿਸ਼ਰ, ਚੰਡੀਗੜ੍ਹ, ਪੰ.60.

ਧਰਮ ਹੈ ਤਾਂ ਮੀਰੀ ਇਸਦੀ ਸ਼ਕਤੀ ਹੈ। ਜੀਵਨ ਦੀ ਰਵਾਨੀ ਚਾਲੂ ਰੱਖਣ ਲਈ ਧਰਮ ਦਾ ਬੀਜ ਬੀਜਣਾ ਤੇ ਬੁਰਾਈ ਦੇ ਅੜ੍ਹੱਕੇ ਨੂੰ ਦੂਰ ਕਰਨਾ ਦੋਵੇਂ ਇਕਠੇ ਹੀ ਕਰਨੇ ਜ਼ਰੂਰੀ ਹਨ। ਇਸ ਲਈ ਮੀਰੀ-ਪੀਰੀ ਦਾ ਜੋੜ ਬੁਰਾਈ ਨੂੰ ਦੂਰ ਕਰਨ ਤੇ ਚੰਗਿਆਈ ਨੂੰ ਬੀਜਣ ਦਾ ਜਾਹਿਰਾ ਰੂਪ ਹੈ।

> "ਮੀਰੀ-ਪੀਰੀ ਦੀ ਪਰੰਪਰਾ ਦਾ ਮੁੱਢ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੋਂ ਮੰਨਿਆ ਜਾ ਸਕਦਾ ਹੈ। ਜਦੋਂ ਉਨ੍ਹਾਂ ਗੁਰਗੱਦੀ ਤੇ ਬਿਰਾਜਮਾਨ ਹੋਣ ਸਮੇਂ ਦੋ ਤਲਵਾਰਾਂ ਮੀਰੀ ਦੀ ਅਤੇ ਦੂਸਰੀ ਪੀਰੀ ਦੀਆਂ ਪਹਿਨੀਆਂ ਸਨ। ਇਕ ਉਨ੍ਹਾਂ ਦੀ ਦੁਨਿਆਵੀ ਸ਼ਕਤੀ ਦਾ ਚਿੰਨ੍ਹ ਅਤੇ ਦੂਸਰੀ 'ਅਧਿਆਤਮਕ' ਸ਼ਕਤੀ ਨੂੰ ਰੂਪਮਾਨ ਕਰਦੀ ਹੈ ਇਨ੍ਹਾਂ ਦੋਹਾਂ ਤਲਵਾਰਾਂ ਨੇ ਸੂਰਬੀਰਤਾ ਦੇ ਜਜ਼ਬੇ ਲਈ ਸੰਸਾਰਕ ਤਾਕਤ ਜਾਂ ਜੁਝਾਰੂ ਚਰਿਤਰ ਨੂੰ ਅਤਿਅੰਤ ਵੱਡਾ ਬਣਾ ਦਿੱਤਾ ਸੀ ਕਿਉਂਕਿ ਮੁਸਲਮਾਨ ਹਾਕਮਾਂ ਦੀ ਹਕੂਮਤ ਥੱਲੇ ਨੇਕ ਇਨਸਾਨ ਨੂੰ ਅਨੇਕਾ ਤਸੀਹੇ ਦੇ ਕੇ ਮਾਰਿਆ ਜਾ ਰਿਹਾ ਸੀ। ਜਿਸ ਸਮੇਂ ਇਸਦੀ ਅਤਿਅੰਤ ਲੋੜ ਸੀ ਕਿ ਜਨਤਾ ਵਿਚ ਜੁਝਾਰੂ ਹੌਂਸਲਾ ਜਮਾਇਆ ਜਾਵੇ ਪਰੰਤੂ ਨਾਲ-ਨਾਲ ਦੈਵੀ ਅਸੂਲਾਂ ਦੀ ਵੀ ਕਰੜਾਈ ਨਾਲ ਪਾਲਣਾ ਕੀਤੀ ਜਾਵੇ।"[135]

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹੁਕਮ ਸਦਕਾ ਸ੍ਰੀ ਗੁਰੂ ਹਰਿਗੋਬਿੰਦ ਜੀ ਸ਼ਸਤਰ ਪਹਿਨ ਕੇ, ਕਲਗੀ ਲਾ ਕੇ ਗੱਦੀ 'ਤੇ ਬੈਠੇ ਅਤੇ ਉਨ੍ਹਾਂ ਨੇ ਸਿੱਖ ਫੌਜ ਤਿਆਰ ਕੀਤੀ। ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਪਹਿਲੇ ਗੁਰੂ ਸਾਹਿਬਾਨ ਦੀਆਂ ਰਹੁ-ਰੀਤਾਂ ਨੂੰ ਕਾਇਮ ਰਖਿਆ। ਸਿੱਖਾਂ ਨੂੰ ਸੈਨਿਕ ਰੂਪ ਦਿੱਤਾ ਅਤੇ ਤਲਵਾਰਾਂ ਅਤੇ ਬਰਛਿਆਂ ਨਾਲ ਸ਼ਸਤਰ ਵਿੱਦਿਆ ਨੂੰ ਪਹਿਲਾਂ ਨਾਲੋਂ ਵੱਧ ਉਤਸ਼ਾਹਿਤ ਕੀਤਾ। ਧਰਮ ਲਈ ਮਰ ਮਿਟਣ ਵਾਲੇ ਬਿਨਾਂ ਤਨਖਾਹ ਤੋਂ ਜਵਾਨ ਆਪ ਪਾਸ ਆ ਹਾਜ਼ਰ ਹੋਏ ਜਿਨ੍ਹਾਂ ਨੇ ਸੱਚਾਈ ਦੀ ਪਰਫੁੱਲਤਾ, ਧਰਮ ਦੀ ਅਜ਼ਾਦੀ ਤੇ ਵੈਰੀਆਂ ਦੇ ਖਾਤਮੇ ਲਈ ਆਪਣੇ ਆਪ ਨੂੰ ਪੇਸ਼ ਕੀਤਾ। ਸਿੱਖਾਂ ਦੀ ਇਸੇ ਸੂਰਬੀਰਤਾ ਦਾ ਪ੍ਰਭਾਵ ਜ਼ੁਲਮੀ ਹਾਕਮਾਂ 'ਤੇ ਪੈਣ ਲੱਗ ਪਿਆ। ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਸਮੁੱਚੇ ਸਿੱਖ ਪੰਥ ਨੂੰ ਅਕਾਲ ਤਖ਼ਤ ਅਤੇ ਸ੍ਰੀ ਹਰਮੰਦਿਰ ਸਾਹਿਬ ਨਾਲ ਹਮੇਸ਼ਾ ਲਈ ਜੋੜ ਦਿੱਤਾ। ਸੰਤ ਅਤੇ ਸਿਪਾਹੀ, ਭਗਤੀ ਅਤੇ ਸ਼ਕਤੀ ਦੀ ਅਦੁੱਤੀ ਸਾਂਝ ਕਾਇਮ

---

135 ਉਹੀ, ਪੰਨੇ 61, 62.

ਕੀਤੀ। ਗੁਰਮਤਿ ਵਿਚ ਪਹਿਲ ਅਧਿਆਤਮਕਤਾ ਨੂੰ ਦਿੱਤੀ ਅਤੇ ਸਿਪਾਹੀ ਨੇ ਧਰਮ ਦੀ ਅਗਵਾਈ ਨੂੰ ਪ੍ਰਵਾਨ ਕਰਕੇ ਹੀ ਕਰਮ ਖੇਤਰ ਵਿਚ ਨੈਤਿਕ ਕੀਮਤਾਂ ਨੂੰ ਉਜਾਗਰ ਕਰਨਾ ਹੈ ਤੇ ਉਨ੍ਹਾਂ 'ਤੇ ਪਹਿਰਾ ਦੇਣਾ ਹੈ।

ਆਪ ਨੇ ਸਿੱਖ ਸੰਗਤ ਵਿਚ ਜੋਸ਼ ਭਰਨ ਤੇ ਸਦੀਆਂ ਤੋਂ ਸੁੱਤੀ ਕੌਮ ਨੂੰ ਜਗਾਉਣ ਲਈ ਆਪਣੇ ਖ਼ਿਆਲਾਂ ਦਾ ਜੋਸ਼ ਨਾਲ ਪ੍ਰਗਟਾਵਾ ਕੀਤਾ। ਗੁਰੂ ਸਾਹਿਬ ਦੀ ਜਹਾਂਗੀਰ ਨਾਲ ਨੇੜਤਾ ਅਤੇ ਆਪਸੀ ਵਰਤ-ਵਰਤਾਰਾ ਸੀ। ਇਕ ਵਾਰ ਬਾਦਸ਼ਾਹ ਨੇ ਤਲਵਾਰ ਨਾਲ ਸ਼ੇਰ ਮਾਰਨ ਬਾਰੇ ਗੁਰੂ ਸਾਹਿਬ ਨੂੰ ਆਖਿਆ, "ਤੀਰ ਬੰਦੂਕ ਨਾਲ ਤਾਂ ਗੁਰੂ ਜੀ ਨੇ ਕਈ ਸ਼ੇਰ ਮਾਰੇ ਸੇ, ਪਰ ਹੁਣ ਇਕ ਘੋਰ ਜੰਗਲ ਵਿਚ ਜਿਥੋਂ ਦੇ ਸ਼ੇਰ ਬਾਦਸ਼ਾਹੀ ਕਈ ਘੋੜੇ ਨਬੇੜ ਛਡੇ ਸੇ, ਜਾ ਵੜੇ। ਬਾਦਸ਼ਾਹ ਨੇ ਗੁਰੂ ਜੀ ਨੂੰ ਸ਼ੇਰ ਮਾਰਨ ਲਈ ਆਖਿਆ ਤਾਂ ਗੁਰੂ ਜੀ ਸ਼ੇਰ ਸਾਹਮਣੇ ਜਾ ਗਰਜੇ ਜਾਂ ਸ਼ੇਰ ਉਛਲ ਕੇ ਆਇਆ ਤਾਂ ਗੁਰੂ ਜੀ ਉਸਦੇ ਮੂੰਹ ਪਰ ਐਸੀ ਢਾਲ ਮਾਰੀ ਕਿ ਸ਼ੇਰ ਦੇ ਪੈਰ ਨਿਕਲ ਗਏ ਫੇਰ ਖੰਡਾ ਮਾਰ ਕੇ ਦੋ ਧੜ ਕਰ ਸੁਟਿਆ ਬਾਦਸ਼ਾਹ ਇਸ ਬਹਾਦਰੀ ਨੂੰ ਦੇਖ ਕੇ ਬਹੁਤ ਖੁਸ਼ ਹੋਇਆ ਚਿਰ ਤਾਂਈ ਸ਼ਲਾਘਾ ਕਰਦਾ ਰਿਹਾ।"[136]

ਆਪ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ, ਅੱਜ ਤੋਂ ਮੇਰੀ ਪਿਆਰੀ ਭੇਟਾ ਚੰਗਾ ਸ਼ਸਤਰ ਤੇ ਚੰਗੀ ਜਵਾਨੀ ਹੋਵੇਗੀ। ਜੇਕਰ ਮੇਰੀ ਖੁਸ਼ੀ ਲੈਣੀ ਚਾਹੁੰਦੇ ਹੋ ਤਾਂ ਕਸਰਤਾਂ ਕਰੋ, ਘੁਲ਼ੋ, ਗੱਤਕੇ ਖੇਡੋ, ਸ਼ਿਕਾਰ ਖੇਡਣ ਲਈ ਜੰਗਲਾਂ ਵਿਚ ਜਾਓ, ਘੋੜ ਸਵਾਰੀ ਕਰੋ, ਸ਼ਸਤਰ ਵਿੱਦਿਆ ਹਾਸਲ ਕਰੋ। ਸਿੱਖ ਸੂਰਬੀਰਤਾ ਦਾ ਮੁੱਖ ਉਦੇਸ਼ ਜ਼ੁਲਮ ਨੂੰ ਖਤਮ ਕਰਨਾ ਦੇ ਸਿਧਾਂਤ ਪਾਤਸ਼ਾਹੀ ਪਹਿਲੀ ਤੋਂ ਮੌਜੂਦ ਸੀ। ਜ਼ੁਲਮ ਵਿਰੁੱਧ ਸੰਘਰਸ਼ ਦੇ ਸਾਧਨਾਂ ਵਿਚ ਸਰੀਰਕ ਸੂਰਬੀਰਤਾ ਦਾ ਵਿਹਾਰ ਵੀ ਪ੍ਰਗਟ ਹੋਣ ਲੱਗਾ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੁਆਰਾ ਸ਼ਸਤ੍ਰ ਰੱਖਣ ਦੇ ਹੁਕਮ ਨਾਲ ਰਣ-ਭੂਮੀ ਵਿਚ ਜੁਝਣ ਵਾਲੇ ਸੂਰਮਿਆਂ ਦੀ ਸਿਰਜਨਾ ਹੋਈ। ਗੁਰੂ ਸਾਹਿਬ ਨੇ ਰਬਾਬ ਦੀਆਂ ਸੁਰਾਂ ਵਿਚ ਤਲਵਾਰ ਦੀ ਟੁਣਕਾਰ ਵੀ ਰਲਾ ਦਿੱਤੀ।

ਇਸ ਦੇ ਨਾਲ ਹੀ ਗੁਰੂ ਸਾਹਿਬ ਨੇ ਆਪਣੇ ਦਰਬਾਰ ਵਿਚ ਢਾਡੀਆਂ ਤੇ ਕਵੀਆਂ ਨੂੰ ਵਾਰਾਂ ਤੇ ਬੀਰ ਰਸੀ ਕਵਿਤਾਵਾਂ ਸੰਗਤਾਂ ਨੂੰ ਸੁਣਾਉਣ ਲਈ ਰੱਖਿਆ। ਆਪ ਦਾ ਅਸਲ ਨਿਸ਼ਾਨਾ ਸੁੱਤੀ

---

136 ਉਪਰੋਕਤ, *ਤਵਾਰੀਖ ਗੁਰੂ ਖਾਲਸਾ,* ਪੰ.445.

ਕੌਮ ਨੂੰ ਜਗਾਉਣਾ, ਕੌਮ ਦੀ ਅਣਖ ਨੂੰ ਵੰਗਾਰਨਾ ਅਤੇ ਕੁਰਬਾਨੀ ਤੇ ਸੂਰਬੀਰਤਾ ਦਾ ਜਜ਼ਬਾ ਭਰਨਾ ਸੀ। ਆਪ ਨੇ ਹਰ ਉਹ ਉੱਦਮ ਕੀਤਾ, ਜਿਸ ਨਾਲ ਕੌਮ ਦੇ ਹਰ ਅੰਗ ਨੂੰ ਝੰਜੋੜਿਆਂ ਜਾ ਸਕੇ ਅਤੇ ਸਮਾਜ ਵਿਚ ਆਈ ਨੈਤਿਕ, ਸਮਾਜਕ ਤੇ ਅਧਿਆਤਮਕ ਗਿਰਾਵਟ ਨੂੰ ਦੂਰ ਕੀਤਾ ਜਾ ਸਕੇ।

ਗੁਰ-ਦਰਬਾਰ ਵਿਚ ਉਪਰੋਕਤ ਲੋੜੀਂਦੇ ਪਰਿਵਰਤਨਾਂ ਦੇ ਨਾਲ-ਨਾਲ ਆਪ ਨੇ ਸਿੱਖ-ਸੰਗਤ ਵਿਚ ਜੋਸ਼, ਵੀਰਤਾ ਦਾ ਸੰਚਾਰ ਕਰਨ ਲਈ ਚਰਨ-ਪਾਹੁਲ ਦੇ ਤਰੀਕੇ ਵਿਚ ਵੀ ਬਦਲਾਅ ਕੀਤਾ। "ਚਰਨ-ਪਾਹੁਲ ਦੇਣ ਦਾ ਅਧਿਕਾਰ ਜੋ ਪਹਿਲਾਂ ਕੇਵਲ ਇਕ ਵਿਅਕਤੀ ਨੂੰ ਹੁੰਦਾ ਸੀ, ਉਹ ਹੁਣ ਆਪ ਨੇ ਪੰਜ ਸਿੱਖਾਂ ਨੂੰ ਦਿੱਤਾ। ਆਪ ਨੇ ਸਿੱਖ ਰਹਿਤ-ਮਰਯਾਦਾ ਨਵੇਂ ਸਿਰਿਓ ਪੰਚਾਇਤੀ ਅਸੂਲਾਂ ਅਨੁਸਾਰ ਚਲਾਈ, ਜੋ ਅੱਗੇ ਚੱਲ ਕੇ ਦਸਮ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਦੀ ਚੋਣ-ਰੀਤ ਵੀ ਇਸੇ ਮਰਯਾਦਾ ਵਿਚ ਸਮੇਂ ਮੁਤਾਬਕ ਕੁੱਝ ਲੋੜੀਂਦੇ ਸੁਧਾਰ ਕਰਕੇ ਅਪਣਾਈ।"[137] ਆਪ ਸਿੱਖਾਂ ਨੂੰ ਹਰ ਸਮੇਂ ਤਿਆਰ-ਬਰ-ਤਿਆਰ ਰਹਿਣ ਲਈ ਪ੍ਰੇਰਦੇ ਰਹਿੰਦੇ। ਆਪ ਸਮੇਂ ਦੇ ਹਲਾਤਾਂ ਅਨੁਸਾਰ ਸਿੱਖਾਂ ਦਾ ਸਰੀਰਕ ਬਾਹੂਬਲ ਕਾਇਮ ਕਰਨ ਲਈ ਕੁਸ਼ਤੀਆਂ, ਨੇਜ਼ੇਬਾਜ਼ੀ, ਨਕਲੀ ਜੰਗਾਂ, ਕਸਰਤਾਂ ਆਦਿ ਕਰਵਾਉਂਦੇ ਰਹਿੰਦੇ ਸਨ। ਜਿਸ ਦਾ ਨਤੀਜਾ ਆਪ ਦੁਆਰਾ ਜ਼ੁਲਮ ਵਿਰੁੱਧ ਲੜੀਆਂ ਜੰਗਾਂ ਵਿਚ ਵੇਖਣ ਨੂੰ ਮਿਲਦਾ ਹੈ। ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਚਾਰ ਲੜਾਈਆਂ ਲੜੀਆਂ ਜਿਨ੍ਹਾਂ ਵਿਚੋਂ "ਅੰਮ੍ਰਿਤਸਰ ਦੀ ਲੜਾਈ ਸਿੱਖ ਇਤਿਹਾਸ ਦੀ ਪਹਿਲੀ ਲੜਾਈ ਹੈ ਜੋ ਸਿੱਖਾਂ ਨੇ ਗੁਰੂ ਜੀ ਦੀ ਅਗਵਾਈ ਹੇਠ ਮੁਗ਼ਲ ਹਕੂਮਤ ਦੇ ਸਥਾਨਿਕ ਅਧਿਕਾਰੀਆਂ ਨਾਲ ਕੀਤੀ ਸਿੱਖਾਂ ਨੇ ਆਪਣੀ ਸਵੈ ਰੱਖਿਆ ਲਈ ਤਲਵਾਰ ਚੁੱਕੀ ਸੀ ਅਤੇ ਦੁਸ਼ਮਣ ਨੂੰ ਦਸ ਦਿੱਤਾ ਸੀ ਕਿ ਸਿੱਖ ਨਿਰੋਲ ਭਾਣਾ ਮੰਨਣ ਵਾਲੇ ਹੀ ਨਹੀਂ ਸਗੋਂ ਉਹ ਲੋੜ ਪੈਣ 'ਤੇ ਜੰਗ ਦੇ ਮੈਦਾਨ ਵਿਚ ਵੀ ਖੜੋ ਸਕਦੇ ਹਨ।"[138] ਇਸ ਜੰਗ ਦਾ ਕਾਰਨ ਸਮਾਜ ਅੰਦਰ ਮਨੁੱਖਤਾ ਵਿਰੁੱਧੀ ਧਾਰਮਿਕ ਕੂਟਨੀਤੀ ਸੀ ਜਿਸ ਕਾਰਨ ਅਸਿਥਰਤਾ ਪੈਦਾ ਹੋ ਰਹੀ ਸੀ।

ਗੁਰੂ ਸਾਹਿਬ ਨੇ ਜ਼ੁਲਮ ਨੂੰ ਜੜ੍ਹੋਂ ਉਖੇੜਨ ਦਾ ਅਜਿਹਾ ਬੀੜਾ ਚੁੱਕਿਆ ਕਿ ਦੂਰੋਂ-ਨੇੜਿਓਂ

---

137 ਸਮਸ਼ੇਰ ਸਿੰਘ ਅਸ਼ੋਕ, ਉਪਰੋਕਤ, *ਪੰਜਾਬੀ ਵੀਰ ਪਰੰਪਰਾ ਸਤਾਰਵੀਂ ਸਦੀ ਦੀ* , ਪੰ.17.

138 ਸੁਖਦਿਆਲ ਸਿੰਘ (2009) *ਗੁਰੂ ਹਰਿਗੋਬਿੰਦ ਸਾਹਿਬ ਜੀਵਨ, ਯੁੱਧ ਤੇ ਯਾਤਰਾਵਾਂ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ.23.

ਸੰਗਤਾਂ ਗੁਰੂ-ਘਰ ਨੂੰ ਭੇਂਟਾ ਆਉਂਦੀਆਂ ਤੇ ਵਿੱਤ ਮੁਤਾਬਕ ਆਪਣਾ ਯੋਗਦਾਨ ਗੁਰੂ-ਘਰ ਦਿੰਦੀਆਂ। ਆਪ ਨੇ ਸੰਗ਼ਤਾਂ ਵਿਚ ਅਜਿਹਾ ਜੋਸ਼ ਤੇ ਅਜਿਹੀ ਅਣਖ ਭਰੀ ਕਿ ਹਰ ਕੋਈ ਆਪ ਦੇ ਜਾਰੀ ਕੀਤੇ ਹੁਕਮਨਾਮੇ ਮੁਤਾਬਕ ਹਥਿਆਰ ਤੇ ਜਵਾਨੀਆਂ ਭੇਟਾ ਦੇ ਤੌਰ 'ਤੇ ਲਿਆਉਂਦਾ। ਇਸੇ ਤਰ੍ਹਾਂ "ਭਾਈ ਬਿਧੀ ਚੰਦ ਨਾਮਕ ਸਿੱਖ, ਜੋ ਭਾਈ ਅਦਲੀ ਜੀ ਦੀ ਪ੍ਰੇਰਣਾ ਸਦਕਾ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਹੀ ਗੁਰੂ-ਘਰ ਦਾ ਸਿੱਖ ਬਣ ਗਿਆ ਸੀ, ਪੇਸ਼ੇ ਵਜੋਂ ਚੋਰ ਸੀ। ਪੰਚਮ ਗੁਰੂ ਨੇ ਉਸਨੂੰ ਮਾੜੇ ਕੰਮ ਛੱਡ ਕੇ ਹੱਕ-ਸੱਚ ਦਾ ਜੀਵਨ ਬਿਤਾਉਣ ਲਈ ਪ੍ਰੇਰਿਤ ਕੀਤਾ। ਭਾਈ ਬਿਧੀ ਚੰਦ ਬਹੁਤ ਦਲੇਰ ਤੇ ਵਧੀਆ ਡੀਲ-ਡੌਲ ਵਾਲਾ ਨੌਜਵਾਨ ਸਿੱਖ ਸੀ। ਉਸ ਨੇ ਗੁਰੂ ਸਾਹਿਬ ਨਾਲ ਜੰਗਾਂ ਵਿਚ ਵੀ ਹਿੱਸਾ ਲਿਆ ਅਤੇ ਬਹੁਤ ਹੀ ਜੋਸ਼ ਨਾਲ ਵੀਰਤਾ ਦੇ ਜ਼ੋਹਰ ਦਿਖਾਏ।"[139]

ਇਕ ਵਾਰ ਭਾਈ ਦਿਆਲ ਚੰਦ ਤੇ ਬਖਤ ਮੱਲ ਨੇ ਕਾਬਲ ਦੀਆਂ ਸੰਗਤਾਂ ਵੱਲੋਂ ਦਿੱਤੀਆਂ ਭੇਟਾਵਾਂ ਗੁਰੂ ਜੀ ਕੋਲ ਹਾਜ਼ਰ ਕੀਤੀਆਂ। ਇਸ ਦੇ ਨਾਲ ਹੀ ਭਾਈ ਕਰੋੜੀ ਮੱਲ ਦੁਆਰਾ ਆਪ ਨੂੰ ਭੇਟ ਕਰਨ ਲਈ ਲਿਆਂਦੇ ਜਾ ਰਹੇ ਦੋ ਘੋੜੇ ਗੁਲਬਾਗ ਤੇ ਦਿਲਬਾਗ਼ ਨੂੰ ਮੁਗਲਾਂ ਦੁਆਰਾ ਖੋਹੇ ਜਾਣ ਦੀ ਵਿਥਿਆ ਸੁਣਾਈ। ਆਪ ਨੇ ਉਹਨਾਂ ਨੂੰ ਕਿਸੇ ਤਰ੍ਹਾਂ ਦਾ ਰੋਸ ਕਰਨ ਤੋਂ ਰੋਕਿਆ ਅਤੇ ਭਾਈ ਬਿਧੀ ਚੰਦ ਨੂੰ ਗੁਰੂ-ਦਰਬਾਰ ਵਿਚ ਉਹ ਦੋਵੇ ਘੋੜੇ ਹਾਜ਼ਰ ਕਰਨ ਲਈ ਕਿਹਾ।

ਭਾਈ ਸਾਹਿਬ ਗੁਰੂ ਜੀ ਦੇ ਆਦੇਸ਼ ਦੀ ਪਾਲਣਾ ਅਤੇ ਸਿੱਖਾਂ ਦੀ ਅਣਖ ਖਾਤਰ ਜਾਬਰਾਂ ਦੀ ਧੱਕੇਸ਼ਾਹੀ ਨੂੰ ਠੱਲ ਪਾਉਣ ਲਈ ਲਾਹੌਰ ਵੱਲ੍ਹ ਤੁਰੰਤ ਤੁਰ ਪਏ। ਆਪਣੀ ਸੂਰਮਤਾਈ ਸਦਕਾ ਇਕ ਘੋੜਾ ਮੁਗਲਾਂ ਦੇ ਕੋਲੋ ਛੁਡਵਾ ਕੇ ਗੁਰੂ ਅਗੇ ਭੇਂਟ ਕੀਤਾ। ਗੁਰੂ ਸਾਹਿਬ ਤੇ ਸੰਗਤਾਂ ਭਾਈ ਸਾਹਿਬ ਦੀ ਬਹਾਦਰੀ ਤੋਂ ਬਹੁਤ ਪ੍ਰਸੰਨ ਹੋਈਆਂ।"ਕੁੱਝ ਦਿਨਾਂ ਮਗਰੋਂ ਗੁਰੂ ਜੀ ਨੇ ਇਹ ਧਿਆਨ ਕੀਤਾ ਕਿ ਇਹ ਘੋੜਾ ਦੂਜੇ ਘੋੜੇ ਬਿਨਾਂ ਠੀਕ ਨਹੀਂ ਰਹਿੰਦਾ ਭਾਵ ਠੀਕ ਤਰ੍ਹਾਂ ਆਹਾਰ ਨਹੀਂ ਲੈਂਦਾ ਤੇ ਸਿਹਤ ਪੱਖੋਂ ਵੀ ਕਮਜ਼ੋਰ ਹੋ ਰਿਹਾ ਹੈ। ਜਿਸ ਕਾਰਨ ਆਪ ਨੇ ਭਾਈ ਸਾਹਿਬ ਨੂੰ ਦੂਜਾ ਘੋੜਾ ਵੀ ਲਿਆਉਣ ਲਈ ਕਿਹਾ। ਆਪ ਦਾ ਆਦੇਸ਼ ਸੁਣ ਕੇ ਭਾਈ ਸਾਹਿਬ ਦੂਜਾ ਘੋੜਾ ਲਿਆਉਣ ਲਈ ਲਾਹੌਰ ਵੱਲ ਚੱਲ ਪਏ।"[140] ਇੱਥੇ ਇਹ ਗੱਲ ਖਾਸ ਵਰਣਨਯੋਗ ਹੈ ਕਿ ਪਹਿਲੇ ਘੋੜੇ ਦੇ ਗਾਇਬ ਹੋਣ ਤੋਂ ਬਾਅਦ

---

139 ਉਹੀ, ਪੰਨੇ 25, 26.

140 ਸਮਸ਼ੇਰ ਸਿੰਘ ਅਸ਼ੋਕ, ਉਪਰੋਕਤ, *ਪੰਜਾਬੀ ਵੀਰ ਪਰੰਪਰਾ ਸਤਾਰਵੀਂ ਸਦੀ ਦੀ* , ਪੰ.27.

ਮੁਗ਼ਲ ਦਰੋਗੇ ਸੌਂਧੇ ਖ਼ਾਨ ਨੇ ਦੂਜੇ ਘੋੜੇ ਦਾ ਪਹਿਰਾ ਹੋਰ ਸਖਤ ਕਰ ਦਿੱਤਾ। ਜਿਸ ਕਾਰਨ ਉੱਥੋਂ ਦੂਜਾ ਘੋੜਾ ਲਿਆਉਣਾ ਬਹੁਤ ਹੀ ਜੋਖ਼ਮ ਭਰਿਆ ਕੰਮ ਸੀ। ਪਰ ਇਹ ਗੁਰੂ ਦਾ ਸਿੱਖ ਹੀ ਹੈ, ਜੋ ਔਖੇ ਸਮੇਂ ਵਿਚ ਵੀ ਗੁਰੂ ਚਰਨਾਂ ਦਾ ਧਿਆਨ ਧਰ ਕੇ ਤੇ ਗੁਰੂ ਦੀ ਪ੍ਰੇਰਣਾ ਤੇ ਅਸੀਸ ਸਦਕਾ ਅਜਿਹੇ ਕਾਰਨਾਮਿਆਂ ਨੂੰ ਬੜੀ ਦਲੇਰੀ ਤੇ ਸੂਰਬੀਰਤਾ ਨਾਲ ਨੇਪਰੇ ਚੜ੍ਹਾ ਸਕਦਾ ਹੈ। "ਇਸ ਵਾਰ ਆਪ 'ਰਾਵਲ' ਦਾ ਰੂਪ ਧਾਰ ਕੇ ਕਿਲ੍ਹੇ ਕੋਲ ਜਾ ਬੈਠੇ। ਸੌਂਧੇ ਖ਼ਾਨ ਦੇ ਪੁੱਛਣ 'ਤੇ ਆਪ ਨੇ ਉਸ ਦੇ ਮਨ ਦੀ ਸਾਰੀ ਵਿਥਿਆ ਉਸਨੂੰ ਸੁਣਾ ਦਿੱਤੀ ਅਤੇ ਨਾਲ ਹੀ ਪਹਿਲੇ ਘੋੜੇ ਦੇ ਗਾਇਬ ਹੋਣ ਦੀ ਸਾਰੀ ਤਰਕੀਬ ਵੀ ਦੱਸ ਦਿੱਤੀ। ਆਪ ਨੇ ਉਸਨੂੰ ਇਹ ਭਰਸਾ ਦਿੱਤਾ ਕਿ ਜੇਕਰ ਪਹਿਲੇ ਦੀ ਤਰ੍ਹਾਂ ਦੇ ਹਾਲਾਤ ਬਣਾ ਦਿੱਤੇ ਜਾਣ, ਤਾਂ ਉਹ ਉਸਨੂੰ ਪਹਿਲਾ ਘੋੜਾ ਇਸ ਵਕਤ ਕਿਸ ਸਥਾਨ 'ਤੇ ਹੈ ਬਾਰੇ ਵੀ ਦੱਸ ਸਕਦੇ ਹਨ। ਬਸ ਫਿਰ ਕੀ ਸੀ, ਦਰੋਗਾ ਮੰਨ ਗਿਆ। ਰਾਤ ਨੂੰ ਆਪ ਨੇ ਬੜੀ ਹੀ ਚਲਾਕੀ ਤੇ ਬਹਾਦਰੀ ਤੋਂ ਕੰਮ ਲੈਂਦਿਆਂ ਦੂਜਾ ਘੋੜਾ ਖੋਲ੍ਹਿਆ ਤੇ ਉਸ 'ਤੇ ਚੜ੍ਹ ਕੇ ਦਰਿਆ ਵਿਚ ਛਾਲ ਮਾਰ ਦਿੱਤੀ ਅਤੇ ਘੋੜਾ ਗੁਰੂ ਜੀ ਦੇ ਸਨਮੁੱਖ ਪੇਸ਼ ਕੀਤਾ। ਗੁਰੂ ਜੀ ਨੇ ਆਪ ਦੀ ਬਹਾਦਰੀ ਤੋਂ ਪ੍ਰਸੰਨ ਹੋ ਕੇ ਆਪ ਨੂੰ ਆਪਣੇ ਸੀਨੇ ਨਾਲ ਲਾਇਆ ਤੇ 'ਬਿਧੀ ਚੰਦ ਛੀਨਾ, ਗੁਰੂ ਕਾ ਸੀਨਾ' ਦੀ ਉਪਾਧੀ ਨਾਲ ਨਿਵਾਇਆ।"[141] ਇਸ ਤਰ੍ਹਾਂ ਗੁਰੂ ਸਾਹਿਬ ਵੱਲੋਂ ਸਿੱਖਾਂ ਨੂੰ ਬਹਾਦਰੀ ਤੇ ਅਣਖ ਨਾਲ ਜੀਵਨ ਜੀਊਣ ਦੀ ਮਿਲਦੀ ਪ੍ਰੇਰਣਾ ਸਦਕਾ ਸਿੱਖਾ ਵਿਚ ਇਕ ਨਵੇਂ ਜੋਸ਼ ਤੇ ਜਨੂੰਨ ਦਾ ਸੰਚਾਰ ਹੋ ਰਿਹਾ ਸੀ। ਜਿਸ ਕਾਰਨ ਇਤਿਹਾਸ ਵਿਚ ਭਾਈ ਬਿਧੀ ਚੰਦ ਵਰਗੇ ਕਿੰਨੇ ਹੀ ਸਿੱਖਾਂ ਦੀਆਂ ਬਹਾਦਰੀ ਭਰੇ ਕਾਰਨਾਮਿਆਂ ਦੀਆਂ ਮਿਸਾਲਾਂ ਮਿਲਦੀਆਂ ਹਨ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਸੰਤ ਸੁਭਾਅ ਦੇ ਨਾਲ ਨਾਲ ਸੱਚੇ ਅਤੇ ਜੁਝਾਰੂ ਸੂਰਮੇ ਵੀ ਸਨ। ਜਿਵੇਂ ਕਿ ਪਿਛੇ ਜ਼ਿਕਰ ਕੀਤਾ ਗਿਆ ਹੈ ਕਿ ਗੁਰੂ ਸਾਹਿਬ ਨੇ ਚਾਰ ਜੰਗਾਂ ਲੜੀਆਂ ਹਨ। ਇਨ੍ਹਾਂ ਚਾਰਾਂ ਜੰਗ ਦੇ ਵਿਸ਼ਲੇਸ਼ਣ ਤੋਂ ਪਤਾ ਚਲਦਾ ਹੈ ਕਿ ਗੁਰੂ ਸਾਹਿਬ ਦੀਆਂ ਲੜਾਈਆਂ ਧਰਮ-ਯੁੱਧ ਦੇ ਸਰੂਪ ਨੂੰ ਘੜ੍ਹਦੀਆਂ ਹਨ। ਉਨ੍ਹਾਂ ਧਰਮ ਯੁੱਧ ਉਦੋਂ ਕੀਤਾ ਜਦੋਂ ਧਰਮ ਦਾ ਇਕ ਪਾਸੜ ਨਜ਼ਰੀਆ ਮਨੁੱਖਤਾ ਦਾ ਘਾਣ ਕਰ ਰਿਹਾ ਸੀ। ਗੁਰੂ ਸਾਹਿਬ ਦੀ ਪਹਿਲੀ ਲੜਾਈ ਸਮੇਂ ਦਾ ਰਾਜਾ ਸ਼ਾਹਜਹਾਂ ਭਾਵੇਂ ਨੀਅਤ ਪੱਖੋਂ ਬੁਰਾ ਨਹੀਂ ਸੀ, ਪਰ ਮੁੱਲਾਂ-ਮੁਲਾਣਿਆਂ ਦੇ ਬਹਿਕਾਵੇ ਵਿਚ ਆ ਕੇ

141 ਉਹੀ, ਪੰ.27.

ਕਈ ਪ੍ਰਕਾਰ ਦੇ ਅਨੈਤਿਕ ਜਨ-ਵਿਰੋਧੀ ਕਾਰਜ ਕਰਨ ਲੱਗ ਪਿਆ ਸੀ। ਉਸ ਨੂੰ ਜਨ-ਕਲਿਆਣ ਦਾ ਕੋਈ ਖਾਸ ਖ਼ਿਆਲ ਨਾ ਰਿਹਾ, ਸਗੋਂ ਉਹ ਆਪਣੇ ਸ਼ਾਹੀ ਐਸ਼ੋ-ਇਸ਼ਰਤ ਵਿਚ ਹੀ ਰੁੱਝਿਆ ਰਹਿੰਦਾ। ਉਸ ਨੂੰ ਆਪਣੀ ਸ਼ਾਨੋ-ਸ਼ੌਕਤ ਦਾ ਅੰਨ੍ਹਾ ਮਾਣ ਹੋਣ ਲੱਗ ਪਿਆ ਤੇ ਜਿਸ ਦੀ ਆੜ ਹੇਠ ਉਹ ਜਨਤਾ 'ਤੇ ਜ਼ੁਲਮ ਕਰਨੋਂ ਵੀ ਨਾ ਝਿਜਕਦਾ। ਬਾਦਸ਼ਾਹ ਦੀ ਤਾਕਤ ਅਤੇ ਉਸਦੇ ਹੰਕਾਰ ਨੂੰ ਤੋੜਨ ਲਈ ਸਿੱਖਾਂ ਨੇ ਬਾਦਸ਼ਾਹ ਦਾ ਸ਼ਾਹੀ ਬਾਜ਼ ਹਥਿਆ ਲਿਆ, ਜਦੋਂ ਉਹ 1628ਈ. ਵਿਚ ਲਾਹੌਰੋਂ ਸ਼ਿਕਾਰ ਲਈ ਅੰਮ੍ਰਿਤਸਰ ਵੱਲ ਆਇਆ ਸੀ। ਪਰ ਜਦੋਂ ਬਾਜ਼ ਨਾ ਮਿਲਿਆ, ਤਾਂ ਉਸਨੇ ਆਪਣੇ ਸੈਨਿਕ ਅਧਿਕਾਰੀਆਂ ਨੂੰ ਬਾਜ਼ ਲੱਭਣ ਦਾ ਹੁਕਮ ਜਾਰੀ ਕੀਤਾ। ਜਿਸ ਅਧੀਨ ਉਹਨਾਂ ਸੈਨਿਕਾਂ ਨੇ ਅੰਮ੍ਰਿਤਸਰ ਸ਼ਹਿਰ ਵੱਲ ਆਉਂਦਿਆਂ ਬਾਜ਼ ਲੱਭਦੇ ਹੋਏ ਜਨਤਾ ਦੀ ਬਹੁਤ ਹੀ ਲੁੱਟ-ਖਸੁੱਟ ਤੇ ਕਈ ਅਨੈਤਿਕ ਕਾਰਜ ਵੀ ਕੀਤੇ। ਦੂਜੇ ਪਾਸੇ ਗੁਰੂ ਸਾਹਿਬ ਜੋ ਕਿ ਹੱਕ-ਸੱਚ ਦੇ ਧਾਰਨੀ ਸੂਰਬੀਰ ਯੋਧੇ ਸਨ, ਇਸ ਸਮੇਂ ਆਪਣੀ ਪੁੱਤਰੀ ਬੀਬੀ ਵੀਰੋ ਦੇ ਵਿਆਹ ਕਾਰਜਾਂ ਵਿਚ ਰੁੱਝੇ ਹੋਏ ਸਨ। ਪਰ ਜਦੋਂ ਆਪ ਨੂੰ ਸਿੱਖਾਂ ਤੋਂ ਅਚਾਨਕ ਮੁਖ਼ਲਿਸ ਖ਼ਾਨ ਦੇ ਮਾਤਹਿਤ ਸ਼ਾਹੀ ਫੌਜ ਦੀ ਚੜ੍ਹਾਈ ਬਾਰੇ ਪਤਾ ਲੱਗਿਆ, ਤਾਂ ਆਪ ਨੂੰ ਮੁਗ਼ਲਾਂ ਨਾਲ ਜੰਗ ਹੋਣ ਦੇ ਸੰਕੇਤ ਮਿਲ ਗਏ ਸਨ। ਇਸ ਕਰਕੇ ਹੀ ਆਪ ਨੇ ਆਪਣੇ ਪਰਿਵਾਰ ਨੂੰ ਤਰਨਤਾਰਨ ਸਾਹਿਬ ਨੇੜੇ ਪਿੰਡ ਝਬਾਲ ਵਿਖੇ ਭੇਜ ਦਿੱਤਾ।"[142] ਆਪ ਨੇ ਸਿੱਖਾਂ ਨੂੰ ਦੁਸ਼ਮਣ ਫੌਜ ਦਾ ਮੁਕਾਬਲਾ ਕਰਨ ਲਈ ਤਿਆਰ ਹੋਣ ਲਈ ਕਿਹਾ ਅਤੇ ਖ਼ੁਦ ਵੀ ਜੰਗ ਲਈ ਤਿਆਰ ਹੋ ਗਏ। "ਸਿੱਖਾਂ ਨੇ ਆਪ ਵੱਲੋਂ ਚੜ੍ਹਾਈ ਦਾ ਹੁਕਮ ਸੁਣਦੇ ਹੀ ਅੰਮ੍ਰਿਤਸਰ ਤੋਂ ਢਾਈ ਕੋਹ ਪਹਿਲਾਂ ਪਿੱਪਲੀ ਸਾਹਿਬ ਦੁਸ਼ਮਣ ਦਾ ਅੱਗਾ ਜਾ ਰੋਕਿਆ। ਆਪ ਨੇ ਬਹਾਦਰੀ ਨਾਲ ਲੜਦਿਆਂ ਬਹੁਤ ਸਾਰੇ ਦੁਸ਼ਮਣਾਂ ਦੇ ਆਹੂ ਲਾਹੇ। ਭਾਵੇਂ ਕਿ ਮੁਗ਼ਲ ਫੌਜ-ਗਿਣਤੀ ਪੱਖੋਂ ਜ਼ਿਆਦਾ ਸੀ, ਪਰ ਫਿਰ ਵੀ ਆਪ ਨੇ ਸਿੱਖਾਂ ਨੂੰ ਸੂਰਬੀਰਤਾ ਨਾਲ ਮੁਕਾਬਲਾ ਕਰਨ ਲਈ ਪ੍ਰੇਰਿਆ ਅਤੇ ਦੁਸ਼ਮਣ ਦੇ ਮੈਦਾਨ ਵਿਚੋਂ ਅਜਿਹੇ ਪੈਰ ਉਖਾੜੇ ਕਿ ਉਹ ਮੈਦਾਨੇ-ਜੰਗ ਛੱਡ ਕੇ ਭੱਜ ਤੁਰੇ।"[143] ਇਸ ਜੰਗ ਵਿਚ ਜਿੱਥੇ ਗੁਰੂ ਸਾਹਿਬ ਦੀ ਪੂਰੀ ਤਰ੍ਹਾਂ ਜਿੱਤ ਹੋਈ, ਉੱਥੇ ਆਪ ਨੇ ਦੁਸ਼ਮਣ ਦੀ ਵੀ ਆਕੜ ਭੰਨੀ। ਪਰ ਡਾ. ਗੰਡਾ ਸਿੰਘ ਅਤੇ ਡਾ. ਸੁਖਦਿਆਲ ਸਿੰਘ ਨੇ ਗੁਰੂ ਸਾਹਿਬ ਦੀ ਪਹਿਲੀ ਜੰਗ ਦਾ

---

142 ਸਮਸ਼ੇਰ ਸਿੰਘ ਅਸ਼ੋਕ, ਉਪਰੋਕਤ, *ਪੰਜਾਬੀ ਵੀਰ ਪਰੰਪਰਾ ਸਤਾਰਵੀਂ ਸਦੀ ਦੀ ,* ਪੰਨੇ, 21,22.

143 ਉਹੀ, ਪੰ.22.

ਕਾਰਨ ਜਬਰੀ ਧਰਮ ਪਰਿਵਰਤਨ ਨੂੰ ਮੰਨਿਆ ਹੈ, "ਇਸ ਤਹਿਤ ਮੁਸਲਮਾਨ ਵਲੋਂ ਧਰਮ ਬਦਲਣ 'ਤੇ ਪਾਬੰਦੀ ਲਾਈ ਗਈ ਸੀ ਹਿੰਦੂਆ ਦਾ ਕੋਈ ਮੰਦਰ ਨਹੀਂ ਬਣ ਸਕਦਾ ਸੀ।"[144] ਇਸ ਇਕਹਿਰੇ ਨਜ਼ਰੀਏ ਖਿਲਾਫ ਸਿੱਖ ਸੂਰਬੀਰਤਾ ਪ੍ਰਚੰਡ ਰੂਪ ਹੋ ਕੇ ਵਿਚਰਦੀ ਹੈ ਅਤੇ ਅਮਨ ਸ਼ਾਂਤੀ ਲਈ ਸਾਰਥਕ ਉਪਰਾਲੇ ਕਰਦੀ ਹੈ ਜਿਸਦੀ ਮਿਸਾਲ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਵਿਹਾਰਕ ਰੂਪ ਹੈ ਜਿਨ੍ਹਾਂ ਨੇ "ਸਿੱਖਾਂ ਲਈ ਗੁਰਦੁਆਰੇ ਤੇ ਮੁਸਲਮਾਨਾਂ ਲਈ ਮਸੀਤ ਵੀ ਬਣਾਈ।"[145]

ਗੁਰੂ ਹੁਕਮਾਂ ਦੀ ਪੈਰਵੀ ਕਰਦੇ ਹੋਏ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਸਰੀਰਕ ਸੂਰਬੀਰਤਾ ਦੇ ਵਿਕਾਸ ਲਈ "ਸੈਨਾ ਰੱਖਣੀ ਆਰੰਭ ਕਰ ਦਿੱਤੀ, ਸੈਂਕੜੇ ਮੁਸਲਮਾਨ ਭੀ ਆ ਭਰਤੀ ਹੋਇ। ਗੁਰੂ ਜੀ ਹਮੇਸ਼ਾ ਢਾਢੀਆਂ ਤੋਂ ਸੂਰਮਿਆਂ ਦੀਆਂ ਵਾਰਾਂ ਸੁਣ ਕੇ ਬਹੁਤ ਪ੍ਰਸੰਨ ਹੁੰਦੇ ਢਾਢੀ ਭੀ ਐਸੇ ਜੋਸ਼ ਨਾਲ (ਵਾਰਾਂ) ਪੜ੍ਹਦੇ ਕਿ ਕਾਇਰ ਭੀ ਸੁਣ ਕੇ ਸੂਰਮਾ ਜਾਂਦਾ ਹੈ।"[146]

ਗੁਰੂ ਸਾਹਿਬ ਜੀ ਦੀਆਂ ਲੜਾਈਆਂ ਵਿਚੋਂ ਸੂਰਬੀਰਤਾ ਦੀ ਪਰਕਿਰਤੀ ਦਾ ਪ੍ਰਗਟਾਅ ਹੁੰਦਾ ਹੈ ਅੰਮ੍ਰਿਤਸਰ ਦੀ ਲੜਾਈ ਸਿੱਖ ਇਤਿਹਾਸ ਦੀ ਪਹਿਲੀ ਸਰੀਰਕ ਬਲ ਨਾਲ ਲੜੀ ਗਈ ਲੜਾਈ ਸੀ। ਇਸ ਵਿਚ ਦੁਸ਼ਮਣ ਨੂੰ ਦਸ ਦਿੱਤਾ ਸੀ ਕਿ "ਸਿੱਖ ਨਿਰੋਲ ਭਾਣਾ ਮਿਠਾ ਮੰਨਣ ਵਾਲੇ ਭਗਤ ਹੀ ਨਹੀਂ ਸਗੋਂ ਉਹ ਲੋੜ ਪੈਣ 'ਤੇ ਜੰਗ ਦੇ ਮੈਦਾਨ ਵਿਚ ਵੀ ਖੜੋ ਸਕਦੇ ਹਨ।"[147] ਕਰਤਾਰਪੁਰ ਵਿਚ ਅਬਦੁੱਲਾ ਖ਼ਾਨ ਨੇ ਬਿਨਾਂ ਸ਼ਾਹੀ ਮਨਜ਼ੂਰੀ ਦੇ ਗੁਰੂ ਜੀ ਵਿਰੁੱਧ ਫੌਜ ਚੜ੍ਹਾ ਲਿਆਂਦੀ ਅਤੇ ਧਮਕੀ ਦਿੱਤੀ ਕਿ ਜਾਂ ਇਲਾਕਾ ਛੱਡ ਜਾਓ ਜਾਂ ਜੰਗ ਲਈ ਤਿਆਰ ਹੋ ਜਾਓ। ਆਪ ਨੇ ਉਸ ਦੀ ਧਮਕੀ ਤੋਂ ਡਰਨ ਦੀ ਬਜਾਏ ਸਿੱਖਾਂ ਨੂੰ ਜੰਗ ਵਿਚ ਜੂਝਣ ਲਈ ਪ੍ਰੇਰਿਆ।

ਗੁਰੂ ਘਰ ਦੇ ਹੱਕ ਸੱਚ ਦੇ ਪ੍ਰਚਾਰ ਸਦਕਾ ਵੱਡੀ ਗਿਣਤੀ ਵਿਚ ਸੰਗਤਾਂ ਗੁਰੂ-ਘਰ ਨਾਲ ਜੁੜਨ ਲੱਗੀਆਂ। ਗੁਰੂ-ਘਰ ਵਿਚ ਸੱਚ ਦਾ ਵਰਤਾਰਾ ਵੇਖ ਕੇ ਸੰਗਤਾਂ ਨੇ ਗੁਰੂ ਜੀ ਨੂੰ ਸੱਚਾ-ਪਾਤਸ਼ਾਹ ਕਹਿ ਕੇ ਸੰਬੋਧਨ ਕਰਨਾ ਸ਼ੁਰੂ ਕਰ ਦਿੱਤਾ। ਗੁਰੁ-ਘਰ ਦੀ ਚੜ੍ਹਤ ਹੁੰਦੀ ਵੇਖ ਕੇ ਮੁਗ਼ਲ

---

144 ਸੁਖਦਿਆਲ ਸਿੰਘ, ਉਪਰੋਕਤ, *ਗੁਰੂ ਗੋਬਿੰਦ ਸਾਹਿਬ ਜੀਵਨ, ਯੁੱਧ ਤੇ ਯਾਤਰਾਵਾਂ*, ਪੰ.23.

145 ਹਰਬੰਸ ਸਿੰਘ (1997), *ਸਾਡਾ ਵਿਰਸਾ*, ਨਵਯੁੱਧ ਪਬਲੀਸ਼ਰਜ਼, ਦਿੱਲੀ, ਪੰ.53.

146 ਗਿਆਨੀ ਗਿਆਨ ਸਿੰਘ, ਉਪਰੋਕਤ, ਤਵਾਰੀਖ ਗੁਰੂ ਖਾਲਸਾ, ਪੰ.53.

147 ਸੁਖਦਿਆਲ ਸਿੰਘ, ਉਪਰੋਕਤ, *ਗੁਰੂ ਹਰਿਗੋਬਿੰਦ ਸਾਹਿਬ ਜੀਵਨ, ਯੁੱਧ ਤੇ ਯਾਤਰਾਵਾਂ*, ਪੰ.22.

ਦਰਬਾਰ ਵਿਚ ਈਰਖਾ ਹੋਰ ਵਧਣ ਲੱਗ ਪਈ। ਜਿਸ ਕਾਰਨ ਮੁਗ਼ਲ ਸਰਕਾਰ ਆਨੇ-ਬਹਾਨੇ ਗੁਰੂ ਘਰ ਨਾਲ ਆਢਾ ਲੈਣ ਬਾਰੇ ਚਾਲਾਂ ਘੜਨ ਲੱਗੀ। ਜੰਗ ਵਿਚ ਹਿੱਸਾ ਲੈਣ ਦਾ ਮੁੱਖ ਉਦੇਸ਼ ਬੇਇਨਸਾਫੀ, ਜ਼ੁਲਮ ਅਤੇ ਇਨਸਾਨੀ ਜ਼ਿੱਲਤ ਦਾ ਖਾਤਮਾ ਕਰਕੇ ਲੋਕਾਂ ਵਿਚ ਅਣਖ, ਬੀਰਤਾ ਤੇ ਆਪਣੇ ਹੱਕ ਲੈਣ ਲਈ ਹਿੰਮਤ ਦਾ ਸੰਚਾਰ ਕਰਨਾ ਸੀ। ਜਦੋਂ ਆਪ ਮਾਲਵੇ ਵਿਚ ਸਿੱਖੀ ਦਾ ਪ੍ਰਚਾਰ ਕਰ ਰਹੇ ਸਨ, ਤਾਂ ਆਪ ਸੰਨ 1632 ਈ. ਨੂੰ ਕਰਤਾਰਪੁਰ ਆ ਟਿਕੇ। ਆਪ ਦੀ ਫੌਜ ਵਿਚ ਪੈਂਦੇ ਖਾਨ ਨਾਮੀ ਇਕ ਪਠਾਣ ਸੀ ਉਸਦੀ ਪਰਵਰਿਸ਼ ਗੁਰੂ ਸਾਹਿਬ ਨੇ ਆਪਣੀ ਨਿਗਰਾਨੀ ਹੇਠ ਕੀਤੀ ਸੀ ਅਤੇ ਗੁਰੂ ਸਾਹਿਬ ਉਸਦਾ ਬਹੁਤ ਮੋਹ ਕਰਦੇ ਸਨ। ਪੈਂਦੇ ਖਾਂ ਨੂੰ ਮੁਗਲਾਂ ਨੇ ਭੜਕਾਇਆ ਅਤੇ ਉਸਨੇ ਗੁਰੂ ਜੀ ਵਿਰੁੱਧ ਸਾਜਸ਼ਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਸਿੱਖ ਸੂਰਬੀਰਤਾ ਉਦੋਂ ਤੱਕ ਸੂਰਮੇ ਅੰਦਰ ਜੁਝਾਰੂ ਪ੍ਰਵਿਰਤੀ ਬਣਾਈ ਰੱਖਦੀ ਹੈ ਜਦੋਂ ਤੱਕ ਜ਼ਾਲਮ ਆਪਣੀ ਬਦੀ ਨਾ ਛੱਡੇ। ਗੁਰੂ ਸਾਹਿਬ ਜੀ ਨਿਰਭਉ ਅਤੇ ਨਿਰਵੈਰ ਸੁਭਾਉ ਦੇ ਮਾਲਕ ਸਨ ਜਿਸ ਬਾਰੇ ਪ੍ਰੋ. ਪੂਰਨ ਸਿੰਘ ਸਾਖੀ ਰਾਹੀਂ ਲਿਖਦੇ ਹਨ ;

> "ਇਕ ਵਾਰ ਪੈਂਦੇ ਖਾਨ ਤੇ ਗੁਰੂ ਹਰਿਗੋਬਿੰਦ ਸਾਹਿਬ ਆਹਮੋ-ਸਾਹਮਣੇ ਆ ਡਟੇ। ਅਕ੍ਰਿਤਘਣ ਪੈਂਦੇ ਖਾਨ ਨੇ ਸਤਿਗੁਰੂ ਜੀ ਨੂੰ ਨਿਰਾਦਰੀ ਭਰੇ ਬੋਲ ਬੋਲੇ ਤਾਂ ਗੁਰੂ ਜੀ ਨੇ ਉੱਤਰ ਦਿੱਤਾ ਪੈਂਦੇ ਖਾਂ। ਕੁਬੋਲ ਕਿਉਂ ਬੋਲਦਾ ਹੈ। ਜਦੋਂ ਤੇਰੇ ਹੱਥਾਂ ਵਿਚ ਤਲਵਾਰ ਹੈ ਅਤੇ ਮੈਂ ਤੈਨੂੰ ਪਹਿਲਾ ਵਾਰ ਕਰਨ ਦੀ ਖੁਲ੍ਹ ਦਿੰਦਾ ਹਾਂ। ਪੈਦੇ ਖਾਂ ਨੇ ਝੁਕ ਕੇ ਗੁਰੂ ਜੀ ਉੱਪਰ ਤਲਵਾਰ ਦਾ ਵਾਰ ਕੀਤਾ ਜਿਸ ਨੂੰ ਉਨ੍ਹਾਂ ਨੇ ਬਚਾ ਲਿਆ। ਪੈਂਦੇ ਖਾਨ ਦਾ ਦੂਜਾ ਵਾਰ ਵੀ ਖਾਲੀ ਗਿਆ। ਗੁਰੂ ਜੀ ਨੇ ਆਪਣੇ ਪੁਰਾਣੇ ਪਿਆਰੇ ਸੇਵਕ ਨਾਲ ਚੋਜ ਕਰ ਰਹੇ ਸਨ ਅਤੇ ਉਸਦੀ ਅੰਦਰ-ਆਤਮਾ ਜਾਗ ਜਾਏ ਤੇ ਉਸ ਨੂੰ ਆਪਣੀ ਕੀਤੀ ਭੁਲ ਦਾ ਅਹਿਸਾਸ ਹੋ ਜਾਵੇ ਪਰ ਪੈਂਦੇ ਖਾਨ ਦਾ ਕਰੋਧ ਵਧਦਾ ਤੇ ਬੇਕਾਬੂ ਹੁੰਦਾ ਗਿਆ, ਹੁਣ ਉਸਦੇ ਵਾਰ ਖਤਰਨਾਕ ਹੋਣ ਲੱਗੇ, ਇਸ ਉੱਤੇ ਗੁਰੂ ਜੀ ਨੇ ਵਾਰ ਕੀਤਾ ਤੇ ਉਹ ਡਿੱਗ ਗਿਆ ਇਸ ਵਾਰ ਉਸ ਅੰਦਰ ਪੁਰਾਣੀ ਮੁਰੀਦ ਹੋਣ ਦੀ ਭਾਵਨਾ ਜਾਗ ਪਈ; ਜਦੋਂ ਉਹ ਮਰਨਾਊ ਪਿਆ ਸੀ ਤਾਂ ਗੁਰੂ ਜੀ ਨੇ ਉਸਨੂੰ ਆਪਣੀਆਂ ਬਾਹਾਂ ਵਿਚ ਲੈ ਲਿਆ ਅਤੇ ਉਸ ਨੂੰ ਮੁੜ ਆਪਣੀ

> ਕਿਰਪਾ ਦਾ ਪਾਤਰ ਬਣਾ ਲਿਆ। ਜਦੋਂ ਗੁਰੂ ਜੀ ਨੇ ਉਸ ਨੂੰ ਆਪਣੀ ਗੋਦ ਵਿਚ ਲੈ ਕੇ ਉਸ ਦੇ ਮੂੰਹ ਤੇ ਪੈਂਦੀ ਧੁੱਪ ਨੂੰ ਰੋਕਣ ਲਈ ਆਪਣੀ ਢਾਲ ਦੀ ਛਾਂ ਕੀਤੀ ਹੋਈ ਤਾਂ ਆਪਣੇ ਬੜੇ ਪ੍ਰੇਮ ਭਰੇ ਸਵਰ ਵਿਚ ਉਸਨੂੰ ਸੰਬੋਧਨ ਕਰਕੇ ਕਿਹਾ: ਪੈਂਦੇ ਖਾਨ! ਤੂੰ ਮੁਸਲਮਾਨ ਏਂ, ਅਤੇ ਸ਼ਰਨ ਲਗਾ ਏਂ ਇਸ ਲਈ ਆਪਣਾ ਕਲਮਾਂ ਪੜ੍ਹ। ਪੈਂਦੇ ਖਾਨ ਦੀ ਪੂਰਨ ਤੌਰ ਤੇ ਜਾਗੀ ਹੋਈ ਸੁਰਤਿ ਨੇ ਉਤਰ ਵਿਚ ਕਿਹਾ ਸਾਹਿਬ! ਤੇਰੀ ਤਲਵਾਰ ਨੇ ਤਾਂ ਪਹਿਲਾਂ ਹੀ ਮੇਰੀ ਰਸਨਾਂ ਉੱਤੇ ਅੰਮ੍ਰਿਤ ਵਰਖਾ ਕਰ ਦਿੱਤੀ ਹੈ ਦੀਨ-ਦਿਆਲ ਤੇਰੀ ਤਲਵਾਰ ਦਾ ਘਾਓ ਹੀ ਹੁਣ ਮੇਰੀ ਕਲਮਾ ਹੈ।"[148]

ਯੁੱਧ ਭੂਮੀ ਵਿਚ ਹੋਈ ਇਹ ਵਾਰਤਾਲਾਪ ਸਿੱਧ ਕਰ ਕਰਦੀ ਹੈ ਕਿ ਸਿੱਖ ਸੂਰਬੀਰਤਾ ਵਿਚ ੴ ਦੇ ਸਮਸਥ ਗੁਣ ਹਰ ਸਮੇਂ ਕਾਰਜਸ਼ੀਲ ਰਹਿੰਦੇ ਹਨ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸੂਰਬੀਰਤਾ ਬਾਰੇ ਪ੍ਰੋ. ਪੂਰਨ ਸਿੰਘ ਲਿਖਦੇ ਹਨ, "ਗੁਰੂ ਜੀ ਦੀ ਸਖ਼ਸੀਅਤ ਵਿੱਚੋਂ ਉਤਪੰਨ ਹੋਈ ਬੀਰਤਾ ਮਹਾਨ ਤੇ ਕਤਲ ਕਰਨ ਵਾਲੀ ਬੀਰਤਾ ਨਹੀਂ ਸੀ ਸਗੋਂ ਇਹ ਉਹ ਬੀਰਤਾ ਸੀ ਜਿਹੜੀ ਖੁਸ਼ੀ ਖੁਸ਼ੀ ਜੂਝ ਮਰਨਾ ਪ੍ਰਵਾਨ ਕਰਦੀ ਹੈ।"[149] ਗੁਰੂ ਜੀ ਆਪਣੇ ਉਪਦੇਸ਼ਾਂ 'ਤੇ ਇਸ ਤਰ੍ਹਾਂ ਪਹਿਰਾ ਦਿੰਦੇ ਸਨ ਕਿ ਗੱਦਾਰੀ ਕਰਨ ਵਾਲੇ ਨਿਹੱਥਿਆਂ 'ਤੇ ਵਾਰ ਕਰਨ ਨੂੰ ਵੀ ਅਧਰਮ ਸਮਝਦੇ ਸਨ। ਇਸ ਤਰ੍ਹਾਂ ਸਿੱਖ ਸੂਰਬੀਰਾਂ ਵਿਚ ਨਵੀਂ ਬੀਰਤਾ ਆਈ, ਹਿਰਦੇ ਵਿਚ ਨਾਮ ਦਾ ਵਾਸਾ ਹੋਇਆ ਅਤੇ ਅਣਖ ਨਾਲ ਜਿਉਣ ਲਈ ਸੱਚ ਦਾ ਸਹਾਰਾ ਜੀਵਨ ਅਧਾਰ ਬਣਿਆ।

ਅੱਠ ਗੁਰੂ ਸਾਹਿਬਾਨ ਦੀ ਨਿਗਰਾਨੀ ਅੰਦਰ ਸਿੱਖ ਸੂਰਬੀਰਤਾ ਦਾ ਵਿਕਾਸ ਹੋਇਆ ਜਿਸਦਾ ਮੁੱਢ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤਿਆਰ ਕੀਤਾ ਅਤੇ ਇਸਨੂੰ ਸੰਪੂਰਨਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਦਾਨ ਕੀਤੀ। ਗੁਰੂ ਸਾਹਿਬ ਨੇ ਇਸ ਨੂੰ ਖਾਲਸੇ ਦਾ ਰੂਪ ਦੇ ਕੇ ਲਗਭਗ ਦੋ ਸੌ ਸਾਲ ਤੋਂ ਸਹਿਜੇ-ਸਹਿਜੇ ਚਲੀ ਆ ਰਹੀ ਸਿਰਜਣ ਪ੍ਰਕਿਰਿਆ ਨੂੰ ਅੰਜਾਮ ਬਖਸ਼ਿਆ। ਆਪ ਦਾ ਸਾਰਾ ਜੀਵਨ ਕੁਰਬਾਨੀ ਅਤੇ ਸਵੈ-ਸੰਜਮ ਦਾ ਮੁਜੱਸਮਾ ਹੈ। ਬਾਕੀ ਨੌਂ ਗੁਰੂ ਸਾਹਿਬ ਵਾਂਗ ਗੁਰੂ ਸਾਹਿਬ ਵੀ ਅਕਾਲ ਪੁਰਖ ਦੇ ਅੰਗਮੀ ਹੁਕਮ ਵਿਚ ਵਿਚਰਨ ਵਾਲੇ ਸਨ। ਆਪਣੇ ਆਤਮ ਵਿਸ਼ਵਾਸ਼

---

148 ਪੂਰਨ ਸਿੰਘ, ਉਪਰੋਕਤ, *ਦਸ ਗੁਰੂ ਦਰਸ਼ਨ*, ਪੰਨੇ 89-90.

149 ਉਹੀ, ਪੰ.79.

ਦਾ ਸੰਕੇਤ ਉਹ ਪਰਮਾਤਮਾ ਨੂੰ ਹੀ ਬਿਆਨ ਕਰਦੇ ਹਨ। ਉਹਨਾਂ ਦਾ ਅਕਾਲ ਪੁਰਖ ਜਿਥੇ ਪਹਿਲੇ ਗੁਰੂ ਵਾਂਗ ਰਾਜਕ ਹੈ, ਰਹੀਮ ਹੈ, ਅਰੂਪ ਹੈ ਅਤੇ ਸਭ ਦਾ ਪਾਲਕ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਤੋਂ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਕ ਮਹਾਨ ਇਨਕਲਾਬੀ ਸੂਰਬੀਰ ਹੋਏ ਹਨ, ਜਿਨ੍ਹਾਂ ਨੇ ਸਦੀਆਂ ਤੋਂ ਜਬਰ ਜ਼ੁਲਮ ਦੀਆਂ ਮਾਰਾਂ ਸਹਿ ਰਹੇ ਸਮਾਜ ਵਿਚ ਨਵੀਂ ਚੇਤਨਾ ਪੈਦਾ ਕੀਤੀ। ਉਨ੍ਹਾਂ ਨੇ ਲੋਕਾਂ ਦੇ ਮਨਾਂ ਵਿਚੋਂ ਹਕੂਮਤੀ ਜਬਰ ਤੇ ਸਹਿਮ ਨੂੰ ਦੂਰ ਕਰਨ ਲਈ ਹਥਿਆਰਬੰਦ ਖ਼ਾਲਸਾ ਪੰਥ ਦੀ ਸਿਰਜਨਾ ਕੀਤੀ। ਉਨ੍ਹਾਂ ਲੋਕਾਂ ਦੀ ਸੁੱਤੀ ਹੋਈ ਆਤਮਾ ਨੂੰ ਹਲੂਣਿਆ ਅਤੇ ਇੱਜ਼ਤ ਸਵੈਮਾਣ ਨਾਲ ਜ਼ਿੰਦਗੀ ਜਿਉਣ ਲਈ ਪ੍ਰੇਰਿਆ। ਗੁਰੂ ਜੀ ਦੇ ਇਸ ਇਨਕਲਾਬੀ ਮਿਸ਼ਨ ਨੂੰ ਕੱਟੜ ਮੁਗ਼ਲ ਹਕੂਮਤ ਸਹਾਰ ਨਾ ਸਕੀ। ਜ਼ੁਲਮ ਕਰਨ ਵਾਲੀ ਹਕੂਮਤ ਦੇ ਖ਼ਿਲਾਫ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਬਹਾਦਰ ਸਿੱਖਾਂ ਨਾਲ ਚੌਦਾਂ ਜੰਗ ਕੀਤੇ ਅਤੇ ਸਾਰੀਆਂ ਜੰਗਾਂ ਵਿਚ ਫਤਿਹ ਹਾਸਲ ਕੀਤੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਉਦੇਸ਼ ਆਮ ਜਨਤਾ ਨੂੰ ਸੂਰਮਾ ਬਣਾਉਣਾ ਅਤੇ ਅੱਤਿਆਚਾਰੀਆਂ ਨੂੰ ਮਾਰ ਮੁਕਾਉਣ ਦਾ ਸੀ, ਜਿਸ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਵਿਚ ਸੂਰਬੀਰਤਾ ਭਰਨ ਲਈ ਖ਼ਾਲਸਾ ਪੰਥ ਸਾਜਿਆ।

ਸਿੱਖ ਧਰਮ 'ਚ ਪ੍ਰਵੇਸ਼ ਕਰਨ ਲਈ ਚਰਣ ਪਾਹੁਲ ਦਾ ਨਿਯਮ ਗੁਰੂ ਨਾਨਕ ਪਾਤਸ਼ਾਹ ਤੋਂ ਆਰੰਭ ਹੋਇਆ ਸੀ। ਇਸ ਅਧੀਨ ਗੁਰੂ ਪਾਤਸ਼ਾਹ ਜਾਂ ਅਧਿਕਾਰੀ ਸੱਜਣਾਂ ਵੱਲੋਂ ਬਾਣੀ ਪੜ੍ਹ ਕੇ ਜਗਿਆਸੂ ਨੂੰ ਬਾਣੀ ਦੇ ਚਰਨਾਂ ਨਾਲ ਜੋੜਨਾ ਹੁੰਦਾ ਸੀ। "ਗੁਰੂ ਗੋਬਿੰਦ ਸਿੰਘ ਜੀ ਨੇ 1699 ਈ. ਵਿਸਾਖੀ ਵਾਲੇ ਦਿਨ ਚਰਨ ਪਾਹੁਲ ਦੀ ਮਰਿਆਦਾ ਨੂੰ ਖੰਡੇ ਦੀ ਪਾਹੁਲ ਵਿਚ ਬਦਲ ਦਿੱਤਾ। ਸਿੱਖਾਂ ਦੇ ਵਿਸ਼ਾਲ ਇਕਠ ਵਿਚੋਂ ਗੁਰੂ ਜੀ ਨੇ ਪੂਰੇ ਜਲਾਲ 'ਚ ਆ ਕੇ ਪੰਜ ਸਿਰਾਂ ਦੀ ਮੰਗ ਕੀਤੀ। ਸਾਰੀ ਖਲਕਤ ਵਿਚ ਸੰਨਾਟਾ ਛਾ ਗਿਆ। ਅਜਿਹਾ ਕਰਨ ਦਾ ਮਨੋਰਥ "ਇਤ ਮਾਰਗਿ ਪੈਰ ਧਰੀਜੈ ਸਿਰੁ ਦੀਜੈ ਕਾਣਿ ਨ ਕੀਜੈ॥" ਵਾਲੇ ਉਪਦੇਸ਼ ਨੂੰ ਅਮਲੀ ਜਾਮਾ ਪਹਿਨਾਉਣ ਦਾ ਸੀ। ਗੁਰੂ ਜੀ ਦੀ ਮੰਗ 'ਤੇ ਪੰਜ ਸੂਰਬੀਰ ਇਕ-ਇਕ ਕਰਕੇ ਆਪਣੇ ਸੀਸ ਭੇਂਟ ਕਰਨ ਲਈ ਹਾਜ਼ਰ ਹੋਏ। ਗੁਰੂ ਜੀ ਨੇ ਇਨ੍ਹਾਂ ਨੂੰ ਪੰਜ ਪਿਆਰੇ ਕਿਹਾ। ਗੁਰੂ ਜੀ ਨੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਆਪ ਉਨ੍ਹਾਂ ਤੋਂ ਅੰਮ੍ਰਿਤ ਛਕਿਆ। ਖੰਡੇ ਦੀ ਪਾਹੁਲ ਸਦਕਾ ਸਿੱਖਾਂ ਵਿਚ ਬੀਰਤਾ ਦਾ ਵਿਕਾਸ ਹੋਇਆ। ਜੁਝਾਰੂ, ਮਰਜੀਵੜੇ, ਉੱਤਮ ਪੁਰਖ, ਸੂਰਬੀਰ ਯੋਧੇ ਸਿੱਖ ਕੌਮ ਦੀ ਸ਼ਾਨ ਬਣਨ ਲੱਗੇ ਤੇ ਗੁਰੂ ਦੇ ਸਿਧਾਂਤਾਂ

’ਤੇ ਚੱਲਣ ਲਈ ਤਿਆਰ-ਬਰ-ਤਿਆਰ ਹੋਏ। ਖਾਲਸੇ ਨੂੰ ਆਦੇਸ਼ ਦਿੱਤਾ;

ਜਹਾਂ ਤਹਾਂ ਤੁਮ ਧਰਮ ਬਿਥਾਰੋ ਦੁਸ਼ਟ ਦੋਖੀਅਨਿ ਪਕਰਿ ਪਛਾਰੋ॥[150]

ਖਾਲਸੇ ਦੀ ਸਿਰਜਨਾ ਜ਼ੁਲਮ ਖਿਲਾਫ਼ ਇਕ ਜੰਗੀ ਐਲਾਨ ਸੀ ਜਿਸ ਬਾਰੇ ਡਾ. ਸ਼ੇਰ ਸਿੰਘ ਲਿਖਦੇ ਹਨ, “ਇਹ ਸਿਰ-ਲੱਥ ਸੂਰਬੀਰਾਂ ਦੀ ਜਥੇਬੰਦੀ ਜੋ ਖਾਲਸਾ ਪੰਥ ਦੇ ਨਾਉਂ ਨਾਲ ਪ੍ਰਸਿੱਧ ਹੋਈ। ਇਸ ਅੰਮ੍ਰਿਤ ਨੇ ਸਿੰਘਾਂ ਦਾ ਹੁਲੀਆ ਅੰਦਰੋਂ ਮਨ ਦਾ ਅਤੇ ਬਾਹਰੋਂ ਸਰੀਰ ਦਾ ਬਿਲਕੁਲ ਬਦਲ ਦਿੱਤਾ। ਉਨ੍ਹਾਂ ਦਾ ਨਵਾਂ ਜਨਮ ਹੋਇਆ ਕਾਇਰਤਾ ਭਰਮਾਂ-ਵਹਿਮਾਂ ਤੇ ਨਿਰਾਸ਼ਤਾ ਭਰਿਆ ਜੀਵਨ ਖਤਮ ਕੀਤਾ ਤੇ ਨਵਾਂ ਜੀਵਨ ਨਵੇਂ ਸੁਪਨੇ ਨਵੇਂ ਨਿਸ਼ਾਨ ਤੇ ਨਵੇਂ ਸਰੂਪ ਨਾਲ ਹੀ ਆ ਗਏ। ਗਿੱਦੜਾਂ ਤੋਂ ਸ਼ੇਰ ਬਣ ਗਏ ਚਿੜੀਆਂ ਬਾਜਾਂ ਵਿਚ ਬਦਲ ਗਈਆਂ।”[151] ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਕਰਕੇ ਮੁਰਦਾ ਹੋ ਚੁੱਕੀ ਮਨੁੱਖਤਾ ਅੰਦਰ ਜਾਨ ਪਾ ਕੇ ਬੇਮਿਸਾਲ ਤਾਕਤ ਵਾਲੇ ਸੂਰਮਿਆਂ ਦੀ ਜੱਥੇਬੰਦੀ ਨੂੰ ਹੋਂਦ ਵਿਚ ਲਿਆਂਦਾ। ਇਹ ਸੂਰਮੇ ਦੇਖਣ ਨੂੰ ਤਾਂ ਗਰੀਬ, ਨਿਮਾਣੇ, ਕਮਜ਼ੋਰ ਲਗਦੇ ਹਨ ਪਰ ਇਨ੍ਹਾਂ ਦਾ ਬਲ ਸ਼ੇਰ ਤੋਂ ਵੀ ਕਿਤੇ ਜ਼ਿਆਦਾ ਹੁੰਦਾ ਹੈ ਜਿਸ ਦੀ ਸ਼ੋਭਾ ਬਾਰੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪ ਆਖਦੇ ਹਨ;

“ਮੈ ਅਸਿਪਾਨਿਜ ਤਬ ਲਖੋ, ਕਰੋ ਐਸ ਯੌ ਕਾਮ।
ਚਿੜੀਅਨ ਬਾਜ ਤੁਰਾਯ ਹੌ, ਸਸੇ ਕਰੋ ਸਿੰਘ ਸਾਮ।
ਬਾਜ ਚਿੜੀ ਕਹੁ ਮਾਰ ਹੈ, ਏ ਪ੍ਰਭਤਾ ਕਛ ਨਾਹ।
ਤਾਤੈ ਕਾਲ ਕੀਓ ਇਹੈ, ਬਾਜ ਹਨੈ ਚਿੜੀਆਹ॥”[152]

ਇਸ ਐਲਾਨ ਨਾਲ ਸਿੱਖਾਂ ਵਿਚ ਸੂਰਮਗਤੀ ਦਾ ਜੋਸ਼ ਹੋਰ ਪ੍ਰਚੰਡ ਹੋਇਆ ਜਿਸਦੀਆਂ ਸਿੱਖ ਇਤਿਹਾਸ ਵਿਚੋਂ ਅਨੇਕਾਂ ਮਿਸਾਲਾਂ ਮਿਲ ਸਕਦੀਆਂ ਹਨ। ਇਥੇ ਅਸੀਂ ਪ੍ਰਮਾਣ ਵਜੋਂ ਭਾਈ ਬਚਿੱਤਰ ਸਿੰਘ ਦੀ ਸਾਖੀ ਲੈ ਰਹੇ ਹਾਂ। ਭਾਈ ਬਚਿੱਤਰ ਸਿੰਘ ਅਤੇ ਦੁਨੀ ਚੰਦ ਵਿਚ ਅੰਤਰ ਸੂਰਮੇ ਅਤੇ

---

150 ਭਾਈ ਰਣਧੀਰ ਸਿੰਘ, ਸੰਪਾ. (1975) *ਸ਼ਬਦਾਰਥ ਸ੍ਰੀ ਦਸਮ ਗ੍ਰੰਥ-* ਪੋਥੀ ਪਹਿਲੀ, ਤੀਜਾ ਸੰਸਕਰਣ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ.74.

151 ਸ਼ੇਰ ਸਿੰਘ (2010) *ਗੁਰਮਤਿ ਦਰਸ਼ਨ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਪੰ.70.

152 ਕੁਇਰ ਸਿੰਘ (1999) *ਗੁਰ ਬਿਲਾਸ ਪਾਤਸ਼ਾਹੀ 10,* ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ.119.

ਡਰਪੋਕ ਵਿਚਲਾ ਅੰਤਰ ਸਪੱਸ਼ਟ ਨਜ਼ਰ ਆਉਂਦਾ ਹੈ।

ਆਨੰਦਪੁਰ ਸਾਹਿਬ ਵਿਖੇ ਮੁਗ਼ਲਾਂ ਦੀ ਭਾਰੀ ਫੌਜ ਨੇ ਪਹਿਲਾ ਹਮਲਾ ਤਾਰਾਗੜ੍ਹ, ਦੂਜਾ ਹਮਲਾ ਕਿਲ੍ਹਾ ਫਤਿਹਗੜ੍ਹ ਅਤੇ ਤੀਜਾ ਹਮਲਾ ਕਿਲ੍ਹਾ ਲੋਹਗੜ੍ਹ ਉੱਤੇ ਬੜੇ ਜ਼ੋਰ ਸ਼ੋਰ ਨਾਲ ਕੀਤਾ। "1700 ਈ. ਵਿਚ ਚਾਰ ਪੰਜ ਦਿਨ ਲਗਾਤਾਰ ਜੰਗ ਹੁੰਦੀ ਰਹੀ। ਗੁਰੂ ਸਾਹਿਬ ਦਾ ਪਲੜਾ ਭਾਰੀ ਹੋਣ ਕਰਕੇ ਦੁਸ਼ਮਣ ਨੂੰ ਹਮੇਸ਼ਾ ਹਾਰ ਹੁੰਦੀ ਰਹੀ। ਕਿਲ੍ਹਾ ਲੋਹਗੜ੍ਹ ਦੇ ਜੰਗ ਵਿਚ ਤਾਂ ਰਾਜਿਆਂ ਨੇ ਇਥੋਂ ਤੱਕ ਅੱਡੀ ਚੋਟੀ ਦਾ ਜ਼ੋਰ ਲਾਇਆ ਕਿ ਇਕ ਮਸਤ ਹਾਥੀ, ਜਿਸ 'ਤੇ ਫੌਲਾਦੀ ਤਵੇ ਬੰਨੇ ਹੋਏ ਸਨ ਤੇ ਸੁੰਡ ਦੇ ਨਾਲ ਨੰਗੀਆਂ ਤੇਜ਼ਧਾਰ ਤਲਵਾਰਾਂ ਦੀ ਨਸਬ ਕੀਤੀ ਹੋਈ ਸੀ, ਨੂੰ ਸ਼ਰਾਬ ਪਿਲਾ ਕੇ ਕਿਲ੍ਹੇ ਦਾ ਬੂਹਾ ਤੋੜਨ ਲਈ ਬੜੇ ਜ਼ੋਰ-ਸ਼ੋਰ ਨਾਲ ਅੱਗੇ ਵਧਾਇਆ। ਅਨੇਕਾਂ ਬਹਾਦਰ ਸਿੱਖ ਵੈਰੀ ਵਿਰੁੱਧ ਦ੍ਰਿੜ੍ਹਤਾ ਨਾਲ ਡਟੇ ਰਹੇ ਤੇ ਮੁਗਲਾਂ ਨੂੰ ਪਿੱਛੇ ਹਟਣ ਲਈ ਮਜਬੂਰ ਕਰ ਦਿੱਤਾ।"[153]

ਗੁਰੂ ਜੀ ਨੇ ਪਹਿਲਾਂ ਦੁਨੀਚੰਦ ਨੂੰ ਹਾਥੀ ਦਾ ਮੁਕਾਬਲਾ ਕਰਨ ਤੇ ਬੀਰਤਾ ਵਿਖਾਉਣ ਲਈ ਕਿਹਾ, ਪਰ ਦੁਨੀ ਚੰਦ ਡਰ ਕਾਰਨ ਭੱਜ ਨਿਕਲਿਆ ਤੇ ਕਿਲ੍ਹੇ ਦੀ ਦੀਵਾਰ ਟੱਪਣ ਸਮੇਂ ਆਪਣੀ ਲੱਤ ਤੁੜਵਾ ਬੈਠਾ;

"ਯੌਂ ਸੁਨ ਦੁਨੀ ਚੰਦ ਘਰ ਆਯੋ। ਨਿਜ ਸੰਗਤ ਮਨ ਮਤਾ ਪਕਾਯੋ।
ਚਲਾ ਭਾਜ ਕੈ ਬਿਲਮ ਨ ਕਈ। ਗਿਰਿ ਤੇ ਖਿਸਕ ਟਾਂਗ ਟੁਟ ਗਈ।"[154]

ਫਿਰ ਗੁਰੂ ਜੀ ਨੇ ਭਾਈ ਬਚਿੱਤਰ ਸਿੰਘ ਜੀ ਨੂੰ ਥਾਪੜਾ ਦੇਕੇ ਆਪਣੀ ਤਰਫੋਂ ਹਾਥੀ ਦਾ ਮੁਕਾਬਲਾ ਕਰਨ ਲਈ ਕਿਹਾ। ਗੁਰੂ ਜੀ ਦਾ ਹੁਕਮ ਸੁਣਦੇ ਸਾਰ ਗੁਰੂ ਦਾ ਯੋਧਾ ਨਿਰਭੈ ਹੋ ਕੇ ਗੁਰੂ ਕੋਲੋਂ ਆਗਿਆ ਲੈਣ ਲਈ ਖਤਰਨਾਕ ਹਾਥੀ ਦੇ ਮੁਕਾਬਲੇ ਲਈ ਖੁਸ਼ੀ ਮਹਿਸੂਸ ਕਰ ਰਿਹਾ ਸੀ ਕਿਉਂਕਿ ਗੁਰੂ ਜੀ ਨੇ ਆਪ ਉਸ ਅੰਦਰ ਅਥਾਹ ਬਲ ਦੇ ਕੇ ਬੀਰਤਾ ਵਿਖਾਉਣ ਲਈ ਕਿਲ੍ਹੇ ਤੋਂ ਬਾਹਰ ਭੇਜਿਆ ਜਿਸ ਬਾਰੇ ਕੁਇਰ ਸਿੰਘ ਲਿਖਦੇ ਹਨ;

"ਤਾਹਿ ਭਾਗ ਜਾਗੇ ਜਾਨੀਐ। ਗੁਰ ਬੋਲ ਲੀਨਾ ਤਾਹਿ।

---

153 ਮੈਕਾਲਿਫ, ਉਪਰੋਕਤ, *ਸਿੱਖ ਇਤਿਹਾਸ,* ਪੰ.455.

154 ਕੁਇਰ ਸਿੰਘ, ਉਪਰੋਕਤ, *ਗੁਰ ਬਿਲਾਸ ਪਾਤਸ਼ਾਹੀ 10,* ਪੰ.144.

ਸਭ ਕਹੀ ਤਾਕੋ ਬਾਨੀਆ, ਬਲ ਦੀਨ ਤਾ ਬਪੁ ਮਾਹਿ।

ਕਹਯੋ ਬਿਜੈ ਕੋ ਪਧਾਰੀਐ, ਜਿਹ ਪੌਰ ਕੋ ਗਜ ਆਹਿ।

ਨਿਰਭੈ ਹਨੋ ਤਿਹ ਭਾਲ ਭੱਲਾ ਤੁਰਕ ਨਾਸ ਪਲਾਹਿ।"[155]

ਕਿਲ੍ਹੇ ਵਿਚੋਂ ਭਾਈ ਬਚਿੱਤਰ ਸਿੰਘ ਜੀ, ਜੋ ਹੱਦ ਦਰਜੇ ਦਾ ਫੁਰਤੀਲਾ ਸੂਰਬੀਰ ਯੋਧਾ ਸੀ, ਨੂੰ ਗੁਰੂ ਜੀ ਨੇ ਆਪ ਨਾਗਣੀ ਫੜਾ ਕੇ ਭੇਜਿਆ। ਘੋੜੇ ਉੱਤੇ ਚੜ ਕੇ ਭਾਈ ਸਾਹਿਬ ਨੇ ਨਾਗਣੀ ਦਾ ਅਜਿਹਾ ਭਰਪੂਰ ਤੇ ਤੁਲਵਾਂ ਵਾਰ ਕੀਤਾ ਕਿ ਉਹ ਹਾਥੀ ਸਿੱਖਾਂ ਨੂੰ ਕੁਲਚਣ ਦੀ ਬਜਾਇ ਜ਼ਾਲਮਾਂ ਤੇ ਅੱਤਿਆਚਾਰੀ ਸੈਨਿਕਾਂ ਨੂੰ ਕੁਚਲਦਾ ਹੋਇਆ ਪਿੱਛੇ ਮੁੜ ਗਿਆ। ਇਸ ਦਾ ਜ਼ਿਕਰ ਸੰਤੋਖ ਸਿੰਘ ਚੂੜਾਮਣੀ ਸੂਰਜ ਪ੍ਰਕਾਸ਼ ਗ੍ਰੰਥ ਵਿਚ ਕਰਦੇ ਹਨ;

"ਪ੍ਰੇਰਤਿ ਘਨੇ ਮੋਰਿਬੋ ਗਜ ਕੋ ਜਹਿਂ ਦੇਖਤਿ ਨਿਜ ਨੇਰੇ।

ਰਿਸ ਤੇ ਸੁੰਡ ਫੇਰਤੋ ਮਾਰਤਿ ਸੈਫ ਸਾਥ ਗਨ ਗੇਰੇ ।

ਰਹਯੋ ਖਾਲਸਾ ਮਾਰਨ ਤੇ ਕਿਤ, ਇਕ ਮਤੰਗ ਹੀ ਮਾਰੈ।"[156]

ਇਸ ਤਰ੍ਹਾਂ ਭਾਈ ਬਚਿੱਤਰ ਸਿੰਘ ਜੀ ਨੇ ਗੁਰੂ ਦਾ ਥਾਪੜਾ ਲੈ ਕੇ ਭਿਆਨਕ ਤੇ ਖ਼ਤਰਨਾਕ ਹਾਥੀ ਨੂੰ ਮੁਗ਼ਲ ਫੌਜਾਂ ਵਿਰੁੱਧ ਭਜਾ ਸੂਰਬੀਰਤਾ ਦੀ ਅਦੁੱਤੀ ਮਿਸਾਲ ਸੰਸਾਰ ਸਾਹਮਣੇ ਰੱਖੀ। ਬਚਿੱਤਰ ਸਿੰਘ ਜੀ ਦੀ ਸੂਰਬੀਰਤਾ ਪਿੱਛੇ ਦਸਮੇਸ਼ ਪਿਤਾ ਦੇ ਉਪਦੇਸ਼ ਕੰਮ ਕਰਦੇ ਸਨ।

ਗੁਰੂ ਗੋਬਿੰਦ ਸਿੰਘ ਜੀ ਦੇ ਯੁੱਧਾਂ 'ਤੇ ਡੂੰਘੀ ਵਿਚਾਰ ਕਰਨ ਤੋਂ ਇਹ ਗੱਲ ਸਪੱਸ਼ਟ ਰੂਪ ਵਿਚ ਸਾਹਮਣੇ ਆਉਂਦੀ ਹੈ ਕਿ ਗੁਰੂ ਗੋਬਿੰਦ ਜੀ ਦੇ ਸਮੁੱਚੇ ਜੀਵਨ ਸੰਘਰਸ਼ ਦਾ ਉਦੇਸ਼ ਸੱਚ, ਧਰਮ ਦੀ ਸਥਾਪਨਾ ਲਈ, ਮਜ਼ਲੂਮਾਂ, ਨਿਤਾਣਿਆਂ ਦੀ ਰਾਖੀ ਅਤੇ ਹਰ ਤਰ੍ਹਾਂ ਦੇ ਜ਼ਬਰ ਜ਼ੁਲਮ ਦਾ ਟਾਕਰਾ ਕਰਨਾ ਸੀ। ਉਨ੍ਹਾਂ ਦੀਆਂ ਜੰਗਾਂ ਦਾ ਮਨੋਰਥ ਵੀ ਲੋਕਾਂ ਨਾਲ ਹੋ ਰਹੇ ਜ਼ਬਰ ਧੱਕੇਸ਼ਾਹੀ ਤੇ ਅਨਿਆਂ ਨੂੰ ਠੱਲ੍ਹ ਪਾਉਣਾ ਸੀ, ਜੋ ਕਿ ਗਰੀਬ ਦੀ ਰੱਖਿਆ ਅਤੇ ਜਰਵਾਣੇ ਦੀ ਭੱਖਿਆ ਦੇ ਅਸੂਲ 'ਤੇ ਅਧਾਰਤ ਸੀ ਅਤੇ ਇਹੀ ਸਿੱਖ ਸੂਰਬੀਰਤਾ ਦੇ ਮੁੱਖ ਲੱਛਣ ਹਨ। ਇਸੇ ਸੂਰਬੀਰਤਾ ਨੂੰ ਸਿੱਖਾਂ ਵਿਚ ਹਮੇਸ਼ਾ ਦੇ ਲਈ ਭਰਨ, ਲੋਕਾਂ ਦੀ ਗੁਲਾਮ ਮਾਨਸਿਕਤਾ ਨੂੰ ਅਜ਼ਾਦ ਕਰਨ, ਸੁੱਤੀ ਹੋਈ ਅਣਖ

---

155 ਉਹੀ, ਪੰ.144.

156 ਸੰਤੋਖ ਸਿੰਘ, ਉਪਰੋਕਤ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਪੰ.5318.

ਨੂੰ ਜਗਾਉਣ ਅਤੇ ਮਨਾਂ ਅੰਦਰ ਚੜ੍ਹਦੀ ਕਲਾ ਦਾ ਅਹਿਸਾਸ ਭਰਨ ਲਈ ਖ਼ਾਲਸੇ ਦੀ ਸਾਜਨਾ ਕੀਤੀ। ਜਿਹੜੇ ਲੋਕ ਹਕੂਮਤੀ ਕਰਿੰਦਿਆਂ ਦੇ ਸਾਹਮਣੇ ਵੀ ਜ਼ੁਬਾਨ ਖੋਲ੍ਹਣ ਦੀ ਹਿੰਮਤ ਨਹੀਂ ਰੱਖਦੇ ਸਨ, ਉਨ੍ਹਾਂ ਦੇ ਹੱਥਾਂ ਵਿਚ ਤੇਗਾਂ ਖੰਡੇ ਫੜਾ ਕੇ ਯੋਧੇ ਬਣਾ ਦਿੱਤਾ। ਆਪਣੀ ਦੂਰ ਅੰਦੇਸ਼ੀ ਅਗਵਾਈ ਦੁਆਰਾ ਹੋਲੇ ਮੁਹੱਲੇ ਦੀ ਪਰੰਪਰਾ ਸ਼ੁਰੂ ਕਰਕੇ ਦਬੇ-ਕੁਚਲੇ ਅਤੇ ਸਾਹਸਹੀਣ ਲੋਕਾਂ ਨੂੰ ਜ਼ਬਰ ਜ਼ੁਲਮ ਦੇ ਖ਼ਿਲਾਫ ਜੂਝਣ ਦੇ ਸਮਰੱਥ ਬਣਾ ਦਿੱਤਾ।

ਸਿੱਖਾਂ ਵਿਚ ਬੀਰਤਾ ਭਰਨ ਅਤੇ ਜ਼ੁਲਮੀ ਦਾ ਅੰਦਰ ਹਿਲਾਉਣ ਲਈ ਗੁਰੂ ਜੀ ਨੇ ਰਣਜੀਤ ਨਗਾਰਾ ਤਿਆਰ ਕੀਤਾ। ਗੁਰੂ ਦਰਬਾਰ ਵਿਚ ਇਸ 'ਤੇ ਚੋਟ ਲਗਾਉਣੀ ਸ਼ੁਰੂ ਕੀਤੀ, ਜੋ ਕਿ ਮਹਾਨ ਯੋਧੇ ਦੀ ਬੀਰਤਾ ਦੀ ਪ੍ਰਤੀਕ ਸੀ।

ਰਣਜੀਤ ਨਗਾਰੇ ਤੋਂ ਇਲਾਵਾ ਪ੍ਰਸਾਦੀ ਹੱਥੀ ਰੱਖਣਾ, ਕਿਲ੍ਹੇ ਬਣਾਉਣੇ, ਸਿਰ 'ਤੇ ਸੁਨਹਿਰੀ ਕਲਗ਼ੀ ਸਜਾਉਣੀ ਅਤੇ ਅਤਿ ਕੀਮਤੀ ਸਿੰਘਾਸਨ ਤਿਆਰ ਕਰਨਾ ਉਸ ਸਮੇਂ ਅਤਿ ਕਠਿਨ ਕਾਰਜ ਸੀ। ਪਰ ਗੁਰੂ ਗੋਬਿੰਦ ਸਿੰਘ ਜੀ ਨੂੰ ਅਜਿਹੇ ਕਾਰਜ ਆਮ ਕਾਰਜਾਂ ਵਾਂਗ ਹੀ ਲੱਗਦੇ ਸਨ, ਜੋ ਕਿ ਸੂਰਬੀਰ ਯੋਧੇ ਦੀ ਬੀਰਤਾ ਦਾ ਪੂਰਨ ਪ੍ਰਗਟਾਅ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਸਾਰੇ ਯੁੱਧ ਮੁਗ਼ਲਾਂ ਦੀ ਦਸ ਗੁਣੀ ਫੌਜ ਦੇ ਮੁਕਾਬਲੇ ਕੁੱਝ ਕੁ ਬਹਾਦਰ ਸਿੰਘਾਂ ਦੇ ਨਾਲ ਰਿਹਾ ਹੈ। ਸੰਸਾਰ ਦਾ ਅਨੋਖਾ ਯੁੱਧ ਚਮਕੌਰ ਸਾਹਿਬ ਦਾ ਯੁੱਧ ਸੀ, ਜਿੱਥੇ ਇਕ ਪਾਸੇ ਚਾਲ਼ੀ ਭੁੱਖੇ ਤਿਹਾਏ ਸਿੰਘ ਸਨ ਤੇ ਦੂਜੇ ਪਾਸੇ ਦਸ ਲੱਖ ਦੀ ਫੌਜ। ਪਰ ਬੀਰਤਾ ਐਸੀ ਦ੍ਰਿੜ੍ਹ ਹੋ ਚੁੱਕੀ ਸੀ ਕਿ ਗਿਣਤੀ ਤੇ ਸ਼ਕਤੀ ਡਰਾ ਨਹੀਂ ਸੀ ਸਕਦੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੰਘਾਂ ਨੂੰ ਚੜ੍ਹਦੀ ਕਲਾ 'ਚ ਰੱਖਣ ਲਈ ਨਾਮ ਦਾ ਸਹਾਰਾ ਦਿੱਤਾ। ਕੱਚੀ ਗੜ੍ਹੀ ਦੇ ਅੰਦਰ ਸਿਰਫ਼ "ਗੁਰੂ ਸਾਹਿਬ ਤੇ ਉਨ੍ਹਾਂ ਦੇ ਵੱਡੇ ਦੋ ਸਹਿਬਜ਼ਾਦਿਆਂ ਤੋਂ ਇਲਾਵਾ ਗੁਰੂ ਕੇ ਬਹਾਦਰ ਸਿੰਘ ਸਨ। ਇੱਥੇ ਗੁਰੂ ਜੀ ਨੇ ਸਵਾ ਲੱਖ ਨਾਲ ਇਕ ਨੂੰ ਲੜਾਉਣ ਵਾਲੀ ਗੱਲ ਸਿੱਧ ਕਰਕੇ ਵਿਖਾਈ। ਅੰਦਰੋਂ ਬੜੀ ਦਲੇਰੀ ਨਾਲ ਦੁਸ਼ਮਨ ਦਾ ਮੁਕਬਲਾ ਕਰਨ ਲੱਗੇ। ਇਸ ਮੁਕਾਬਲੇ ਦੌਰਾਨ ਉਨ੍ਹਾਂ ਨੇ ਬੜੀ ਅਮੋਘ ਤੀਰਾਂ ਦੇ ਨਿਸ਼ਾਨਿਆਂ ਦੀ ਐਸੀ ਝੜੀ ਲਗਾਈ ਕਿ ਵਿਰੋਧੀ ਸਰਦਾਰ ਨਾਹਰ ਖ਼ਾਨ ਆਦਿ ਵਰਗੇ ਅਨੇਕਾਂ ਹੀ ਧਰਤੀ 'ਤੇ ਹਮੇਸ਼ਾ ਲਈ ਸੌਂ ਗਏ। ਇਧਰੋਂ ਗੁਰੂ ਸਾਹਿਬ ਦੇ ਦੋ ਪੁੱਤਰ ਅਜਿਹੀ ਬੀਰਤਾ ਨਾਲ ਦੁਸ਼ਮਣਾਂ ਦੇ ਆਹੂ ਲਾਉਂਦੇ ਗਏ ਅਤੇ ਬੇਅੰਤ ਜ਼ਾਲਮਾਂ ਨੂੰ ਮਾਰਦੇ ਹੋਏ ਆਪਣੇ ਸਰੀਰ 'ਤੇ ਅਨੇਕਾਂ ਫੱਟ ਖਾ ਕੇ ਸ਼ਹੀਦ ਹੋ ਗਏ। ਗੁਰੂ ਜੀ ਨੇ ਇਹ ਨਜ਼ਾਰਾ

ਆਪ ਆਪਣੇ ਅੱਖੀਂ ਵੇਖਿਆ ਤੇ ਗੜ੍ਹੀ ਵਿੱਚੋਂ ਜੈਕਾਰਾ ਛੱਡਿਆ ਤੇ ਪ੍ਰਮਾਤਮਾ ਦਾ ਸ਼ੁਕਰਾਨਾ ਕੀਤਾ"[157] 'ਤੇਰਾ ਤੁਝ ਕੋ ਸੌਂਪਤੇ' ਵਾਲੀ ਗੱਲ ਸਿੱਧ ਕੀਤੀ। ਇਸ ਜੰਗ ਵਿਚ ਤੀਹ ਸਿੰਘ ਸ਼ਹੀਦੀ ਜਾਮ ਪੀ ਗਏ ਸਨ। ਫਿਰ ਸਿੰਘਾਂ ਨੇ ਪੰਜ ਪਿਆਰਿਆਂ ਦਾ ਰੂਪ ਲੈ ਕੇ ਗੁਰੂ ਨੂੰ ਗੜ੍ਹੀ ਵਿੱਚੋਂ ਬਾਹਰ ਨਿਕਲਣ ਲਈ ਆਖਿਆ। ਕਿਉਂਕਿ "ਕਈ ਵਾਰ ਤਾਂ ਜੀਵਨ ਦੀ ਚੰਗਿਆੜੀ ਨੂੰ ਬਚਾ ਲੈਣਾ ਵੀ ਸਭ ਤੋਂ ਵੱਡੀ ਨਿੱਜੀ ਕੁਰਬਾਨੀ ਹੁੰਦੀ ਹੈ। ਅਜਿਹੇ ਸਮੇਂ ਗੁਰੂ ਗੋਬਿੰਦ ਸਿੰਘ ਜੀ ਦਾ ਅੱਕ ਦੇ ਪੱਤੇ ਖਾ ਕੇ ਝੱਟ ਲੰਘਾਉਣਾ ਤੇ ਮੌਤ ਦੀ ਥਾਂ ਆਪਣੇ ਆਪ ਨੂੰ ਜੀਵਤ ਰੱਖ ਸਕਣਾ ਹੀ ਸਭ ਤੋਂ ਪਵਿੱਤਰ ਤੇ ਸ਼ੁੱਧ ਮਨੁੱਖੀ ਕਾਰਜ ਸੀ।"[158] ਸਿੱਖ ਸੂਰਮਿਆਂ ਲਈ ਚਮਕੌਰ ਸਾਹਿਬ ਦੇ ਘਮਸਾਣ ਯੁੱਧ ਵਿਚ ਸ਼ਹਾਦਤ ਦਾ ਜਾਮ ਪੀਣਾ ਸੌਖਾ ਸੀ ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਆਪਣੇ ਪੁੱਤਰਾਂ ਅਤੇ ਸਿੰਘਾਂ ਦੇ ਸ਼ਹੀਦ ਹੋਣ ਤੋਂ ਬਾਅਦ ਆਪਣੇ ਆਪ ਨੂੰ ਜੀਵਤ ਰੱਖਣਾ ਵੱਡੀ ਸੂਰਬੀਰਤਾ ਸੀ ਕਿਉਂਕਿ ਅਜਿਹੀ ਅਵਸਥਾ ਵਿਚ ਵਿਚਰਨਾ ਆਮ ਇਨਸਾਨ ਦੇ ਵੱਸ ਤੋਂ ਬਾਹਰ ਦੀ ਗੱਲ ਹੈ। ਗੁਰੂ ਜੀ ਆਪੇ ਗੁਰ ਚੇਲਾ ਦੀ ਮਰਿਆਦਾ ਨੂੰ ਨਿਭਾਉਂਦੇ ਹੋਏ ਗੜ੍ਹੀ 'ਚੋਂ ਬਾਹਰ ਆ ਗਏ, ਤਾਂ ਜੋ ਸਿੱਖ ਪੰਥ ਦਾ ਮੁੜ ਵਿਕਾਸ ਕੀਤਾ ਜਾਏ।

ਗੁਰੂ ਜੀ ਦੁਸ਼ਮਣਾਂ ਨੂੰ ਲਲਕਾਰਦੇ ਚਮਕੌਰ ਸਾਹਿਬ ਤੋਂ ਮਾਛੀਵਾੜੇ ਨੂੰ ਰਵਾਨਾ ਹੋਏ। ਇਸ ਜੰਗ ਵਿਚ ਦਸ਼ਮੇਸ਼ ਪਿਤਾ ਦੀ ਸੂਰਬੀਰਤਾ ਇਹ ਸੀ ਕਿ ਇਕ ਤਾਂ ਗੁਰੂ ਜੀ ਨੇ ਵੱਡੀ ਭਾਰੀ ਫੌਜ ਵਿਰੁੱਧ ਡਟ ਕੇ ਹਮਲਾ ਕੀਤਾ ਤੇ ਆਪਣੇ ਹੀ ਪੁੱਤਰਾਂ ਨੂੰ ਸ਼ਹੀਦ ਕਰਵਾ ਕੇ ਅਨੰਦ ਮਹਿਸੂਸ ਕੀਤਾ ਅਤੇ ਪੰਥ ਦੇ ਭਲੇ ਲਈ ਜੰਗ 'ਚ ਲਲਕਾਰਦੇ ਹੋਏ ਸਹੀ ਸਲਾਮਤ ਨਿਕਲ ਗਏ। ਉਧਰ ਗੁਰੂ ਜੀ ਦੇ ਛੋਟੇ ਲਾਲਾਂ ਨੇ ਜ਼ੁਲਮੀ ਹਕੂਮਤ ਸਾਹਮਣੇ ਅਣਖ ਨਾਲ ਸ਼ਹੀਦੀ ਪ੍ਰਾਪਤ ਕਰ ਲਈ।

ਸਰਹੰਦ ਦੇ ਸੂਬੇਦਾਰ ਵਜ਼ੀਰ ਖਾਂ ਜਿਸ ਨੇ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਅਤੇ ਫਤਿਹ ਸਿੰਘ ਨੂੰ ਕਿਲ੍ਹੇ ਦੇ ਬੁਰਜ ਵਿਚ ਕੈਦ ਕਰ ਦਿੱਤਾ। ਵਜ਼ੀਰ ਖਾਂ ਨੇ ਕਈ ਤਰ੍ਹਾਂ ਦੇ ਲਾਲਚ ਤੇ ਡਰਾਵੇ ਦੇ ਕੇ ਮਾਸੂਮ ਬੱਚਿਆਂ ਨੂੰ ਇਸਲਾਮ ਕਬੂਲ ਕਰਨ ਲਈ ਪ੍ਰੇਰਿਆ। ਦਲੇਰ ਬੱਚਿਆਂ ਨੇ ਗੱਜ ਕੇ ਉਸ ਨੂੰ ਨਾਂਹ ਵਿਚ ਜੁਆਬ ਦਿੱਤਾ। ਉਸ ਵੇਲੇ ਬਾਬਾ ਜੋਰਾਵਰ ਸਿੰਘ ਦੀ ਉਮਰ ਲਗਭਗ ਨੌ ਸਾਲ ਤੇ

---

157 ਸਮਸ਼ੇਰ ਸਿੰਘ ਅਸ਼ੋਕ, ਉਪਰੋਕਤ, *ਪੰਜਾਬੀ ਵੀਰ ਪਰੰਪਰਾ ਸਤਾਰਵੀਂ ਸਦੀ ਦੀ,* ਪੰ.91.

158 ਪੂਰਨ ਸਿੰਘ, ਉਪਰੋਕਤ, *ਸਿੱਖੀ ਦੀ ਆਤਮਾ,* ਪੰ.552.

ਬਾਬਾ ਫ਼ਤਿਹ ਸਿੰਘ ਦੇ ਸੱਤ ਕੁ ਸਾਲ ਸੀ;

"ਨਉ ਸਾਲ ਅਵਸਥਾ ਜ਼ੋਰਾਵਰ ਸਿੰਘ ਜੀ ਭਏ।

ਸਾਢੇ ਸੱਤ ਸਾਲ ਅਵਸਥਾ ਫਤੇ ਸਿੰਘ ਜੀ ਭਏ।"[159]

"ਵਜ਼ੀਰ ਖਾਂ ਪਹਿਲਾਂ ਹੀ ਇਸ ਗੱਲੋਂ ਖਿੱਝਿਆ ਹੋਇਆ ਸੀ ਕਿ ਉਸ ਦੇ ਅਨੇਕਾਂ ਜਤਨਾਂ ਦੇ ਬਾਵਜੂਦ ਗੁਰੂ ਗੋਬਿੰਦ ਸਿੰਘ ਜੀ ਬਚ ਕੇ ਨਿਕਲ ਗਏ ਸਨ। ਹੁਣ ਛੋਟੇ ਬੱਚਿਆਂ ਦੇ ਮੂੰਹੋਂ ਕਰਾਰੇ ਜੁਆਬ ਸੁਣ ਕੇ ਉਹ ਨੂੰ ਰੋਹ ਚੜ੍ਹ ਗਿਆ ਤੇ ਉਹਨੇ ਮਾਸੂਮ ਬੱਚਿਆਂ ਨੂੰ ਜੀਉਂਦਿਆਂ ਨੀਹਾਂ ਵਿਚ ਚਿਣੇ ਜਾਣ ਦਾ ਹੁਕਮ ਦਿੱਤਾ। ਸੂਬੇਦਾਰ ਅੰਤ ਤਕ ਉਨ੍ਹਾਂ ਨੂੰ ਇਸਲਾਮ ਕਬੂਲ ਕਰ ਲੈਣ ਲਈ ਹਰ ਹੀਲੇ ਪ੍ਰੇਰਿਤ ਕਰਦਾ ਰਿਹਾ, ਪਰ ਬੱਚਿਆਂ ਨੇ ਧਰਮ ਛਡਣਾ ਪਰਵਾਨ ਨਾ ਕੀਤਾ ਤੇ ਖਿੜੇ ਮੱਥੇ ਕੁਰਬਾਨ ਹੋ ਗਏ। ਜਿਸ ਵੇਲੇ ਕੰਧ ਸਿਰ ਤੱਕ ਪਹੁੰਚੀ ਤੇ ਬੱਚੇ ਬੇਹੋਸ਼ ਹੋ ਗਏ, ਤਾਂ ਕਤਲ ਕਰ ਦਿੱਤੇ ਗਏ।"[160]

ਛੋਟੇ-ਛੋਟੇ ਬੱਚਿਆਂ ਦੀ ਸ਼ਹੀਦੀ ਨਾਲ ਲੋਕਾਂ ਵਿਚ ਬੀਰਤਾ ਦੀ ਨਵੀਂ ਭਾਵਨਾ ਜਾਗੀ। ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਵਰਣਨ ਕਰਦੇ ਹੋਇਆ ਭਾਰਤ ਦੇ ਰਾਸ਼ਟਰ-ਕਵੀ ਮੈਥਲੀ ਸ਼ਰਨ ਗੁਪਤ ਨੇ ਲਿਖਿਆ ਹੈ;

"ਜਿਸ ਕੁਲ, ਜਾਤ, ਕੌਮ ਕੇ ਬੱਚੇ, ਯੂੰ ਦੇ ਸਕਤੇ ਬਲੀਦਾਨ।

ਉਸ ਕਾ ਵਰਤਮਾਨ ਹੋ ਕੁਛ ਭੀ, ਭਵਿਸ਼ ਹੈ ਬੜਾ ਮਹਾਨ।"[161]

ਸਿੱਖੀ ਖੰਡੇ ਦੀ ਧਾਰ ਉਪਰ ਚਲਣ ਸਮਾਨ ਹੈ ਭਾਵ ਇਸ ਮਾਰਗ ਉਪਰ ਪੈਰ ਪੈਰ 'ਤੇ ਅਸਹਿ ਅਤੇ ਅਕਹਿ ਕਸ਼ਟ ਤੂਫਾਨ ਦੀ ਰਫਤਾਰ ਨਾਲ ਆ ਜਾਂਦੇ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ਚਮਕੌਰ ਸਾਹਿਬ ਤੋਂ ਬਆਦ ਮਾਛੀਵਾੜੇ ਦੇ ਜੰਗਲਾਂ ਵੱਲ ਰਵਾਨਾ ਹੋਣ ਦੇ ਬਿਰਤਾਂਤ ਨੂੰ ਤੇਜਾ ਸਿੰਘ ਗੰਡਾ ਸਿੰਘ ਇਸ ਤਰਾਂ ਲਿਖਦੇ ਹਨ;

"ਗੁਰੂ ਜੀ ਦੇ ਥਾਂ ਥਾਂ ਘੁੰਮਣ ਦੀ ਕਹਾਣੀ ਰੌਂਗਟੇ ਖੜੇ ਕਰ ਦੇਣ ਵਾਲਾ ਇਕ ਸਾਕਾ ਹੈ। ਇਨ੍ਹਾਂ ਦਿਨਾਂ ਵਿਚ ਗੁਰੂ ਜੀ ਮਾਛੀਵਾੜੇ ਦੇ ਕੰਡਿਆਲੇ ਜੰਗਲ ਵਿਚ ਨੰਗੇ ਪੈਰੀ ਘੁੰਮਦੇ ਫਿਰੇ ਅਤੇ ਉਨ੍ਹਾਂ ਨੇ ਦਸੰਬਰ ਦੀਆਂ ਠੰਡੀਆਂ ਰਾਤਾਂ ਅਕਾਸ਼ ਦੇ ਥੱਲੇ ਟਿਮਟਮਾਉਦੇ ਤਾਰਿਆਂ ਵੇਖਦਿਆਂ

159 ਕੇਸਰ ਸਿੰਘ ਛਿੱਬਰ, *ਬੰਸਾਵਲੀਨਾਮਾ,* ਸੰਪਾ. ਪਿਆਰਾ ਸਿੰਘ ਪਦਮ (2005), ਸਿੰਘ ਬ੍ਰਦਰਜ਼, ਅੰਮ੍ਰਿਤਸਰ, ਪੰ.179.

160 ਲਾਲ ਸਿੰਘ, ਉਪਰੋਕਤ, *ਪੰਜਾਬ ਦੀ ਵੀਰ ਪਰੰਪਰਾ ਆਦਿ ਕਾਲ ਤੋਂ ਅਧੁਨਿਕ ਕਾਲ ਤੱਕ* ,ਪੰ., 97.

161 ਉਦਰਿਤ, ਲਾਲ ਸਿੰਘ, ਉਪਰੋਕਤ, *ਪੰਜਾਬ ਦੀ ਵੀਰ ਪਰੰਪਰਾ ਆਦਿ ਕਾਲ ਤੋਂ ਆਧੁਨਿਕ ਕਾਲ ਤੱਕ* , ਪੰ.97.

ਲੰਘਾਈ। ਕਈ ਦਿਨਾਂ ਤੱਕ ਉਨ੍ਹਾਂ ਨੂੰ ਖਾਣ ਨੂੰ ਕੁਝ ਨਹੀਂ ਮਿਲਿਆ ਅਤੇ ਉਨ੍ਹਾਂ ਨੇ ਅੱਕ ਦੇ ਪੱਤਿਆਂ ਨੂੰ ਖਾ ਕੇ ਹੀ ਗੁਜਾਰਾ ਕੀਤਾ ਅਤੇ ਅਣਹੋਣੀ ਦਸ਼ਾ ਵਿਚ ਮਿੱਟੀ ਦੇ ਢੇਲੇ ਨੂੰ ਆਪਣਾ ਸਰ੍ਹਾਣਾ ਅਤੇ ਨੰਗੀ ਧਰਤੀ ਨੂੰ ਆਪਣਾ ਬਿਸਤਰ ਬਣਾਇਆ।"[162] ਜੰਗਾਂ ਤੇ ਘਟਨਾਵਾਂ ਇਹ ਸਿੱਧ ਕਰਦੀਆਂ ਹਨ ਕਿ ਗੁਰੂ ਜੀ ਨੇ ਕੇਵਲ ਧਰਮ ਖਾਤਰ ਅਤੇ ਖ਼ਾਲਸਾ ਪੰਥ ਲਈ ਆਪਣਾ ਸਾਰਾ ਪਰਿਵਾਰ ਕੁਰਬਾਨ ਕਰ ਦਿੱਤਾ। ਮੁਕਤਸਰ ਦੀ ਜੰਗ ਦੀ ਜੰਗ ਹੋਈ ਅਤੇ ਬਾਅਦ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉਤਾਰੇ ਕੀਤੇ, ਸੰਪੂਰਨ ਬੀੜ ਤਿਆਰ ਕਰਕੇ ਨਾਂਦੇੜ ਪਹੁੰਚੇ, ਜਿੱਥੇ ਆਪ ਜੀ ਅੰਤਲੇ ਸਮੇਂ ਤੱਕ ਧਰਮ ਪ੍ਰਚਾਰ ਕਰਦੇ ਰਹੇ। 1708 ਈ. ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਨਾਂਦੇੜ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਤਾ-ਗੱਦੀ ਹਮੇਸ਼ਾ ਲਈ ਦਿੱਤੀ। ਗੁਰੂ ਜੀ ਸਿੱਖਾਂ ਨੂੰ ਗੁਰੂ ਗ੍ਰੰਥ ਤੇ ਗੁਰੂ ਪੰਥ ਨਾਲ ਜੋੜ ਕੇ ਗੁਰੂ ਨਾਨਕ ਦੇ ਮਿਸ਼ਨ ਨੂੰ ਨੇਪਰੇ ਚਾੜ੍ਹ ਗਏ।

ਸੋ ਸਿੱਖ ਧਰਮ ਵਿਚ ਸੂਰਬੀਰਤਾ ਦਾ ਵਿਹਾਰ ਸੂਰਮੇ ਦੇ ਮਨ ਵਿਚ ਵਿਸ਼ੇਸ਼ ਗੁਣਾਂ ਦੇ ਪਰਵਾਹ ਨੂੰ ਚਲਾਇਮਾਨ ਰੱਖਦਾ ਹੈ। ਇਸ ਵਿਚ ਬੇ-ਇਨਸਾਫੀ ਤੇ ਜ਼ੁਲਮ ਦੇਖ ਕੇ ਦਿਲ ਰਹਿਮ ਨਾਲ ਭਰ ਜਾਂਦਾ ਹੈ, ਅਨਾਥਾਂ ਅਤੇ ਮਜਲੂਮਾਂ ਉੱਤੇ ਢਾਹੇ ਜਾ ਰਹੇ ਕਸ਼ਟਾਂ ਨੂੰ ਦੇਖ ਕੇ ਨਾ ਸਹਿਣ ਦੀ ਪੀੜਾ ਪੈਦਾ ਹੁੰਦੀ ਹੈ। ਜਦੋਂ ਸਮਾਜ ਵਿਚ ਜ਼ੁਲਮ ਦਾ ਵਿਰੋਧ ਕਰਨ ਹੌਂਸਲਾ ਨਾ ਪੈਂਦਾ ਹੋਵੇ ਉਦੋਂ 'ਸਚੁ ਸਣਾਇਸੀ ਸਚੁ ਕੀ ਬੇਲਾ' ਦੀ ਧੁਨੀ ਨੇ ਸੱਚੀ ਸੂਰਬੀਰਤਾ ਵਾਲੇ ਸੂਰਮਿਆਂ ਦੀ ਉਤਪਤੀ ਕੀਤੀ।

---

162 ਤੇਜਾ ਸਿੰਘ, ਗੰਡਾ ਸਿੰਘ, ਉਪਰੋਕਤ, *ਸਿੱਖ ਇਤਿਹਾਸ,* ਪੰ.38.

## ਸਾਰ

**ਸਿੱਖ ਧਰਮ ਵਿਚ ਸੂਰਬੀਰਤਾ ਦਾ ਸਰੂਪ ਗੁਰਬਾਣੀ ਸਿਧਾਂਤ ਅਤੇ ਗੁਰੂ ਅਮਲਾਂ ਵਿਚੋਂ ਉਤਪੰਨ ਹੁੰਦਾ ਹੈ। ਗੁਰਮਤਿ ਚਿੰਤਨ ਵਿਚ ਸੂਰਬੀਰਤਾ ਦੇ ਸਿਧਾਂਤ ਅਤੇ ਵਿਹਾਰ ਨੂੰ ਇਕੋ ਸੂਤਰ ਵਿਚ ਪਰੋਇਆ ਗਿਆ ਹੈ। ਇਹ ਦੋਵੇਂ ਇਕ ਦੂਜੇ ਦੇ ਪੂਰਕ ਹਨ। ਮਨੁੱਖ ਦੇ ਜੀਵਨ ਵਿਚ ਦੋ ਪੱਖਾਂ ਦੀ ਪਰਮੁੱਖਤਾ ਰਹਿੰਦੀ ਹੈ : ਕਥਨੀ ਅਤੇ ਕਰਨੀ। ਆਮ ਵਿਅਕਤੀ ਕਥਨੀ ਅਤੇ ਕਰਨੀ ਨੂੰ ਇਕ ਕਰਨ ਵਿਚ ਅਸਮਰੱਥ ਰਹਿੰਦਾ ਹੈ। ਪਰ ਜਿਨ੍ਹਾਂ ਨੇ ਕਥਨੀ ਅਤੇ ਕਰਨੀ ਦਾ ਸੰਤੁਲਨ ਸਥਾਪਤ ਕਰ ਲਿਆ ਹੋਵੇ ਤਾਂ ਉਹਨਾਂ ਦੀ ਸੂਰਬੀਰਤਾ ਨੂੰ ਇਹ ਸੰਤੁਲਨ ਦ੍ਰਿਸ਼ਟਮਾਨ ਕਰਦਾ ਹੈ। ਕਥਨੀ ਅਤੇ ਕਰਨੀ ਨੂੰ ਅਕਾਦਮਿਕ ਖੇਤਰ ਵਿਚ ਸਿਧਾਂਤ ਅਤੇ ਵਿਹਾਰ ਦੇ ਰੂਪ ਵਿਚ ਲਿਆ ਗਿਆ ਹੈ।**

**ਸਿੱਖ ਧਰਮ ਵਿਚ ਸੂਰਬੀਰਤਾ ਦਾ ਸਿਧਾਂਤ ਅਤੇ ਵਿਹਾਰ ਇਕੋ ਸਿੱਕੇ ਦੇ ਦੋ ਪਹਿਲੂ ਹਨ। ਨਿਰਸੰਦੇਹ ਸਿੱਖ ਸੂਰਬੀਰਤਾ ਦੇ ਸਿਧਾਂਤ ਅਤੇ ਵਿਹਾਰ ਅੰਤਰ-ਸੰਬੰਧਤ ਹਨ। ਕਈ ਵਾਰੀ ਮਨੁੱਖ ਇਹਨਾਂ ਦੋਵਾਂ ਵਿਚੋਂ ਕਿਸੇ ਇਕ ਨੂੰ ਸਰਬੋਤਮ ਮੰਨ ਲੈਂਦਾ ਹੈ ਅਤੇ ਦੂਜੇ ਦੀ ਕੋਈ ਅਹਿਮੀਅਤ ਨਾ ਸਮਝਦਾ ਹੋਇਆ ਦੂਜੇ ਪਹਿਲੂ ਨੂੰ ਪਛਾੜ ਕੇ ਅੱਗੇ ਵਧਣ ਦੀ ਕੋਸ਼ਿਸ ਕਰਦਾ ਹੈ ਜੋ ਗੁਰਮਤ ਅਨੁਸਾਰ ਠੀਕ ਨਹੀਂ ਹੈ।**

ਸੂਰਬੀਰਤਾ ਦੇ ਸਿਧਾਂਤ ਅਤੇ ਵਿਹਾਰ ਦੇ ਸੰਤੁਲਨ ਨੂੰ ਬਰਕਰਾਰ ਰੱਖਣ ਲਈ ਗੁਰੂ ਸਾਹਿਬਾਨ ਨੇ ਗੁਰਬਾਣੀ (ਸਿਧਾਂਤ) ਗੁਰੂ ਅਮਲਾਂ (ਵਿਹਾਰ) ਰਾਂਹੀ ਸੇਧ ਦਿਤੀ ਹੈ ਕਿ ਜਿਹਨਾਂ ਮਨੁੱਖਾਂ ਦੇ ਮਨ ਅਤੇ ਤਨ ਦੀ ਗੱਲ ਇਕ ਨਹੀਂ ਹੈ, ਉਹ ਸੂਰਬੀਰ ਨਹੀਂ ਹੋ ਸਕਦੇ। ਹਰ ਗੁਰਸਿੱਖ ਕਹਿਣੀ ਅਤੇ ਕਰਣੀ ਦਾ ਪੂਰਾ ਹੋਣਾ ਚਾਹੀਦਾ ਹੈ। ਸਿੰਘ ਸੂਰਮਿਆਂ ਦੇ ਜੀਵਨ ਵਿਚ ਸਿਧਾਂਤ ਅਤੇ ਵਿਹਾਰ ਇਕ ਹਨ ਅਤੇ ਉਹ ਗੁਰੂ ਉਪਦੇਸ਼ਾਂ ਉੱਤੇ ਕਾਇਮ ਰਹਿੰਦੇ ਹੋਏ ਆਪਣੇ ਮਨੋਰਥ ਨੂੰ ਪੂਰਾ ਕਰ ਲੈਂਦੇ ਹਨ।

ਇਸ ਖੋਜ ਕਾਰਜ ਨੇ ਸੂਰਬੀਰਤਾ ਦੇ ਸੁਭਾਅ ਅਤੇ ਪਰਕਿਰਤੀ ਨੂੰ ਦਰਸਾ ਕੇ ਸੂਰਬੀਰਤਾ ਦੀਆਂ ਵਿਭਿੰਨ ਪੱਖਾਂ ਬਾਰੇ ਜਾਣਕਾਰੀ ਦਿੱਤੀ ਹੈ। ਸੂਰਬੀਰਤਾ ਦੇ ਸੰਕਲਪ ਵਾਲੇ ਪੜਾਅ ਵਿਚ

ਸੂਰਬੀਰਤਾ ਦੀ ਉਤਪਤੀ ਅਤੇ ਵਿਕਾਸ ਨੂੰ ਵਿਚਾਰਨ ਉਪਰੰਤ ਇਹ ਗੱਲ ਉਘੜ ਕੇ ਸਾਹਮਣੇ ਆਉਂਦੀ ਹੈ ਕਿ ਸੂਰਬੀਰਤਾ ਮਨੁੱਖ ਦੇ ਮਨ ਦੀ ਤਾਕਤ ਹੁੰਦੀ ਹੈ ਜਿਹੜੀ ਮਨੁੱਖ ਨੂੰ ਹਰ ਕਠਿਨ ਪਰਿਸਥਿਤੀ ਦਾ ਸਾਹਮਣਾ ਕਰਨ ਅਤੇ ਸੰਕਟ ਤੋਂ ਬਾਹਰ ਨਿਕਲਣ ਸਾਰਥਕ ਭੂਮਿਕਾ ਨਿਭਾਉਂਦੀ ਹੈ। ਸੂਰਬੀਰਤਾ ਉਹ ਜਜ਼ਬਾ ਹੈ ਜੋ ਮਨੁੱਖ ਨੂੰ ਆਪਣੇ ਜੀਵਨ ਦੇ ਹਰ ਖੇਤਰ ਵਿਚ ਹੱਕ ਸੱਚ ’ਤੇ ਦ੍ਰਿੜ ਰਹਿ ਕੇ ਆਪਣੇ ਜੀਵਨ ਦੇ ਕਰਤੱਵ ਨਿਭਾਉਣ ਵਿਚ ਸਹਾਇਤਾ ਕਰਦਾ ਹੈ ਇਸੇ ਅਧਾਰ ’ਤੇ ਅਸੀਂ ਸਿੱਖ ਸੂਰਬੀਰਤਾ ਨੂੰ ਵਿਚਾਰਿਆ ਹੈ। ਵੱਖ-ਵੱਖ ਵਿਦਵਾਨਾਂ ਦੇ ਸੂਰਬੀਰਤਾ ਸੰਬੰਧੀ ਦਿੱਤੇ ਵਿਚਾਰਾਂ ਨੂੰ ਵਿਚਾਰਨ ਮਗਰੋਂ ਧਰਮ ਅਤੇ ਸੂਰਬੀਰਤਾ ਦੇ ਆਪਸੀ ਸੰਬੰਧਾਂ ਨੂੰ ਸਮਝਿਆ ਗਿਆ ਹੈ। ਇਸ ਖੋਜ ਤੋਂ ਇਹ ਪਤਾ ਚਲਦਾ ਹੈ ਕਿ ਸੂਰਬੀਰਤਾ ਦੀ ਅਗਵਾਈ ਧਰਮ ਕਰਦਾ ਹੈ ਤਾਂ ਹੀ ਸੂਰਬੀਰਤਾ ਸਹੀ ਉਦੇਸ਼, ਸਹੀ ਮਾਰਗ, ਸਹੀ ਢੰਗ, ਸਹੀ ਸਮੇਂ ਰਾਹੀਂ ਸਰਬੱਤ ਦੇ ਭਲੇ ਲਈ ਕਾਰਜਸ਼ੀਲ ਰਹਿੰਦੀ ਹੈ। ਧਰਮ ਦੇ ਪ੍ਰਭਾਵ ਤੋਂ ਬਗੈਰ ਬਹਾਦਰੀ ਦੀ ਸੀਮਾ ਸੀਮਤ ਹੋਣ ਕਰਕੇ ਇਹ ਦਿਸ਼ਾਹੀਣ ਹੋ ਜਾਵੇਗੀ ਜੋ ਕਿ ਲੋਕ ਹਿੱਤਾਂ ਦਾ ਘਾਣ ਕਰਦੀ ਨਜ਼ਰ ਆਵੇਗੀ। ਮਨੁੱਖ ਦੀ ਸਖਸ਼ੀਅਤ ਨੈਤਿਕ, ਮਾਨਸਿਕ, ਅਧਿਆਤਮਕ, ਸਮਾਜਕ, ਸਰੋਕਾਰਾਂ ਨਾਲ ਉਘੜਦੀ ਹੈ। ਇਹਨਾਂ ਸਰੋਕਾਰਾਂ ਕਾਰਨ ਸੂਰਬੀਰਤਾ ਦੀਆਂ ਵਿਭਿੰਨ ਕਿਸਮਾਂ ਵੀ ਪਾਈਆਂ ਜਾਂਦੀਆਂ ਹਨ। ਸਿੱਖ ਧਰਮ ਵਿਚ ਸੂਰਬੀਰਤਾ ਇਹਨਾਂ ਸਰੋਕਾਰਾਂ ਨਾਲ ਓਤ-ਪੋਤ ਰਹਿੰਦੀ ਹੈ ਇਸ ਕਰਕੇ ਮੁੱਖ ਦੋ ਕਿਸਮਾਂ ਅਧਿਆਤਮਕ ਅਤੇ ਸਮਾਜਕ ਸੂਰਬੀਰਤਾ ਰਾਂਹੀ ਹੀ ਖੋਜ ਕੀਤੀ ਗਈ ਹੈ।

ਗੁਰਮਤਿ ਵਿਚ ਕੇਵਲ ਬਾਹਰੀ ਤੌਰ ’ਤੇ ਤਾਕਤਵਰ ਹੋਣਾ ਹੀ ਪ੍ਰਮੁੱਖ ਨਹੀਂ ਮੰਨਿਆ ਜਾਂਦਾ ਇਸ ਤੋਂ ਪਹਿਲਾਂ ਅਧਿਆਤਮਕ ਤਾਕਤ ਨੂੰ ਪੈਦਾ ਕਰਨਾ ਪ੍ਰਮੁੱਖ ਹੈ। ਸਿੱਖ ਇਤਿਹਾਸ ਇਸ ਗੱਲ ਦੀ ਪ੍ਰੋੜਤਾ ਕਰਦਾ ਹੈ ਕਿ ਸੱਚੇ ਸੂਰਮੇ ਨੇ ਆਪਣੀ ਅੰਦਰਲੀ ਅਤੇ ਬਾਹਰਲੀ ਤਾਕਤ ਨੂੰ ਸਿਧਾਂਤ ਅਤੇ ਵਿਹਾਰ ਰਾਂਹੀ ਇਕ ਕਰ ਲਿਆ ਹੈ, ਉਹ ਸੂਰਮਾ ਬਾਹਰੋਂ ਭਾਵੇਂ ਸਰੀਰਕ ਪੱਖ ਤੋਂ ਕਮਜ਼ੋਰ ਕਿਉਂ ਨਾ ਹੋਵੇ ਪਰ ਜ਼ੁਲਮ ਨੂੰ ਦੇ ਖ਼ਿਲਾਫ਼ ਬੇਮਿਸਾਲ ਤਾਕਤ ਦਾ ਪ੍ਰਗਟਾਅ ਕਰ ਜਾਂਦਾ ਹੈ। ਫਿਰ ਭਾਵੇਂ ਉਸਦੇ ਸਾਹਮਣੇ ਖਤਰਨਾਕ ਮਸਤਿਆ ਹਾਥੀ ਵੀ ਆ ਜਾਵੇ ਤਾਂ ਉਹ ਸੂਰਮਾ ਪੂਰੇ ਜਜ਼ਬੇ ਨਾਲ ਉਸ ਹਾਥੀ ਉਪਰ ਭਾਰੂ ਪੈ ਜਾਂਦਾ ਹੈ। ਇਹ ਪੱਖ ਭਾਈ ਬਚਿੱਤਰ ਸਿੰਘ ਅਤੇ ਭਾਈ ਦੁਨੀਚੰਦ ਦੇ ਵਿਚਕਾਰ

ਬਹਾਦਰੀ ਭਰੇ ਕਾਰਨਾਮਿਆਂ ਦੇ ਅਧਿਐਨ ਤੋਂ ਸਾਹਮਣੇ ਆਇਆ ਹੈ।

ਸੋ ਜਿਹੜੇ ਸੂਰਮੇ ਗੁਰਬਾਣੀ ਸਿਧਾਂਤ ਅਤੇ ਗੁਰੂ ਅਮਲਾਂ ਤੋਂ ਪ੍ਰੇਰਨਾ ਲੈ ਕੇ ਸਿਧਾਂਤ ਅਤੇ ਵਿਹਾਰ ਨੂੰ ਇਕ ਕਰ ਲੈਂਦੇ ਹਨ ਉਹ ਹੀ ਸੂਰਮੇ ਅੱਗੇ ਚਲ ਕੇ ਸਿੱਖ ਸੂਰਬੀਰਤਾ ਦੀ ਮਿਸਾਲ ਕਾਇਮ ਕਰ ਜਾਂਦੇ ਹਨ। ਸਿਧਾਂਤ ਅਤੇ ਵਿਹਾਰ ਦਾ ਸੰਤੁਲਨ ਸਿੱਖ ਧਰਮ ਵਿਚ ਸੂਰਬੀਰਤਾ ਨੂੰ ਵਿਲੱਖਣਤਾ ਪ੍ਰਦਾਨ ਕਰਦਾ ਹੈ।

ਸਿੱਖ ਧਰਮ ਵਿਚ ਸੂਰਬੀਰਤਾ ਦਾ ਸਰੂਪ ਪਵਿੱਤਰ ਅਤੇ ਵਿਸ਼ਾਲ ਹੈ। ਇਹ ਸੂਰਬੀਰਤਾ ਮਨੁੱਖ ਦੀ ਸੰਪੂਰਨ ਸ਼ਖ਼ਸੀਅਤ ਦਾ ਵਿਕਾਸ ਕਰਦੀ ਹੈ। ਇਸ ਵਿਚ ਅਧਿਆਤਮਕਤਾ, ਨੈਤਿਕਤਾ, ਸਰੀਰਕ ਬਲ ਅਤੇ ਸਮਾਜ ਨੂੰ ਕੇਵਲ ਇਕ ਅਕਾਲ ਪੁਰਖ ਨਾਲ ਜੋੜਿਆ ਗਿਆ ਹੈ। ਸੂਰਬੀਰਤਾ ਦੇ ਸੰਕਲਪ ਤੋਂ ਇਹ ਪਤਾ ਚਲਦਾ ਹੈ ਕਿ ਹਰ ਮਨੁੱਖ ਦੀ ਲੋੜ ਹੈ। ਧਰਮ ਸੂਰਬੀਰਤਾ ਦੇ ਦਇਰੇ ਨੂੰ ਵਿਸ਼ਾਲਤਾ ਪ੍ਰਦਾਨ ਕਰਦਾ ਹੈ। ਸਿੱਖ ਧਰਮ ਦਸ ਗੁਰੂ ਸਹਿਬਾਨ ਵਲੋਂ ਸਥਾਪਤ ਕੀਤਾ ਸਮੁੱਚੀ ਮਨੁੱਖਤਾ ਦਾ ਧਰਮ ਹੈ। ਸਿੱਖੀ ਵਿਚ ਸੂਰਬੀਰਤਾ ਮਨੁੱਖਤਾ ਦੇ ਭਲੇ ਲਈ ਵਿਖਾਈ ਗਈ ਹੈ। ਜੋ ਕੇਵਲ ਇੱਕ ਅਕਾਲ ਪੁਰਖ ਵਿਚੋਂ ਉਪਜਦੀ ਹੋਈ, ਗੁਰੂ ਅਤੇ ਸੰਗਤ ਦੇ ਸਹਾਰੇ ਪਵਿੱਤਰ ਉਦੇਸ਼ਾਂ ਨੂੰ ਪੂਰਾ ਕਰਦੀ ਹੈ।

ਜਦੋਂ ਅਧਿਆਤਮਕ ਤਾਕਤ ਸੂਰਬੀਰਤਾ ਦੀ ਅਗਵਾਈ ਕਰਦੀ ਹੈ ਤਾਂ ਉਦੋਂ ਇਸ ਦਾ ਧਾਰਨੀ ਵਿਅਕਤੀਗਤ ਸੁਆਰਥਾਂ ਤੋ ਨਿਰਲੇਪ ਹੋ ਕੇ ਸਰਬੱਤ ਦੇ ਭਲੇ ਵਾਸਤੇ ਹੀ ਆਪਣਾ ਜੀਵਨ ਅਰਪਣ ਕਰਦਾ ਹੈ। ਅਕਾਲ ਪੁਰਖ ਦੇ ਭਾਣੇ ਵਿਚ ਰਹਿਣਾ ਸੂਰਮੇ ਲਈ ਆਤਮਕ ਸ਼ਾਂਤੀ ਦਾ ਵਸੀਲਾ ਹੈ। ਇਸ ਅਵਸਥਾ ਵਿਚ ਸੂਰਮਾ ਮਾਨਸਕ ਪੱਖੋਂ ਐਨਾ ਬਲਵਾਨ ਹੋ ਜਾਂਦਾ ਹੈ ਕਿ ਉਹ ਆਪਣੇ ਅੰਦਰਲੇ ਵਿਕਾਰਾਂ ਨੂੰ ਸਦੀਵ ਸਮੇਂ ਲਈ ਕਾਬੂ ਕਰ ਲੈਂਦਾ ਹੈ। ਅਧਿਆਤਮਕ ਸੂਰਬੀਰਤਾ ਸਦਕਾ ਸਰੀਰਕ ਤਾਕਤ ਬੇਮਿਸਾਲ ਹੋ ਜਾਂਦੀ ਹੈ। ਸਿੱਖੀ ਵਿਚ ਹੋਏ ਜੰਗ-ਯੁੱਧਾਂ ਵਿਚ ਸੂਰਮਿਆਂ ਦੀ ਸਰੀਰਕ ਤਾਕਤ ਦਾ ਰਹੱਸ ਅਧਿਆਤਮਕ ਸੂਰਬੀਰਤਾ ਵਿਚ ਸਮੇਟਿਆ ਪਿਆ ਹੈ।

ਜੀਵਨ ਸੰਘਰਸ਼ ਵਿੱਚ ਸੂਰਮੇ ਦੀ ਬਹਾਦਰੀ ਇਸ ਵਿੱਚ ਰਹਿੰਦੀ ਹੈ ਕਿ ਉਸ ਵਿਚ ਹਲੀਮੀ, ਨਿਮਰਤਾ, ਸਹਿਜ, ਖਿਮਾ ਆਦਿ ਜਿਹੇ ਨੈਤਿਕ ਸਦਗੁਣ ਹੁੰਦੇ ਹਨ। ਇਹ ਸਦਗੁਣ ਮਨੁੱਖ

ਨੂੰ ਅਜਿਹੀ ਤਾਕਤ ਪ੍ਰਦਾਨ ਕਰਦੇ ਹਨ ਕਿ ਇਨ੍ਹਾਂ ਨਾਲ ਉਹ ਰੋਜ਼ਮਰਾ ਦੀ ਜ਼ਿੰਦਗੀ ਵਿੱਚ ਕਿਸੇ ਵੀ ਔਕੜ ਦਾ ਸਾਹਮਣਾ ਡਟ ਕੇ ਕਰ ਸਕਦਾ ਹੈ ਅਤੇ ਆਪਣੇ ਮਾਨਸਿਕ ਪੱਧਰ ਨੂੰ ਹਮੇਸ਼ਾਂ ਉਚੇਰੀਆਂ ਕੀਮਤਾਂ ਨਾਲ ਸਮਲਿਤ ਰੱਖਦਾ ਹੈ। ਨੈਤਿਕ ਸੂਰਬੀਰਤਾ ਦੇ ਸਾਰੇ ਗੁਣ ਧੀਰਜ, ਧਰਮ, ਨਿਮਰਤਾ, ਨਿਰਭੈਤਾ, ਨਿਰਵੈਰਤਾ, ਖਿਮਾ, ਸੰਤੋਖ ਆਦਿ ਇਸ ਤਰ੍ਹਾਂ ਆਪਸ ਵਿੱਚ ਜੁੜੇ ਰਹਿੰਦੇ ਹਨ ਕਿ ਜੇ ਕਿਸੇ ਇੱਕ ਗੁਣ ਨੂੰ ਬਾਹਰ ਕੱਢ ਲਿਆ ਜਾਵੇ ਤਾਂ ਬਾਕੀ ਸਾਰੇ ਸਦਗੁਣ ਵੀ ਆਪਣੇ ਆਪ ਘੱਟ ਜਾਂਦੇ ਹਨ। ਸਿੱਖ ਸੂਰਬੀਰਤਾ ਦੇ ਉਪਰੋਕਤ ਦਰਸਾਏ ਸਿਰਜਕ ਗੁਣ ਵੀ ਆਪਸ ਵਿੱਚ ਇਕਮਿਕ ਰਹਿੰਦੇ ਹਨ। ਇਹਨਾਂ ਦੀ ਇਕਜੁਟਤਾ ਸੂਰਬੀਰਤਾ ਦਾ ਸਹੀ ਵਿਹਾਰ ਪ੍ਰਗਟ ਕਰਦੀ ਹੈ।

ਸਿੱਖ ਧਰਮ ਵਿਚ ਸੂਰਬੀਰਤਾ ਲਈ ਪ੍ਰੇਰਕ ਅਕਾਲ ਪੁਰਖ, ਗੁਰੂ ਤੇ ਸਤਿਸੰਗਤ ਹਨ। ਸਿੱਖ ਚਿੰਤਨ ਦੇ ਇਹਨਾਂ ਤਿੰਨੇ ਸੰਕਲਪਾਂ ਵਿਚੋਂ ਸੂਰਬੀਰਤਾ ਪੈਦਾ ਹੁੰਦੀ ਹੈ। ਅਕਾਲ ਪੁਰਖ, ਗੁਰੂ ਅਤੇ ਸਤਸੰਗਤਿ ਨਾਲ ਸੂਰਬੀਰਤਾ ਦਾ ਆਪਸੀ ਸੰਬੰਧ ਹੋਣ ਕਾਰਨ ਸੂਰਬੀਰਤਾ ਦੀ ਸਦੀਵ ਹੋਂਦ ਬਰਕਰਾਰ ਰਹਿੰਦੀ ਹੈ। ਇਹੀ ਤਿੰਨੇ ਸੰਕਲਪ ਅਧਿਆਤਮਕ, ਨੈਤਿਕ, ਸਰੀਰਕ ਸੂਰਬਰੀਤਾ ਦੀ ਅਧਾਰਸ਼ਿਲ੍ਹਾ ਹਨ।

ਸਿੱਖ ਸੂਰਬੀਰਤਾ ਦਾ ਧਾਰਨੀ ਕੇਵਲ ਸਿਪਾਹੀ ਹੀ ਨਹੀਂ ਸਗੋਂ ਉਹ ਸੰਤ ਹੁੰਦਾ ਹੈ। ਸੰਤ ਅਤੇ ਸਿਪਾਹੀ ਦੇ ਗੁਣਾਂ ਕਰਕੇ ਗੁਰਮਖਿ, ਭਗਤ-ਜਨ, ਸੇਵਕ, ਚਾਕਰ, ਫਕੀਰਾਂ ਆਦਿ ਵਿਚ ਵੀ ਬਹਾਦਰੀ ਦਾ ਜਜ਼ਬਾ ਕਾਇਮ ਰਹਿੰਦਾ ਹੈ। ਸਿੱਖ ਧਰਮ ਵਿਚ ਗੁਰਮਤਿ ਦੇ ਸਿਧਾਂਤ ਅਨੁਸਾਰ ਸੰਤ ਕੇਵਲ ਭਗਤੀ ਕਰਨ ਵਾਲਾ ਹੀ ਨਹੀਂ ਹੁੰਦਾ ਸਗੋਂ ਲੋੜ ਪੈਣ 'ਤੇ ਸਰਬੱਤ ਦੇ ਭਲੇ ਵਾਸਤੇ ਹੱਥ ਵਿਚ ਤੇਗ ਲੈ ਕੇ ਜ਼ਾਲਮ ਨੂੰ ਸੋਧਾ ਲਾਉਣ ਵਾਲਾ ਹੁੰਦਾ ਹੈ। ਇਸੇ ਤਰ੍ਹਾਂ ਸਿਪਾਹੀ ਵੀ ਗੁਰਮਤਿ ਸਿਧਾਤਾਂ ਦਾ ਧਾਰਨੀ ਹੋ ਕੇ ਜੰਗ ਦੇ ਮੈਦਾਨ ਵਿਚ ਜੂਝਦਾ ਹੈ ਪਰ ਜੇ ਸਾਹਮਣੇ ਤੋਂ ਵੈਰੀ ਝੁਕ ਜਾਏ ਜਾਂ ਆਪਣੀ ਗਲਤੀ ਕਬੂਲ ਕਰ ਲਵੇ ਤਾਂ ਪਵਿੱਤਰ ਸਿਧਾਤਾਂ ਨਾਲ ਓਤਪੋਤ ਸਿਪਾਹੀ ਆਪਣੇ ਸੰਤ-ਸੁਭਾਅ ਮੁਤਾਬਕ ਖਿਮਾ ਵੀ ਕਰਦਾ ਹੈ।

ਸੂਰਬੀਰਤਾ ਨੂੰ ਸਿੱਖ ਪਰਿਪੇਖ ਵਿਚ ਸਮਝਣ ਨਾਲ ਇਹ ਧਾਰਨਾ ਬਣਦੀ ਹੈ ਕਿ ਸੂਰਬੀਰਤਾ ਇੱਕ ਜਜ਼ਬਾ ਹੀ ਨਹੀਂ ਸਗੋਂ ਇਹ ਪਵਿੱਤਰ ਭਾਵਨਾ ਹੈ। ਸਭ ਤੋਂ ਪਹਿਲੀ ਸੂਰਬੀਰਤਾ

ਮਨੁੱਖ ਦੇ ਪੰਜ ਦੁਸ਼ਮਣਾਂ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਦੇ ਖ਼ਿਲਾਫ਼ ਜੰਗ ਹੈ। ਇਸ ਤੋਂ ਮਗਰੋਂ ਸੱਚੇ ਸੂਰਮੇ ਦੇ ਪ੍ਰਮੁੱਖ ਲੱਛਣ ਅਡੋਲਤਾ, ਖਿਮਾ, ਉਚ ਆਦਰਸ਼, ਨਿਡਰਤਾ, ਉਚ-ਆਚਰਨ, ਬੀਰਤਾ, ਡਰ, ਗਿਆਨ, ਮੀਰੀ-ਪੀਰੀ ਆਦਿ ਦ੍ਰਿਸ਼ਟਮਾਨ ਹੋ ਕੇ ਸੂਰਬੀਰਤਾ ਦੀ ਪਰਕਿਰਤੀ ਨੂੰ ਦੈਵੀ ਸੰਪੂਰਨਤਾ ਪ੍ਰਦਾਨ ਕਰਦੇ ਹਨ।

ਸਮਾਜ ਵਿਚ ਇਕਸਾਰਤਾ, ਭਾਈਚਾਰਕ ਸਾਂਝ, ਨਿਆਂ, ਸੱਚਾਈ ਆਦਿ ਦੇ ਪੱਖ ਵਿਚ ਖੜ੍ਹਨਾ ਵੱਡੀ ਗੱਲ ਹੈ। ਗੁਰਮਤਿ ਵਿਹਾਰ ਵਿਚ ਸੱਚੀ ਸੁੱਚੀ ਕਿਰਤ ਦੀ ਮਹੱਤਤਾ ਨੂੰ ਪਰਵਾਨਿਆ ਗਿਆ ਹੈ ਕਿਰਤ ਦੇ ਸਿਧਾਂਤ ਨੇ ਸਿੱਖ ਦਾ ਨੈਤਿਕ ਪੱਧਰ ਉੱਚਾ ਚੁੱਕਿਆ ਜਿਸ ਦੇ ਸਹਾਰੇ ਉਹ ਹਰ ਮੁਸੀਬਤ ਵਿਚ ਅਡੋਲ ਡਟਿਆ ਰਹਿੰਦਾ ਹੈ। ਉਹ ਸਮਾਜ ਵਿਚ ਲੋਕ ਹਿੱਤਾਂ ਦੀ ਰਾਖੀ ਖਾਤਰ ਆਪਣਾ ਆਪ ਨਿਛਾਵਰ ਕਰਨ ਵਿਚ ਮਾਣ ਮਹਿਸੂਸ ਕਰਦਾ ਹੈ। ਜਿਸ ਵਿਅਕਤੀ ਅੰਦਰ ਨੈਤਿਕ ਵਿਹਾਰ ਪੈਦਾ ਨਹੀਂ ਹੁੰਦਾ ਉਹ ਵਿਅਕਤੀ ਸੱਚੀ ਸੂਰਮਤਾਈ ਦਾ ਧਾਰਨੀ ਨਹੀਂ ਬਣ ਸਕਦਾ। ਨੈਤਿਕ ਬਹਾਦਰੀ ਨੂੰ ਸੂਰਮੇ ਦੀ ਆਤਮ ਨਿਰਭਰਤਾ ਅਤੇ ਸਮਾਜਕ ਹੱਕਾਂ ਲਈ ਸੱਚੇ ਰਾਖੇ ਵਜੋਂ ਜੂਝਣ ਦੀ ਪ੍ਰੇਰਨਾ ਵਜੋਂ ਸਮਝਿਆ ਜਾ ਸਕਦਾ ਹੈ। ਸਿੱਖ ਧਰਮ ਵਿਚ ਨੈਤਿਕ ਬਹਾਦਰੀ ਦੀ ਅਧਿਆਤਮਕਤਾ ਨਾਲ ਸਾਂਝ ਹਮੇਸ਼ਾ ਕਾਇਮ ਰਹੀ ਹੈ। ਸਿੱਖ ਧਰਮ ਵਿਚ ਸੂਰਬੀਰਤਾ ਅਧਿਆਤਮਕ, ਨੈਤਿਕ, ਸਮਾਜਕ, ਅਤੇ ਸਰੀਰਕ ਤਾਕਤ ਦਾ ਸੁਮੇਲ ਹੈ। ਸੂਰਬੀਰਤਾ ਦਾ ਸਿਧਾਂਤ ਅਤੇ ਵਿਹਾਰ ਇਕ ਦੂਸਰੇ ਨੂੰ ਸਾਰਥਕਤਾ ਪ੍ਰਦਾਨ ਕਰਦੇ ਹਨ। ਸੂਰਬੀਰਤਾ ਸਿੱਖ ਧਰਮ ਦੀ ਵਿਲੱਖਣਤਾ ਹੈ। ਪਵਿੱਤਰ ਭਾਵਨਾ ਨਾਲ ਭਰਪੂਰ ਜ਼ਜਬਾ ਹੈ।

ਗੁਰਮਤਿ ਵਿਚ ਸੂਰਬੀਰਤਾ ਦੇ ਸਿਧਾਂਤ ਨੂੰ ਵਿਹਾਰ ਵਿਚ ਆਉਣਾ ਲਾਜ਼ਮੀ ਹੈ। ਸਿਧਾਂਤ ਭਾਵੇਂ ਕਿੰਨੇ ਵੀ ਪਵਿੱਤਰ ਅਤੇ ਮਜ਼ਬੂਤ ਹੋਣ ਪਰ ਜੇ ਉਹ ਅਮਲ ਵਿਚ ਨਹੀਂ ਆਉਦੇ ਤਾਂ ਉਹਨਾਂ ਦੀ ਸਾਰਥਕਤਾ ਨਾ ਮਾਤਰ ਹੀ ਰਹਿੰਦੀ ਹੈ। ਸਿੱਖੀ ਸਿਧਾਂਤਾਂ ਤੇ ਰਟਨ ਨੂੰ ਮੂਲੋਂ ਰੱਦ ਕਰਦੀ ਹੈ। ਸਿੱਖ ਸੂਰਬੀਰਤਾ ਦੀ ਪਰਕਿਰਤੀ ਨੂੰ ਸਮਝਣ ਲਈ ਸਿਧਾਂਤ ਅਤੇ ਵਿਹਾਰ ਦੇ ਅੰਤਰ ਸੰਬੰਧਾਂ ਨੂੰ ਸਮਝਣਾ ਅਤਿ ਜਰੂਰੀ ਹੈ। ਸਿੱਖ ਸੂਰਮਿਆਂ ਦੇ ਜੀਵਨ ਵਿਚ ਕੇਵਲ ਸਿਧਾਂਤਾਂ ਦਾ ਰਟਨ ਹੀ ਨਹੀ ਹੁੰਦਾ ਸਗੋਂ ਇਸਦੇ ਨਾਲ ਨਾਲ ਵਿਹਾਰ ਵੀ ਸਾਮਲ ਹੁੰਦਾ ਹੈ। ਸਿੱਖ ਸੂਰਬੀਰਤਾ ਇਸੇ ਸੁਮੇਲ ਕਾਰਨ

ਵਿਲੱਖਣ ਰੁਤਬਾ ਰੱਖਦੀ ਹੈ।

ਜਦੋਂ ਸੂਰਬੀਰਤਾ ਦੀ ਗੱਲ ਹੋਵੇ ਤਾਂ ਆਮ ਧਾਰਨਾ ਇਹੀ ਹੁੰਦੀ ਹੈ ਕਿ ਇਹ ਸਰੀਰਕ ਤਾਕਤ ਨਾਲ ਅੰਜਾਮ ਦਿੱਤੇ ਕਾਰਨਾਮਿਆਂ ਨਾਲ ਸੰਬੰਧਿਤ ਹੈ ਜਿਵੇਂ ਕਿ ਅਕਸਰ ਜੰਗ ਵਿਚ ਲੜਦੇ ਸਿਪਾਹੀ ਦੀ ਉਦਾਹਰਨ ਦਿੱਤੀ ਜਾਂਦੀ ਹੈ। ਪਰ ਖੋਜ ਤੋਂ ਪਤਾ ਚਲਦਾ ਹੈ ਕਿ ਸੂਰਬੀਰਤਾ ਹਰ ਮਨੁੱਖ ਲਈ ਅੰਦਰੂਨੀ ਅਤੇ ਬਾਹਰੀ ਪਰਿਸਥਿਤੀਆਂ ਨਾਲ ਨਜਿੱਠਣ ਦਾ ਇਕ ਮੁੱਖ ਸਾਧਨ ਹੈ।

ਸਿੱਖ ਸੂਰਬੀਰਤਾ ਦਾ ਸਿਧਾਂਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਅਤੇ ਵਿਹਾਰ ਸਿੱਖ ਇਤਿਹਾਸ ਵਿਚੋਂ ਪ੍ਰਗਟ ਹੁੰਦਾ ਹੈ। ਗੁਰਬਾਣੀ ਗੁਰੂ ਸਾਹਿਬਾਨ ਦੀ ਕਥਨੀ ਹੈ ਅਤੇ ਗੁਰ ਇਤਿਹਾਸ ਕਰਨੀ ਹੈ, ਦੋਹਾਂ ਦੇ ਸਮੁੱਚਿਤ ਅਧਿਐਨ ਦੁਆਰਾ ਸਿੱਖ ਸੂਰਬੀਰਤਾ ਦਾ ਇਕ ਸੰਤੁਲਿਤ ਅਤੇ ਅਧਿਕਾਰਤ ਪਰਿਪੇਖ ਹਾਸਲ ਹੁੰਦਾ ਹੈ। ਸਿੱਖ ਸੂਰਬੀਰਤਾ ਨੂੰ ਮੁੱਖ ਰੂਪ ਵਿਚ ਇਸ ਦੀਆਂ ਦੋ ਕਿਸਮਾਂ ਅਧਿਆਤਮਕ ਅਤੇ ਸਮਾਜਕ ਸੂਰਬੀਰਤਾ ਦੇ ਰੂਪ ਵਿਚ ਸਾਹਮਣੇ ਲਿਆਂਦਾ ਗਿਆ ਹੈ ਜਿਹਨਾਂ ਦੇ ਅਧਾਰ ’ਤੇ ਸੂਰਬੀਰਤਾ ਦੀਆਂ ਕਿਸਮਾਂ (ਨੈਤਿਕ ਸੂਰਬੀਰਤਾ, ਮਾਨਸਕ ਸੂਰਬੀਰਤਾ, ਸਰੀਰਕ ਸੂਰਬੀਰਤਾ) ਅੰਤਰ-ਸੰਬੰਧਤ ਹਨ।

ਸਿੱਖੀ ਦੀ ਵਿਸ਼ਵ ਪੱਧਰੀ ਪਛਾਣ ਪਿੱਛੇ ਸਿੱਖ ਸੂਰਬੀਰਤਾ ਦੀ ਪ੍ਰਮੁੱਖਤਾ ਹੈ। ਇਹ ਸੂਰਬੀਰਤਾ ਸਿੱਖ ਨੂੰ ਉਸਦੇ ਮਿੱਥੇ ਟੀਚਿਆਂ ਤੱਕ ਪਹੁੰਚਾਉਣ ਲਈ ਸਾਰਥਕ ਰੋਲ ਅਦਾ ਕਰਦੀ ਹੈ। ਜਦੋਂ ਸਿੱਖ ਦੀ ਵਿਲੱਖਣ ਸ਼ਖ਼ਸੀਅਤ ਨੂੰ ਜਾਣਨ ਦਾ ਯਤਨ ਕਰੀਏ ਤਾਂ ਅਸੀਂ ਸਿੱਖ ਦੀ ਜੀਵਨ ਜਾਚ ਦੇ ਹਰ ਪੱਖ ਵਿਚ, ਸੂਰਬੀਰਤਾ ਨੂੰ ਹੀ ਵੇਖਾਂਗੇ। ਉਦਾਹਰਨ ਦੇ ਤੌਰ 'ਤੇ ਅਸੀਂ ਅਜੋਕੇ ਸਮਾਜ ਵਿਚ ਵੇਖ ਸਕਦੇ ਹਾਂ ਸਿੱਖ ਸਰਵਸ਼ਕਤੀਮਾਨ ਇਕ ਅਕਾਲ ਪੁਰਖ ਦੀ ਟੇਕ ਰੱਖਦਾ ਹੈ। ਉਹ ਅਕਾਲ ਪੁਰਖ ਦੇ ਹਰ ਗੁਣ ਨੂੰ ਧਾਰਨ ਕਰਨ ਲਈ ਅਤੇ ਉਸ ਵਿਚ ਸਮਾਅ ਜਾਣ ਲਈ ਆਪਣੇ ਸਰੀਰਕ ਢਾਂਚੇ ਨੂੰ ਵਰਤਦਾ ਹੈ। ਸਿੱਖੀ ਤਿੰਨ ਮੂਲ ਸਿਧਾਂਤਾਂ (ਕਿਰਤ ਕਰਨਾ, ਵੰਡ ਛਕਣਾ, ਨਾਮ ਜਪਣਾ) ਦੀ ਪਾਲਣਾ ਕਰਦੀ ਹੈ। ਇਹਨਾਂ ਸਿਧਾਂਤਾਂ ਬਾਰੇ ਬਹੁਤ ਵਿਚਾਰਾਂ ਕੀਤੀਆਂ ਜਾ ਸਕਦੀਆਂ ਹਨ ਪਰ ਇਹਨਾਂ ਨੂੰ ਵਿਹਾਰ ਵਿਚ ਲਿਆਉਣ ਲਈ ਸੂਰਬੀਰਤਾ ਦੀ ਲੋੜ ਪੈਂਦੀ ਹੈ ਕਿਉਕਿ ਵਿਅਕਤੀ ਲਈ ਸਖ਼ਤ ਮਿਹਨਤ ਕਰਨਾ ਅਤਿ ਕਠਿਨ ਕਾਰਜ ਹੈ। ਸਿੱਖ ਦੁਆਰਾ ਜੀਵਨ ਵਿਚ

‘ਕਿਰਤ ਕਰਨ’ ਵਿਚ ਹੀ ਆਨੰਦ ਮਹਿਸੂਸ ਕਰਨਾ ਉਸਦੀ ਵੱਡੀ ਬਹਾਦਰੀ ਹੈ। ਇਸੇ ਕਰਕੇ ਅਜੋਕੇ ਸੰਸਾਰ ਵਿਚ ਸੱਚਾ ਸਿੱਖ ਕਦੇ ਭੀਖ ਨਹੀਂ ਮੰਗਦਾ ਅਤੇ ਜਦੋਂ ਤੱਕ ਜੀਉਂਦਾ ਰਹਿੰਦਾ ਹੈ ਕਿਰਤ ਨੂੰ ਨਹੀਂ ਤਿਆਗਦਾ ਫੇਰ ਭਾਵੇਂ ਕਿੰਨੀਆਂ ਵੀ ਕਠਿਨ ਮੁਸ਼ਕਲਾਂ ਆਉਣ। ਇਸ ਸਿਧਾਂਤ ਦੇ ਵਿਹਾਰ ਨੇ ਸਰੀਰ ਨੂੰ ਨਰੋਏ ਰੱਖਣ ਦਾ ਕੰਮ ਕੀਤਾ ਹੈ ਅਤੇ ਇਹ ਸਿਧਾਂਤ ਸੂਰਬੀਰਤਾ ਲਈ ਰੋਲ ਮਾਡਲ ਵਾਂਗ ਕੰਮ ਕਰਦਾ ਹੈ।

ਇਸੇ ਤਰ੍ਹਾਂ ‘ਵੰਡ ਕੇ ਛਕਣ’ ਦੇ ਸਿਧਾਂਤ ਨੂੰ ਧਾਰਨ ਕਰਨਾ ਵੀ ਸੂਰਬੀਰਤਾ ਹੈ। ਸੰਸਾਰ ਦੇ ਹਰ ਹਿੱਸੇ ਵਿਚ ਸਿੱਖ ਨੇ ਇਸ ਸਿਧਾਂਤ ਨੂੰ ਵਿਹਾਰ ਵਿਚ ਲਿਆਉਣ ਵਾਸਤੇ ਲੋੜਵੰਦਾਂ ਲਈ ਲੰਗਰ ਮੁਹੱਈਆ ਕਰਵਾਉਣਾ ਆਪਣਾ ਮੁੱਢਲਾ ਫਰਜ਼ ਸਮਝਿਆ ਹੈ। ਸਿੱਖ ਸੂਰਮਾ ਕਦੇ ਵੀ ਆਪਣੇ ਸਾਹਮਣੇ ਕਿਸੇ ਨੂੰ ਦੁਖੀ ਅਤੇ ਭੁੱਖਾ ਨਹੀਂ ਵੇਖ ਸਕਦਾ। ਆਪਣੀ ਕਿਰਤ ਕਮਾਈ ਨੂੰ ਵੰਡ ਕੇ ਛਕਣਾ ਸੂਰਬੀਰਤਾ ਹੈ। ਇਹ ਸੂਰਬੀਰਤਾ ਵਾਲੀ ਪਿਰਤ ਸਿੱਖ ਗੁਰੂ ਸਹਿਬਾਨ ਦੇ ਪਾਏ ਪੂਰਨਿਆਂ ਸਦਕਾ ਹੀ ਨਿਰੰਤਰ ਵਿਕਾਸ ਕਰਦੀ ਹੈ।

ਗੁਰਮਤਿ ਦੇ ਤੀਜੇ ਸਿਧਾਂਤ ‘ਨਾਮ ਜਪੋ’ ਨੇ ਸਿੱਖ ਅੰਦਰ ਰੂਹਾਨੀਅਤ ਨੂੰ ਪਰਫੁੱਲਤ ਕੀਤਾ ਹੈ ਜੇਕਰ ਇਸ ਸਿਧਾਂਤ ਦਾ ਵਿਸ਼ਵ ਪੱਧਰ ’ਤੇ ਚਿੰਤਨ ਕੀਤਾ ਜਾਏ ਤਾਂ ਇਹ ਸਿੱਖ ਸੂਰਬੀਰਤਾ ਦੀ ਉਤਪਤੀ ਕਰਨ ਵਾਲਾ ਸਿਧਾਂਤ ਹੈ। ਨਾਮ ਦੀ ਸਹਾਇਤਾ ਤੋਂ ਬਗੈਰ ਸਿੱਖ ਅਕਾਲ ਪੁਰਖ ਨੂੰ ਨਹੀਂ ਪਾ ਸਕਦਾ ਹੈ ਇਸੇ ਕਰਕੇ ਗੁਰਮੁਖਾਂ ਵਿਚ ਨਾਮ ਹਰ ਔਖੀ ਘੜੀ ਨਾਲ ਨਜਿੱਠਣ ਲਈ ਸਾਰਥਕ ਪ੍ਰਕ੍ਰਿਆ ਹੈ। ਸਿੱਖੀ ਵਿਚ ਬਲਕਿ ਨਾਮ ਹੀ ਸੰਤ ਅਤੇ ਸਿਪਾਹੀ ਦੇ ਜੀਵਨ ਅਧਿਆਤਮਕ ਤਾਕਤ ਹੈ।

ਅੰਤ ਵਿਚ ਅਸੀਂ ਇਹ ਕਹਿਣਾ ਚਾਹੁੰਦੇ ਹਾਂ ਕਿ ਸਿੱਖ ਸੂਰਬੀਰਤਾ ਕੇਵਲ ਸਰੀਰਕ ਤਾਕਤ ਦੇ ਜੌਹਰਾਂ ਤੱਕ ਹੀ ਸੀਮਤ ਨਹੀਂ ਹੈ। ਉਪਰੋਕਤ ਸਿਧਾਂਤਾਂ ਨਾਲ ਨਿਪੁੰਨ ਹੋਈ ਸੂਰਬੀਰਤਾ ਨੂੰ ਹੀ ਸਿੱਖ ਸੂਰਬੀਰਤਾ ਦਾ ਨਾਂ ਦਿੱਤਾ ਜਾ ਸਕਦਾ ਹੈ। ਇਸ ਦੀ ਸਪੱਸ਼ਟਤਾ ਚਮਕੌਰ ਸਾਹਿਬ ਦੀ ਜੰਗ ਵਿਚੋਂ ਹੋ ਚੁੱਕੀ ਹੈ ਕਿ ਜਿਸ ਵਿਚ ਸਿੱਖਾਂ ਦੀ ਗਿਣਤੀ ਸਰੀਰ ਕਰਕੇ ਬਹੁਤ ਘੱਟ ਸੀ ਪਰ ਜ਼ਾਲਮ ਬਹੁਤਾਤ ਵਿਚ ਸਨ। ਇਸ ਦਾ ਨਤੀਜਾ ਇਹ ਨਿਕਲਿਆ ਕਿ ਜ਼ੁਲਮ ਰੋਕਣ ਲਈ ਸੱਚਾਈ ਅਤੇ

ਰੂਹਾਨੀਅਤ ਦੀ ਫਤਿਹ ਹੋਈ ਸੀ। ਗੁਰੂ ਸਾਹਿਬਾਨ ਅਤੇ ਭਾਈ ਬਚਿੱਤਰ ਸਿੰਘ, ਚਾਰ ਸਾਹਿਬਜ਼ਾਦਿਆਂ, ਬਾਬਾ ਦੀਪ ਸਿੰਘ ਆਦਿ ਬੇਅੰਤ ਸਿੱਖ ਸ਼ਹੀਦਾਂ ਨੇ ਸੂਰਬੀਰਤਾ ਨੂੰ ਇਸਦੇ ਆਮ ਅਰਥਾਂ ਤੋਂ ਉੱਪਰ ਚੁੱਕਿਆ ਹੈ। ਸਰੀਰ ਕਰਕੇ ਮਰ ਜਾਣਾ ਬਹੁਤ ਸੌਖਾ ਹੈ ਪਰ ਆਪਣੇ ਜੀਵਨ ਸੰਘਰਸ਼ ਵਿਚ ਅਡੋਲ ਡਟੇ ਰਹਿਣਾ ਅਕਾਲ ਪੁਰਖ ਦੇ ਭਾਣੇ ਨੂੰ ਮੰਨਣਾ ਸਿੱਖ ਸੂਰਬੀਰਤਾ ਹੈ।

**ਖੋਜ ਲੱਭਤਾਂ: ਇਸ ਖੋਜ ਕਾਰਜ ਦੀਆਂ ਖੋਜ ਲੱਭਤਾਂ ਨਿਮਨ ਲਿਖਤਾ ਹਨ**:-

ਸੂਰਬੀਰਤਾ ਦਾ ਖੇਤਰ ਕੇਵਲ ਯੁੱਧ-ਭੂਮੀ ਤੱਕ ਹੀ ਸੀਮਤ ਨਹੀਂ ਹੁੰਦਾ ਬਲਕਿ ਸੂਰਬੀਰਤਾ ਆਪਣੇ ਸਧਾਰਨ ਤੌਰ ’ਤੇ ਜਾਣੇ ਜਾਂਦੇ ਰੂਪ (ਸਰੀਰਕ ਸੂਰਬੀਰਤਾ) ਤੋਂ ਇਲਾਵਾ ਇਸ ਦੀਆਂ ਹੋਰ ਕਿਸਮਾਂ ਵੀ ਜਿਵੇਂ ਕਿ ਅਧਿਆਤਮਕ ਸੂਰਬੀਰਤਾ, ਨੈਤਿਕ ਸੂਰਬੀਰਤਾ, ਮਾਨਸਕ ਸੂਰਬੀਰਤਾ, ਸਰੀਰਕ ਸੂਰਬੀਰਤਾ ਆਦਿ ਹਨ।

1. ਅਧਿਆਤਮਕ ਸੂਰਬੀਰਤਾ ਦੀ ਪ੍ਰਕਿਰਤੀ ਸਾਹਮਣੇ ਆਈ ਹੈ ਜਿਸ ਅਨੁਸਾਰ ਮਨੁੱਖ ਦਾ ਆਪਣੇ ਮਨ ਨੂੰ ਪਰਮਾਤਮਾ ਦੇ ਮਿਲਾਪ ਲਈ ਜਿੱਤ ਲੈਣਾ ਹੀ ਅਧਿਆਤਮਕ ਸੂਰਬੀਰਤਾ ਹੈ। ਅਧਿਆਤਮਕ ਸੂਰਬੀਰਤਾ ਦੇ ਕਾਰਜ ਖੇਤਰ ਵਿਚ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਨਾਲ ਗੁਰ ਸ਼ਬਦ ਦੀ ਓਟ ਨਾਲ ਨਜਿੱਠਣਾ ਸ਼ਾਮਲ ਹੈ ਜੋ ਕਿ ਜਿਗਿਆਸੂ ਦੇ ਆਪਣੇ ਅੰਦਰੂਨੀ ਮੰਡਲ ਉਪਰ ਹਮਲਾ ਕਰਨ ਵਾਲੇ ਇਨ੍ਹਾਂ ਪੰਜਾਂ ਨੂੰ ਵਸ ਵਿਚ ਕਰਨ ਵਿਚ ਸਹਾਇਕ ਹੁੰਦੀ ਹੈ। ਜਿਗਿਆਸੂ ਦੇ ਮਨ ਅੰਦਰਲੀ ਵੀਰਤਾ ਨੂੰ ਗੁਰਮਤਿ ਸਿਧਾਤਾਂ ਦੇ ਵਿਹਾਰ ਰਾਹੀਂ ਸਰੀਰਕ ਬਹਾਦਰੀ ਵਿਚ ਬਦਲਿਆ ਜਾ ਸਕੇਗਾ ਜੋ ਇਸ ਸਾਰੀ ਪ੍ਰਕਿਰਿਆ ਦਾ ਮੁੱਖ ਉਦੇਸ਼ ਹੈ। ਇਹਨਾਂ ਸਿਧਾਂਤਾਂ ਦਾ ਧਾਰਨੀ ਸੂਰਮਾ ਮਾਨਸਕ ਪੱਖੋਂ ਬਲਵਾਨ ਹੋ ਜਾਂਦਾ ਹੈ। ਇਹ ਸੂਰਬੀਰਤਾ ਸਦਗੁਣਾਂ ਦੀ ਸਦੀਵ ਕਾਇਮੀ ਲਈ ਸਾਰਥਕ ਅਤੇ ਮੁੱਢਲੀ ਭਾਵਨਾ ਹੈ। ਸਦਗੁਣ ਬਹਾਦਰੀ ਦੇ ਸਰੂਪ ਨੂੰ ਪਵਿੱਤਰ ਬਣਾਈ ਰੱਖਦੇ ਹਨ ਅਤੇ ਵਿਅਕਤੀ ਦਾ ਸੰਘਰਸ਼ ਜ਼ਰ, ਜ਼ੋਰੂ ਜ਼ਮੀਨ ਤੋਂ ਉਪਰ ਉਠ ਜਾਂਦਾ ਹੈ। ਮਨੁੱਖ ਪ੍ਰੇਮ, ਸਹਿਜ, ਨਿਮਰਤਾ, ਸ਼ੀਲ, ਸੰਤੋਖ ਨੂੰ ਧਾਰਨ ਕਰਦਾ ਹੋਇਆ ਆਪਣਾ ਮੁੱਖ ਉਦੇਸ਼ ਪਰਮਾਤਮਾ ਨਾਲ ਅਭੇਦਤਾ ਵੱਲ ਸੇਧਤ ਹੋ ਪਾਉਂਦਾ ਹੈ। ਇਸ ਦੇ ਲਈ ਸਿੱਖ ਸੂਰਮਾ ਸ਼ਹਾਦਤ ਨੂੰ ਵੀ

ਅਪਣਾਉਣ ਵਿਚ ਚਾਅ ਅਤੇ ਆਤਮਕ ਅਨੰਦ ਮਹਿਸੂਸ ਕਰਦਾ ਹੈ।

2. ਸਮਾਜਕ ਸੂਰਬੀਰਤਾ ਦੇ ਵਿਹਾਰ ਲਈ ਨੈਤਿਕ ਸੂਰਬੀਰਤਾ ਦਾ ਅਹਿਮ ਰੋਲ ਹੈ। ਨੈਤਿਕ ਸੂਰਬੀਰਤਾ ਦੇ ਵਿਹਾਰ ਵਿਚ ਜੀਵਨ ਸੰਘਰਸ਼ ਦਾ ਸਾਹਮਣਾ ਕਰਨ ਵਾਲੇ ਸੂਰਮੇ ਦੀ ਬਹਾਦਰੀ ਇਸ ਵਿੱਚ ਰਹਿੰਦੀ ਹੈ ਕਿ ਉਹ ਹਲੀਮੀ, ਨਿਮਰਤਾ, ਸਹਿਜ, ਖਿਮਾ, ਉਚ-ਆਚਰਨ ਆਦਿ ਨੂੰ ਵਰਤਦਾ ਹੈ। ਸੁਚੱਜਾ ਸਿਪਾਹੀ ਜੰਗ ਵਿੱਚ ਬੇਹਤਰੀਨ ਤੌਰ ਤਰੀਕਿਆਂ ਨਾਲ ਮੈਦਾਨਿ-ਜੰਗ ਨੂੰ ਤਾਂ ਜਿੱਤ ਲੈਂਦਾ ਹੈ ਪਰ ਘਰੋਗੀ ਅਤੇ ਸਮਾਜਕ ਜੀਵਨ ਦੀਆਂ ਦੁਖ, ਤਕਲੀਫ਼ਾਂ ਅੱਗੇ ਹਾਰ ਜਾਂਦਾ ਹੈ। ਨੈਤਿਕ ਸੂਰਬੀਰਤਾ ਮਨੁੱਖ ਨੂੰ ਅਜਿਹੀ ਤਾਕਤ ਪ੍ਰਦਾਨ ਕਰਦੀ ਹੈ ਕਿ ਜਿਸ ਨਾਲ ਉਹ ਰੋਜ਼ਮਰਾ ਦੀ ਜ਼ਿੰਦਗੀ ਵਿੱਚ ਕਿਸੇ ਵੀ ਔਕੜ ਦਾ ਸਾਹਮਣਾ ਕਰਨ ਲਈ ਡਟ ਜਾਂਦਾ ਹੈ ਅਤੇ ਹਮੇਸ਼ਾ ਆਪਣੇ ਮਾਨਸਕ ਪੱਧਰ ਨੂੰ ਉਚੇਰੀਆਂ ਕੀਮਤਾਂ ਨਾਲ ਸਮਲਿਤ ਰੱਖਦਾ ਹੈ। ਸੂਰਬੀਰਤਾ ਦੇ ਸਿੱਖ ਪਰਿਪੇਖ ਵਿੱਚ ਨੈਤਿਕ ਬਹਾਦਰੀ ਦਾ ਸਰੂਪ ਇਸਦੇ ਆਤਮਿਕ ਗੁਣਾਂ ਤੋਂ ਨਿਰਧਾਰਤ ਹੁੰਦਾ ਹੈ। ਮਨੁੱਖ ਦੀ ਸੁਚੱਜੀ ਜੀਵਨ ਜਾਚ ਦੀ ਰੂਪ ਰੇਖਾ ਨੈਤਿਕ ਬਹਾਦਰੀ ਰਾਹੀਂ ਦ੍ਰਿਸ਼ਟਮਾਨ ਹੁੰਦੀ ਹੈ ਅਤੇ ਮਨ ਦੀ ਤਾਕਤ ਬਣ ਜਾਂਦੀ ਹੈ। ਇਹ ਮਾਨਸਕ ਤਾਕਤ ਹੀ ਸਿੱਖ ਅੰਦਰ ਸਰਬੋਤਮ ਕੀਮਤਾਂ ਦੇ ਪਰਵਾਹ ਅਤੇ ਰਵਾਨਗੀ ਨੂੰ ਚਲਾਏਮਾਨ ਰੱਖਦੀ ਹੈ।

3. ਸਿੱਖ ਸੂਰਬੀਰਤਾ ਦੇ ਦਾਇਰੇ ਦੀ ਨਿਸ਼ਾਨਦੇਹੀ ਕਰਦਿਆਂ ਇਹ ਗੱਲ ਸਪੱਸ਼ਟ ਹੋਈ ਹੈ ਕਿ ਸਿੱਖ ਸੂਰਬੀਰਤਾ ਦਾ ਮੂਲ ਸਰੋਤ ਇਕ ਅਕਾਲ ਪੁਰਖ ਹੈ ਜਦਕਿ ਗੁਰੂ ਇਸ ਨੂੰ ਸਿੱਖ ਅੰਦਰ ਉਦੀਪਤ ਕਰਦਾ ਹੈ ਅਤੇ ਸਤਿ ਸੰਗਤ ਵਿਚ ਰਹਿ ਕੇ ਇਸ ਦਾ ਅਭਿਆਸ ਪ੍ਰਪੱਕਤਾ ਗਹਿਣ ਕਰਦਾ ਹੈ। ਸੋ ਸਿੱਖ ਸੂਰਬੀਰਤਾ ਦਾ ਸਿੱਖ ਚਿੰਤਨ ਦੇ ਤਿੰਨਾਂ ਸੰਕਲਪਾਂ ਅਕਾਲ ਪੁਰਖ, ਗੁਰੂ ਤੇ ਸਤਿਸੰਗਤ ਨਾਲ ਗੂੜ੍ਹਾ ਸੰਬੰਧ ਹੈ। ਸਿੱਖ ਦੀ ਜੀਵਨ ਸ਼ੈਲੀ ਵਿੱਚ ਸੂਰਬੀਰਤਾ ਦਾ ਜਜ਼ਬਾ ਹਮੇਸ਼ਾ ਬਣਿਆ ਰਹਿੰਦਾ ਹੈ। ਅਕਾਲ ਪੁਰਖ, ਗੁਰੂ ਅਤੇ ਸਤਸੰਗਤਿ ਨਾਲ ਸੂਰਬੀਰਤਾ ਦਾ ਆਪਸੀ ਸੰਬੰਧ ਹੋਣ ਕਾਰਨ ਸੂਰਬੀਰਤਾ ਦੀ ਸਦੀਵ ਹੋਂਦ ਬਰਕਰਾਰ ਹੈ। ਇਹੀ ਤਿੰਨੇ ਸੰਕਲਪ ਅਧਿਆਤਮਕ, ਸਮਾਜਕ, ਅਤੇ ਸਰੀਰਕ

ਸੂਰਬੀਰਤਾ ਦੀ ਅਧਾਰਸ਼ਿਲ੍ਹਾ ਹਨ। ਸ਼ਹਾਦਤ ਸਿੱਖ ਸੂਰਬੀਰਤਾ ਦਾ ਪਵਿੱਤਰ ਅਤੇ ਸਿਖਰਲਾ ਪੱਧਰ ਹੈ। ਸ਼ਹਾਦਤ ਨਾਲ ਸਿੱਖ ਸੂਰਮਿਆਂ ਅੰਦਰ ਸੂਰਬੀਰਤਾ ਦੇ ਸਿਰਜਕ ਗੁਣ ਪੈਦਾ ਵੀ ਹੁੰਦੇ ਹਨ ਅਤੇ ਕਈ ਸਥਿਤੀਆਂ ਵਿਚ ਇਹ ਸਿੱਖ ਦੀ ਮੰਜ਼ਿਲ ਵੀ ਬਣ ਜਾਂਦੀ ਹੈ ਜਿਥੇ ਪਹੁੰਚਣ ਦਾ ਸਿੱਖਾਂ ਅੰਦਰ ਇਕ ਅਨੂਠੇ ਕਿਸਮ ਦਾ ਚਾਅ ਵੇਖਣ ਨੂੰ ਮਿਲਦਾ ਹੈ।

4. ਸਿੱਖ ਸੂਰਬੀਰਤਾ ਮਨੁੱਖਤਾ ਦੀ ਹਰ ਪ੍ਰਕਾਰ ਦੀ ਉੱਨਤੀ ਵਾਸਤੇ ਮੁਖ ਤਾਕਤ ਵਜੋਂ ਕਾਰਜਸ਼ੀਲ ਰਹਿੰਦੀ ਹੈ। ਪੇਸ਼ ਕੀਤੇ ਗਏ ਖੋਜ-ਕਾਰਜ ਅਨੁਸਾਰ ਸੂਰਬੀਰਤਾ ਖਾਸ ਕਰ ਸਿੱਖ ਸੂਰਬੀਰਤਾ ਪਵਿੱਤਰ ਭਾਵਨਾ ਹੈ ਜੋ ਜੀਵਨ ਦੇ ਹਰ ਸੰਘਰਸ਼ ਵਿਚ ਜੂਝਣ ਦੀ ਭਾਵਨਾ ਹੈ।

## ਖੋਜ ਦੀ ਸਾਰਥਿਕਤਾ

ਹਥਲਾ ਖੋਜ-ਕਾਰਜ ਸਿੱਖ ਸੂਰਬੀਰਤਾ ਦੀ ਵਿਲੱਖਣਤਾ ਬਾਰੇ ਇਕ ਨਵੀਂ ਦ੍ਰਿਸ਼ਟੀ ਨੂੰ ਪੇਸ਼ ਕਰਦਾ ਹੈ ਕਿ ਸਿੱਖ ਸਰੋਕਾਰਾਂ ਵਿਚ ਸਰੀਰਕ ਸੂਰਬੀਰਤਾ ਨੂੰ ਵਿਹਾਰ ਵਿਚ ਲਿਉਣ ਤੋਂ ਪਹਿਲਾ ਅਧਿਆਤਮਕ, ਮਾਨਸਕ, ਨੈਤਿਕ, ਅਤੇ ਸਮਾਜਕ ਪੱਖਾਂ ਦੀ ਆਪਸੀ ਸੁਮੇਲਤਾ ਹੈ। ਇਹਨਾਂ ਤੋਂ ਬਗੈਰ ਸਰੀਰਕ ਸੂਰਬੀਰਤਾ ਨੂੰ ਵਿਹਾਰ ਵਿਚ ਨਹੀ ਲਿਆਂਦਾ ਜਾ ਸਕਦਾ ਹੈ ਅਤੇ ਜੇ ਵਿਹਾਰ ਵਿਚ ਅਉਂਦੀ ਵੀ ਹੈ ਤਾਂ ਇਸ ਸੂਰਬੀਰਤਾ ਉੱਪਰ ਕਿਸੇ ਵੀ ਸਮੇਂ ਜੁਲਮੀ ਰੂਪ ਧਾਰਨ ਕਰ ਲੈਣ ਦਾ ਖਤਰਾ ਬਣਿਆ ਰਹਿੰਦਾ ਹੈ, ਭਾਵੇਂ ਇਤਿਹਾਸਕ ਸਰਵੇਖਣ ਤੋਂ ਪਤਾ ਚਲਦਾ ਹੈ ਕਿ ਸਿੱਖ ਦੀ ਸੂਰਬੀਰਤਾ ਕਦੇ ਵੀ ਆਪਣੇ ਸਰਬੱਤ ਦੇ ਭਲੇ ਦੇ ਮਾਰਗ ਤੋਂ ਭਟਕਦੀ ਨਹੀਂ। ਇਹ ਖੋਜ ਕਾਰਜ ਸਿੱਖ ਸੂਰਬੀਰਤਾ ਦੇ ਸਿਧਾਂਤਕ ਅਤੇ ਵਿਹਾਰਕ ਮਾਡਲ ਸਮਝਣ ਪ੍ਰਤੀ ਰੁਚਿਤ ਸੀ। ਗੁਰਬਾਣੀ ਤੋਂ ਮਿਲਦੀ ਸਿਧਾਂਤਕ ਰੌਸ਼ਨੀ ਅਤੇ ਇਸਦੇ ਇਤਿਹਾਸ ਵਿਚ ਪ੍ਰਗਟ ਹੋਏ ਰੂਪ ਨੂੰ ਸਿੱਖ ਸੂਰਬੀਰਤਾ ਦੀਆਂ ਵਿਸੇਸ਼ਤਾਈਆਂ ਨੂੰ ਉਜਾਗਰ ਕਰਨ ਲਈ ਵਿਚਾਰਿਆ ਗਿਆ ਹੈ।

ਸਿੱਖ ਸੂਰਬੀਰਤਾ ਦਾ ਸਿਧਾਂਤਕ ਅਧਿਐਨ ਤੋਂ ਪਤਾ ਲੱਗਾ ਹੈ ਕਿ ਸਿੱਖ ਸੂਰਬੀਰਤਾ ਦੇ ਹੋਰ ਪਹਿਲੂਆਂ ਦੇ ਅਕਾਦਮਿਕ ਅਧਿਐਨ ਲਈ ਜਰੂਰਤ ਹੈ। ਇਸ ਅਧਿਐਨ ਵਿਚਲੀਆਂ

ਨਿਸ਼ਾਨਦੇਹੀਆਂ ਦੀ ਰੌਸ਼ਨੀ ਵਿਚ ਗੁਰੂ ਸਾਹਿਬਾਨ ਦੇ ਸ਼ਖਸੀਅਤ ਚਿਤਰਣ ਅਤੇ ਸਿੱਖ ਜੀਵਨ ਜਾਚ ਵਿਚ ਪਰੰਪਰਾਗਤ ਪਹੁੰਚ ਤੋਂ ਬਾਹਰ ਦੇ ਕੁਝ ਨਵੇਂ ਪਹਿਲੂਆਂ ਅਤੇ ਵਿਆਖਿਆਵਾਂ ਦਾ ਵਾਧਾ ਹੋਵੇਗਾ ਅਤੇ ਸੂਰਬੀਰਤਾ ਸਿੱਖ ਚਰਿੱਤਰ ਦੇ ਬਾਕੀ ਗੁਣਾਂ ਨੂੰ ਪਰੋਣ ਵਾਲਾ ਕੇਂਦਰੀ ਸੂਤਰ ਵੀ ਵਿਦਿਤ ਹੋਵੇਗਾ।

# ਪੁਸਤਕ ਸੂਚੀ


**ਪੰਜਾਬੀ**

ਅਸ਼ੋਕ, ਸਮਸ਼ੇਰ ਸਿੰਘ (1988) *ਪੰਜਾਬੀ ਵੀਰ ਪਰੰਪਰਾ ਸਤਾਰਵੀਂ ਸਦੀ ਦੀ,* ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਅਜਮੇਰ ਸਿੰਘ (2015) *ਸਿੱਖਾਂ ਦੀ ਸਿਧਾਂਤਕ ਘੇਰਾਬੰਦੀ,* ਸਿੰਘ ਬ੍ਰਦਰਜ਼, ਅੰਮ੍ਰਿਤਸਰ।

ਅਮਰ ਸਿੰਘ, ਅਨੁ. ਸੰਪਾ. (2009) *ਸ੍ਰੀਮਦ ਭਗਵਦ੍-ਗੀਤਾ,* ਸੰਗਮ ਪਬਲੀਕੇਸ਼ਨ, ਪਟਿਆਲਾ।

ਸਹਿਗਲ, ਉਜਾਗਰ ਸਿੰਘ (1989) *ਗੋਰਖ ਬਾਣੀ* , ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਸ਼ਹੀਦ, ਮਨੀ ਸਿੰਘ ਭਾਈ, ਭਾਈ ਵੀਰ ਸਿੰਘ, ਸੰਪਾ.(1922) *ਸਿੱਖਾਂ ਦੀ ਭਗਤ ਮਾਲਾ,* ਅੰਮ੍ਰਿਤਸਰ।

ਸੰਤੋਖ ਸਿੰਘ (2011), *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਭਾਸ਼ਾ ਵਿਭਾਗ ਪੰਜਾਬ,

ਸਮਸ਼ੇਰ ਸਿੰਘ (1995) *ਸਿੱਖ ਧਰਮ ਵਿੱਚ ਆਦਰਸ਼ ਮਨੁੱਖ ਦਾ ਸੰਕਲਪ,* ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਸਵਿੰਦਰਜੀਤ ਕੌਰ (2000) *ਸਮਾਜ ਵਿਗਿਆਨ ਦੇ ਮੂਲ ਸੰਕਲਪ,* ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਸਿੱਧੂ ਗੁਰਮੀਤ ਸਿੰਘ (2004) *ਸਿੱਖ ਪੰਥ ਨਵੇਂ ਯੁੱਗ ਦੇ ਸਨਮੁੱਖ,* ਅਦਬ ਪ੍ਰਕਾਸ਼ਨ।

———————— (2008) *ਸਿੱਖ ਪਛਾਣ ਵਿਚ ਕੇਸਾਂ ਦਾ ਮਹੱਤਵ,* ਅਦਬ ਪ੍ਰਕਾਸ਼ਨ, ਪਟਿਆਲਾ।

———————— (2016) *ਸਿੱਖੀ ਅਤੇ ਸਿੱਖਾਂ ਦਾ ਭਵਿਖ,* ਸਿੰਘ ਬ੍ਰਦਰਜ਼, ਅੰਮ੍ਰਿਤਸਰ।

ਸਿਰਦਾਰ, ਕਪੂਰ ਸਿੰਘ (2006) *ਰਾਜ ਕਰੇਗਾ ਖਾਲਸਾ,* ਧਰਮ ਪ੍ਰਚਾਰ ਕਮੇਟੀ, ਦਿੱਲੀ।

———————— (2009) ਸੰਪਾ. ਜੈਤੇਗ ਸਿੰਘ ਅਨੰਤ, *ਪੰਚਨਦ,* ਹਰਿਦਰਸਨ, ਚੰਡੀਗੜ੍ਹ।

————————(2009) *ਗੁਰੂ ਗੋਬਿੰਦ ਸਿੰਘ ਜੀ ਦੀ ਵੈਸਾਖੀ,* ਵਾਰਿਸ ਸ਼ਾਹ ਫਾਉਂਡੇਸ਼ਨ ਅੰਮ੍ਰਿਤਸਰ।

ਸੁਖਦਿਆਲ ਸਿੰਘ (2003)*ਖਾਲਸਾ ਰਾਜ ਦਾ ਬਾਨੀ ਬੰਦਾ ਸਿੰਘ ਬਹਾਦਰ-1708-1716,* ਪੰਜਾਬੀ ਯੂਨੀਵਰਸਿਟੀ, ਪਟਿਆਲਾ।

———————— (2009) *ਗੁਰੂ ਹਰਿਗੋਬਿੰਦ ਸਾਹਿਬ ਜੀਵਨ, ਯੁੱਧ ਤੇ ਯਾਤਰਾਵਾਂ* , ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਸ਼ੇਰ ਸਿੰਘ (2010) *ਗੁਰਮਤਿ ਦਰਸ਼ਨ,* ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ।

ਸੇਵਕ, ਸੇਵਾ ਸਿੰਘ (1969) *ਪ੍ਰਾਚੀਨ ਜਨਮ ਸਾਖੀ-ਸ੍ਰੀ ਗੁਰੂ ਨਾਨਕ ਦੇਵ ਜੀ,* ਨਿਊ ਬੁਕ ਕੰਪਨੀ, ਜਲੰਧਰ

ਹਜ਼ਾਰਾ ਸਿੰਘ, ਵੀਰ ਸਿੰਘ (1962) *ਸਟੀਕ ਵਾਰਾਂ ਭਾਈ ਗੁਰਦਾਸ,* ਖਾਲਸਾ ਸਮਾਚਾਰ, ਅੰਮ੍ਰਿਤਸਰ।

ਹਰਬੰਸ ਸਿੰਘ (1987) *ਦੇਗ ਤੇਗ ਫਤਹ,* ਆਲਮ ਹਾਉਸ, ਚੰਡੀਗੜ੍ਹ।

———————— (1997) ਸਾਡਾ ਵਿਰਸਾ, ਨਵਯੁੱਗ, ਦਿੱਲੀ।

ਹਿਸਟੋਰੀਅਨ, ਕਰਮ ਸਿੰਘ, (ਮਿਤੀਹੀਨ) *ਅਮਰ ਖਾਲਸਾ,* ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ।

ਕੁਇਰ ਸਿੰਘ (1999) *ਗੁਰ ਬਿਲਾਸ ਪਾਤਸ਼ਾਹੀ 10,* ਸੰਪਾ. ਸ਼ਮਸ਼ੇਰ ਸਿੰਘ ਅਸ਼ੋਕ, ਪੰਜਾਬੀ ਯੂਨੀਵਰਸਿਟੀ ਪਟਿਆਲਾ।

ਕੋਹਲੀ, ਸੁਰਿੰਦਰ ਸਿੰਘ ਸੰਪਾ.(1975) *ਜਨਮ ਸਾਖੀ ਭਾਈ ਬਾਲਾ,* ਪੰਜਾਬ ਯੂਨੀਵਰਸਿਟੀ ਚੰਡੀਗੜ੍ਹ।

ਕੋਹਲੀ, ਤੇਜਾ ਸਿੰਘ (1956) *ਸੂਰਬੀਰਤਾ ਤੇ ਸ੍ਰੈਸਟਾਚਾਰ,* ਕੋਹਲੀ ਪਬਲਿਸ਼ਰਜ਼, ਅੰਮ੍ਰਿਤਸਰ

ਗੰਡਾ ਸਿੰਘ (2016) *ਬੰਦਾ ਸਿੰਘ ਬਹਾਦਰ,* ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਗਿਆਨ, ਸਿੰਘ ਗਿਆਨੀ (2011) *ਤਵਾਰੀਖ ਗੁਰ ਖਾਲਸਾ* , ਭਾਸ਼ਾ ਵਿਭਾਗ ਪੰਜਾਬ।

———————— ( 1970) *ਪੰਥ ਪ੍ਰਕਾਸ਼,* ਭਾਸ਼ਾ ਵਿਭਾਗ ਪੰਜਾਬ।

ਗਿਆਨੀ, ਗੁਰਦਿੱਤ ਸਿੰਘ (ਦਸੰਬਰ 1976) "*ਬੀਰਤਾ ਦੇ ਪੁੰਜ ਗੁਰੂ ਗੋਬਿੰਦ ਸਿੰਘ,*" ਸਿੰਘ ਸਭਾ ਪੱਤ੍ਰਿਕਾ, ਪੰਨੇ 29-38, ਅੰਮ੍ਰਿਤਸਰ।

ਗੁਰਭਗਤ ਸਿੰਘ (2010) *ਵਿਸਮਾਦੀ ਪੂੰਜੀ* , ਸਿੰਘ ਬ੍ਰਦਰਜ਼, ਅੰਮ੍ਰਿਤਸਰ।

ਚਾਵਲਾ, ਹਰਬੰਸ ਸਿੰਘ (1982) *ਗੁਰੂ ਅਮਰਦਾਸ ਜੀਵਨ ਤੇ ਉਪਦੇਸ਼,* ਦਿੱਲੀ ਯੂਨੀਵਰਸਿਟੀ, ਦਿੱਲੀ।

ਛਿੱਬਰ, ਕੇਸਰ ਸਿੰਘ, *ਬੰਸਾਵਲੀਨਾਮਾ,* ਸੰਪਾ. ਪਿਆਰਾ ਸਿੰਘ ਪਦਮ (2005) ਸਿੰਘ ਬ੍ਰਦਰਜ਼, ਅੰਮ੍ਰਿਤਸਰ।

ਜਗਜੀਤ ਸਿੰਘ (2002) *ਸਿੱਖ ਇਨਕਲਾਬ, ਸ੍ਰੋਮਣੀ* , ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ,

ਜੋਗਿੰਦਰ ਸਿੰਘ (1986) *ਜਿਨ੍ਹੀ ਧਰਮ ਨਹੀ ਹਾਰਿਆ,* ਪ੍ਰੀਤ ਪ੍ਰਕਾਸ਼ਨ, ਦਿੱਲੀ।

ਜੋਗਿੰਦਰ ਸਿੰਘ (ਅਪ੍ਰੈਲ ਮਈ, 1963) "ਬੀਰਤਾ ਦਾ ਨੈਤਿਕ ਅਧਿਐਨ" *ਪੰਜਾਬੀ ਦੁਨੀਆਂ-ਬੀਰ ਅੰਕ,* ਪੰਜਾਬੀ ਵਿਭਾਗ ਪੰਜਾਬ ਪਟਿਆਲਾ।

ਜੋਧ ਸਿੰਘ (1945) *ਗੁਰਮਤਿ ਨਿਰਣਯ,* ਲਾਹੌਰ ਬੁੱਕ ਸ਼ਾਪ, ਲੁਧਿਆਣਾ ।

ਜੋਧ ਸਿੰਘ (2007) *ਗੁਰੂ ਅਰਜਨ ਦੇਵ-ਸ਼ਹੀਦੀ ਅਤੇ ਰਚਨਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਢਿੱਲੋਂ, ਜਸਵਿੰਦਰ ਕੌਰ (1982) *ਗੁਰੂ ਨਾਨਕ ਦੀ ਕੀਮਤ-ਮੀਮਾਂਸਾਂ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।

ਤਾਤਲੇ, ਸੰਤਾ ਸਿੰਘ (1998) *ਗੁਰਬਾਣੀ ਤੱਤ ਸਾਗਰ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।

ਤਾਲਿਬ, ਗੁਰਬਚਨ ਸਿੰਘ (ਮਿਤੀਹੀਨ) *ਧਾਰਮਿਕ ਖੋਜ ਨਿਬੰਧ,* ਪੰਜਾਬੀ ਸਾਹਿਤ ਅਕਾਦਮੀ, ਪੰਜਾਬੀ ਭਵਨ, ਲੁਧਿਆਣਾ।

ਤੇਜਾ ਸਿੰਘ ਅਤੇ ਗੰਡਾ ਸਿੰਘ (1985) *ਸਿੱਖ ਇਤਿਹਾਸ,* ਪੰਜਾਬੀ ਯੂਨੀਵਰਸਿਟੀ, ਪਟਿਆਲਾ।

―――――――― (2003) *ਸਿੱਖ ਇਤਿਹਾਸ 1469-1765 ,* ਪੰਜਾਬੀ ਯੂਨੀਵਰਸਿਟੀ ਪਟਿਆਲਾ।

―――――――― (2006) *ਸਿੱਖ ਇਤਿਹਾਸ,* ਅਨੁ. ਭਗਤ ਸਿੰਘ, ਪੰਜਾਬੀ ਯੂਨੀਵਰਸਿਟੀ,

ਪਟਿਆਲਾ।

ਤੇਜਾ ਸਿੰਘ (1974) *ਸਿੱਖ ਇਤਿਹਾਸ ਦੀਆਂ ਝਾਕੀਆਂ (ਭਾਗ ਪਹਿਲਾ)* ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਦੀਵਾਨ ਸਿੰਘ (1988) *ਸਿੱਖ ਧਰਮ ਬਾਰੇ,* ਪੰਜਾਬੀ ਰਾਈਟਰਜ਼, ਲੁਧਿਆਣਾ।

ਧੀਰ, ਕੁਲਦੀਪ ਸਿੰਘ (2003) *ਮੌਲਿਕ ਸਿੱਖ ਇਤਿਹਾਸ ਇਕ ਵਿਗਿਆਨਕ ਦਰਿਸ਼ਟੀਕੋਣ,* ਸੰਤ ਈਸ਼ਰ ਸਿੰਘ ਰਾੜੇਵਾਲਾ ਐਜੂਕੇਸ਼ਨ ਟਰੱਸਟ।

ਨਾਭਾ, ਭਾਈ ਕਾਨ੍ਹ ਸਿੰਘ (1970) *ਗੁਰਮਤਿ ਪ੍ਰਭਾਕਰ ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ।

ਨੇਕੀ, ਜਸਵੰਤ ਸਿੰਘ (2007) *ਸਦਾ ਵਿਗਾਸ,* ਸਿੰਘ ਬ੍ਰਦਰਜ਼, ਅੰਮ੍ਰਿਤਸਰ।

ਪੂਰਨ ਸਿੰਘ (*2007*) *ਸਿੱਖੀ ਦੀ ਆਤਮਾ,* ਕਿਰਪਾਲ ਸਿੰਘ ਕਸੇਲ (ਅਨੁ.) ਲਾਹੌਰ ਬੁੱਕ ਸ਼ਾਪ, ਲੁਧਿਆਣਾ।

ਬਲਕਾਰ ਸਿੰਘ (1999) *ਸਿੱਖ ਰਹੱਸਵਾਦ,* ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਬਲਬੀਰ ਸਿੰਘ (1987) *ਤੀਜੀ ਪਾਤਸ਼ਾਹੀ ਸ੍ਰੀ ਗੁਰੂ ਅਮਰਦਾਸ ਜੀ ਦੈਵੀ ਜੀਵਨ –ਦੈਵੀ ਸੰਦੇਸ਼,* ਸ੍ਰੀ ਗੁਰੂ ਅਮਰਦਾਸ ਫਾਉਂਡੇਸ਼ਨ, ਚੰਡੀਗੜ੍ਹ।

ਬੀਰ, ਰਘਬੀਰ ਸਿੰਘ (1984) *ਸਫਲ ਜੀਵਨ,* ਆਤਮ ਸਾਇੰਸ, ਦਿੱਲੀ।

ਬੇਦੀ, ਸੁਖਬਾਸੀ ਰਾਮ (1986) *ਗੁਰੂ ਨਾਨਕ ਬੰਸ ਪ੍ਰਕਾਸ਼,* ਪਜਾਬੀ ਯੂਨੀਵਰਸਿਟੀ, ਪਟਿਆਲਾ।

ਬੈਨਰਜੀ, ਇੰਦੂਭੂਸ਼ਨ (2009)*ਖਾਲਸੇ ਦੀ ਉਤਪਤੀ- ਜਿਲਦ ਦੂਜੀ,* ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਭੱਲਾ, ਸਰੂਪ ਦਾਸ (1776), *ਮਹਿਮਾ ਪ੍ਰਕਾਸ਼* ( ਭਾਗ ਦੂਜਾ ), ਗੋਇੰਦਵਾਲ।

ਭਾਈ, ਸਾਹਿਬ ਰਣਧੀਰ ਸਿੰਘ (1994) *ਗੁਰਮਤਿ ਵਿਚਾਰ,* ਰਣਧੀਰ ਸਿੰਘ ਟ੍ਰੱਸਟ, ਲੁਧਿਆਣਾ।

ਭਾਈ, ਵੀਰ ਸਿੰਘ (2009) *ਗੁਰ ਬਾਲਮ ਸਾਖੀਆਂ,* ਭਾਈ ਵੀਰ ਸਿੰਘ ਸਾਹਿਤ ਸਦਨ, ਦਿੱਲੀ ਜਸਵੰਤ ਸਿੰਘ ਨੇਕੀ (2007) *ਸਦਾ ਵਿਗਾਸ,* ਸਿੰਘ ਬ੍ਰਦਰਜ਼, ਅੰਮ੍ਰਿਤਸਰ।

ਮਹਿਬੂਬ, ਹਰਿੰਦਰ ਸਿੰਘ (2015) *ਸਹਿਜੇ ਰਚਿਓ ਖਾਲਸਾ,* ਸਿੰਘ ਬ੍ਰਦਰਜ਼, ਅੰਮ੍ਰਿਤਸਰ।

ਮਨਮੋਹਨ ਸਿੰਘ (1987) *ਮਾਨਵੀ ਕਦਰਾਂ ਕੀਮਤਾਂ,* ਪੰਜਾਬੀ ਯੂਨੀਵਰਸਿਟੀ, ਪਟਿਆਲਾ।

———————— (1988) *ਭਾਰਤੀ ਧਰਮ ਅਤੇ ਨੈਤਿਕਤਾ, ਪੰਜਾਬੀ* ਯੂਨੀਵਰਸਿਟੀ, ਪਟਿਆਲਾ।

———————— (1994) *ਧਰਮ ਦਾ ਵਿਕਾਸ ਅਤੇ ਗੁਰਮਤਿ,* ਪੰਜਾਬੀ ਯੂਨੀਵਰਸਿਟੀ, ਪਟਿਆਲਾ,

ਮੁਹੰਮਦ ਇਕਬਾਲ (2008) *ਕੁਲਯਾਤ ਏ ਇਕਬਾਲ,* ਫ਼ਰੀਦ ਬੁੱਕ ਡਿਪੂ, ਦਿੱਲੀ।

ਮੈਕਾਲਿਫ (2010) *ਸਿੱਖ ਇਤਿਹਾਸ-ਭਾਗ 1,2,* ਅਜਾਇਬ ਸਿੰਘ ਅਤੇ ਜੀ.ਐਸ. ਔਲਖ (ਅਨੁ.) ਲਾਹੌਰ ਬੁੱਕ ਸ਼ਾਪ, ਲੁਧਿਆਣਾ।

ਲਾਲ ਸਿੰਘ (1971) *ਪੰਜਾਬ ਦੀ ਬੀਰ ਪਰੰਪਰਾ ਆਦਿ ਕਾਲ ਤੋਂ ਅਧੁਨਿਕ ਕਾਲ ਤੱਕ,* ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਵਜ਼ੀਰ ਸਿੰਘ (1990) *ਨੈਤਿਕ ਨਿਯਮ,* ਪੰਜਾਬੀ ਯੂਨੀਵਰਸਿਟੀ, ਪਟਿਆਲਾ ।

ਵੈਦ, ਮੋਹਨ ਸਿੰਘ (1920) *ਸਦਾਚਾਰ,* ਵਜ਼ੀਰ ਹਿੰਦ ਪ੍ਰੈਸ, ਤਰਨ ਤਾਰਨ।

———————— (1920) *ਧੀਰਜ ਅਤੇ ਸੱਚੀ ਸੂਰਬੀਰਤਾ,* ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ।

**ਅੰਗਰੇਜ਼ੀ**

Avtar Singh (1991) *"Ethics of The Sikhs*" Punjabi University, Patiala.

Bartlett, Robert C. and Susan D Collin tr. (2011) *Aristotle's Nicomachean Ethics,* The University of Chicago.

Dark, Henry L. ,ed. (1959) *Plato's Complete Works*, Littefield Adams and Co. Paterson, New Jersey.

Jain, Nirmal kumar (1979) *Sikh Religion and Pholosophy,* Sterling, New Delhi.

Krishnanda, Swami Rama *(1948) For Thinkers on Education,* Shri Rama

Krishan Math, Madras.

Mcleod, W.H. (1968) *Guru Nanak and Sikh Religion,* Oxford London, p.182.

O' Brien, John (1971) "*The Art of Courageous living*" Published St. Paul, London.

Otto, Rudolf (1958) The idea of Holy, oxford University, New York.

Scarre, Geoffery (2010) "*On Courage-Thinking in Action*" Roultedge London and New York.

Spencer, Anand (1997) *Understanding religion and Theories and Mthodology,* Vision Venture. Patiala, New Delhi

Tillich, Paul (1980) *The Courage To Be*, Yale University, London.

Titus, Harold H. (1966) *Ethics for Today,* Eurasia Publishing House, Delhi.

## ਕੋਸ਼ ਅਤੇ ਵਿਸ਼ਵ ਕੋਸ਼

ਪ੍ਰੇਮ ਪ੍ਰਕਾਸ਼ ਸਿੰਘ, ਸੰਪਾ. (2002) *ਸੰਸਕ੍ਰਿਤ ਪੰਜਾਬੀ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਹਰਕੀਰਤ ਸਿੰਘ, ਸੰਪਾ. (1988) *ਪੰਜਾਬੀ ਸ਼ਬਦ-ਰੂਪ ਤੇ ਸ਼ਬਦ-ਜੋੜ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ।

*ਫ਼ਾਰਸੀ-ਪੰਜਾਬੀ ਕੋਸ਼,* ਡਾ. ਰਜਿੰਦਰ ਸਿੰਘ ਲਾਂਬਾ, ਡਾ. ਰਜਿੰਦਰ ਸਿੰਘ ਲਾਂਬਾ ਸੰਪਾ. (1996) ਜੀਤ ਸਿੰਘ ਸੀਤਲ (ਸੰਕਲਨਕਰਤਾ) ਪ੍ਰੋ. ਗੁਲਵੰਤ ਸਿੰਘ-ਸੰਸੋਧਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਸ.ਸ.ਜੋਸ਼ੀ, ਮੁਖਤਿਆਰ ਸਿੰਘ ਗਿੱਲ (2002) *ਪੰਜਾਬੀ ਅੰਗਰੇਜ਼ੀ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਜੱਗੀ, ਰਤਨ ਸਿੰਘ (2005) *ਸਿੱਖ ਪੰਥ ਵਿਸ਼ਵ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ।

——————— (2002) *ਗੁਰੂ ਗ੍ਰੰਥ ਵਿਸ਼ਵ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਸ੍ਰੀ ਨਵਲ ਜੀ, ਸੰਪਾ. (2007 ਬਿ.) *ਵਿਸ਼ਾਲ ਨਾਲੰਦਾ ਸ਼ਬਦ ਸਾਗਰ,* ਆਦਰਸ਼ ਬੁਕ ਡਿਪੂ, ਦਿੱਲੀ।

ਸਿਆਮ, ਸੁੰਦਰਦਾਸ*,* ਸੰਪਾ. (1681) *ਹਿੰਦੀ ਸ਼ਬਦ ਸਾਗਰ,* ਭਾਗ-2, ਕੇਂਦਰੀ ਹਿੰਦੀ ਨਿਦੇਸ਼ਾਲਾ, ਵਾਰਾਣਸੀ।

Bhai, Maya Singh (1991) *The Punjabi Dictionary,* Language Department Punjab.

James, Hastings (ed.) *Encyclopedia of Religion and Ethics*, Charles Scribner's Son's, New York.

Jess, Stein (ed.)(1981) *The Random House Dictionary of the English Language*, Random House, New York.

## ਧਾਰਮਿਕ ਅਤੇ ਇਤਿਹਾਸਕ ਸ੍ਰੋਤ

ਸ਼ਬਦਾਰਥ *ਸ੍ਰੀ ਗੁਰੂ ਗ੍ਰੰਥ ਸਾਹਿਬ,* ਸਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ।

ਹਜ਼ਾਰਾ ਸਿੰਘ, ਵੀਰ ਸਿੰਘ (1962) *ਸਟੀਕ ਵਾਰਾਂ ਭਾਈ ਗੁਰਦਾਸ,* ਖਾਲਸਾ ਸਮਾਚਾਰ ਅੰਮ੍ਰਿਤਸਰ।

ਭਾਈ, ਸੰਤੋਖ ਸਿੰਘ (2011), *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ।

ਰਣਧੀਰ ਸਿੰਘ ਸੰਪਾ. (1975), *ਸਬਦਾਰਥ ਦਸਮ ਗ੍ਰੰਥ ਸਾਹਿਬ,* ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਰਤਨ ਸਿੰਘ ਜੱਗੀ, ਸੰਪਾ. (1999) *ਸ੍ਰੀ ਦਸਮ ਗ੍ਰੰਥ ਸਾਹਿਬ ਪਾਠ ਸੰਪਾਦਨ ਅਤੇ ਵਿਖਿਆਨ ਭਾਗ- ਪਹਿਲਾ,* ਚੰਡੀ ਚਰਿਤ੍ਰ ਸਾਹਿਤ ਸਦਨ, ਦਿੱਲੀ।

*ਤੁਲਸੀ ਦਾਸ* (ਮਿਤੀਹੀਨ) *ਤੁਲਸੀ ਦਾਸ ਰਮਾਇਣ* (ਸੁੰਦਰ ਕਾਂਡ) (ਅਨੁ.) ਹਰਸ਼ ਕੁਮਾਰ, ਹਰਸ਼, ਅਮਿਤ ਪਾਕੇਟ ਬੁੱਕਸ ਜਲੰਧਰ।

ISSN : 2277-2480
Impact Factor : 2.64
Price : 500
$ 70

# द्रष्टा रिसर्च जर्नल
International Refereed

# Drashta
Research Journal

वर्ष : 6, अंक : 21 ( दिसम्बर 2016–फरवरी 2017 )

(Art, Literature, Humanity, Social Science, Commerce, Management & Science Subjects)
(Indexed & Listed at : Ulrich's Periodicals Directory ©, ProQuest. U.S.A.)
(Indexed & Listed at : Copernicus, Poland & Research Bib. Japan)

संपादक
आचार्य (डॉ०) शीलक राम

यावत् जीवेत् सुखं जीवेत्

website : www.chintanresearchjournal.com, e-mail : shilakram9@gmail.com

आचार्य अकादमी
भारत
ISO 9001 : 2008

Scanned by CamScanner

website : www.chintanresearchjournal.com

ISSN : 2277-2480
Impact Factor : 2.505

# द्रष्टा रिसर्च जर्नल

International Refereed

# Drashta
Research Journal

( साहित्य, कला, मानविकी, समाज-विज्ञान, वाणिज्य, प्रबंधन, विधि, विज्ञान एवं चिकित्सा-विज्ञान विषयों पर केंद्रित )

(Indexed & Listed at : Ulrich's Periodicals Directory ©, ProQuest. U.S.A.)
(Indexed & Listed at : Copernicus Poland)
(Indexed & Listed at : Research Bib., Japan)
(Indexed & Listed at : Indian Journal Index (IJIND EX))

वर्ष : 6 अंक : 21
(दिसम्बर 2016 - फरवरी 2017)

संपादक

आचार्य (डॉ०) शीलक राम

यावत् जीवेत् सुखं जीवेत्

# आचार्य अकादमी, भारत

## ISO 9001 : 2008

Scanned by CamScanner

**Fine Art**

- New Emerging Icons in the Field of Sculpture
  Sarabjit Kaur — 255-261

**Geography**

- Socio and Economic impacts of Urbanization in the State Haryana
  Satish Kumar — 262-271

**अर्थशास्त्र**

- भारत में पर्यटन विकास की सम्भावनाएँ
  डॉ. नरेश कुमार सालवी — 272-278

**Social Work**

- Socio-Economic Determinants of the Utilization of Maternal Health Services in Rural Haryana
  Manju Rani — 279-284

**पंजाबी साहित्य**

- ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਸੂਰਬੀਰਤਾ ਦਾ ਪ੍ਰਸੰਗ : ਇਕ ਅਧਿਐਨ
  ਸੁਭਕਰਨ ਸਿੰਘ — 285-290

**Misc.**

- Literacy and Democracy: The Enigmatic Bond
  Dr. R P Saini — 291-293
- Crops and Cropping Pattern Prevailed in Early Medieval Northern India
  Dr. Arjun Singh — 294-299
- Agriculture Performance in India
  Parvaiz Hussain — 300-303
- The Role of Green Marketing In A Smart City
  Vikramjeet Mann, Ritu Rani — 304-307
- A Study of Emotional Intelligence and Academic Achievement of Secondary School Students
  Ravi Kumar — 308-312
- Irrigation Potential & Achievements in Assam
  Abdul Kadir Akand — 313-319
- Regional Political Parties and The Indian Politics
  Varinder Singh — 320-328
- भावुक कवि कैलाश कृत : 'आओ चलें शिखर की ओर'
  डॉ० गोविन्द द्विवेदी — 329-334
- Metal Commodity Futures Market in India: A Literature Review
  Pooja Vyas — 335-343
- तराना गायकी में हज़रत अमीर ख़ुसरो और उस्ताद अमीर खाँ का योगदान एक परिचर्चा
  डॉ. पंकज लाहौरा — 344-347


Scanned by CamScanner

(International Refereed)
Impact Factor : 2.505

पंजाबी साहित्य
'द्रष्टा' रिसर्च जर्नल ( ISSN : 2277-2480 )
वर्ष:6, अंक:21 (दिसम्बर 16-फरवरी 17) (पृ.सं. 285-290)

# ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਸੂਰਬੀਰਤਾ ਦਾ ਪ੍ਰਸੰਗ : ਇਕ ਅਧਿਐਨ

**ਸ਼ੁਭਕਰਨ ਸਿੰਘ**
'ਰਿਸਰਚ ਸਕਾਲਰ' ਗੁਰੂ ਗੋਬਿੰਦ ਸਿੰਘ
ਧਰਮ ਅਧਿਐਨ ਵਿਭਾਗ ਪੰਜਾਬੀ
ਯੂਨੀਵਰਸਿਟੀ, ਪਟਿਆਲਾ

ਸ਼ੋਧ ਆਲੇਖ ਸਾਰ

**ਭਾਈ ਗੁਰਦਾਸ ਜੀ ਦੀਆਂ ਵਾਰਾਂ ਸਦਾਚਾਰਕ ਗੁਣਾਂ ਦਾ ਭੰਡਾਰ ਹਨ ਜਿਹੜੇ ਕਿ ਸੂਰਬੀਰਤਾ ਦੇ ਸਰਬੋਤਮ ਤੱਤ ਹਨ। ਇਨ੍ਹਾਂ ਤੋਂ ਬਗੈਰ ਸੂਰਬੀਰਤਾ ਦਾ ਸਰੂਪ ਅਧੂਰਾ ਹੈ।ਬਹਾਦਰੀ ਹੋਰਨਾਂ ਸਦਾਚਾਰਕ ਗੁਣਾਂ ਵਿੱਚੋਂ ਕੇਵਲ ਇੱਕ ਗੁਣ ਹੀ ਨਹੀਂ ਹੈ, ਸਗੋਂ ਇਹ ਅਜਿਹਾ ਹਥਿਆਰ ਹੈ ਜੋ ਬਾਕੀ ਸਭ ਗੁਣਾਂ ਦੀ ਪਰਖ ਸਮੇਂ ਵਰਤਿਆ ਜਾਂਦਾ ਹੈ। ਜਿਸਦੀ ਧਾਰ ਨੂੰ ਭਾਈ ਸਾਹਿਬ ਦੀ ਵਾਰਾਂ ਤਿੱਖਾ ਤੇ ਗਰਜਮਈ ਬਣਾਈ ਰੱਖਦੀਆ ਹਨ।ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿੱਚ ਸੂਰਬੀਰਤਾ ਦੇ ਸਿਧਾਂਤਕ ਅਤੇ ਵਿਹਾਰਕ ਪੱਖਾਂ ਦੀ ਜਾਣਕਾਰੀ ਹਾਸਲ ਹੁੰਦੀ ਹੈ।**

ਮੁੱਖ ਸ਼ਬਦ : **ਸਾਹਿਤਕਾਰ, ਸੂਰਬੀਰਤਾ, ਕਾਯਰਤਾ, ਗੁਰਮਤ**

'ਵਾਰਾਂ ਭਾਈ ਗੁਰਦਾਸ' ਗੁਰਮਤਿ ਅਤੇ ਪੰਜਾਬੀ ਸਾਹਿਤ ਦੀ ਅਨਮੋਲ ਕ੍ਰਿਤ ਹੈ। ਜਿਸਦੀ ਤੁਲਨਾ ਕਿਸੇ ਹੋਰ ਰਚਨਾ ਨਾਲ ਨਹੀਂ ਕੀਤੀ ਜਾ ਸਕਦੀ। ਭਾਈ ਗੁਰਦਾਸ ਜੀ ਦੀ ਬਾਣੀ ਨੂੰ ਸਿਖ ਧਰਮ ਵਿਚ ਵਿਸ਼ੇਸ਼ ਸਨਮਾਨ ਪ੍ਰਾਪਤ ਹੈ। ਭਾਈ ਸਾਹਿਬ ਨੇ ਗੁਰਬਾਣੀ ਦੇ ਡੂੰਘੇ ਰਹੱਸਮਈ ਭੇਦਾਂ ਨੂੰ ਆਪਣੀ ਰਚਨਾ ਰਾਹੀਂ ਬੜੀ ਹੀ ਸਰਲਤਾ ਨਾਲ ਜਾਣੂੰ ਕਰਵਾਇਆ ਹੈ, ਇਸੇ ਕਰਕੇ ਉਨ੍ਹਾਂ ਦੀ ਬਾਣੀ ਨੂੰ ਗੁਰਬਾਣੀ ਦੀ ਕੁੰਜੀ ਆਖਕੇ ਸਤਕਾਰਿਆ ਗਿਆ ਹੈ। ਇਸ ਮਹਾਨ ਵਿਆਖਿਆਕਾਰ ਦੀ ਰਚਨਾ ਸਮੁਚੀ ਮਨੁੱਖਤਾ ਲਈ ਉੱਚਤਮ ਦੇਣ ਹੈ।

ਭਾਈ ਗੁਰਦਾਸ ਜੀ ਦੇ ਜਨਮ ਅਤੇ ਮੁਢਲੇ ਜੀਵਨ ਬਾਰੇ ਸਿੱਖ ਇਤਿਹਾਸ ਵਿਚੋਂ ਪੁਖਤਾ ਜਾਣਕਾਰੀ ਦੀ ਅਣਹੋਂਦ ਹੈ। ਜਿੰਨੀ ਕੁ ਜਾਣਕਾਰੀ ਮਿਲਦੀ ਹੈ ਉਸ ਵਿਚੋਂ ਵਿਦਵਾਨਾਂ ਦੀ ਸਹਿਮਤੀ ਇਸ ਗੱਲ ਵਿਚ ਹੈ ਕਿ ਭਾਈ ਗੁਰਦਾਸ ਜੀ ਗੁਰੂ ਅਮਰਦਾਸ ਜੀ ਦੇ ਭਤੀਜੇ ਤੇ ਗੁਰੂ ਅਰਜਨ ਦੇਵ ਜੀ ਦੇ ਰਿਸ਼ਤੇ 'ਚ ਮਾਮੇ ਲਗਦੇ ਸਨ ਅਤੇ ਉਹ ਤੀਜੇ ਗੁਰੂ ਅਮਰਦਾਸ ਜੀ ਤੋਂ ਲੈ ਕੇ ਗੁਰੂ ਹਰਿਗੋਬਿੰਦ ਜੀ ਤੱਕ ਉੱਘੇ ਪ੍ਰਬੰਧਕ ਅਤੇ ਸਾਹਿਤਕਾਰ ਦੇ ਨਾਤੇ ਗੁਰੂ ਘਰ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਰਹੇ।ਭਾਈ ਸਾਹਿਬ ਬਹੁਪੱਖੀ ਗਿਆਨ ਦੇ ਮਾਲਿਕ ਸਨ। ਉਨ੍ਹਾਂ ਦੀ ਰਚਨਾ ਨੇ ਜੀਵ ਤੋਂ ਲੈ ਕੇ ਪਰਮ ਸੱਚ ਤੱਕ ਸੂਖਮ ਤੋਂ ਸੂਖਮ ਵਿਸ਼ੇ ਦਾ ਗਿਆਨ ਬੜੀ ਸੁਹਜਤਾ ਨਾਲ ਦਿੱਤਾ ਹੈ ਅਤੇ ਹਰ ਇਕ ਵਿਸ਼ੇ ਦੇ ਦੋਨਾਂ ਪੱਖਾਂ ਦੀ ਸੂਝ ਅਪਣੀ ਰਚਨਾ ਰਾਹੀਂ ਦਿੱਤੀ ਹੈ।

ਉਪਰੋਕਤ ਸਿਰਲੇਖ 'ਤੇ ਅਧਾਰਿਤ ਅਸੀਂ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚੋਂ ਸੂਰਬੀਰਤਾ ਦੇ ਵਿਸ਼ੇ ਸੰਬੰਧੀ ਵਿਚਾਰ ਕਰਾਂਗੇ। ਇਸ ਪਰਚੇ ਵਿਚ ਸੂਰਬੀਰਤਾ ਨੂੰ ਚੰਗੀ ਤਰ੍ਹਾਂ ਸਮਝਣ ਲਈ ਪ੍ਰਸਿਧ ਵਿਦਵਾਨਾਂ ਅਤੇ ਪੱਛਮੀ ਦਾਰਸ਼ਨਿਕਾਂ ਦੀ
ਸਹਾਇਤਾ ਲਵਾਂਗੇ ਜਿਨ੍ਹਾਂ ਨੇ ਇਸ ਵਿਸ਼ੇ ਨਾਲ ਸੰਬੰਧਿਤ ਖੋਜ ਕੀਤੀ।

ਅਜੋਕੇ ਸੰਸਾਰ ਵਿਚ ਸੂਰਬੀਰਤਾ ਅਤਿ ਲੋੜੀਂਦਾ ਤੱਤ ਹੈ ਜੋ ਕਿ ਹਰ ਖੇਤਰ ਵਿਚ ਵਿਦਮਾਨ ਹੈ। ਕੋਈ ਮਨੁੱਖ ਇਸ ਤੋਂ ਬਗੈਰ ਸੁਚੱਜਾ ਜੀਵਨ ਨਹੀਂ ਜੀ ਸਕਦਾ। ਸੂਰਬੀਰਤਾ ਦਾ ਘੇਰਾ ਬਹੁਤ ਵਿਸ਼ਾਲ ਹੈ। ਸਭ ਤੋਂ ਪਹਿਲਾਂ ਇਸ ਦੇ ਅਰਥਾਂ, ਸਮਾਨਅਰਥੀ ਸ਼ਬਦਾਂ ਤੋਂ ਇਲਾਵਾ ਪਰਿਭਾਸ਼ਾਵਾਂ ਬਾਰੇ ਜਾਣਨਾ ਅਤਿ ਜ਼ਰੂਰੀ ਹੈ ਤਾਂ ਜੋ ਇਸ ਵਿਸ਼ੇ ਸੰਬੰਧੀ ਯੋਗ ਜਾਣਕਾਰੀ ਹੋ ਸਕੇ।ਗੁਰਬਾਣੀ ਵਿਚਸੂਰਤਣ ਸ਼ਬਦ ਬਹਾਦਰੀ ਲਈ ਵਰਤਿਆ ਗਿਆ ਹੈ। ਜਿਵੇਂ ਕਿ:

ਲਖ ਸੂਰਤਣ ਸੰਗਰਾਮ ਰਣਿ ਮਹਿ ਛੂਟਹਿ ਪ੍ਰਾਣ॥[1]
ਖਤ੍ਰੀ ਕਰਮ ਕਰੇ ਸੂਰਤਣ ਪਾਵੈ॥[2]
ਮਨੂਆ ਜੀਤੈ ਰਹਿ ਮਿਲੈ ਤਿਹ ਸੂਰਤਣ ਵੇਸ॥"[3]

ਭਾਈ ਕਾਨ੍ਹ ਸਿੰਘ ਨਾਭਾ ਗੁਰਮਤ ਪ੍ਰਭਾਕਰ ਵਿਚ ਸੂਰਬੀਰਤਾ ਬਾਰੇ ਆਖਦੇ ਹਨ, "ਜੋ ਪੁਰਸ਼ ਕਾਯਰਤਾ ਨੂੰ ਮਨ ਵਿਚ ਕਦੇ ਨਹੀਂ ਆਉਣ ਦਿੰਦੇ ਅਤੇ ਜੰਗ ਵਿਚ ਸ਼ਤ੍ਰੂ ਨੂੰ ਪਿੱਠ ਨਹੀਂ ਦਿਖਾਉਂਦੇ ਔਰ ਵਿਸ਼ਯ ਵਿਕਾਰਾਂ ਉੱਤੇ ਫਤਿਹ ਪਾਉਂਦੇ ਹਨ ਉਹ ਸਭ ਤੋਂ ਸਨਮਾਨ ਯੋਗ ਸੂਰਬੀਰ ਹਨ।"[4]



Scanned by CamScanner

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਸੂਰਬੀਰਤਾ ਲਈ "ਸੂਰਤਣ" ਸ਼ਬਦ ਮਿਲਦਾ ਹੈ"[6] "ਸੂਰਬੀਰਤਾ ਸ਼ਬਦ ਸੰਸਕ੍ਰਿਤ ਭਾਸ਼ਾ ਦੇ ਸ਼ਬਦ "ਸ਼ੌਰਯਮ" ਤੋਂ ਬਣਿਆ ਹੈ ਜਿਸਦੇ ਅਰਥ ਬਹਾਦਰੀ, ਦਲੇਰੀ, ਨਿਡਰਤਾ, ਤਾਕਤ, ਬਲ, ਸ਼ਕਤੀ ਆਦਿ ਹੈ।"[7] ਅੰਗਰੇਜ਼ੀ ਵਿਚ ਸੂਰਮਗਤੀ ਦੇ "Bravery, Courage, Valor, Heroism" ਸਮਾਨ ਅਰਥੀ ਸ਼ਬਦ ਹਨ।[8]

Aristotle ਕਹਿੰਦਾ ਹੈ,"Courage as the mean (meson) with regard to feeling offear and confidence describing as 'rash' the person "who exceedsin Confidence and as 'Cowardly' he who exceeds in fear and falls short in confidence."[9] ਇਸੇ ਤਰ੍ਹਾਂ ਇਕ ਹੋਰ ਵਿਦਵਾਨ Alich Hardener ਲਿਖਦਾ ਹੈ, "courage which seems especially to belong to a highly civilzed society – intellectual courage. By this is to be understood the power and determination to follow loyally and reasonably one's own belief and principles, irrespective not only of the disapproval of neighbor, but also of painful disturbance in one's own mind."[10]

ਉਪਰੋਕਤ ਵਿਦਵਾਨਾਂ ਦੇ ਅਧਾਰਿਤ ਅਸੀਂ ਇਹ ਕਹਿ ਸਕਦੇ ਹਾਂ ਕਿ ਸੂਰਬੀਰਤਾ ਮਨੁੱਖ ਦੇ ਸਦਾਚਾਰਕ ਗੁਣਾਂ ਦਾ ਕੇਂਦਰੀ ਤੱਤ ਹੈ। ਜਿਸ ਕਰਕੇ ਇਨ੍ਹਾਂ ਗੁਣਾਂ ਦੀ ਹੋਂਦ ਸਦੀਵੀ ਕਾਇਮ ਰਹਿੰਦੀ ਹੈ। ਗੁਰਬਾਣੀ ਅਨੁਸਾਰ ਸੂਰਬੀਰਤਾ ਦਾ ਮੂਲ ਤੱਤ 'ਸੱਚ' ਹੈ। ਸੋ ਸਭ ਤੋਂ ਪਹਿਲਾਂ ਆਪਣੇ ਅੰਦਰਲੇ ਵੈਰੀ (ਪੰਜ ਵਿਕਾਰ) ਨੂੰ ਕਾਬੂ ਕਰਨਾ ਹੈ ਅਤੇ ਸੱਚ ਦੀ ਗਵਾਹੀ ਭਰਨੀ, ਜਬਰ ਜ਼ੁਲਮ ਖ਼ਿਲਾਫ਼ ਆਵਾਜ਼ ਉਠਾਣੀ/ਲੜਨਾ ਹੀ ਸੂਰਬੀਰਤਾ ਦਾ ਵਿਹਾਰ ਹੈ।

ਭਾਈ ਗੁਰਦਾਸ ਜੀ ਦੀਆਂ ਵਾਰਾਂ ਨੂੰ ਗੁਰਬਾਣੀ ਦੀ ਕੁੰਜੀ ਹੋਣ ਦੀ ਉਪਾਧੀ ਮਿਲੀ ਹੈ ਕਿਉਂਕਿ ਇਨ੍ਹਾਂ ਵਿਚ ਗੁਰਬਾਣੀ ਦੇ ਗੁੱਝੇ ਰਹੱਸਮਈ ਪੱਖਾਂ ਦਾ ਬੜੇ ਹੀ ਸੁੱਚਜੇ ਅਤੇ ਸੌਖੇ ਪ੍ਰਤੀਕਾਂ ਰਾਹੀਂ ਵਿਖਿਆਨ ਮਿਲਦਾ ਹੈ, ਤਾਂ ਜੋ ਅਸਲ ਸਿਧਾਂਤ ਅਤੇ ਪਰਮ ਸੱਚ ਤੋਂ ਜੀਵ/ਵਿਅਕਤੀ ਅਗਿਆਤ ਹੀ ਨਾ ਰਹੇ।ਜਦੋਂ ਭਾਈ ਗੁਰਦਾਸ ਜੀ ਦੀਆਂ ਵਾਰਾਂ ਨੂੰ ਵਿਚਾਰਨਾ ਹੋਵੇ ਤਾਂ ਗੁਰਬਾਣੀ ਦੀ ਕਸਵੱਟੀ ਨੂੰ ਮੁੱਖ ਰੱਖ ਕੇ ਵਿਚਾਰ ਕਰਨੀ ਹੋਵੇਗੀ ਕਿਉਂਕਿ ਭਾਈ ਸਾਹਿਬ ਨੇ ਵੀ ਗੁਰਬਾਣੀ ਦੀ ਗੂਹਜ ਨੂੰ ਹੀ ਪ੍ਰਮੁੱਖ ਰੱਖ ਕੇ ਇਸ ਬਾਣੀ ਦੀ ਰਚਨਾ ਕੀਤੀ। ਗੁਰਬਾਣੀ ਰਾਹੀਂ ਸੂਰਮੇ ਦੀ ਸੂਰਬੀਰਤਾ ਦਾ ਮੁੱਖ ਲੱਛਣ ਇਹ ਹੀ ਹੈ ਕਿ ਉਹ ਆਪਣੇ ਮਨ ਨੂੰ ਵਸ ਵਿਚ ਕਰਕੇ ਪਰਮਾਤਮਾ ਨੂੰ ਸੰਸਾਰਕ ਰਣਭੂਮੀਆਂ ਵਿਚੋਂ ਪ੍ਰਾਪਤ ਕਰ ਲੈਂਦਾ ਹੈ।

"ਮਨੂਆ ਜੀਤੈ ਹਰਿ ਮਿਲੈ ਤਿਹ ਸੂਰਤਣ ਵੇਸ॥"[11]

ਇਸੇ ਗੱਲ ਦੀ ਵਿਆਖਿਆ ਸਿਰਦਾਰ ਕਪੂਰ ਸਿੰਘ ਕਰਦੇ ਹਨ ਕਿ "ਜਿੰਨਾ ਚਿਰ ਅਚੇਤ ਮਨ ਦੀਆਂ ਰੁਚੀਆਂ 'ਤੇ ਕਾਬੂ ਪਾ ਕੇ ਰੂਹ ਦੀਆਂ ਹੇਠਲੀਆਂ ਗਹਿਰਾਈਆਂ 'ਚ ਇਨਕਲਾਬ ਨਹੀਂ ਲਿਆਂਦਾ ਜਾਂਦਾ ਉਨਾਂ ਚਿਰ ਬਾਹਰਲੀਆਂ ਮਾਦੀ ਹਾਲਤਾਂ ਵਿਚ ਕੋਈ ਅਦਲਾ ਬਦਲੀ ਵੀ ਮਨੁੱਖ ਲਈ ਉਸ ਅਮਨ ਸ਼ਾਂਤੀ ਦਾ ਸੂਚਕ ਨਹੀਂ ਹੋ ਸਕਦੀ ਜਿਸ ਅਮਨ ਸ਼ਾਂਤੀ ਤੋਂ ਬਿਨਾਂ ਆਦਮੀ ਆਪਣੇ ਮੌਜੂਦਾ ਮੰਡਲ ਤੋਂ ਉੱਚਾ ਉਠ ਕੇ ਉਥੇ ਪਹੁੰਚ ਸਕੇ।"[12]ਜਿਸ ਲਈ ਲੋੜੀਂਦਾ ਤੱਤ ਸੂਰਬੀਰਤਾ ਹੈ। ਇਸ ਲਈ ਵਿਅਕਤੀ ਆਪਣੇ ਅੰਦਰੋਂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਦੀ ਫੌਜ ਨਾਲ ਲੜਦਾ ਹੈ ਅਤੇ ਜਿੱਤ ਪ੍ਰਾਪਤ ਕਰਦਾ ਹੈ।

"ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨ ਬਲੀ ਰੇ॥
ਜਿਨਿ ਪੰਚ ਮਾਰ ਬਿਦਾਰਿ ਗੁਦਾਰੇ ਸੋ ਪੂਰਾ ਇਹ ਕਲੀ ਰੇ॥"[13]

ਅਜਿਹਾ ਸੂਰਮਾ ਭਾਈ ਸਾਹਿਬ ਜੀ ਦੀਆਂ ਵਾਰਾਂ ਅਨੁਸਾਰ 'ਗੁਰਮਖਿ' ਹੀ ਹੋ ਸਕਦਾ ਹੈ ਜਿਸ ਤੋਂ ਭਾਈ ਸਾਹਿਬ ਆਪ ਬਲਿਹਾਰ ਜਾਂਦੇ ਹਨ :

"ਹਉ ਤਿਸ ਘੋਲਿ ਘੁਮਾਇਆ ਗੁਰਮਤਿ ਰਿਦੈ ਗਰੀਬੀ ਆਵੈ॥
ਹਉ ਤਿਸ ਘੋਲਿ ਘੁਮਾਇਆ ਪਰ ਨਾਰੀ ਦੇ ਨੇੜਿ ਨ ਜਾਵੈ॥
ਹਉ ਤਿਸ ਘੋਲਿ ਘੁਮਾਇਆ ਪਰ ਦਰਬੈ ਨੋ ਹਥੁ ਨ ਲਾਵੈ।
ਹਉ ਤਿਸ ਘੋਲਿ ਘੁਮਾਇਆ ਪਰ ਨਿੰਦਾ ਸੁਣਿ ਆਪ ਹਟਾਵੈ।"[14]

ਅਜਿਹੇ ਸਦਾਚਾਰਕ ਗੁਣਾਂ ਨੂੰ ਸਦੀਵੀ ਕਾਇਮ ਰਖਣਾ ਸਿੱਖ ਸੂਰਬੀਰਤਾ ਹੈ। ਜਿਸ ਦਾ ਪ੍ਰਤੱਖ ਨਮੂਨਾ ਸਿੱਖ ਇਤਿਹਾਸ ਵਿਚੋਂ ਵੇਖਿਆ ਜਾ ਸਕਦਾ ਹੈ ਕਿ ਸਿੱਖਾਂ ਅਤੇ ਸਿੱਖ ਬੀਬੀਆਂ ਨੇ ਜਤ, ਸਤ ਅਤੇ ਹੋਰ ਸਦਾਚਾਰਕ ਗੁਣਾਂ ਦੀ ਅਤੇ ਧਰਮ ਦੀ ਖਾਤਰ ਆਪਣੀਆਂ ਕੁਰਬਾਨੀਆਂ ਦਿੱਤੀਆਂ। ਜਿਨ੍ਹਾਂ ਨੂੰ ਨਿਡਰਤਾ ਦਾ ਸਿਧਾਂਤ ਪਾਤਸ਼ਾਹੀ ਪਹਿਲੀ ਨੇ ਦ੍ਰਿੜ ਕਰਵਾਇਆ, ਗੁਰੂ ਹਰਗੋਬਿੰਦ ਸਾਹਿਬ ਨੇ ਮੀਰੀ ਅਤੇ ਪੀਰੀ ਦਾ ਸੁਮੇਲ ਕੀਤਾ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਨੂੰ ਖੰਡੇ ਬਾਟੇ ਦੀ ਪਹੁਲ ਛਕਾ ਕੇ ਖਾਲਸੇ ਦਾ ਸਰੂਪ ਬਖ਼ਸ਼ਿਆ। ਜਿਸ ਬਾਰੇ ਸਿਰਦਾਰ ਕਪੂਰ ਸਿੰਘ ਜੀ ਆਖਦੇ ਨੇ ਕਿ "ਸਿੱਖ ਜਗਿਆਸੀ, ਅਭਿਆਸੀ, ਧਰਮ ਪੰਥ ਦਾ ਪਾਂਧੀ ਹੈ ਅਤੇ ਖਾਲਸਾ ਉਸ ਸਮਾਜਿਕ ਅਤੇ ਰਾਜਸੀ ਪ੍ਰਬੰਧ ਸਾਸਨ ਦਾ ਸ੍ਰਿਸ਼ਟਾ, ਨਿਰਮਾਤਾ, ਸਥਾਪਿਤ ਕਰਨ ਵਾਲਾ ਅਤੇ ਉਸ ਪ੍ਰਬੰਧ-ਸ਼ਾਸ਼ਨ ਦੀ ਰੱਖਿਆ ਕਰਨ ਵਾਲਾ ਹੈ।"[15]



Scanned by CamScanner

ਜਿਸ ਤਰਾਂ ਗੁਰਬਾਣੀ 'ਚ ਕਬੀਰ ਜੀ ਆਖਦੇ ਹਨ ਕਿ ਧਰਮ ਦੀ ਰੱਖਿਆ ਲਈ ਅਤੇ ਗਰੀਬ/ਦੱਬੇ ਕੁਚਲੇ ਲੋਕਾਂ ਦੇ ਨਿਆਂ ਲਈ ਜਬਰ ਜ਼ੁਲਮ ਵਿਰੁੱਧ ਆਵਾਜ਼ ਉਠਾਣੀ ਨਿਡਰਤਾ ਦਾ ਵਿਹਾਰ ਹੈ, ਭਾਵੇਂ ਉਸ ਸੂਰਮੇ ਨੂੰ ਯੁੱਧ ਕਰਨੇ ਪੈਣ ਭਾਵੇਂ ਯੁੱਧ ਦੇ ਮੈਦਾਨ ਵਿੱਚ ਉਸਦਾ ਸਰੀਰਕ ਢਾਂਚਾ ਖੇਰੂੰ ਖੇਰੂੰ ਕਿਉਂ ਨਾ ਹੋ ਜਾਵੇ:

"ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥"[15]

ਇਸੇ ਤਰ੍ਹਾਂ ਹੋਰ ਗੁਰਵਾਕ :

"ਰਣਿ ਰੂਤਉ ਭਾਜੈ ਨਹੀਂ ਸੂਰੋ ਥਾਰੋ ਨਾਉ॥"[16]

ਅਜਿਹੀ ਬੀਰਤਾ ਦਾ ਦ੍ਰਿਸ਼ਟਾਂਤ ਭਾਈ ਸਾਹਿਬ ਜੀ ਆਪਣੀ ਵਾਰ 'ਚ ਪੇਸ਼ ਕਰਦੇ ਹਨ :

"ਲੂਣ ਸਾਹਿਬ ਦਾ ਖਾਇ ਕੈ ਰਣ ਅੰਦਰਿ ਲੜ ਮਰੈ ਜੁ ਜਾਪੈ।
ਸਿਰ ਵਡੈ ਹਥਿਆਰ ਕਰਿ ਵਰਿਆਮ ਸਿੰਞਾਪੈ।
ਪੋਤੈ ਪੁਤ ਵਡੀਰੀਅਨ ਪਰਵਾਰੈ ਸਾਧਾਰ ਪਰਾਪੈ।
ਸਚਿ ਸਿਦਕ ਧੀਰ ਪਛਾਪੈ।"[17]

ਸੂਰਬੀਰਤਾ ਉਹ ਯੋਗਤਾ ਹੈ ਜਿਹੜੀ 'ਡਰ' ਨੂੰ ਖ਼ਤਮ ਕਰਦੀ ਹੈ, ਭਾਵੇਂ ਡਰ ਕਿਸੇ ਵੀ ਰੂਪ ਵਿਚ ਹੋਵੇ। ਮੁੱਖ ਰੂਪ ਵਿਚ ਬਹਾਦਰੀ ਦੇ ਰੂਪ ਹਨ- ਸੱਚੀ ਸੂਰਬੀਰਤਾ ਅਤੇ ਝੂਠੀ ਸੂਰਬੀਰਤਾ। ਦੋਨੋਂ ਪ੍ਰਕਾਰ ਦੀ ਸੂਰਬੀਰਤਾ ਵਿਚ 'ਡਰ' ਨੂੰ ਦੂਰ ਕਰਨਾ ਜਾਂ ਡਰ 'ਤੇ ਕਾਬੂ ਪਾਉਣਾ ਮੁੱਖ ਕੰਮ ਹੈ। ਕੇਵਲ ਡਰ ਤੋਂ ਰਹਿਤ ਹੋਣਾ ਸੱਚੀ ਸੂਰਬੀਰਤਾ ਨਹੀਂ ਕਿਉਂਕਿ 'ਡਰ' ਤੋਂ ਰਹਿਤ ਤਾਂ ਡਾਕੂ, ਚੋਰ, ਮੁਰਦਿਆਂ ਦੀ ਸਾਂਭ ਸੰਭਾਲ ਕਰਨ ਵਾਲਾ,ਕਾਤਲ ਵੀ ਹੁੰਦਾ ਹੈ ਅਤੇ ਉਹ ਵਿਅਕਤੀ ਵੀ 'ਡਰ'ਤੋਂ ਰਹਿਤ ਹੁੰਦਾ ਹੈ ਜੋ ਆਪਣੀ ਜਾਨ ਆਪ ਹੀ ਲੈ ਲੈਂਦਾ ਹੈ। ਪਰ ਅਜਿਹੀ ਸੂਰਬੀਰਤਾ ਦੀ ਧਰਮ ਵਿਚ ਕੋਈ ਥਾਂ ਨਹੀਂ। ਧਰਮ ਕੇਵਲ ਸਚੀ ਸੂਰਬੀਰਤਾ ਨੂੰ ਹੀ ਸਵੀਕਾਰਦਾ ਹੈ ਜਿਸਦਾ ਮੂਲ ਤਤ ਸਚ ਹੁੰਦਾ ਹੈ। ਧਰਮ ਵਿਚ ਇਸਦਾ ਮੁੱਖ ਚਾਲਕ ਸਚਿਆਰ ਮਨੁੱਖ ਹੀ ਹੁੰਦਾ ਹੈ, ਜਿਸ ਬਾਰੇ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ 'ਜਪੁ' ਵਿਚ ਦੋ ਸਵਾਲ ਪਾਏ:

"ਕਿਵ ਸਚਿਆਰਾ ਹੋਈਐ
ਕਿਵ ਕੂੜੈ ਤੁਟੈ ਪਾਲਿ।"[18]

ਸਚਿਆਰ ਹੋਣਾ ਅਤੇ ਕੂੜ ਦੀ ਕੰਧ ਨੂੰ ਤੋੜਨਾ ਸੂਰਬੀਰਤਾ ਦੇ ਮਾਰਗ ਵਿੱਚ ਦੋ ਅਹਿਮ 'ਪਦ' ਹਨ। ਜਿਸ ਬਾਰੇ ਜਵਾਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਤੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਦੇ ਰੂਪ ਵਿਚ ਵਿਦਮਾਨ ਹੈ।ਭਾਈ ਸਾਹਿਬ ਉਪਦੇਸ਼ ਕਰਦੇ ਹਨ-

"ਕੂੜ ਕਪਟ ਹਥਿਆਰ ਜਿਉ ਸਚ ਰਖਵਾਲਾ ਸਿਲਹ ਸੰਜੋਆ।
ਕੂੜ ਵੈਰੀ ਨਿਤ ਜੋਹਦਾ ਸਚੁ ਸੁਮਿਤੁ ਹਿਮਾਇਤਿ ਹੋਆ।
ਸੂਰਵੀਰ ਵਰਿਆਮ ਸਚੁ ਕੂੜ ਕੁੜਾਵਾ ਕਰਦਾ ਢੋਆ।
ਨਿਹਚਲ ਸਚੁ ਸੁਖਾਇ ਹੈ ਲਰਜੈ ਕੂੜ ਦੁਥਾਇ ਖੜੋਆ।
ਸਚੁ ਫੜਿ ਕੂੜ ਪਛਾੜਿਆ ਚਾਰ ਚਕ ਵੇਖਨ ਤ੍ਰੈ ਲੋਆ।
ਕੂੜ ਕਪਟ ਰੋਗੀ ਸਦਾ ਸਚੁ ਸਦਾ ਨਵਾ ਨਰੋਆ।
ਸਚੁ ਸਚਾ ਕੂੜ ਵਿਖੋਆ।"[19]

ਅਜਿਹੀ ਕੂੜ ਦੀ ਕੰਧ ਨੂੰ ਸੂਰਬੀਰ/ਸਚਿਆਰ ਮਨੁੱਖ ਬੀਰਤਾ ਦੇ ਬਲ ਸਦਕਾ ਸਹਿਜੇ ਹੀ ਭੰਨ ਕੇ ਆਪਣੇ ਪਦ ਉੱਤੇ ਚਿਰੰਕਾਲ ਤੱਕ ਕਾਇਮ ਰਹਿੰਦਾ ਹੈ ਅਤੇ ਸੱਚ ਦੀ ਪ੍ਰਤੀਨਿਧਤਾ ਕਰਦਾ ਹੈ, ਜਿਸ ਬਗੈਰ ਸੱਚਾਈ ਦਾ ਪ੍ਰਗਟਾਅ ਨਹੀਂ ਹੋ ਸਕਦਾ। ਸੱਚ ਦੀ ਗਵਾਹੀ ਦੇਣ ਲਈ 'ਸ਼ਹਾਦਤ' ਵਰਗੇ ਅਨਮੋਲ ਤੱਤ ਨੂੰ ਵਿਹਾਰ ਵਿਚ ਲਿਆ ਕੇ ਆਪ ਪਰਮ-ਸੱਚ ਵਿਚ ਇਕਮਿਕ ਹੋ ਨਿਬੜਦਾ ਹੈ:

"ਸਚ ਸਚਾ ਕੂੜ ਕੂੜਿਆਰ ਪੰਚਾ ਵਿਚਿਦੋ ਕਰਿ ਸਮਝਾਇਆ।
ਸਚ ਜਿਤਾ ਕੂੜ ਹਾਰਿਆ ਕੂੜਿ ਕੂੜਾਂ ਕਰਿ ਸਹਿਰ ਫਿਰਾਇਆ।"[20]

ਸੂਰਬੀਰਤਾ ਦੀ ਯੋਗਤਾ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿਧਾਂਤਕ ਰੂਪ ਵਿਚ ਕਲਮਬੱਧ ਕੀਤਾ ਅਤੇ ਜਗਤ 'ਚ ਉਦਾਸੀਆਂ ਦੀ ਪ੍ਰਥਾ ਰਾਹੀਂ ਵਿਹਾਰਿਕ ਰੂਪ ਦੇ ਕੇ ਧਰਮ ਦੇ ਮਾਰਗ-ਦਰਸ਼ਕ ਬਣੇ। ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਬੜੀ ਨਿਡਰਤਾ ਨਾਲ ਜਬਰ ਜ਼ੁਲਮ ਖ਼ਿਲਾਫ਼ ਸਮੇਂ ਦੇ ਭ੍ਰਿਸ਼ਟ ਸ਼ਾਸਕਾਂ ਅਤੇ ਧਰਮ ਦੇ ਆਗੂਆਂ ਨੂੰ ਬੀਰਤਾ ਨਾਲ ਸਿੱਧੇ ਰਾਹ 'ਤੇ ਲਿਆਂਦਾ, ਉਸੇ ਰੋਸ਼ਨੀਨਾਲ ਭਾਈ ਗੁਰਦਾਸ ਜੀ ਨੇ ਆਪਣੀ ਰਚਨਾ ਰਾਹੀਂ ਸੱਚ ਲਈ ਧਰਮ ਪ੍ਰਚਾਰ ਕੀਤਾ। ਉਪਰੋਕਤ ਯੋਗਤਾ ਨੂੰ ਅਪਣਾਇਆ ਅਤੇ "ਅੰਮ੍ਰਿਤਸਰ ਵਿਚ



Scanned by CamScanner

ਜਿਸ ਤਰ੍ਹਾਂ ਅਸੀਂ ਗੁਰੂ ਨਾਨਕ ਦੇਵ ਜੀ ਦੀ ਸੂਰਬੀਰਤਾ ਇਸ ਗੱਲ ਲਈ ਮੰਨਦੇ ਹਾਂ ਕਿ ਉਨ੍ਹਾਂ ਨੇ ਕਰਮ-ਕਾਂਡ ਅਤੇ ਜਬਰ ਜ਼ੁਲਮ ਖ਼ਿਲਾਫ਼ ਆਵਾਜ਼ ਬੁਲੰਦ ਰੱਖੀ ਉਸੇ ਤਰ੍ਹਾਂ ਹੀ ਭਾਈ ਸਾਹਿਬ ਦੀਆਂ ਵਾਰਾਂ ਵੀ ਉਪਦੇਸ਼ ਕਰਦੀਆਂ ਹਨ, ਉਦਾਹਰਨ ਵਜੋਂ:

"ਚਾਰ ਵਰਨ ਚਾਰ ਮਜਹਬਾ ਜਗ ਵਿਚਿ ਹਿੰਦੂ ਮੁਸਲਮਾਣੇ।
ਖੁਦੀ ਬਖੀਲੀ ਤਕਬਰੀ ਖਿੰਚੋਤਾਣ ਕਰਨਿ ਧਿਙਾਣੇ
ਗੰਗਬਨਾਰਸ ਹਿੰਦੂਆ ਮੱਕਾ ਕਾਬਾ ਮੁਸਲਮਾਣੇ।
ਸੁੰਨਤਿ ਮੁਸਲਮਾਣ ਦੀ ਤਿਲਕ ਜੰਞੂ ਹਿੰਦੂ ਲੋਭਾਣੇ।
ਰਾਮ ਰਹੀਮ ਕਹਾਇਦੇ ਇਕ ਨਾਮ ਦੁਇ ਰਾਹ ਭੁਲਾਣੇ।
ਬੇਤ ਕਤੇਬ ਭੁਲਾਇਦੇ ਮੋਹੇ ਲਾਲਚ ਦੁਨੀ ਸੈਤਾਣੇ।
ਸਚ ਕਿਨਾਰੇ ਰਹਿ ਗਇਆ ਖਹਿ ਮਰਦੇ ਬਾਹਮਣ ਮਉਲਾਣੇ।
ਸਿਰੋ ਨ ਮਿਟੇ ਆਵਣ ਜਾਣੇ।"[22]

ਅਜਿਹੇ ਸਮੇਂ ਦੀ ਹਾਲਤ ਨੇ ਨਿਡਰਤਾ ਦਾ ਵਿਕਾਸ ਕੀਤਾ। ਜਿਸਦੇ ਮੁਜੱਸਮੇ ਸ੍ਰੀ ਗੁਰੂ ਨਾਨਕ ਦੇਵ ਜੀ ਅਲਾਹੀ ਨੂਰ ਹੋ ਨਿਬੜੇ। ਜਿਸਦੀ ਤਾਕਤ ਅੱਗੇ ਹਰ ਕੋਈ ਆਪਣੀ ਹਾਰ ਮੰਨ ਗਿਆ ਭਾਵੇਂ ਕੋਈ ਕਿੰਨਾ ਵੀ ਬਲਸ਼ਾਲੀ ਸੀ ਜਾਂ ਕੋਈ ਕਿੰਨਾ ਵੀ ਵੇਦਾਂ ਦਾ ਗਿਆਤਾ ਸੀ। ਹਰ ਇਕ ਨੇ ਗੁਰੂ ਨਾਨਕ ਦੇਵ ਜੀ ਦੀ ਬਹਾਦਰੀ ਅੱਗੇ ਆਪਣੀ ਹੈਸੀਅਤ ਨੂੰ ਛੋਟਾ ਪਾਇਆ ਜਿਸਦੀ ਗਵਾਹੀ ਭਾਈ ਸਾਹਿਬ ਜੀ ਆਪਣੀ ਵਾਰ ਰਾਹੀਂ ਦਿੰਦੇ ਹਨ-

"ਗੜ ਬਗਦਾਦੁ ਨਿਵਾਇਕੇ ਮਕਾ ਮਦੀਨਾ ਸਭੇ ਨਿਵਾਇਆ।
ਸਿਧ ਚੋਰਾਸੀਹ ਮੰਡਲੀ ਖਟਿ ਦਰਸਨਿ ਪਾਖੰਡਿ ਜਿਣਾਇਆ।
ਪਾਤਾਲ ਅਕਾਸ ਲਖ ਜਿਤੀ ਧਰਤੀ ਜਗਤੁ ਸਬਾਇਆ।
ਜਿਤੀ ਨਉਖੰਡ ਮੇਦਨੀ ਸਤਿਨਾਮ ਦਾ ਚਕ੍ਰ ਫਿਰਾਇਆ।"[23]

ਭਾਈ ਸਾਹਿਬ ਦੀਆਂ ਵਾਰਾਂ ਦਾ ਅਧਿਐਨ ਕਰਨ ਤੋਂ ਇਹ ਪਤਾ ਚਲਦਾ ਹੈ ਕਿ ਉਹ ਆਪ ਗੁਰਬਾਣੀ ਸਿਧਾਤਾਂ ਦੇ ਧਾਰਨੀ ਸਨ ਜਿਸ ਕਰਕੇ ਉਨ੍ਹਾਂ ਦੀ ਸ਼ਖ਼ਸੀਅਤ ਅਣਖ ਭਰਪੂਰ ਸੀ। ਉਨ੍ਹਾਂ ਦੀਆਂ ਨਜ਼ਰਾਂ ਵਿਚ ਧੋਖੇਬਾਜ਼, ਰਿਸ਼ਵਤੀ, ਗਰੀਬ ਜਨਤਾਂ ਨੂੰ ਦਬੋਚਣ ਵਾਲਿਆਂ ਖ਼ਿਲਾਫ਼ ਗਰਜ ਭਰਿਆ ਜਜ਼ਬਾ ਸੀ ਅਤੇ ਜਿਸਨੂੰ ਉਨ੍ਹਾਂ ਨੇ ਆਪਣੀ ਰਚਨਾ ਰਾਹੀਂ ਹਮੇਸ਼ਾ ਲਈ ਗਰਜ਼ਮਈ ਹੀ ਬਣਾਈ ਰੱਖਿਆ। ਜੋ ਮਹਾਨ ਸੂਰਮੇ ਦਾ ਕਰਤੱਵ ਹੈ ਕਿ ਹਰ ਪ੍ਰਕਾਰ ਦੇ ਜ਼ੁਲਮ ਅੱਤਿਆਚਾਰ ਦਾ ਪਰਦਾਫਾਸ਼ ਕਰੇ ਜਿਸ ਤਰ੍ਹਾਂ ਭਾਈ ਸਾਹਿਬ ਨੇ ਕੀਤਾ:

"ਕਲਿ ਆਈ ਕੁਤੇ ਮੁਹੀ ਖਾਜੁ ਹੋਆ ਮੁਰਦਾਰ ਗੁਸਾਈ।
ਰਾਜੇ ਪਾਪ ਕਮਾਵਦੇ ਉਲਟੀ ਵਾੜਿ ਖੇਤ ਕਉ ਖਾਈ।
ਪਰਜਾ ਅੰਧੀ ਗਿਆਨ ਬਿਨੁ ਕੂੜ ਕੁਸਤਿ ਮੁਖਹੁ ਆਲਾਈ।
ਚੇਲੇ ਸਾਜ ਵਜਾਇਦੇ ਨਚਨਿ ਗੁਰੂ ਬਹੁਤ ਬਿਧਿ ਭਾਈ।
ਸੇਵਕ ਬੈਠਨਿ ਘਰਾ ਵਿਚਿ ਗੁਰਿ ਉਠਿ ਘਰੀ ਤਿਨਾੜੇ ਜਾਈ।
ਕਾਜੀ ਹੋਏ ਰਿਸਵਤੀ ਵਢੀ ਲੈਕੇ ਹਕ ਗਵਾਈ।
ਇਸਤ੍ਰੀ ਪੁਰਖੈ ਦਾਸ ਹਿਤ ਭਾਵੈ ਆਇ ਕਿਥਾਊ ਜਾਈ।
ਵਰਤਿਆ ਪਾਪ ਸਭਸ ਜਗ ਮਾਹੀਂ।"[24]

ਪ੍ਰਸਿੱਧ ਦਾਰਸ਼ਨਿਕ Aristotle ਕਹਿੰਦਾ ਹੈ,"The man Faces and who Fears the right things and from the right motive in the right way and at the right time and who feels confidence under the corresponding condition is brave."[25]

ਜਿਸ ਬਾਰੇ ਭਾਈ ਗੁਰਦਾਸ ਜੀ ਨੇ ਪ੍ਰਹਿਲਾਦ ਅਤੇ ਹਰਣਾਖ਼ਸ ਦਾ ਦ੍ਰਿਸ਼ਟਾਂਤ ਦਿੰਦੇ ਹੋਏ ਸੱਚਾਈ ਦਾ ਜ਼ਿਕਰ ਆਪਣੀ ਵਾਰ ਵਿਚ ਕੀਤਾ ਹੈ :

"ਰਾਜੇ ਪਾਸਿ ਰੂਆਇਆ ਦੋਖੀ ਦੈਤਿ ਵਧਾਇਆ ਵਾਦੁ।
ਜਲ ਅਗਨੀ ਵਿਚਿ ਘਤਿਆ ਜਲੈ ਨ ਡੁਬੈ ਗੁਰ ਪਰਸਾਦਿ।
ਕਢਿ ਖੜਗੁ ਸਦਿ ਪੁਛਿਆ ਕਉਣ ਤੇਰਾ ਹੈ ਉਸਤਾਦ।
ਥੰਮ੍ਹ ਪਾੜਿ ਪਰਗਟਿਆ ਨਰਸਿੰਘ ਰੂਪ ਅਨੂਪ ਅਨਾਦਿ।
ਬੇਮੁਖ ਪਕੜਿ ਪਛਾੜਿਅਨੁ ਸੰਤ ਸਹਾਈ ਆਦਿ ਜੁਗਾਦਿ।
ਜੈ ਜੈ ਕਾਰ ਕਰਨਿ ਬ੍ਰਹਮਾਦਿ।"[26]

ਕੇਵਲ ਸਰੀਰਕ ਬਹਾਦਰੀ ਹੀ ਸੂਰਬੀਰਤਾ ਦਾ ਪ੍ਰਗਟਾਅ ਨਹੀਂ ਹੁੰਦੀ ਕਿਉਂਕਿ ਇਹ ਹਮੇਸ਼ਾ ਕਾਇਮ ਨਹੀਂ ਰਹਿ ਸਕਦੀ। ਇਸ 'ਤੇ ਸਮੇਂ ਦਾ ਪ੍ਰਭਾਵ ਹਰ ਪਲ ਬਣਿਆ ਰਹਿਣ ਕਰਕੇ ਇਸਦਾ ਦਾਇਰਾ ਸੀਮਤ ਹੁੰਦਾ ਹੈ। ਜੇਕਰ ਕਿਸੇ ਵੀ ਬਲਸ਼ਾਲੀ ਔਰਤ ਜਾਂ ਪੁਰਸ਼ ਨੇ ਆਪਣੇ ਹੀ ਬਲ ਦਾ ਹੰਕਾਰ ਕੀਤਾ ਤਾਂ ਸਮੇਂ ਦੀ ਚਾਲ ਨੇ ਹਮੇਸ਼ਾ ਹੀ ਉਸਨੂੰ ਬੁਰੀ ਤਰਾਂ ਝੰਜੋੜਿਆ। ਅਜਿਹਾ ਹੀ ਭਾਈ ਸਾਹਿਬ ਦੀ ਵਾਰ ਵਿਚੋਂ ਸੰਦੇਸ਼ ਮਿਲਦਾ ਹੈ।



Scanned by CamScanner

"ਅੰਦਰਿ ਸਭਾ ਦੁਸਾਸਣੈ ਮਥੇਵਾਲਿ ਦਰੋਪਤੀ ਆਂਦੀ।
ਦੂਤਾਂ ਨੋ ਫੁਰਮਾਇਆ ਨੰਗੀ ਕਰਹੁ ਪੰਚਾਲੀ ਬਾਂਦੀ।
ਪੰਜੇ ਪਾਂਡੋ ਵੇਖਦੇ ਅਉਘਟਿ ਰੁਧੀ ਨਾਰਿ ਜਿਨ੍ਹਾ ਦੀ।
ਅਖੀ ਮੀਟ -------------------------
ਨਾਥ ਅਨਾਥਾ ਬਾਣਿ ਧੁਰਾਂਦੀ।"[27]

ਦ੍ਰੋਪਤੀ ਉਹ ਪਾਤਰ ਹੈ ਜਿਸਦੇ ਘਰ ਵਿਚ ਸਰੀਰਕ ਸੂਰਬੀਰਤਾ ਬੇਮਿਸਾਲ ਹੈ, ਉਸਦੇ ਪੰਜੇ ਪਤੀ ਐਨੇ ਬਲਸ਼ਾਲੀ ਸਨ ਕਿ ਉਨ੍ਹਾਂ ਅੱਗੇ ਕੋਈ ਵੀ ਟਿਕ ਨਹੀਂ ਸਕਦਾ ਸੀ, ਪਰ ਇਸਦੇ ਬਾਵਜੂਦ ਸਮੇਂ ਨੇ ਉਨ੍ਹਾਂ ਦੀ ਬੁੱਧੀ ਅਜਿਹੀ ਭ੍ਰਸ਼ਟ ਕੀਤੀ ਕਿ ਉਹ ਆਪਣੀ ਇੱਜ਼ਤ ਆਬਰੂ ਨੂੰ ਹੀ ਬਚਾ ਨਾ ਸਕੇ ਅਤੇ ਕੇਵਲ ਤਮਾਸ਼ਾ ਵੇਖਣ ਵਾਲਿਆਂ 'ਚ ਸਿਰ ਝੁਕਾ ਕੇ ਬੈਠੇ ਰਹੇ। ਇਥੇ ਸੁਕਰਾਤ ਦੀ ਗੱਲ ਯਾਦ ਆਉਂਦੀ ਹੈ ਕਿ "Yet men who are ignorant of the relevant skills can also some time behave boldly- indeed too boldly. These men who are bold but ignorant are mad. So they cannot be Courageous, because that would make courage a shameful thing (Since madness is shameful state)So wisdom is Courage."[28]

"ਜੀਵਨ ਖੇਤਰ ਵਿਚ ਸਾਰੀਆਂ ਜਿੱਤਾਂ ਮਾਨਸਿਕ ਅਤੇ ਸਦਾਚਾਰਕ ਜਿੱਤਾਂ ਹਨ ਸਰੀਰਕ ਜਿੱਤਾਂ ਕੋਈ ਜਿੱਤਾਂ ਨਹੀਂ।"[29] ਪੂਰਨ ਸਿੰਘ ਮਾਨਸਿਕ ਅਤੇ ਸਦਾਚਾਰਕ ਜਿੱਤਾਂ ਕਰਨ ਵਾਲੇ ਸਚਿਆਰ ਸਿੱਖ ਬਾਰੇ ਆਖਦੇ ਹਨ ਕਿ "ਸਿੱਖ ਦਾ ਮਨ ਕਿਰਪਾਨ ਵਰਗਾ ਹੋਣਾ ਚਾਹੀਦਾ ਹੈ, ਇਹ ਇਕ ਬਹੁਤ ਜਿਆਦਾ ਭਾਵੁਕ ਰੂਹ ਦਾ ਚਿੰਨ੍ਹ ਹੈ, ਕਿਰਪਾਨ ਬਹੁਤ ਤੇਜ਼ੀ ਨਾਲ ਕਾਟ ਕੱਟਦੀ ਹੈ ਪਰ ਦਿਲ ਅੱਖ ਦੇ ਝੱਪਕੇ ਵਿਚ ਅਜਿਹਾ ਕਰ ਸਕਦਾ ਹੈ। ਇਹ ਤਾਂ ਗੁਰੂ ਦੇ ਸਿੱਖ ਦੀ ਅਜੀਬ ਸ਼ਖ਼ਸੀਅਤ ਦਾ ਚਿੰਨ੍ਹ ਹੈ ਜੋ ਕੋਈ ਹਾਰ ਨਹੀਂ ਮੰਨਦੀ, ਮਾਯੂਸ ਨਹੀਂ ਹੁੰਦੀ, ਉਹ ਸ਼ਖ਼ਸੀਅਤ ਜਿਸਦੀ ਆਸ ਨਹੀਂ ਟੁੱਟਦੀ ਜਿਸਦੀ ਰੂਹਾਨੀ ਚਮਕ ਕਦੇ ਨਹੀਂ ਘਟਦੀ।"[30]ਇਸ ਰੂਹਾਨੀ ਚਮਕ ਸਦਕਾ ਹੀ ਸਿੱਖ-ਧਰਮ ਵਿਚ ਸੂਰਬੀਰਤਾ ਦਾ ਸੂਰਜਸਦੀਵੀ ਕਾਇਮ ਹੈ। ਇਸਦੀ ਸਦੀਵਤਾ ਲਈ ਭਾਈ ਗੁਰਦਾਸ ਜੀ ਦੀਆਂ ਵਾਰਾਂਅਹਿਮ ਯੋਗਦਾਨ ਪਉਂਦੀਆਂ ਹਨ।

"ਕਿਸੇ ਕੰਮ ਨੂੰ ਪੂਰਾ ਕਰਨ ਦਾ ਸੰਕਲਪ ਕਰਨ ਅਤੇ ਫੇਰ ਸੌ ਔਕੜਾਂ ਹੁੰਦਿਆਂ ਸੁੰਦਿਆਂ ਵੀ ਉਸਨੂੰ ਪੂਰਾ ਕਰਕੇ ਛੱਡਣਾ ਇਹ ਹੀ ਦ੍ਰਿੜ੍ਹਤਾ ਹੈ। ਇਹ ਐਸਾ ਗੁਣ ਹੈ ਕਿ ਇਸ ਤੋਂ ਬਗੈਰ ਕੋਈ ਕੌਮ ਜਿਉਂਦੀ ਨਹੀਂ ਰਹਿ ਸਕਦੀ।"[31] ਸੂਰਬੀਰਤਾ ਦਾ ਮੁੱਖ ਸਾਧਨ ਸਚਿਆਰ, ਗੁਰਮੁਖਿ, ਸੂਰਮਾ, ਸ਼ਹੀਦ ਹੁੰਦਾ ਹੈ ਜੋ ਸੱਚ ਉੱਤੇ ਕੁਰਬਾਨ ਹੋਣ ਲਈ 'ਸ਼ਹਾਦਤ' ਵਰਗੇ ਤੱਤ ਨੂੰ ਵਿਹਾਰ ਵਿਚ ਲਿਆ ਕੇ ਇਕ ਨਵੇਕਲੀ ਮਿਸਾਲ ਦਿੰਦਾ। ਅਜਿਹੇ ਸ਼ਹੀਦ/ਮੁਰੀਦ ਦੇ ਗੁਣਾਂ ਬਾਰੇ ਭਾਈ ਸਾਹਿਬ ਆਖਦੇ ਹਨ ਕਿ:

"ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।
ਸਾਬਰ ਸਿਦਕ ਸਹੀਦ ਭਰਮ ਭਉ ਖੋਵਣਾ।
ਗੋਲਾ ਮੁਲ ਖਰੀਦ ਕਾਰੇ ਜੋਵਣਾ।
ਨਾ ਤਿਸੁ ਭੁਖ ਨ ਨੀਂਦ ਨ ਖਾਣਾ ਜੋਵਣਾ।"[32]

ਭਾਈ ਗੁਰਦਾਸ ਜੀ ਦੀਆਂ ਵਾਰਾਂ ਸਦਾਚਾਰਕ ਗੁਣਾਂ ਦਾ ਭੰਡਾਰ ਹਨ ਜਿਹੜੇ ਕਿ ਸੂਰਬੀਰਤਾ ਦੇ ਸਰਬੋਤਮ ਤੱਤ ਹਨ। ਇਨ੍ਹਾਂ ਤੋਂ ਬਗੈਰ ਸੂਰਬੀਰਤਾ ਦਾ ਸਰੂਪ ਅਧੂਰਾ ਹੈ।ਬਹਾਦਰੀ ਹੋਰਨਾਂ ਸਦਾਚਾਰਕ ਗੁਣਾਂ ਵਿੱਚੋਂ ਕੇਵਲ ਇੱਕ ਗੁਣ ਹੀ ਨਹੀਂ ਹੈ, ਸਗੋਂ ਇਹ ਅਜਿਹਾ ਹਥਿਆਰ ਹੈ ਜੋ ਬਾਕੀ ਸਭ ਗੁਣਾਂ ਦੀ ਪਰਖ ਸਮੇਂ ਵਰਤਿਆ ਜਾਂਦਾ ਹੈ। ਜਿਸਦੀ ਧਾਰ ਨੂੰ ਭਾਈ ਸਾਹਿਬ ਦੀ ਵਾਰਾਂ ਤਿੱਖਾ ਤੇ ਗਰਜਮਈ ਬਣਾਈ ਰੱਖਦੀਆ ਹਨ।ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿੱਚ ਸੂਰਬੀਰਤਾ ਦੇ ਸਿਧਾਂਤਕ ਅਤੇ ਵਿਹਾਰਕ ਪੱਖਾਂ ਦੀ ਜਾਣਕਾਰੀ ਹਾਸਲ ਹੁੰਦੀ ਹੈ।ਜਿਨ੍ਹਾ ਸਦਕਾ ਸਿੱਖ ਧਰਮ ਦੀ ਵਿਲੱਖਣਤਾ ਸਿੱਧ ਹੁੰਦੀ ਹੈ।ਇਹਨਾਂ ਵਾਰਾਂ ਵਿੱਚੋਂ ਹੀ ਸਿੱਖਦੇ ਉਨ੍ਹਾਂ ਗੁਣਾਂ ਬਾਰੇ ਜਾਣਕਾਰੀ ਹਾਸਲ ਹੁੰਦੀ ਹੈ, ਜੋ ਸਿੱਖ ਨੂੰ ਅੰਦਰੋਂ ਅਤੇ ਬਾਹਰੋਂ ਸੂਰਬੀਰ ਬਣਾਉਂਦੇ ਹਨ ।



Scanned by CamScanner

# ਹਵਾਲੇ ਤੇ ਟਿੱਪਣੀਆਂ


1. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 467
2. ਉਹੀ, ਪੰਨਾ 164
3. ਉਹੀ, ਪੰਨਾ 265
4. ਭਾਈ ਕਾਨ੍ਹ ਸਿੰਘ ਨਾਭਾ, *ਗੁਰਮਤ ਪ੍ਰਭਾਕਰ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970, ਪੰਨਾ 108
5. ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1960, ਪੰਨਾ 169
6. ਪ੍ਰੇਮ ਪ੍ਰਕਾਸ਼ (ਸੰਪਾ.), *ਸੰਮਿਕ੍ਰਿਤ ਪੰਜਾਬੀ ਕੋਸ਼*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰਨਾ 949
7. Neah Webster, *New Webster Dictionary of English language*, Delair, 1981, p. 119
8. ਉਧਰਿਤ Geoffrey Scarre,*On Courage-Thinking in action* Roultledge London and New York, 2010, p.6
9. Alich Hardener, "*Courage*" in *Encyclopedia of Religion and Ethics*, James Hastings (ed.) Charles Scribner's Son's, New York, 1964, p.206
10. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 256
11. ਸਿਰਦਾਰ ਕਪੂਰ ਸਿੰਘ *ਸੁਖਮਨੀ'ਪੰਚਨਦ'*, ਜੈਤੇਗ ਸਿੰਘ ਅਨੰਤ (ਸੰਪਾ.), ਹਰਿਦਰਸਨ ਚੰਡੀਗੜ੍ਹ, 2009, ਪੰਨਾ 22
12. *ਸ੍ਰੀ ਗੁਰੂ ਗ੍ਰੰਥ ਸਾਹਿਬ*, 404.
13. *ਵਾਰਾਂ ਭਾਈ ਗੁਰਦਾਸ*, ਵਾਰ 12 ਪਉੜੀ 4.
14. ਉਪਰੋਕਤ, *ਪੰਚਨਦ*, ਪੰਨਾ 33.
15. *ਸ੍ਰੀ ਗੁਰੂ ਗ੍ਰੰਥ ਸਾਹਿਬ*, 1105.
16. ਉਹੀ, ਪੰਨਾ 342
17. *ਵਾਰਾਂ ਭਾਈ ਗੁਰਦਾਸ*, ਵਾਰ 30 ਪਉੜੀ 14
18. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1
19. *ਵਾਰਾਂ ਭਾਈ ਗੁਰਦਾਸ*, ਵਾਰ 30 ਪਉੜੀ 10
20. ਉਹੀ, ਵਾਰ 30 ਪਉੜੀ 12
21. ਰਤਨ ਸਿੰਘਜੱਗੀ, *ਭਾਈ ਗੁਰਦਾਸ ਜੀਵਨ ਤੇ ਰਚਨਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000, (ਤੀਜੀ ਵਾਰ)ਪੰਨਾ 11
22. *ਵਾਰਾਂ ਭਾਈ ਗੁਰਦਾਸ*, ਵਾਰ 1 ਪਉੜੀ 21
23. ਉਹੀ, ਵਾਰ 1 ਪਉੜੀ 37
24. ਉਹੀ,ਵਾਰ 1 ਪਉੜੀ 30
25. ਉਪਰਕੋਤ Geoffrey Scarre, "*On Courage-thinking in action*" p.32
26. *ਵਾਰਾਂ ਭਾਈ ਗੁਰਦਾਸ*, ਵਾਰ 10 ਪਉੜੀ 2
27. ਉਹੀ, ਵਾਰ 10 ਪਉੜੀ 8
28. AngelaHobbs,"*Plato And the Hero–Courage manliness and the impersonal good*" CambridgeUniversity, New York, 2000, p.116
29. ਪੂਰਨ ਸਿੰਘ, *ਜਿਨ ਕੇ ਚੋਲੇ ਰਤੜੇ*, ਡਾ. ਕਰਮ ਸਿੰਘ ਕਪੂਰ (ਅਨੁ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2006, ਪੰਨਾ 93
30. ਉਹੀ, ਪੰਨਾ 93
31. ਕਰਮ ਸਿੰਘ ਹਿਸਟੋਰੀਅਨ, *ਅਮਰ ਖਾਲਸਾ*, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ*, ਅੰਮ੍ਰਿਤਸਰ,ਮਿਤੀਹੀਨ ਪੰਨਾ 45
32. *ਵਾਰਾਂ ਭਾ[illegible]ਦਾਸ*, ਵਾਰ 3 ਪਉੜੀ 18





Scanned by CamScanner

# ਸਿੱਖ ਧਰਮ ਵਿਚ ਸੂਰਬੀਰਤਾ ਦਾ ਸਿਧਾਂਤ ਤੇ ਵਿਹਾਰ: ਇਕ ਅਧਿਐਨ

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸਮਾਜਕ ਵਿਗਿਆਨਾਂ ਦੀ ਫੈਕਲਟੀ

ਅਧੀਨ ਪੀਐਚ.ਡੀ. ਦੀ ਡਿਗਰੀ ਲਈ

ਧਰਮ ਅਧਿਐਨ ਵਿਸ਼ੇ ਵਿਚ

ਪੇਸ਼ ਕੀਤਾ

**ਖੋਜ-ਪ੍ਰਬੰਧ**

**(2017)**


**ਨਿਗਰਾਨ :**

**ਡਾ. ਗੁਰਮੀਤ ਸਿੰਘ ਸਿੱਧੂ**

**ਪ੍ਰੋਫੈਸਰ**

**ਖੋਜਾਰਥੀ :**

**ਸੁਭਕਰਨ ਸਿੰਘ**

**ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ**

**ਪੰਜਾਬੀ ਯੂਨੀਵਰਸਿਟੀ, ਪਟਿਆਲਾ**

# ਸਾਰ

**ਸਿੱਖ ਧਰਮ ਵਿਚ ਸੂਰਬੀਰਤਾ ਦਾ ਸਰੂਪ ਗੁਰਬਾਣੀ ਸਿਧਾਂਤ ਅਤੇ ਗੁਰੂ ਅਮਲਾਂ ਵਿਚੋਂ ਉਤਪੰਨ ਹੁੰਦਾ ਹੈ। ਗੁਰਮਤਿ ਚਿੰਤਨ ਵਿਚ ਸੂਰਬੀਰਤਾ ਦੇ ਸਿਧਾਂਤ ਅਤੇ ਵਿਹਾਰ ਨੂੰ ਇਕੋ ਸੂਤਰ ਵਿਚ ਪਰੋਇਆ ਗਿਆ ਹੈ। ਇਹ ਦੋਵੇਂ ਇਕ ਦੂਜੇ ਦੇ ਪੂਰਕ ਹਨ। ਮਨੁੱਖ ਦੇ ਜੀਵਨ ਵਿਚ ਦੋ ਪੱਖਾਂ ਦੀ ਪਰਮੁੱਖਤਾ ਰਹਿੰਦੀ ਹੈ : ਕਥਨੀ ਅਤੇ ਕਰਨੀ। ਆਮ ਵਿਅਕਤੀ ਕਥਨੀ ਅਤੇ ਕਰਨੀ ਨੂੰ ਇਕ ਕਰਨ ਵਿਚ ਅਸਮਰੱਥ ਰਹਿੰਦਾ ਹੈ। ਪਰ ਜਿਨ੍ਹਾਂ ਨੇ ਕਥਨੀ ਅਤੇ ਕਰਨੀ ਦਾ ਸੰਤੁਲਨ ਸਥਾਪਤ ਕਰ ਲਿਆ ਹੋਵੇ ਤਾਂ ਉਹਨਾਂ ਦੀ ਸੂਰਬੀਰਤਾ ਨੂੰ ਇਹ ਸੰਤੁਲਨ ਦ੍ਰਿਸ਼ਟਮਾਨ ਕਰਦਾ ਹੈ। ਕਥਨੀ ਅਤੇ ਕਰਨੀ ਨੂੰ ਅਕਾਦਮਿਕ ਖੇਤਰ ਵਿਚ ਸਿਧਾਂਤ ਅਤੇ ਵਿਹਾਰ ਦੇ ਰੂਪ ਵਿਚ ਲਿਆ ਗਿਆ ਹੈ।**

**ਸਿੱਖ ਧਰਮ ਵਿਚ ਸੂਰਬੀਰਤਾ ਦਾ ਸਿਧਾਂਤ ਅਤੇ ਵਿਹਾਰ ਇਕੋ ਸਿੱਕੇ ਦੇ ਦੋ ਪਹਿਲੂ ਹਨ। ਨਿਰਸੰਦੇਹ ਸਿੱਖ ਸੂਰਬੀਰਤਾ ਦੇ ਸਿਧਾਂਤ ਅਤੇ ਵਿਹਾਰ ਅੰਤਰ-ਸੰਬੰਧਤ ਹਨ। ਕਈ ਵਾਰੀ ਮਨੁੱਖ ਇਹਨਾਂ ਦੋਵਾਂ ਵਿਚੋਂ ਕਿਸੇ ਇਕ ਨੂੰ ਸਰਬੋਤਮ ਮੰਨ ਲੈਂਦਾ ਹੈ ਅਤੇ ਦੂਜੇ ਦੀ ਕੋਈ ਅਹਿਮੀਅਤ ਨਾ ਸਮਝਦਾ ਹੋਇਆ ਦੂਜੇ ਪਹਿਲੂ ਨੂੰ ਪਛਾੜ ਕੇ ਅੱਗੇ ਵਧਣ ਦੀ ਕੋਸ਼ਿਸ ਕਰਦਾ ਹੈ ਜੋ ਗੁਰਮਤ ਅਨੁਸਾਰ ਠੀਕ ਨਹੀਂ ਹੈ।**

ਸੂਰਬੀਰਤਾ ਦੇ ਸਿਧਾਂਤ ਅਤੇ ਵਿਹਾਰ ਦੇ ਸੰਤੁਲਨ ਨੂੰ ਬਰਕਰਾਰ ਰੱਖਣ ਲਈ ਗੁਰੂ ਸਾਹਿਬਾਨ ਨੇ ਗੁਰਬਾਣੀ (ਸਿਧਾਂਤ) ਗੁਰੂ ਅਮਲਾਂ (ਵਿਹਾਰ) ਰਾਂਹੀ ਸੇਧ ਦਿਤੀ ਹੈ ਕਿ ਜਿਹਨਾਂ ਮਨੁੱਖਾਂ ਦੇ ਮਨ ਅਤੇ ਤਨ ਦੀ ਗੱਲ ਇਕ ਨਹੀਂ ਹੈ, ਉਹ ਸੂਰਬੀਰ ਨਹੀਂ ਹੋ ਸਕਦੇ। ਹਰ ਗੁਰਸਿੱਖ ਕਹਿਣੀ ਅਤੇ ਕਰਣੀ ਦਾ ਪੂਰਾ ਹੋਣਾ ਚਾਹੀਦਾ ਹੈ। ਸਿੰਘ ਸੂਰਮਿਆਂ ਦੇ ਜੀਵਨ ਵਿਚ ਸਿਧਾਂਤ ਅਤੇ ਵਿਹਾਰ ਇਕ ਹਨ ਅਤੇ ਉਹ ਗੁਰੂ ਉਪਦੇਸ਼ਾਂ ਉੱਤੇ ਕਾਇਮ ਰਹਿੰਦੇ ਹੋਏ ਆਪਣੇ ਮਨੋਰਥ ਨੂੰ ਪੂਰਾ ਕਰ ਲੈਂਦੇ ਹਨ।

ਇਸ ਖੋਜ ਕਾਰਜ ਨੇ ਸੂਰਬੀਰਤਾ ਦੇ ਸੁਭਾਅ ਅਤੇ ਪਰਕਿਰਤੀ ਨੂੰ ਦਰਸਾ ਕੇ ਸੂਰਬੀਰਤਾ ਦੀਆਂ ਵਿਭਿੰਨ ਪੱਖਾਂ ਬਾਰੇ ਜਾਣਕਾਰੀ ਦਿੱਤੀ ਹੈ। ਸੂਰਬੀਰਤਾ ਦੇ ਸੰਕਲਪ ਵਾਲੇ ਪੜਾਅ ਵਿਚ

ਸੂਰਬੀਰਤਾ ਦੀ ਉਤਪਤੀ ਅਤੇ ਵਿਕਾਸ ਨੂੰ ਵਿਚਾਰਨ ਉਪਰੰਤ ਇਹ ਗੱਲ ਉਘੜ ਕੇ ਸਾਹਮਣੇ ਆਉਂਦੀ ਹੈ ਕਿ ਸੂਰਬੀਰਤਾ ਮਨੁੱਖ ਦੇ ਮਨ ਦੀ ਤਾਕਤ ਹੁੰਦੀ ਹੈ ਜਿਹੜੀ ਮਨੁੱਖ ਨੂੰ ਹਰ ਕਠਿਨ ਪਰਿਸਥਿਤੀ ਦਾ ਸਾਹਮਣਾ ਕਰਨ ਅਤੇ ਸੰਕਟ ਤੋਂ ਬਾਹਰ ਨਿਕਲਣ ਸਾਰਥਕ ਭੂਮਿਕਾ ਨਿਭਾਉਂਦੀ ਹੈ। ਸੂਰਬੀਰਤਾ ਉਹ ਜਜ਼ਬਾ ਹੈ ਜੋ ਮਨੁੱਖ ਨੂੰ ਆਪਣੇ ਜੀਵਨ ਦੇ ਹਰ ਖੇਤਰ ਵਿਚ ਹੱਕ ਸੱਚ 'ਤੇ ਦ੍ਰਿੜ ਰਹਿ ਕੇ ਆਪਣੇ ਜੀਵਨ ਦੇ ਕਰਤੱਵ ਨਿਭਾਉਣ ਵਿਚ ਸਹਾਇਤਾ ਕਰਦਾ ਹੈ ਇਸੇ ਅਧਾਰ 'ਤੇ ਅਸੀਂ ਸਿੱਖ ਸੂਰਬੀਰਤਾ ਨੂੰ ਵਿਚਾਰਿਆ ਹੈ। ਵੱਖ-ਵੱਖ ਵਿਦਵਾਨਾਂ ਦੇ ਸੂਰਬੀਰਤਾ ਸੰਬੰਧੀ ਦਿੱਤੇ ਵਿਚਾਰਾਂ ਨੂੰ ਵਿਚਾਰਨ ਮਗਰੋਂ ਧਰਮ ਅਤੇ ਸੂਰਬੀਰਤਾ ਦੇ ਆਪਸੀ ਸੰਬੰਧਾਂ ਨੂੰ ਸਮਝਿਆ ਗਿਆ ਹੈ। ਇਸ ਖੋਜ ਤੋਂ ਇਹ ਪਤਾ ਚਲਦਾ ਹੈ ਕਿ ਸੂਰਬੀਰਤਾ ਦੀ ਅਗਵਾਈ ਧਰਮ ਕਰਦਾ ਹੈ ਤਾਂ ਹੀ ਸੂਰਬੀਰਤਾ ਸਹੀ ਉਦੇਸ਼, ਸਹੀ ਮਾਰਗ, ਸਹੀ ਢੰਗ, ਸਹੀ ਸਮੇਂ ਰਾਹੀਂ ਸਰਬੱਤ ਦੇ ਭਲੇ ਲਈ ਕਾਰਜਸ਼ੀਲ ਰਹਿੰਦੀ ਹੈ। ਧਰਮ ਦੇ ਪ੍ਰਭਾਵ ਤੋਂ ਬਗੈਰ ਬਹਾਦਰੀ ਦੀ ਸੀਮਾ ਸੀਮਤ ਹੋਣ ਕਰਕੇ ਇਹ ਦਿਸ਼ਾਹੀਣ ਹੋ ਜਾਵੇਗੀ ਜੋ ਕਿ ਲੋਕ ਹਿੱਤਾਂ ਦਾ ਘਾਣ ਕਰਦੀ ਨਜ਼ਰ ਆਵੇਗੀ। ਮਨੁੱਖ ਦੀ ਸਖਸ਼ੀਅਤ ਨੈਤਿਕ, ਮਾਨਸਿਕ, ਅਧਿਆਤਮਕ, ਸਮਾਜਕ, ਸਰੋਕਾਰਾਂ ਨਾਲ ਉਘੜਦੀ ਹੈ। ਇਹਨਾਂ ਸਰੋਕਾਰਾਂ ਕਾਰਨ ਸੂਰਬੀਰਤਾ ਦੀਆਂ ਵਿਭਿੰਨ ਕਿਸਮਾਂ ਵੀ ਪਾਈਆਂ ਜਾਂਦੀਆਂ ਹਨ। ਸਿੱਖ ਧਰਮ ਵਿਚ ਸੂਰਬੀਰਤਾ ਇਹਨਾਂ ਸਰੋਕਾਰਾਂ ਨਾਲ ਓਤ-ਪੋਤ ਰਹਿੰਦੀ ਹੈ ਇਸ ਕਰਕੇ ਮੁੱਖ ਦੋ ਕਿਸਮਾਂ ਅਧਿਆਤਮਕ ਅਤੇ ਸਮਾਜਕ ਸੂਰਬੀਰਤਾ ਰਾਂਹੀ ਹੀ ਖੋਜ ਕੀਤੀ ਗਈ ਹੈ।

ਗੁਰਮਤਿ ਵਿਚ ਕੇਵਲ ਬਾਹਰੀ ਤੌਰ 'ਤੇ ਤਾਕਤਵਰ ਹੋਣਾ ਹੀ ਪ੍ਰਮੁੱਖ ਨਹੀਂ ਮੰਨਿਆ ਜਾਂਦਾ ਇਸ ਤੋਂ ਪਹਿਲਾਂ ਅਧਿਆਤਮਕ ਤਾਕਤ ਨੂੰ ਪੈਦਾ ਕਰਨਾ ਪ੍ਰਮੁੱਖ ਹੈ। ਸਿੱਖ ਇਤਿਹਾਸ ਇਸ ਗੱਲ ਦੀ ਪ੍ਰੋੜਤਾ ਕਰਦਾ ਹੈ ਕਿ ਸੱਚੇ ਸੂਰਮੇ ਨੇ ਆਪਣੀ ਅੰਦਰਲੀ ਅਤੇ ਬਾਹਰਲੀ ਤਾਕਤ ਨੂੰ ਸਿਧਾਂਤ ਅਤੇ ਵਿਹਾਰ ਰਾਂਹੀ ਇਕ ਕਰ ਲਿਆ ਹੈ, ਉਹ ਸੂਰਮਾ ਬਾਹਰੋਂ ਭਾਵੇਂ ਸਰੀਰਕ ਪੱਖ ਤੋਂ ਕਮਜ਼ੋਰ ਕਿਉਂ ਨਾ ਹੋਵੇ ਪਰ ਜ਼ੁਲਮ ਨੂੰ ਦੇ ਖ਼ਿਲਾਫ਼ ਬੇਮਿਸਾਲ ਤਾਕਤ ਦਾ ਪ੍ਰਗਟਾਅ ਕਰ ਜਾਂਦਾ ਹੈ। ਫਿਰ ਭਾਵੇਂ ਉਸਦੇ ਸਾਹਮਣੇ ਖਤਰਨਾਕ ਮਸਤਿਆ ਹਾਥੀ ਵੀ ਆ ਜਾਵੇ ਤਾਂ ਉਹ ਸੂਰਮਾ ਪੂਰੇ ਜਜ਼ਬੇ ਨਾਲ ਉਸ ਹਾਥੀ ਉਪਰ ਭਾਰੂ ਪੈ ਜਾਂਦਾ ਹੈ। ਇਹ ਪੱਖ ਭਾਈ ਬਚਿੱਤਰ ਸਿੰਘ ਅਤੇ ਭਾਈ ਦੁਨੀਚੰਦ ਦੇ ਵਿਚਕਾਰ

ਬਹਾਦਰੀ ਭਰੇ ਕਾਰਨਾਮਿਆਂ ਦੇ ਅਧਿਐਨ ਤੋਂ ਸਾਹਮਣੇ ਆਇਆ ਹੈ।

ਸੋ ਜਿਹੜੇ ਸੂਰਮੇ ਗੁਰਬਾਣੀ ਸਿਧਾਂਤ ਅਤੇ ਗੁਰੂ ਅਮਲਾਂ ਤੋਂ ਪ੍ਰੇਰਨਾ ਲੈ ਕੇ ਸਿਧਾਂਤ ਅਤੇ ਵਿਹਾਰ ਨੂੰ ਇਕ ਕਰ ਲੈਂਦੇ ਹਨ ਉਹ ਹੀ ਸੂਰਮੇ ਅੱਗੇ ਚਲ ਕੇ ਸਿੱਖ ਸੂਰਬੀਰਤਾ ਦੀ ਮਿਸਾਲ ਕਾਇਮ ਕਰ ਜਾਂਦੇ ਹਨ। ਸਿਧਾਂਤ ਅਤੇ ਵਿਹਾਰ ਦਾ ਸੰਤੁਲਨ ਸਿੱਖ ਧਰਮ ਵਿਚ ਸੂਰਬੀਰਤਾ ਨੂੰ ਵਿਲੱਖਣਤਾ ਪ੍ਰਦਾਨ ਕਰਦਾ ਹੈ।

ਸਿੱਖ ਧਰਮ ਵਿਚ ਸੂਰਬੀਰਤਾ ਦਾ ਸਰੂਪ ਪਵਿੱਤਰ ਅਤੇ ਵਿਸ਼ਾਲ ਹੈ। ਇਹ ਸੂਰਬੀਰਤਾ ਮਨੁੱਖ ਦੀ ਸੰਪੂਰਨ ਸ਼ਖ਼ਸੀਅਤ ਦਾ ਵਿਕਾਸ ਕਰਦੀ ਹੈ। ਇਸ ਵਿਚ ਅਧਿਆਤਮਕਤਾ, ਨੈਤਿਕਤਾ, ਸਰੀਰਕ ਬਲ ਅਤੇ ਸਮਾਜ ਨੂੰ ਕੇਵਲ ਇਕ ਅਕਾਲ ਪੁਰਖ ਨਾਲ ਜੋੜਿਆ ਗਿਆ ਹੈ। ਸੂਰਬੀਰਤਾ ਦੇ ਸੰਕਲਪ ਤੋਂ ਇਹ ਪਤਾ ਚਲਦਾ ਹੈ ਕਿ ਹਰ ਮਨੁੱਖ ਦੀ ਲੋੜ ਹੈ। ਧਰਮ ਸੂਰਬੀਰਤਾ ਦੇ ਦਇਰੇ ਨੂੰ ਵਿਸ਼ਾਲਤਾ ਪ੍ਰਦਾਨ ਕਰਦਾ ਹੈ। ਸਿੱਖ ਧਰਮ ਦਸ ਗੁਰੂ ਸਹਿਬਾਨ ਵਲੋਂ ਸਥਾਪਤ ਕੀਤਾ ਸਮੁੱਚੀ ਮਨੁੱਖਤਾ ਦਾ ਧਰਮ ਹੈ। ਸਿੱਖੀ ਵਿਚ ਸੂਰਬੀਰਤਾ ਮਨੁੱਖਤਾ ਦੇ ਭਲੇ ਲਈ ਵਿਖਾਈ ਗਈ ਹੈ। ਜੋ ਕੇਵਲ ਇੱਕ ਅਕਾਲ ਪੁਰਖ ਵਿਚੋਂ ਉਪਜਦੀ ਹੋਈ, ਗੁਰੂ ਅਤੇ ਸੰਗਤ ਦੇ ਸਹਾਰੇ ਪਵਿੱਤਰ ਉਦੇਸ਼ਾਂ ਨੂੰ ਪੂਰਾ ਕਰਦੀ ਹੈ।

ਜਦੋਂ ਅਧਿਆਤਮਕ ਤਾਕਤ ਸੂਰਬੀਰਤਾ ਦੀ ਅਗਵਾਈ ਕਰਦੀ ਹੈ ਤਾਂ ਉਦੋਂ ਇਸ ਦਾ ਧਾਰਨੀ ਵਿਅਕਤੀਗਤ ਸੁਆਰਥਾਂ ਤੋ ਨਿਰਲੇਪ ਹੋ ਕੇ ਸਰਬੱਤ ਦੇ ਭਲੇ ਵਾਸਤੇ ਹੀ ਆਪਣਾ ਜੀਵਨ ਅਰਪਣ ਕਰਦਾ ਹੈ। ਅਕਾਲ ਪੁਰਖ ਦੇ ਭਾਣੇ ਵਿਚ ਰਹਿਣਾ ਸੂਰਮੇ ਲਈ ਆਤਮਕ ਸ਼ਾਂਤੀ ਦਾ ਵਸੀਲਾ ਹੈ। ਇਸ ਅਵਸਥਾ ਵਿਚ ਸੂਰਮਾ ਮਾਨਸਕ ਪੱਖੋਂ ਐਨਾ ਬਲਵਾਨ ਹੋ ਜਾਂਦਾ ਹੈ ਕਿ ਉਹ ਆਪਣੇ ਅੰਦਰਲੇ ਵਿਕਾਰਾਂ ਨੂੰ ਸਦੀਵ ਸਮੇਂ ਲਈ ਕਾਬੂ ਕਰ ਲੈਂਦਾ ਹੈ। ਅਧਿਆਤਮਕ ਸੂਰਬੀਰਤਾ ਸਦਕਾ ਸਰੀਰਕ ਤਾਕਤ ਬੇਮਿਸਾਲ ਹੋ ਜਾਂਦੀ ਹੈ। ਸਿੱਖੀ ਵਿਚ ਹੋਏ ਜੰਗ-ਯੁੱਧਾਂ ਵਿਚ ਸੂਰਮਿਆਂ ਦੀ ਸਰੀਰਕ ਤਾਕਤ ਦਾ ਰਹੱਸ ਅਧਿਆਤਮਕ ਸੂਰਬੀਰਤਾ ਵਿਚ ਸਮੇਟਿਆ ਪਿਆ ਹੈ।

ਜੀਵਨ ਸੰਘਰਸ਼ ਵਿੱਚ ਸੂਰਮੇ ਦੀ ਬਹਾਦਰੀ ਇਸ ਵਿੱਚ ਰਹਿੰਦੀ ਹੈ ਕਿ ਉਸ ਵਿਚ ਹਲੀਮੀ, ਨਿਮਰਤਾ, ਸਹਿਜ, ਖਿਮਾ ਆਦਿ ਜਿਹੇ ਨੈਤਿਕ ਸਦਗੁਣ ਹੁੰਦੇ ਹਨ। ਇਹ ਸਦਗੁਣ ਮਨੁੱਖ

ਨੂੰ ਅਜਿਹੀ ਤਾਕਤ ਪ੍ਰਦਾਨ ਕਰਦੇ ਹਨ ਕਿ ਇਨ੍ਹਾਂ ਨਾਲ ਉਹ ਰੋਜ਼ਮਰਾ ਦੀ ਜ਼ਿੰਦਗੀ ਵਿੱਚ ਕਿਸੇ ਵੀ ਔਕੜ ਦਾ ਸਾਹਮਣਾ ਡਟ ਕੇ ਕਰ ਸਕਦਾ ਹੈ ਅਤੇ ਆਪਣੇ ਮਾਨਸਿਕ ਪੱਧਰ ਨੂੰ ਹਮੇਸ਼ਾਂ ਉਚੇਰੀਆਂ ਕੀਮਤਾਂ ਨਾਲ ਸਮਲਿਤ ਰੱਖਦਾ ਹੈ। ਨੈਤਿਕ ਸੂਰਬੀਰਤਾ ਦੇ ਸਾਰੇ ਗੁਣ ਧੀਰਜ, ਧਰਮ, ਨਿਮਰਤਾ, ਨਿਰਭੈਤਾ, ਨਿਰਵੈਰਤਾ, ਖਿਮਾ, ਸੰਤੋਖ ਆਦਿ ਇਸ ਤਰ੍ਹਾਂ ਆਪਸ ਵਿੱਚ ਜੁੜੇ ਰਹਿੰਦੇ ਹਨ ਕਿ ਜੇ ਕਿਸੇ ਇੱਕ ਗੁਣ ਨੂੰ ਬਾਹਰ ਕੱਢ ਲਿਆ ਜਾਵੇ ਤਾਂ ਬਾਕੀ ਸਾਰੇ ਸਦਗੁਣ ਵੀ ਆਪਣੇ ਆਪ ਘੱਟ ਜਾਂਦੇ ਹਨ। ਸਿੱਖ ਸੂਰਬੀਰਤਾ ਦੇ ਉਪਰੋਕਤ ਦਰਸਾਏ ਸਿਰਜਕ ਗੁਣ ਵੀ ਆਪਸ ਵਿੱਚ ਇਕਮਿਕ ਰਹਿੰਦੇ ਹਨ। ਇਹਨਾਂ ਦੀ ਇਕਜੁਟਤਾ ਸੂਰਬੀਰਤਾ ਦਾ ਸਹੀ ਵਿਹਾਰ ਪ੍ਰਗਟ ਕਰਦੀ ਹੈ।

ਸਿੱਖ ਧਰਮ ਵਿਚ ਸੂਰਬੀਰਤਾ ਲਈ ਪ੍ਰੇਰਕ ਅਕਾਲ ਪੁਰਖ, ਗੁਰੂ ਤੇ ਸਤਿਸੰਗਤ ਹਨ। ਸਿੱਖ ਚਿੰਤਨ ਦੇ ਇਹਨਾਂ ਤਿੰਨੇ ਸੰਕਲਪਾਂ ਵਿਚੋਂ ਸੂਰਬੀਰਤਾ ਪੈਦਾ ਹੁੰਦੀ ਹੈ। ਅਕਾਲ ਪੁਰਖ, ਗੁਰੂ ਅਤੇ ਸਤਸੰਗਤਿ ਨਾਲ ਸੂਰਬੀਰਤਾ ਦਾ ਆਪਸੀ ਸੰਬੰਧ ਹੋਣ ਕਾਰਨ ਸੂਰਬੀਰਤਾ ਦੀ ਸਦੀਵ ਹੋਂਦ ਬਰਕਰਾਰ ਰਹਿੰਦੀ ਹੈ। ਇਹੀ ਤਿੰਨੇ ਸੰਕਲਪ ਅਧਿਆਤਮਕ, ਨੈਤਿਕ, ਸਰੀਰਕ ਸੂਰਬਰੀਤਾ ਦੀ ਅਧਾਰਸ਼ਿਲ੍ਹਾ ਹਨ।

ਸਿੱਖ ਸੂਰਬੀਰਤਾ ਦਾ ਧਾਰਨੀ ਕੇਵਲ ਸਿਪਾਹੀ ਹੀ ਨਹੀਂ ਸਗੋਂ ਉਹ ਸੰਤ ਹੁੰਦਾ ਹੈ। ਸੰਤ ਅਤੇ ਸਿਪਾਹੀ ਦੇ ਗੁਣਾਂ ਕਰਕੇ ਗੁਰਮਖਿ, ਭਗਤ-ਜਨ, ਸੇਵਕ, ਚਾਕਰ, ਫਕੀਰਾਂ ਆਦਿ ਵਿਚ ਵੀ ਬਹਾਦਰੀ ਦਾ ਜਜ਼ਬਾ ਕਾਇਮ ਰਹਿੰਦਾ ਹੈ। ਸਿੱਖ ਧਰਮ ਵਿਚ ਗੁਰਮਤਿ ਦੇ ਸਿਧਾਂਤ ਅਨੁਸਾਰ ਸੰਤ ਕੇਵਲ ਭਗਤੀ ਕਰਨ ਵਾਲਾ ਹੀ ਨਹੀਂ ਹੁੰਦਾ ਸਗੋਂ ਲੋੜ ਪੈਣ ’ਤੇ ਸਰਬੱਤ ਦੇ ਭਲੇ ਵਾਸਤੇ ਹੱਥ ਵਿਚ ਤੇਗ ਲੈ ਕੇ ਜ਼ਾਲਮ ਨੂੰ ਸੋਧਾ ਲਾਉਣ ਵਾਲਾ ਹੁੰਦਾ ਹੈ। ਇਸੇ ਤਰ੍ਹਾਂ ਸਿਪਾਹੀ ਵੀ ਗੁਰਮਤਿ ਸਿਧਾਤਾਂ ਦਾ ਧਾਰਨੀ ਹੋ ਕੇ ਜੰਗ ਦੇ ਮੈਦਾਨ ਵਿਚ ਜੂਝਦਾ ਹੈ ਪਰ ਜੇ ਸਾਹਮਣੇ ਤੋਂ ਵੈਰੀ ਝੁਕ ਜਾਏ ਜਾਂ ਆਪਣੀ ਗਲਤੀ ਕਬੂਲ ਕਰ ਲਵੇ ਤਾਂ ਪਵਿੱਤਰ ਸਿਧਾਤਾਂ ਨਾਲ ਓਤਪੋਤ ਸਿਪਾਹੀ ਆਪਣੇ ਸੰਤ-ਸੁਭਾਅ ਮੁਤਾਬਕ ਖਿਮਾ ਵੀ ਕਰਦਾ ਹੈ।

ਸੂਰਬੀਰਤਾ ਨੂੰ ਸਿੱਖ ਪਰਿਪੇਖ ਵਿਚ ਸਮਝਣ ਨਾਲ ਇਹ ਧਾਰਨਾ ਬਣਦੀ ਹੈ ਕਿ ਸੂਰਬੀਰਤਾ ਇੱਕ ਜਜ਼ਬਾ ਹੀ ਨਹੀਂ ਸਗੋਂ ਇਹ ਪਵਿੱਤਰ ਭਾਵਨਾ ਹੈ। ਸਭ ਤੋਂ ਪਹਿਲੀ ਸੂਰਬੀਰਤਾ

ਮਨੁੱਖ ਦੇ ਪੰਜ ਦੁਸ਼ਮਣਾਂ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਦੇ ਖ਼ਿਲਾਫ਼ ਜੰਗ ਹੈ। ਇਸ ਤੋਂ ਮਗਰੋਂ ਸੱਚੇ ਸੂਰਮੇ ਦੇ ਪ੍ਰਮੁੱਖ ਲੱਛਣ ਅਡੋਲਤਾ, ਖਿਮਾ, ਉਚ ਆਦਰਸ਼, ਨਿਡਰਤਾ, ਉਚ-ਆਚਰਨ, ਬੀਰਤਾ, ਡਰ, ਗਿਆਨ, ਮੀਰੀ-ਪੀਰੀ ਆਦਿ ਦ੍ਰਿਸ਼ਟਮਾਨ ਹੋ ਕੇ ਸੂਰਬੀਰਤਾ ਦੀ ਪਰਕਿਰਤੀ ਨੂੰ ਦੈਵੀ ਸੰਪੂਰਨਤਾ ਪ੍ਰਦਾਨ ਕਰਦੇ ਹਨ।

ਸਮਾਜ ਵਿਚ ਇਕਸਾਰਤਾ, ਭਾਈਚਾਰਕ ਸਾਂਝ, ਨਿਆਂ, ਸੱਚਾਈ ਆਦਿ ਦੇ ਪੱਖ ਵਿਚ ਖੜ੍ਹਨਾ ਵੱਡੀ ਗੱਲ ਹੈ। ਗੁਰਮਤਿ ਵਿਹਾਰ ਵਿਚ ਸੱਚੀ ਸੁੱਚੀ ਕਿਰਤ ਦੀ ਮਹੱਤਤਾ ਨੂੰ ਪਰਵਾਨਿਆ ਗਿਆ ਹੈ ਕਿਰਤ ਦੇ ਸਿਧਾਂਤ ਨੇ ਸਿੱਖ ਦਾ ਨੈਤਿਕ ਪੱਧਰ ਉੱਚਾ ਚੁੱਕਿਆ ਜਿਸ ਦੇ ਸਹਾਰੇ ਉਹ ਹਰ ਮੁਸੀਬਤ ਵਿਚ ਅਡੋਲ ਡਟਿਆ ਰਹਿੰਦਾ ਹੈ। ਉਹ ਸਮਾਜ ਵਿਚ ਲੋਕ ਹਿੱਤਾਂ ਦੀ ਰਾਖੀ ਖਾਤਰ ਆਪਣਾ ਆਪ ਨਿਛਾਵਰ ਕਰਨ ਵਿਚ ਮਾਣ ਮਹਿਸੂਸ ਕਰਦਾ ਹੈ। ਜਿਸ ਵਿਅਕਤੀ ਅੰਦਰ ਨੈਤਿਕ ਵਿਹਾਰ ਪੈਦਾ ਨਹੀਂ ਹੁੰਦਾ ਉਹ ਵਿਅਕਤੀ ਸੱਚੀ ਸੂਰਮਤਾਈ ਦਾ ਧਾਰਨੀ ਨਹੀਂ ਬਣ ਸਕਦਾ। ਨੈਤਿਕ ਬਹਾਦਰੀ ਨੂੰ ਸੂਰਮੇ ਦੀ ਆਤਮ ਨਿਰਭਰਤਾ ਅਤੇ ਸਮਾਜਕ ਹੱਕਾਂ ਲਈ ਸੱਚੇ ਰਾਖੇ ਵਜੋਂ ਜੂਝਣ ਦੀ ਪ੍ਰੇਰਨਾ ਵਜੋਂ ਸਮਝਿਆ ਜਾ ਸਕਦਾ ਹੈ। ਸਿੱਖ ਧਰਮ ਵਿਚ ਨੈਤਿਕ ਬਹਾਦਰੀ ਦੀ ਅਧਿਆਤਮਕਤਾ ਨਾਲ ਸਾਂਝ ਹਮੇਸ਼ਾ ਕਾਇਮ ਰਹੀ ਹੈ। ਸਿੱਖ ਧਰਮ ਵਿਚ ਸੂਰਬੀਰਤਾ ਅਧਿਆਤਮਕ, ਨੈਤਿਕ, ਸਮਾਜਕ, ਅਤੇ ਸਰੀਰਕ ਤਾਕਤ ਦਾ ਸੁਮੇਲ ਹੈ। ਸੂਰਬੀਰਤਾ ਦਾ ਸਿਧਾਂਤ ਅਤੇ ਵਿਹਾਰ ਇਕ ਦੂਸਰੇ ਨੂੰ ਸਾਰਥਕਤਾ ਪ੍ਰਦਾਨ ਕਰਦੇ ਹਨ। ਸੂਰਬੀਰਤਾ ਸਿੱਖ ਧਰਮ ਦੀ ਵਿਲੱਖਣਤਾ ਹੈ। ਪਵਿੱਤਰ ਭਾਵਨਾ ਨਾਲ ਭਰਪੂਰ ਜ਼ਜਬਾ ਹੈ।

ਗੁਰਮਤਿ ਵਿਚ ਸੂਰਬੀਰਤਾ ਦੇ ਸਿਧਾਂਤ ਨੂੰ ਵਿਹਾਰ ਵਿਚ ਆਉਣਾ ਲਾਜ਼ਮੀ ਹੈ। ਸਿਧਾਂਤ ਭਾਵੇਂ ਕਿੰਨੇ ਵੀ ਪਵਿੱਤਰ ਅਤੇ ਮਜ਼ਬੂਤ ਹੋਣ ਪਰ ਜੇ ਉਹ ਅਮਲ ਵਿਚ ਨਹੀਂ ਆਉਦੇ ਤਾਂ ਉਹਨਾਂ ਦੀ ਸਾਰਥਕਤਾ ਨਾ ਮਾਤਰ ਹੀ ਰਹਿੰਦੀ ਹੈ। ਸਿੱਖੀ ਸਿਧਾਂਤਾਂ ਤੇ ਰਟਨ ਨੂੰ ਮੂਲੋਂ ਰੱਦ ਕਰਦੀ ਹੈ। ਸਿੱਖ ਸੂਰਬੀਰਤਾ ਦੀ ਪਰਕਿਰਤੀ ਨੂੰ ਸਮਝਣ ਲਈ ਸਿਧਾਂਤ ਅਤੇ ਵਿਹਾਰ ਦੇ ਅੰਤਰ ਸੰਬੰਧਾਂ ਨੂੰ ਸਮਝਣਾ ਅਤਿ ਜਰੂਰੀ ਹੈ। ਸਿੱਖ ਸੂਰਮਿਆਂ ਦੇ ਜੀਵਨ ਵਿਚ ਕੇਵਲ ਸਿਧਾਂਤਾਂ ਦਾ ਰਟਨ ਹੀ ਨਹੀ ਹੁੰਦਾ ਸਗੋਂ ਇਸਦੇ ਨਾਲ ਨਾਲ ਵਿਹਾਰ ਵੀ ਸਾਮਲ ਹੁੰਦਾ ਹੈ। ਸਿੱਖ ਸੂਰਬੀਰਤਾ ਇਸੇ ਸੁਮੇਲ ਕਾਰਨ

ਵਿਲੱਖਣ ਰੁਤਬਾ ਰੱਖਦੀ ਹੈ।

ਜਦੋਂ ਸੂਰਬੀਰਤਾ ਦੀ ਗੱਲ ਹੋਵੇ ਤਾਂ ਆਮ ਧਾਰਨਾ ਇਹੀ ਹੁੰਦੀ ਹੈ ਕਿ ਇਹ ਸਰੀਰਕ ਤਾਕਤ ਨਾਲ ਅੰਜਾਮ ਦਿੱਤੇ ਕਾਰਨਾਮਿਆਂ ਨਾਲ ਸੰਬੰਧਿਤ ਹੈ ਜਿਵੇਂ ਕਿ ਅਕਸਰ ਜੰਗ ਵਿਚ ਲੜਦੇ ਸਿਪਾਹੀ ਦੀ ਉਦਾਹਰਨ ਦਿੱਤੀ ਜਾਂਦੀ ਹੈ। ਪਰ ਖੋਜ ਤੋਂ ਪਤਾ ਚਲਦਾ ਹੈ ਕਿ ਸੂਰਬੀਰਤਾ ਹਰ ਮਨੁੱਖ ਲਈ ਅੰਦਰੂਨੀ ਅਤੇ ਬਾਹਰੀ ਪਰਿਸਥਿਤੀਆਂ ਨਾਲ ਨਜਿੱਠਣ ਦਾ ਇਕ ਮੁੱਖ ਸਾਧਨ ਹੈ।

ਸਿੱਖ ਸੂਰਬੀਰਤਾ ਦਾ ਸਿਧਾਂਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਅਤੇ ਵਿਹਾਰ ਸਿੱਖ ਇਤਿਹਾਸ ਵਿਚੋਂ ਪ੍ਰਗਟ ਹੁੰਦਾ ਹੈ। ਗੁਰਬਾਣੀ ਗੁਰੂ ਸਾਹਿਬਾਨ ਦੀ ਕਥਨੀ ਹੈ ਅਤੇ ਗੁਰ ਇਤਿਹਾਸ ਕਰਨੀ ਹੈ, ਦੋਹਾਂ ਦੇ ਸਮੁੱਚਿਤ ਅਧਿਐਨ ਦੁਆਰਾ ਸਿੱਖ ਸੂਰਬੀਰਤਾ ਦਾ ਇਕ ਸੰਤੁਲਿਤ ਅਤੇ ਅਧਿਕਾਰਤ ਪਰਿਪੇਖ ਹਾਸਲ ਹੁੰਦਾ ਹੈ। ਸਿੱਖ ਸੂਰਬੀਰਤਾ ਨੂੰ ਮੁੱਖ ਰੂਪ ਵਿਚ ਇਸ ਦੀਆਂ ਦੋ ਕਿਸਮਾਂ ਅਧਿਆਤਮਕ ਅਤੇ ਸਮਾਜਕ ਸੂਰਬੀਰਤਾ ਦੇ ਰੂਪ ਵਿਚ ਸਾਹਮਣੇ ਲਿਆਂਦਾ ਗਿਆ ਹੈ ਜਿਹਨਾਂ ਦੇ ਅਧਾਰ ’ਤੇ ਸੂਰਬੀਰਤਾ ਦੀਆਂ ਕਿਸਮਾਂ (ਨੈਤਿਕ ਸੂਰਬੀਰਤਾ, ਮਾਨਸਕ ਸੂਰਬੀਰਤਾ, ਸਰੀਰਕ ਸੂਰਬੀਰਤਾ) ਅੰਤਰ-ਸੰਬੰਧਤ ਹਨ।

ਸਿੱਖੀ ਦੀ ਵਿਸ਼ਵ ਪੱਧਰੀ ਪਛਾਣ ਪਿੱਛੇ ਸਿੱਖ ਸੂਰਬੀਰਤਾ ਦੀ ਪ੍ਰਮੁੱਖਤਾ ਹੈ। ਇਹ ਸੂਰਬੀਰਤਾ ਸਿੱਖ ਨੂੰ ਉਸਦੇ ਮਿੱਥੇ ਟੀਚਿਆਂ ਤੱਕ ਪਹੁੰਚਾਉਣ ਲਈ ਸਾਰਥਕ ਰੋਲ ਅਦਾ ਕਰਦੀ ਹੈ। ਜਦੋਂ ਸਿੱਖ ਦੀ ਵਿਲੱਖਣ ਸ਼ਖ਼ਸੀਅਤ ਨੂੰ ਜਾਣਨ ਦਾ ਯਤਨ ਕਰੀਏ ਤਾਂ ਅਸੀਂ ਸਿੱਖ ਦੀ ਜੀਵਨ ਜਾਚ ਦੇ ਹਰ ਪੱਖ ਵਿਚ, ਸੂਰਬੀਰਤਾ ਨੂੰ ਹੀ ਵੇਖਾਂਗੇ। ਉਦਾਹਰਨ ਦੇ ਤੌਰ 'ਤੇ ਅਸੀਂ ਅਜੋਕੇ ਸਮਾਜ ਵਿਚ ਵੇਖ ਸਕਦੇ ਹਾਂ ਸਿੱਖ ਸਰਵਸ਼ਕਤੀਮਾਨ ਇਕ ਅਕਾਲ ਪੁਰਖ ਦੀ ਟੇਕ ਰੱਖਦਾ ਹੈ। ਉਹ ਅਕਾਲ ਪੁਰਖ ਦੇ ਹਰ ਗੁਣ ਨੂੰ ਧਾਰਨ ਕਰਨ ਲਈ ਅਤੇ ਉਸ ਵਿਚ ਸਮਾਅ ਜਾਣ ਲਈ ਆਪਣੇ ਸਰੀਰਕ ਢਾਂਚੇ ਨੂੰ ਵਰਤਦਾ ਹੈ। ਸਿੱਖੀ ਤਿੰਨ ਮੂਲ ਸਿਧਾਂਤਾਂ (ਕਿਰਤ ਕਰਨਾ, ਵੰਡ ਛਕਣਾ, ਨਾਮ ਜਪਣਾ) ਦੀ ਪਾਲਣਾ ਕਰਦੀ ਹੈ। ਇਹਨਾਂ ਸਿਧਾਂਤਾਂ ਬਾਰੇ ਬਹੁਤ ਵਿਚਾਰਾਂ ਕੀਤੀਆਂ ਜਾ ਸਕਦੀਆਂ ਹਨ ਪਰ ਇਹਨਾਂ ਨੂੰ ਵਿਹਾਰ ਵਿਚ ਲਿਆਉਣ ਲਈ ਸੂਰਬੀਰਤਾ ਦੀ ਲੋੜ ਪੈਂਦੀ ਹੈ ਕਿਉਕਿ ਵਿਅਕਤੀ ਲਈ ਸਖ਼ਤ ਮਿਹਨਤ ਕਰਨਾ ਅਤਿ ਕਠਿਨ ਕਾਰਜ ਹੈ। ਸਿੱਖ ਦੁਆਰਾ ਜੀਵਨ ਵਿਚ

'ਕਿਰਤ ਕਰਨ' ਵਿਚ ਹੀ ਆਨੰਦ ਮਹਿਸੂਸ ਕਰਨਾ ਉਸਦੀ ਵੱਡੀ ਬਹਾਦਰੀ ਹੈ। ਇਸੇ ਕਰਕੇ ਅਜੋਕੇ ਸੰਸਾਰ ਵਿਚ ਸੱਚਾ ਸਿੱਖ ਕਦੇ ਭੀਖ ਨਹੀਂ ਮੰਗਦਾ ਅਤੇ ਜਦੋਂ ਤੱਕ ਜੀਉਂਦਾ ਰਹਿੰਦਾ ਹੈ ਕਿਰਤ ਨੂੰ ਨਹੀਂ ਤਿਆਗਦਾ ਫੇਰ ਭਾਵੇਂ ਕਿੰਨੀਆਂ ਵੀ ਕਠਿਨ ਮੁਸ਼ਕਲਾਂ ਆਉਣ। ਇਸ ਸਿਧਾਂਤ ਦੇ ਵਿਹਾਰ ਨੇ ਸਰੀਰ ਨੂੰ ਨਰੋਏ ਰੱਖਣ ਦਾ ਕੰਮ ਕੀਤਾ ਹੈ ਅਤੇ ਇਹ ਸਿਧਾਂਤ ਸੂਰਬੀਰਤਾ ਲਈ ਰੋਲ ਮਾਡਲ ਵਾਂਗ ਕੰਮ ਕਰਦਾ ਹੈ।

ਇਸੇ ਤਰ੍ਹਾਂ 'ਵੰਡ ਕੇ ਛਕਣ' ਦੇ ਸਿਧਾਂਤ ਨੂੰ ਧਾਰਨ ਕਰਨਾ ਵੀ ਸੂਰਬੀਰਤਾ ਹੈ। ਸੰਸਾਰ ਦੇ ਹਰ ਹਿੱਸੇ ਵਿਚ ਸਿੱਖ ਨੇ ਇਸ ਸਿਧਾਂਤ ਨੂੰ ਵਿਹਾਰ ਵਿਚ ਲਿਆਉਣ ਵਾਸਤੇ ਲੋੜਵੰਦਾਂ ਲਈ ਲੰਗਰ ਮੁਹੱਈਆ ਕਰਵਾਉਣਾ ਆਪਣਾ ਮੁੱਢਲਾ ਫਰਜ਼ ਸਮਝਿਆ ਹੈ। ਸਿੱਖ ਸੂਰਮਾ ਕਦੇ ਵੀ ਆਪਣੇ ਸਾਹਮਣੇ ਕਿਸੇ ਨੂੰ ਦੁਖੀ ਅਤੇ ਭੁੱਖਾ ਨਹੀਂ ਵੇਖ ਸਕਦਾ। ਆਪਣੀ ਕਿਰਤ ਕਮਾਈ ਨੂੰ ਵੰਡ ਕੇ ਛਕਣਾ ਸੂਰਬੀਰਤਾ ਹੈ। ਇਹ ਸੂਰਬੀਰਤਾ ਵਾਲੀ ਪਿਰਤ ਸਿੱਖ ਗੁਰੂ ਸਹਿਬਾਨ ਦੇ ਪਾਏ ਪੂਰਨਿਆਂ ਸਦਕਾ ਹੀ ਨਿਰੰਤਰ ਵਿਕਾਸ ਕਰਦੀ ਹੈ।

ਗੁਰਮਤਿ ਦੇ ਤੀਜੇ ਸਿਧਾਂਤ 'ਨਾਮ ਜਪੋ' ਨੇ ਸਿੱਖ ਅੰਦਰ ਰੂਹਾਨੀਅਤ ਨੂੰ ਪਰਫੁੱਲਤ ਕੀਤਾ ਹੈ ਜੇਕਰ ਇਸ ਸਿਧਾਂਤ ਦਾ ਵਿਸ਼ਵ ਪੱਧਰ 'ਤੇ ਚਿੰਤਨ ਕੀਤਾ ਜਾਏ ਤਾਂ ਇਹ ਸਿੱਖ ਸੂਰਬੀਰਤਾ ਦੀ ਉਤਪਤੀ ਕਰਨ ਵਾਲਾ ਸਿਧਾਂਤ ਹੈ। ਨਾਮ ਦੀ ਸਹਾਇਤਾ ਤੋਂ ਬਗੈਰ ਸਿੱਖ ਅਕਾਲ ਪੁਰਖ ਨੂੰ ਨਹੀਂ ਪਾ ਸਕਦਾ ਹੈ ਇਸੇ ਕਰਕੇ ਗੁਰਮੁਖਾਂ ਵਿਚ ਨਾਮ ਹਰ ਔਖੀ ਘੜੀ ਨਾਲ ਨਜਿੱਠਣ ਲਈ ਸਾਰਥਕ ਪ੍ਰਕ੍ਰਿਆ ਹੈ। ਸਿੱਖੀ ਵਿਚ ਬਲਕਿ ਨਾਮ ਹੀ ਸੰਤ ਅਤੇ ਸਿਪਾਹੀ ਦੇ ਜੀਵਨ ਅਧਿਆਤਮਕ ਤਾਕਤ ਹੈ।

ਅੰਤ ਵਿਚ ਅਸੀਂ ਇਹ ਕਹਿਣਾ ਚਾਹੁੰਦੇ ਹਾਂ ਕਿ ਸਿੱਖ ਸੂਰਬੀਰਤਾ ਕੇਵਲ ਸਰੀਰਕ ਤਾਕਤ ਦੇ ਜੌਹਰਾਂ ਤੱਕ ਹੀ ਸੀਮਤ ਨਹੀਂ ਹੈ। ਉਪਰੋਕਤ ਸਿਧਾਂਤਾਂ ਨਾਲ ਨਿਪੁੰਨ ਹੋਈ ਸੂਰਬੀਰਤਾ ਨੂੰ ਹੀ ਸਿੱਖ ਸੂਰਬੀਰਤਾ ਦਾ ਨਾਂ ਦਿੱਤਾ ਜਾ ਸਕਦਾ ਹੈ। ਇਸ ਦੀ ਸਪੱਸ਼ਟਤਾ ਚਮਕੌਰ ਸਾਹਿਬ ਦੀ ਜੰਗ ਵਿਚੋਂ ਹੋ ਚੁੱਕੀ ਹੈ ਕਿ ਜਿਸ ਵਿਚ ਸਿੱਖਾਂ ਦੀ ਗਿਣਤੀ ਸਰੀਰ ਕਰਕੇ ਬਹੁਤ ਘੱਟ ਸੀ ਪਰ ਜ਼ਾਲਮ ਬਹੁਤਾਤ ਵਿਚ ਸਨ। ਇਸ ਦਾ ਨਤੀਜਾ ਇਹ ਨਿਕਲਿਆ ਕਿ ਜ਼ੁਲਮ ਰੋਕਣ ਲਈ ਸੱਚਾਈ ਅਤੇ

ਰੂਹਾਨੀਅਤ ਦੀ ਫਤਿਹ ਹੋਈ ਸੀ। ਗੁਰੂ ਸਾਹਿਬਾਨ ਅਤੇ ਭਾਈ ਬਚਿੱਤਰ ਸਿੰਘ, ਚਾਰ ਸਾਹਿਬਜ਼ਾਦਿਆਂ, ਬਾਬਾ ਦੀਪ ਸਿੰਘ ਆਦਿ ਬੇਅੰਤ ਸਿੱਖ ਸ਼ਹੀਦਾਂ ਨੇ ਸੂਰਬੀਰਤਾ ਨੂੰ ਇਸਦੇ ਆਮ ਅਰਥਾਂ ਤੋਂ ਉੱਪਰ ਚੁੱਕਿਆ ਹੈ। ਸਰੀਰ ਕਰਕੇ ਮਰ ਜਾਣਾ ਬਹੁਤ ਸੌਖਾ ਹੈ ਪਰ ਆਪਣੇ ਜੀਵਨ ਸੰਘਰਸ਼ ਵਿਚ ਅਡੋਲ ਡਟੇ ਰਹਿਣਾ ਅਕਾਲ ਪੁਰਖ ਦੇ ਭਾਣੇ ਨੂੰ ਮੰਨਣਾ ਸਿੱਖ ਸੂਰਬੀਰਤਾ ਹੈ।

**ਖੋਜ ਲੱਭਤਾਂ: ਇਸ ਖੋਜ ਕਾਰਜ ਦੀਆਂ ਖੋਜ ਲੱਭਤਾਂ ਨਿਮਨ ਲਿਖਤਾ ਹਨ**:-

ਸੂਰਬੀਰਤਾ ਦਾ ਖੇਤਰ ਕੇਵਲ ਯੁੱਧ-ਭੂਮੀ ਤੱਕ ਹੀ ਸੀਮਤ ਨਹੀਂ ਹੁੰਦਾ ਬਲਕਿ ਸੂਰਬੀਰਤਾ ਆਪਣੇ ਸਧਾਰਨ ਤੌਰ ’ਤੇ ਜਾਣੇ ਜਾਂਦੇ ਰੂਪ (ਸਰੀਰਕ ਸੂਰਬੀਰਤਾ) ਤੋਂ ਇਲਾਵਾ ਇਸ ਦੀਆਂ ਹੋਰ ਕਿਸਮਾਂ ਵੀ ਜਿਵੇਂ ਕਿ ਅਧਿਆਤਮਕ ਸੂਰਬੀਰਤਾ, ਨੈਤਿਕ ਸੂਰਬੀਰਤਾ, ਮਾਨਸਕ ਸੂਰਬੀਰਤਾ, ਸਰੀਰਕ ਸੂਰਬੀਰਤਾ ਆਦਿ ਹਨ।

1. ਅਧਿਆਤਮਕ ਸੂਰਬੀਰਤਾ ਦੀ ਪ੍ਰਕਿਰਤੀ ਸਾਹਮਣੇ ਆਈ ਹੈ ਜਿਸ ਅਨੁਸਾਰ ਮਨੁੱਖ ਦਾ ਆਪਣੇ ਮਨ ਨੂੰ ਪਰਮਾਤਮਾ ਦੇ ਮਿਲਾਪ ਲਈ ਜਿੱਤ ਲੈਣਾ ਹੀ ਅਧਿਆਤਮਕ ਸੂਰਬੀਰਤਾ ਹੈ। ਅਧਿਆਤਮਕ ਸੂਰਬੀਰਤਾ ਦੇ ਕਾਰਜ ਖੇਤਰ ਵਿਚ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਨਾਲ ਗੁਰ ਸ਼ਬਦ ਦੀ ਓਟ ਨਾਲ ਨਜਿੱਠਣਾ ਸ਼ਾਮਲ ਹੈ ਜੋ ਕਿ ਜਿਗਿਆਸੂ ਦੇ ਆਪਣੇ ਅੰਦਰੂਨੀ ਮੰਡਲ ਉਪਰ ਹਮਲਾ ਕਰਨ ਵਾਲੇ ਇਨ੍ਹਾਂ ਪੰਜਾਂ ਨੂੰ ਵਸ ਵਿਚ ਕਰਨ ਵਿਚ ਸਹਾਇਕ ਹੁੰਦੀ ਹੈ। ਜਿਗਿਆਸੂ ਦੇ ਮਨ ਅੰਦਰਲੀ ਵੀਰਤਾ ਨੂੰ ਗੁਰਮਤਿ ਸਿਧਾਤਾਂ ਦੇ ਵਿਹਾਰ ਰਾਹੀਂ ਸਰੀਰਕ ਬਹਾਦਰੀ ਵਿਚ ਬਦਲਿਆ ਜਾ ਸਕੇਗਾ ਜੋ ਇਸ ਸਾਰੀ ਪ੍ਰਕਿਰਿਆ ਦਾ ਮੁੱਖ ਉਦੇਸ਼ ਹੈ। ਇਹਨਾਂ ਸਿਧਾਂਤਾਂ ਦਾ ਧਾਰਨੀ ਸੂਰਮਾ ਮਾਨਸਕ ਪੱਖੋਂ ਬਲਵਾਨ ਹੋ ਜਾਂਦਾ ਹੈ। ਇਹ ਸੂਰਬੀਰਤਾ ਸਦਗੁਣਾਂ ਦੀ ਸਦੀਵ ਕਾਇਮੀ ਲਈ ਸਾਰਥਕ ਅਤੇ ਮੁੱਢਲੀ ਭਾਵਨਾ ਹੈ। ਸਦਗੁਣ ਬਹਾਦਰੀ ਦੇ ਸਰੂਪ ਨੂੰ ਪਵਿੱਤਰ ਬਣਾਈ ਰੱਖਦੇ ਹਨ ਅਤੇ ਵਿਅਕਤੀ ਦਾ ਸੰਘਰਸ਼ ਜ਼ਰ, ਜ਼ੋਰੂ ਜ਼ਮੀਨ ਤੋਂ ਉਪਰ ਉਠ ਜਾਂਦਾ ਹੈ। ਮਨੁੱਖ ਪ੍ਰੇਮ, ਸਹਿਜ, ਨਿਮਰਤਾ, ਸ਼ੀਲ, ਸੰਤੋਖ ਨੂੰ ਧਾਰਨ ਕਰਦਾ ਹੋਇਆ ਆਪਣਾ ਮੁੱਖ ਉਦੇਸ਼ ਪਰਮਾਤਮਾ ਨਾਲ ਅਭੇਦਤਾ ਵੱਲ ਸੇਧਤ ਹੋ ਪਾਉਂਦਾ ਹੈ। ਇਸ ਦੇ ਲਈ ਸਿੱਖ ਸੂਰਮਾ ਸ਼ਹਾਦਤ ਨੂੰ ਵੀ

ਅਪਣਾਉਣ ਵਿਚ ਚਾਅ ਅਤੇ ਆਤਮਕ ਅਨੰਦ ਮਹਿਸੂਸ ਕਰਦਾ ਹੈ।

2. ਸਮਾਜਕ ਸੂਰਬੀਰਤਾ ਦੇ ਵਿਹਾਰ ਲਈ ਨੈਤਿਕ ਸੂਰਬੀਰਤਾ ਦਾ ਅਹਿਮ ਰੋਲ ਹੈ। ਨੈਤਿਕ ਸੂਰਬੀਰਤਾ ਦੇ ਵਿਹਾਰ ਵਿਚ ਜੀਵਨ ਸੰਘਰਸ਼ ਦਾ ਸਾਹਮਣਾ ਕਰਨ ਵਾਲੇ ਸੂਰਮੇ ਦੀ ਬਹਾਦਰੀ ਇਸ ਵਿੱਚ ਰਹਿੰਦੀ ਹੈ ਕਿ ਉਹ ਹਲੀਮੀ, ਨਿਮਰਤਾ, ਸਹਿਜ, ਖਿਮਾ, ਉਚ-ਆਚਰਨ ਆਦਿ ਨੂੰ ਵਰਤਦਾ ਹੈ। ਸੁਚੱਜਾ ਸਿਪਾਹੀ ਜੰਗ ਵਿੱਚ ਬੇਹਤਰੀਨ ਤੌਰ ਤਰੀਕਿਆਂ ਨਾਲ ਮੈਦਾਨਿ-ਜੰਗ ਨੂੰ ਤਾਂ ਜਿੱਤ ਲੈਂਦਾ ਹੈ ਪਰ ਘਰੋਗੀ ਅਤੇ ਸਮਾਜਕ ਜੀਵਨ ਦੀਆਂ ਦੁਖ, ਤਕਲੀਫ਼ਾਂ ਅੱਗੇ ਹਾਰ ਜਾਂਦਾ ਹੈ। ਨੈਤਿਕ ਸੂਰਬੀਰਤਾ ਮਨੁੱਖ ਨੂੰ ਅਜਿਹੀ ਤਾਕਤ ਪ੍ਰਦਾਨ ਕਰਦੀ ਹੈ ਕਿ ਜਿਸ ਨਾਲ ਉਹ ਰੋਜ਼ਮਰਾ ਦੀ ਜ਼ਿੰਦਗੀ ਵਿੱਚ ਕਿਸੇ ਵੀ ਔਕੜ ਦਾ ਸਾਹਮਣਾ ਕਰਨ ਲਈ ਡਟ ਜਾਂਦਾ ਹੈ ਅਤੇ ਹਮੇਸ਼ਾ ਆਪਣੇ ਮਾਨਸਕ ਪੱਧਰ ਨੂੰ ਉਚੇਰੀਆਂ ਕੀਮਤਾਂ ਨਾਲ ਸਮਲਿਤ ਰੱਖਦਾ ਹੈ। ਸੂਰਬੀਰਤਾ ਦੇ ਸਿੱਖ ਪਰਿਪੇਖ ਵਿੱਚ ਨੈਤਿਕ ਬਹਾਦਰੀ ਦਾ ਸਰੂਪ ਇਸਦੇ ਆਤਮਿਕ ਗੁਣਾਂ ਤੋਂ ਨਿਰਧਾਰਤ ਹੁੰਦਾ ਹੈ। ਮਨੁੱਖ ਦੀ ਸੁਚੱਜੀ ਜੀਵਨ ਜਾਚ ਦੀ ਰੂਪ ਰੇਖਾ ਨੈਤਿਕ ਬਹਾਦਰੀ ਰਾਹੀਂ ਦ੍ਰਿਸ਼ਟਮਾਨ ਹੁੰਦੀ ਹੈ ਅਤੇ ਮਨ ਦੀ ਤਾਕਤ ਬਣ ਜਾਂਦੀ ਹੈ। ਇਹ ਮਾਨਸਕ ਤਾਕਤ ਹੀ ਸਿੱਖ ਅੰਦਰ ਸਰਬੋਤਮ ਕੀਮਤਾਂ ਦੇ ਪਰਵਾਹ ਅਤੇ ਰਵਾਨਗੀ ਨੂੰ ਚਲਾਏਮਾਨ ਰੱਖਦੀ ਹੈ।

3. ਸਿੱਖ ਸੂਰਬੀਰਤਾ ਦੇ ਦਾਇਰੇ ਦੀ ਨਿਸ਼ਾਨਦੇਹੀ ਕਰਦਿਆਂ ਇਹ ਗੱਲ ਸਪੱਸ਼ਟ ਹੋਈ ਹੈ ਕਿ ਸਿੱਖ ਸੂਰਬੀਰਤਾ ਦਾ ਮੂਲ ਸਰੋਤ ਇਕ ਅਕਾਲ ਪੁਰਖ ਹੈ ਜਦਕਿ ਗੁਰੂ ਇਸ ਨੂੰ ਸਿੱਖ ਅੰਦਰ ਉਦੀਪਤ ਕਰਦਾ ਹੈ ਅਤੇ ਸਤਿ ਸੰਗਤ ਵਿਚ ਰਹਿ ਕੇ ਇਸ ਦਾ ਅਭਿਆਸ ਪ੍ਰਪੱਕਤਾ ਗਹਿਣ ਕਰਦਾ ਹੈ। ਸੋ ਸਿੱਖ ਸੂਰਬੀਰਤਾ ਦਾ ਸਿੱਖ ਚਿੰਤਨ ਦੇ ਤਿੰਨਾਂ ਸੰਕਲਪਾਂ ਅਕਾਲ ਪੁਰਖ, ਗੁਰੂ ਤੇ ਸਤਿਸੰਗਤ ਨਾਲ ਗੂੜ੍ਹਾ ਸੰਬੰਧ ਹੈ। ਸਿੱਖ ਦੀ ਜੀਵਨ ਸ਼ੈਲੀ ਵਿੱਚ ਸੂਰਬੀਰਤਾ ਦਾ ਜਜ਼ਬਾ ਹਮੇਸ਼ਾ ਬਣਿਆ ਰਹਿੰਦਾ ਹੈ। ਅਕਾਲ ਪੁਰਖ, ਗੁਰੂ ਅਤੇ ਸਤਸੰਗਤਿ ਨਾਲ ਸੂਰਬੀਰਤਾ ਦਾ ਆਪਸੀ ਸੰਬੰਧ ਹੋਣ ਕਾਰਨ ਸੂਰਬੀਰਤਾ ਦੀ ਸਦੀਵ ਹੋਂਦ ਬਰਕਰਾਰ ਹੈ। ਇਹੀ ਤਿੰਨੇ ਸੰਕਲਪ ਅਧਿਆਤਮਕ, ਸਮਾਜਕ, ਅਤੇ ਸਰੀਰਕ

ਸੂਰਬੀਰਤਾ ਦੀ ਅਧਾਰਸ਼ਿਲ੍ਹਾ ਹਨ। ਸ਼ਹਾਦਤ ਸਿੱਖ ਸੂਰਬੀਰਤਾ ਦਾ ਪਵਿੱਤਰ ਅਤੇ ਸਿਖਰਲਾ ਪੱਧਰ ਹੈ। ਸ਼ਹਾਦਤ ਨਾਲ ਸਿੱਖ ਸੂਰਮਿਆਂ ਅੰਦਰ ਸੂਰਬੀਰਤਾ ਦੇ ਸਿਰਜਕ ਗੁਣ ਪੈਦਾ ਵੀ ਹੁੰਦੇ ਹਨ ਅਤੇ ਕਈ ਸਥਿਤੀਆਂ ਵਿਚ ਇਹ ਸਿੱਖ ਦੀ ਮੰਜ਼ਿਲ ਵੀ ਬਣ ਜਾਂਦੀ ਹੈ ਜਿਥੇ ਪਹੁੰਚਣ ਦਾ ਸਿੱਖਾਂ ਅੰਦਰ ਇਕ ਅਨੂਠੇ ਕਿਸਮ ਦਾ ਚਾਅ ਵੇਖਣ ਨੂੰ ਮਿਲਦਾ ਹੈ।

੪. ਸਿੱਖ ਸੂਰਬੀਰਤਾ ਮਨੁੱਖਤਾ ਦੀ ਹਰ ਪ੍ਰਕਾਰ ਦੀ ਉੱਨਤੀ ਵਾਸਤੇ ਮੁਖ ਤਾਕਤ ਵਜੋਂ ਕਾਰਜਸ਼ੀਲ ਰਹਿੰਦੀ ਹੈ। ਪੇਸ਼ ਕੀਤੇ ਗਏ ਖੋਜ-ਕਾਰਜ ਅਨੁਸਾਰ ਸੂਰਬੀਰਤਾ ਖਾਸ ਕਰ ਸਿੱਖ ਸੂਰਬੀਰਤਾ ਪਵਿੱਤਰ ਭਾਵਨਾ ਹੈ ਜੋ ਜੀਵਨ ਦੇ ਹਰ ਸੰਘਰਸ਼ ਵਿਚ ਜੂਝਣ ਦੀ ਭਾਵਨਾ ਹੈ।

## ਖੋਜ ਦੀ ਸਾਰਥਿਕਤਾ

ਹਥਲਾ ਖੋਜ-ਕਾਰਜ ਸਿੱਖ ਸੂਰਬੀਰਤਾ ਦੀ ਵਿਲੱਖਣਤਾ ਬਾਰੇ ਇਕ ਨਵੀਂ ਦ੍ਰਿਸ਼ਟੀ ਨੂੰ ਪੇਸ਼ ਕਰਦਾ ਹੈ ਕਿ ਸਿੱਖ ਸਰੋਕਾਰਾਂ ਵਿਚ ਸਰੀਰਕ ਸੂਰਬੀਰਤਾ ਨੂੰ ਵਿਹਾਰ ਵਿਚ ਲਿਉਣ ਤੋਂ ਪਹਿਲਾ ਅਧਿਆਤਮਕ, ਮਾਨਸਕ, ਨੈਤਿਕ, ਅਤੇ ਸਮਾਜਕ ਪੱਖਾਂ ਦੀ ਆਪਸੀ ਸੁਮੇਲਤਾ ਹੈ। ਇਹਨਾਂ ਤੋਂ ਬਗੈਰ ਸਰੀਰਕ ਸੂਰਬੀਰਤਾ ਨੂੰ ਵਿਹਾਰ ਵਿਚ ਨਹੀ ਲਿਆਂਦਾ ਜਾ ਸਕਦਾ ਹੈ ਅਤੇ ਜੇ ਵਿਹਾਰ ਵਿਚ ਅਉਂਦੀ ਵੀ ਹੈ ਤਾਂ ਇਸ ਸੂਰਬੀਰਤਾ ਉੱਪਰ ਕਿਸੇ ਵੀ ਸਮੇਂ ਜ਼ੁਲਮੀ ਰੂਪ ਧਾਰਨ ਕਰ ਲੈਣ ਦਾ ਖਤਰਾ ਬਣਿਆ ਰਹਿੰਦਾ ਹੈ, ਭਾਵੇਂ ਇਤਿਹਾਸਕ ਸਰਵੇਖਣ ਤੋਂ ਪਤਾ ਚਲਦਾ ਹੈ ਕਿ ਸਿੱਖ ਦੀ ਸੂਰਬੀਰਤਾ ਕਦੇ ਵੀ ਆਪਣੇ ਸਰਬੱਤ ਦੇ ਭਲੇ ਦੇ ਮਾਰਗ ਤੋਂ ਭਟਕਦੀ ਨਹੀਂ। ਇਹ ਖੋਜ ਕਾਰਜ ਸਿੱਖ ਸੂਰਬੀਰਤਾ ਦੇ ਸਿਧਾਂਤਕ ਅਤੇ ਵਿਹਾਰਕ ਮਾਡਲ ਸਮਝਣ ਪ੍ਰਤੀ ਰੁਚਿਤ ਸੀ। ਗੁਰਬਾਣੀ ਤੋਂ ਮਿਲਦੀ ਸਿਧਾਂਤਕ ਰੌਸ਼ਨੀ ਅਤੇ ਇਸਦੇ ਇਤਿਹਾਸ ਵਿਚ ਪ੍ਰਗਟ ਹੋਏ ਰੂਪ ਨੂੰ ਸਿੱਖ ਸੂਰਬੀਰਤਾ ਦੀਆਂ ਵਿਸੇਸ਼ਤਾਈਆਂ ਨੂੰ ਉਜਾਗਰ ਕਰਨ ਲਈ ਵਿਚਾਰਿਆ ਗਿਆ ਹੈ।

ਸਿੱਖ ਸੂਰਬੀਰਤਾ ਦਾ ਸਿਧਾਂਤਕ ਅਧਿਐਨ ਤੋਂ ਪਤਾ ਲੱਗਾ ਹੈ ਕਿ ਸਿੱਖ ਸੂਰਬੀਰਤਾ ਦੇ ਹੋਰ ਪਹਿਲੂਆਂ ਦੇ ਅਕਾਦਮਿਕ ਅਧਿਐਨ ਲਈ ਜਰੂਰਤ ਹੈ। ਇਸ ਅਧਿਐਨ ਵਿਚਲੀਆਂ

ਨਿਸ਼ਾਨਦੇਹੀਆਂ ਦੀ ਰੌਸ਼ਨੀ ਵਿਚ ਗੁਰੂ ਸਾਹਿਬਾਨ ਦੇ ਸ਼ਖਸੀਅਤ ਚਿਤਰਣ ਅਤੇ ਸਿੱਖ ਜੀਵਨ ਜਾਚ ਵਿਚ ਪਰੰਪਰਾਗਤ ਪਹੁੰਚ ਤੋਂ ਬਾਹਰ ਦੇ ਕੁਝ ਨਵੇਂ ਪਹਿਲੂਆਂ ਅਤੇ ਵਿਆਖਿਆਵਾਂ ਦਾ ਵਾਧਾ ਹੋਵੇਗਾ ਅਤੇ ਸੂਰਬੀਰਤਾ ਸਿੱਖ ਚਰਿੱਤਰ ਦੇ ਬਾਕੀ ਗੁਣਾਂ ਨੂੰ ਪਰੋਣ ਵਾਲਾ ਕੇਂਦਰੀ ਸੂਤਰ ਵੀ ਵਿਦਿਤ ਹੋਵੇਗਾ।

# Theory and Practice of Bravery in the Sikhism: A Study

**Researcher:** Subhakaran Singh, Department of Religious Studies,
Punjabi University, Patiala.
Address: House No. 124, Ward No.4, V.P.O./Teh.Khamano,
Distt. Fatehgarh Sahib, M: 9463136265
**Supervisor:** Dr. Gurmeet Singh Sidhu (Professor) Department of Religious,
Studies M: 9814590699.
**Registration Date & No**. 05-03-2013, 7227.

In the current academic perspective the relationship between bravery and religion is gaining deliberation. Several research works have been conducted in this regard at national and international level. But attempts to understand bravery in the Sikh perspective have been diminished. In this research, various types of bravery (spiritual, social, physical) have been studied and efforts have been made to understand them in the Sikh perspective. Prior to understand the physical bravery in the Sikh religion, the role of spiritual bravery has been important. Sikhism urges human beings to come over narrow minded approach and to establish a connection with divine reality. Bravery positions these virtues into practice. Without bravery, religion is meaningless, on the other hand without religion, bravery can be a destructive vanguard.

**Key words:** Vigor, Spiritualism, Morality, Physical Force, Akal Purakh, Guru,
Sat Sangat, Soorma, Equality.

Supervisor: Researcher

Dr.Gurmeet Singh Sidhu Shubkhan Singh
(Profeser)

## ਸਿੱਖ ਧਰਮ ਵਿਚ ਸੂਰਬੀਰਤਾ ਦਾ ਸਿਧਾਂਤ ਤੇ ਵਿਹਾਰ: ਇੱਕ ਅਧਿਐਨ

**ਖੋਜਾਰਥੀ :** ਸ਼ੁਭਕਰਨ ਸਿੰਘ, ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਪਤਾ: ਮਕਾਨ ਨੰ:124, ਵਾਰਡ ਨੰ: 4, ਖਮਾਣੋਂ, ਫਤਿਹਗੜ੍ਹ ਸਾਹਿਬ,

ਮੋ: 9463136265.

**ਨਿਗਰਾਨ:** ਡਾ. ਗੁਰਮੀਤ ਸਿੰਘ ਸਿੱਧੂ (ਪ੍ਰੋਫੈਸਰ) ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ ।

ਮੋ: 9814590699.

**ਰਜਿਸ਼ਟਰੇਸ਼ਨ ਮਿਤੀ ਅਤੇ ਨੰ: 05 -03-2013, 7227.**

**ਕੁੰਜੀ ਸ਼ਬਦ: ਸੂਰਬੀਰਤਾ, ਅਧਿਆਤਮਕਤਾ, ਨੈਤਿਕਤਾ, ਸਰੀਰਕ ਬਲ, ਵਿਸ਼ੇ ਵਿਕਾਰ, ਜਬਰ-ਜ਼ੁਲਮ, ਅਕਾਲ ਪੁਰਖ, ਗੁਰੂ, ਸਤਿਸੰਗਤ, ਸੂਰਮਾ, ਸਮਾਨਤਾ।**

**ਵਰਤਮਾਨ ਅਕਾਦਮਿਕ ਪਰਿਪੇਖ ਵਿਚ ਸੂਰਬੀਰਤਾ ਅਤੇ ਧਰਮ ਦਾ ਆਪਸੀ ਸੰਬੰਧ ਚਿੰਤਨ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਨਾਲ ਸੰਬੰਧਤ ਰਾਸ਼ਟਰੀ ਅਤੇ ਅੰਤਰਾਸ਼ਟਰੀ ਪੱਧਰ ਤੇ ਅਨੇਕਾਂ ਖੋਜ ਕਾਰਜ ਸਾਹਮਣੇ ਆਏ ਹਨ। ਪਰ ਸੂਰਬੀਰਤਾ ਨੂੰ ਸਿੱਖ ਪਰਿਪੇਖ ਵਿਚ ਸਮਝਣ ਦਾ ਯਤਨ ਬਹੁਤ ਘੱਟ ਹੋਇਆ ਹੈ। ਇਸ ਖੋਜ ਕਾਰਜ ਵਿਚ ਸੂਰਬੀਰਤਾ ਦੀਆਂ ਵਿਭਿੰਨ ਕਿਸਮਾਂ (ਅਧਿਆਤਮਕਤਾ, ਸਮਾਜਕ, ਸਰੀਰਕ) ਦਾ ਅਧਿਐਨ ਕੀਤਾ ਗਿਆ ਹੈ ਅਤੇ ਇਨ੍ਹਾਂ ਨੂੰ ਸਿੱਖ ਪਰਿਪੇਖ ਵਿਚ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ।** ਸਿੱਖ ਧਰਮ ਵਿਚ ਸਰੀਰਕ ਸੂਰਬੀਰਤਾ ਤੋਂ ਪਹਿਲਾਂ ਅਧਿਆਤਮਕ ਸੂਰਬੀਰਤਾ ਦੀ ਭੂਮਿਕਾ ਅਹਿਮ ਰਹੀ ਹੈ। ਇਸ ਲਈ ਸਿੱਖ ਸੂਰਬੀਰਤਾ ਦੇ ਸਰੂਪ ਨੂੰ ਸਮਝਣ ਲਈ ਸੂਰਬੀਰਤਾ ਦਾ ਸਿਧਾਂਤ ਅਤੇ ਵਿਹਾਰ ਦਾ ਅਧਿਐਨ ਕਰਨਾ ਜਰੂਰੀ ਹੈ। ਸਿੱਖ ਧਰਮ ਮਨੁੱਖ ਨੂੰ ਵਿਅਕਤੀਗਤ ਤੰਗ ਦਿਲੀ ਤੋਂ ਪਾਰ ਲੋਕਾਈ ਅਤੇ ਦੈਵੀ ਹਸਤੀ ਨਾਲ ਸਾਂਝ ਪਾਉਣ ਦੀ ਸਿੱਖਿਆ ਦਿੰਦਾ ਹੈ ਅਤੇ ਸੂਰਬੀਰਤਾ ਇਹਨਾਂ ਗੁਣਾਂ ਨੂੰ ਵਿਹਾਰ ਵਿਚ ਲਿਆਉਂਦੀ ਹੈ। ਸੂਰਬੀਰਤਾ ਤੋਂ ਬਗੈਰ ਧਰਮ ਅਰਥਹੀਣ ਹੈ ਦੂਜੇ ਪਾਸੇ ਧਰਮ ਵਿਹੂਣੀ ਸੂਰਬੀਰਤਾ ਵਿਨਾਸ਼ਕਾਰੀ ਰੂਪ ਧਾਰ ਸਕਦੀ ਹੈ।

**ਨਿਗਰਾਨ:** **ਖੋਜਾਰਥੀ:**





ਡਾ. ਗੁਰਮੀਤ ਸਿੰਘ ਸਿੱਧੂ ਸ਼ੁਭਕਰਨ ਸਿੰਘ

(ਪ੍ਰੋਫੈਸਰ)